PUNJAB VIDHAN SABHA

DEBATES

Monday, the 17th December, 2012

Vol. III-No. 1

OFFICIAL REPORT

CONTENTS

Punjab Vidhan Sabha Secretariat, Chandigarh.

Price : Rs.________

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

PUNJAB VIDHAN SABHA

Monday, the 17th December, 2012

The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 2:00 P.M. Mr. Speaker (Doctor Charnjit Singh Atwal) in the Chair.

OBITUARY REFERENCES

ਮਾਨਯੋਗ ਸਪੀਕਰ : ਅਕਾਲ ਚਲਾਣਿਆਂ ਦਾ ਵਰਨਣ । ਵਿਧਾਨ ਸਭਾ ਦੇ ਪਿਛਲੇ ਸਮਾਗਮ ਤੋਂ ਅੱਜ ਤੱਕ ਦੇ ਸਮੇਂ ਦੌਰਾਨ ਕਈ ਸਤਿਕਾਰਯੋਗ ਸ਼ਖਸੀਅਤਾਂ ਸਾਡੇ ਤੋਂ ਵਿਛੜ ਗਈਆਂ ਹਨ । ਅੱਜ ਅਸੀਂ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਇਕੱਤਰ ਹੋਏ ਹਾਂ । ਮੈਂ ਪੰਜਾਬ ਦੇ ਮਹਾਨ ਸਪੂਤ ਸ੍ਰੀ ਇੰਦਰ ਕੁਮਾਰ ਗੁਜਰਾਲ ਜੀ, ਸਾਬਕਾ ਪ੍ਰਧਾਨ ਮੰਤਰੀ ਨੂੰ........

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ ....

Mr. Speaker : No, This is not the time. please sit down. ਸਾਬਕਾ ਪ੍ਰਧਾਨ ਮੰਤਰੀ ਜੀ ਜੋ ਇਸ ਫਾਨੀ ਸੰਸਾਰ ਨੂੰ ਮਿਤੀ 30 ਨਵੰਬਰ, 2012 ਨੂੰ ਅਲਵਿਦਾ ਕਹਿ ਗਏ ਹਨ । ਮੈਂ ਇਸ ਅਕਾਲ ਚਲਾਣੇ ਤੇ ਡੂੰਘੇ ਦੁੱਖ ਅਤੇ ਗਮ ਦਾ ਇਜ਼ਹਾਰ ਕਰਦਾ ਹਾਂ । ਉਨ੍ਹਾਂ ਦਾ ਜਨਮ ਮਿਤੀ 4 ਦਸੰਬਰ, 1919 ਨੂੰ ਜੇਹਲਮ (ਪਾਕਿਸਤਾਨ) ਵਿਖੇ ਹੋਇਆ । ਉਹ ਚੜ੍ਹਦੀ ਉਮਰ ਵਿਚ ਹੀ ਦੇਸ਼ ਦੀ ਅਜ਼ਾਦੀ ਦੇ ਸ਼ੰਘਰਸ਼ ਵਿਚ ਸ਼ਾਮਲ ਹੋ ਗਏ ਸਨ ਅਤੇ ਉਹ ਸਾਲ 1942 ਵਿਚ ਭਾਰਤ ਛੱਡੋ ਅੰਦੋਲਨ ਵਿਚ ਜੇਲ੍ਹ ਗਏ । ਉਹ 3 ਵਾਰ ਰਾਜ ਸਭਾ ਦੇ ਮੈਂਬਰ ਬਣੇ ਅਤੇ ਦੋ ਵਾਰ ਲੋਕ ਸਭਾ ਲਈ ਮੈਂਬਰ ਚੁਣੇ ਗਏ । ਉਹ ਕੇਂਦਰ ਸਰਕਾਰ ਵਿਚ ਕਈ ਵਾਰ ਰਾਜ ਮੰਤਰੀ ਅਤੇ ਕੈਬਨਿਟ ਮੰਤਰੀ ਵੀ ਰਹੇ । ਉਨ੍ਹਾਂ ਨੇ ਮਿਤੀ 21-4-1997 ਨੂੰ ਭਾਰਤ ਦੇ 12ਵੇਂ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ । ਉਹ ਸੋਵੀਅਤ ਯੂਨੀਅਨ ਵਿਚ ਭਾਰਤ ਦੇ ਰਾਜਦੂਤ ਵੀ ਰਹੇ । ਸ੍ਰੀ ਗੁਜਰਾਲ ਦਾ ਪਿਛੋਕੜ ਇਤਿਹਾਸ ਦੀ ਇਕ ਅਹਿਮ ਘਟਨਾ ਬਣ ਚੁੱਕੀ ਹੈ ਕਿਉਂਕਿ ਉਹ ਇਕ ਐਸੀ ਮਹਾਨ ਸ਼ਖ਼ਸੀਅਤ ਸਨ ਜਿਨ੍ਹਾਂ ਨੇ ਇਤਿਹਾਸ ਨੂੰ ਸਿਰਜਿਆ । ਸ੍ਰੀ ਗੁਜਰਾਲ ਨੂੰ ਯਾਦ ਕਰਨ ਨਾਲ ਸਾਡੇ ਮਨਾਂ ਵਿਚ ਇਤਿਹਾਸ ਦੇ ਉਹ ਪਲ ਵੀ ਸੁਰਜੀਤ ਹੁੰਦੇ ਰਹਿਣਗੇ ਜਿਨ੍ਹਾਂ ਨਾਲ ਸ੍ਰੀ ਗੁਜਰਾਲ ਦਾ ਸਬੰਧ ਰਿਹਾ ਹੈ । ਸ੍ਰੀ ਗੁਜਰਾਲ ਇਕ ਸਟੇਟਸਮੈਨ, ਡਿਪਲੋਮੈਟ, ਬੁੱਧੀਜੀਵੀ, ਸਿਆਸਤਦਾਨ, ਲੇਖਕ ਅਤੇ ਸੁਹਿਰਦ ਇਨਸਾਨ ਸਨ । ਉਨ੍ਹਾਂ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮਸਲਿਆਂ ਦੀ ਡੂੰਘੀ ਸਮਝ ਸੀ । ਉਹ ਸਾਰੀ ਉਮਰ ਸਮਾਜਿਕ ਸਰੋਕਾਰਾਂ ਨਾਲ ਜੁੜੇ ਰਹੇ । ਇੰਨੀ ਖੁਸ਼ਬੂਦਾਰ ਗੁਣਾਂ ਵਾਲੀ ਸ਼ਖ਼ਸੀਅਤ ਉੱਤੇ ਸਾਰੇ ਦੇਸ਼ ਨੂੰ, ਖਾਸ ਕਰਕੇ ਪੰਜਾਬੀਆਂ ਨੂੰ ਮਾਣ ਹੈ । ਪੰਜਾਬ ਦੇ ਮਸਲਿਆਂ ਤੇ ਉਨ੍ਹਾਂ ਦੀ ਭੂਮਿਕਾ ਬਹੁਤ ਹੀ ਸ਼ਲਾਘਾਯੋਗ ਰਹੀ ਹੈ । ਸਾਨੂੰ ਸਾਰਿਆਂ ਨੂੰ ਉਨ੍ਹਾਂ ਦੇ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ ।

Original with;
Punjab Vidhan Sabha
Digitized by;
Panjab Digital Library

[ਮਾਨਯੋਗ ਸਪੀਕਰ]

ਚੀਫ ਜਸਟਿਸ (ਰਿਟਾਇਰਡ) ਸ਼੍ਰੀ ਐਸ.ਐਸ. ਕੰਗ, ਸਾਬਕਾ ਰਾਜਪਾਲ ਕੇਰਲਾ ਵੀ ਸਾਨੂੰ ਮਿਤੀ 12 ਅਕਤੂਬਰ, 2012 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦਾ ਜਨਮ ਮਿਤੀ 15 ਮਈ, 1931 ਨੂੰ ਹੋਇਆ । ਉਹ ਕੇਰਲਾ ਰਾਜ ਦੇ 14ਵੇਂ ਰਾਜਪਾਲ ਸਨ । ਉਹ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਬਾਰ ਐਸੋਸੀਏਸ਼ਨ ਦੇ ਉਪ-ਪ੍ਰਧਾਨ ਰਹੇ ਅਤੇ ਉਨ੍ਹਾਂ ਨੇ ਬਤੌਰ ਡਿਪਟੀ ਐਡਵੋਕੇਟ ਜਨਰਲ, ਪੰਜਾਬ ਦੀ ਸੇਵਾ ਨਿਭਾਈ । ਉਹ ਸਾਲ 1979 ਵਿਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਬਣੇ ਅਤੇ 10 ਸਾਲਾਂ ਤੋਂ ਬਾਅਦ ਜੰਮੂ-ਕਸ਼ਮੀਰ ਹਾਈ ਕੋਰਟ ਦੇ ਚੀਫ ਜਸਟਿਸ ਬਣੇ । ਉਹ 1993 ਵਿਚ ਦਿੱਲੀ ਵਿਖੇ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੈਂਬਰ ਵੀ ਰਹੇ ।

ਸਰਦਾਰ ਦਾਰਾ ਸਿੰਘ, ਰੁਸਤਮ-ਏ-ਹਿੰਦ ਅਤੇ ਸਾਬਕਾ ਐਮ.ਪੀ. ਵੀ ਮਿਤੀ 12 ਜੁਲਾਈ, 2012 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦਾ ਜਨਮ ਮਿਤੀ 19 ਨਵੰਬਰ, 1928 ਨੂੰ ਪਿੰਡ ਧਰਮੂਚੱਕ, ਅੰਮ੍ਰਿਤਸਰ ਵਿਖੇ ਹੋਇਆ । ਉਨ੍ਹਾਂ ਦਾ ਪੂਰਾ ਨਾਮ ਸ਼੍ਰੀ ਦੀਦਾਰ ਸਿੰਘ ਰੰਧਾਵਾ ਸੀ । ਉਹ ਸਾਲ 1968 ਵਿਚ ਫਰੀ ਸਟਾਈਲ ਕੁਸ਼ਤੀ ਦੇ ਵਿਸ਼ਵ ਚੈਂਪੀਅਨ ਬਣੇ ਅਤੇ 1983 ਵਿਚ ਉਨ੍ਹਾਂ ਨੇ ਕੁਸ਼ਤੀ ਤੋਂ ਸੰਨਿਆਸ ਲੈ ਲਿਆ । ਉਹ ਸਾਲ 2002 ਤੋਂ ਲੈ ਕੇ 2009 ਤੱਕ ਰਾਜ ਸਭਾ ਦੇ ਮੈਂਬਰ ਵੀ ਰਹੇ । ਉਨ੍ਹਾਂ ਨੇ ਹਿੰਦੀ ਅਤੇ ਪੰਜਾਬੀ ਫ਼ਿਲਮਾਂ ਤੋਂ ਇਲਾਵਾ ਦੂਰਦਰਸ਼ਨ ਦੇ ਕਈ ਸੀਰੀਅਲਾਂ ਵਿਚ ਵੀ ਕੰਮ ਕੀਤਾ ।

ਸ਼੍ਰੀ ਰਾਜੇਸ਼ ਖੰਨਾ ਜੀ, ਪ੍ਰਸਿੱਧ ਕਲਾਕਾਰ ਅਤੇ ਸਾਬਕਾ ਐਮ.ਪੀ. ਵੀ ਸਾਨੂੰ ਮਿਤੀ 18 ਜੁਲਾਈ, 2012 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦਾ ਜਨਮ ਮਿਤੀ 19 ਨਵੰਬਰ, 1942 ਨੂੰ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ । ਉਨ੍ਹਾਂ ਦਾ ਅਸਲੀ ਨਾਮ ਜਤਿੰਨ ਖੰਨਾ ਸੀ । ਉਹ ਬਾਲੀਵੁੱਡ ਅਦਾਕਾਰ ਸਨ । ਉਨ੍ਹਾਂ ਨੇ ਕਈ ਹਿੰਦੀ ਫ਼ਿਲਮਾਂ ਵਿਚ ਕੰਮ ਕੀਤਾ ਅਤੇ ਉਨ੍ਹਾਂ ਦੀ ਪਹਿਲੀ ਫ਼ਿਲਮ "ਆਖਰੀ ਖੱਤ" ਸਾਲ 1966 ਵਿਚ ਰੀਲੀਜ਼ ਹੋਈ । ਉਨ੍ਹਾਂ ਨੂੰ 3 ਵਾਰ ਫ਼ਿਲਮ ਫੇਅਰ ਬੈਸਟ ਐਕਟਰ ਅਤੇ ਫ਼ਿਲਮ ਫੇਅਰ ਲਾਈਫ ਟਾਈਮ ਅਚੀਵਮੈਂਟ ਅਵਾਰਡਾਂ ਨਾਲ ਸਨਮਾਨਿਤ ਕੀਤਾ ਗਿਆ । ਉਹ ਸਾਲ 1992 ਤੋਂ 1996 ਤੱਕ ਸੰਸਦ ਦੇ ਮੈਂਬਰ ਵੀ ਰਹੇ ।

ਜਥੇਦਾਰ ਜ਼ੋਰਾ ਸਿੰਘ ਭਾਗੀਕੇ, ਸਾਬਕਾ ਐਮ.ਐਲ.ਏ. ਵੀ ਸਾਨੂੰ ਮਿਤੀ 10 ਨਵੰਬਰ, 2012 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦਾ ਜਨਮ ਮਿਤੀ 9 ਨਵੰਬਰ, 1927 ਨੂੰ ਪਿੰਡ ਭਾਗੀਕੇ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਵਿਖੇ ਹੋਇਆ । ਉਹ ਦੋ ਵਾਰ ਸੰਨ 1985 ਅਤੇ 2002 ਵਿਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਜੋਂ ਹਲਕਾ ਨਿਹਾਲ ਸਿੰਘ ਵਾਲਾ (ਰਿਜ਼ਰਵ) ਤੋਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ ਸਨ ਅਤੇ ਉਨ੍ਹਾਂ ਨੇ ਪੰਜਾਬ ਵਿਧਾਨ ਸਭਾ ਦੀ ਆਸ਼ਵਾਸਨ ਕਮੇਟੀ ਦੇ ਮੈਂਬਰ ਵਜੋਂ ਸੇਵਾ ਵੀ ਨਿਭਾਈ । ਉਹ ਸਰਕਲ ਅਕਾਲੀ ਜੱਥਾ, ਨਿਹਾਲ ਸਿੰਘ ਵਾਲਾ ਦੇ ਪ੍ਰਧਾਨ ਵੀ ਰਹੇ । ਉਹ ਇੱਕ ਉੱਘੇ ਸਮਾਜਸੇਵੀ ਸਨ ਅਤੇ ਉਨ੍ਹਾਂ ਨੇ ਕਮਜ਼ੋਰ ਵਰਗਾਂ ਨੂੰ ਉਪਰ ਚੁੱਕਣ ਅਤੇ ਆਪਣੇ ਹਲਕੇ ਦੀ ਤਰੱਕੀ ਲਈ ਖੂਬ ਕੰਮ ਕੀਤਾ ।

Original with;
Punjab Vidhan Sabha
Digitized by;
Panjab Digital Library

ਸਰਦਾਰ ਮਲਕੀਤ ਸਿੰਘ ਜੀ ਕੀਤੂ, ਸਾਬਕਾ ਐਮ.ਐਲ.ਏ. ਵੀ ਸਾਨੂੰ ਮਿਤੀ 19 ਅਕਤੂਬਰ, 2012 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦਾ ਜਨਮ ਮਿਤੀ 2 ਜਨਵਰੀ, 1949 ਨੂੰ ਪਿੰਡ ਬਿਲਾਸਪੁਰ, ਜ਼ਿਲ੍ਹਾ ਮੋਗਾ ਵਿਖੇ ਹੋਇਆ । ਉਹ ਸਾਲ 1997 ਵਿਚ ਅਜ਼ਾਦ ਉਮੀਦਵਾਰ ਵਜੋਂ ਹਲਕਾ ਬਰਨਾਲਾ ਤੋਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ ਅਤੇ ਉਹ ਸਾਲ 2002 ਵਿਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਜੋਂ ਹਲਕਾ ਬਰਨਾਲਾ ਤੋਂ ਹੀ ਮੁੜ ਵਿਧਾਇਕ ਚੁਣੇ ਗਏ । ਉਹ ਪੰਜਾਬ ਵਿਧਾਨ ਸਭਾ ਦੇ ਲੋਕ ਲੇਖਾ ਕਮੇਟੀ ਦੇ ਮੈਂਬਰ ਵੀ ਰਹੇ । ਉਹ ਪੰਜਾਬ ਟਰੱਕ ਓਪਰੇਟਰ ਯੂਨੀਅਨ ਦੇ ਪ੍ਰਧਾਨ ਤੇ ਉੱਘੇ ਸਮਾਜ ਸੇਵੀ ਸਨ । ਉਨ੍ਹਾਂ ਨੇ ਆਪਣੇ ਹਲਕੇ ਦੀ ਤਰੱਕੀ ਲਈ ਪ੍ਰਸ਼ੰਸਾਯੋਗ ਕੰਮ ਕੀਤਾ ।

ਇਸੇ ਤਰ੍ਹਾਂ ਹੀ, ਨਾਮਧਾਰੀ ਸੰਪਰਦਾਇ ਦੇ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਵੀ ਸਾਨੂੰ 13 ਦਸੰਬਰ, 2012 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦਾ ਜਨਮ ਸਾਲ 1920 ਵਿਚ ਪਿੰਡ ਭੈਣੀ ਸਾਹਿਬ, ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ । ਉਹ 92 ਸਾਲਾਂ ਦੇ ਸਨ । ਉਨ੍ਹਾਂ ਨੂੰ 22 ਅਗਸਤ, 1959 ਨੂੰ ਭੈਣੀ ਸਾਹਿਬ ਵਿਖੇ ਨਾਮਧਾਰੀ ਸੰਪਰਦਾਇ ਦੇ ਸਤਿਗੁਰੂ ਥਾਪਿਆ ਗਿਆ । ਉਨ੍ਹਾਂ ਨੇ ਪੂਰੀ ਮਨੁੱਖਤਾ ਦਾ ਮਾਰਗ ਦਰਸ਼ਨ ਕੀਤਾ । ਉਨ੍ਹਾਂ ਨੇ ਭੈਣੀ ਸਾਹਿਬ ਵਿਖੇ ਨਾਮਧਾਰੀ ਖੇਡ ਅਕਾਦਮੀ ਸਥਾਪਤ ਕੀਤੀ । ਉਹ ਸੰਗੀਤ ਦੇ ਉਪਾਸ਼ਕ ਸਨ । ਉਨ੍ਹਾਂ ਨੇ ਭੈਣੀ ਸਾਹਿਬ ਵਿਖੇ ਕਈ ਸੰਗੀਤ ਸੰਮੇਲਨ ਕਰਵਾਏ ਸਨ । ਉਹ ਇੱਕ ਮਹਾਨ ਸਮਾਜ ਸੁਧਾਰਕ ਸਨ ਅਤੇ ਉਨ੍ਹਾਂ ਨੇ ਭਰੂਣ ਹੱਤਿਆ, ਦਹੇਜ ਪ੍ਰਥਾ ਅਤੇ ਨਸ਼ਿਆਂ ਵਿਰੁੱਧ ਆਵਾਜ਼ ਉਠਾਈ । ਉਨ੍ਹਾਂ ਨੂੰ ਗੋਪਾਲ ਰਤਨ ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ । ਉਨ੍ਹਾਂ ਨੇ ਪੰਜਾਬੀ ਭਾਸ਼ਾ ਦੇ ਪ੍ਰਸਾਰ ਅਤੇ ਪੰਜਾਬੀ ਸਾਹਿਤ ਨੂੰ ਉਤਸ਼ਾਹਿਤ ਕਰਨ ਲਈ ਬਹੁਤ ਯੋਗਦਾਨ ਪਾਇਆ ।

ਸ਼੍ਰੀ ਬਾਲ ਠਾਕਰੇ ਜੀ, ਸ਼ਿਵ ਸੈਨਾ ਸੁਪਰੀਮੋ ਵੀ ਸਾਨੂੰ ਮਿਤੀ 17 ਨਵੰਬਰ, 2012 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਹ 86 ਸਾਲਾਂ ਦੇ ਸਨ । ਉਹ ਮਹਾਂਰਾਸ਼ਟਰ ਰਾਜ ਨਾਲ ਸਬੰਧਤ ਸਨ ਅਤੇ ਉਨ੍ਹਾਂ ਨੇ ਸੰਨ 1966 ਵਿਚ ਸ਼ਿਵ ਸੈਨਾ ਦੀ ਸਥਾਪਨਾ ਕੀਤੀ । ਉਨ੍ਹਾਂ ਦਾ ਮਹਾਂਰਾਸ਼ਟਰ ਦੀ ਸਿਆਸਤ ਵਿਚ ਅਹਿਮ ਰੋਲ ਸੀ । ਉਨ੍ਹਾਂ ਨੇ ਆਪਣਾ ਜੀਵਨ ਕਾਰਟੂਨਿਸਟ ਵਜੋਂ ਸ਼ੁਰੂ ਕੀਤਾ ਅਤੇ ਬਾਅਦ ਵਿਚ ਉਹ ਸਰਗਰਮ ਰਾਜਨੀਤੀ ਵਿਚ ਸ਼ਾਮਲ ਹੋ ਗਏ । ਉਨ੍ਹਾਂ ਨੇ ਸਪਤਾਹਿਕ ਮੈਗਜ਼ੀਨ 'ਮਾਰਮਿਕ' ਅਤੇ 'ਸਾਮਨਾ' ਅਖ਼ਬਾਰ ਸ਼ੁਰੂ ਕੀਤਾ । ਉਨ੍ਹਾਂ ਦੇ ਦੁਖਦਾਇਕ ਸਦੀਵੀ ਵਿਛੋੜੇ ਨਾਲ ਦੇਸ਼ ਇੱਕ ਉੱਘੇ ਸਿਆਸਤਦਾਨ ਦੀਆਂ ਸੇਵਾਵਾਂ ਤੋਂ ਵਾਂਝਾ ਹੋ ਗਿਆ ।

ਸਰਦਾਰ ਮਾਨ ਸਿੰਘ ਮਨਹੇੜਾ, ਇੱਕ ਉਘੇ ਸਿਆਸਤਦਾਨ ਸਨ, ਉਹ ਵੀ ਸਾਨੂੰ ਮਿਤੀ 15 ਅਗਸਤ, 2012 ਨੂੰ ਸਦੀਵੀ ਵਿਛੋੜਾ ਦੇ ਗਏ ਸਨ । ਉਹ 55 ਸਾਲ ਦੇ ਸਨ । ਉਹ ਬਹੁਜਨ ਸਮਾਜ ਪਾਰਟੀ ਦੇ ਜਨਰਲ ਸਕੱਤਰ ਸਨ ਅਤੇ ਉਨ੍ਹਾਂ ਨੇ ਦਲਿਤਾਂ ਦੀ ਭਲਾਈ ਲਈ ਵੱਧ-ਚੜ੍ਹ ਕੇ ਕੰਮ ਕੀਤਾ । ਉਹ ਚੰਡੀਗੜ੍ਹ ਅਤੇ ਹਰਿਆਣਾ ਰਾਜ ਦੇ ਬਹੁਜਨ ਸਮਾਜ ਪਾਰਟੀ ਦੇ ਇੰਚਾਰਜ ਸਨ ।

Original with;
Punjab Vidhan Sabha
Digitized by;
Panjab Digital Library

[ਮਾਨਯੋਗ ਸਪੀਕਰ]

ਇਨ੍ਹਾਂ ਤੋਂ ਇਲਾਵਾ ਜਥੇਦਾਰ ਜਗਮੇਲ ਸਿੰਘ ਬੂਹੀ, ਸੁਤੰਤਰਤਾ ਸੰਗਰਾਮੀ ਵੀ ਸਾਨੂੰ ਮਿਤੀ 9 ਨਵੰਬਰ, 2012 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦਾ ਜਨਮ ਸਾਲ 1925 ਵਿਚ ਲੁਧਿਆਣਾ ਵਿਖੇ ਹੋਇਆ । ਉਨ੍ਹਾਂ ਨੇ ਦੇਸ਼ ਦੀ ਅਜ਼ਾਦੀ ਦੇ ਸੰਘਰਸ਼ ਵਿਚ ਵੀ ਯੋਗਦਾਨ ਪਾਇਆ । ਅਜ਼ਾਦੀ ਮਿਲਣ ਤੋਂ ਬਾਅਦ ਉਨ੍ਹਾਂ ਨੂੰ ਪਿੰਡ ਬੂਹੀ ਵਿਚ ਜ਼ਮੀਨ ਅਲਾਟ ਕੀਤੀ ਗਈ । ਉਹ ਪੈਪਸੂ ਸਟੇਟ ਦੇ ਜਥੇਦਾਰ ਬਣੇ ਅਤੇ ਉਹ ਸਾਲ 1961-62 ਤੱਕ ਪਿੰਡ ਬੂਹੀ ਦੇ ਪੰਚਾਇਤ ਮੈਂਬਰ ਵੀ ਰਹੇ ।

ਸਰਦਾਰ ਸਾਧੂ ਸਿੰਘ, ਸੁਤੰਤਰਤਾ ਸੰਗਰਾਮੀ ਵੀ ਸਾਨੂੰ ਮਿਤੀ 21 ਜੁਲਾਈ, 2012 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦਾ ਜਨਮ ਮਿਤੀ 1 ਮਈ, 1922 ਨੂੰ ਪਿੰਡ ਲੁਹਾਰ ਮਾਜਰਾ ਖੁਰਦ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਹੋਇਆ । ਉਨ੍ਹਾਂ ਨੇ ਦੇਸ਼ ਦੀ ਅਜ਼ਾਦੀ ਦੇ ਸੰਘਰਸ਼ ਵਿਚ ਯੋਗਦਾਨ ਪਾਇਆ ।

ਸਰਦਾਰ ਗੁਰਚਰਨ ਸਿੰਘ, ਸੁਤੰਤਰਤਾ ਸੰਗਰਾਮੀ ਵੀ ਸਾਨੂੰ ਮਿਤੀ 1 ਨਵੰਬਰ, 2012 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦਾ ਜਨਮ ਸਾਲ 1924 ਵਿਚ ਪਿੰਡ ਬਰਗਾੜੀ, ਜ਼ਿਲ੍ਹਾ ਫਰੀਦਕੋਟ ਵਿਖੇ ਹੋਇਆ । ਉਨ੍ਹਾਂ ਨੇ ਦੇਸ਼ ਦੀ ਅਜ਼ਾਦੀ ਦੇ ਸੰਘਰਸ਼ ਵਿਚ ਹਿੱਸਾ ਪਾਇਆ ।

ਸਰਦਾਰ ਪ੍ਰੀਤਮ ਸਿੰਘ, ਸੁਤੰਤਰਤਾ ਸੰਗਰਾਮੀ ਵੀ ਸਾਨੂੰ ਮਿਤੀ 9 ਅਗਸਤ, 2012 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਹ 90 ਸਾਲਾਂ ਦੇ ਸਨ । ਉਨ੍ਹਾਂ ਨੇ ਸੱਤਿਆਗ੍ਰਹਿ ਮੂਵਮੈਂਟ ਵਿਚ ਹਿੱਸਾ ਲਿਆ ਅਤੇ ਦੇਸ਼ ਦੀ ਅਜ਼ਾਦੀ ਲਈ ਯੋਗਦਾਨ ਵੀ ਪਾਇਆ ।

ਸਰਦਾਰ ਨਰਿੰਦਰ ਸਿੰਘ, ਸੁਤੰਤਰਤਾ ਸੰਗਰਾਮੀ ਵੀ ਸਾਨੂੰ ਮਿਤੀ 2 ਜੂਨ, 2012 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਹ 71 ਸਾਲਾਂ ਦੇ ਸਨ । ਉਨ੍ਹਾਂ ਨੇ ਅਜ਼ਾਦੀ ਦੇ ਸੰਘਰਸ਼ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ ।

ਸ਼੍ਰੀ ਪ੍ਰਭਾ ਰਾਮ, ਸੁਤੰਤਰਤਾ ਸੰਗਰਾਮੀ ਵੀ ਸਾਨੂੰ ਮਿਤੀ 4 ਨਵੰਬਰ, 2012 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦਾ ਜਨਮ ਸਾਲ 1922 ਵਿਚ ਪਿੰਡ ਗੱਗੜ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਇਆ । ਉਹ ਸਾਲ 1939 ਵਿਚ ਅੰਗਰੇਜ਼ ਫ਼ੌਜ ਵਿਚ ਬਤੌਰ ਸਿਪਾਹੀ ਭਰਤੀ ਹੋਏ ਅਤੇ ਉਸ ਤੋਂ ਬਾਅਦ ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਅਜ਼ਾਦ ਹਿੰਦ ਫ਼ੌਜ ਵਿਚ ਸ਼ਾਮਲ ਹੋ ਗਏ । ਉਹ ਦੇਸ਼ ਦੀ ਅਜ਼ਾਦੀ ਲਈ ਅੰਗਰੇਜ਼ ਸਰਕਾਰ ਵਿਰੁੱਧ ਲੜੇ । ਉਨ੍ਹਾਂ ਨੂੰ ਅੰਗਰੇਜ਼ ਸਰਕਾਰ ਵੱਲੋਂ ਚਿੱਟਗਾਉਂ, ਬੰਗਲਾਦੇਸ਼ ਵਿਖੇ ਗ੍ਰਿਫ਼ਤਾਰ ਵੀ ਕਰ ਲਿਆ ਗਿਆ ਸੀ।

Original with;
Punjab Vidhan Sabha
Digitized by;
Panjab Digital Library

ਸਰਦਾਰ ਕਰਤਾਰ ਸਿੰਘ, ਸੁਤੰਤਰਤਾ ਸੰਗਰਾਮੀ ਵੀ ਸਾਨੂੰ ਮਿਤੀ 10 ਨਵੰਬਰ, 2012 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦਾ ਜਨਮ ਸਾਲ 1921 ਵਿਚ ਪਿੰਡ ਖੰਗਵਾੜੀ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਇਆ । ਉਨ੍ਹਾਂ ਨੇ ਭਾਰਤੀ ਫ਼ੌਜ ਵਿਚ ਸੇਵਾ ਕੀਤੀ ਅਤੇ ਉਹ ਸਾਲ 1941 ਤੋਂ 1946 ਤੱਕ ਸਿੰਘਾਪੁਰ ਅਤੇ ਮਲਾਇਆ ਦੀਆਂ ਜੇਲ੍ਹਾਂ ਵਿਚ ਕੈਦ ਰਹੇ ।

ਸਰਦਾਰ ਮੁਖਤਿਆਰ ਸਿੰਘ, ਸੁਤੰਤਰਤਾ ਸੰਗਰਾਮੀ ਵੀ ਸਾਨੂੰ ਮਿਤੀ 19 ਅਕਤੂਬਰ, 2012 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦਾ ਜਨਮ 18 ਜੂਨ, 1911 ਨੂੰ ਪਿੰਡ ਨਾਗੋਕੇ, ਤਹਿਸੀਲ ਖਡੂਰ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ । ਉਹ 26 ਸਾਲ ਦੀ ਉਮਰ ਵਿਚ ਫ਼ੌਜ ਵਿਚ ਭਰਤੀ ਹੋਏ ਅਤੇ ਸਾਲ 1942 ਵਿਚ ਅਜ਼ਾਦ ਹਿੰਦ ਫ਼ੌਜ ਵਿਚ ਸ਼ਾਮਲ ਹੋ ਗਏ । ਉਨ੍ਹਾਂ ਨੂੰ ਸਾਬਕਾ ਪ੍ਰਧਾਨ ਮੰਤਰੀ, ਸ਼੍ਰੀਮਤੀ ਇੰਦਰਾ ਗਾਂਧੀ ਵੱਲੋਂ ਤਾਮਰ-ਪੱਤਰ ਨਾਲ ਸਨਮਾਨਿਤ ਵੀ ਕੀਤਾ ਗਿਆ ।

ਸਰਦਾਰ ਮੋਹਿੰਦਰ ਸਿੰਘ, ਸੁਤੰਤਰਤਾ ਸੰਗਰਾਮੀ ਵੀ ਸਾਨੂੰ ਮਿਤੀ 13 ਸਤੰਬਰ, 2012 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦਾ ਜਨਮ ਮਾਰਚ, 1912 ਨੂੰ ਗੁੱਜਰਾਂਵਾਲਾ, ਪਾਕਿਸਤਾਨ ਵਿਖੇ ਹੋਇਆ । ਉਹ 15 ਸਾਲ ਦੀ ਉਮਰ ਵਿਚ ਅਜ਼ਾਦੀ ਦੇ ਸੰਘਰਸ਼ ਵਿਚ ਸ਼ਾਮਲ ਹੋਏ । ਉਨ੍ਹਾਂ ਨੇ ਸਾਈਮਨ ਕਮਿਸ਼ਨ ਦਾ ਡੱਟ ਕੇ ਵਿਰੋਧ ਕੀਤਾ ।

ਸਰਦਾਰ ਦਵਿੰਦਰ ਸਿੰਘ, ਸੁਤੰਤਰਤਾ ਸੰਗਰਾਮੀ ਵੀ ਸਾਨੂੰ ਮਿਤੀ 7 ਸਤੰਬਰ, 2012 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦਾ ਜਨਮ ਮਿਤੀ 24 ਨਵੰਬਰ, 1923 ਨੂੰ ਪਿੰਡ ਜਰਗ, ਤਹਿਸੀਲ ਪਾਇਲ, ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ । ਉਨ੍ਹਾਂ ਨੇ ਅਜ਼ਾਦੀ ਦੇ ਸੰਘਰਸ਼ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ ।

ਸਰਦਾਰ ਫੌਜਾ ਸਿੰਘ, ਸੁਤੰਤਰਤਾ ਸੰਗਰਾਮੀ ਵੀ ਸਾਨੂੰ ਮਿਤੀ 5 ਅਕਤੂਬਰ, 2012 ਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਦਾ ਜਨਮ ਮਿਤੀ 16 ਮਾਰਚ, 1929 ਨੂੰ ਹੋਇਆ। ਉਨ੍ਹਾਂ ਨੇ ਦੇਸ਼ ਦੀ ਅਜ਼ਾਦੀ ਦੇ ਸੰਘਰਸ਼ ਵਿਚ ਹਿੱਸਾ ਲਿਆ । ਇਨ੍ਹਾਂ ਸਾਰੇ ਸੁਤੰਤਰਤਾ ਸੰਗਰਾਮੀਆਂ ਨੇ ਆਪਣੀ ਲਗਨ, ਮਿਹਨਤ ਅਤੇ ਕੁਰਬਾਨੀ ਸਦਕਾ ਹਿੰਦੁਸਤਾਨ ਨੂੰ ਅਜ਼ਾਦ ਕਰਵਾਉਣ ਵਿਚ ਆਪਣਾ-ਆਪਣਾ ਯੋਗਦਾਨ ਪਾਇਆ ਹੈ । ਅਸੀਂ ਉਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਮਿਲੀ ਅਜ਼ਾਦੀ ਦਾ ਨਿੱਘ ਅਤੇ ਆਨੰਦ ਮਾਣ ਰਹੇ ਹਾਂ ਅਤੇ ਅਸੀਂ ਕਦੇ ਵੀ ਉਨ੍ਹਾਂ ਨੂੰ ਭੁਲਾ ਨਹੀਂ ਸਕਦੇ ।

ਇਨ੍ਹਾਂ ਤੋਂ ਇਲਾਵਾ ਸਰਵਸ਼੍ਰੀ ਜਸਪਾਲ ਸਿੰਘ ਭੱਟੀ, ਪ੍ਰਸਿੱਧ ਕਾਰਟੂਨਿਸਟ ਅਤੇ ਕਮੇਡੀਅਨ, ਸ਼੍ਰੀ ਏ. ਕੇ. ਹੰਗਲ ਉੱਘੇ ਆਰਟਿਸਟ, ਸ਼੍ਰੀ ਯਸ਼ ਚੋਪੜਾ, ਪ੍ਰਸਿੱਧ ਡਾਇਰੈਕਟਰ, ਪ੍ਰੋਡਿਊਸਰ ਅਤੇ ਫ਼ਿਲਮ ਮੇਕਰ, ਸ਼੍ਰੀ ਹਾਕਮ ਸੂਫੀ, ਉੱਘੇ ਪੰਜਾਬੀ ਸੂਫੀ ਗਾਇਕ, ਸ਼੍ਰੀ ਅਵਤਾਰ ਜੰਡਿਆਲਵੀ ਪ੍ਰਸਿੱਧ ਪੰਜਾਬੀ ਲਿਖਾਰੀ, ਸ਼ਾਇਰ ਸਰੋਦ ਸੁਦੀਪ, ਪ੍ਰਸਿੱਧ ਪੰਜਾਬੀ ਸ਼ਾਇਰ, ਸ਼੍ਰੀ ਅਜਾਇਬ ਸਿੰਘ ਚਿੱਤਰਕਾਰ, ਉੱਘੇ ਸ਼ਾਇਰ ਅਤੇ ਕਵੀ, ਸਰਦਾਰ ਸਤਵੰਤ ਸਿੰਘ

Original with;
Punjab Vidhan Sabha
Digitized by;
Panjab Digital Library

[ਮਾਨਯੋਗ ਸਪੀਕਰ]

ਕਾਲੇਕਾ, ਯੂ.ਐਸ.ਏ. ਦੇ ਪ੍ਰਸਿੱਧ ਵਪਾਰੀ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ, ਜਥੇਦਾਰ ਦਿਲਬਾਗ ਸਿੰਘ ਜੀ ਸਾਬਕਾ ਮੈਂਬਰ ਐਸ.ਜੀ.ਪੀ.ਸੀ., ਬੀਬੀ ਹਰਬੰਸ ਕੌਰ ਸੁਖਾਣਾ ਮੈਂਬਰ, ਐਸ.ਜੀ.ਪੀ.ਸੀ., ਪੰਡਿਤ ਰਵੀ ਸ਼ੰਕਰ ਉੱਘੇ ਸਿਤਾਰ ਵਾਦਕ ਅਤੇ ਸ਼੍ਰੀ ਸਰਵਣ ਕੁਮਾਰ ਵਰਮਾ ਪ੍ਰਸਿੱਧ ਉਰਦੂ ਸਾਹਿਤਕਾਰ ਇਹ ਸਾਰੇ ਹੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ । ਇਨ੍ਹਾਂ ਸਭਨਾਂ ਦੇ ਚਲੇ ਜਾਣ ਨਾਲ ਦੇਸ਼, ਰਾਜ ਅਤੇ ਸਮਾਜ ਨੂੰ ਨਾ ਪੂਰਿਆ ਜਾਣ ਵਾਲਾ ਵੱਡਾ ਘਾਟਾ ਪਿਆ ਹੈ ਅਤੇ ਅਸੀਂ ਉਨ੍ਹਾਂ ਦੀਆਂ ਵੱਡਮੁੱਲੀਆਂ ਸੇਵਾਵਾਂ ਤੋਂ ਵਾਂਝੇ ਹੋ ਗਏ ਹਾਂ। ਸਾਨੂੰ ਯਤਨ ਕਰਨਾ ਚਾਹੀਦਾ ਹੈ ਕਿ ਅਸੀਂ ਇਨ੍ਹਾਂ ਵਿਛੜੀਆਂ ਸ਼ਖ਼ਸੀਅਤਾਂ ਦੇ ਪਦ ਚਿੰਨ੍ਹਾਂ ਤੇ ਚਲਦੇ ਹੋਏ ਲੋਕਾਂ ਦੀ ਸੇਵਾ ਵਿਚ ਹਾਜ਼ਰ ਰਹੀਏ, ਇਹੀ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ । ਮੈਂ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਉਹ ਇਨ੍ਹਾਂ ਸ਼ਖ਼ਸੀਅਤਾਂ ਦੀਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਚੜ੍ਹਦੀ ਕਲਾ ਵਿਚ ਰੱਖੇ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ । ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸ਼ੋਕ ਪ੍ਰਸਤਾਵ ਸਾਰੀਆਂ ਵਿਛੜੀਆਂ ਸ਼ਖ਼ਸੀਅਤਾਂ ਦੇ ਪਰਿਵਾਰਾਂ ਨੂੰ ਭੇਜ ਦਿੱਤੇ ਜਾਣ ।....

ਸ਼੍ਰੀ ਬ੍ਰਹਮ ਮਹਿੰਦਰਾ (ਪਟਿਆਲਾ ਦਿਹਾਤੀ) : ਸਪੀਕਰ ਸਾਹਿਬ, ਪਿਛਲੀ ਸੱਤ ਤਰੀਕ ਨੂੰ ਇਕ ਫਰੀਡਮ ਫਾਈਟਰ ਦਾ ਨਿਧਨ ਹੋਇਆ ਹੈ । ਸਟੇਟ ਆਨਰ ਦੇ ਨਾਲ ਇਨ੍ਹਾਂ ਦਾ ਕ੍ਰਿਮੇਸ਼ਨ ਹੋਇਆ ਹੈ । ਉਨ੍ਹਾਂ ਦਾ ਨਾਂ ਸ਼ੋਕ ਮਤੇ ਵਿਚ ਇਨਕਲੂਡ ਹੋਣ ਤੋਂ ਰਹਿ ਗਿਆ ਹੈ। ਉਨ੍ਹਾਂ ਦਾ ਨਾਂ ਹੈ ਸ਼੍ਰੀ ਰਾਮ ਮੂਰਤੀ ਵਡੇਰਾ । ਇਨ੍ਹਾਂ ਨਾਲ ਸਬੰਧਤ ਕਾਗਜ਼ ਮੈਂ ਤੁਹਾਡੇ ਕੋਲ ਭਿਜਵਾ ਰਿਹਾ ਹਾਂ । ਇਨ੍ਹਾਂ ਦਾ ਨਾਂ ਵੀ ਇਸ ਮਤੇ ਵਿਚ ਸ਼ਾਮਲ ਕਰ ਲਿਆ ਜਾਵੇ ।

ਮਾਨਯੋਗ ਸਪੀਕਰ : ਠੀਕ ਹੈ ਜੀ । ਤੁਸੀਂ ਆਪਣੇ ਕਾਗਜ਼ ਭਿਜਵਾ ਦਿਓ ।

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) : ਸਪੀਕਰ ਸਾਹਿਬ, ਸ਼੍ਰੀਮਤੀ ਅੰਮ੍ਰਿਤਾ ਚੌਧਰੀ ਜੋ ਕਿ ਇਕ ਪ੍ਰਸਿੱਧ ਪੱਤਰਕਾਰ ਸਨ, ਉਹ ਵੀ ਪਿਛਲੇ ਦਿਨੀਂ ਸਵਰਗਵਾਸ ਹੋ ਗਏ ਹਨ, ਉਨ੍ਹਾਂ ਦਾ ਨਾਂ ਵੀ ਇਸ ਸ਼ੋਕ ਮਤੇ ਵਿਚ ਸ਼ਾਮਲ ਕਰ ਲਿਆ ਜਾਵੇ ਜੀ ।

ਸਰਦਾਰ ਚਰਨਜੀਤ ਸਿੰਘ ਚੰਨੀ : ** ** **

ਮਾਨਯੋਗ ਸਪੀਕਰ : ਮੈਂ ਕਿਹਾ ਜੀ, ਤੁਸੀਂ ਬੈਠੋ, ਪਲੀਜ਼ ਸਿਟ ਡਾਊਨ । ਨਹੀਂ ਨਹੀਂ, ਜਿਹੜਾ ਹੋ ਸਕਦਾ ਹੈ ਉਹ ਮੈਂ ਕਰ ਲੈਂਦਾ ਹਾਂ । ਉਸ ਵਿਚ ਮੈਨੂੰ ਕੋਈ ਇਤਰਾਜ਼ ਨਹੀਂ ਹੁੰਦਾ । ਇਹ ਇੰਪਲਾਈ ਹੈ ਜੀ । ਇਸ ਦਾ ਹੋ ਨਹੀਂ ਸਕਦਾ ।

** Not recorded as ordered by the Chair.

Original with;
Punjab Vidhan Sabha
Digitized by;
Panjab Digital Library

(ਇਸ ਵੇਲੇ ਵੀ ਸਰਦਾਰ ਚਰਨਜੀਤ ਸਿੰਘ ਚੰਨੀ ਬਿਨਾਂ ਆਗਿਆ ਤੋਂ ਬੋਲ ਰਹੇ ਸਨ ।)

ਮਾਨਯੋਗ ਸਪੀਕਰ : ਨਹੀਂ ਜੀ, ਚੰਨੀ ਸਾਹਿਬ please sit down. ਜਦੋਂ ਮੈਂ ਕਿਹਾ ਹੈ ਕਿ ਇਹ ਨਹੀਂ ਹੋ ਸਕਦਾ । ਇਸ ਲਈ ਕ੍ਰਿਪਾ ਕਰਕੇ ਤੁਸੀਂ ਬੈਠ ਜਾਓ । ਇੰਪਲਾਈ ਦਾ ਨਹੀਂ ਹੋ ਸਕਦਾ । ਜਿਹੜਾ ਹੋ ਸਕਦਾ ਹੈ ਉਹ ਮੈਂ ਆਟੋਮੈਟਿਕਲੀ ਕਰ ਲੈਂਦਾ ਹੁੰਦਾ ਹਾਂ । Please sit down. ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਸ਼ੋਕ ਪ੍ਰਸਤਾਵ ਵਿਛੜੀਆਂ ਸਾਰੀਆਂ ਰੂਹਾਂ ਦੇ ਪਰਿਵਾਰਾਂ ਨੂੰ ਭੇਜ ਦਿੱਤੇ ਜਾਣ । ...... (ਵਿਘਨ).......... ਨਹੀਂ ਜੀ । Please sit down........(ਵਿਘਨ)

(ਇਸ ਵੇਲੇ ਵੀ ਸਰਦਾਰ ਚਰਨਜੀਤ ਸਿੰਘ ਚੰਨੀ ਬਿਨਾਂ ਆਗਿਆ ਤੋਂ ਬੋਲ ਰਹੇ ਸਨ ।)

ਮਾਨਯੋਗ ਸਪੀਕਰ : ਇਹ** ਕੁਝ ਵੀ ਰਿਕਾਰਡ ਨਾ ਕੀਤਾ ਜਾਵੇ । ਮੇਰੇ ਕੋਲ ਤੁਹਾਡੇ ਤੋਂ ਪਹਿਲਾਂ ਹੀ ਸਰਦਾਰ ਗੁਲਜ਼ਾਰ ਸਿੰਘ ਰਣੀਕੇ ਵੱਲੋਂ ਇੱਕ ਨਾਂ ਆਇਆ ਹੈ, ਉਹ ਵੀ ਮੈਂ ਡਿਸਅਲਾਓ ਕਰ ਦਿੱਤਾ ਹੈ । ਇੰਪਲਾਈ ਦਾ ਨਹੀਂ ਹੋ ਸਕਦਾ । Please sit down. ਜਿਹੜੇ-ਜਿਹੜੇ ਹੋ ਸਕਦੇ ਹਨ, ਉਹ ਮੈਂ ਆਪ ਹੀ ਅਲਾਓ ਕਰ ਦਿੰਦਾ ਹਾਂ । ਜਿਹੜਾ ਨਹੀਂ ਹੋ ਸਕਦਾ, ਉਹ ਨਹੀਂ ਹੋ ਸਕਦਾ । Silence please.......... (ਵਿਘਨ)......... ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸ਼ੋਕ ਪ੍ਰਸਤਾਵ ਸਾਰੀਆਂ ਵਿਛੜੀਆਂ ਸ਼ਖ਼ਸੀਅਤਾਂ ਦੇ ਪਰਿਵਾਰਾਂ ਨੂੰ ਭੇਜ ਦਿੱਤੇ ਜਾਣ ।

(ਆਵਾਜ਼ਾਂ : ਹਾਂ ਜੀ, ਹਾਂ ਜੀ ।)

ਹੁਣ ਮੈਂ ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਵਿਛੜੀਆਂ ਰੂਹਾਂ ਦੀ ਯਾਦ ਵਿਚ ਦੋ ਮਿੰਟ ਦਾ ਮੋਨ ਧਾਰਨ ਕਰਨ ਲਈ ਖੜ੍ਹੇ ਹੋਈਏ ।

(ਇਸ ਸਮੇਂ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਨੇ ਖੜ੍ਹੇ ਹੋ ਕੇ ਦੋ ਮਿੰਟ ਦਾ ਮੋਨ ਧਾਰਨ ਕੀਤਾ ।)

ਮਾਨਯੋਗ ਸਪੀਕਰ : ਹੁਣ ਸਦਨ ਮੰਗਲਵਾਰ, ਮਿਤੀ 18 ਦਸੰਬਰ, 2012 ਦੇ 10.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਕੀਤਾ ਜਾਂਦਾ ਹੈ ।

*2.21 ਵਜੇ ਬਾਅਦ ਦੁਪਹਿਰ	(*ਇਸ ਉਪਰੰਤ ਸਦਨ ਮੰਗਲਵਾਰ, ਮਿਤੀ 18 ਦਸੰਬਰ, 2012 ਦੇ 10.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੋ ਗਿਆ।)

** Not recorded as ordered by the Chair.

4722-3/13-305-ਪੰ:ਸ:ਪ੍ਰੈਸ, ਪਟਿਆਲਾ ।

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

© 2013

Published under the authority of the Punjab Vidhan Sabha and Printed by the Controller, Printing and Stationery, Punjab, at Pb. Govt. Press, Patiala.

Original with;
Punjab Vidhan Sabha
Digitized by;
Punjab Digital Library

For checking Please
4.2.2015
S. Amrik Singh

PUNJAB VIDHAN SABHA
DEBATES

Wednesday, the 19th December, 2012

Vol. III - No. 3

OFFICIAL REPORT

CONTENTS

Punjab Vidhan Sabha Secretariat, Chandigarh

Price : Rs. __________.

Original with;
Punjab Vidhan Sabha
Digitized by;
Punjab Digital Library

Original with;
Punjab Vidhan Sabha
Digitized by;
Panjab Digital Library

PUNJAB VIDHAN SABHA
Wednesday, the 19th December, 2012

The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Doctor Charnjit Singh Atwal) in the Chair.

STARRED QUESTIONS AND ANSWERS

ਮਾਨਯੋਗ ਸਪੀਕਰ : ਪ੍ਰਸ਼ਨ ਕਾਲ। ਸਰਦਾਰ ਕੁਲਜੀਤ ਸਿੰਘ ਨਾਗਰਾ ਜੀ।

ਸਰਹਿੰਦ ਵਿਖੇ ਸੀਵਰੇਜ ਲਾਈਨਾਂ ਵਿਛਾਉਣਾ

***446. ਸਰਦਾਰ ਕੁਲਜੀਤ ਸਿੰਘ ਨਾਗਰਾ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਾਲ 2012-13 ਦੌਰਾਨ ਸਰਹਿੰਦ ਵਿਖੇ ਸੀਵਰੇਜ ਲਾਈਨਾਂ ਵਿਛਾਉਣ ਲਈ ਸਰਕਾਰ ਦੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਪੂਰਾ ਵੇਰਵਾ ਦਿੱਤਾ ਜਾਵੇ?

ਸ਼੍ਰੀ ਚੂਨੀ ਲਾਲ ਭਗਤ: ਨਹੀਂ ਜੀ।

ਸਰਦਾਰ ਕੁਲਜੀਤ ਸਿੰਘ ਨਾਗਰਾ: ਸਪੀਕਰ ਸਾਹਿਬ, ਮੈਂ ਆਪ ਜੀ ਦੇ ਦੁਆਰਾ ਮਾਨਯੋਗ ਮੰਤਰੀ ਸਾਹਿਬ ਨੂੰ ਅਤੇ ਸਤਿਕਾਰਯੋਗ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਫਤਿਹਗੜ੍ਹ ਸਾਹਿਬ ਦੁਨੀਆਂ ਦੀ ਇੱਕ ਅਦੁੱਤੀ ਸ਼ਹਾਦਤ ਵਾਲਾ ਸ਼ਹਿਰ ਹੈ, ਉਸ ਵਿੱਚ ਸੀਵਰੇਜ ਵਾਸਤੇ ਇਹ ਸਵਾਲ ਕੀਤਾ ਗਿਆ ਹੈ। ਤਕਰੀਬਨ 20 ਸਾਲ ਪਹਿਲਾਂ ਇਥੇ 25 ਫੀਸਦੀ ਸੀਵਰੇਜ ਲਾਈਨਾਂ ਵਿਛਾ ਦਿੱਤੀਆਂ ਗਈਆਂ ਸਨ ਪਰ ਬਾਕੀ ਦਾ ਸ਼ਹਿਰ ਅਜੇ ਵੀ ਬਿਨਾਂ ਸੀਵਰੇਜ ਤੋਂ ਹੈ। ਉਥੇ ਇਤਿਹਾਸਕ ਗੁਰਦੁਆਰਾ ਸਾਹਿਬ ਦੀ ਗਿਣਤੀ ਤਕਰੀਬਨ 5 ਦੇ ਕਰੀਬ ਹੈ। ਇਕ ਸਰਹਿੰਦ ਚੋਅ ਉਨ੍ਹਾਂ ਗੁਰਦੁਆਰਾ ਸਾਹਿਬ ਦੇ ਆਲੇ-ਦੁਆਲੇ ਦੀ ਘੁੰਮ ਕੇ ਜਾਂਦਾ ਹੈ। ਜਿਹੜੀਆਂ 25 ਫੀਸਦੀ ਸੀਵਰੇਜ ਲਾਈਨਾਂ ਵਿਛੀਆਂ ਹੋਈਆਂ ਹਨ, ਉਨ੍ਹਾਂ ਤੇ ਵੀ ਟਰੀਟਮੈਂਟ ਪਲਾਂਟ ਨਹੀਂ ਲੱਗੇ ਹੋਏ ਔਰ ਸ਼ਹਿਰ ਦਾ ਪੂਰਾ ਗੰਦਾ ਪਾਣੀ ਪੰਪ ਕਰਕੇ ਉਸ ਚੋਅ ਦੇ ਵਿਚ ਸੁੱਟ ਦਿੱਤਾ ਜਾਂਦਾ ਹੈ। ਉਹ ਚੋਅ ਜਿਹੜਾ ਹੈ, ਸਾਡੇ ਬਹੁਤ ਵੱਡੇ ਧਾਰਮਿਕ ਅਸਥਾਨ ਸ਼੍ਰੀ ਫਤਿਹਗੜ੍ਹ ਸਾਹਿਬ ਦੇ ਗੁਰਦੁਆਰਾ ਸਾਹਿਬ ਦੇ ਆਲੇ-ਦੁਆਲੇ ਦੀ ਘੁੰਮਦਾ ਹੈ। ਸ਼ੀਸ਼ ਗੰਜ ਗੁਰਦੁਆਰਾ ਸਾਹਿਬ ਦੀਆਂ ਬਿਲਕੁਲ ਜੜ੍ਹਾਂ ਵਿੱਚੋਂ ਲੰਘਦਾ ਹੈ। ਸ਼ਹੀਦਾਂ ਦੇ ਗੁਰਦੁਆਰੇ ਦੀਆਂ ਬਿਲਕੁਲ ਜੜ੍ਹਾਂ ਵਿਚੋਂ ਲੰਘਦਾ ਹੈ। ਇੱਥੇ ਮੁੱਖ ਮੰਤਰੀ ਸਾਹਿਬ ਦੇ ਧਿਆਨ ਵਿਚ ਲਿਆਉਣ ਵਾਲੀ ਗੱਲ ਇਹ ਕਿ ਹੈ ਕਿ ਜਿਹੜੀ ਅਫ਼ਸਰਾਂ ਦੀ ਕਲੋਨੀ ਹੈ, ਐੱਸ.ਐੱਸ. ਪੀ., ਡੀ.ਸੀ. ਜਿਥੇ ਬੈਠਦੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਕੁਲਜੀਤ ਸਿੰਘ ਨਾਗਰਾ]
ਹਨ, ਉਨ੍ਹਾਂ ਦੇ ਘਰਾਂ ਅਤੇ ਦਫ਼ਤਰ ਦੇ ਪਾਣੀ ਵਾਸਤੇ ਜਿਹੜਾ ਟਰੀਟਮੈਂਟ ਪਲਾਂਟ ਲਾਇਆ ਸੀ, ਉਹ ਬੰਦ ਪਿਆ ਹੈ। ਉਸ ਨੂੰ ਵਿਚਾਲਿਓਂ ਤੋੜ ਕੇ ਜਿੱਥੋਂ ਦੀ ਉਹ ਲੰਘਦਾ ਸੀ, ਸਿੱਧਾ ਹੀ ਪਾ ਦਿੱਤਾ ਗਿਆ ਹੈ, ਇਸ ਤਰ੍ਹਾਂ ਸਾਰੇ ਸ਼ਹਿਰ ਦਾ ਗੰਦ ਜਿਹੜਾ ਹੈ, ਉਹ ਸਾਰੇ ਗੁਰਦੁਆਰਾ ਸਾਹਿਬ ਦੀਆਂ ਜੜ੍ਹਾਂ ਵਿਚੋਂ ਦੀ ਲੰਘ ਕੇ ਜਾਂਦਾ ਹੈ। ਇਹ ਉਸ ਸ਼ਹਿਰ ਲਈ ਬਹੁਤ ਵੱਡਾ ਅਨਿਆਂ ਹੈ। ਉਨ੍ਹਾਂ ਸਾਡੇ ਸ਼ਹੀਦਾਂ ਜਿਨ੍ਹਾਂ ਦੇ ਪ੍ਰਤੀ ਮੁੱਖ ਮੰਤਰੀ ਸਾਹਿਬ ਵੀ ਸ਼ਰਧਾ ਦੇ ਫੁੱਲ ਭੇਂਟ ਕਰਨਾ ਚਾਹੁੰਣਗੇ.....

ਮਾਨਯੋਗ ਸਪੀਕਰ: ਤੁਸੀਂ ਸਪਲੀਮੈਂਟਰੀ ਪੁੱਛੋ ਜੀ।

ਸਰਦਾਰ ਕੁਲਜੀਤ ਸਿੰਘ ਨਾਗਰਾ: ਇਹ ਉਨ੍ਹਾਂ ਸ਼ਹੀਦਾਂ ਦਾ ਨਿਰਾਦਰ ਹੈ। ਇਥੇ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਦਿਨੀ ਡਿਪਟੀ ਮੁੱਖ ਮੰਤਰੀ ਸਾਹਿਬ .....

ਮਾਨਯੋਗ ਸਪੀਕਰ: ਨਾਗਰਾ ਜੀ, ਲੈਕਚਰ ਨਾ ਦਿਉ, ਆਪਣੀ ਸਪਲੀਮੈਂਟਰੀ ਪੁੱਛੋ।

ਸਰਦਾਰ ਕੁਲਜੀਤ ਸਿੰਘ ਨਾਗਰਾ: ਹਾਂ ਜੀ, ਡਿਪਟੀ ਮੁੱਖ ਮੰਤਰੀ ਸਾਹਿਬ ਉਥੇ ਗਏ ਸੀ, ਉਨ੍ਹਾਂ ਨੇ ਉਥੇ ਆਪਣਾ ਬਿਆਨ ਦਿੱਤਾ ਸੀ ਕਿ 30 ਕਰੋੜ ਰੁਪਿਆ ਸੀਵਰੇਜ ਵਾਸਤੇ ਸਰਕਾਰ ਦੇ ਕੋਲ ਆ ਗਿਆ ਹੈ, ਇਹ ਬਹੁਤ ਜਲਦ ਪੈ ਜਾਵੇਗਾ। ਮੈਂ ਮੰਤਰੀ ਸਾਹਿਬ ਨੂੰ ਔਰ ਮੁੱਖ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਜਿਹੜਾ ਬਿਆਨ ਡਿਪਟੀ ਮੁੱਖ ਮੰਤਰੀ ਜੀ ਉੱਥੇ ਜਾ ਕੇ ਦੇ ਕੇ ਆਏ ਸੀ, ਜੇ ਅੱਜ ਦੇ ਇਸ ਸਵਾਲ ਦੇ ਜਵਾਬ ਦੇ ਮੁਤਾਬਿਕ ਉਹ ਝੂਠਾ ਹੈ ਤਾਂ ਉਸ ਨੂੰ ਇਥੇ ਝੂਠਾ ਕਿਹਾ ਜਾਵੇ, ਜੇ ਸੱਚਾ ਹੈ ਤਾਂ ਇਥੇ ਮੰਤਰੀ ਸਾਹਿਬ ਤੇ ਮੁੱਖ ਮੰਤਰੀ ਸਾਹਿਬ ਦੱਸਣ ਕਿ ਕਦੋਂ ਤੱਕ ਇਹ ਸੀਵਰੇਜ ਉਸ ਸ਼ਹਿਰ ਦਾ ਪਾ ਦਿੱਤਾ ਜਾਵੇਗਾ?

ਮੁੱਖ ਮੰਤਰੀ: ਸਪੀਕਰ ਸਾਹਿਬ, ਸਰਹਿੰਦ ਟਾਊਨ ਜਿਹੜਾ ਹੈ, ਉਸ ਦੇ ਵਿਚ 38 ਫੀਸਦੀ ਸੀਵਰੇਜ ਪਿਆ ਹੈ। ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ ਹੁਣ ਸਾਲ ਵਿੱਚ ਤਾਂ ਥੋੜ੍ਹੇ ਮਹੀਨੇ ਰਹਿ ਗਏ ਹਨ, ਪਰ ਅਗਲੇ ਸਾਲ ਵਿੱਚ ਇਥੋਂ ਦਾ ਬਾਕੀ ਰਹਿੰਦਾ ਜਿਹੜਾ ਸੀਵਰੇਜ ਹੈ, ਉਸ ਤੇ ਕੰਮ ਆਰੰਭ ਕਰ ਦਿੱਤਾ ਜਾਵੇਗਾ। ....(ਸ਼ੋਰ).....

ਮਾਨਯੋਗ ਸਪੀਕਰ: ਬੱਸ, ਹੁਣ ਐਸ਼ੋਰੈਂਸ ਮਿਲਣ ਤੋਂ ਬਾਅਦ ਕੀ ਕਹਿਣਾ ਹੈ?

ਸਰਦਾਰ ਕੁਲਜੀਤ ਸਿੰਘ ਨਾਗਰਾ: ਸਪੀਕਰ ਸਾਹਿਬ, ਧੰਨਵਾਦ ਹੀ ਕਰਨਾ ਹੈ ਮੈਂ ਹੋਰ ਕੁਝ ਨਹੀਂ ਕਹਿਣ ਲੱਗਾ। ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ

Original with;
Punjab Vidhan Sabha
Digitized by;
Punjab Digital Library

ਸਾਹਿਬ ਦਾ ਧੰਨਵਾਦ ਕਰਦਾ ਹਾਂ। ਇਸ ਸਵਾਲ ਦੇ ਵਿਚ ਮੈਂ ਪੁਛਿਆ ਸੀ ਕਿ ਕੀ ਸਾਲ 2012-13 ਵਿਚ ਸਰਹੰਦ ਵਿਖੇ ਸੀਵਰੇਜ ਲਾਈਨ ਵਿਛਾਉਣ ਦੀ ਸਰਕਾਰ ਦੀ ਕੋਈ ਤਜਵੀਜ਼ ਹੈ? ਜੇ ਹੈ ਤਾਂ ਪੂਰਾ ਵੇਰਵਾ ਦਿੱਤਾ ਜਾਏ। ਮੈਨੂੰ 'ਨਹੀਂ' ਦਾ ਜਵਾਬ ਦਿੱਤਾ ਗਿਆ ਹੈ।

ਮਾਨਯੋਗ ਸਪੀਕਰ: ਇਹ ਕੋਈ ਮਾੜੀ ਗੱਲ ਨਹੀਂ। ਸੀ.ਐਮ. ਸਾਹਿਬ ਨੇ ਕਹਿ ਦਿੱਤਾ ਹੈ। .... (ਵਿਘਨ).... ਅਗਲਾ ਸਵਾਲ।

(ਇਸ ਸਮੇਂ ਸਰਦਾਰ ਕੁਲਜੀਤ ਸਿੰਘ ਨਾਗਰਾ ਜੀ ਖੜ੍ਹੇ ਹੋ ਕੇ ਬਿਨਾ ਇਜਾਜ਼ਤ ਬੋਲ ਰਹੇ ਸਨ ਜੋ ਕਿ ਸੁਣਾਈ ਨਹੀਂ ਸੀ ਦੇ ਰਿਹਾ) ...... ਵਿਘਨ).........

ਮਾਨਯੋਗ ਸਪੀਕਰ: ਨਾਗਰਾ ਜੀ, ਬੈਠ ਜਾਉ। ਹਾਂ ਜੀ, ਅਗਲਾ ਸਵਾਲ ਰਸ਼ਨੀਸ਼ ਕੁਮਾਰ ਜੀ।

ਸ਼ਗਨ ਸਕੀਮ ਅਧੀਨ ਅਦਾਇਗੀ

***421. ਸ਼੍ਰੀ ਰਜਨੀਸ਼ ਕੁਮਾਰ:** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਮੁਕੇਰੀਆਂ ਵਿੱਚ ਪੈਂਦੇ ਪਿੰਡਾਂ ਵਿੱਚ ਸ਼ਗਨ ਸਕੀਮ ਦੇ ਪੈਂਡਿੰਗ ਕੇਸਾਂ ਦੀ ਸਾਲਵਾਰ ਗਿਣਤੀ ਕਿੰਨੀ ਹੈ ਅਤੇ ਇਹ ਅਦਾਇਗੀ ਕਦੋਂ ਤੱਕ ਕਰ ਦਿੱਤੀ ਜਾਵੇਗੀ?

ਸਰਦਾਰ ਸਰਵਨ ਸਿੰਘ ਫਿਲੌਰ: ਹਲਕਾ ਮੁਕੇਰੀਆਂ ਵਿੱਚ ਪੈਂਦੇ ਪਿੰਡਾਂ ਵਿਚ ਸ਼ਗਨ ਸਕੀਮ ਤਹਿਤ ਪੈਂਡਿਗ ਕੇਸਾਂ ਦਾ ਸਾਲਵਾਰ ਵੇਰਵਾ **ਅਨੁਲੱਗ 'ੳ'** ਤੇ ਰੱਖਿਆ ਜਾਦਾ ਹੈ।

ਅਨੁਲੱਗ ੳ

ਲੜੀ ਨੰ	ਸਾਲ	ਪੈਂਡਿੰਗ ਕੇਸ	ਵਿਸ਼ੇਸ਼ ਕਥਨ
1.	2009-10	213	213 ਪੈਂਡਿੰਗ ਕੇਸਾਂ ਦੀ ਵੈਰੀਫਿਕੇਸ਼ਨ ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਰਾਹੀਂ ਹੋ ਚੁੱਕੀ ਹੈ। ਸਬੰਧਤ ਲਾਭ-ਪਾਤਰੀਆਂ ਨੂੰ ਸਰਕਾਰ ਤੋਂ ਲੋੜੀਂਦੇ ਫੰਡਜ਼ ਪ੍ਰਾਪਤ ਹੋਣ ਤੇ ਅਦਾਇਗੀ ਕਰ ਦਿੱਤੀ ਜਾਵੇਗੀ

Original with;
Punjab Vidhan Sabha
Digitized by;
Panjab Digital Library

[ਭਲਾਈ ਮੰਤਰੀ]

ਲੜੀ ਨੰ	ਸਾਲ	ਪੈਂਡਿੰਗ ਕੇਸ	ਵਿਸ਼ੇਸ਼ ਕਥਨ
2.	2010-11	380	380 ਪੈਂਡਿੰਗ ਕੇਸਾਂ ਦੀ ਵੈਰੀਫਿਕੇਸ਼ਨ ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਰਾਹੀਂ ਹੋ ਚੁੱਕੀ ਹੈ। ਸਬੰਧਤ ਲਾਭ-ਪਾਤਰੀਆਂ ਨੂੰ ਸਰਕਾਰ ਤੋਂ ਲੋੜੀਂਦੇ ਫੰਡਜ਼ ਪ੍ਰਾਪਤ ਹੋਣ ਤੇ ਅਦਾਇਗੀ ਕਰ ਦਿੱਤੀ ਜਾਵੇਗੀ।
3.	2011-12	329	ਸਬੰਧਤ ਲਾਭਪਾਤ੍ਰੀਆਂ ਲਈ ਲੋੜੀਂਦੀ ਰਾਸ਼ੀ ਸਰਕਾਰ ਤੋਂ ਪ੍ਰਾਪਤ ਕਰਕੇ, ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਆਨ-ਲਾਈਨ ਮੈਨੇਜਮੈਂਟ ਸਿਸਟਮ ਰਾਹੀਂ ਅਦਾਇਗੀ ਕੀਤੀ ਜਾਵੇਗੀ।
4.	2012-13	167	ਸਬੰਧਤ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਆਨ-ਲਾਈਨ ਮੈਨੇਜਮੈਂਟ ਸਿਸਟਮ ਰਾਹੀਂ ਅਦਾਇਗੀ ਕੀਤੀ ਜਾ ਰਹੀ ਹੈ।
	ਜੋੜ	**1089**	

ਸ਼੍ਰੀ ਰਜਨੀਸ਼ ਕੁਮਾਰ: ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਲ 2009 ਤੋਂ ਲੈ ਕੇ 2013 ਤੱਕ 1100 ਦੇ ਲੱਗਭਗ ਕੇਸ ਪੈਂਡਿੰਗ ਹਨ। ਗਰੀਬ ਪਰਿਵਾਰਾਂ ਦੇ ਬੱਚਿਆਂ ਦੇ ਜਿਹੜੇ ਵਿਆਹ ਹੋਏ ਹਨ। ਮੰਤਰੀ ਜੀ ਆਸ਼ਵਾਸ਼ਨ ਦੇਣਗੇ ਕਿ ਕਦੋਂ ਤੱਕ ਉਨ੍ਹਾਂ ਦੇ ਪੈਸੇ ਮਿਲ ਜਾਣਗੇ?

ਮੰਤਰੀ: ਸਪੀਕਰ ਸਾਹਿਬ, ਫੰਡ ਉਪਲਬੱਧ ਹੋਣ ਤੋਂ ਬਾਅਦ ਜਲਦੀ ਹੀ ਨਿਪਟਾਰਾ ਕਰ ਦਿੱਤਾ ਜਾਵੇਗਾ।

ਸ਼੍ਰੀ ਰਜਨੀਸ਼ ਕੁਮਾਰ: ਸਰ, ਮੈਂ ਮੰਤਰੀ ਜੀ ਨੂੰ ਪੁੱਛਦਾ ਹਾਂ ਜੇ ਫੰਡ ਹੀ ਨਹੀਂ ਮਿਲਣੇ ਤਾਂ ਸਕੀਮ ਬੰਦ ਕਰ ਦਿਉ।

ਮੰਤਰੀ: ਮਾਨਯੋਗ ਸਪੀਕਰ ਸਾਹਿਬ, ਇਹ ਬੜੀ ਪਰੈਸਟੀਜੀਅਸ ਸਕੀਮ

Original with;
Punjab Vidhan Sabha
Digitized by;
Panjab Digital Library

ਹੈ। ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਗਰੀਬ ਲੜਕੀਆਂ ਦੀ ਸ਼ਾਦੀ ਵਾਸਤੇ ਇਹ ਸ਼ੁਰੂ ਕੀਤੀ ਸੀ ਅਤੇ ਉਨ੍ਹਾਂ ਨੇ ਇਸ ਦਾ ਘੇਰਾ ਵਧਾਇਆ ਹੈ। ਪਹਿਲਾਂ ਇਹ ਸ਼ਡਿਊਲਡ ਕਾਸਟਾਂ ਦੀਆਂ ਬੱਚੀਆਂ ਨੂੰ ਸ਼ਗਨ ਦਿੱਤਾ ਜਾਂਦਾ ਸੀ। ਬਾਅਦ ਵਿੱਚ ਉਨ੍ਹਾਂ ਨੇ ਬੀ.ਸੀ. ਵੀ ਸ਼ਾਮਲ ਕਰ ਦਿੱਤੇ ਤੇ ਕ੍ਰਿਸਚੀਅਨ ਵੀ ਸ਼ਾਮਲ ਕਰ ਦਿੱਤੇ। ਜਿੰਨੇ ਵੀ ਵੀਕਰ ਸੈਕਸ਼ਨ ਦੇ ਪਰਿਵਾਰ, ਜਿਨ੍ਹਾਂ ਦੀ ਆਮਦਨ 30,000 ਸਲਾਨਾ ਤੋਂ ਵੱਧ ਨਹੀਂ ਹੈ, ਉਨ੍ਹਾਂ ਬੱਚੀਆਂ ਨੂੰ ਵੀ ਸ਼ਾਮਲ ਕਰ ਲਿਆ ਹੈ। ਇਸ ਕਰਕੇ ਜਿਹੜਾ ਬਾਦਲ ਸਾਹਿਬ ਕੰਮ ਸ਼ੁਰੂ ਕਰਦੇ ਹਨ, ਉਹ ਬੰਦ ਨਹੀਂ ਕਰਦੇ। ਇਹ ਸਕੀਮ ਚਾਲੂ ਰੱਖੀ ਜਾਵੇਗੀ।

ਜਿਹੜਾ ਇਨ੍ਹਾਂ ਨੇ ਪੁੱਛਿਆ ਹੈ ਕਿ ਕਦੋਂ ਤੱਕ ਕਲੀਅਰ ਕਰ ਦਿੱਤੇ ਜਾਣਗੇ, ਉਸਦੇ ਵਿਚ 1089 ਐਪਲੀਕੇਸ਼ਨਾਂ ਪੈਂਡਿੰਗ ਹਨ, ਇਨ੍ਹਾਂ ਵਿੱਚੋਂ 500 ਐਪਲੀਕੇਸ਼ਨਾਂ ਇੱਕ ਹਫਤੇ ਦੇ ਵਿਚ ਵਿਚ ਕਲੀਅਰ ਕਰ ਦਿੱਤੀਆਂ ਜਾਣਗੀਆਂ। ਰੀਮੇਨਿੰਗ ਜਿਹੜੀਆਂ 589 ਐਪਲੀਕੇਸ਼ਨਾਂ ਹਨ, ਉਹ with in one month ਅਸੀਂ ਕਲੀਅਰ ਦਿਆਂਗੇ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 384**

ਮਾਨਯੋਗ ਸਪੀਕਰ: ਇਸ ਸਵਾਲ ਦੀ ਐਕਸਟੈਂਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਉ ਕਰ ਦਿੱਤੀ ਹੈ।

ਦੋਰਾਹਾ ਵਿਖੇ ਬੱਸ ਅੱਡੇ ਦੀ ਉਸਾਰੀ

***427. ਸਰਦਾਰ ਹਰਪ੍ਰੀਤ ਸਿੰਘ:** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਦੋਰਾਹਾ ਜ਼ਿਲ੍ਹਾ-ਲੁਧਿਆਣਾ ਵਿਖੇ ਨਵਾਂ ਬੱਸ ਅੱਡਾ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

ਸਰਦਾਰ ਅਜੀਤ ਸਿੰਘ ਕੋਹਾੜ: ਨਹੀਂ ਜੀ।

ਸਰਦਾਰ ਹਰਪ੍ਰੀਤ ਸਿੰਘ: ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਲੋਕਾਂ ਦੀ ਮੁਸ਼ਕਲ ਨੂੰ ਦੇਖਦੇ ਹੋਏ ਨੇੜੇ ਭਵਿੱਖ ਵਿੱਚ ਇਸ ਸਮੱਸਿਆ ਨੂੰ ਵਿਚਾਰ ਕਰਕੇ ਕੋਈ ਕਾਰਵਾਈ ਕਰਨ ਦਾ ਵਿਸ਼ਵਾਸ ਅੱਜ ਸਦਨ ਵਿੱਚ ਦਿਵਾਉਣਗੇ ?

** For Starred Question No. 384 and reply there to please see Appendix to this Debates.

Original with;
Punjab Vidhan Sabha
Digitized by;
Panjab Digital Library

ਮੰਤਰੀ: ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਮਿਉਂਸਿਪਲ ਕਮੇਟੀ ਨੇ ਆਰਜ਼ੀ ਸ਼ੈੱਡ ਬਣਾਇਆ ਹੋਇਆ ਹੈ। ਜਦੋਂ ਵੀ ਮਿਉਂਸਿਪਲ ਕਮੇਟੀ, ਦੋਰਾਹਾ ਵੱਲੋਂ ਸਾਨੂੰ ਜ਼ਮੀਨ ਮੁਹੱਈਆ ਕਰ ਦਿੱਤੀ ਜਾਵੇਗੀ, ਅਸੀਂ ਵਿਚਾਰ ਕਰਕੇ ਇਸ ਨੂੰ ਬਣਾਉਣ ਦੀ ਗੱਲ ਕਰਾਂਗੇ।

ਵਿਧਾਨ ਸਭਾ ਹਲਕਾ ਫਿਰੋਜ਼ਪੁਰ ਸ਼ਹਿਰੀ ਦੀਆਂ ਡਿਸਪੈਂਸਰੀਆਂ ਅੰਦਰ ਖ਼ਾਲੀ ਅਸਾਮੀਆਂ

***387. ਸਰਦਾਰ ਪਰਮਿੰਦਰ ਸਿੰਘ ਪਿੰਕੀ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਵਿਧਾਨ ਸਭਾ ਹਲਕਾ ਫਿਰੋਜ਼ਪੁਰ ਸ਼ਹਿਰੀ ਵਿੱਚ ਕੁੱਲ ਕਿੰਨੀਆਂ ਸਰਕਾਰੀ ਸਿਵਲ ਡਿਸਪੈਂਸਰੀਆਂ ਹਨ ਅਤੇ ਹਰ ਇੱਕ ਡਿਸਪੈਂਸਰੀ ਵਿੱਚ ਕਿਹੜੀਆਂ-ਕਿਹੜੀਆਂ ਮਨਜ਼ੂਰਸ਼ੁਦਾ ਅਸਾਮੀਆਂ ਹਨ;

(ਅ) ਭਾਗ (ੳ) ਵਿੱਚ ਦਰਸਾਈਆਂ ਪੋਸਟਾਂ ਵਿੱਚੋਂ ਕਿਹੜੀਆਂ-ਕਿਹੜੀਆਂ ਪੋਸਟਾਂ ਖ਼ਾਲੀ ਹਨ ਅਤੇ ਇਹ ਖ਼ਾਲੀ ਪੋਸਟਾਂ ਕਰੋਂ ਤੱਕ ਭਰ ਦਿੱਤੀਆਂ ਜਾਣਗੀਆਂ?

ਸ਼੍ਰੀ ਮਦਨ ਮੋਹਨ ਮਿੱਤਲ: ਸ਼੍ਰੀਮਾਨ ਜੀ,

(ੳ) ਇਸ ਵਿਧਾਨ ਸਭਾ ਹਲਕੇ ਵਿੱਚ ਇੱਕ ਡਿਸਪੈਂਸਰੀ, ਬਸਤੀ ਟੈਂਕਾਂ ਵਾਲੀ ਵਿਖੇ ਕੰਮ ਕਰ ਰਹੀ ਹੈ। ਇਸ ਡਿਸਪੈਂਸਰੀ ਵਿੱਚ 1 ਅਸਾਮੀ ਮੈਡੀਕਲ ਅਫ਼ਸਰ, ਇੱਕ ਅਸਾਮੀ ਫਾਰਮਾਸਿਸਟ ਅਤੇ 2 ਅਸਾਮੀਆਂ ਦਰਜਾ-4 ਕਰਮਚਾਰੀਆਂ ਦੀ ਮਨਜੂਰ ਸ਼ੁਦਾ ਹਨ ਜੀ।

(ਅ) ਇਸ ਡਿਸਪੈਂਸਰੀ ਵਿੱਚ ਸਾਰੀਆਂ ਮਨਜੂਰਸ਼ੁਦਾ ਅਸਾਮੀਆਂ ਭਰੀਆਂ ਹੋਈਆਂ ਹਨ ਅਤੇ ਕੋਈ ਅਸਾਮੀ ਖ਼ਾਲੀ ਨਹੀਂ ਹੈ ਜੀ।

ਸਰਦਾਰ ਪਰਮਿੰਦਰ ਸਿੰਘ ਪਿੰਕੀ: ਸਪੀਕਰ ਸਾਹਿਬ, ਮੈਨੂੰ ਜਾਪਦਾ ਹੈ ਕਿ ਸਵਾਲ ਕਰਨ ਤੋਂ ਬਾਅਦ ਹੀ ਅਸਾਮੀਆਂ ਭਰੀਆਂ ਗਈਆਂ ਹਨ।

ਮਾਨਯੋਗ ਸਪੀਕਰ: ਚਲੋ,ਫਿਰ ਤਾਂ ਸ਼ੁਕਰ ਕਰੋ । ਅਗਲਾ ਸਵਾਲ। ਸਰਦਾਰ ਗੁਰਜੀਤ ਸਿੰਘ ਜੀ ਹਾਜ਼ਰ ਨਹੀਂ ਹਨ।

Original with;
Punjab Vidhan Sabha
Digitized by;
Punjab Digital Library

ਸ਼੍ਰੀ ਸੁਨੀਲ ਕੁਮਾਰ ਜਾਖੜ: ਜੇ ਹਾਜ਼ਰ ਨਾ ਵੀ ਹੋਣ ਤਾਂ ਵੀ ਉਸ ਦਾ ਜਵਾਬ ਦਿੱਤਾ ਜਾਣਾ ਚਾਹੀਦਾ ਹੈ।

ਮਾਨਯੋਗ ਸਪੀਕਰ: ਨਹੀਂ ਜੀ, ਜਾਂ ਤਾਂ ਉਹ ਕਿਸੇ ਨੂੰ ਅਥਾਰਟੀ ਦੇ ਕੇ ਜਾਣ ਜਾਂ ਉਹ ਆਪ ਹਾਜ਼ਰ ਹੋਣ, ਅਦਰਵਾਈਜ਼ ਨਹੀਂ।

ਸ਼੍ਰੀ ਸੁਨੀਲ ਕੁਮਾਰ ਜਾਖੜ: ਮੰਤਰੀ ਜੀ ਤਿਆਰੀ ਤਾਂ ਕਰਕੇ ਆਏ ਹੋਣੇ ਹਨ।

ਮਾਨਯੋਗ ਸਪੀਕਰ: ਪਾਰਲੀਮੈਂਟ ਵਿੱਚ ਵੀ ਇਹੀ ਪ੍ਰਥਾ ਹੈ। ਜੋ ਐਮ.ਪੀ. ਗੈਰਹਾਜ਼ਰ ਹੈ, ਉਸ ਦਾ ਕੁਐਸਚਨ ਨਹੀਂ ਲਗਦਾ।

ਸ਼੍ਰੀ ਸੁਨੀਲ ਕੁਮਾਰ ਜਾਖੜ: ਸਪੀਕਰ ਸਾਹਿਬ, ਇਹ ਬੜਾ ਅਹਿਮ ਸਵਾਲ ਹੈ।

ਮਾਨਯੋਗ ਸਪੀਕਰ: ਨਹੀਂ ਜੀ।

ਸ਼੍ਰੀ ਸੁਨੀਲ ਕੁਮਾਰ ਜਾਖੜ: ਉਹ ਆ ਗਏ, ਮੈਂਬਰ ਜੀ।

ਬੇਰੁਜ਼ਗਾਰੀ ਭੱਤੇ ਦੀ ਅਦਾਇਗੀ

***396. ਰਾਣਾ ਗੁਰਜੀਤ ਸਿੰਘ:** ਕੀ ਰੋਜ਼ਗਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬੇਰੋਜ਼ਗਾਰ ਨੌਜਵਾਨਾਂ ਨੂੰ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੀ ਦਰ ਉੱਤੇ ਬੇਰੋਜ਼ਗਾਰੀ ਭੱਤਾ ਦੇਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਲਈ ਕੀ ਕਸੌਟੀ ਅਪਣਾਈ ਜਾ ਰਹੀ ਹੈ।

ਸਰਦਾਰ ਅਜੀਤ ਸਿੰਘ ਕੋਹਾੜ: ਸ਼੍ਰੀਮਾਨ ਜੀ, ਪੰਜਾਬ ਸਰਕਾਰ ਦੀ ਬੇਰੋਜ਼ਗਾਰ ਨੌਜਵਾਨਾਂ ਨੂੰ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੀ ਦਰ ਉੱਤੇ ਬੇਰੋਜ਼ਗਾਰੀ ਭੱਤਾ ਦੇਣ ਲਈ ਅਜਿਹੀ ਕੋਈ ਸਕੀਮ ਨਹੀਂ ਹੈ, ਪਰ ਵੱਖ-ਵੱਖ ਕੈਟਾਗਰੀ ਨਾਲ ਸਬੰਧਤ ਉਮੀਦਵਾਰਾਂ ਨੂੰ ਬੇਰੋਜ਼ਗਾਰੀ ਭੱਤਾ ਪੰਜਾਬ ਸਰਕਾਰ ਵਲੋਂ ਪਹਿਲਾਂ ਹੀ ਦਿੱਤਾ ਜਾ ਰਿਹਾ ਹੈ। ਹੁਣ ਪੰਜਾਬ ਸਰਕਾਰ ਵੱਲੋਂ ਨਵੀਂ ਸਕੀਮ ਦੇ ਤਹਿਤ ਉਚੇਰੀ ਸਿੱਖਿਆ ਲੈ ਰਹੇ ਵਿਦਿਆਰਥੀਆਂ ਨੂੰ ਜੋ ਕਿ ਕਿਸੇ ਮਾਨਤਾ ਪ੍ਰਾਪਤ ਸੰਸਥਾ ਤੋਂ ਆਪਣੀ ਸਕਿੱਲ ਡਿਵੈਲਪਮੈਂਟ ਵਧਾਉਣਾ ਚਾਹੁੰਦੇ ਹਨ, ਨੂੰ 1000/- ਰੁਪਏ ਪ੍ਰਤੀ ਮਹੀਨਾ ਰੋਜ਼ਗਾਰ ਭੱਤਾ ਦੇਣ ਦੀ ਸਕੀਮ ਜਲਦੀ ਸ਼ੁਰੂ ਕੀਤੀ ਜਾ ਰਹੀ ਹੈ। ਇਹ ਰੋਜ਼ਗਾਰ ਭੱਤਾ ਹੈ, ਬੇਰੋਜ਼ਗਾਰੀ ਭੱਤਾ ਨਹੀਂ।

Original with;
Punjab Vidhan Sabha
Digitized by;
Panjab Digital Library

ਰਾਣਾ ਗੁਰਜੀਤ ਸਿੰਘ: ਸਪੀਕਰ ਸਾਹਿਬ, ਇਸ ਤਰ੍ਹਾਂ ਜਿਵੇਂ ਸਾਰੇ ਪੰਜਾਬ ਨੂੰ ਪਤਾ ਹੈ ਕਿ ਇਲੈਕਸ਼ਨ ਦੌਰਾਨ ਅਕਾਲੀ ਦਲ ਨੇ ਆਪਣੇ ਮੈਨੀਫੈਸਟੋ ਵਿੱਚ 1000/- ਰੁਪਏ ਹਰ ਨੌਜਵਾਨ ਅਨਇੰਪਲਾਇਡ ਨੂੰ ਭੱਤਾ ਦੇਣ ਦਾ ਵਾਅਦਾ ਕੀਤਾ ਸੀ। ਨੌਜਵਾਨ ਪਲੱਸ-ਟੂ ਹੋਣਾ ਚਾਹੀਦਾ ਹੈ। ਲੇਕਿਨ ਜਦੋਂ ਸਰਕਾਰ ਬਣੀ, ਉਸ ਤੋਂ ਇਮੀਜੀਏਟਲੀ ਬਾਅਦ ਸਰਕਾਰ ਨੇ ਪਲਟਾ ਮਾਰ ਲਿਆ। ਉਹ ਕਹਿਣ ਲੱਗੇ ਕਿ ਇਹ ਅਨਇੰਪਲਾਇਡ ਭੱਤਾ ਨਹੀਂ, ਇਹ ਇੰਪਲਾਇਮੈਂਟ ਏਬੀਲਿਟੀ ਭੱਤਾ ਹੈ...... ਵਿਘਨ.... (ਸ਼ੋਰ).....

ਮਾਨਯੋਗ ਸਪੀਕਰ: ਤੁਸੀਂ ਕੁਐਸਚਨ ਕਰੋ ਜੀ। ਤੁਸੀਂ ਸਪਲੀਮੈਂਟਰੀ ਕਰੋ ਜੀ।

ਰਾਣਾ ਗੁਰਜੀਤ ਸਿੰਘ: ਤੁਸੀਂ ਮੈਨੀਫੇਸਟੋ ਦੇਖੋ, ਅਖ਼ਬਾਰ ਵੀ ਦੇਖੋ ਅਕਾਲੀ...... (ਵਿਘਨ)........

ਮਾਨਯੋਗ ਸਪੀਕਰ: ਚਲੋ, ਸਪਲੀਮੈਂਟਰੀ ਕਰੋ ਜੀ।

ਰਾਣਾ ਗੁਰਜੀਤ ਸਿੰਘ: ਇੰਡੀਅਨ ਐਕਸਪ੍ਰੈਸ ਨੇ ਲਿਖਿਆ ਹੈ ਕਿ 50 ਲੱਖ ਨੌਜਵਾਨ ਬੇਰੁਜ਼ਗਾਰ ਹੈ ਔਰ ਤੁਸੀਂ 3 ਲੱਖ ਨੌਜਵਾਨਾਂ ਨੂੰ ਭੱਤਾ ਦੇ ਕੇ ਉਨ੍ਹਾਂ ਨੂੰ ਏਬਲ ਬਣਾਉਣਾ ਚਹੁੰਦੇ ਹੋ ਕਿ ਉਨ੍ਹਾਂ ਨੂੰ ਪੜ੍ਹਾਈ ਲਈ ਭੱਤਾ ਦਿੱਤਾ ਜਾਵੇ ਔਰ ਉਹ ਇਸ ਕਾਬਲ ਬਣ ਸਕਣ ਕਿ ਉਨ੍ਹਾਂ ਨੂੰ ਰੋਜ਼ਗਾਰ ਮਿਲ ਸਕੇ ਔਰ ਮੈਂ ਇਹ ਕਹਿਣਾ ਚਾਹੁੰਦਾ ....

ਮਾਨਯੋਗ ਸਪੀਕਰ: ਤੁਸੀਂ ਆਪਣੀ ਸਪਲੀਮੈਂਟਰੀ ਕਰੋ ਜੀ।

ਰਾਣਾ ਗੁਰਜੀਤ ਸਿੰਘ: ਸਪੀਕਰ ਸਾਹਿਬ, ਇਹ ਸਰਕਾਰ ਲੋਕਾਂ ਨਾਲ *** ਕਰਕੇ ਬਣੀ ਹੈ ** ਕਰਕੇ ਬਣੀ ਹੈ।

ਮਾਨਯੋਗ ਸਪੀਕਰ: ਤੁਸੀਂ ਸਵਾਲ ਪੁੱਛੋ ਜੀ।

ਰਾਣਾ ਗੁਰਜੀਤ ਸਿੰਘ: ਸਵਾਲ ਵੱਲ ਵੀ ਆ ਰਿਹਾ ਹਾਂ ਜੀ, ਮੌਕਾ ਤਾਂ ਦਿਉ।

ਮਾਨਯੋਗ ਸਪੀਕਰ: ਰਾਣਾ ਜੀ, ਤੁਸੀਂ ਸਵਾਲ ਪੁੱਛੋ, ਜੋ ਪੁੱਛਣਾ ਹੈ।

ਰਾਣਾ ਗੁਰਜੀਤ ਸਿੰਘ: ***

Mr. Speaker: Not to be recorded ਰਿਕਾਰਡ ਨਹੀਂ ਹੋਣਾ ਉਨੀ ਦੇਰ ਤੱਕ। ਮੈਂ ਕਿਹਾ ਜੀ ਰਿਕਾਰਡ ਨਹੀਂ ਹੋ ਰਿਹਾ। ਰਾਣਾ ਜੀ nothing is

---

** Not recorded as per ordered by the Chair.

Original with;
Punjab Vidhan Sabha
Digitized by;
Panjab Digital Library

going to be recorded. ਤੁਸੀਂ ਕੋਈ ਸਪਲੀਮੈਂਟਰੀ ਕਰੋ ਜੇ ਕਰਨੀ ਹੈ। ਜੇ ਜਵਾਬ ਤੁਸੀਂ ਮੰਗਣਾ ਹੈ ਤਾਂ ਸਪਲੀਮੈਂਟਰੀ ਕਰੋ, ਤੁਸੀਂ ਤਾਂ ਗੱਲ ਹੋਰ ਪਾਸੇ ਲੈ ਗਏ। No, this is not the way. ਚੰਗਾ ਜੀ, ਬੈਠ ਜਾਉ।

ਸ਼੍ਰੀ ਸੁਨੀਲ ਕੁਮਾਰ ਜਾਖੜ: ਇੱਕ ਬੜਾ ਸਪੈਸੀਫਿਕ ਸਵਾਲ ਹੈ....

ਮਾਨਯੋਗ ਸਪੀਕਰ: ਜਾਖੜ ਸਾਹਿਬ, ਮੇਰੀ ਇੱਕ ਬੜੀ ਸਪਸ਼ਟ ਬੇਨਤੀ ਸੁਣ ਲਉ, ਉਹ ਇਹ ਹੈ ਕਿ For courtsey sake ਜਿਵੇਂ ਕਰਕੇ ਤੁਹਾਡੀ ਇਹ ਪ੍ਰਥਾ ਚੱਲਦੀ ਆ ਰਹੀ ਹੈ ਕਿ ਸਿਰਫ ਜਿਹੜਾ ਬੰਦਾ, ਜਿਹੜਾ ਐਮ.ਐਲ.ਏ. ਕੁਐਸਚਨ ਕਰਦਾ ਹੈ, ਉਸ ਨੂੰ ਹੀ ਦੋ ਸਪਲੀਮੈਂਟਰੀਆਂ ਦਿੱਤੀਆਂ ਜਾਣਗੀਆਂ।

ਸ਼੍ਰੀ ਸੁਨੀਲ ਕੁਮਾਰ ਜਾਖੜ: ਫੇਰ ਤਾਂ ਸਪੀਕਰ ਸਾਹਿਬ, ਅਸੈਂਬਲੀ ਹੀ ਬੰਦ ਕਰ ਦਿਉ ਜੀ। ...... (ਵਿਘਨ)....

ਮਾਨਯੋਗ ਸਪੀਕਰ: ਮੇਰੀ ਅੱਗੋਂ ਸੁਣੋ ਜੀ। ਮੈਂ ਅੱਗੋਂ ਕੀ ਕਹਿਣਾ ਚਾਹੁੰਦਾ ਹਾਂ..... (ਵਿਘਨ)..... ਮੇਰੀ ਗੱਲ ਸੁਣੋ ਅੱਗੋਂ। ਮੈਂ ਕਹਿਣਾ ਕੀ ਚਾਹੁੰਦਾ ਹਾਂ, ਤੁਸੀਂ ਮੇਰੀ ਗੱਲ ਤਾਂ ਸੁਣੋ। ਤੁਸੀਂ ਮੇਰੀ ਗੱਲ ਤਾਂ ਕੰਪਲੀਟ ਹੋਣ ਦਿਉ। ਮੈਂ ਕਹਿਣਾ ਕੀ ਚਾਹੁੰਦਾ ਹਾਂ ....(ਵਿਘਨ)...... ਤੁਸੀਂ ਮੇਰੀ ਗੱਲ ਤਾਂ ਕੰਪਲੀਟ ਹੋਣ ਦਿਉ, ਮੈਂ ਕਹਿਣਾ ਕੀ ਚਾਹੁੰਦਾ ਹਾਂ, ਫਾਰ ਕਰਟਸੀ ਸੇਕ ਮੈਂ ਇਸ ਪ੍ਰਥਾ ਨੂੰ ਚੰਗੇ ਤੌਰ ਤੇ ਕਾਇਮ ਰੱਖਣਾ ਚਾਹੁੰਦਾ ਹਾਂ। ਜਦ ਕਦੇ ਆਪੋਜ਼ੀਸ਼ਨ ਦਾ ਲੀਡਰ ਕਿਸੇ ਕੁਐਸਚਨ ਦੇ ਨਾਲ ਕੋਈ ਸਪਲੀਮੈਂਟਰੀ ਆਪ ਕਰਨਾ ਚਾਹੁੰਦਾ ਹੈ ਤਾਂ ਮੈਂ ਚਾਹੁੰਦਾ ਹਾਂ ਕਿ ਉਹ ਉਹਦੇ ਵਿੱਚ ਆਪਣਾ ਪਾਰਟ-ਪਲੇਅ ਕਰੇ। ਇਸ ਕਰਕੇ ਮੈਂ ਤੁਹਾਨੂੰ ਅਲਾਓ ਕੀਤਾ ਹੈ.....(ਵਿਘਨ)...... ਤੁਸੀਂ ਪਹਿਲਾਂ ਮੇਰੀ ਗੱਲ ਤਾਂ ਸੁਣ ਲਿਆ ਕਰੋ।

ਸ਼੍ਰੀ ਸੁਨੀਲ ਕੁਮਾਰ ਜਾਖੜ: ਸਪੀਕਰ ਸਾਹਿਬ, ਮੈਂ ਤੁਹਾਡੀ ਗੱਲ ਤਾਂ ਪਹਿਲਾਂ ਸੁਣ ਲਈ।

ਮਾਨਯੋਗ ਸਪੀਕਰ: ਤੁਸੀਂ ਪਹਿਲਾਂ ਮੇਰੀ ਗੱਲ ਤਾਂ ਸੁਣ ਲਓ, ਮੈਂ ਜਿਹੜੀ ਗੱਲ ਕਹਿਣਾ ਚਾਹੁੰਦਾ ਹਾਂ।

ਸ਼੍ਰੀ ਸੁਨੀਲ ਕੁਮਾਰ ਜਾਖੜ: ਸਪੀਕਰ ਸਾਹਿਬ, ਮੈਨੂੰ ਵੀ ਦਸ ਸਾਲ ਹੋ ਗਏ ਹਨ, ਇਸ ਪੰਜਾਬ ਵਿਧਾਨ ਸਭਾ ਵਿੱਚ ਕੰਮ ਕਰਦੇ ਨੂੰ, ਤੁਹਾਡਾ ਤਾਂ ਬਹੁਤ ਤਜ਼ਰਬਾ ਹੈ। ਦੂਜੇ ਮੈਂਬਰਜ਼ they are equally concerned about the

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸੁਨੀਲ ਕੁਮਾਰ ਜਾਖੜ]

issues which have been raised in this House. ਤੁਸੀਂ ਇਹ ਜਿਹੜਾ ਬਲੈਂਕਟ ਬੈਨ ਲਗਾ ਰਹੇ ਹੋ ਕਿ ਇਕੱਲਾ ਲੀਡਰ ਆਫ ਦੀ ਆਪੋਜ਼ੀਸ਼ਨ ਇੰਟਰਵੀਨ ਕਰ ਸਕਦਾ ਹੈ I don't think that is fair. But that discussion can take place outside this Assembly Session. ਸਪੀਕਰ ਸਾਹਿਬ, ਇਸਦੇ ਨਾਲ ਹੀ ਇੱਕ ਹੋਰ ......(ਵਿਘਨ).....

ਮਾਨਯੋਗ ਸਪੀਕਰ: ਤੁਸੀਂ ਇਹ ਨਾ ਸਮਝ ਲਓ ਕਿ ਸਿਰਫ ਦੋ ਸਪਲੀਮੈਂਟਰੀ ਤੱਕ ਹੀ ਸੀਮਤ ਹੈ। ਜਿਹੜਾ ਕੋਈ ਇੰਪਾਰਟੈਂਟ ਕੁਐਸਚਨ ਹੋਏਗਾ, ਉਸ ਬਾਰੇ ਸਪਲੀਮੈਂਟਰੀ ਕਰਨ ਵਾਸਤੇ ਦੂਸਰੇ ਮੈਂਬਰਾਂ ਨੂੰ ਵੀ ਟਾਈਮ ਦਿੱਤਾ ਜਾਵੇਗਾ। ..... (ਵਿਘਨ).........

ਸ਼੍ਰੀ ਸੁਨੀਲ ਕੁਮਾਰ ਜਾਖੜ: ਚਲੋ ਸਰ, ਆਪਾਂ ਟਾਈਮ ਨਾ ਖਰਾਬ ਕਰੀਏ। .....(ਵਿਘਨ)..... ਸਪੀਕਰ ਸਾਹਿਬ, ਆਹ ਸਪੈਸੇਫਿਕ ਕੁਐਸਚਨ to the Hon'ble Minister is that do they agree that this is their manifesto? ਦੂਸਰਾ ਸਵਾਲ ਇਹ ਹੈ ਕਿ ਜਿਹੜਾ ਇਸ ਮੈਨੀਫੈਸਟੋ ਦੇ ਸਫਾ ਨੰਬਰ 8 ਉੱਤੇ ਡਾਇਰੈਕਟ ਬੈਨੀਫਿਟ ਦੇ ਤਹਿਤ ਜਿਹੜਾ ਇਨ੍ਹਾਂ ਨੇ ਪ੍ਰਾਮਿਸ ਕੀਤਾ ਹੈ ਕਿ 1000/- ਰੁਪਿਆ ਅਨਇੰਪਲਾਇਮੈਂਟ ਅਲਾਊਂਸ to the educated unemployed ਦਿੱਤਾ ਜਾਵੇਗਾ, ਉਹ ਤੁਸੀਂ ਕਦੋਂ ਪੂਰਾ ਕਰੋਗੇ? (ਡਾਕਟਰ ਦਲਜੀਤ ਸਿੰਘ ਚੀਮਾ ਵੱਲੋਂ ਵਿਘਨ.....) ਅਜੇ ਚੀਮਾ ਸਾਹਿਬ ਮੰਤਰੀ ਬਣੇ ਨਹੀਂ ਹਨ, ਕੋਹਾੜ ਸਾਹਿਬ ਨੂੰ ਜਵਾਬ ਦੇ ਲੈਣ ਦਿਉ। ਸਪੀਕਰ ਸਾਹਿਬ, ਕੀ ਚੀਮਾ ਸਾਹਿਬ ਨੂੰ ਜਵਾਬ ਦੇਣ ਦਾ ਅਧਿਕਾਰ ਹੈ? Is how authorised to answer ਬੜੇ ਸਤਿਕਾਰਯੋਗ ਚੀਮਾ ਸਾਹਿਬ ਹਨ, ਬੜੇ ਹੀ ਸਤਿਕਾਰਯੋਗ ਕੋਹਾੜ ਸਾਹਿਬ ਹਨ.....(ਵਿਘਨ)....

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ): *** ਤਾਂ ਤੁਸੀਂ ਸੀ, ਤਾਂ ਹੀ ਲੋਕਾਂ ਨੇ ਤੁਹਾਨੂੰ ਰਿਜੈਕਟ ਕਰਕੇ ਇਧਰਲੇ ਪਾਸੇ ਬਿਠਾ ਦਿੱਤਾ ਹੈ..... (ਵਿਘਨ).... ਤੁਹਾਨੂੰ ਅਜੇ ਵੀ ਗੱਲ ਸਮਝ ਨਹੀਂ ਆ ਰਹੀ?

ਮਾਨਯੋਗ ਸਪੀਕਰ: ਤੁਸੀਂ ਕੋਈ ਕੁਐਸਚਨ ਵੀ ਕਰੋ। ਤੁਸੀਂ ਤਾਂ ਸਾਰੇ ਐਵੇਂ ਹੀ ਰੌਲਾ ਪਾਈ ਜਾਂਦੇ ਹੋ।

** Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸੁਨੀਲ ਕੁਮਾਰ ਜਾਖੜ: ਮਾਨਯੋਗ ਸਪੀਕਰ ਸਾਹਿਬ, ਤੁਸੀਂ ਮਾਨਯੋਗ ਮੰਤਰੀ ਜੀ ਤੋਂ ਇਹ ਪੁੱਛ ਕੇ ਦੱਸ ਦਿਉ ਕਿ ਜਿਹੜਾ ਇਨ੍ਹਾਂ ਦਾ ਮੈਨੀਫੈਸਟੋ ਵਿੱਚ ਸਟੈਂਡ ਸੀ, ਉਹੀ ਹੈ ਜਾਂ ਕਿ ਬਦਲ ਲਿਆ ਹੈ? ....(ਵਿਘਨ)..... ਮੰਤਰੀ ਸਾਹਿਬ, ਅਨਇੰਪਲਾਇਮੈਂਟ ਅਲਾਉਂਸ ਬਾਰੇ ਜਵਾਬ ਤਾਂ ਦੇਣ।

ਮਾਨਯੋਗ ਸਪੀਕਰ: ਨਹੀਂ ਜੀ, ਅਗਲਾ ਸਵਾਲ ਸਰਦਾਰ ਇਕਬਾਲ ਸਿੰਘ ਝੂੰਦਾਂ ਜੀ।

ਸ਼੍ਰੀਮਤੀ ਰਜਿੰਦਰ ਕੌਰ ਭੱਠਲ: ਸਪੀਕਰ ਸਾਹਿਬ, ਆਪਾਂ ਸਾਰੇ ਹੀ ਚੁਣੇ ਹੋਏ ਇਥੇ ਬੈਠੇ ਹਾਂ ਔਰ ਸਾਰਾ ਪੰਜਾਬ ਆਪਾਂ ਨੂੰ ਦੇਖਦਾ ਹੈ। ਇਹ ਪੰਜਾਬ ਦੀ ਵਿਧਾਨ ਸਭਾ ਹੈ, ਇਹ ਕੋਈ ਪਿੰਡ ਦੀ ਸੱਥ ਤਾਂ ਹੈ ਨਹੀਂ ਹੈ। ਇਹ ਜਿਹੜਾ ਆਪਾਂ ਆਪਸ ਦੇ ਵਿੱਚ ਹੀ ਉਲਝ ਪੈਂਦੇ ਹਾਂ ਇਸ ਨੂੰ ਥੋੜ੍ਹਾ ਜਿਹਾ Avoid ਜਿਹਾ ਕੀਤਾ ਜਾਵੇ। ਦੂਜੀ ਗੱਲ, ਜਿਹੜੀ ਅਹਿਮ ਹੈ, ਜਿਸ ਨੂੰ ਕਹਿਣ ਵਾਸਤੇ ਮੈਂ ਖੜ੍ਹੀ ਹੋਈ ਹਾਂ, ਉਹ ਇਹ ਹੈ ਕਿ ਤੁਸੀਂ ਉਸ ਸਪਲੀਮੈਂਟਰੀ ਦੇ ਬਾਰੇ ਕਿਹਾ ਹੈ ਕਿ ਜਿਹੜਾ ਕਨਸਰਨਡ ਮੈਂਬਰ ਹੈ, ਉਹ ਦੋ ਸਪਲੀਮੈਂਟਰੀਜ਼ ਕਰ ਸਕਦਾ ਹੈ.........

ਮਾਨਯੋਗ ਸਪੀਕਰ: ਉਹ ਕਰ ਸਕਦਾ ਹੈ। ਲੇਕਿਨ ਇਹ ਕੋਈ ਬਾਰ ਨਹੀਂ ਹੈ, ਦੂਸਰਿਆਂ ਨੂੰ ਵੀ ਅਲਾਓ ਕੀਤਾ ਜਾਵੇਗਾ। This is discretion of the Chair.

Smt. Rajinder Kaur Bhattal: I agree. ਜਿਹੜੀ ਤੁਹਾਡੀ ਪੰਜਾਬ ਵਿਧਾਨ ਸਭਾ ਦੀ ਪ੍ਰੰਪਰਾ ਰਹੀ ਹੈ, ਉਹ ਜਿਹੜਾ ਕਨਸਰਨਡ ਮੈਂਬਰ ਕੁਐਸਚਨ ਕਰਦਾ ਹੈ, ਉਹ ਦੋ ਨਹੀਂ ਚਾਰ ਸਪਲੀਮੈਂਟਰੀਜ਼ ਕਰਦਾ ਆਇਆ ਹੈ। ਤੁਸੀਂ ਇਸ ਚੀਜ਼ ਬਾਰੇ ਚਾਹੇ ਆਪਣਾ ਰਿਕਾਰਡ ਕਢਵਾ ਕੇ ਦੇਖ ਲਉ।

ਮਾਨਯੋਗ ਸਪੀਕਰ: ਦੋ ਹੀ ਸਪਲੀਮੈਂਟਰੀਜ਼ ਕੀਤੀਆਂ ਜਾ ਸਕਦੀਆਂ ਹਨ ਜੀ।

ਸ਼੍ਰੀਮਤੀ ਰਜਿੰਦਰ ਕੌਰ ਭੱਠਲ: ਜਿਹੜਾ ਇੰਪਾਰਟੈਂਟ ਕੁਐਸਚਨ ਹੈ, ਉਸਦੇ ਉੱਤੇ ਤਾਂ ਸਪੀਕਰ ਸਾਹਿਬ ਦੀ ਡਿਸਕ੍ਰੀਸ਼ਨ ਹੈ, ਉਹ ਛੇ ਸਪਲੀਮੈਂਟਰੀਜ਼ ਵੀ ਅਲਾਓ ਕਰ ਸਕਦੇ ਹਨ।

ਮਾਨਯੋਗ ਸਪੀਕਰ: ਉਹ ਤਾਂ ਜਿੰਨੀਆਂ ਮਰਜ਼ੀ ਕਰ ਲਓ, ਉਹਦੇ ਤੇ ਤਾਂ ਕੋਈ ਬਾਰ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

ਸ਼੍ਰੀਮਤੀ ਰਜਿੰਦਰ ਕੌਰ ਭੱਠਲ: ਚਲੋ, ਜੇ ਤੁਸੀਂ ਦੋ ਹੀ ਕੀਤੀਆਂ ਹਨ ਤਾਂ ਕਨਸਰਨਡ ਦੋ ਹੀ ਕਰ ਲਵੇਗਾ ਤੇ ਫੇਰ ਤਿੰਨ ਤੁਸੀਂ ਦੂਸਰਿਆਂ ਨੂੰ ਦੇ ਦਿਉ।

ਮਾਨਯੋਗ ਸਪੀਕਰ: ਇਹ ਚੇਅਰ ਦੀ ਡਿਸਕਰੀਸ਼ਨ ਹੁੰਦੀ ਹੈ ਕਿ ਉਹ 2 ਸਪਲੀਮੈਂਟਰੀਆਂ ਦੇਵੇ, ਚਾਰ ਦੇਵੇ ਜਾਂ 10 ਸਪਲੀਮੈਂਟਰੀਆਂ ਅਲਾਓ ਕਰੇ।

ਸ਼੍ਰੀਮਤੀ ਰਜਿੰਦਰ ਕੌਰ ਭੱਠਲ: ਸਪੀਕਰ ਸਾਹਿਬ, ਦੂਜੀ ਗੱਲ ਜਿਹੜੀ ਕਿ ਬੜੀ ਇੰਪਾਰਟੈਂਟ ਹੈ ਜਿਹੜਾ ਚੋਣ ਮੈਨੀਫੈਸਟੋ ਹੈ, ਉਸ ਉੱਤੇ ਤਾਂ ਮੁੱਖ ਮੰਤਰੀ ਜੀ ਵੀ ਉਠ ਕੇ ਕਹਿ ਸਕਦੇ ਹਨ ਕਿ ਪੂਰਾ ਹੋਵੇਗਾ ਜਾਂ ਨਹੀਂ। ...(.ਸ਼ੋਰ.).... (ਵਿਘਨ.).... ਚੋਣ ਮੈਨੀਫੈਸਟੋ ਇਕ ਇੰਪਾਰਟੈਂਟ ਡਾਕੂਮੈਂਟ ਹੈ। ਕੀ ਇਸ ਤੋਂ ਗੌਰਮਿੰਟ ਭੱਜਦੀ ਹੈ ?

ਮਾਨਯੋਗ ਸਪੀਕਰ: ਨਹੀਂ ਜੀ, ਬੈਠੋ ਜੀ।

ਸੰਸਦੀ ਮਾਮਲਿਆਂ ਬਾਰੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ): ਸਪਲੀਮੈਂਟਰੀਆਂ ਜ਼ਿਆਦਾ ਤਾਂ ਦਿੱਤੀਆਂ ਜਾਂਦੀਆਂ ਹਨ ਜੇਕਰ ਪੁਆਇੰਟ ਕਲੈਰੀਫਾਈ ਨਾ ਹੋਵੇ।

ਉਪ ਮੁੱਖ ਮੰਤਰੀ: ਬੀਬੀ ਜੀ, ਕਾਂਗਰਸ ਦੇ ਮੈਨੀਫੈਸਟੋ ਦੇ ਜ਼ਿੰਮੇਵਾਰ ਤੁਸੀਂ ਹੋ ਅਤੇ ਅਕਾਲੀ ਦਲ ਦੇ ਮੈਨੀਫੈਸਟੋ ਦੇ ਜ਼ਿੰਮੇਵਾਰ ਪਬਲਿਕ ਨੂੰ ਅਸੀਂ ਹਾਂ। ਅਸੀਂ ਤੁਹਾਨੂੰ ਜ਼ਿੰਮੇਵਾਰ ਨਹੀਂ ਹਾਂ ....(.ਸ਼ੋਰ....ਵਿਘਨ).....

ਮਾਨਯੋਗ ਸਪੀਕਰ: ਇਹ ਕੋਈ ਜ਼ੀਰੋ ਆਵਰ ਨਹੀਂ ਹੈ। ...(.ਸ਼ੋਰ.... (ਵਿਘਨ)...

ਸ਼੍ਰੀਮਤੀ ਰਜਿੰਦਰ ਕੌਰ ਭੱਠਲ: ਸਪੀਕਰ ਸਾਹਿਬ, ਮੈਨੂੰ ਬੜਾ ਅਫਸੋਸ ਹੋਇਆ ਹੈ ਜੋ ਡਿਪਟੀ ਸੀ.ਐੱਮ. ਨੇ ਕਿਹਾ ਹੈ ਕਿ ਅਸੀਂ ਲੋਕਾਂ ਨੂੰ ਜ਼ਿੰਮੇਵਾਰ ਹਾਂ....... (ਵਿਘਨ....) ਅਸੀਂ ਲੋਕਾਂ ਦੇ ਚੁਣੇ ਹੋਏ ਮੈਂਬਰ ਹਾਂ। ਤੁਸੀਂ ਸਾਡੇ ਰਾਹੀਂ ਲੋਕਾਂ ਨੂੰ ਜਵਾਬ ਦੇਣਾ ਹੈ। (ਵਿਘਨ) ....

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ.ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ): ਇਨ੍ਹਾਂ ਨੂੰ ਪਰੰਪਰਾ ਦਾ ਬੜਾ ਫਿਕਰ ਹੈ। ਪਰੰਪਰਾ ਤਾਂ ਇਹ ਵੀ ਸੀ ਕਿ ਬੀਬੀ ਜੀ ਅਪੋਜ਼ੀਸ਼ਨ ਦੇ ਲੀਡਰ ਬਣੇ ਰਹਿਣਗੇ। ਇਨ੍ਹਾਂ ਨੇ ਇਹ ਵੀ ਤੋੜ ਦਿੱਤੀ (ਸ਼ੋਰ....ਵਿਘਨ....)

Original with;
Punjab Vidhan Sabha
Digitized by;
Panjab Digital Library

ਸ਼੍ਰੀਮਤੀ ਰਜਿੰਦਰ ਕੌਰ ਭੱਠਲ (ਬੈਠੇ-ਬੈਠੇ): ਇਹ ਸਾਡੀ ਆਪਣੀ ਪਾਰਟੀ ਦਾ ਫੈਸਲਾ ਹੈ.... (ਵਿਘਨ) ਇਹ ਅਨਪਾਰਲੀਮੈਂਟਰੀ ਬੋਲ ਰਹੇ ਹਨ ....

ਮਾਨਯੋਗ ਸਪੀਕਰ: ਇਹ ਤੁਹਾਡੇ ਵੈੱਲ-ਵਿਸ਼ਰ ਹਨ। ਇਹ ਕੋਈ ਅਨਪਾਰਲੀਮੈਂਟਰੀ ਨਹੀਂ ਹੈ। ਅਗਲਾ ਸਵਾਲ।

ਪਟਵਾਰੀਆਂ ਦੀ ਭਰਤੀ

***400. ਸਰਦਾਰ ਇਕਬਾਲ ਸਿੰਘ ਝੂੰਦਾਂ:** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨਵੇਂ ਪਟਵਾਰੀ ਭਰਤੀ ਕਰਨ ਲਈ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਭਰਤੀ ਕਦੋਂ ਤੱਕ ਕੀਤੀ ਜਾਵੇਗੀ?

ਸਰਦਾਰ ਬਿਕਰਮ ਸਿੰਘ ਮਜੀਠੀਆ: ਨਹੀਂ ਜੀ।

ਸਰਦਾਰ ਇਕਬਾਲ ਸਿੰਘ ਝੂੰਦਾਂ: ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ ਪਟਵਾਰੀਆਂ ਦੀ ਭਰਤੀ ਸਬੰਧੀ ਕੋਈ ਯੋਜਨਾ ਸਰਕਾਰ ਦੇ ਵਿਚਾਰ-ਅਧੀਨ ਨਹੀਂ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਹਾਲਾਤ ਵਿੱਚ ਜਦੋਂ ਪਟਵਾਰੀਆਂ ਦੀਆਂ ਤਕਰੀਬਨ 33% ਤੋਂ 40% ਪੋਸਟਾਂ ਖ਼ਾਲੀ ਪਈਆਂ ਹਨ। ਇੱਕ-ਇੱਕ ਪਟਵਾਰੀ ਕਈ-ਕਈ ਕਾਨੂੰਗੋਈਆਂ ਵਿੱਚ ਕੰਮ ਕਰ ਰਿਹਾ ਹੈ। ਮੈਂ ਆਪਣੇ ਹਲਕੇ ਅਮਰਗੜ੍ਹ ਦੀ ਗੱਲ ਕਰਦਾ ਹਾਂ। ਉੱਥੇ 10 ਪਟਵਾਰ ਸਰਕਲਾਂ ਵਿੱਚੋਂ 6 ਖ਼ਾਲੀ ਹਨ। ਸਿਰਫ 40% ਪਟਵਾਰੀ ਕੰਮ ਕਰ ਰਹੇ ਹਨ। ਇੱਕ-ਇੱਕ ਪਟਵਾਰੀ ਕੋਲ 4-4 ਸਰਕਲ ਹਨ। ਐਸੇ ਪਟਵਾਰੀ ਵੀ ਹਨ, ਜਿਨ੍ਹਾਂ ਕੋਲ 5-5 ਸਰਕਲ ਹਨ। ਮੇਰੀ ਮੰਤਰੀ ਜੀ ਨੂੰ ਗੁਜਾਰਿਸ਼ ਹੈ ਕਿ ਅਗਰ ਭਰਤੀ ਕਰਨ ਦਾ ਸਰਕਾਰ ਦਾ ਕੋਈ ਇਰਾਦਾ ਨਹੀਂ ਹੈ ਤਾਂ ਇਸ ਮਾਮਲੇ ਵਿੱਚ ਇਕਸਾਰਤਾ ਲਿਆਂਦੀ ਜਾਵੇ। ਕਾਨੂੰਗੋਈ ਨੂੰ ਇੱਕ ਯੂਨਿਟ ਮੰਨ ਕੇ ਸਾਰੀ ਪੰਜਾਬ ਦੀਆਂ ਕਾਨੂੰਗੋਈਆਂ ਵਿੱਚ ਇਕੋ ਜਿਹੇ ਪਟਵਾਰੀ ਲਗਾਏ ਜਾਣ ਤਾਂ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਕਿਸੇ ਇੱਕ ਪਟਵਾਰੀ ਕੋਲ 2 ਤੋਂ ਵੱਧ ਸਰਕਲ ਨਾ ਹੋਣ। ਹੁਣ ਪਟਵਾਰੀ ਦਾ 4-4 ਜਾਂ 5-5 ਸਰਕਲ ਹੋਣ ਕਰਕੇ ਕੰਮ ਸਫ਼ਰ ਕਰ ਰਿਹਾ ਹੈ। ਇਸ ਕਰਕੇ ਇੱਕ ਪਟਵਾਰੀ ਕੋਲ 2 ਤੋਂ ਵੱਧ ਸਰਕਲ ਨਹੀਂ ਹੋਣੇ ਚਾਹੀਦੇ ਤਾਂ ਕਿ ਲੋਕਾਂ ਦਾ ਕੰਮ ਸਫਰ ਨਾ ਕਰੇ। ਕੀ ਮੰਤਰੀ ਜੀ ਕਾਨੂੰਗੋਈ ਬਾਰੇ ਕੋਈ ਇਸ ਤਰ੍ਹਾਂ ਦਾ ਪ੍ਰਾਵਧਾਨ ਕਰਨਗੇ ਅਤੇ ਸਾਰੀਆਂ ਸਬ-ਡਵੀਜ਼ਨਾਂ ਵਿੱਚ ਬਰਾਬਰਤਾ ਲਿਆਉਣਗੇ ?

Original with;
Punjab Vidhan Sabha
Digitized by;
Panjab Digital Library

ਮਾਨਯੋਗ ਸਪੀਕਰ: ਕੀ ਆਪਾਂ ਕੋਈ ਰੈਗੂਲਰਾਈਜੇਸ਼ਨ ਕਰ ਸਕਦੇ ਹਾਂ?

ਮੰਤਰੀ: ਜਨਾਬ ਮੇਰੀ ਬੇਨਤੀ ਹੈ ਜਾਂ ਤਾਂ ਕੋਈ ਮਾਰਸ਼ਲ ਭੇਜੋ। ਜਿਹੜਾ ਇਨ੍ਹਾਂ ਨੂੰ ਚੂੰਢੀ (ਅਪੋਜ਼ੀਸ਼ਨ ਵੱਲ ਇਸ਼ਾਰਾ) ਵੱਢ ਕੇ ਸਮਝਾ ਦੇਵੇ ਕਿ ਮੰਤਰੀ ਇਧਰਲੇ ਪਾਸੇ (ਟਰੈਜ਼ਰੀ ਬੈਂਚਿਜ਼ ਵੱਲ) ਬੈਠੇ ਹਨ ਅਤੇ ਜਵਾਬ ਮੰਤਰੀ ਨੇ ਦੇਣਾ ਹੁੰਦਾ ਹੈ। ਇਹ ਕਿਸ ਚੀਜ਼ ਦਾ ਜਵਾਬ ਦੇਣਾ ਸ਼ੁਰੂ ਕਰ ਦਿੰਦੇ ਹਨ। ਸਵਾਲ ਮੈਨੂੰ ਪੁੱਛਿਆ ਗਿਆ ਹੈ ਅਤੇ ਜਵਾਬ ਮੈਂ ਦੇਣਾ ਹੈ। ਇਨ੍ਹਾਂ ਵਿੱਚੋਂ ਕਈ ਸੰਭਾਵੀ ਮੰਤਰੀ ਉਥੋਂ ਬੈਠੇ ਹੀ ਬੋਲ ਪੈਂਦੇ ਹਨ। (......ਸ਼ੋਰ.....ਵਿਘਨ)

ਸ਼੍ਰੀ ਸੁਨੀਲ ਕੁਮਾਰ ਜਾਖੜ (ਬੈਠੇ-ਬੈਠੇ): ਤੁਸੀਂ ਬਾਦਲ ਸਾਹਿਬ ਨੂੰ ਪੁੱਛ ਲਵੋ ਕਿ ਤੁਸੀਂ ਹੋਰ ਕਿੰਨੇ ਦਿਨ ਮੰਤਰੀ ਹੋ (ਹਾਸਾ) (ਵਿਰੋਧੀ ਬੈਂਚਾਂ ਵੱਲੋਂ ਥੰਪਿੰਗ)

ਮੰਤਰੀ: ਜਾਖੜ ਸਾਹਿਬ, ਤੁਹਾਨੂੰ ਵੀ ਸਮਝ ਨਹੀਂ ਲਗਦੀ। ਤੁਸੀਂ ਵੀ ਡਿਪਟੀ ਸੀ.ਐਮ. ਬਣਨਾ ਚਾਹੁੰਦੇ ਸੀ ਪ੍ਰੰਤੂ ਪੰਜਾਬ ਦੇ ਲੋਕ ਤੁਹਾਨੂੰ ਨਹੀਂ ਸੀ ਚਾਹੁੰਦੇ।

ਉਪ ਮੁੱਖ ਮੰਤਰੀ (ਬੈਠੇ-ਬੈਠੇ): ਅਜੇ 25 ਸਾਲ ਹੋਰ ਲੱਗਣਗੇ। ....(ਸ਼ੋਰ ਵਿਘਨ.....) ਪੂਰੇ ਪੱਚੀ ਸਾਲ।

ਮੰਤਰੀ: ਇਨ੍ਹਾਂ ਨੇ ਜਿਹੜੀ ਗੱਲ ਕੀਤੀ ਹੈ, ਉਸ ਨੂੰ ਜ਼ਰੂਰ ਵਿਚਾਰਾਂਗੇ। ਪਿਛਲੇ ਕੁਝ ਸਮਾਂ ਪਹਿਲਾਂ ਪੁਰਾਣਾ ਰਿਕਾਰਡ ਸੀ, ਉਸ ਵਿੱਚ ਵੱਡੇ ਤਰੀਕੇ ਨਾਲ ਤਬਦੀਲੀ ਲਿਆਂਦੀ ਗਈ, ਕੰਪਿਊਟਰਾਈਜ਼ੇਸ਼ਨ ਹੋਈ। ਕੰਪਿਊਟਰਾਈਜ਼ੇਸ਼ਨ ਵਿੱਚ ਇਹ ਮਹਿਸੂਸ ਕੀਤਾ ਗਿਆ ਔਰ ਪਿਛਲੀ ਕੈਬਨਿਟ ਵਿੱਚ, ਸਾਲ 2010 ਵਿੱਚ ਇਸ ਦਾ ਫ਼ੈਸਲਾ ਹੋਇਆ ਕਿ ਕੁਝ ਪੋਸਟਾਂ ਫਰਦ ਕੇਂਦਰਾਂ ਵਿੱਚ ਪਟਵਾਰੀਆਂ ਦੀਆਂ ਕਰੀਏਟ ਕੀਤੀਆਂ ਜਾਣ। ਇਸ ਲਈ ਜਦੋਂ ਤਬਦੀਲੀ ਲਿਆਉਣ ਲੱਗੇ ਤਾਂ ਕੁਝ ਪਟਵਾਰੀ ਆਰਗੇਨਾਈਜ਼ੇਸ਼ਨਾਂ ਨੇ ਸਿਵਲ ਰਿੱਟ ਪਟੀਸ਼ਨ ਪਾ ਦਿੱਤੀ। ਇਸ ਕਰਕੇ ਇਹ ਕੇਸ ਸਬ-ਜੂਡਿਸ ਹੋ ਗਿਆ, ਜਿਸ ਕਰਕੇ ਭਰਤੀ ਰੁਕੀ ਹੋਈ ਹੈ, ਪਰ ਜੋ ਇਨ੍ਹਾਂ ਨੇ ਸੁਝਾਅ ਦਿੱਤੇ ਹਨ, ਮੈਂ ਇਨ੍ਹਾਂ ਨਾਲ ਸਲਾਹ ਕਰਕੇ ਇਨ੍ਹਾਂ ਦਾ ਮਸਲਾ ਹੱਲ ਕਰ ਦਿਆਂਗਾ।

ਸਰਦਾਰ ਇਕਬਾਲ ਸਿੰਘ ਝੂੰਦਾਂ: ਧੰਨਵਾਦ ਜੀ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 405 *

ਮਾਨਯੋਗ ਸਪੀਕਰ: ਇਸ ਸਵਾਲ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

* For Starred Question No. 405 and reply there to please see apendix to this Debates(A)

Original with;
Punjab Vidhan Sabha
Digitized by;
Punjab Digital Library

ਸਰਦਾਰ ਅਜਾਇਬ ਸਿੰਘ ਭੱਟੀ: ਸਪੀਕਰ ਸਾਹਿਬ, ਇਸ ਦਾ ਜਵਾਬ ਕੀ ਇਸੇ ਸੈਸ਼ਨ ਵਿੱਚ ਆ ਜਾਵੇਗਾ?

ਮਾਨਯੋਗ ਸਪੀਕਰ: ਮੈਂ ਇਸ ਦੀ ਐਕਸਟੈਨਸ਼ਨ ਗਰਾਂਟ ਕਰ ਦਿੱਤੀ ਹੈ। ਐਕਸਟੈਨਸ਼ਨ ਅਲਾਓ ਕਰ ਦਿੱਤੀ ਹੈ।

ਸਰਦਾਰ ਅਜਾਇਬ ਸਿੰਘ ਭੱਟੀ: ਸਪੀਕਰ ਸਾਹਿਬ, ਇਹ ਇੰਪਾਰਟੈਂਟ ਹੈ। ਛੇ-ਛੇ ਮਹੀਨੇ ਜਵਾਬ ਲਈ ਇੰਤਜ਼ਾਰ ਕਰਨਾ ਪੈਂਦਾ ਹੈ।

ਮਾਨਯੋਗ ਸਪੀਕਰ: ਇਸ ਸੈਸ਼ਨ ਵਿੱਚ ਜਵਾਬ ਨਹੀਂ ਆ ਸਕਦਾ।

ਸਰਦਾਰ ਰਣਦੀਪ ਸਿੰਘ ਨਾਭਾ: ਸਪੀਕਰ ਸਾਹਿਬ, ਸਾਡੀ ਕਾਂਈਡਲੀ ਰਿਕੁਐਸਟ ਹੈ ਕਿ ਇਸੇ ਸੈਸ਼ਨ ਵਿੱਚ ਜਵਾਬ ਆ ਜਾਇਆ ਕਰੇ ਕਿਉਂਕਿ ਬਹੁਤ ਪਬਲਿਕ ਹਿਤ ਦੇ ਮਸਲੇ ਇਨਵਾਲਵ ਹੁੰਦੇ ਹਨ। ਸਾਡੀ humble ਰਿਕੁਐਸਟ ਹੈ।

ਮਾਈਨਜ਼ ਐਕਟ ਅਧੀਨ ਮਿੱਟੀ ਚੁੱਕਣ ਦੀ ਪਾਬੰਦੀ

*399. **ਸਰਦਾਰ ਇਕਬਾਲ ਸਿੰਘ ਝੂੰਦਾਂ:** ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮਾਈਨਜ਼ ਐਕਟ ਅਧੀਨ ਪਿੰਡਾਂ ਦੇ ਟੋਭਿਆਂ ਵਿੱਚੋਂ ਜਾਂ ਲੋਕਾਂ ਵੱਲੋਂ ਆਪਣੇ ਖੇਤਾਂ ਵਿਚੋਂ ਮਿੱਟੀ ਦਾ ਆਪਣੇ ਘਰਾਂ ਵਿੱਚ ਭਰਤ ਪਾਉਣ ਉੱਤੇ ਵੀ ਕੋਈ ਪਾਬੰਦੀ ਹੈ; ਜੇਕਰ ਅਜਿਹਾ ਹੋਵੇ ਤਾਂ ਵਿਸਥਾਰ ਨਾਲ ਦੱਸਿਆ ਜਾਵੇ ਜੀ?

ਸ਼੍ਰੀ ਅਨਿਲ ਜੋਸ਼ੀ: ਪਿੰਡਾਂ ਦੇ ਟੋਭਿਆਂ ਵਿਚੋਂ ਜਾਂ ਲੋਕਾਂ ਵੱਲੋਂ ਆਪਣੇ ਖੇਤਾਂ ਵਿਚੋਂ ਮਿੱਟੀ ਦਾ ਆਪਣੇ ਘਰਾਂ ਵਿੱਚ ਭਰਤ ਪਾਉਣ ਉੱਤੇ ਕੋਈ ਪਾਬੰਦੀ ਨਹੀਂ ਹੈ ਜੀ।

ਸਰਦਾਰ ਇਕਬਾਲ ਸਿੰਘ ਝੂੰਦਾਂ: ਸਪੀਕਰ ਸਾਹਿਬ, ਮੰਤਰੀ ਜੀ ਨੇ ਬੜਾ ਕਲੀਅਰ ਜਵਾਬ ਦਿੱਤਾ ਹੈ ਕਿ ਪਿੰਡਾਂ ਦੇ ਟੋਭੇ ਪੁੱਟਣ ਤੇ ਜਾਂ ਖੇਤਾਂ ਵਿੱਚੋਂ ਮਿੱਟੀ ਪਾਉਣ ਤੇ ਜਾਂ ਐਸੇ ਕਾਰਜਾਂ ਲਈ ਕੋਈ ਪਾਬੰਦੀ ਨਹੀਂ ਹੈ ਪਰੰਤੂ ਜੋ ਇਨ੍ਹਾਂ ਦੇ ਜ਼ਿਲ੍ਹਾ ਹੈੱਡਕੁਆਰਟਰ ਆਫਿਸ ਹਨ, ਉਹ ਸੁਪਰੀਮ ਕੋਰਟ ਦਾ ਜੋ ਫ਼ੈਸਲਾ ਹੈ, ਜਿਸ ਅਨੁਸਾਰ ਪੰਜ ਹੈਕਟੇਅਰ ਤੋਂ ਪੰਜਾਹ ਹੈਕਟੇਅਰ ਤੱਕ ਮਾਈਨਿੰਗ ਤੇ ਪਾਬੰਦੀ ਲਗਾਈ ਗਈ, ਉਹੀ ਆਰਡਰ ਉਨ੍ਹਾਂ ਕੋਲ ਹੈ ਤੇ ਉਸੇ ਨੂੰ ਹੀ ਉਹ ਲਾਗੂ ਕਰ ਰਹੇ ਹਨ। ਪਿੰਡਾਂ ਵਿੱਚ ਕੋਈ ਟੋਭਿਆਂ ਦੀ ਸਫ਼ਾਈ ਕਰਨੀ ਚਾਹੁੰਦਾ ਹੈ, ਉਸ ਨੂੰ ਵੀ ਸਫ਼ਾਈ ਨਹੀਂ ਕਰਨ ਦਿੱਤੀ ਜਾਂਦੀ। ਜੇ ਕੋਈ ਸਕੂਲ ਵਿੱਚ ਮਿੱਟੀ ਪਾਉਣੀ ਚਾਹੁੰਦਾ ਹੈ ਤਾਂ ਉਸ ਨੂੰ ਵੀ ਮਿੱਟੀ ਨਹੀਂ ਪਾਉਣ ਦਿੱਤੀ ਜਾਂਦੀ। ਇੱਥੋਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਇਕਬਾਲ ਸਿੰਘ ਝੂੰਦਾਂ]
ਤੱਕ ਕਿ ਕੋਈ ਘਰਾਂ ਵਿੱਚ ਵੀ ਆਪਣੇ ਖੇਤ ਵਿੱਚੋਂ ਮਿੱਟੀ ਪੁੱਟ ਕੇ ਲਿਆਉਂਦਾ ਹੈ, ਉਸ ਨੂੰ ਵੀ ਪੁਲਿਸ ਪ੍ਰਸ਼ਾਸਨ ਰਾਹੀਂ ਰੋਕਿਆ ਜਾਂਦਾ ਹੈ। ਇਸ ਲਈ ਮੰਤਰੀ ਜੀ ਨੂੰ ਗੁਜ਼ਾਰਿਸ਼ ਹੈ ਕਿ ਇਹ ਜੋ ਆਰਡਰ ਹੈ, ਜੋ ਹਾਊਸ ਵਿੱਚ ਬਿਆਨ ਰਾਹੀਂ ਦਿੱਤਾ ਗਿਆ ਹੈ, ਇਸੇ ਨੂੰ ਜ਼ਿਲ੍ਹਾ ਆਫ਼ੀਸਰਜ਼ ਨੂੰ ਪਾਸ ਕਰਨਗੇ, ਡੀ.ਸੀਜ਼ ਨੂੰ ਪਾਸ ਕਰਨਗੇ ਤਾਂ ਕਿ ਲੋਕਾਂ ਨੂੰ ਰੋਜ਼ਮਰ੍ਹਾ ਦੀਆਂ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਇਸ ਦਾ ਪੱਕੇ ਤੌਰ ਤੇ ਹੱਲ ਹੋ ਸਕੇ।

ਮੰਤਰੀ: ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਜੋ ਸਪਲੀਮੈਂਟਰੀ ਕੀਤੀ ਹੈ, ਮੈਂ ਇਸ ਬਾਰੇ ਕਲੀਅਰ ਕਰਦਾ ਹਾਂ ਕਿ ਜੇ ਕਿਸੇ ਆਫੀਸਰ ਨੂੰ ਡਾਊਟ ਹੈ ਤਾਂ ਉਸ ਨੂੰ ਕਲੀਅਰ ਕਰ ਦਿੱਤਾ ਜਾਵੇਗਾ। ਭਾਰਤ ਸਰਕਾਰ ਵੱਲੋਂ ਸਧਾਰਨ ਮਿੱਟੀ ਜੋ ਸੜਕਾਂ ਦੇ ਕੰਢੇ, ਰੇਲਵੇ ਬਿਲਡਿੰਗ ਦੀ ਭਰਾਈ ਜਾਂ ਸਮਤਲ ਕਰਨ ਲਈ ਵਰਤੀ ਜਾਂਦੀ ਹੈ, ਨੂੰ ਨੋਟੀਫਿਕੇਸ਼ਨ ਮਿਤੀ 3-02-2000 ਰਾਹੀਂ ਛੋਟੇ ਖਣਿਜ ਘੋਸ਼ਿਤ ਕੀਤਾ ਗਿਆ ਸੀ। ਇਸ ਵਿੱਚ ਕਲੀਅਰ ਕਰ ਦਿੱਤਾ ਗਿਆ ਹੈ ਕਿ ਜਿਹੜੇ ਠੇਕੇਦਾਰ ਵੱਡੀਆਂ ਸਿਵਲ ਉਸਾਰੀਆਂ ਦੇ ਕੰਮ ਜਿਵੇਂ ਕਲੋਨੀਆਂ ਦੀ ਉਸਾਰੀ, ਰੇਲਵੇ ਟਰੈਕ ਜਾਂ ਸੜਕਾਂ ਤੇ ਭਰਤ ਪਾਉਂਦੇ ਹਨ, ਉਨ੍ਹਾਂ ਨੂੰ ਹੀ ਸਿਰਫ ਪਰਮਿਟ ਦਿੱਤਾ ਜਾਂਦਾ ਹੈ। ਉਸ ਤੋਂ ਇਲਾਵਾ ਆਮ ਆਦਮੀ ਨੂੰ ਆਪਣੇ ਮਕਾਨ ਦੀ ਉਸਾਰੀ ਲਈ ਜਾਂ ਗਰਾਮ ਪੰਚਾਇਤ ਨੂੰ ਆਪਣੇ ਪਿੰਡ ਵਿੱਚ ਕੋਈ ਉਸਾਰੀ ਕਰਨੀ ਹੋਵੇ ਜਾਂ ਟੋਭਿਆਂ ਵਿੱਚੋਂ ਮਿੱਟੀ ਕੱਢਣੀ ਹੋਵੇ, ਇਸ ਵਿੱਚ ਕੋਈ ਪਾਬੰਦੀ ਨਹੀਂ ਹੈ। ਇਸ ਵਿੱਚ ਮੈਂ ਹੋਰ ਕਲੀਅਰ ਕਰ ਦਿੰਦਾ ਹਾਂ ਕਿ ਮੰਤਰੀ ਪ੍ਰੀਸ਼ਦ ਦੀ ਮੀਟਿੰਗ ਮਿਤੀ 20.10.2011 ਵਿੱਚ ਇਹ ਫ਼ੈਸਲਾ ਲਿਆ ਗਿਆ ਸੀ ਕਿ ਇੱਕ ਕਰੋੜ ਤੋਂ ਵੱਧ ਜਿਹੜਾ ਕੋਈ ਕੰਮ ਹੈ, ਉਸ ਵਿੱਚ ਰਾਇਲਟੀ ਦੇਣੀ ਠੇਕੇਦਾਰ ਦੀ ਜ਼ਿੰਮੇਵਾਰੀ ਹੋਵੇਗੀ। ਉਸ ਤੋਂ ਇਲਾਵਾ ਕਿਸੇ ਨੂੰ ਪਰਮਿਟ ਦੀ ਵੀ ਜ਼ਰੂਰਤ ਨਹੀਂ ਤੇ ਆਮ ਕੰਮਾਂ ਵਿੱਚ ਕੋਈ ਰੁਕਾਵਟ ਨਹੀਂ ਹੈ। ਬਾਕੀ ਆਫੀਸਰਜ਼ ਨੂੰ ਵੀ ਹਦਾਇਤਾਂ ਜਾਰੀ ਕਰ ਦਿੱਤੀਆਂ ਜਾਣਗੀਆਂ।

ਸਰਦਾਰ ਇਕਬਾਲ ਸਿੰਘ ਝੂੰਦਾਂ: ਸਪੀਕਰ ਸਾਹਿਬ, ਮੈਂ ਤਾਂ ਇਹ ਬੇਨਤੀ ਕਰਦਾ ਸੀ ਕਿ ਆਫੀਸਰਜ਼ ਵਿੱਚ ਗਲਤਫਹਿਮੀ ਨੂੰ ਦੂਰ ਕੀਤਾ ਜਾਵੇ ਕਿਉਂਕਿ ਉਹ ਗਲਤਫਹਿਮੀ ਕਰਕੇ ਲਾਗੂ ਨਹੀਂ ਕਰ ਰਹੇ। ਇਹੀ ਆਰਡਰ ਡਿਸਟ੍ਰਿਕਟ ਆਫੀਸਰਜ਼ ਨੂੰ ਪਾਸ ਕਰ ਦਿੱਤੇ ਜਾਣ ਤਾਂ ਕਿ ਲੋਕਾਂ ਦਾ ਭਲਾ ਹੋ ਸਕੇ ਤੇ ਸਾਰਾ ਕੰਮ ਸਾਫ-ਸੁਥਰੇ ਢੰਗ ਨਾਲ਼ ਚੱਲ ਸਕੇ।

ਮੰਤਰੀ: ਸਪੀਕਰ ਸਾਹਿਬ, ਜੇ ਕਿਸੇ ਆਫੀਸਰ ਨੂੰ ਡਾਊਟ ਹੈ ਤਾਂ ਇਸ ਬਾਰੇ

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਦੀ ਮੀਟਿੰਗ ਬੁਲਾ ਲਵਾਂਗੇ ਤੇ ਦੁਬਾਰਾ ਕਹਿ ਦੇਵਾਂਗੇ। ਵੈਸੇ, ਮੈਂ ਪਹਿਲਾਂ ਵੀ ਇਨ੍ਹਾਂ ਦੀ ਇੱਕ ਮੀਟਿੰਗ ਬੁਲਾ ਚੁੱਕਾ ਹਾਂ ਤੇ ਉਨ੍ਹਾਂ ਨੂੰ ਕਿਹਾ ਸੀ ਕਿ ਆਮ ਵਿਅਕਤੀ ਆਪਣੇ ਕੰਮਾਂ ਵਾਸਤੇ ਆਪਣੀ ਜ਼ਮੀਨ ਵਿੱਚੋਂ ਮਿੱਟੀ ਪੁੱਟਦਾ ਹੈ, ਟੋਭੇ ਵਿੱਚੋਂ ਪੁੱਟਦਾ ਹੈ ਜਾਂ ਕੋਈ ਛੋਟੇ-ਮੋਟੇ ਕੰਮ ਹਨ, ਇਨ੍ਹਾਂ ਵਾਸਤੇ ਕੋਈ ਪਰਮਿਟ ਦੀ ਜ਼ਰੂਰਤ ਨਹੀਂ, ਕੋਈ ਪਾਬੰਦੀ ਨਹੀਂ।

ਸ਼੍ਰੀ ਰਜਨੀਸ਼ ਕੁਮਾਰ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਜਾਣਨਾ ਚਾਹੁੰਦਾ ਹਾਂ ਕਿ ਕੀ ਇਹ ਇਸ ਵਾਸਤੇ ਸਵੇਰੇ ਪ੍ਰੈਸ ਵਿੱਚ ਨੋਟ ਦੇਣਗੇ ?

ਮੰਤਰੀ: ਸਾਰੀ ਪ੍ਰੈਸ ਬੈਠੀ ਹੈ, ਇਹ ਪ੍ਰੈਸ ਵਿੱਚ ਆ ਜਾਣਾ ਹੈ।

ਸਰਕਾਰੀ ਇੰਜਨੀਅਰਿੰਗ ਕਾਲਜ ਦੀ ਉਸਾਰੀ

***412. ਸਰਦਾਰ ਤੋਤਾ ਸਿੰਘ:** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਮੋਗਾ ਵਿੱਚ ਧਰਮਕੋਟ ਕੋਟ ਈਸੇ ਖਾਂ ਰੋਡ ਉੱਤੇ ਪਿੰਡ ਕੰਡਿਆਲ ਦੀ 16 ਏਕੜ ਪੰਚਾਇਤੀ ਜ਼ਮੀਨ ਉਤੇ ਤਜਵੀਜ਼ ਹੋਏ ਸਰਕਾਰੀ ਇੰਜੀਨੀਅਰਿੰਗ ਕਾਲਜ ਦੀ ਉਸਾਰੀ ਕਦੋਂ ਸ਼ੁਰੂ ਕਰ ਦਿੱਤੀ ਜਾਵੇਗੀ ਅਤੇ ਇਹ ਕਾਲਜ ਕਿੰਨੇ ਕੁ ਚਿਰ ਵਿੱਚ ਮੁਕੰਮਲ ਕਰ ਲਏ ਜਾਣ ਦੀ ਸੰਭਾਵਨਾ ਹੈ?

ਸ਼੍ਰੀ ਅਨਿਲ ਜੋਸ਼ੀ: ਮਾਨਯੋਗ ਸਪੀਕਰ ਸਾਹਿਬ, ਇਸ ਜ਼ਮੀਨ ਤੇ ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ ਵੱਲੋਂ ਪੰਜਾਬ ਇੰਸਟੀਚਿਊਟ ਆਫ਼ ਟੈਕਨਾਲੋਜੀ ਦੀ ਸਥਾਪਨਾ ਕਰਨ ਦੀ ਤਜਵੀਜ਼ ਹੈ। ਇਸ ਜ਼ਮੀਨ ਨੂੰ ਵਰਤੋਂ ਵਿੱਚ ਲਿਆਉਣ ਲਈ ਕੁਝ ਮੁਸ਼ਕਿਲਾਂ ਹਨ ਜਿਵੇਂ ਕਿ ਜ਼ਮੀਨ ਉਪਰੋਂ ਲੰਘ ਰਹੀ ਹਾਈ-ਟੈਂਸ਼ਨ ਬਿਜਲੀ ਦੀਆਂ ਤਾਰਾਂ ਨੂੰ ਹਟਾਉਣ ਅਤੇ 100 ਫੁੱਟ ਚੌੜੀ ਪਹੁੰਚ ਸੜਕ ਉਸਾਰ ਕੇ ਸੰਸਥਾ ਨੂੰ ਚੰਗੇ ਮਾਰਗ ਨਾਲ ਜੋੜਣਾ। ਇਸ ਲਈ ਜ਼ਮੀਨ ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ ਦੇ ਨਾਂ ਤੇ ਤਬਦੀਲ ਹੋਣ/ਹਾਈ-ਟੈਂਸ਼ਨ ਤਾਰਾਂ ਨੂੰ ਹਟਾਉਣ ਅਤੇ ਯੋਗ ਸੜਕ-ਮਾਰਗ ਨਾਲ ਜੋੜਨ ਤੇ ਹੀ ਉਸਾਰੀ ਦਾ ਕੰਮ ਸ਼ੁਰੂ ਕੀਤਾ ਜਾ ਸਕੇਗਾ। ਇਸ ਉਪਰੰਤ ਸੰਸਥਾ ਨੂੰ ਸਥਾਪਿਤ ਕਰਨ ਵਿੱਚ ਦੋ ਸਾਲ ਦਾ ਸਮਾਂ ਲੱਗੇਗਾ। ਉੱਥੇ ਪੰਜ ਕਰਮਾਂ ਦਾ ਸਿਰਫ ਰਸਤਾ ਹੈ। ਇੰਨਾ ਵੱਡਾ ਇੰਸਟੀਚਿਊਟ ਬਣਨਾ ਹੈ। 40 ਕਰੋੜ ਰੁਪਏ ਦੀ ਲਾਗਤ ਆਉਣੀ ਹੈ। ਚੰਗੀ ਸੜਕ ਬਣਾਉਣੀ ਹੈ। ਜਦੋਂ ਇਹ ਹੋ ਜਾਵੇਗਾ ਤਾਂ ਅਸੀਂ ਦੋ ਸਾਲ ਦਾ ਸਮਾਂ ਲਵਾਂਗੇ।

Original with;
Punjab Vidhan Sabha
Digitized by;
Panjab Digital Library

ਸਰਦਾਰ ਤੋਤਾ ਸਿੰਘ: ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਧਰਮਕੋਟ ਸਬ-ਡਿਵੀਜ਼ਨ ਹੈ, ਇਸ ਵਿੱਚ 150 ਪਿੰਡ ਹਨ ਅਤੇ ਇਸ ਵਿੱਚ ਕੇਵਲ ਨੌਂ ਪਲੱਸ-ਟੂ ਸਕੂਲ ਹਨ। 9 ਦੇ ਵਿੱਚੋਂ ਮੈਡੀਕਲ ਦੇ ਗਰੁੱਪ ਕੇਵਲ ਦੋ ਸਕੂਲਾਂ ਵਿੱਚ ਚੱਲ ਰਹੇ ਹਨ। ਇੱਕ ਹੈ ਭਿੰਡਰ ਕਲਾਂ। ਇਸ ਹਲਕੇ ਦੀ ਇਹੋ ਜਿਹੀ ਹਾਲਤ ਹੈ ਕਿ ਇਹ ਦਰਿਆ ਦੇ ਨਾਲ ਪੈਂਦਾ ਹੈ। ਇਹ ਮੋਗੇ ਜ਼ਿਲ੍ਹੇ ਦਾ ਪਛੜਿਆ ਹੋਇਆ ਹਲਕਾ ਹੈ। ਇਹ ਬਹੁਤ ਲੰਬਾ ਸਮਾਂ ਰਿਜ਼ਰਵ ਰਿਹਾ ਹੈ। ਇੱਥੇ 150 ਪਿੰਡਾਂ ਵਿੱਚ ਕੇਵਲ 9 ਸਕੂਲ ਹੋਣ ਅਤੇ ਕੇਵਲ ਦੋ ਵਿੱਚ ਨਾਨ-ਮੈਡੀਕਲ ਗਰੁੱਪ ਹੋਣ ਕਰਕੇ ਇੱਥੋਂ ਦੇ ਬੱਚੇ ਇੰਜੀਨੀਅਰਿੰਗ ਲਾਈਨ ਵਿੱਚ ਬਹੁਤ ਘੱਟ ਜਾਂਦੇ ਹਨ। ਇਹ ਗੱਲ ਸੰਗਤ ਦਰਸ਼ਨ ਵੇਲੇ ਮਾਨਯੋਗ ਮੁੱਖ ਮੰਤਰੀ ਜੀ ਦੇ ਧਿਆਨ ਵਿੱਚ ਲਿਆਂਦੀ ਗਈ ਸੀ। ਮਾਨਯੋਗ ਮੁੱਖ ਮੰਤਰੀ ਜੀ ਨੇ ਮੌਕੇ ਤੇ ਟੈਕਨੀਕਲ ਯੂਨੀਵਰਸਿਟੀ, ਜਲੰਧਰ ਦੇ ਵੀ.ਸੀ. ਨੂੰ ਬੁਲਾਇਆ ਸੀ ਔਰ ਕਿਹਾ ਸੀ ਕਿ ਇਸ ਇਲਾਕੇ ਵਿੱਚ ਜ਼ਮੀਨ ਦਿਉ। ਬਹੁਤ ਇੰਪਾਰਟੈਂਟ ਥਾਂ ਤੇ, ਕੋਟ ਈਸੇ ਖਾਂ ਤੋਂ ਧਰਮਕੋਟ ਜਿਹੜੀ ਮੇਨ ਰੋਡ ਹੈ, ਉਸ ਤੋਂ ਕੇਵਲ 300 ਮੀਟਰ ਤੇ ਇਹ ਕੰਡਿਆਲ ਪਿੰਡ ਦੀ ਜ਼ਮੀਨ ਹੈ। 15 ਏਕੜ ਜ਼ਮੀਨ ਅੱਜ ਤੋਂ ਇੱਕ ਸਾਲ ਪਹਿਲਾਂ ਮਤਾ ਪਾ ਕੇ ਦਿੱਤੀ ਗਈ ਹੈ। ਚਾਰ ਲੱਖ ਰੁਪਿਆ ਉਸ ਪਿੰਡ ਨੂੰ ਬੋਲੀ ਦਾ ਆਉਣਾ ਸੀ ਪਰ ਉਹ ਜ਼ਮੀਨ ਖ਼ਾਲੀ ਪਈ ਹੈ। ਤਾਰਾਂ ਜਿਹੜੀਆਂ ਲੰਘਦੀਆਂ ਹਨ, ਉਨ੍ਹਾਂ ਨੂੰ ਹਟਾਉਣਾ ਬਿਜਲੀ ਮਹਿਕਮੇ ਦਾ ਕੰਮ ਹੈ। ਮੈਂ ਤੁਹਾਡੇ ਰਾਹੀਂ ਸਤਿਕਾਰਯੋਗ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਇਨ੍ਹਾਂ ਨੇ ਆਪ ਐਲਾਨ ਕੀਤਾ ਸੀ, ਇਹ ਤਾਰਾਂ ਆਪ ਹਟਾ ਦੇਣ। ਇਹ ਕੋਈ ਬਹੁਤਾ ਖਰਚਾ ਨਹੀਂ ਹੈ। 132 ਕੇ.ਵੀ. ਨੂੰ ਪਾਸੇ ਕਰਨ ਨਾਲ ਸਾਰਾ ਮਸਲਾ ਹੱਲ ਹੁੰਦਾ ਹੈ। ਕੇਵਲ ਤਿੰਨ ਏਕੜ ਵਿੱਚ ਇਹ ਲਗਾ ਕੇ ਬਾਕੀ 12 ਏਕੜ ਸੇਫ਼ ਹੋ ਸਕਦੀ ਹੈ। ਇਹ ਆਪ ਮੈਨੂੰ ਕਹਿੰਦੇ ਸਨ ਕਿ 10 ਏਕੜ ਨਾਲ ਸਾਡਾ ਸਰ ਸਕਦਾ ਹੈ। ਬਾਕੀ ਜਿਹੜਾ ਇਹ ਕਹਿੰਦੇ ਹਨ ਕਿ ਰਸਤਾ ਘੱਟ ਹੈ, 6 ਏਕੜ ਜ਼ਮੀਨ ਇਸੇ ਪਿੰਡ ਨੇ ਬਿਜਲੀ ਘਰ ਨੂੰ ਦਿੱਤੀ ਹੋਈ ਹੈ, ਜਿਹੜੀ ਕਿ ਇਨ੍ਹਾਂ 15 ਏਕੜ ਤੋਂ ਇਲਾਵਾ ਨਾਲ ਲਗਦੀ ਹੈ। ਉਹ 6 ਏਕੜ ਅਜੇ ਤੱਕ ਪੰਚਾਇਤ ਦੇ ਨਾਮ ਤੇ ਬੋਲਦੀ ਹੈ। ਉਸ ਵਿੱਚ 32 ਕੇ.ਵੀ. ਦਾ ਗ੍ਰਿਡ ਲੱਗਿਆ ਹੋਇਆ ਹੈ। ਉਸ ਵਿੱਚੋਂ ਜਿੰਨੀ ਮਰਜ਼ੀ ਐਕਵਾਇਰ ਕਰ ਲੈਣ, ਕੋਈ ਅੜਿੱਕਾ ਨਹੀਂ ਹੈ। ਇਸ ਲਈ ਇਹ ਦੋ ਸਾਲ ਦਾ ਸਮਾਂ ਬਹੁਤ ਜ਼ਿਆਦਾ ਹੈ। ਮੁੱਖ ਮੰਤਰੀ ਜੀ ਨੇ ਇਹ ਇਸ ਕਰਕੇ ਕੀਤਾ ਸੀ ਕਿ ਬਾਕੀ ਸਕੂਲ ਪਲੱਸ ਟੂ ਤੋਂ ਬਾਅਦ ਦਾਖ਼ਲਾ ਦਿੰਦੇ ਹਨ। ਜਿਹੜਾ ਇਹ ਇੰਜੀਨੀਅਰਿੰਗ ਕਾਲਜ ਬਣਨਾ ਸੀ, ਇਸ ਵਿੱਚ ਮੈਟਰਿਕ

Original with;
Punjab Vidhan Sabha
Digitized by;
Panjab Digital Library

ਤੋਂ ਬਾਅਦ ਦਾਖ਼ਲਾ ਮਿਲਣਾ ਸੀ ਤਾਂ ਕਿ ਜਿਹੜੇ ਇਸ ਪਛੜੇ ਇਲਾਕੇ ਦੇ ਬੱਚੇ ਸਿੰਪਲ ਮੈਟਰਿਕ ਪਾਸ ਕਰਦੇ ਹਨ, ਉਹ ਵੀ ਇੰਜੀਨੀਅਰਿੰਗ ਲਾਈਨ ਵਿੱਚ ਚਲੇ ਜਾਣ। ਇਸ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਤੋਂ ਬਗੈਰ ਸਾਡਾ ਮਸਲਾ ਹੱਲ ਨਹੀਂ ਹੋਣਾ, ਇਹ ਯਕੀਨ ਦਿਵਾਉਣ ਅਤੇ ਲੋਕਾਂ ਦਾ ਭਲਾ ਕਰਨ।

ਮੰਤਰੀ: ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਜੀ। ਮਾਨਯੋਗ ਸਪੀਕਰ ਸਾਹਿਬ, ਮੈਂਬਰ ਸਾਹਿਬ ਦਾ ਜਿਹੜਾ ਡਾਊਟ ਹੈ, ਮਾਨਯੋਗ ਸੀ.ਐਮ.ਸਾਹਿਬ ਨੇ ਸੰਗਤ ਦਰਸ਼ਨ ਵਿੱਚ ਜੋ ਕਿਹਾ ਹੈ ਇਨ੍ਹਾਂ ਦਾ ਸਤਿਕਾਰ ਹੈ। ਅਸੀਂ ਇਸ ਨੂੰ ਬਣਾਉਣ ਲਈ ਸਾਰਾ ਕੰਮ ਟੇਕਅੱਪ ਕੀਤਾ ਹੈ। ਅਸੀਂ ਡਿਪਟੀ ਕਮਿਸ਼ਨਰ, ਮੋਗਾ ਨੂੰ ਲਿਖਿਆ ਹੈ ਕਿ ਇਸ ਦੇ ਬਾਰੇ ਸਾਰੀ ਡਿਟੇਲ ਭੇਜੀ ਜਾਵੇ ਕਿ ਕਿੰਨੇ ਏਰੀਏ ਵਿੱਚੋਂ ਤਾਰਾਂ ਲੰਘਦੀਆਂ ਹਨ, ਕਿੰਨਾ ਏਰੀਆ ਸਾਫ਼ ਹੈ। ਉਸ ਦਾ ਜਵਾਬ ਹਾਲੇ ਆਉਣਾ ਬਾਕੀ ਹੈ। ਇਸ ਤੋਂ ਇਲਾਵਾ ਅਸੀਂ ਪੀ.ਐੱਸ.ਪੀ.ਸੀ. ਐੱਲ. (ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ) ਨਾਲ ਵੀ ਤਾਰਾਂ ਦਾ ਇਸ਼ੂ ਟੇਕਅੱਪ ਕੀਤਾ ਹੈ, ਉਸ ਦਾ ਵੀ ਹੱਲ ਨਿਕਲ ਜਾਵੇਗਾ। ਅਸੀਂ ਵੀ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਰਿਕੁਐਸਟ ਕਰਦੇ ਹਾਂ, ਤੁਸੀਂ ਵੀ ਕਿਹਾ ਹੈ ਕਿ ਜਿਹੜਾ ਰਸਤਾ ਹੈ, ਉਸ ਨੂੰ ਚੌੜਾ ਕਰ ਦੇਈਏ। ਕੰਮ ਚੱਲਣਾ ਹੈ, ਉਸ ਦੇ ਵਾਸਤੇ ਵੀ ਰਸਤੇ ਦੀ ਜ਼ਰੂਰਤ ਹੈ। ਇਹ ਦੋ-ਤਿੰਨ ਚੀਜ਼ਾਂ ਅਸੀਂ ਜਲਦੀ ਤੋਂ ਜਲਦੀ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਇਸ ਤੇ 40 ਕਰੋੜ ਰੁਪਿਆ ਲੱਗਣਾ ਹੈ। ਦੋ ਸਾਲ ਦਾ ਸਮਾਂ ਲੱਗੇਗਾ। ਜਲਦੀ ਤੋਂ ਜਲਦੀ ਕੋਸ਼ਿਸ਼ ਕਰਕੇ ਇਹ ਕੰਮ ਕਰਕੇ ਕਾਲਜ ਬਣਾਉਣਾ ਸ਼ੁਰੂ ਕਰ ਦੇਵਾਂਗੇ। ਇਸ ਤੋਂ ਇਲਾਵਾ ਇੱਕ ਹੋਰ ਤਜਵੀਜ਼ ਹੈ ਕਿ ਜਿੰਨਾ ਚਿਰ ਇਹ ਨਹੀਂ ਬਣਦਾ, ਉਨਾ ਚਿਰ ਤੁਸੀਂ ਢੁਕਵੀਂ ਜਗ੍ਹਾ ਲੱਭ ਦਿਉ ਅਤੇ ਅਸੀਂ ਉੱਥੇ ਚਲਾਉਣ ਦਾ ਉਪਰਾਲਾ ਕਰ ਸਕਦੇ ਹਾਂ ਤਾਂ ਕਿ ਇਸ ਨੂੰ ਪਹਿਲਾਂ ਚਲਾ ਦੇਈਏ ਅਤੇ ਜਦੋਂ ਉਹ ਇੰਸਟੀਚਿਊਟ ਬਣੇਗਾ, ਉਦੋਂ ਉਸ ਵਿੱਚ ਸ਼ਿਫ਼ਟ ਕਰ ਦੇਵਾਂਗੇ। ਤੁਸੀਂ ਮੈਂਬਰ ਸਾਹਿਬ, ਇਸ ਦੀ ਕੋਸ਼ਿਸ਼ ਕਰ ਲਵੋ। ਬਾਕੀ ਐਸ਼ੋਰੈਂਸ ਹੈ ਕਿ ਅਸੀਂ ਜਲਦੀ ਤੋਂ ਜਲਦੀ ਇਸ ਨੂੰ ਬਣਾਵਾਂਗੇ।

ਸਰਦਾਰ ਤੋਤਾ ਸਿੰਘ: ਮਾਨਯੋਗ ਸਪੀਕਰ ਸਾਹਿਬ, ਨੰਬਰ ਇੱਕ, ਜਿੱਥੋਂ ਤੱਕ ਜ਼ਮੀਨ ਐਕੁਆਇਰ ਕਰਨ ਦੀ ਗੱਲ ਹੈ, ਕੋਈ ਜ਼ਮੀਨ ਐਕੁਆਇਰ ਕਰਨ ਦੀ ਲੋੜ ਨਹੀਂ ਹੈ, 6 ਏਕੜ ਜ਼ਮੀਨ ਪਹਿਲਾਂ ਹੀ ਪੰਚਾਇਤ ਦੇ ਨਾਂ ਜਿਹੜੀ ਬਿਜਲੀ ਬੋਰਡ ਨੂੰ ਦਿੱਤੀ ਹੋਈ ਹੈ, ਉਸ ਦੇ ਵਿੱਚੋਂ ਇਨ੍ਹਾਂ ਨੇ ਰਸਤਾ ਲੈ ਲੈਣਾ ਹੈ, ਉਸ ਦੇ ਵਿੱਚ ਕੋਈ ਅੜਿੱਕਾ ਨਹੀਂ ਪੈਂਦਾ। ਨੰਬਰ ਦੋ, ਜਿਹੜੀ ਬਦਲਵੀਂ ਥਾਂ ਇਨ੍ਹਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਤੋਤਾ ਸਿੰਘ]
ਨੇ ਕਹੀ ਹੈ ਉਹ ਮੋਗਾ-ਜਲੰਧਰ ਰੋਡ ਦੇ ਉੱਤੇ ਬਕਾਇਦਾ ਇੱਕ ਬਿਲਡਿੰਗ ਬਣੀ ਹੋਈ ਹੈ, ਉਹ ਵੀ ਡੀ.ਸੀ. ਨੂੰ ਵਿਖਾਈ ਸੀ ਤੇ ਉਨ੍ਹਾਂ ਨੇ ਪਸੰਦ ਕੀਤੀ ਸੀ ਤੇ ਕਿਹਾ ਸੀ ਕਿ ਫਸਟ ਸਟੇਜ ਤੇ ਇੱਥੇ ਸ਼ੁਰੂ ਕਰ ਦਿਆਂਗੇ ਉਹ ਇਹ ਵੇਖ ਲੈਣ।

ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ): ਸਤਿਕਾਰਯੋਗ ਸਪੀਕਰ ਸਾਹਿਬ, ਇਹ ਕੁਮਿੱਟਮੈਂਟ ਹੈ ਕਿ ਉਥੇ ਇਹ ਇੰਸਟੀਚਿਊਟ ਬਣੇਗਾ ਉਸ ਦੇ ਵਾਸਤੇ ਸ਼ਾਰਟਲੀ ਆਫ਼ਟਰ ਸੈਸ਼ਨ ਮੈਂ ਇਲੈਕਟ੍ਰੀਸਿਟੀ ਬੋਰਡ ਵਾਲਿਆਂ, ਰੋਡਜ਼ ਵਾਲਿਆਂ ਨੂੰ, ਜਿਸ ਕਿਸੇ ਦਾ ਇਸ ਨਾਲ ਕਨਸਰਨ ਹੋਵੇਗਾ, ਸਰਦਾਰ ਤੋਤਾ ਸਿੰਘ, ਮਨਿਸਟਰ ਸਾਹਿਬ, ਅਸੀਂ ਸਾਰੇ ਹੀ ਇਹ ਜਿਹੜੇ ਸਾਰੇ ਕਨਸਰਨਡ ਮਸਲੇ ਹਨ, ਉਨ੍ਹਾਂ ਨੂੰ ਦਸ ਮਿੰਟਾਂ ਦੇ ਵਿੱਚ ਹੱਲ ਕਰ ਦਿਆਂਗੇ। (ਥੰਪਿੰਗ)

ਸਰਦਾਰ ਤੋਤਾ ਸਿੰਘ: ਬਹੁਤ-ਬਹੁਤ ਧੰਨਵਾਦ ਜੀ।

ਮਾਨਯੋਗ ਸਪੀਕਰ: ਹਾਂ ਜੀ, ਅਗਲਾ ਸਵਾਲ, ਸਰਦਾਰ ਸੁਖਜਿੰਦਰ ਸਿੰਘ ਜੀ।

ਇੰਦਰਾ ਅਵਾਸ ਯੋਜਨਾ ਅਧੀਨ ਪ੍ਰਾਪਤ ਫੰਡ

***415. ਸਰਦਾਰ ਸੁਖਜਿੰਦਰ ਸਿੰਘ:** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਸਾਲ 2011-12 ਦੌਰਾਨ ਪਿੰਡ ਸਹਾੜੀ, ਬਲਾਕ ਧਾਰੀਵਾਲ ਅਤੇ ਪਿੰਡ ਮਾਨ, ਬਲਾਕ ਡੇਰਾ ਬਾਬਾ ਨਾਨਕ ਨੂੰ ਇੰਦਰਾ ਆਵਾਸ ਯੋਜਨਾ ਅਧੀਨ ਕੁੱਲ ਕਿੰਨੇ ਫੰਡ ਜਾਰੀ ਕੀਤੇ ਗਏ ਹਨ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਪਿੰਡਾਂ ਵਿੱਚ ਉਕਤ ਰਕਮ ਨਾਲ ਉਸਾਰੇ ਗਏ ਘਰਾਂ ਅਤੇ ਇਸ ਦੇ ਲਾਭਪਾਤਰਾਂ ਦੀ ਕੁੱਲ ਗਿਣਤੀ ਕਿੰਨੀ ਹੈ;

(ੲ) ਉਪਰੋਕਤ ਭਾਗ (ਅ) ਵਿੱਚ ਵਰਣਿਤ ਲਾਭਪਾਤਰਾਂ ਲਈ ਸਰਕਾਰ ਦੁਆਰਾ ਕੀ ਨੀਤੀ ਅਪਣਾਈ ਗਈ ਸੀ?

Original with;
Punjab Vidhan Sabha
Digitized by;
Panjab Digital Library

ਸਰਦਾਰ ਸੁਰਜੀਤ ਸਿੰਘ ਰੱਖੜਾ:

(ੳ) ਸਾਲ 2011-12 ਦੌਰਾਨ 'ਸਹਾੜੀ, ਬਲਾਕ ਧਾਰੀਵਾਲ ਨੂੰ 35.10 ਲੱਖ ਰੁਪਏ ਅਤੇ ਪਿੰਡ ਮਾਨ, ਬਲਾਕ ਡੇਰਾ ਬਾਬਾ ਨਾਨਕ ਨੂੰ 4.50 ਲੱਖ ਰੁਪਏ ਜਾਰੀ ਕੀਤੇ ਗਏ।

(ਅ) ਪਿੰਡ ਸਹਾੜੀ, ਬਲਾਕ ਧਾਰੀਵਾਲ ਵਿੱਚ 78 ਅਤੇ ਪਿੰਡ ਮਾਨ ਬਲਾਕ ਡੇਰਾ ਬਾਬਾ ਨਾਨਕ ਦੇ 10 ਲਾਭਪਾਤਰਾਂ ਨੂੰ ਘਰਾਂ ਦੀ ਉਸਾਰੀ ਲਈ ਗ੍ਰਾਂਟ ਜਾਰੀ ਕੀਤੀ ਗਈ।

(ੲ) ਇੰਦਰਾ ਅਵਾਸ ਯੋਜਨਾ ਸਕੀਮ ਦੇ ਸਬੰਧ ਵਿੱਚ ਭਾਰਤ ਸਰਕਾਰ ਦੇ ਪੇਂਡੂ ਵਿਕਾਸ ਮੰਤਰਾਲੇ ਵੱਲੋਂ ਜਾਰੀ ਕੀਤੀਆਂ ਗਈਆਂ ਅਗਵਾਈ ਲੀਹਾਂ/ਦਿਸ਼ਾ ਨਿਰਦੇਸ਼ **ਅਨੁਲੱਗ 'ੳ'** ਤੇ ਰੱਖੇ ਜਾਂਦੇ ਹਨ।

ਇਸ ਸਕੀਮ ਦਾ ਮੁੱਖ ਮੰਤਵ ਪਿੰਡਾਂ ਵਿੱਚ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਬੇਘਰੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ, ਬੰਧੂਆਂ ਮਜ਼ਦੂਰਾਂ ਅਤੇ ਗੈਰ ਅਨੁਸੂਚਿਤ ਕਬੀਲਿਆਂ ਨੂੰ ਨਵੇਂ ਮਕਾਨ ਬਣਾਉਣ ਤੇ ਕੱਚੇ ਮਕਾਨਾਂ ਨੂੰ ਪੱਕਾ ਕਰਨ ਲਈ ਸਹਾਇਤਾ ਦਿੱਤੀ ਜਾਂਦੀ ਹੈ।

ਸਰਦਾਰ ਸੁਖਜਿੰਦਰ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਪਿੰਡ ਦੇ ਵਿੱਚ 78 ਲਾਭਪਾਤਰੀਆਂ ਨੂੰ 35 ਲੱਖ 10 ਹਜ਼ਾਰ ਰੁਪਿਆ ਦਿੱਤਾ ਗਿਆ ਹੈ। ਜਿਹੜੇ ਬੈਨੀਫਿਸ਼ਰੀਜ਼ ਹਨ, ਕੀ ਉਨ੍ਹਾਂ ਨੂੰ ਡਾਇਰੈਕਟ ਗਰਾਂਟ ਜਾਣੀ ਚਾਹੀਦੀ ਸੀ ਜਾਂ ਫ਼ਿਰ ਸਰਪੰਚ ਦੇ ਖਾਤੇ ਵਿੱਚ ਪੈਸੇ ਜਾਣੇ ਚਾਹੀਦੇ ਸਨ?

ਮੰਤਰੀ: ਸਪੀਕਰ ਸਾਹਿਬ, ਇਸ ਦੇ ਦੋ ਹੀ ਤਰੀਕੇ ਹਨ, ਵੈਸੇ ਤਾਂ ਪੈਸੇ ਡਾਇਰੈਕਟ ਜਾਣੇ ਚਾਹੀਦੇ ਹਨ ਪਰ ਇਸ ਵਿੱਚ ਪੰਚਾਇਤ ਨੇ ਮੈਟੀਰੀਅਲ ਲੈ ਕੇ ਖਰੀਦ ਕੇ ਦਿੱਤਾ ਹੈ, ਉਸ ਦੀ ਕਮੇਟੀ ਦੁਆਰਾ ਇਨਕੁਆਰੀ ਹੋਈ ਸੀ ਅਤੇ ਇਹ ਏ.ਡੀ.ਸੀ. ਡਿਵੈਲਪਮੈਂਟ ਨੂੰ ਇਨਕੁਆਰੀ ਦਿੱਤੀ ਗਈ ਸੀ। ਮੇਰਾ ਖ਼ਿਆਲ ਹੈ ਕਿ ਇਸ ਇਨਕੁਆਰੀ ਦੀ ਰਿਪੋਰਟ ਆ ਗਈ ਹੈ, ਥੋੜ੍ਹੇ ਦਿਨਾਂ ਦੇ ਵਿੱਚ ਸਾਡੇ ਕੋਲ ਆ ਜਾਵੇਗੀ ਜੋ ਵੀ ਅਫ਼ਸਰ ਇਸ ਦੇ ਲਈ ਜ਼ਿੰਮੇਵਾਰ ਹੋਇਆ ਉਸ ਨੂੰ ਸਜ਼ਾ ਦਿੱਤੀ ਜਾਵੇਗੀ।

ਸਰਦਾਰ ਸੁਖਜਿੰਦਰ ਸਿੰਘ: ਮੰਤਰੀ ਸਾਹਿਬ, ਮੇਰਾ ਖ਼ਿਆਲ ਹੈ ਕਿ ਥੱਲਿਉਂ ਉਨ੍ਹਾਂ ਨੇ ਤੁਹਾਨੂੰ ਇਹ ਨਹੀਂ ਦੱਸਿਆ ਕਿ ਇਸ ਦੀ ਇਨਕੁਆਰੀ ਏ.ਡੀ.ਸੀ. ਡਿਵੈਲਪਮੈਂਟ ਕੋਲੋਂ ਨਹੀਂ ਬਲਕਿ ਏ.ਡੀ.ਸੀ. ਜਨਰਲ ਦੇ ਕੋਲੋਂ ਹੋਈ ਹੈ। ਮਿਤੀ

** Placed in the revisor Branch.

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਖਜਿੰਦਰ ਸਿੰਘ]
28.06.2012 ਨੂੰ ਮੈਂ ਆਪ ਡਿਪਟੀ ਕਮਿਸ਼ਨਰ ਨੂੰ ਮਿਲ ਕੇ ਇਹ ਇਨਕੁਆਰੀ ਦੇ ਕੇ ਆਇਆ ਉਸ ਦੇ ਵਿੱਚ ਪੰਜ ਲਾਭਪਾਤਰੀ ਜਿਹੜੇ ਕਿ ਸ਼ਡਿਊਲਡ ਕਾਸਟ ਵੀ ਨਹੀਂ ਹਨ, ਉਨ੍ਹਾਂ ਨੂੰ ਸ਼ਡਿਊਲਡ ਕਾਸਟ ਦੱਸਿਆ ਗਿਆ ਹੈ। ਇਨ੍ਹਾਂ ਵਿੱਚੋਂ 10 ਆਦਮੀ ਉਹ ਹਨ, ਜਿਨ੍ਹਾਂ ਨੂੰ ਪਹਿਲਾਂ ਹੀ ਗੌਰਮਿੰਟ ਨੇ ਕਾਲੋਨੀ ਬਣਾ ਕੇ ਦਿੱਤੀ ਹੋਈ ਹੈ ਤੇ ਫਿਰ ਦੁਬਾਰਾ ਉਨ੍ਹਾਂ ਨੂੰ ਇਸ ਦੇ ਵਿੱਚ ਪਾਇਆ ਗਿਆ ਹੈ। ਪੰਜ ਉਸ ਸਰਪੰਚ ਦੇ ਆਪਣੇ ਰਿਸ਼ਤੇਦਾਰ ਹਨ। ਅਸੀਂ ਡਿਪਟੀ ਕਮਿਸ਼ਨਰ ਨੂੰ ਸਾਰਾ ਕੁਝ, ਜ਼ਮੀਨਾਂ ਦੇ ਨੰਬਰ ਜਿੰਨਾ ਕੁ ਹੋਣਾ ਚਾਹੀਦਾ ਹੈ, ਪੱਕੇ ਮਕਾਨਾਂ ਬਾਰੇ ਜਿਨ੍ਹਾਂ ਦੀਆਂ ਪਹਿਲਾਂ ਕੋਠੀਆਂ ਬਣੀਆਂ ਹਨ, ਉਨ੍ਹਾਂ ਲੋਕਾਂ ਨੂੰ ਦੇ ਗਏ ਹਨ ਪਰ 6 ਮਹੀਨਿਆਂ ਦੇ ਵਿੱਚ ਉਸ ਦੇ ਵਿੱਚ ਕੁਝ ਨਹੀਂ ਹੋਇਆ। ਦੂਜਾ ਮਾਨ ਪਿੰਡ ਦੀ ਇਨਕੁਆਰੀ ਜਿਹੜੀ ਸਾਨੂੰ ਡਿਸਟ੍ਰਿਕਟ ਮੋਨੀਟਰਿੰਗ ਐਂਡ ਵਿਜੀਲੈਂਸ ਕਮੇਟੀ ਦੀ ਮੀਟਿੰਗ ਵਿੱਚ ਮੁਹੱਈਆ ਕਰਵਾਈ ਗਈ, ਆਹ ਲਿਸਟ ਮੈਨੂੰ ਦਸਾਂ ਆਦਮੀਆਂ ਦੀ ਦਿੱਤੀ ਗਈ ਅਤੇ ਜਦੋਂ ਅਸੀਂ ਪਿੰਡ ਦੇ ਵਿੱਚ ਗਏ ਤਾਂ ਏ.ਡੀ.ਸੀ. ਡਿਵੈਲਪਮੈਂਟ ਉਸ ਵੇਲੇ ਨਾਲ ਸੀ, ਉਸ ਵੇਲੇ ਇਹ ਲਿਸਟ ਵੀ ਨਹੀਂ ਸੀ, ਉਸ ਵੇਲੇ ਉਨ੍ਹਾਂ ਨੇ ਮੌਕੇ ਤੇ ਕੋਈ ਹੋਰ ਲਿਸਟ ਸਾਨੂੰ ਦੇ ਦਿੱਤੀ। ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਅਫ਼ਸਰ ਨੇ ਇਹ ਚੀਜ਼ਾਂ ਕੀਤੀਆਂ ਹਨ, ਗ਼ਲਤ ਬੰਦਿਆਂ ਨੂੰ ਆਈਡੈਂਟੀਫਾਈ ਕੀਤਾ ਹੈ, ਕੀ ਉਨ੍ਹਾਂ ਉੱਤੇ ਵੀ ਪਰਚਾ ਦਰਜ ਕੀਤਾ ਜਾਵੇਗਾ ਜਾਂ ਇਕੱਲੇ ਸਰਪੰਚ ਤੇ ਕੀਤਾ ਜਾਵੇਗਾ ?

ਮੰਤਰੀ: ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਜਿਹੜੇ ਪੰਚਾਇਤ ਜਾਂ ਜਿਹੜੇ ਅਫ਼ਸਰਾਂ ਦੀ ਗਲਤੀ ਹੈ, ਜਦੋਂ ਵੀ ਰਿਪੋਰਟ ਆ ਗਈ, ਇਮੀਜੀਏਟਲੀ ਉਸ ਤੇ ਐਕਸ਼ਨ ਕੀਤਾ ਜਾਵੇਗਾ, ਉਸ ਤੇ ਪੂਰੀ ਕਾਰਵਾਈ ਹੋਵੇਗੀ, ਪਰਚਾ ਵੀ ਹੋਵੇਗਾ। ਜੋ ਵੀ ਬਣਦਾ ਹੋਵੇਗਾ ਉਹ ਕੀਤਾ ਜਾਵੇਗਾ।

ਸਰਦਾਰ ਸੁਖਜਿੰਦਰ ਸਿੰਘ: 6 ਮਹੀਨੇ ਦੇ ਵਿੱਚ ਤਾਂ ਅਜੇ ਤੱਕ ਕੋਈ ਰਿਪੋਰਟ ਆਈ ਨਹੀਂ, ਮੈਂ ਪਿਛੇ ਜਿਹੇ ਤੁਹਾਨੂੰ ਲਿਖ ਕੇ ਦੇ ਗਿਆ ਸੀ। ਤੁਸੀਂ ਚੰਡੀਗੜ੍ਹ ਤੋਂ ਕਿਸੇ ਦੀ ਡਿਊਟੀ ਲਗਾ ਦਿਉ, ਉੱਥੋਂ ਤਾਂ ਤੁਹਾਡੇ ਕੋਲ ਆਉਣੀ ਨਹੀਂ ਹੈ।

ਮੰਤਰੀ: ਅਸੀਂ ਰਿਪੋਰਟ ਛੇਤੀ ਮੰਗਵਾ ਲੈਂਦੇ ਹਾਂ। ਮੈਨੂੰ ਪਤਾ ਲੱਗਾ ਹੈ ਕਿ ਇਹ ਰਿਪੋਰਟ ਬਣ ਗਈ ਹੈ ਪਰ ਸਾਡੇ ਕੋਲ ਰਿਪੋਰਟ ਪਹੁੰਚੀ ਨਹੀਂ, ਬੱਸ ਇੰਨਾ ਹੀ ਫਰਕ ਹੈ।

ਮਾਨਯੋਗ ਸਪੀਕਰ: ਹਾਂ ਜੀ, ਅਗਲਾ ਸਵਾਲ।

Original with;
Punjab Vidhan Sabha
Digitized by;
Panjab Digital Library

ਸ਼ਹੀਦ ਭਗਤ ਸਿੰਘ ਜੀ ਦੀ ਸਮਾਧ ਤੋਂ ਰਾਜੋਕੇ ਗੱਟੀ ਤੱਕ ਸੜਕ ਨੂੰ ਅੱਪਗ੍ਰੇਡ ਕਰਨਾ

***385. ਸਰਦਾਰ ਪਰਮਿੰਦਰ ਸਿੰਘ ਪਿੰਕੀ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਸ਼ਹੀਦ ਭਗਤ ਸਿੰਘ ਜੀ ਦੀ ਸਮਾਧ ਤੋਂ ਲੈ ਕੇ ਰਾਜੋਕੇ ਗੱਟੀ ਤੱਕ ਟੁੱਟੀ ਹੋਈ ਸੜਕ ਨੂੰ ਅੱਪਗ੍ਰੇਡ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਕਦੋਂ ਤੱਕ ਬਣ ਜਾਵੇਗੀ ?

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ: ਸ਼੍ਰੀਮਾਨ ਜੀ। ਸ਼ਹੀਦ ਭਗਤ ਸਿੰਘ ਜੀ ਦੀ ਸਮਾਧ ਤੋਂ ਲੈ ਕੇ ਰਾਜੋਕੇ ਗੱਟੀ ਲਿੰਕ ਸੜਕ ਨੂੰ ਅੱਪਗ੍ਰੇਡ (ਚੌੜਾ ਤੇ ਮਜ਼ਬੂਤ) ਕਰਨ ਵਾਸਤੇ ਪ੍ਰਧਾਨ ਮੰਤਰੀ ਗ੍ਰਾਮ ਸੜਕ ਸਕੀਮ ਫੇਜ਼-II ਅਧੀਨ ਤਜਵੀਜ਼ ਕਰਕੇ ਮਨਿਸਟਰੀ ਆਫ਼ ਰੂਰਲ ਡਿਵੈਲਪਮੈਂਟ ਭਾਰਤ ਸਰਕਾਰ, ਦਿੱਲੀ ਨੂੰ ਭੇਜ ਦਿੱਤੀ ਗਈ ਹੈ। ਪ੍ਰਵਾਨਗੀ ਪ੍ਰਾਪਤ ਹੋਣ ਉਪਰੰਤ ਇਸ ਸੜਕ ਦੀ ਅੱਪਗ੍ਰੇਡਸ਼ਨ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ।

ਸਰਦਾਰ ਪਰਮਿੰਦਰ ਸਿੰਘ ਪਿੰਕੀ: ਧੰਨਵਾਦ ਜੀ।

ਮਾਨਯੋਗ ਸਪੀਕਰ: ਕੋਈ ਸਪਲੀਮੈਂਟਰੀ ਨਹੀਂ। ਨੈਕਸਟ ਕੁਐਸਚਨ।

ਸ਼੍ਰੀਮਤੀ ਰਜਿੰਦਰ ਕੌਰ ਭੱਠਲ: ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦੀ ਹਾਂ ਕਿ ਇੱਕ ਹੋਰ ਸੜਕ ਅਜਿਹੀ ਹੈ ਜਿਹੜੀ ਪ੍ਰਧਾਨ ਮੰਤਰੀ ਸਕੀਮ ਨਾਲ ਤਾਅਲੁਕ ਰੱਖਦੀ ਹੈ....

ਮਾਨਯੋਗ ਸਪੀਕਰ: ਇਸ ਵਿੱਚ ਸਾਰਾ ਮੈਨਸ਼ਨ ਹੈ।

ਸ਼੍ਰੀਮਤੀ ਰਜਿੰਦਰ ਕੌਰ ਭੱਠਲ: ਮੈਨਸ਼ਨ ਤਾਂ ਹੈ ਪਰ ਸਪਲੀਮੈਂਟਰੀਜ਼ ਲੈਪਸ ਕਰਨ ਵਾਲੀ ਗੱਲ ਤਾਂ ਹਮੇਸ਼ਾ ਕੀਤੀ ਜਾਂਦੀ ਰਹੀ ਹੈ। ਸਬਜੈਕਟ ਨਾਲ ਕਨਸਰਨਡ ਸਪਲੀਮੈਂਟਰੀ.....

ਮਾਨਯੋਗ ਸਪੀਕਰ: ਸਬਜੈਕਟ ਨਾਲ ਤਾਂ ਬਹੁਤ ਸਾਰੀਆਂ ਸੜਕਾਂ ਲਿੰਕਡ ਹਨ।

ਸ਼੍ਰੀਮਤੀ ਰਜਿੰਦਰ ਕੌਰ ਭੱਠਲ: ਬਹੁਤ ਸਾਰੀਆਂ ਨਹੀਂ ਹਨ। ਤੁਸੀਂ ਚਾਰ ਸਪਲੀਮੈਂਟਰੀਜ਼ ਦਿਉਗੇ ਅਤੇ ਅਸੀਂ ਲਵਾਂਗੇ।

ਮਾਨਯੋਗ ਸਪੀਕਰ: ਇਸ ਕੁਐਸਚਨ ਨਾਲ ਸਬੰਧਤ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

ਸ਼੍ਰੀਮਤੀ ਰਜਿੰਦਰ ਕੌਰ ਭੱਠਲ: ਬਿਲਕੁਲ ਸਬੰਧਤ ਹੈ ਜੀ। ਪ੍ਰਾਈਮ ਮਨਿਸਟਰ ਸਕੀਮ ਦੀਆਂ ਸੜਕਾਂ ਹਨ।

ਮਾਨਯੋਗ ਸਪੀਕਰ: ਪ੍ਰਾਈਮ ਮਨਿਸਟਰ ਸਕੀਮ ਤਾਂ ਸਾਰੇ ਦੇਸ਼ ਨਾਲ ਸਬੰਧਤ ਹੈ।

ਸ਼੍ਰੀਮਤੀ ਰਜਿੰਦਰ ਕੌਰ ਭੱਠਲ: ਤੁਸੀਂ ਮੈਨੂੰ ਪੂਰੀ ਗੱਲ ਤਾਂ ਕਰਨ ਦਿਉ।

ਮਾਨਯੋਗ ਸਪੀਕਰ: ਮੈਂ ਇਹ ਕਹਿ ਰਿਹਾ ਹਾਂ ਕਿ ਜੇਕਰ ਇਸ ਕੁਐਸਚਨ ਨਾਲ ਸਬੰਧਤ ਹੈ ਤਾਂ ਕਰ ਸਕਦੇ ਹੋ।

ਸ਼੍ਰੀਮਤੀ ਰਜਿੰਦਰ ਕੌਰ ਭੱਠਲ: ਨਹੀਂ ਜੀ, ਇਹ ਤਾਂ ਹਮੇਸ਼ਾ ਹੁੰਦਾ ਰਿਹਾ ਹੈ। ਤੁਸੀਂ ਤਾਂ ਇੰਨੇ ਦਰਿਆ ਦਿਲ ਹੋ। ਤੁਸੀਂ ਲੋਕ ਸਭਾ ਵਿੱਚ ਵੀ ਡਿਪਟੀ ਸਪੀਕਰ ਰਹੇ ਹੋ ਅਤੇ ਉੱਥੇ ਵੀ ਅਜਿਹਾ ਕਰਦੇ ਰਹੇ ਹੋ। ਕਨਸਰਨਡ ਸਬਜੈਕਟ ਉੱਪਰ ਕੋਈ ਵੀ ਗੱਲ ਕੀਤੀ ਜਾ ਸਕਦੀ ਹੈ। ਉਹ ਪੰਜਾਬ ਦੇ ਕਿਸੇ ਵੀ ਏਰੀਏ ਨਾਲ ਸਬੰਧਤ ਹੋ ਸਕਦੀ ਹੈ। ਤੁਸੀਂ ਮੰਤਰੀ ਜੀ ਨੂੰ ਜਵਾਬ ਦੇਣ ਦਿਉ ਅਤੇ ਉਹ ਜਵਾਬ ਦੇਣਗੇ। ਇਨ੍ਹਾਂ ਤੋਂ ਅਸੀਂ ਸਿਰਫ਼ ਹਾਂ ਹੀ ਕਰਵਾਉਣੀ ਹੈ। ਸਬੰਧਤ ਸੜਕ ਪ੍ਰਾਈਮ ਮਨਿਸਟਰ ਸਕੀਮ ਵਿੱਚ ਪਾਸ ਵੀ ਹੋ ਚੁੱਕੀ ਹੈ, ਇਸ ਦੀ ਅਪਰੂਵਲ ਹੋ ਚੁੱਕੀ ਹੈ। ਇਸ ਦੇ ਬਣਨ ਵਿੱਚ ਕਿਉਂ ਦੇਰੀ ਹੋ ਰਹੀ ਹੈ ਅਤੇ ਇਹ ਕਦੋਂ ਤੱਕ ਬਣਾ ਦਿੱਤੀ ਜਾਵੇਗੀ ?

ਮੰਤਰੀ: ਬੀਬੀ ਜੀ, ਤੁਸੀਂ ਮੈਨੂੰ ਸੜਕ ਬਾਰੇ ਲਿਖ ਕੇ ਭੇਜ ਦਿਉ। ਜੋ ਤੁਹਾਡੀ ਸਿਫਾਰਸ਼ ਹੈ, ਇਸ ਨੂੰ ਪ੍ਰਵਾਨ ਕੀਤਾ ਜਾਵੇਗਾ।

ਡਰੇਨ ਉੱਤੇ ਪੁਲ ਦੀਆਂ ਸਾਈਡਾਂ ਦੀ ਉਸਾਰੀ

***408. ਸਰਦਾਰ ਤੋਤਾ ਸਿੰਘ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਮੋਗਾ ਵਿੱਚ ਬੁੱਘੀਪੁਰਾ- ਬਹੋਨਾ ਰੋਡ ਉੱਤੇ ਮੋਗਾ ਡਰੇਨ ਉਤੇ ਬਣੇ ਹੋਏ (ਬੁਰਜੀ ਨੰ: 92000) ਪੁਲ ਦੀਆਂ ਪੂਰੀ ਤਰ੍ਹਾਂ ਟੁੱਟ ਚੁੱਕੀਆਂ ਸਾਈਡਾਂ (Side Walls) ਨੂੰ ਮੁੜ ਬਨਾਉਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਕਦੋਂ ਤੱਕ ਬਣਾ ਦਿੱਤੀਆਂ ਜਾਣਗੀਆਂ ?

ਸਰਦਾਰ ਪਰਕਾਸ਼ ਸਿੰਘ ਬਾਦਲ: ਜੀ ਹਾਂ। ਇਹ ਮਿਤੀ 17-12-2012 ਨੂੰ ਮੁਕੰਮਲ ਹੋ ਗਿਆ ਹੈ।

ਸਰਦਾਰ ਤੋਤਾ ਸਿੰਘ: ਮੈਂ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਇਸ ਡ੍ਰੇਨ ਦੇ ਪੁਲ ਦੀਆਂ ਸਾਈਡਾਂ ਮੁਕੰਮਲ ਕਰਵਾ ਦਿੱਤੀਆਂ ਹਨ ਪਰ ਮੈਂ ਤੁਹਾਡੇ

Original with;
Punjab Vidhan Sabha
Digitized by;
Panjab Digital Library

ਰਾਹੀਂ ਮੁੱਖ ਮੰਤਰੀ ਜੀ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਅਤੇ ਵਿਸ਼ੇਸ਼ ਕਰਕੇ ਸਾਡੇ ਮੋਗਾ ਜ਼ਿਲ੍ਹੇ ਵਿੱਚ ਜਿੱਥੇ ਸੇਮ ਕਾਰਨ ਕਾਫ਼ੀ ਡਰੇਨਾਂ ਕੱਢੀਆਂ ਹੋਈਆਂ ਹਨ, ਉੱਥੇ ਜਿਹੜਾ ਕਿੱਲਾ ਹੈ ਉਸ ਦੀਆਂ ਵੱਟਾਂ ਧਰੂ ਤਾਰੇ ਦੇ ਹਿਸਾਬ ਨਾਲ ਕੱਟੀਆਂ ਹੋਈਆਂ ਹਨ ਅਤੇ ਡਰੇਨਾਂ ਟੇਢੀਆਂ ਜਾ ਰਹੀਆਂ ਹਨ। ਜਿਸ ਕਾਰਨ ਸਾਰੇ ਪੁਲ ਟੇਢੇ ਬਣੇ ਹੋਏ ਹਨ। ਜੇਕਰ ਰਸਤੇ 90 ਡਿਗਰੀ ਤੇ ਹਨ ਤਾਂ ਡਰੇਨ 75 ਡਿਗਰੀ ਤੇ ਚੱਲ ਰਹੀ ਹੈ। ਜਿਸ ਕਾਰਨ ਮੋਟਰ ਸਾਈਕਲ ਜਾਂ ਕਾਰ ਸਿੱਧੀ ਡਰੇਨ ਵਿੱਚ ਜਾ ਡਿੱਗਦੀ ਹੈ। ਇਸ ਲਈ ਜਿਹੜੀਆਂ ਸਾਈਡਾਂ ਪੁੱਟੀਆਂ ਹੋਈਆਂ ਹਨ, ਕੀ ਇਹ ਇਨ੍ਹਾਂ ਦੇ ਡਿਜ਼ਾਇਨ ਵਿੱਚ ਕੋਈ ਚੇਂਜ਼ ਕਰਨਗੇ? ਸਾਈਡ ਤਾਂ ਹੁਣ ਬਣ ਗਈ ਪਰ ਅਗਲੇ ਸਾਲ ਕੰਬਾਈਨਾਂ ਵਾਲਿਆਂ ਨੇ ਤੋੜ ਕੇ ਡਰੇਨ ਵਿੱਚ ਸੁੱਟ ਦੇਣੀ ਹੈ ਅਤੇ ਲਗਾਏ ਹੋਏ ਪੈਸੇ ਬੇਅਰਥ ਜਾਣੇ ਹਨ। ਜੇ ਤੁਸੀਂ ਇਸ ਨੂੰ ਲੈਂਟਰ ਵਾਂਗ ਬੀਮ ਪਾ ਕੇ ਧਰਤੀ ਵਿੱਚ ਦੱਬ ਦਿਉਗੇ ਤਾਂ ਕਿ ਉਹ ਡਰੇਨ ਵਿੱਚ ਨਾ ਡਿੱਗੇ ਤਾਂ ਜ਼ਿਆਦਾ ਠੀਕ ਰਹੇਗਾ ਅਤੇ ਜੇਕਰ ਟੇਢੀ ਹੈ ਤਾਂ ਆਉਣ-ਜਾਣ ਵਾਲੇ ਨੂੰ ਪਹਿਲਾਂ ਹੀ ਪਤਾ ਲੱਗ ਜਾਵੇ ਕਿ ਅੱਗੇ ਪੁਲ ਹੈ। ਇਨ੍ਹਾਂ ਚੀਜ਼ਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕੀ ਇਹ ਡਿਜ਼ਾਇਨ ਵਿੱਚ ਕੋਈ ਤਬਦੀਲੀ ਕਰਨਗੇ?

ਮਾਨਯੋਗ ਸਪੀਕਰ: ਇਹ ਇੰਜੀਨੀਅਰਿੰਗ ਦਾ ਕੰਮ ਹੈ। ਇਸ ਵਿੱਚ ਇਨ੍ਹਾਂ ਨੇ ਕੀ ਕਹਿਣਾ ਹੈ। ਨੈਕਸਟ ਕੁਐਸਚਨ।

ਸਰਦਾਰ ਬਲਬੀਰ ਸਿੰਘ ਸਿੱਧੂ: ਸਪੀਕਰ ਸਾਹਿਬ, ਜਦੋਂ ਭਾਦਸੋਂ ਜਾਂਦੇ ਹਾਂ ਤਾਂ ਭਾਖੜਾ ਨਹਿਰ ਦੇ ਨਾਲ ਇੱਕ ਪੁਲੀ ਹੈ, ਜਿਸ ਨੂੰ ਟੁੱਟਿਆਂ ਦਸ ਸਾਲ ਹੋ ਗਏ ਹਨ। ਤਕਰੀਬਨ ਰੋਜ ਉਥੇ ਐਕਸੀਡੈਂਟ ਹੁੰਦੇ ਹਨ। ਐਮ.ਐਲ.ਏ., ਵਜ਼ੀਰ ਉਥੋਂ ਲੰਘਦੇ ਹਨ। ਕੀ ਸਰਕਾਰ ਇਸ ਪੁਲੀ ਨੂੰ ਠੀਕ ਕਰਵਾਏਗੀ?

ਮਾਨਯੋਗ ਸਪੀਕਰ: ਇਸ ਦਾ ਸੈਪਰੇਟ ਸਵਾਲ ਦੇ ਦੇਣਾ। ਨੈਕਸਟ ਕੁਐਸਚਨ।

ਮੁਕੇਰੀਆਂ ਵਿਖੇ ਕੂੜਾ-ਕਰਕਟ ਲਈ ਜਗ੍ਹਾ ਮੁਹੱਈਆ ਕਰਵਾਉਣਾ

***420. ਸ਼੍ਰੀ ਰਜਨੀਸ਼ ਕੁਮਾਰ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮੁਕੇਰੀਆਂ ਨਗਰ ਕੌਂਸਲ ਸ਼ਹਿਰ ਦਾ ਕੂੜਾ ਕਰਕਟ ਸੁੱਟਣ ਲਈ ਕੋਈ ਸਰਕਾਰੀ ਜ਼ਮੀਨ ਦੀ ਵਿਵਸਥਾ ਕਰਨ ਲਈ ਵਿਚਾਰ ਕਰੇਗੀ ਜੇਕਰ ਹਾਂ ਤਾਂ ਕਦੋਂ ਤੱਕ?

Original with;
Punjab Vidhan Sabha
Digitized by;
Panjab Digital Library

ਸ਼੍ਰੀ ਚੂਨੀ ਲਾਲ ਭਗਤ: ਨਗਰ ਕੌਂਸਲ, ਮੁਕੇਰੀਆਂ ਦੇ ਮਤਾ ਨੰ: 47 ਮਿਤੀ 26/07/2012 ਰਾਹੀਂ ਕੂੜਾ ਕਰਕਟ ਸੁੱਟਣ ਲਈ ਨਵੀਂ ਜਗ੍ਹਾ ਸਿਲੈਕਟ ਕਰਨ ਲਈ ਸਿਲੈਕਸ਼ਨ ਕਮੇਟੀ ਬਣਾਈ ਗਈ। ਸਿਲੈਕਸ਼ਨ ਕਮੇਟੀ ਵੱਲੋਂ ਪਿੰਡ ਜਹਾਦਪੁਰ ਹੱਦਬਸਤ ਨੰ: 428 ਤਹਿਸੀਲ ਮੁਕੇਰੀਆਂ ਵਿਖੇ ਪੰਚਾਇਤ ਦੀ ਜ਼ਮੀਨ ਕੂੜਾ ਕਰਕਟ ਡੰਪ ਕਰਨ ਲਈ ਸਿਲੈਕਟ ਕੀਤੀ ਗਈ ਹੈ। ਇਹ ਜਗ੍ਹਾ ਨਗਰ ਕੌਂਸਲ, ਮੁਕੇਰੀਆਂ ਨੂੰ 2 ਸਾਲਾਂ ਲਈ ਲੀਜ਼ ਤੇ ਦੇਣ ਲਈ ਕੇਸ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ, ਮੁਕੇਰੀਆਂ ਨੂੰ ਪੱਤਰ ਨੰ: 1160 ਮਿਤੀ 08/10/2012 ਰਾਹੀਂ ਭੇਜਿਆ ਗਿਆ ਹੈ। ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ, ਮੁਕੇਰੀਆਂ ਤੋਂ ਲੋੜੀਂਦੀ ਪ੍ਰਵਾਨਗੀ ਪ੍ਰਾਪਤ ਹੋਣ ਉਪਰੰਤ ਕੂੜਾ ਕਰਕਟ ਨਵੀਂ ਜਗ੍ਹਾ ਤੇ ਸੁੱਟਣ ਲਈ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਸ਼੍ਰੀ ਰਜਨੀਸ਼ ਕੁਮਾਰ: ਸਪੀਕਰ ਸਾਹਿਬ, ਮੈਂ ਆਪ ਜੀ ਦੁਆਰਾ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਪਿੰਡ ਜਹਾਦਪੁਰ ਹੈ, ਇਹ ਮੁਕੇਰੀਆਂ ਤੋਂ ਤਕਰੀਬਨ 8-9 ਕਿਲੋਮੀਟਰ ਦੀ ਦੂਰੀ ਤੇ ਹੈ। ਜਿੱਥੇ ਇਨ੍ਹਾਂ ਨੇ ਟਰੀਟਮੈਂਟ ਪਲਾਂਟ ਲਗਾਇਆ ਹੈ, ਉਹ ਤਿੰਨ ਕਿਲਮੀਟਰ ਦੂਰ ਹੈ, ਉੱਥੇ ਪੌਣੇ ਦੋ ਕਰੋੜ ਰੁਪਏ ਦੀ ਪੈਲੀ ਮਿਉਂਸਿਪਲ ਕਮੇਟੀ ਨੇ ਖ਼ਰੀਦੀ ਹੈ ਪਰ ਉੱਥੇ ਲਾਗੇ ਹੀ ਪਿੰਡ ਮਧੀਨਪੁਰ ਦੀ ਵੀ ਪੈਲੀ ਹੈ, ਇਹ ਇਸ ਨੂੰ ਉਥੇ ਵੀ ਲਗਵਾ ਸਕਦੇ ਸੀ। ਇਨ੍ਹਾਂ ਨੇ ਕੂੜੇ ਕਰਕਟ ਨੂੰ ਡੰਪ ਕਰਨ ਲਈ ਜਿਹੜੀ ਜਗ੍ਹਾ ਦੀ ਸਿਲੈਕਸ਼ਨ ਕੀਤੀ ਹੈ, ਉਹ ਗੁਡੀਆਂ ਸ਼ਿਵਾਲੇ ਦੇ ਲਾਗੇ ਹੈ, ਜਿੱਥੇ ਮੰਦਰ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਦੋ ਸਾਲਾਂ ਵਾਸਤੇ ਲੀਜ਼ ਤੇ ਜਗ੍ਹਾ ਮੰਗੀ ਹੈ, ਕੀ ਦੋ ਸਾਲਾਂ ਬਾਅਦ ਕੋਈ ਇਸ ਦਾ ਪੱਕਾ ਪ੍ਰਬੰਧ ਕਰਨਗੇ ਕਿ ਜਿਹੜਾ ਕੂੜਾ ਕਰਕਟ ਹੈ, ਇਸ ਨੂੰ ਡੰਪ ਕਰਨ ਵਾਸਤੇ ਪੱਕੀ ਜਗ੍ਹਾ ਬਣ ਸਕੇ?

ਮੰਤਰੀ: ਸਪੀਕਰ ਸਾਹਿਬ, ਐਮ.ਐਲ.ਏ. ਸਾਹਿਬ ਉਥੋਂ ਦੇ ਨੁਮਾਇੰਦੇ ਹਨ, ਅਗਰ ਕੋਈ ਸਸਤੀ ਅਤੇ ਠੀਕ ਜਗ੍ਹਾ ਉਥੇ ਹੋਰ ਕਿਤੇ ਮਿਲ ਸਕਦੀ ਹੈ ਤਾਂ ਇਹ ਦਿਵਾ ਦੇਣ। ਅਸੀਂ ਉਥੇ ਹੀ ਬਣਾ ਦੇਵਾਂਗੇ। (ਥੰਪਿੰਗ)

ਸ਼੍ਰੀ ਰਜਨੀਸ਼ ਕੁਮਾਰ: ਸਪੀਕਰ ਸਾਹਿਬ, ਮੁਕੇਰੀਆਂ ਦੇ ਲੋਕਾਂ ਦੀ 44 ਏਕੜ ਜ਼ਮੀਨ ਤਾਂ ਇਨ੍ਹਾਂ ਨੇ ਪੁੱਡਾ ਨੂੰ ਦੇ ਦਿੱਤੀ ਹੈ, ਮੈਂ ਸਸਤੀ ਜਗ੍ਹਾ ਇਨ੍ਹਾਂ ਨੂੰ ਕਿੱਥੋਂ ਦਿਵਾ ਦਿਆਂਗਾ ਜੀ? (ਆਪੋਜੀਸ਼ਨ ਵੱਲੋਂ ਥੰਪਿੰਗ)

ਮਾਨਯੋਗ ਸਪੀਕਰ: ਅਗਲਾ ਸਵਾਲ। ਸ਼੍ਰੀਮਤੀ ਗੁਰਇਕਬਾਲ ਕੌਰ ਜੀ।

ਸਰਦਾਰ ਚਰਨਜੀਤ ਸਿੰਘ ਚੰਨੀ: ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਹੈ ਜੀ।

Original with;
Punjab Vidhan Sabha
Digitized by;
Panjab Digital Library

ਮਾਨਯੋਗ ਸਪੀਕਰ: ਹੁਣ ਮੈਂ ਅਗਲਾ ਸਵਾਲ ਬੋਲ ਚੁੱਕਿਆ ਹਾਂ, ਜਾਂ ਤਾਂ ਪਹਿਲਾਂ ਖੜ੍ਹੇ ਹੋ ਜਾਂਦੇ। ਜਿਨ੍ਹਾਂ ਨੇ ਸਵਾਲ ਕੀਤਾ ਹੈ, ਉਨ੍ਹਾਂ ਨੇ ਤਾਂ ਅਗਲੀ ਸਪਲੀਮੈਂਟਰੀ ਕੀਤੀ ਨਹੀਂ।

ਰਾਸ਼ਟਰੀ ਸਿਹਤ ਬੀਮਾ ਯੋਜਨਾ ਦੇ ਕਾਰਡ ਨਵਿਆਉਣਾ

***414. ਸ਼੍ਰੀਮਤੀ ਗੁਰਇਕਬਾਲ ਕੌਰ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਰਾਸ਼ਟਰੀ ਸਿਹਤ ਬੀਮਾ ਯੋਜਨਾ ਅਧੀਨ ਰਾਜ ਦੇ ਕਿੰਨੇ ਪਰਿਵਾਰਾਂ ਦੇ ਸਮਾਰਟ ਕਾਰਡ ਬਣਾਏ ਗਏ ਹਨ ਅਤੇ ਇਨ੍ਹਾਂ ਕਾਰਡਾਂ ਨੂੰ ਨਵਿਆਉਣ ਦੀ ਕੀ ਯੋਜਨਾ ਹੈ;

(ਅ) ਸਾਲ 2011-12 ਤੋਂ ਅੱਜ ਤੱਕ ਇਸ ਸਕੀਮ ਤਹਿਤ ਕਿੰਨੇ ਕਾਰਡ ਧਾਰਕਾਂ ਨੇ ਆਪਣਾ ਇਲਾਜ ਕਰਵਾਇਆ ਅਤੇ ਇਸ ਵਿੱਚੋਂ ਸਰਕਾਰੀ ਅਤੇ ਪ੍ਰਾਈਵੇਟ ਇਲਾਜ ਕਰਵਾਉਣ ਵਾਲਿਆਂ ਦੇ ਕੀ ਵੇਰਵੇ ਹਨ?

ਸ਼੍ਰੀ ਮਦਨ ਮੋਹਨ ਮਿੱਤਲ: ਸ਼੍ਰੀਮਾਨ ਜੀ:

(ੳ) ਹੁਣ ਤੱਕ ਪੰਜਾਬ ਰਾਜ ਵਿੱਚ ਰਾਸ਼ਟਰੀ ਸਿਹਤ ਬੀਮਾ ਯੋਜਨਾ ਅਧੀਨ ਕੁੱਲ 2.16 ਲੱਖ ਬੀ.ਪੀ.ਐੱਲ. ਪਰਿਵਾਰਾਂ ਦੇ ਸਮਾਰਟ ਕਾਰਡ ਬਣਾਏ ਗਏ ਹਨ। ਹਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨਾਲ ਸਿਲੈਕਟਡ ਬੀਮਾ ਕੰਪਨੀ ਵੱਲੋਂ ਤਿਆਰ ਕੀਤੇ ਪਲਾਨ ਅਨੁਸਾਰ ਸਾਲ ਦਰ ਸਾਲ ਪਿੰਡ ਅਤੇ ਵਾਰਡ ਲੈਵਲ ਪਹਿਲਾਂ ਰੀਨਿਊ ਕਰਨ ਦੀ ਕਾਰਵਾਈ ਸ਼ੁਰੂ ਕੀਤੀ ਜਾਂਦੀ ਹੈ।

(ਅ) ਸਾਲ 2011-12 ਤੋਂ ਹੁਣ ਤੱਕ ਲਗਭਗ 14,722 ਕਾਰਡ ਧਾਰਕਾਂ ਨੇ ਇਸ ਸਕੀਮ ਅਧੀਨ ਮੁਫ਼ਤ ਇਲਾਜ ਕਰਵਾਇਆ ਅਤੇ ਇਸ ਵਿੱਚੋਂ ਲਗਭਗ 6456 ਕਾਰਡ ਧਾਰਕਾਂ ਨੇ ਸਰਕਾਰੀ ਹਸਪਤਾਲਾਂ ਵਿੱਚੋਂ ਅਤੇ 8266 ਕਾਰਡ ਧਾਰਕਾਂ ਨੇ ਪ੍ਰਾਈਵੇਟ ਹਸਪਤਾਲਾਂ ਵਿੱਚੋਂ ਇਲਾਜ ਕਰਵਾਇਆ।

ਸ਼੍ਰੀਮਤੀ ਗੁਰਇਕਬਾਲ ਕੌਰ: ਸਪੀਕਰ ਸਾਹਿਬ, ਮੈਂ ਤੁਹਾਡੀ ਇਜ਼ਾਜਤ ਨਾਲ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਕੀ ਇਹ ਮੈਨੂੰ ਡਿਟੇਲ ਵਿੱਚ ਦੱਸ ਸਕਦੇ ਹਨ ਕਿ ਸਾਡੇ ਨਵਾਂ ਸ਼ਹਿਰ ਵਿੱਚ ਬੀ.ਪੀ.ਐੱਲ. ਫੈਮਿਲੀਜ਼ ਦੇ ਕਿੰਨੇ ਕਾਰਡ ਬਣ ਚੁੱਕੇ ਹਨ? I want the detail in figures.

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਗੁਰਇਕਬਾਲ ਕੌਰ]

ਇਹ ਮੈਨੂੰ ਦੱਸਣ ਕਿ ਕਿੰਨੇ ਕਾਰਡ ਬਣ ਚੁੱਕੇ ਹਨ ਤੇ ਕਿਸ ਅਧਾਰ ਤੇ ਬਣਾਏ ਹਨ?

ਮਾਨਯੋਗ ਸਪੀਕਰ: ਹਾਂ ਜੀ, ਮੰਤਰੀ ਜੀ, ਕੀ ਆਪਣੇ ਕੋਲ ਨਵਾਂ ਸ਼ਹਿਰ ਬਾਰੇ ਲਿਸਟ ਹੈ?

ਮੰਤਰੀ: ਸਪੀਕਰ ਸਾਹਿਬ, ਇਸ ਬਾਰੇ ਇਨ੍ਹਾਂ ਨੇ ਸਵਾਲ ਵਿੱਚ ਨਹੀਂ ਪੁੱਛਿਆ। ਜੇ ਪੁੱਛਿਆ ਹੁੰਦਾ ਤਾਂ ਜ਼ਰੂਰ ਲਿਸਟ ਦੇ ਦਿੰਦੇ।

ਸ਼੍ਰੀ ਸੁਨੀਲ ਕੁਮਾਰ ਜਾਖੜ: ਸਪੀਕਰ ਸਾਹਿਬ, ਮੈਂ ਦੱਸ ਦਿੰਦਾ ਹਾਂ। ਮਜੀਠੀਆ ਸਾਹਿਬ ਕਹਿ ਰਹੇ ਸੀ ਕਿ ਮੰਤਰੀ ਤਾਂ ਉਧਰ ਬੈਠੇ ਹਨ, ਮੈਂ ਵੀ ਨਾਲ ਆਢਾ ਲਗਾ ਦੇਵਾਂ ਜੀ। ਨਵਾਂ ਸ਼ਹਿਰ ਦੇ ਵਿੱਚ ਇਲੀਜੀਬਲ ਵਿਅਕਤੀਆਂ ਦੀ ਗਿਣਤੀ 5, 982 ਹੈ ਪਰ ਬਣੇ ਹਨ 898 ਅਤੇ ਓਵਰਆਲ ਪੰਜਾਬ ਦੇ ਵਿੱਚ ਜਿਵੇਂ ਕਿ ਮਾਨਯੋਗ ਮੰਤਰੀ ਜੀ ਨੇ ਕਿਹਾ ਹੈ, 4, 84,288 ਇਲੀਜੀਬਲ ਬੀ.ਪੀ.ਐੱਲ. ਕਾਰਡ ਹੋਲਡਰ ਹਨ ਪਰ ਸਿਰਫ 21000 ਕੁਝ ਕਾਰਡ ਹੀ ਬਣੇ ਹਨ। ਮੇਰਾ ਸਵਾਲ ਮੰਤਰੀ ਜੀ ਨੂੰ ਅੱਜ ਤਿੰਨ ਸਾਲ ਬਾਅਦ ਵੀ ਉਹੀ ਹੈ, ਪਹਿਲਾਂ ਮੰਤਰੀ ਮੈਡਮ ਲਕਸ਼ਮੀ ਕਾਂਤਾ ਚਾਵਲਾ ਜੀ ਹੁੰਦੇ ਸੀ, ਹੁਣ ਇਹ ਹਨ। ਮੈਂ ਪਹਿਲਾਂ ਵੀ ਇਹੀ ਸਵਾਲ ਕੀਤਾ ਸੀ। ਸਪੀਕਰ ਸਾਹਿਬ, ਪਹਿਲਾਂ ਵੀ ਉਹੀ ਸਿਚੁਏਸ਼ਨ ਸੀ ਅਤੇ ਅੱਜ ਵੀ ਉਹੀ ਸਿਚੁਏਸ਼ਨ ਹੈ। ਅੱਜ ਇੰਨੇ ਸਾਲਾਂ ਬਾਅਦ ਵੀ ਆਪਾਂ 50 ਫੀਸਦੀ ਵਾਲਾ ਬੈਰੀਅਰ ਨਹੀਂ ਪਾਰ ਕਰ ਸਕੇ। ਸਪੀਕਰ ਸਾਹਿਬ, ਬੀ.ਪੀ.ਐਲ. ਮੀਨਜ਼ ਅਤਿਅੰਤ ਗ਼ਰੀਬ ਲੋਕ, ਬਿਲੋਅ ਪਾਵਰਟੀ ਲਾਈਨ ਲੋਕ, ਉਨ੍ਹਾਂ ਦਾ ਸਿਰਫ 30 ਰੁਪਏ ਨਾਲ ਕਾਰਡ ਬਣਦਾ ਹੈ ਅਤੇ 30 ਹਜ਼ਾਰ ਰੁਪਏ ਉਨ੍ਹਾਂ ਦੇ ਪਰਿਵਾਰ ਦੇ ਕਿਸੇ ਮੈਂਬਰ ਨੂੰ ਮੈਡੀਕਲ ਫੈਸਿਲਟੀ ਮਿਲਦੀ ਹੈ। ਇਹ ਸੈਂਟਰ ਗੌਰਮਿੰਟ ਦੀ ਸਕੀਮ ਹੈ। ਕਿਉਂ ਨਹੀਂ ਕੋਸ਼ਿਸ਼ ਕਰਕੇ ਸਾਰਿਆਂ ਦੇ ਕਾਰਡ ਬਣਾਏ ਜਾਂਦੇ। ਸੈਕਿੰਡ, ਅਗਰ ਤੁਸੀਂ ਕਹੋ ਮੈਂ ਸਪਲੀਮੈਂਟਰੀ ਨਾਲ ਹੀ ਪੜ੍ਹ ਦਿੰਦਾ ਹਾਂ। I am not politicizing the issue. ਮਾਨਯੋਗ ਮੁੱਖ ਮੰਤਰੀ ਸਾਹਿਬ ਥੋੜ੍ਹਾ ਜਿਹਾ ਧਿਆਨ ਕਰ ਲੈਣਾ। ਇਸ ਦੇ ਅੰਕੜੇ ਦੇਖਿਓ ਇੱਕ ਮਿੰਟ, ਜਿਹੜੇ 2 ਲੱਖ 19 ਹਜ਼ਾਰ ਬੰਦਿਆਂ ਦੇ ਕਾਰਡ ਬਣਾਏ ਗਏ ਹਨ, ਉਨ੍ਹਾਂ ਵਿੱਚੋਂ ਵੀ ਸਿਰਫ 14,722 ਬੰਦੇ ਹੁਣ ਤੱਕ ਅਵੇਲ ਕਰ ਸਕੇ ਹਨ। ਕੀ ਆਪਾਂ ਸਮਝਦੇ ਹਾਂ ਕਿ ਜਿਹੜੇ ਅਤਿਅੰਤ ਗ਼ਰੀਬ ਲੋਕ ਹਨ ਉਨ੍ਹਾਂ ਦਾ ਇਮਿਊਨ ਸਿਸਟਮ ਇੰਨਾ ਤਕੜਾ ਹੈ ਕਿ ਉਹ ਬਿਮਾਰ ਹੀ ਨਹੀਂ ਹੁੰਦੇ ਜਾਂ ਉਹ ਕਿਤੇ ਮੁਫ਼ਤ ਇਲਾਜ ਕਰਵਾ ਕੇ ਆਉਂਦੇ ਹਨ। ਕੀ ਸਟੈਪ ਲੈ ਰਹੇ ਹੋ

Original with;
Punjab Vidhan Sabha
Digitized by;
Punjab Digital Library

ਮਾਨਯੋਗ ਮਨਿਸਟਰ ਸਾਹਿਬ? ਤੁਹਾਡੇ ਆਪਣੇ ਜ਼ਿਲ੍ਹੇ ਦੀ ਤੁਹਾਡੇ ਕੋਲ ਫਿਗਰ ਨਹੀਂ ਆਈ। ਮੈਂ ਦੱਸ ਦਿੰਦਾ ਹਾਂ ਕਿ ਤੁਹਾਡੇ ਰੂਪਨਗਰ ਵਿੱਚ ਕਿੰਨੇ ਆਏ, 7690 ਇਲੀਜੀਬਲ ਸਨ ਜਿਨ੍ਹਾਂ ਵਿੱਚੋਂ ਮੰਤਰੀ ਸਾਹਿਬ ਦੇ ਆਪਣੇ ਹਲਕੇ ਦੇ ਵਿੱਚ 4028 ਬਣੇ। ਤੁਸੀਂ ਦੇਖ ਲਓ, ਬਾਦਲ ਸਾਹਿਬ ਦੇ ਆਪਣੇ ਹਲਕੇ ਵਿੱਚ 21 ਹਜ਼ਾਰ ਦੇ ਲਗਭਗ ਇਲੀਜੀਬਲ ਸਨ ਤੇ 9 ਹਜ਼ਾਰ ਇੱਥੇ ਬਣੇ not even 50%, ਕੀ ਕਰ ਰਿਹਾ ਹੈ ਤੁਹਾਡਾ ਮੰਤਰਾਲਾ? ਟਾਈਮ ਬਾਊਂਡ ਐਸ਼ੋਰੈਂਸ ਦੇ ਦਿਉ ਕਿ ਕਦੋਂ ਤੱਕ ਇਸ ਨੂੰ ਸਹੀ ਕਰ ਦਿਉਗੇ?(ਸ਼ੋਰ)....... ਨਹੀਂ ....ਨਹੀਂ, ਹੱਸਣ ਵਾਲੀ ਗੱਲ ਨਹੀਂ ਬੜਾ ਸੀਰੀਅਸ ਇਸ਼ੂ ਹੈ ਤੁਹਾਡੇ ਕੋਲ ਇੰਨਾ ਵੱਡਾ ਮਹਿਕਮਾ ਹੈ, ਇੰਨੇ ਕਾਬਲ ਅਫ਼ਸਰ ਹਨ ਤੁਹਾਡੇ ਕੋਲ....(ਸ਼ੋਰ)..........

(ਇੱਕ ਅਵਾਜ਼: ਇਨ੍ਹਾਂ ਤੋਂ ਡਾਇਰੈਕਟਰ ਤਾਂ ਲੱਗਿਆ ਨਹੀਂ ਹਾਲੇ ਤੱਕ....)

ਮੰਤਰੀ: ਸਪੀਕਰ ਸਾਹਿਬ, ਲੀਡਰ ਆਫ਼ ਦੀ ਆਪੋਜੀਸ਼ਨ ਜਿਹੜੇ ਵੀ ਐਮ.ਐਲ.ਏ. ਸਾਹਿਬ ਨੂੰ ਆਪੋਜੀਸ਼ਨ ਵਿੱਚੋਂ ਕਹਿਣਗੇ ਮੈਂ ਉਨ੍ਹਾਂ ਨੂੰ ਆਪਣੇ ਨਾਲ ਸ਼ਾਮਲ ਕਰਕੇ ਉਧਰ ਲੈ ਲਵਾਂਗਾ, ਇਹ ਤਾਂ ਜਵਾਬ ਹੈ। ਦੂਸਰੀ ਗੱਲ ਜਿਹੜੀ ਇਨ੍ਹਾਂ ਨੇ ਕਹੀ ਹੈ, ਅਸੀਂ ਕੋਈ ਵਿਤਕਰਾ ਨਹੀਂ ਕਰਦੇ ਕਿ ਕਿਸਦਾ ਕਾਰਡ ਬਣਾਉਣਾ ਹੈ ਅਤੇ ਕਿਸ ਦਾ ਨਹੀਂ ਬਣਾਉਣਾ। ਲੋਕਾਂ ਵਿੱਚ ਹਾਲੇ ਵੀ ਇਸ ਗੱਲ ਦੀ ਬਹੁਤ ਘੱਟ ਸੋਚ ਹੈ ਕਿ ਫੈਸਿਲਟੀ ਲੈਣੀ ਹੈ। ਤੁਸੀਂ ਹੈਰਾਨ ਹੋਵੋਗੇ ਕਿ ਬੰਦੇ ਹਸਪਤਾਲ ਵਿੱਚ ਜਾਣ ਵਾਸਤੇ ਕੁਤਾਹੀ ਕਰ ਜਾਂਦੇ ਹਨ। ਇਸੇ ਕਰਕੇ ਅਸੀਂ ਮੈਗਾ ਕੈਂਪ ਲਗਾਏ ਔਰ ਲੋਕਾਂ ਨੂੰ ਜਾਗਰੂਕ ਕਰਨ ਵਾਸਤੇ ਵੀ ਕਿ ਉਨ੍ਹਾਂ ਨੂੰ ਕੀ ਬਿਮਾਰੀ ਹੈ, ਇਹ ਦੱਸਣ ਵਾਸਤੇ ਕਿ ਕੈਂਸਰ ਨਾਲ ਸਾਰੇ ਪੰਜਾਬ ਵਿੱਚ ਕਿੰਨੇ ਲੋਕ ਮਰੇ। ਇਹ ਗੱਲ ਠੀਕ ਹੈ ਕਿ ਕਈ ਵਾਰੀ ਹੋ ਸਕਦਾ ਹੈ ਕਿ ਲਾਭਪਾਤਰਾਂ ਦੀ ਗਿਣਤੀ ਵੱਧ ਹੋਵੇ। ਜੋ ਤੁਸੀਂ ਕਿਹਾ ਹੈ, ਅਸੀਂ ਕੋਸ਼ਿਸ਼ ਕਰਾਂਗੇ ਕਿ ਜਿਹੜੇ ਨਹੀਂ ਆਏ, ਉਨ੍ਹਾਂ ਲੋਕਾਂ ਵਾਸਤੇ ਅਸੀਂ ਦੁਬਾਰਾ ਕਰਮਚਾਰੀਆਂ ਦੀ ਡਿਊਟੀ ਲਗਾਵਾਂਗੇ। ਉਨ੍ਹਾਂ ਨੂੰ ਅਪਰੋਚ ਕਰਾਂਗੇ।

ਸ਼੍ਰੀ ਸੁਨੀਲ ਕੁਮਾਰ ਜਾਖੜ: ਸਪੀਕਰ ਸਾਹਿਬ, ਮੈਂ ਇਹ ਇਲਜ਼ਾਮ ਨਹੀਂ ਲਗਾਇਆ ਕਿ ਇਹ ਵਿਤਕਰਾ ਕਰ ਰਹੇ ਹਨ। ਮੈਂ ਤਾਂ ਇਹ ਗੱਲ ਕਹਿ ਰਿਹਾ ਹਾਂ ਕਿ ਜਿਹੜਾ ਤੁਸੀਂ ਸਿਸਟਮ ਬਣਾ ਰੱਖਿਆ ਹੈ ਪਹਿਲਾਂ ਜਿਹੜਾ ਜਵਾਬ ਸ਼੍ਰੀਮਤੀ ਲਕਸ਼ਮੀ ਕਾਂਤਾ ਜੀ ਨੇ ਦਿੱਤਾ ਸੀ ਕਿ ਸਾਡੇ ਮਹਿਕਮੇ ਕੋਲ ਬੀ.ਪੀ.ਐਲ. ਦੀਆਂ ਲਿਸਟਾਂ ਨਹੀਂ ਆਉਂਦੀਆਂ, every thing is available in the department ਪਰ ਇੱਕ ਮਹਿਕਮੇ ਦੀ ਦੂਜੇ ਮਹਿਕਮੇ ਨਾਲ communication

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸੁਨੀਲ ਕੁਮਾਰ ਜਾਖੜ]

problem ਹੈ, ਡਿਟੇਲ ਲੈ ਲਓ ਅਤੇ send it to some body ਜੇ ਤੁਸੀਂ ਕੈਂਸਰ ਦਾ ਸਰਵੇ ਕਰਵਾਉਣ ਵਾਸਤੇ,ਘਰਾਂ ਵਿੱਚ ਹੈਲਥ ਵਰਕਰ ਭੇਜ ਰਹੇ ਹੋ can't the same employee be used ਜਿਹੜਾ ਜਾ ਕੇ ਉਨ੍ਹਾਂ ਦਾ ਕਾਰਡ ਬਣਵਾ ਦੇਵੇ, Can the Hon'ble Chief Minister not do it? ਕਿ 30 ਰੁਪਏ ਵਾਲੀ ਫੈਸਿਲਟੀ ਦੇ ਦਿਓ ਜੀ, 1000 ਰੁਪਏ ਨਾ ਦਿਉ, ਲੈਪਟਾਪ ਨਾ ਦਿਉ, ਘੱਟੋ ਘੱਟ 30 ਰੁਪਏ ਦਾ ਕਾਰਡ ਤਾਂ ਬਣਾ ਦਿਉ। ਸੈਂਟਰ ਗੌਰਮਿੰਟ ਤੋਂ ਪੈਸਾ ਆਉਂਦਾ ਹੈ। (ਆਪੋਜ਼ੀਸ਼ਨ ਵੱਲੋਂ ਥੰਪਿੰਗ) not a political... ਮੈਂ ਕਹਿ ਰਿਹਾ ਹਾਂ ਕਿ ਆਹ ਗੱਲ ਕਰਕੇ ਨਾ ਟਾਲ ਦਿਉ ਕਿ ਅਸੀਂ ਤੁਹਾਡੀ ਗੱਲ ਤੇ ਗੌਰ ਕਰਾਂਗੇ, ਦੇਖਾਂਗੇ। ਇਸ ਤੇ ਦਿਮਾਗ ਲਗਾ ਕੇ ਇਨਸ਼ਿਉਰ ਕਰੋ, ਜਿਹੜਾ ਪੈਸਾ ਆ ਰਿਹਾ ਹੈ ਉਸ ਨਾਲ ਘੱਟੋ-ਘੱਟ 4 ਲੱਖ 84 ਹਜ਼ਾਰ ਦਾ ਤਾਂ ਭਲਾ ਹੋ ਜਾਵੇ, 16 ਲੱਖ ਬੰਦਿਆਂ ਦਾ ਭਲਾ ਕਰ ਦਿਉ, ਜਾਂਦਾ ਕੀ ਹੈ? ਇੱਕ ਦਿਨ ਕੱਢ ਲਓ, sit down and work out the detail, why, what are the problems? ਪਹਿਲਾਂ ਤਾਂ ਉਹ ਫਿਕਸ ਕਰੋ, ਕਿਉਂ ਨਹੀਂ ਬਣ ਰਹੇ? ਕਿਤੇ ਸ਼ੌਂਕੀਆ ਹੀ ਤਾਂ ਨਹੀਂ ਬਣਾਉਂਦੇ? (ਸ਼ੋਰ)..............

ਮੰਤਰੀ: ਮੈਂ ਜਵਾਬ ਦੇ ਦਿੱਤਾ ਹੈ। (ਸ਼ੋਰ)...........

ਸ਼੍ਰੀ ਸੁਨੀਲ ਕੁਮਾਰ ਜਾਖੜ: ਇੱਕ ਸੈਕਿੰਡ, ਲਾਸਟ ਵਿੱਚ ਮੈਂ ਕਹਿਣਾ ਚਾਹੁੰਦਾ ਹਾਂ ਕਿ this is not a ....(ਸ਼ੋਰ.......)

ਮੰਤਰੀ: ਭਾਸ਼ਣ ਜ਼ਿਆਦਾ ਦਿੰਦੇ ਹੋ.......

ਸ਼੍ਰੀ ਸੁਨੀਲ ਕੁਮਾਰ ਜਾਖੜ: ਸਪੀਕਰ ਸਾਹਿਬ, I tell you .....(ਸ਼ੋਰ.........)

ਮੰਤਰੀ: ਤੁਹਾਡੇ ਮੈਂਬਰ ਸਾਰੇ ਲੈਕਚਰ ਦਿੰਦੇ ਹਨ, ਕੁਐਸਚਨ ਨਹੀਂ ਪੁੱਟ ਕਰਦੇ, ਕੁਐਸਚਨ ਪੁੱਟ ਕਰੋ।

ਸ਼੍ਰੀ ਸੁਨੀਲ ਕੁਮਾਰ ਜਾਖੜ: ਸਪੀਕਰ ਸਾਹਿਬ, ਜਿਹੜਾ ਕਾਰਡ ਹਸਪਤਾਲ ਵਿੱਚ ਲੈ ਕੇ ਜਾਂਦੇ ਹਨ, ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਐਡਰੈੱਸ ਕਰਕੇ ਕਹਿ ਦਿੰਦਾ ਹਾਂ, ਕਾਰਡ ਲੈ ਕੇ ਜਾਂਦੇ ਹਨ, ਕਦੇ ਕਹਿੰਦੇ ਹਨ ਕਿ ਮਸ਼ੀਨ ਖ਼ਰਾਬ ਹੈ, ਕੋਈ ਬੰਦਾ ਨਹੀਂ ਬੈਠਾ, ਕਲਰਕ ਨਹੀਂ ਬੈਠਾ, This is very simple thing, ਉਸ ਨੂੰ ਫਿਕਸ ਕਰਵਾ ਦਿਉ, ਭਲਾ ਹੋ ਜਾਊ ਕਿਸੇ ਦਾ।

Mr. Speaker: This is not a zero hour.

Original with;
Punjab Vidhan Sabha
Digitized by;
Panjab Digital Library

ਮੰਤਰੀ: ਸਪੀਕਰ ਸਾਹਿਬ, ਇੱਕ ਬੇਨਤੀ ਕਰਨੀ ਹੈ। ਬੀਬੀ ਜੀ ਵੀ ਇੱਥੇ ਬੈਠੇ ਹਨ, ਕੱਲ੍ਹ ਕੈਪਟਨ ਸਾਹਿਬ ਵੀ ਆਏ ਸੀ। ਅੱਜ ਪਤਾ ਨਹੀਂ ਆਉਂਦੇ ਹਨ ਕਿ ਨਹੀਂ। ਅਸੀਂ ਲੀਡਰ ਆਫ਼ ਦਿ ਆਪੋਜ਼ੀਸ਼ਨ ਦਾ ਬੜਾ ਸਤਿਕਾਰ ਕਰਦੇ ਹਾਂ। ਇਹ ਉਸ ਖਾਨਦਾਨ ਵਿੱਚੋਂ ਹਨ, ਜਿੱਥੇ ਪੋਲੀਟੀਕਲ ਸੋਚ ਰੱਖਦੇ ਹਨ ਔਰ ਇਨ੍ਹਾਂ ਦੇ ਫਾਦਰ ਵੀ ਇਸ ਹਾਊਸ ਦੇ ਆਨਰੇਬਲ ਮੈਂਬਰ ਰਹੇ ਹਨ, ਲੀਡਰ ਆਫ਼ ਦਿ ਆਪੋਜ਼ੀਸ਼ਨ ਵੀ ਰਹੇ, ਜੋ ਵੀ ਤੁਸੀਂ ਸਵਾਲ ਪੁੱਛੋਗੇ, ਅਸੀਂ ਜਵਾਬ ਦਿਆਂਗੇ, ਲੇਕਿਨ ਭਾਸ਼ਣ ਨਾ ਦੇਣ। ਦੂਸਰੀ ਗੱਲ ਇਨ੍ਹਾਂ ਨੇ ਡਿਪਟੀ ਸੀ.ਐਮ. ਦੇ ਬਿਆਨ ਨੂੰ ਝੂਠਾ ਕਹਿ ਦਿੱਤਾ, ਉਹ ਐਕਸਪੰਜ ਹੋਣਾ ਚਾਹੀਦਾ ਹੈ ਔਰ ਤੀਸਰੀ ਗੱਲ ਸਾਡੇ ਦਿਮਾਗ ਬਿਲਕੁਲ ਠੀਕ ਹਨ। ਸਾਨੂੰ ਕੋਈ ਲੋੜ ਨਹੀਂ ਚੈੱਕ ਕਰਵਾਉਣ ਦੀ, ਤੁਹਾਨੂੰ ਚੈੱਕ ਕਰਵਾਉਣ ਦੀ ਲੋੜ ਹੈ...

ਸ਼੍ਰੀ ਸੁਨੀਲ ਕੁਮਾਰ ਜਾਖੜ: ਦਿਮਾਗ ਨਾ ਠੀਕ ਹੋਣ ਦੀ ਗੱਲ ਤਾਂ ਅਸੀਂ ਕੀਤੀ ਨਹੀਂ।

ਮੰਤਰੀ: ਸਾਡੇ ਡਿਪਾਰਟਮੈਂਟ ਦੀ ਕੋਆਰਡੀਨੇਸ਼ਨ ਠੀਕ ਹੈ, ਪੂਰਾ ਦਿਮਾਗ਼ ਲਗਾਇਆ ਹੈ, ਤੁਸੀਂ ਠੀਕ ਤਰੀਕੇ ਨਾਲ ਸਵਾਲ ਪੁੱਛੋ, we are ready to reply any question.

ਸਰਦਾਰ ਵਿਰਸਾ ਸਿੰਘ ਵਲਟੋਹਾ: ਸਪੀਕਰ ਸਾਹਿਬ, ** **

Mr. Speaker: Not to be recorded ਜੋ ਬਗੈਰ ਪਰਮਿਸ਼ਨ ਬੋਲਿਆ ਗਿਆ ਹੈ, ਉਸ ਨੂੰ ਰਿਕਾਰਡ ਨਾ ਕੀਤਾ ਜਾਏ।

Rana Gurmit Singh Sodhi: Speaker Sir, It is very relevant question (ਵਿਘਨ) ** **

Mr. Speaker: Not to be recorded. ਜੋ ਬਗੈਰ ਪਰਮਿਸ਼ਨ ਤੋਂ ਬੋਲਿਆ ਗਿਆ ਹੈ, ਉਸ ਨੂੰ ਰਿਕਾਰਡ ਨਾ ਕੀਤਾ ਜਾਏ।

ਮਾਨਯੋਗ ਸਪੀਕਰ: ਪ੍ਰਸ਼ਨ ਕਾਲ ਖ਼ਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਨ ਨਿਯਮਾਵਲੀ ਦੇ ਨਿਯਮ 38 ਅਧੀਨ ਉਤਰ ਦਿੱਤੇ ਗਏ ਸਮਝੇ ਜਾਣ।

** Not recorded as ordered by the Chair.

Original with;
Punjab Vidhan Sabha
Digitized by;
Panjab Digital Library

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

ਚੰਨਭਾਨ ਡ੍ਰੇਨ ਦੇ ਪੁਲ ਦੀ ਮੁਰੰਮਤ

***429. ਸਰਦਾਰ ਹਰਪ੍ਰੀਤ ਸਿੰਘ:** ਕੀ ਸਿੰਚਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਪਿੰਡ ਮੱਦਰਸਾ ਜ਼ਿਲ੍ਹਾ ਮੁਕਤਸਰ ਵਿਖੇ ਚੰਨਭਾਨ ਉੱਤੇ ਬਣੇ ਪੁਲ ਦੀ ਰਿਪੇਅਰ ਜਾਂ ਇਸ ਨੂੰ ਚੌੜਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

ਸਰਦਾਰ ਜਨਮੇਜਾ ਸਿੰਘ ਸੇਖੋਂ: ਹਾਂ ਜੀ, ਪੁਲ ਸਟੇਟ ਦੇ ਐਂਟੀ ਵਾਟਰ ਲਾਗਿੰਗ ਪ੍ਰੋਜੈਕਟ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਪੁਲ ਦੀ ਮੁੜ ਉਸਾਰੀ ਦੀ ਲਾਗਤ 250.00 ਲੱਖ ਰੁਪਏ ਹੈ। ਇਸ ਪ੍ਰੋਜੈਕਟ ਵਿੱਚ ਇਸ ਪੁਲ ਸਮੇਤ 137 ਨੰ: ਪੁਲਾਂ ਦੀ ਉਸਾਰੀ ਕਰਨ ਦੀ ਪ੍ਰੋਵੀਜ਼ਨ ਕੀਤੀ ਗਈ ਹੈ। ਇਹ ਪ੍ਰੋਜੈਕਟ ਪਲੈਨਿੰਗ ਕਮਿਸ਼ਨ, ਭਾਰਤ ਸਰਕਾਰ ਕੋਲ ਲੰਬਿਤ ਹੈ। ਇਸ ਦੀ ਲੋੜੀਂਦੀ ਮਨਜ਼ੂਰੀ 15 ਜਨਵਰੀ, 2013 ਤੱਕ ਮਿਲਣ ਦੀ ਉਮੀਦ ਹੈ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 417**

ਮਾਨਯੋਗ ਸਪੀਕਰ: ਇਸ ਪ੍ਰਸ਼ਨ ਦੀ ਐਕਸਟੈਂਸਨ ਮੰਗੀ ਗਈ ਹੈ।

ਸਕੂਲਾਂ ਵਿੱਚ ਬੱਚਿਆਂ ਦੇ ਦਾਖਲੇ ਲਈ ਉਮਰ ਨਿਰਧਾਰਿਤ ਕਰਨਾ

***418. ਸ੍ਰੀ ਰਾਕੇਸ਼ ਪਾਂਡੇ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵਿੱਚ ਪ੍ਰੀ-ਨਰਸਰੀ/ਨਰਸਰੀ/ਐਲ.ਕੇ.ਜੀ/ ਯੂ.ਕੇ.ਜੀ ਅਤੇ ਪਹਿਲੀ ਕਲਾਸ ਵਿੱਚ ਦਾਖਲੇ ਲਈ ਬੱਚਿਆਂ ਦੀ ਕੋਈ ਉਮਰ ਨਿਸ਼ਚਿਤ ਕੀਤੀ ਗਈ ਹੈ; ਜੇਕਰ ਨਹੀਂ ਤਾਂ ਕੀ ਸਰਕਾਰ ਉਪਰੋਕਤ ਵਰਣਿਤ ਮੰਤਵ ਲਈ ਉਮਰ ਨਿਸ਼ਚਿਤ ਕਰਨ ਤੇ ਵਿਚਾਰ ਕਰੇਗੀ ?

ਸਰਦਾਰ ਸਿਕੰਦਰ ਸਿੰਘ ਮਲੂਕਾ: ਸਰਕਾਰੀ ਸਕੂਲਾਂ ਵਿੱਚ ਪ੍ਰੀ-ਨਰਸਰੀ/ ਨਰਸਰੀ/ਐਲ.ਕੇ.ਜੀ/ਯੂ.ਕੇ.ਜੀ. ਜਮਾਤਾਂ ਵਿੱਚ ਦਾਖਲੇ ਨਹੀਂ ਕੀਤੇ ਜਾਂਦੇ। ਪ੍ਰਾਈਵੇਟ ਸਕੂਲਾਂ ਵਿੱਚ ਪ੍ਰੀ-ਨਰਸਰੀ/ਨਰਸਰੀ/ਐਲ.ਕੇ.ਜੀ/ਯੂ.ਕੇ.ਜੀ. ਵਿੱਚ

** For Starred Question No. 417 and reply there to please see Apendix to this Debates.

Original with;
Punjab Vidhan Sabha
Digitized by;
Panjab Digital Library

ਦਾਖਲੇ ਲਈ ਬੱਚਿਆਂ ਦੀ ਕੋਈ ਉਮਰ ਨਿਸ਼ਚਿਤ ਨਹੀਂ ਕੀਤੀ ਗਈ। ਪਹਿਲੀ ਜਮਾਤ ਵਿੱਚ ਦਾਖਲੇ ਲਈ ਵੀ ਕੋਈ ਉਮਰ ਨਿਸ਼ਚਿਤ ਨਹੀਂ ਕੀਤੀ ਗਈ ਹੈ ਪਰ ਸਰਕਾਰੀ ਸਕੂਲਾਂ ਵਿੱਚ ਪਹਿਲੀ ਜਮਾਤ ਵਿੱਚ ਦਾਖਲੇ ਸਮੇਂ ਵਿਦਿਆਰਥੀਆਂ ਦੀ ਉਮਰ ਆਮ ਤੌਰ ਤੇ 6 ਸਾਲ ਹੁੰਦੀ ਹੈ। ਸਰਕਾਰ ਵੱਲੋਂ ਉਪਰੋਕਤ ਵਰਣਿਤ ਮੰਤਵ ਲਈ ਉਮਰ ਨਿਸ਼ਚਿਤ ਕਰਨ ਬਾਰੇ ਅਜੇ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

ਖਪਤਕਾਰ ਝਗੜਾ ਨਿਵਾਰਨ ਫੋਰਮ ਵਿੱਚ ਇਸਤਰੀ ਮੈਂਬਰ ਨਾਮਜ਼ਦ ਕਰਨਾ

***488. ਸ਼੍ਰੀਮਤੀ ਗੁਰਇਕਬਾਲ ਕੌਰ:** ਕੀ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਖਪਤਕਾਰ ਝਗੜਾ ਨਿਵਾਰਨ ਫ਼ੋਰਮ ਵਿੱਚ ਇਸ ਸਮੇਂ ਇਸਤਰੀ ਮੈਂਬਰਾਂ ਦੀ ਗਿਣਤੀ ਕਿੰਨੀ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ 'ਨਿੱਲ' ਹੋਵੇ ਤਾਂ ਇਸਦੇ ਕਾਰਨ ਕੀ ਹਨ ਅਤੇ ਇਸ ਫ਼ੋਰਮ ਵਿੱਚ ਇਸਤਰੀ ਮੈਂਬਰ ਕਦੋਂ ਤੱਕ ਨਾਮਜ਼ਦ ਕੀਤੇ ਜਾਣ ਦੀ ਸੰਭਾਵਨਾ ਹੈ?

ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ: (ੳ) ਇਸ ਸਮੇਂ ਪੰਜਾਬ ਰਾਜ ਵਿੱਚ ਜ਼ਿਲ੍ਹਾ ਖਪਤਕਾਰ ਫੋਰਮਾਂ ਵਿੱਚ 21 ਲੇਡੀ ਮੈਂਬਰ ਤਾਇਨਾਤ ਹਨ। ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਸਮੇਂ ਹਰੇਕ ਖਪਤਕਾਰ ਫੋਰਮ ਵਿੱਚ ਇੱਕ ਲੇਡੀ ਮੈਂਬਰ ਤਾਇਨਾਤ ਹੈ ਪਰ ਜ਼ਿਲ੍ਹਾ ਖਪਤਕਾਰ ਫੋਰਮ, ਹੁਸ਼ਿਆਰਪੁਰ ਵਿਖੇ ਦੋਵੇਂ ਹੀ ਲੇਡੀ ਮੈਂਬਰ ਹਨ।

ਆਦਰਸ਼ ਸਕੂਲਾਂ ਦੀ ਗਿਣਤੀ

***406. ਸਰਦਾਰ ਅਜਾਇਬ ਸਿੰਘ ਭੱਟੀ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਸਰਕਾਰ ਦੁਆਰਾ ਰਾਜ ਵਿੱਚ ਸਾਲ 2010-11, 2011-12 ਅਤੇ 2012-13 ਦੌਰਾਨ ਪੀ.ਪੀ.ਪੀ. ਸਕੀਮ ਅਧੀਨ ਖੋਲ੍ਹੇ ਗਏ ਆਦਰਸ਼ ਸਕੂਲਾਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਹੈ;

Original with;
Panjab Vidhan Sabha
Digitized by;
Panjab Digital Library

[ਸਰਦਾਰ ਅਜਾਇਬ ਸਿੰਘ ਭੱਟੀ]

(ਅ) ਚਾਲੂ ਸਕੂਲਾਂ ਦੀ ਗਿਣਤੀ ਕਿੰਨੀ ਹੈ ਅਤੇ ਉਪਰੋਕਤ ਵਰਣਿਤ ਸਾਲਾਂ ਦੇ ਦੌਰਾਨ ਸਰਕਾਰ ਦੁਆਰਾ ਕਿੰਨੇ ਆਦਰਸ਼ ਸਕੂਲ ਖੋਲ੍ਹਣ ਦਾ ਟੀਚਾ ਸੀ;

(ੲ) ਪਿਛਲੇ ਤਿੰਨ ਬਜਟ ਸਾਲਾਂ ਦੌਰਾਨ ਆਦਰਸ਼ ਸਕੂਲਾਂ ਲਈ ਸਾਲਵਾਰ ਕੁੱਲ ਕਿੰਨਾ ਬਜਟ ਨਿਸ਼ਚਿਤ ਕੀਤਾ ਗਿਆ ਸੀ?

ਸਰਦਾਰ ਸਿਕੰਦਰ ਸਿੰਘ ਮਲੂਕਾ:

(ੳ) ਸਰਕਾਰ ਵੱਲੋਂ ਪੰਜਾਬ ਸਿੱਖਿਆ ਵਿਕਾਸ ਬੋਰਡ ਦੁਆਰਾ ਪੀ.ਪੀ.ਪੀ. ਮੋਡ ਅਧੀਨ ਹੁਣ ਤੱਕ ਵੱਖ-ਵੱਖ ਜ਼ਿਲ੍ਹਿਆਂ ਵਿੱਚ ਸਾਲ 2010-11, 2010-12, ਅਤੇ 2013-13 ਦੌਰਾਨ 24 ਆਦਰਸ਼ ਸਕੂਲ ਖੋਲ੍ਹੇ ਗਏ ਹਨ। ਜਿਨ੍ਹਾਂ ਦਾ ਜ਼ਿਲ੍ਹਾ ਵਾਰ ਸਾਲਵਾਰ ਵੇਰਵਾ **'ਅਨੁਲੱਗ ੳ'** ਤੇ ਹੈ।

(ਅ) ਸਾਲ 2010-11, 2010-12, ਅਤੇ 2013-13 ਦੌਰਾਨ 24 ਆਦਰਸ਼ ਸਕੂਲ (ਪੀ.ਪੀ.ਪੀ. ਮੋਡ) ਰਾਹੀਂ ਮੋਡ ਰਾਹੀਂ ਚਲਾਏ ਜਾ ਰਹੇ ਹਨ। ਪੰਜਾਬ ਸਿੱਖਿਆ ਵਿਕਾਸ ਬੋਰਡ ਵੱਲੋਂ 128 ਥਾਵਾਂ ਦੀ ਸ਼ਨਾਖਤ ਪੀ.ਪੀ.ਪੀ. ਮੋਡ ਰਾਹੀਂ ਸਕੂਲ ਖੋਲ੍ਹਣ ਲਈ ਕੀਤੀ ਗਈ ਸੀ।

(ੲ) ਪੰਜਾਬ ਸਿੱਖਿਆ ਵਿਕਾਸ ਬੋਰਡ ਵੱਲੋਂ ਨਿੱਜੀ ਭਾਈਵਾਲੀ ਅਧੀਨ ਚਲਦੇ ਆਦਰਸ਼ ਸਕੂਲਾਂ ਲਈ ਸਰਕਾਰ ਦੇ ਸਲਾਨਾ ਬਜਟ ਵਿੱਚ ਖ਼ਰਚੇ ਦਾ ਕੋਈ ਉਪਬੰਧ ਨਹੀਂ ਹੈ ਅਤੇ ਮੌਜੂਦਾ ਸਕੂਲਾਂ ਤੇ ਖ਼ਰਚਾ ਆਬਕਾਰੀ ਤੇ ਕਰ ਵਿਭਾਗ ਵੱਲੋਂ ਇਕੱਠੇ ਕੀਤੇ ਸਿੱਖਿਆ ਸੈੱਸ ਤੋਂ ਪ੍ਰਾਪਤ ਹੋਈ ਰਾਸ਼ੀ ਵਿੱਚੋਂ ਕੀਤਾ ਜਾਂਦਾ ਹੈ।

ਅਨੁਲੱਗ 'ੳ'

ਪੰਜਾਬ ਸਿੱਖਿਆ ਵਿਕਾਸ ਬੋਰਡ ਅਧੀਨ ਨਿੱਜੀ ਭਾਈਵਾਲੀ (ਪੀ.ਪੀ.ਪੀ.ਮੋਡ) ਰਾਹੀਂ ਚਲਾਏ ਜਾ ਰਹੇ 24 ਆਦਰਸ਼ ਸਕੂਲਾਂ ਦੀ ਜ਼ਿਲ੍ਹਾਵਾਰ ਤਫਸੀਲ

ਲੜੀ ਨੰ:	ਜ਼ਿਲ੍ਹੇ ਦਾ ਨਾਂ	ਸਕੂਲ ਦਾ ਨਾਂ	ਗਿਣਤੀ
1.	ਅੰਮ੍ਰਿਤਸਰ	1. ਆਦਰਸ਼ ਸਕੂਲ, ਚੋਗਾਵਾਂ 2. ਆਦਰਸ਼ ਸਕੂਲ, ਫ਼ੱਤੂਭੀਲਾ	2

Original with;
Punjab Vidhan Sabha
Digitized by;
Panjab Digital Library

ਲੜੀ ਨੰ:	ਜ਼ਿਲ੍ਹੇ ਦਾ ਨਾਂ	ਸਕੂਲ ਦਾ ਨਾਂ	ਗਿਣਤੀ
2.	ਲੁਧਿਆਣਾ	1. ਆਦਰਸ਼ ਸਕੂਲ, ਸ਼ੇਰਪੁਰ ਕਲਾਂ	3
		2. ਆਦਰਸ਼ ਸਕੂਲ, ਰੌਣੀ	
		3. ਆਦਰਸ਼ ਸਕੂਲ, ਧਾਂਦਰਾ	
3.	ਸੰਗਰੂਰ	1. ਆਦਰਸ਼ ਸਕੂਲ, ਝਨੇੜੀ	3
		2. ਆਦਰਸ਼ ਸਕੂਲ, ਗੰਢੂਆਂ	
		3. ਆਦਰਸ਼ ਸਕੂਲ, ਬਾਲਦ ਖੁਰਦ	
4.	ਅਜੀਤਗੜ੍ਹ	1. ਆਦਰਸ਼ ਸਕੂਲ, ਕਾਲੇਵਾਲ੍ਹ	1
5.	ਮੋਗਾ	1. ਆਦਰਸ਼ ਸਕੂਲ, ਦੌਲਤਪੁਰਾ ਨੀਵਾਂ	
		2. ਆਦਰਸ਼ ਸਕੂਲ, ਰਣਸੀਂਹ ਕਲਾਂ	3
		3. ਆਦਰਸ਼ ਸਕੂਲ, ਮਨਾਵਾਂ	
6.	ਫਿਰੋਜ਼ਪੁਰ	1. ਆਦਰਸ਼ ਸਕੂਲ, ਹਰਦਾਸਾ	1
7.	ਮਾਨਸਾ	1. ਆਦਰਸ਼ ਸਕੂਲ, ਭੋਪਾਲ	3
		2. ਆਦਰਸ਼ ਸਕੂਲ, ਬੋਹਾ	
		3. ਆਦਰਸ਼ ਸਕੂਲ, ਸਾਹਨੇਵਾਲੀ	
8.	ਫਰੀਦਕੋਟ	1. ਆਦਰਸ਼ ਸਕੂਲ, ਮੱਲ੍ਹਾ	3
		2. ਆਦਰਸ਼ ਸਕੂਲ, ਮਿੱਡੂਮਾਨ	
		3. ਆਦਰਸ਼ ਸਕੂਲ, ਪੱਕਾ	
9.	ਸ.ਭ.ਸ.ਨਗਰ	1. ਆਦਰਸ਼ ਸਕੂਲ, ਜੰਡਿਆਲਾ	2
		2. ਆਦਰਸ਼ ਸਕੂਲ, ਨਵਾਂ ਗਰਾਉਂ	
10.	ਬਰਨਾਲਾ	1. ਆਦਰਸ਼ ਸਕੂਲ, ਕਾਲੇਕੇ	1
11.	ਬਠਿੰਡਾ	1. ਆਦਰਸ਼ ਸਕੂਲ, ਚਾਉਕੇ	2
		2. ਆਦਰਸ਼ ਸਕੂਲ, ਪਥਰਾਲਾ	2

Original with;
Punjab Vidhan Sabha
Digitized by;
Panjab Digital Library

[ਸਿੱਖਿਆ ਮੰਤਰੀ]

ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਰਾਹੀਂ ਚਲਾਏ ਜਾ ਰਹੇ ਆਦਰਸ਼ ਸਕੂਲ

ਲੜੀ ਨੰ:	ਜ਼ਿਲ੍ਹੇ ਦਾ ਨਾਂ	ਸਕੂਲ ਦਾ ਨਾਂ	ਗਿਣਤੀ
1.	ਗੁਰਦਾਸਪੁਰ	1. ਆਦਰਸ਼ ਸਕੂਲ, ਭਿਖਾਰੀਵਾਲ	2
		2. ਆਦਰਸ਼ ਸਕੂਲ, ਕੋਟ ਧੰਦਲ	
2.	ਤਰਨ ਤਾਰਨ	1. ਆਦਰਸ਼ ਸਕੂਲ, ਬਲੇਰ ਖੁਰਦ	1
3.	ਫਿਰੋਜਪੁਰ	1. ਆਦਰਸ਼ ਸਕੂਲ, ਬੁੱਕਣ ਖਾਂ ਵਾਲਾ	1
4.	ਬਠਿੰਡਾ	1. ਆਦਰਸ਼ ਸਕੂਲ, ਕਨਾਲ ਕਲੋਨੀ	1
5.	ਰੋਪੜ	1. ਆਦਰਸ਼ ਸਕੂਲ, ਲੋਧੀਪੁਰ	1
		ਸਪੋਰਟਸ ਸਕੂਲ	
1.	ਬਠਿੰਡਾ	1. ਸਪੋਰਟਸ ਸਕੂਲ, ਘੁੱਦਾ	1

ਰਾਜ ਦੇ 128 ਆਦਰਸ਼ ਸਕੂਲਾਂ ਦਾ ਵੇਰਵਾ

ਲੜੀ ਨੰ:	ਜ਼ਿਲ੍ਹੇ ਦਾ	ਸ਼ਨਾਖਤ ਕੀਤਾ ਸਥਾਨ
1.	ਅੰਮ੍ਰਿਤਸਰ	1) ਚੋਗਾਵਾਂ 2) ਖਿਲਚੀਆਂ 3) ਬੰਡਾਲਾ 4) ਲੁਹਾਰਕਾਂ ਕਲਾਂ 5) ਬੱਕਰੋਰ 6) ਫੱਤੂਭੀਲਾ 7) ਘਰਿੰਡਾ 8) ਬੱਲ ਸਰਾਏ
2.	ਬਰਨਾਲਾ	1) ਰਾਏਸਰ 2) ਉਗੋਕੇ 3) ਕਾਲੇਕੇ
3.	ਬਠਿੰਡਾ	1) ਫਰੀਦਕੋਟ 2) ਚੱਕ ਫਤਿਹ ਸਿੰਘ ਵਾਲਾ 3) ਦਿਆਲਪੁਰਾ ਭਾਈਕਾ 4) ਚਾਉਕੇ 5) ਕਨਾਲ ਕਲੋਨੀ ਬਠਿੰਡਾ 5) ਘੁੱਦਾ (ਸਪੋਰਟਸ ਸਕੂਲ) 7) ਪੱਥਰਾਲਾ

Original with;
Punjab Vidhan Sabha
Digitized by;
Punjab Digital Library

4.	ਫਰੀਦਕੋਟ	1) ਮਿੱਡੂਮਾਨ 2) ਪੱਕਾ 3) ਮੱਲ੍ਹਾ
5.	ਫਤਿਹਗੜ੍ਹ ਸਾਹਿਬ	1) ਕੰਜਾਰੀ 2) ਪੰਜੋਲੀ ਕਲਾਂ
6.	ਫਿਰੋਜ਼ਪੁਰ	1) ਸੀਤੋ ਗੁੰਨੂ 2) ਹਕੂਮਤ ਸਿੰਘ ਵਾਲਾ 3) ਹਰਦਾਸਾ 4) ਸੱਪਾਂਵਾਲੀ 5) ਅਸਫਵਾਲਾ 6) ਓਸਮਾਨ ਵਾਲਾ 7) ਹਰਦਿਓ ਢਾਂਡੀ 8) ਚੱਕ ਮੋਚਨਵਾਲਾ 9) ਬੁੱਕਣ ਖਾਨ ਵਾਲਾ 10) ਬਹਾਵਵਾਲਾ 11) ਗੱਟੀ ਰਹੀਮ ਕੇ
7.	ਗੁਰਦਾਸਪੁਰ	1) ਕਾਲਾ ਨੰਗਲ 2) ਬਹਿਰਾਮਪੁਰ 3) ਗੁਨੂਪੁਰ 4) ਚੀਮਾ ਖੁੱਡੀ 5) ਸੇਖਵਾਂ 7) ਮਰੜ 8) ਮਨਵਾਲ 9) ਹਰਦੋਵਾਲ 10) ਮਾਜਰਾ 11) ਪੁਖਰੀਵਾਲ 12) ਭਿਖਾਰੀਵਾਲ 13) ਕੋਟ ਬੰਦਲ
8.	ਹੁਸ਼ਿਆਰਪੁਰ	1) ਦੁਲਮੀ ਵਾਲ 2) ਕੁਨੈਲ 3) ਚੱਕ ਲਾਦੀਆਂ 4) ਸਰਹਾਲਾਂ ਕਲਾਂ 5) ਬੋਹਣ 6) ਕੋਟਲੀ ਖਾਸ 7) ਨੰਦਾਚੌਰ 8) ਇਬਰਾਹੀਮਪੁਰ 9) ਅੱਜੋਵਾਲ
9.	ਜਲੰਧਰ	1) ਬਘੇਲਾ 2) ਮਾਂਗੇਕੀ 3) ਕਮਾਲਪੁਰ 4) ਸ਼ੰਕਰ 5) ਮੋਰੋ
10.	ਕਪੂਰਥਲਾ	1) ਰਾਏਪੁਰ ਪੀਰ ਬਖਸ਼ ਵਾਲਾ 2) ਸਿਧਵਾਂ ਦੋਨਾਂ 3) ਭਬਿਆਣਾ 4) ਉੱਚਾ
11.	ਲੁਧਿਆਣਾ	1) ਮਾਛੀਆਂ ਕਲਾਂ 2) ਬੂਥਗੜ੍ਹ 3) ਮਿਊਵਾਲ 4) ਮਾਨਕੀ 5) ਧਾਂਦਰਾ 6) ਰੌਣੀ 7) ਕੋਟਲਾ ਬੇਟ 8) ਜਲਾਲਦੀਵਾਲ 9) ਸ਼ੇਰਪੁਰ ਕਲਾਂ 10) ਸਰਾਭਾ
12.	ਮਾਨਸਾ	1) ਬੋਹਾ 2) ਭੂਪਾਲ 3) ਦਲੇਵਾਂ 4) ਸਾਹਨੇਵਾਲੀ 5) ਵਰ੍ਹੇ
13.	ਮੋਗਾ	1) ਦੌਲਤਪੁਰ ਨੀਵਾਂ 2) ਰੌਲੀ 3) ਰਣਸ਼ੀਹ ਕਲਾਂ 4) ਮਨਾਵਾਂ 5) ਮਾਹਲਾ ਕਲਾਂ

Original with;
Punjab Vidhan Sabha
Digitized by;
Panjab Digital Library

[ਸਿੱਖਿਆ ਮੰਤਰੀ]

14.	ਸ੍ਰੀ ਮੁਕਤਸਰ ਸਾਹਿਬ	1) ਗੁਰੂਸਰ 2) ਵੜਿੰਗ 3) ਸ਼ੇਰਗੜ੍ਹ ਗਿਆਨ ਸਿੰਘ 4) ਰਾਣੀਵਾਲਾ 5) ਕੱਟਿਆਂ ਵਾਲੀ
15.	ਸ਼.ਭ.ਸ.ਨਗਰ	1) ਸਾਹਿਬ 2) ਜੰਡਿਆਲਾ 3) ਨਵਾਂਗਰਾ
16.	ਅਜੀਤਗੜ੍ਹ ਮੋਹਾਲੀ	1) ਜੋਹਲਾਂ ਕਲਾਂ 2) ਕਾਲੇਵਾਲ 3) ਕੁਰੜੀ
17.	ਪਟਿਆਲਾ	1) ਅਕੌਤ 2) ਲਾਛੜੂ ਕਲਾਂ 3) ਟੌਹੜਾ 4) ਭੱਪਲ 5) ਹਰਿਆਊ ਖੁਰਦ
18.	ਰੂਪਨਗਰ	1) ਖ਼ਾਨਪੁਰ 2) ਗੱਗੋ 3) ਅੰਗਮਪੁਰ 4) ਲੋਧੀਪੁਰ
19.	ਸੰਗਰੂਰ	1) ਨਾਰੀਕੇ 2) ਬਾਲਦ-ਖੁਰਦ 3) ਲਹਿਲ ਕਲਾਂ 4) ਮੰਡਵੀਂ 5) ਖੇੜੀ ਕਲਾਂ 6) ਗੰਢੂਆਂ 7) ਝਨੇੜੀ
20.	ਤਰਨਤਾਰਨ	1) ਕੰਗ 2) ਪੰਡੋਰੀ ਰਣ ਸਿੰਘ 3) ਭਿੱਖੀ ਵਿੰਡ 4) ਵਲਟੋਹਾ 5) ਕੈਂਰੋ (ਸਪੋਰਟਸ ਸਕੂਲ) 6) ਬਲ੍ਹੇਰ ਖੁਰਦ 7) ਨੌਸ਼ਹਿਰਾ ਪੰਨੂਆਂ

PERSONAL EXPLANATION BY THE CHIEF MINISTER

ਮਾਨਯੋਗ ਸਪੀਕਰ: ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ। ਸੀ.ਐਮ. ਸਾਹਿਬ ਦੁਆਰਾ ਸਪੱਸ਼ਟੀਕਰਨ। ... (ਵਿਘਨ).... (ਸ਼ੋਰ).....

ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ): ਮੇਰੀ ਅਰਜ਼ ਤਾਂ ਸੁਣ ਲਵੋ ਜੀ। (ਵਿਘਨ) .... (ਸ਼ੋਰ) ....

Mr. Speaker: Please Sit down. ਪਹਿਲਾਂ ਇਨ੍ਹਾਂ ਦੀ ਗੱਲ ਸੁਣ ਲਵੋ। ਮੈਂ ਕਿਹਾ ਕਿ ਤੁਸੀਂ ਬੈਠ ਜਾਉ। Please sit down. ਮੈਂ ਕਿਹਾ ਜੀ ਬੈਠ ਜਾਉ।

(ਇਸ ਸਮੇਂ ਇੰਡੀਅਨ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਸਾਹਿਬਾਨ ਜ਼ੀਰੋ ਆਵਰ ਦੀ ਮੰਗ ਕਰ ਰਹੇ ਸਨ।)

Original with;
Punjab Vidhan Sabha
Digitized by;
Panjab Digital Library

ਮਾਨਯੋਗ ਸਪੀਕਰ: ਮੈਂ ਕਿਹਾ ਜੀ ਜ਼ੀਰੋ ਆਵਰ ਹੋਏਗਾ, ਜ਼ਰੂਰ ਹੋਏਗਾ। Please sit down.

ਮੁੱਖ ਮੰਤਰੀ: ਮੈਂ ਅਰਜ਼ ਕਰਨ ਲੱਗਿਆਂ ਜੀ..... (ਵਿਘਨ) .... (ਸ਼ੋਰ).........

ਮਾਨਯੋਗ ਸਪੀਕਰ: ਮੈਂ ਜਾਣਦਾ ਹਾਂ ਕਿ ਵਿਧਾਨ ਸਭਾ ਨੂੰ ਕਿਵੇਂ ਚਲਾਉਣਾ ਹੈ ਜੀ। ਜ਼ੀਰੋ ਆਵਰ ਜ਼ਰੂਰ ਹੋਵੇਗਾ। ਬੱਸ ਬੈਠ ਜਾਉ, ਜ਼ੀਰੋ ਆਵਰ ਹੋਏਗਾ। ਮੈਂ ਕਿਹਾ ਕਿ ਜ਼ੀਰੋ ਆਵਰ ਹੋਏਗਾ। ...(ਵਿਘਨ).... (ਸ਼ੋਰ)....

(ਇਸ ਸਮੇਂ ਇੰਡੀਅਨ ਕਾਂਗਰਸ ਪਾਰਟੀ ਦੇ ਮਾਨਯੋਗ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ ਬਿਨਾ ਆਗਿਆ ਤੋਂ ਬੋਲ ਰਹੇ ਸਨ।)

ਮਾਨਯੋਗ ਸਪੀਕਰ: ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਪਹਿਲਾਂ ਉਨ੍ਹਾਂ ਦੀ ਗੱਲ ਸੁਣ ਲਉ। .....(ਵਿਘਨ)....(ਸ਼ੋਰ)....ਜਾਖੜ ਸਾਹਿਬ, ਇਨ੍ਹਾਂ ਨੂੰ ਸਮਝਾਉ, otherwise ਇਹ ਹਾਉਸ ਨਹੀਂ ਚੱਲਣਾ। ਇਨ੍ਹਾਂ ਦੀ ਗੱਲ ਤਾਂ ਸੁਣੋ ਕਿ ਕੀ ਕਹਿਣਾ ਚਾਹੁੰਦੇ ਹਨ। I know what is your right. Please sit down

ਮਾਲ ਤੇ ਮੁੜ ਵਸੇਬਾ ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ.ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ): ਸਪੀਕਰ ਸਾਹਿਬ, ਮੈਂ ਇੱਕ ਗੱਲ ਕਰ ਸਕਦਾ ਹਾਂ ਜੀ? ਸਪੀਕਰ ਸਾਹਿਬ, ਮੈਂ ਜਾਖੜ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਦੇਖੋ ਜ਼ੀਰੋ ਆਵਰ ਚੱਲਣ ਤੋਂ ਪਹਿਲਾਂ.....

(ਇਸ ਸਮੇਂ ਇੰਡੀਅਨ ਕਾਂਗਰਸ ਪਾਰਟੀ ਦੇ ਮਾਨਯੋਗ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ ਬਿਨਾ ਆਗਿਆ ਤੋਂ ਬੋਲ ਰਹੇ ਸਨ ਜੋ ਕਿ ਸੁਣਾਈ ਨਹੀਂ ਸੀ ਦੇ ਰਿਹਾ।)

ਮਾਨਯੋਗ ਸਪੀਕਰ: ਚੰਨੀ ਜੀ, ਮੈਂ ਤੁਹਾਨੂੰ ਬਾਹਰ ਕਢਾਵਾਂ। Please sit down.

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ: ਮੀਡੀਆ ਨੇ ਆਊਟਲਾਈਨ ਕੀਤੇ, ਜਿਸ ਦੇ ਵਿੱਚ ਲਾਅ ਐਂਡ ਆਰਡਰ.........

ਮਾਨਯੋਗ ਸਪੀਕਰ: ਮਜੀਠੀਆ ਜੀ, ਤੁਸੀਂ ਬੈਠ ਜਾਉ।

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ: ਸਪਕੀਰ ਸਾਹਿਬ, ਕੱਲ੍ਹ ਇਸ ਸਦਨ ਵਿੱਚ ਜੋ ਕੁਝ ਹੋਇਆ, ਮੈਨੂੰ ਉਸ ਦਾ ਬੇਹੱਦ ਦੁੱਖ ਹੈ, ਅਫਸੋਸ ਹੈ। ਮੈਂ ਬੇਨਤੀ ਕਰਦਾ ਹਾਂ ਕਿ ਮੇਰੇ ਦਿਲ ਵਿੱਚ ਆਪੋਜ਼ੀਸ਼ਨ ਦਾ ਬੇਹੱਦ ਇਹਤਰਾਮ ਹੈ ਔਰ ਨਾਲ ਮੈਂ ਉਨ੍ਹਾਂ ਨੂੰ ਇਹ ਵੀ ਐਸ਼ਿਉਰ ਕਰਨਾ ਚਾਹੁੰਦਾ ਹਾਂ ਕਿ ਜਦੋਂ ਤੱਕ ਮੇਰੇ ਕੋਲ ਇੱਕ-ਇੱਕ ਸਾਹ ਹੈ, ਉਦੋਂ ਤੱਕ ਤੁਹਾਡਾ ਇਹਤਰਾਮ, ਇੱਜ਼ਤ, ਸਤਿਕਾਰ ਕਰਦਾ ਰਿਹਾ ਹਾਂ ਅਤੇ ਕਰਦਾ ਰਹਾਂਗਾ। (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਭਾਵੇਂ ਮੇਰਾ ਪਰੈਰੋਗੇਟਿਵ ਹੈ, ਤੁਸੀਂ ਪਾਰਲੀਮੈਂਟ ਦੇ ਰੂਲਜ਼ ਵੇਖ ਲਵੋ, ਕੋਈ ਵੀ ਮੁੱਖ ਮੰਤਰੀ ਹੋਵੇ ਉਹ ਜਿਸ ਵੇਲੇ ਕੋਈ ਗੱਲ ਕਰਨੀ ਚਾਹੁੰਦਾ ਹੈ, ਹਾਊਸ ਵਿੱਚ ਉਸ ਨੂੰ ਪਹਿਲ ਦਿੱਤੀ ਜਾਂਦੀ ਹੈ। ਲੇਕਿਨ ਚੱਲੋ, ਮੈਂ ਉਸ ਬਹਿਸ ਵਿੱਚ ਨਹੀਂ ਪੈਣਾ ਚਾਹੁੰਦਾ। ਤੁਸੀਂ ਕੱਲ੍ਹ ਮੇਰੀ ਗੱਲ ਵੀ ਨਹੀਂ ਸੁਣੀ। ਮਤਲਬ ਮੈਨੂੰ ਖੜ੍ਹਾ ਨਹੀਂ ਹੋਣ ਦਿੱਤਾ। ਅਸੀਂ ਰੂਲਿੰਗ ਪਾਰਟੀ ਹਾਂ, ਭਾਵੇਂ ਮੇਰਾ ਰਾਈਟ ਬਣਦਾ ਸੀ ਪਰ ਮੈਂ ਉਹ ਰਾਈਟ ਵੀ ਆਪਣਾ ਵਿਦਡਰਾਅ ਕਰ ਦਿੱਤਾ ਕਿਉਂਕਿ ਤੁਸੀਂ ਇਸ ਗੱਲ ਤੇ ਅੜੇ ਸੀ ਕਿ ਲਾਅ ਐਂਡ ਆਰਡਰ ਤੇ ਬਹਿਸ ਹੋਵੇ। ਪਹਿਲਾਂ ਹੀ ਸਾਡਾ ਮਨਿਸਟਰ ਉਹ ਰੈਜ਼ੋਲਿਊਸ਼ਨ ਪੇਸ਼ ਕਰ ਰਿਹਾ ਸੀ ਕਿ ਲਾਅ ਐਂਡ ਆਰਡਰ ਤੇ ਬਹਿਸ ਹੋਵੇ। ਲੇਕਿਨ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਇੱਕ ਗੱਲ ਮੇਰੀ ਮੰਨ ਲਵੋ। ਤੁਹਾਨੂੰ (ਆਪੋਜ਼ੀਸ਼ਨ ਬੈਂਚਿੰਜ ਵੱਲ ਇਸ਼ਾਰਾ) ਬਾਬਾ ਪਹਿਲ ਹੈ, ਅਸੀਂ ਆਪੋਜੀਸ਼ਨ ਦੀ ਗੱਲ ਮੰਨ ਲੈਂਦੇ ਹਾਂ। ਲੇਕਿਨ ਦੋ ਗੱਲਾਂ ਤੁਹਾਨੂੰ ਸਾਡੀਆਂ ਵੀ ਮੰਨਣੀਆਂ ਪੈਣਗੀਆਂ। ਇੱਕ ਹੈ ਕਿ ਜਦੋਂ ਤੱਕ ਲਾਅ ਐਂਡ ਆਰਡਰ ਦੀ ਬਹਿਸ ਹੋਵੇਗੀ, ਉਸ ਤੋਂ ਬਾਅਦ ਸਰਦਾਰ ਸੁਖਬੀਰ ਸਿੰਘ, ਜਿਹੜੇ ਹੋਮ ਮਨਿਸਟਰ ਹਨ, ਉਹ ਰਿਪਲਾਈ ਦੇਣਗੇ, ਉਹ ਸੁਣ ਕੇ ਜਾਇਉ। ਇਹ ਨਹੀਂ ਕਿ ਕਿਸੇ ਬਹਾਨੇ ਵਾਕ ਆਊਟ ਕਰਕੇ ਭੱਜ ਜਾਉ। ਫਿਰ ਗੱਲ ਕਿਸ ਨੂੰ ਸੁਣਾਵਾਂਗੇ? (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇੱਕ ਤਾਂ ਮੈਂ ਤੁਹਾਡੇ ਕੋਲੋਂ ਇਸ ਚੀਜ਼ ਦੀ ਐਸ਼ਿਓਰੈਂਸ ਮੰਗਦਾ ਹਾਂ। ਗੱਲ ਤੁਹਾਡੀ ਹੀ ਮੰਨ ਲਈ ਹੈ ਕਿ ਭਾਵੇਂ ਮੈਨੂੰ ਸਪੀਕਰ ਸਾਹਿਬ ਨੇ ਐਕਸਪਲੇਨੇਸ਼ਨ ਤੇ ਬੋਲਣ ਲਈ ਟਾਈਮ ਦੇ ਦਿੱਤਾ ਸੀ, ਪਰ ਮੈਂ ਫੇਰ ਵੀ ਇਹ ਸਮਝਿਆ ਕਿ ਚਲੋ ਇਧਰੋਂ ਚੌਧਰੀ ਸਾਹਿਬ ਵੱਲੋਂ ਜ਼ਿਦ ਹੈ, ਆਪਾਂ ਨੂੰ ਮੰਨ ਲੈਣਾ ਚਾਹੀਦਾ ਹੈ, ਆਪਾਂ ਨੂੰ ਫਰਾਖਦਿਲੀ ਦਿਖਾਉਣੀ ਚਾਹੀਦੀ ਹੈ। ਦੂਜੀ, ਮੈਂ ਬੇਨਤੀ ਕਰਦਾ ਹਾਂ ਕਿ ਚੌਧਰੀ ਸਾਹਿਬ ਮੇਰੇ ਦਿਲ ਤੇ ਦੁੱਖ ਹੈ, ਮੇਰਾ ਮਤਲਬ ਹੈ ਕਿ ਜਿਸ ਸਿਆਸੀ ਬੰਦੇ ਤੇ ਇਲਜ਼ਾਮ ਲੱਗ ਜਾਵੇ, ਉਸ ਦਾ ਹੱਕ ਬਣਦਾ ਹੈ ਕਿ ਉਹ ਆਪਣੀ ਐਕਸਪਲੇਨੇਸ਼ਨ ਦੇਵੇ, ਤੁਸੀਂ ਆਖੋਗੇ ਕਿ ਇੰਨਾ ਚਿਰ ਹੋ ਗਿਆ ਲੇਕਿਨ ਇਸ ਤੋਂ ਇਲਾਵਾ ਬਾਹਰ ਇਹੋ ਜਿਹਾ ਕੋਈ ਹੋਰ ਫ਼ੋਰਮ ਹੀ ਨਹੀਂ ਜਿਸ ਤੇ ਜਾ ਕੇ ਅਸੀਂ ਐਕਸਪਲੇਨ ਕਰ ਸਕੀਏ। ਅਗਰ ਮੇਰੇ ਤੋਂ ਆਪੋਜੀਸ਼ਨ ਨੇ ਕੋਈ ਸਵਾਲ ਪੁੱਛਣਾ ਹੈ ਤਾਂ ਪੁੱਛ ਲੈਣ। ਮੇਰੇ ਮਨ ਤੇ ਬਹੁਤ

Original with;
Punjab Vidhan Sabha
Digitized by;
Panjab Digital Library

ਸੱਟਾਂ ਲੱਗੀਆਂ ਹਨ। ਜਦੋਂ ਤੋਂ ਦੇਸ਼ ਵਿੱਚ ਕਾਂਗਰਸ ਦਾ ਰਾਜ ਆਇਆ ਹੈ, ਮੇਰੇ ਤੇ ਇਹ ਕਮਿਸ਼ਨ ਬਿਠਾਉਂਦੇ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਨੇ ਤਾਂ ਲੋਹੜਾ ਹੀ ਲਿਆ ਦਿੱਤਾ ਹੈ। ....ਵਿਘਨ....ਹੁਣ ਗੱਲ ਸੁਣ ਲਓ, ਇਸ ਤਰ੍ਹਾਂ ਨਾ ਕਰਿਆ ਕਰੋ। ਲਗਦਾ ਹੈ ਕਿ ਤੁਹਾਡੀ ਆਦਤ ਹੀ ਬਣ ਗਈ ਹੈ ਕਿ ਤੁਸੀਂ ਬੋਲਣਾ ਹੀ ਬੋਲਣਾ ਹੈ। ਮੈਨੂੰ ਵੀ ਕੁਝ ਕਹਿਣ ਦਾ ਹੱਕ ਹੈ ਕਿ ਨਹੀਂ ਹੈ? ਮੈਂ ਤੁਹਾਡਾ ਇਹ ਵੀ ਹੁਕਮ ਮੰਨ ਲੈਂਦਾ ਹੈ, ਮੈਂ ਚੁੱਪ ਕਰਕੇ ਬੈਠਾ ਰਿਹਾ ਕਰਾਂਗਾ, ਤੁਹਾਡੀਆਂ ਗੱਲਾਂ ਸੁਣ ਲਿਆ ਕਰਾਂਗਾ। ਇਸ ਤਰ੍ਹਾਂ ਕਰਨ ਨਾਲ ਚਾਰ ਦਿਨ ਟੱਪ ਜਾਣਗੇ। ਮੇਰੇ ਤੇ ਇਹੋ ਜਿਹੇ ਇਲਜ਼ਾਮ ਲਗਾਏ ਗਏ ਹਨ ਕਿ ਮੇਰੀ ਤਾਂ ਜੀ 10,000 ਏਕੜ ਜ਼ਮੀਨ ਰਾਜਸਥਾਨ ਵਿੱਚ ਹੈ, ਚੌਧਰੀ ਸਾਹਿਬ ਤੁਹਾਡੇ ਤਾਂ ਰਾਜਸਥਾਨ ਵਿੱਚ 100 ਰਿਸ਼ਤੇਦਾਰ ਹਨ, ਮੈਂ ਤਾਂ ਕਦੇ ਉਧਰਲੇ ਪਿੰਡਾਂ ਵਿੱਚ ਹੀ ਨਹੀਂ ਗਿਆ। ਕਦੇ ਕਹਿ ਦਿੰਦੇ ਹਨ ਕਿ ਆਸਟਰੇਲੀਆ ਵਿੱਚ ਹੈ। ਨਾਈਟ ਕਲੱਬ ਹਨ, ਮੈਂ ਤਾਂ ਕਦੇ ਨਾਈਟ ਕਲੱਬ ਹੀ ਨਹੀਂ ਦੇਖੇ ਕਿ ਇਹ ਕੀ ਬਲਾ ਹੁੰਦੇ ਹਨ। (ਹਾਸਾ) ਇਥੇ ਇਹ ਵੀ ਕਿਹਾ ਜਾਂਦਾ ਹੈ ਕਿ ਨਿਊਯਾਰਕ ਵਿੱਚ, ਮੈਨਹੈਟਨ ਏਰੀਆ ਵਿੱਚ ਵੀ ਮੇਰੇ ਫਲੈਟ ਹਨ। ਚਲੋ, ਕੋਰਟ ਨੇ ਜੋ ਵੀ ਫ਼ੈਸਲਾ ਦਿੱਤਾ, ਉਹ ਵੀ ਇੱਕ ਇਤਿਹਾਸਿਕ ਫ਼ੈਸਲਾ ਹੈ। ਉਸ ਕੇਸ ਵਿੱਚ ਚਾਹਲ ਜਾਂ ਪਾਂਡੇ ਸਾਹਿਬ ਨੇ ਬੜੇ ਗਵਾਹ ਵੀ ਮੇਰੇ ਖਿਲਾਫ ਭੁਗਤਾਏ। ਚਲੋ, ਮੈਂ ਤਾਂ ਉਸ ਗੱਲ ਨੂੰ ਇੱਥੇ ਹੀ ਛੱਡਦਾ ਹਾਂ। ਪਰ ਅਗਰ ਹਰ ਵੇਲੇ ਮੈਨੂੰ ਇਕ ਟਾਰਗੇਟ ਹੀ ਬਣਾਇਆ ਜਾਣਾ ਹੈ, ਦੇਖੋ, ਜਦੋਂ ਚੌਧਰੀ ਸਾਹਿਬ ਲੀਡਰ ਆਫ਼ ਆਪੋਜ਼ੀਸ਼ਨ ਬਣੇ। ਚਲੋ, ਲੀਡਰ ਆਫ਼ ਦਿ ਹਾਊਸ ਬਣ ਜਾਣ ਮੈਨੂੰ ਕੀ ਇਤਰਾਜ਼ ਹੈ? ਇਹ ਤਾਂ ਲੋਕਾਂ ਨੇਂ ਬਣਾਉਣਾ ਹੈ, ਇਹ ਮੇਰੇ ਵੱਸ ਤਾਂ ਹੈ ਨਹੀਂ ਕਿ ਮੈਂ ਮੂੰਹੋਂ ਆਖ ਦਿਆਂ ਤੇ ਇਹ ਲੀਡਰ ਆਫ਼ ਦਿ ਹਾਊਸ ਬਣ ਜਾਣ। ਮੈਨੂੰ ਤਾਂ ਬੜੀ ਖ਼ੁਸ਼ੀ ਹੈ ਜੇ ਇਹ ਬਣ ਜਾਣ। ਮੇਰੇ ਤਾਂ ਇਹ ਗੁਆਂਢੀ ਹਨ। ਇਹ ਭਾਵੇਂ ਮੇਰਾ ਖ਼ਿਆਲ ਨਹੀਂ ਰਖਦੇ। ਮੈਂ ਤਾਂ ਇਨ੍ਹਾਂ ਦਾ ਬਹੁਤ ਖ਼ਿਆਲ ਰੱਖਦਾ ਹਾਂ। ...(ਵਿਘਨ).... ਬੀਬੀ ਬਣ ਜਾਵੇ, ਰਾਜਾ ਸਾਹਿਬ ਬਣ ਜਾਣ, ਮੈਨੂੰ ਕੀ ਫਰਕ ਪੈਂਦਾ ਹੈ? ...(ਹਾਸਾ)... ਮੈਂ ਤੁਹਾਨੂੰ ਇੱਕ ਗੱਲ ਦੱਸਦਾ ਹਾਂ ਕਿ ਇੱਕ ਵਾਰੀ ਇੱਕ ਮੁੰਡਾ ਸੀ, ਉਸਦਾ ਨੰਬਰਦਾਰ ਬਣਨ ਨੂੰ ਬੜਾ ਦਿਲ ਕਰਦਾ ਸੀ। ਉਹ ਆਪਣੀ ਮਾਂ ਨੂੰ ਕਹਿੰਦਾ, ਮਾਂ ਜੇਕਰ ਨੰਬਰਦਾਰ ਮਰ ਜਾਵੇ ਤਾਂ ਕੌਣ ਨੰਬਰਦਾਰ ਬਣੂੰਗਾ, ਉਹ ਕਹਿੰਦੀ ਪੁੱਤ ਉਸਦਾ ਮੁੰਡਾ ਨੰਬਰਦਾਰ ਬਣ ਜਾਵੇਗਾ। ਫਿਰ ਮੁੰਡਾ ਕਹਿੰਦਾ ਕਿ ਜੇਕਰ ਉਸਦਾ ਮੁੰਡਾ ਮਰ ਜਾਵੇ ਤਾਂ ਫੇਰ ਕੌਣ ਨੰਬਰਦਾਰ ਬਣੇਗਾ ਤਾਂ ਉਸ ਮੁੰਡੇ ਦੀ ਮਾਂ ਨੇ ਕਿਹਾ ਕਿ ਉਸਦਾ ਮੁੰਡਾ ਬਣ ਜਾਵੇਗਾ। ਉਸਦੀ ਮਾਂ ਸਮਝ ਗਈ, ਉਹ ਕਹਿੰਦੀ ਪੁੱਤ ਅਗਰ ਸਾਰਾ ਪਿੰਡ ਵੀ ਮਰ ਜਾਵੇ ਤਾਂ ਵੀ ਤੂੰ ਨੰਬਰਦਾਰ ਨਹੀਂ ਬਣ ਸਕਦਾ। (ਹਾਸਾ)....(ਵਿਘਨ).... ਸਰਦਾਰ ਲਾਲ ਸਿੰਘ ਜੀ ਭਾਵੇਂ ਤੁਸੀਂ ਮੁੱਖ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]
ਮੰਤਰੀ ਬਣ ਜਾਓ, ਮੈਂ ਤੁਹਾਡਾ ਨਾਂ ਵੀ ਲੈ ਦਿੰਦਾ ਹਾਂ, ਅਗਰ ਸੋਢੀ ਸਾਹਿਬ ਦਾ ਵੀ ਦਿਲ ਕਰਦਾ ਹੈ ਤਾਂ ਮੈਂ ਉਨ੍ਹਾਂ ਦਾ ਨਾਂ ਵੀ ਲੈ ਦਿੰਦਾ ਹਾਂ।

ਮਾਨਯੋਗ ਸਪੀਕਰ: ਸਰਦਾਰ ਲਾਲ ਸਿੰਘ ਕੁਝ ਕਹਿਣਾ ਚਾਹੁੰਦੇ ਹਨ ਉਨ੍ਹਾਂ ਦੀ ਗੱਲ ਵੀ ਸੁਣ ਲਓ।

ਸਰਦਾਰ ਲਾਲ ਸਿੰਘ: ਸਪੀਕਰ ਸਾਹਿਬ, ਵਾਰੀ ਨਹੀਂ ਆਉਣੀ (ਵਿਘਨ).....।

ਮੁੱਖ ਮੰਤਰੀ: ਮੇਰਾ ਮਤਲਬ ਹੈ ਕਿ ਭਾਵੇਂ ਕੁਝ ਵੀ ਹੋ ਜਾਵੇ, ਦੇਖੋ, ਹੁਣ ਕਾਂਗਰਸ ਦੀ ਹਕੂਮਤ ਨਹੀਂ ਆਉਣੀ। (ਥੰਪਿੰਗ) ਦੂਸਰਾ, ਮੈਂ ਬੇਨਤੀ ਕਰਦਾ ਹਾਂ ਕਿ ਪਹਿਲਾਂ ਲਾਅ ਐਂਡ ਆਰਡਰ ਤੇ ਬਹਿਸ ਕਰੋ ਪਰ ਮੈਂ ਤੁਹਾਨੂੰ ਇੱਕ ਬੇਨਤੀ ਕਰਦਾ ਹਾਂ ਕਿ ਸਾਡੀ ਗੱਲ ਵੀ ਮੰਨੋ। ਮੈਂ ਜਿਹੜੀ ਗੱਲ ਕਰਨੀ ਚਾਹੁੰਦਾ ਹਾਂ ਕਿ ਮੇਰੇ ਦਿਲ ਤੇ ਬਹੁਤ ਵੱਡੀ ਸੱਟ ਲੱਗੀ ਹੈ ਕਿ ਜਦੋਂ ਤੁਸੀਂ ਬਣੇ ਹੋ ਮੈਂ ਸਮਝਿਆ ਕਿ ਚਲੋ ਇਹ ਚੈਪਟਰ ਹੀ ਕਲੋਜ਼ ਹੋ ਗਿਆ ਹੁਣ ਕਿਸੇ ਸਿਆਸੀ ਬੰਦੇ ਨੇ ਕਿਸੇ ਸਿਆਸੀ ਬੰਦੇ ਤੇ ਕੋਈ ਝੂਠੇ ਦੂਸ਼ਣ ਨਹੀਂ ਲਗਾਉਣੇ। ਮੈਂ ਤਾਂ ਇਹ ਸੋਚ ਕੇ ਖੁਸ਼ ਹੋਇਆ, ਲੇਕਿਨ ਚੌਧਰੀ ਸਾਹਿਬ ਮੈਨੂੰ ਬਹੁਤ ਦੁੱਖ ਹੈ ਜੇਕਰ ਇਨ੍ਹਾਂ ਵਿੱਚੋਂ ਕੋਈ ਹੋਰ ਕਹਿ ਦਿੰਦਾ ਤਾਂ ਮੇਰੇ ਤੇ ਕੋਈ ਅਸਰ ਨਹੀਂ ਹੋਣਾ ਸੀ, ...(ਵਿਘਨ)... ਮੇਰੀ ਗੱਲ ਸੁਣੋ ਜੀ, ਚੌਧਰੀ ਸਾਹਿਬ ਵੱਲੋਂ ਮੇਰੇ ਤੇ ਦੂਸ਼ਣ ਲੱਗਣ ਔਰ ਉਸ ਗੱਲ ਦੇ ਦੂਸ਼ਣ ਲੱਗਣ ਜਿਸ ਬਾਰੇ ਇਨ੍ਹਾਂ ਨੂੰ ਇੱਕ-ਇੱਕ ਚੀਜ਼ ਦਾ ਪਤਾ ਹੈ ਤਾਂ ਇਸ ਤੋਂ ਵੱਡਾ ਦੁੱਖ ਹੋਰ, ਸਪੀਕਰ ਸਾਹਿਬ, ਕੀ ਹੋ ਸਕਦਾ ਹੈ? ਮੈਂ ਇਸ ਤਰ੍ਹਾਂ ਦੀਆਂ ਬਹੁਤ ਗੱਲਾਂ ਸਹਾਰੀਆਂ ਹਨ, ਮੈਂ ਵੀ ਬਹੁਤ ਜ਼ਲੀਲ ਹੋਇਆ ਹਾਂ ਅਤੇ ਜਿਹੜੇ ਦੂਸ਼ਣ ਲਾਉਣ ਵਾਲੇ ਸਨ ਉਹ ਵੀ ਬਹੁਤ ਜ਼ਲੀਲ ਹੋਏ ਹਨ। ਤੁਸੀਂ ਮੇਰੇ ਇੰਨੇ ਭਰਾ ਬੈਠੇ ਹੋ, ਤੁਸੀਂ ਮੈਨੂੰ ਦੱਸੋ ਕਿ ਜਿਹੜੇ ਐਤਕੀਂ ਇਨ੍ਹਾਂ ਸੀਟਾਂ ਤੇ ਬੈਠ ਨਹੀਂ ਸਕੇ ਇਨ੍ਹਾਂ ਵਿੱਚੋਂ ਮੈਂ ਕਿਸੇ ਦੇ ਖਿਲਾਫ ਕੋਈ ਵੀ ਦੂਸ਼ਣਬਾਜ਼ੀ ਨਹੀਂ ਕੀਤੀ। ਕੋਈ ਇੱਕ ਵੀ ਦੱਸ ਦਿਉ। ਮੈਂ ਇਹ ਵੀ ਕਹਿੰਦਾ ਹਾਂ ਕਿ ਇਹ ਸਦਨ ਪਵਿੱਤਰ ਹੈ, ਗੁਰਦੁਆਰਾ ਹੈ, ਮੰਦਰ ਹੈ, ਮਸਜਿਦ ਹੈ। ਮੈਂ ਕਈਆਂ ਨੂੰ ਬਚਾਇਆ ਹੈ (ਆਪੋਜ਼ੀਸ਼ਨ ਵੱਲ ਇਸ਼ਾਰਾ) ਜਿਹੜੇ ਕਿ ਫਸਦੇ ਸਨ। (ਟਰੈਜ਼ਰੀ ਬੈਂਚਾਂ ਵੱਲੋਂ ਥੰਪਿੰਗ) ਮੈਂ ਇਹ ਪਰੰਪਰਾ ਨਹੀਂ ਪਾਉਣਾ ਚਾਹੁੰਦਾ। ਮੇਰੇ ਉੱਤੇ ਚੌਧਰੀ ਸਾਹਿਬ ਨੇ ਇਲਜ਼ਾਮ ਲਗਾ ਦਿੱਤੇ। ਚਲੋ ਇਨ੍ਹਾਂ ਦੀ ਮਰਜ਼ੀ ਹੈ। ਇੱਥੇ ਭਾਵੇਂ ਰੂਲ ਇਜਾਜ਼ਤ ਦਿੰਦੇ ਹੋਣ ਜਾਂ ਨਾ, ਮੈਨੂੰ ਆਪਣੀ ਐਕਸਪਲੇਨੇਸ਼ਨ ਦੇ ਦੇਣ ਦਿਉ। ਕੱਲ੍ਹ ਨੂੰ ਦੇ ਦਿਆਂਗਾ, ਪਰਸੋਂ ਨੂੰ ਦੇ ਦਿਆਂਗਾ, ਜਦੋਂ ਮਰਜ਼ੀ ਹੈ ਮੈਨੂੰ ਟਾਈਮ ਦੇ ਦੇਣ ਪ੍ਰੰਤੂ ਮੈਂ ਐਕਸਪਲੇਨੇਸ਼ਨ ਜ਼ਰੂਰ ਦੇਣੀ ਹੈ ਜਾਂ ਇਹ ਆਖ ਦੇਣ ਕਿ ਸਭ ਠੀਕ ਹੈ ਤਾਂ ਫਿਰ ਮੈਨੂੰ ਕੀ ਲੋੜ ਪਈ ਹੈ, 15 ਮਿੰਟ ਜਾਂ ਅੱਧਾ ਘੰਟਾ ਲਗਾਉਣ ਦੀ। ਸਪੀਕਰ ਸਾਹਿਬ, ਜਦੋਂ ਤੁਹਾਡੀ

Original with;
Punjab Vidhan Sabha
Digitized by;
Panjab Digital Library

ਮਰਜ਼ੀ ਹੈ ਐਕਸਪਲੇਨੇਸ਼ਨ ਲਈ ਸਮਾਂ ਦੇ ਦਿਉ। ਅੱਜ ਇਨ੍ਹਾਂ ਨੂੰ ਲਾਅ ਐਂਡ ਆਰਡਰ ਤੇ ਬੋਲਣ ਲਈ ਸਮਾਂ ਦੇ ਦਿਉ। ....(ਵਿਘਨ)... ਜਦੋਂ ਮੈਨੂੰ ਐਕਸਪਲੇਨੇਸ਼ਨ ਦਾ ਸਮਾਂ ਮਿਲੇ ਉਦੋਂ ਹੋਰ ਭਾਵੇਂ ਕੋਈ ਬੈਠੇ ਜਾਂ ਨਾ ਬੈਠੇ ਪ੍ਰੰਤੂ ਚੌਧਰੀ ਸਾਹਿਬ ਜ਼ਰੂਰ ਬੈਠੇ ਰਹਿਣ। ਭਾਵੇਂ ਚਾਹ-ਪਾਣੀ ਵੀ ਪੀ ਲੈਣਾ ਤੇ ਭਾਵੇਂ ਸਾਰੇ ਸੁਣ ਲੈਣਾ ਤਾਂ ਕਿ ਮੁੜ ਕੇ ਮੇਰੇ ਉੱਤੇ ਦੂਸ਼ਣ ਨਾ ਲੱਗਣ। ਸਾਰਿਆਂ ਨੂੰ ਇੱਕ ਵਾਰ ਕੰਨ ਤਾਂ ਹੋ ਜਾਣਗੇ। ਕਿਉਂਕਿ ਤੁਹਾਨੂੰ ਆਦਤ ਬਣ ਗਈ ਹੈ, ਇੱਕ ਚੀਜ਼ ਫੜ੍ਹ ਲੈਂਦੇ ਹੋ ਅਤੇ ਵੈਂਡੇਟਾ-ਵੈਂਡੇਟਾ ਕਹਿਣ ਲੱਗ ਪੈਂਦੇ ਹੋ। ਇਹੀ ਰੌਲਾ ਪਾਉਂਦੇ ਰਹਿੰਦੇ ਹੋ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ 20,000 ਕੇਸਾਂ ਵਿੱਚ ਵੈਂਡੇਟਾ ਹੈ। ਚੌਧਰੀ ਸਾਹਿਬ ਨੇ 1000 ਕੇਸਾਂ ਤੇ ਕਿਹਾ। ਪ੍ਰੰਤੂ ਮੈਨੂੰ ਜਿਹੜੀ ਲਿਸਟ ਮਿਲੀ, ਉਹ ਕੇਵਲ 39 ਕੇਸਾਂ ਦੀ ਸੀ। ਮੈਂ ਇਹ ਸਾਬਤ ਕਰ ਦਿੱਤਾ ਕਿ ਇਨ੍ਹਾਂ ਵਿੱਚੋਂ ਕਿਸੇ ਇੱਕ ਉੱਤੇ ਵੀ ਵੈਂਡੇਟਾ ਨਹੀਂ ਸੀ। (ਟਰੈਜ਼ਰੀ ਬੈਂਚਿੰਜ਼ ਵੱਲੋਂ ਥੰਪਿੰਗ) ਹੁਣ ਪਿਛਲੇ 7 ਮਹੀਨਿਆਂ ਤੋਂ ਕਿਸੇ ਨੇ ਵੈਂਡੇਟਾ ਦੀ ਕੋਈ ਗੱਲ ਕੀਤੀ ਹੈ? ਹੁਣ ਤੁਹਾਨੂੰ ਸਾਰਿਆਂ ਨੂੰ ਤਸੱਲੀ ਹੋ ਗਈ ਹੈ। ਤੁਹਾਨੂੰ ਇਹ ਵੀ ਤਸੱਲੀ ਹੋ ਜਾਵੇਗੀ ਕਿ ਅਸੀਂ ਕੋਈ ਇਸ ਤਰ੍ਹਾਂ ਦਾ ਗੁਨਾਹ ਨਹੀਂ ਕਰਦੇ। ਤੁਹਾਨੂੰ ਇਹ ਵੀ ਤਸੱਲੀ ਹੋ ਜਾਵੇਗੀ ਕਿ ਪੰਜਾਬ ਵਿੱਚ ਲਾਅ ਐਂਡ ਆਰਡਰ ਦੀ ਸਮੱਸਿਆ ਸਭ ਤੋਂ ਘੱਟ ਹੈ। ਪੰਜਾਬ ਸਭ ਤੋਂ ਵੱਧ ਸ਼ਾਂਤੀ ਵਾਲਾ ਸੂਬਾ ਹੈ। ਪੰਜਾਬ ਸਭ ਤੋਂ ਵੱਧ ਕਮਿਊਨਲ ਹਾਰਮਨੀ ਵਾਲਾ ਸੂਬਾ ਹੈ (ਟਰੈਜ਼ਰੀ ਬੈਂਚਿੰਜ਼ ਵੱਲੋਂ ਥੰਪਿੰਗ)। ਆਹ, ਦਿੱਲੀ ਕੀ ਹੋ ਗਿਆ? ਕੀ ਹੁਣ ਅਸੀਂ ਵੀ ਰੈਜ਼ੋਲਿਊਸ਼ਨ ਕਰ ਦੇਈਏ ਕਿ ਸ਼ੀਲਾ ਦੀਕਸ਼ਤ ਨੂੰ ਅਸਤੀਫਾ ਦੇਣਾ ਚਾਹੀਦਾ ਹੈ। ਤੁਸੀਂ ਕਦੀ ਗਵਰਨਰ ਨੂੰ ਮਿਲਦੇ ਹੋ। ਸਾਡੇ ਉੱਤੇ ਵੀ ਦੁੱਖ-ਤਕਲੀਫਾਂ ਬੜੀਆਂ ਆਈਆਂ। ਦਿੱਲੀ ਵਿੱਚ ਸਾਡਾ ਰਾਜ ਸੀ। ਮੈਂ ਤਾਂ ਕਦੇ ਵੀ ਹੋਮ ਮਨਿਸਟਰ ਜਾਂ ਪ੍ਰਾਈਮ ਮਨਿਸਟਰ ਨੂੰ ਨਹੀਂ ਕਿਹਾ ਕਿ ਮੇਰੇ ਉੱਤੇ ਕਾਂਗਰਸ ਜ਼ਿਆਦਤੀ ਕਰਦੀ ਹੈ ਤੇ ਮੇਰੀ ਮਦਦ ਕਰੋ। ਅਸੀਂ ਤਾਂ ਆਪਣੇ ਪੈਰਾਂ ਤੇ ਖੜ੍ਹੇ ਹੋਵਾਂਗੇ ਅਤੇ ਆਪਣੀ ਮਦਦ ਆਪ ਕਰਾਂਗੇ। ਤੁਸੀਂ ਤਾਂ ਬੜੀ ਛੋਟੀ ਜਿਹੀ ਗੱਲ ਤੇ ਕਦੀ ਹੋਮ ਮਨਿਸਟਰ ਨੂੰ ਮਿਲਦੇ ਹੋ ਅਤੇ ਕਦੀ ਪ੍ਰਾਈਮ ਮਨਿਸਟਰ ਨੂੰ ਮਿਲਦੇ ਹੋ ਤੇ ਕਹਿੰਦੇ ਹੋ ਕਿ ਆਹ ਹੋ ਗਿਆ ਔਹ ਹੋ ਗਿਆ। ਹੁਣ, ਆਹ ਦਿੱਲੀ ਕੀ ਹੋਇਆ ਹੈ? ਉੱਥੇ ਜਾ ਕੇ ਪਹਿਲਾਂ ਆਪਣਾ ਦੇਖੋ। ਅੱਜ ਅਸੀਂ ਰੈਜ਼ੋਲਿਊਸ਼ਨ ਕਰ ਦਿੰਦੇ ਹਾਂ ਸ਼ੀਲਾ ਦੀਕਸ਼ਤ ਬਾਰੇ। ਮੈਂ ਅਤੀਤ ਵਿੱਚ ਬਹੁਤ ਨਹੀਂ ਜਾਂਦਾ। ਸਪੀਕਰ ਸਾਹਿਬ, ਮੈਂ ਤਾਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਮੈਨੂੰ ਆਪਣੀ ਐਕਸਪਲੇਨੇਸ਼ਨ ਦੇਣ ਲਈ ਜਦੋਂ ਮਰਜ਼ੀ ਟਾਈਮ ਦੇ ਦਿਉ। ਅੱਜ ਚੌਧਰੀ ਸਾਹਿਬ ਨੂੰ ਲਾਅ ਐਂਡ ਆਰਡਰ ਤੇ ਬੋਲਣ ਲਈ ਸਮਾਂ ਦੇ ਦਿਉ। ਉਹ ਜੋ ਕੁਝ ਕਹਿਣਾ ਚਾਹੁੰਦੇ ਹਨ, ਕਹਿ ਲੈਣ।

Original with;
Punjab Vidhan Sabha
Digitized by;
Panjab Digital Library

MATTERS RAISED DURING ZERO HOUR AND REPLIES THERETO

ਮਾਨਯੋਗ ਸਪੀਕਰ: ਹੁਣ ਜ਼ੀਰੋ ਆਵਰ ਜੀ। ....(ਸ਼ੋਰ....ਵਿਘਨ...)

ਸਰਦਾਰ ਸਾਧੂ ਸਿੰਘ: ਸਪੀਕਰ ਸਾਹਿਬ, ਆਹ ਅਖ਼ਬਾਰ ਦੀ ਖ਼ਬਰ ਹੈ ਕਿ ਕੱਲ੍ਹ ਭਾਦਸੋਂ ਵਿੱਚ....(ਵਿਘਨ)

ਮਾਨਯੋਗ ਸਪੀਕਰ: ਪਹਿਲਾਂ ਤੁਹਾਡੇ ਪਿੱਛੇ ਤੁਹਾਡੀ ਹੀ ਪਾਰਟੀ ਦੇ ਮੈਂਬਰ ਖੜ੍ਹੇ ਹਨ। ਪਹਿਲਾਂ ਚੰਨੀ ਜੀ ਦੀ ਗੱਲ ਸੁਣ ਲਈਏ।

ਸਰਦਾਰ ਚਰਨਜੀਤ ਸਿੰਘ ਚੰਨੀ: ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਜ਼ੀਰੋ ਆਵਰ ਤੇ ਬੋਲਣ ਦਾ ਸਮਾਂ ਦਿੱਤਾ ਹੈ। ਲਾਅ ਐਂਡ ਆਰਡਰ ਬਾਰੇ ਬਹਿਸ ਸਾਡੇ ਅਪੋਜ਼ੀਸ਼ਨ ਦੇ ਲੀਡਰ ਸਾਹਿਬ ਸ਼ੁਰੂ ਕਰਨਗੇ। ਨਾ ਹੀ ਮੈਂ ਕੋਈ ਰੇਤੇ-ਬਜਰੀ ਦਾ ਮਸਲਾ ਜਾਂ ਕੋਈ ਹੋਰ ਮਸਲੇ ਛੇੜਨੇ ਚਾਹੁੰਦਾ ਹਾਂ। ਮੈਂ ਤਾਂ ਆਪਣੇ ਹਲਕੇ ਦੀ ਗੱਲ ਕਰਨੀ ਚਾਹੁੰਦਾ ਹਾਂ। ਮੇਰੇ ਹਲਕੇ ਚਮਕੌਰ ਸਾਹਿਬ ਵਿੱਚ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਜੀ ਦਾ ਸ਼ਹੀਦੀ ਜੋੜਮੇਲਾ ਦੋ ਕੁ ਦਿਨ ਬਾਅਦ ਸ਼ੁਰੂ ਹੋਣ ਜਾ ਰਿਹਾ ਹੈ। ਉੱਥੇ ਪੰਜਾਬ ਸਰਕਾਰ ਨੇ ਕਾਂਗਰਸ ਦੇ ਰਾਜ ਸਮੇਂ ਸ਼ਹੀਦਾਂ ਦੀ ਯਾਦਗਾਰ ਵਿੱਚ ਥੀਮ-ਪਾਰਕ ਬਣਾਉਣਾ ਸ਼ੁਰੂ ਕੀਤਾ ਸੀ। ਕੇਂਦਰ ਸਰਕਾਰ ਨੇ ਉਸ ਯਾਦਗਾਰ ਨੂੰ ਨੇਪਰੇ ਚੜ੍ਹਾਉਣ ਵਾਸਤੇ 2.23 ਕਰੋੜ ਰੁਪਿਆ ਦਿੱਤਾ ਸੀ। ਪੰਜ ਸਾਲ ਉਹ ਪੈਸਾ ਪੰਜਾਬ ਸਰਕਾਰ ਕੋਲ ਜਮ੍ਹਾਂ ਪਿਆ ਰਿਹਾ। ਉਹ ਯਾਦਗਾਰ ਕਿਹੜੇ ਕਾਰਨਾਂ ਕਰਕੇ ਬੰਦ ਪਈ ਹੈ। ਉਹ ਕਿਉਂ ਨਹੀਂ ਸ਼ੁਰੂ ਕੀਤੀ ਜਾ ਰਹੀ? 6 ਮਹੀਨੇ ਪਹਿਲਾਂ ਪਿਛਲੇ ਸੈਸ਼ਨ ਵਿੱਚ ਮੈਂ ਸਵਾਲ ਲਾਇਆ ਸੀ ਅਤੇ ਮੁੱਖ ਮੰਤਰੀ ਸਾਹਿਬ ਨੇ ਬੜੀ ਫਰਾਖਦਿਲੀ ਨਾਲ ਐਸ਼ਿਓਰੈਂਸ ਦਿੱਤੀ ਸੀ ਕਿ ਇਸ ਨੂੰ ਇੱਕ ਸਾਲ ਦੇ ਵਿੱਚ ਕੰਪਲੀਟ ਕਰ ਦਿੱਤਾ ਜਾਵੇਗਾ। ਮੈਨੂੰ ਅੱਜ ਵੀ ਮੁੱਖ ਮੰਤਰੀ ਜੀ ਦੀ ਨੀਅਤ ਉੱਤੇ ਕੋਈ ਸ਼ੱਕ ਨਹੀਂ ਹੈ, ਇਹ ਜ਼ਰੂਰ ਸ਼ੁਰੂ ਕਰਨਾ ਚਾਹੁੰਦੇ ਹੋਣਗੇ। ਲੇਕਿਨ ਸਾਡੇ ਲੋਕਲ ਇਲਾਕੇ ਦੇ ਲੀਡਰ ਐਮ.ਐਲ.ਏ. ਡਾਕਟਰ ਦਲਜੀਤ ਸਿੰਘ ਚੀਮਾ ਜੀ ਨੇ....

ਮਾਨਯੋਗ ਸਪੀਕਰ: ਤੁਸੀਂ ਹੁਣ ਨਾਂ ਲਿਆ ਹੈ। ਹੁਣ ਉਹ ਖੜ੍ਹੇ ਹੋਣਗੇ। ਕਿਸੇ ਦਾ ਨਾਂ ਨਾ ਲਿਆ ਜਾਵੇ।

ਸਰਦਾਰ ਚਰਨਜੀਤ ਸਿੰਘ ਚੰਨੀ: ਸਪੀਕਰ ਸਾਹਿਬ, ਕੀ ਕਾਰਨ ਹੈ ਕਿ ਇਹ ਸ਼ੁਰੂ ਨਹੀਂ ਕੀਤੀ ਗਈ? ਇਹ ਯਾਦਗਾਰ ਕਿਉਂ ਨਹੀਂ ਬਣਾਈ ਜਾ ਰਹੀ?

Original with;
Punjab Vidhan Sabha
Digitized by;
Panjab Digital Library

ਮਾਨਯੋਗ ਸਪੀਕਰ: ਤੁਹਾਡਾ ਪੁਆਇੰਟ ਆ ਗਿਆ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ: ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਯਾਦਗਾਰ ਨੂੰ ਤੁਰੰਤ ਸ਼ੁਰੂ ਕਰਵਾ ਕੇ ਕੰਪਲੀਟ ਕਰਵਾਇਆ ਜਾਵੇ। ....(ਵਿਘਨ)....ਸਪੀਕਰ ਸਾਹਿਬ, ਮੇਰੇ ਇੱਕ ਦੋ ਹੋਰ ਮਸਲੇ ਵੀ ਹਨ।

ਮਾਨਯੋਗ ਸਪੀਕਰ: ਇੱਕ ਸਮੇਂ ਤੇ ਇੱਕ ਪੁਆਇੰਟ ਆ ਸਕਦਾ ਹੈ। ਪਹਿਲਾਂ ਸੇਖੜੀ ਸਾਹਿਬ ਖੜ੍ਹੇ ਹੋਏ ਸਨ।

ਸ਼੍ਰੀ ਅਸ਼ਵਨੀ ਸੇਖੜੀ: ਸਪੀਕਰ ਸਾਹਿਬ, ਤੁਹਾਡਾ ਬਹੁਤ ਹੀ ਧੰਨਵਾਦ ਕਿ ਤੁਸੀਂ ਮੈਨੂੰ ਇਸ ਅਜ਼ੀਮ ਸਦਨ ਵਿੱਚ ਪੁਆਇੰਟ ਰੇਜ਼ ਕਰਨ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਸਦਨ ਦਾ ਧਿਆਨ ਅਤੇ ਮੁੱਖ ਮੰਤਰੀ ਦਾ ਧਿਆਨ ਇਸ ਗੱਲ ਵੱਲ ਲਿਆਉਣਾ ਚਾਹੁੰਦਾ ਹਾਂ ਕਿ ਪਿੱਛੇ ਜਿਹੇ ਬਟਾਲਾ ਵਿਖੇ ਮੌਤ ਦਾ ਤਾਂਡਵ ਹੋਇਆ ਸੀ, ਸਤੰਬਰ-ਅਕਤੂਬਰ ਵਿੱਚ 47 ਲੋਕ ਜੋ ਕਿ ਗਰੀਬੀ ਰੇਖਾ ਤੋਂ ਥੱਲੇ ਸਨ, ਉਹ ਉੱਥੇ ਮਰ ਗਏ। ਉਸ ਦਾ ਕਾਰਨ ਇਹ ਸੀ ਕਿ ਗਾਂਧੀਨਗਰ ਏਰੀਏ ਵਿੱਚ ਜਿਹੜਾ ਸੀਵਰੇਜ ਦਾ ਪਾਣੀ ਸੀ,ਉਹ ਪੀਣ ਵਾਲੇ ਪਾਣੀ ਵਿੱਚ ਮਿਕਸ ਹੋ ਗਿਆ ਸੀ। ਮਾਨਯੋਗ ਮੁੱਖ ਮੰਤਰੀ ਜੀ 10 ਤਾਰੀਖ ਨੂੰ ਉੱਥੇ ਗਏ ਸੀ ਔਰ ਇਨ੍ਹਾਂ ਦੀ ਅਖ਼ਬਾਰ ਵਿੱਚ ਸਟੇਟਮੈਂਟ ਵੀ ਆਈ ਸੀ ਕਿ ਪਾਣੀ ਵਿੱਚ ਸੀਵਰੇਜ ਦਾ ਪਾਣੀ ਮਿਕਸ ਹੋਣ ਕਾਰਨ ਇਹ ਹੋਇਆ ਸੀ। ਸਪੀਕਰ ਸਾਹਿਬ, ਇਹ ਬਹੁਤ ਹੀ ਵੱਡਾ ਕਾਂਡ ਹੋਇਆ ਹੈ ਅਤੇ ਇਹ 1947 ਤੋਂ ਬਾਅਦ ਸ਼ਾਇਦ ਇਹ ਸਭ ਤੋਂ ਵੱਡਾ ਕਾਂਡ ਹੋਇਆ। ਇੱਕ ਲੋਕੈਲਟੀ ਵਿੱਚ 47 ਲੋਕ ਤੜਫ਼ ਤੜਫ਼ ਕੇ ਮਰੇ। ਜਦੋਂ ਅਸੀਂ ਉੱਤੇ ਵਰਕ ਕਰ ਰਹੇ ਸੀ, ਰਾਤ ਦੇ 12 ਵਜੇ ਤੱਕ ਵਰਕ ਕਰ ਰਹੇ ਸੀ ਤੇ ਐੱਸ.ਐਮ.ਓ ਤੇ ਹਸਪਤਾਲ ਦੇ ਹੋਰ ਲੋਕ ਵੀ ਹੱਥ ਖੜ੍ਹੇ ਕਰ ਗਏ ਸੀ ਕਿ ਅਸੀਂ ਇਨ੍ਹਾਂ ਨੂੰ ਕਿਸ ਤਰ੍ਹਾਂ ਸਾਂਭੀਏ। ਲੋਕ ਤਾਂ ਵਧੀ ਜਾ ਰਹੇ ਹਨ। ਇਸ ਕਾਂਡ ਵਿੱਚ 1500 ਤੋਂ ਜ਼ਿਆਦਾ ਲੋਕ ਬਿਮਾਰ ਹੋਏ ਤੇ 47 ਲੋਕਾਂ ਦੀ ਮੌਤ ਹੋਈ। ਮੈਂ ਜ਼ਰੂਰੀ ਗੱਲ ਜੋ ਕਰਨੀ ਚਾਹੁੰਦਾ ਹਾਂ, ਉਹ ਇਹ ਹੈ ਕਿ ਇਸ ਵਿੱਚ ਕੋਈ ਨਾ ਕੋਈ ਬੰਦਾ ਤਾਂ ਜ਼ਿੰਮੇਵਾਰ ਸੀ ਕਿਉਂਕਿ 147 ਸਾਡੇ ਛੋਟੇ ਛੋਟੇ ਸ਼ਹਿਰ ਜਾਂ ਕਸਬੇ ਹਨ ਪਰ ਸਾਰੀ ਜਗ੍ਹਾ ਤੇ ਹਾਲਾਤ ਇਹੋ ਜਿਹੇ ਹਨ। ਕੀ ਸਰਕਾਰ ਜਾਂ ਮੁੱਖ ਮੰਤਰੀ ਸਾਹਿਬ ਇਸ ਚੀਜ਼ ਨੂੰ ਐਸਟੈਬਲਿਸ਼ ਕਰਨਗੇ ਕਿ ਜਿਹੜਾ ਬੰਦਾ ਜ਼ਿੰਮੇਵਾਰ ਹੈ, ਉਸ ਨੂੰ ਸਜ਼ਾ ਮਿਲੇਗੀ? 47 ਬੰਦਿਆਂ ਦੀ ਜਾਨ ਗਈ ਹੈ ਅਤੇ ਉਨ੍ਹਾਂ ਦੀ ਕੋਈ ਗੱਲ ਨਹੀਂ ਹੋ ਰਹੀ। ਇਸ ਦਾ ਜਵਾਬ ਹਾਊਸ ਵਿੱਚ ਦਿੱਤਾ ਜਾਵੇ।

Original with;
Punjab Vidhan Sabha
Digitized by;
Panjab Digital Library

Mr. Speaker: I can't compel that the Minister should give the reply. ਨਹੀਂ ਜੀ। ਮੈਂ ਕੰਪੈਲ ਨਹੀਂ ਕਰ ਸਕਦਾ। ਉਨ੍ਹਾਂ ਦੀ ਮਰਜ਼ੀ ਹੋਵੇ ਤਾਂ ਜਵਾਬ ਦੇ ਦੇਣ। ਹਾਂ ਜੀ, ਸੋਢੀ ਸਾਹਿਬ।

ਰਾਣਾ ਗੁਰਮੀਤ ਸਿੰਘ ਸੋਢੀ: ਸਪੀਕਰ ਸਾਹਿਬ, ਮੈਂ ਹੋਮ ਮਨਿਸਟਰ ਅਤੇ ਸੀ.ਐਮ. ਸਾਹਿਬ ਦੇ ਸਾਹਮਣੇ ਇੱਕ ਐਸੀ ਇਨਫਰਮੇਸ਼ਨ ਦੇਣੀ ਚਾਹੁੰਦਾ ਹਾਂ ਕਿ ਮੇਰੇ ਹਲਕੇ ਗੁਰੂ ਹਰ ਸਹਾਏ ਵਿੱਚ ਇੱਕ ਪਿੰਡ ਹੈ, ਫਤਹਿਗੜ੍ਹ ਗਹਿਰੀ। ਉੱਥੇ ਇੱਕ ਗੁਰਦੁਆਰਾ ਸਾਹਿਬ ਸੀ। ਤੁਹਾਨੂੰ ਪਤਾ ਹੀ ਹੈ ਕਿ ਜਿੰਨੇ ਵੀ ਪਿੰਡਾਂ ਦੇ ਗੁਰਦੁਆਰਾ ਸਾਹਿਬ ਹਨ, ਉਹ ਸਾਂਝੀਆਂ ਥਾਵਾਂ ਤੇ ਬਣੇ ਹਨ ਜਾਂ ਪੰਚਾਇਤੀ ਜ਼ਮੀਨਾਂ ਵਿੱਚ ਬਣੇ ਹਨ ਜਾਂ ਜ਼ਮੀਨਾਂ ਸ਼ਾਮਲਾਤ ਦੀਆਂ ਹਨ, ਉਨ੍ਹਾਂ ਵਿੱਚ ਗੁਰਦੁਆਰਾ ਸਾਹਿਬ ਬਣੇ ਹਨ। ਸਕੂਲ, ਧਰਮਸ਼ਲਾਵਾਂ ਵੀ ਇਨ੍ਹਾਂ ਜ਼ਮੀਨਾਂ ਤੇ ਬਣੀਆਂ ਹੋਈਆਂ ਹਨ। ਸੋ, ਇਹ ਗੁਰਦੁਆਰਾ ਸਾਹਿਬ ਦਮਦਮੀ ਟਕਸਾਲ ਵੱਲੋਂ ਸਥਾਪਿਤ ਹੋਇਆ ਸੀ। ਕਾਫ਼ੀ ਸਾਲਾਂ ਤੋਂ ਚੱਲ ਰਿਹਾ ਸੀ ਲੇਕਿਨ ਅਫ਼ਸੋਸ ਨਾਲ ਮੈਨੂੰ ਇਹ ਦੱਸਣਾ ਪੈ ਰਿਹਾ ਹੈ ਕਿ ਇਨ੍ਹਾਂ ਦੇ ਸਥਾਪਿਤ ਕੀਤੇ ਹੋਏ ਹਲਕਾ ਇੰਚਾਰਜ, ਜਿਨ੍ਹਾਂ ਨੂੰ ਇਹ ਚੀਜ਼ ਪਸੰਦ ਨਹੀਂ ਆਈ ਕਿਉਂਕਿ ਉਸ ਗੁਰਦੁਆਰੇ ਦਾ ਕੰਟਰੋਲ ਕੁਝ ਕੁ ਕਾਂਗਰਸ ਪਾਰਟੀ ਦੇ ਵਰਕਰਾਂ ਦੇ ਹੱਥ ਵਿੱਚ ਸੀ। ਉਨ੍ਹਾਂ ਨੇ ਬੜੀ ਬੇਰਹਿਮੀ ਨਾਲ ਪੁਲਿਸ ਦੀ ਮਦਦ ਲੈ ਕੇ ਜਿਹੜਾ ਉੱਥੇ ਦਾ ਇੰਸਪੈਕਟਰ ਸੀ, ਡੀ. ਐੱਸ. ਪੀ. ਸੀ, ਜਾਂ ਹੋਰ ਬੰਦੇ ਸੀ, ਉਨ੍ਹਾਂ ਨੇ ਬਿਨਾਂ ਹਾਇਰ ਅਥਾਰਟੀ ਨੂੰ ਇਨਫਾਰਮ ਕੀਤਿਆਂ ਔਰ ਮੇਰਾ ਖਿਆਲ ਹੈ ਕਿ ਇਨ੍ਹਾਂ ਦੇ ਨੋਟਿਸ ਵਿੱਚ ਵੀ ਇਹ ਗੱਲ ਨਹੀਂ ਹੈ ਲੇਕਿਨ ਇਨ੍ਹਾਂ ਦਾ ਅਤੇ ਦੋ ਚਾਰ ਹੋਰ ਮਨਿਸਟਰਾਂ ਦਾ ਨਾਂ ਜ਼ਰੂਰ ਇਸਤੇਮਾਲ ਕੀਤਾ ਗਿਆ ਅਤੇ ਇਸ ਗੁਰਦੁਆਰਾ ਸਾਹਿਬ ਨੂੰ ਡਿਮਾਲਿਸ਼ ਕਰ ਦਿੱਤਾ ਗਿਆ। ਮੈਂ ਫੋਟੋਗਰਾਫਜ਼ ਵੀ ਇਨ੍ਹਾਂ ਦੇ ਧਿਆਨ ਵਿੱਚ ਲਿਆਉਣੀਆਂ ਚਾਹੁੰਦਾ ਹਾਂ ਕਿ ਕਿਸ ਢੰਗ ਦੇ ਨਾਲ ਉੱਥੋਂ ਨਿਸ਼ਾਨ ਸਾਹਿਬ ਅਤੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹਟਾਇਆ ਗਿਆ। ਗੁਰਦੁਆਰਾ ਸਾਹਿਬ ਨੂੰ ਢਾਹ ਦਿੱਤਾ ਗਿਆ ਤੇ ਨਿਸ਼ਾਨ ਸਾਹਿਬ ਨੂੰ ਟਰੈਕਟਰ ਦੇ ਮਗਰ ਖਿੱਚਿਆ ਗਿਆ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਹੋਮ ਮਨਿਸਟਰ ਉਨ੍ਹਾਂ ਅਫ਼ਸਰਾਂ ਖਿਲਾਫ ਐਕਸ਼ਨ ਲੈਣਗੇ? ਮੈਂ ਕਾਗਜ਼ ਉਨ੍ਹਾਂ ਕੋਲ ਭਿਜਵਾਉਣਾ ਚਾਹੁੰਦਾ ਹਾਂ।

ਮਾਨਯੋਗ ਸਪੀਕਰ: ਨਹੀਂ। ਤੁਸੀਂ ਬਾਅਦ ਵਿੱਚ ਭਿਜਵਾ ਦੇਣਾ।

ਉਪ ਮੁੱਖ ਮੰਤਰੀ: ਮੇਰੇ ਕੋਲ ਭਿਜਵਾ ਦਿੱਤੇ ਜਾਣ।

Original with;
Punjab Vidhan Sabha
Digitized by;
Panjab Digital Library

(ਇਸ ਸਮੇਂ ਲੋੜੀਂਦੇ ਦਸਤਾਵੇਜ਼ ਰਾਣਾ ਗੁਰਮੀਤ ਸਿੰਘ ਸੋਢੀ ਨੇ ਉਪ ਮੁੱਖ ਮੰਤਰੀ ਕੋਲ ਭਿਜਵਾਏ।)

ਸ਼੍ਰੀਮਤੀ ਰਜਿੰਦਰ ਕੌਰ ਭੱਠਲ: ਸਪੀਕਰ ਸਾਹਿਬ, ਮੈਂ ਆਪਣੇ ਹਲਕੇ ਲਹਿਰਾਗਾਗਾ ਬਾਰੇ ਬੜੇ ਜ਼ਰੂਰੀ ਮਸਲੇ ਵੱਲ ਧਿਆਨ ਦਿਵਾਉਣਾ ਚਾਹੁੰਦੀ ਹਾਂ। ਜਿਸ ਤਰ੍ਹਾਂ ਅਸ਼ਵਨੀ ਸੇਖੜੀ ਜੀ ਨੇ ਦੱਸਿਆ ਹੈ, ਸਾਡੇ ਲਹਿਰਾਗਾਗਾ ਵਿੱਚ ਥਾਂ-ਥਾਂ ਤੇ ਗੰਦਗੀ, ਕੂੜਾ ਕਰਕਟ ਹੈ। ਲੋਕ ਬਿਮਾਰ ਹੋਏ ਪਏ ਹਨ, ਉਨ੍ਹਾਂ ਦੀਆਂ ਬੇਸ਼ੁਮਾਰ ਲਾਈਨਾਂ ਲੱਗੀਆਂ ਹਨ। ਰੱਬ ਕਰੇ ਕੋਈ ਹੋਰ ਖਦਸ਼ੇ ਵਾਲੀ ਗੱਲ ਨਾ ਹੋ ਜਾਵੇ। ਸਪੀਕਰ ਸਾਹਿਬ, ਉਸ ਦਾ ਕਾਰਨ, ਇਹ ਹੈ ਕਿ ਚਾਰ ਸਾਲ ਪਹਿਲਾਂ ਇਲੈਕਸ਼ਨ ਹੋਈ ਸੀ। ਸਾਡੀ ਵਿਰੋਧੀ ਪਾਰਟੀ ਅਕਾਲੀ-ਬੀ.ਜੇ.ਪੀ. ਦੇ ਇੱਕ ਦੋ ਮੈਂਬਰ ਜ਼ਿਆਦਾ ਆਏ ਸੀ ਲੇਕਿਨ ਇੱਕ ਸਾਲ ਹੀ ਪ੍ਰਧਾਨ ਰਿਹਾ ਅਤੇ ਇੱਕ ਸਾਲ ਹੀ ਵਾਈਸ ਪ੍ਰਧਾਨ ਰਿਹਾ। ਉਸ ਤੋਂ ਬਾਅਦ ਨਾ ਪ੍ਰਧਾਨ ਬਣਿਆ ਅਤੇ ਨਾ ਹੀ ਵਾਈਸ ਪ੍ਰਧਾਨ ਬਣਿਆ। ਹੁਣ ਉਥੇ ਕੋਈ ਐਕਸ਼ਨ ਲੈਣ ਵਾਲਾ ਹੀ ਨਹੀਂ ਹੈ। ਅਸੀਂ ਚਾਹੁੰਦੇ ਹਾਂ ਕਿ ਫੌਰੀ ਤੌਰ ਤੇ ਪ੍ਰਧਾਨ ਜਾਂ ਵਾਈਸ ਪ੍ਰਧਾਨ ਬਣਾਇਆ ਜਾਵੇ। ਇਹ ਕਾਂਸਟੀਚਿਊਸ਼ਨ ਮੁਤਾਬਿਕ ਵੀ ਜ਼ਰੂਰੀ ਹੈ। ਸਾਡੇ ਮਿਉਂਸਪੈਲਿਟੀ ਐਕਟ, 1911 ਦੀ ਧਾਰਾ 23 ਅਤੇ 24 ਮੁਤਾਬਿਕ ਵਾਈਸ ਪ੍ਰਧਾਨ ਦੀ ਹਰ ਸਾਲ ਚੋਣ ਹੋਣੀ ਹੈ ਲੇਕਿਨ ਚਾਰ ਸਾਲ ਹੋ ਗਏ ਹਨ, ਇੱਥੇ ਚੋਣ ਨਹੀਂ ਕਰਵਾਈ ਗਈ। ਪਹਿਲਾਂ 26/9 ਨੂੰ ਚੋਣ ਅਨਾਊਂਸ ਕੀਤੀ ਫਿਰ ਰੱਦ ਕਰ ਦਿੱਤੀ। ਫਿਰ 18/10 ਨੂੰ ਅਨਾਊਂਸ ਕੀਤੀ, ਇਹ ਵੀ ਰੱਦ ਕਰ ਦਿੱਤੀ ਅਤੇ ਫਿਰ 16/11 ਨੂੰ ਚੋਣ ਅਨਾਊਂਸ ਕੀਤੀ, ਉਹ ਵੀ ਰੱਦ ਕਰ ਦਿੱਤੀ ਗਈ। ਮੈਂ ਆਪਣੇ ਵੱਲੋਂ ਇਹ ਵੀ ਬੇਨਤੀ ਕਰਦੀ ਹਾਂ ਕਿ ਇਹ ਅਕਾਲੀ-ਬੀ.ਜੇ.ਪੀ ਵੱਲੋਂ ਜਿਹੜਾ ਮਰਜ਼ੀ ਬੰਦਾ ਖੜ੍ਹਾ ਕਰ ਲੈਣ, ਕਿਉਂਕਿ ਇਨ੍ਹਾਂ ਦੀਆਂ ਦੋ ਵੋਟਾਂ ਜ਼ਿਆਦਾ ਹਨ, ਇਹ ਚੁਣ ਲੈਣ ਅਸੀਂ ਸਪੋਰਟ ਕਰਾਂਗੇ। ਉੱਥੇ ਲਹਿਰਾਗਾਗਾ ਵਿਖੇ ਗੰਦਗੀ ਦੇ ਕਾਰਨ ਜੋ ਬਿਮਾਰੀਆਂ ਫੈਲ ਰਹੀਆਂ ਹਨ, ਰੱਬ ਨਾ ਕਰੇ ਉਹੋ ਜਿਹੀਆਂ ਮੌਤਾਂ ਵਾਲੇ ਪਾਸੇ ਅਸੀਂ ਫਿਰ ਜਾਈਏ। ਉੱਥੇ ਲੋਕਾਂ ਦਾ ਭਲਾ ਹੋ ਜਾਵੇ, ਇਸ ਲਈ ਅਸੀਂ ਆਪਣੀ ਪਾਰਟੀ ਵੱਲੋਂ ਸੈਕਰੀਫਾਈਸ ਕਰਨ ਨੂੰ ਤਿਆਰ ਹਾਂ ਲੇਕਿਨ ਉੱਥੇ ਇਸ ਤਰ੍ਹਾਂ ਦੀ ਸਿਚੂਏਸ਼ਨ ਨੂੰ ਰੋਕਣ ਵਾਸਤੇ ਜਾਂ ਤਾਂ ਕੋਈ ਐਡਮਨਿਸਟ੍ਰੇਟਰ ਲਗਾ ਦਿਉ। ਜੇਕਰ ਚੋਣ ਨਹੀਂ ਹੁੰਦੀ, ਰਾਜ਼ੀਨਾਮਾ ਨਹੀਂ ਹੁੰਦਾ ਤਾਂ ਐਡਮਨਿਸਟ੍ਰੇਟਰ ਲਗਾਉਣ ਅਤੇ ਇਸ ਤਰ੍ਹਾਂ ਦੀ ਸਿਚੂਏਸ਼ਨ ਤੋਂ ਬਚਾਉਣ ਤਾਂ ਕਿ ਸਾਡੀ ਵੀ ਬਟਾਲੇ ਦੀ ਤਰ੍ਹਾਂ ਹਾਲਤ ਨਾ ਹੋ ਜਾਵੇ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਬ੍ਰਹਮ ਮਹਿੰਦਰਾ: ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ। ਸਪੀਕਰ ਸਾਹਿਬ, ਮੈਂ, ਮੁੱਖ ਮੰਤਰੀ ਜੀ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਉਨ੍ਹਾਂ ਨੇ ਹੁਣੇ ਗੱਲ ਕੀਤੀ ਹੈ ਕਿ ਕੋਈ ਵੈਂਡੇਟਾ ਨਹੀਂ ਹੋਇਆ....

ਮਾਨਯੋਗ ਸਪੀਕਰ: ਲਾਅ ਐਂਡ ਆਰਡਰ ਤੇ ਬਹਿਸ ਹੋਣੀ ਹੈ, ਤੁਸੀਂ ਉਦੋਂ ਬਹਿਸ ਵਿੱਚ ਹਿੱਸਾ ਲੈ ਲੈਣਾ।

ਸ਼੍ਰੀ ਬ੍ਰਹਮ ਮਹਿੰਦਰਾ: ਤੁਸੀਂ ਮੈਨੂੰ ਟਾਈਮ ਦਿਉ ਜੀ। ਸਪੀਕਰ ਸਾਹਿਬ, ਮੇਰੀ ਪੂਰੀ ਗੱਲ ਸੁਣ ਲਵੋ ਜੀ। ਲੋਕਾਂ ਦੇ ਹਿੱਤ ਦੀ ਗੱਲ ਹੈ। ਇੱਕ ਐਫ.ਆਈ.ਆਰ. ਸਮਾਣਾ ਥਾਣੇ ਦੀ 162 ਨੰਬਰ ਤੇ ਹੈ। ਇਹ ਟੋਟਲ ਝੂਠਾ ਕੇਸ ਹੈ। ਪਹਿਲੀ ਐਫ.ਆਈ.ਆਰ. ਵਿੱਚ ਧਾਰਾ 307 ਲਗਾਈ ਹੈ। ਦੂਜੀ ਐਫ.ਆਈ.ਆਰ. ਵਿੱਚ ਧਾਰਾ 307 ਕੱਟ ਦਿੱਤੀ ਹੈ। ਤੀਜੀ ਵਾਰ ਫਿਰ ਲਗਾ ਦਿੱਤੀ। ਸਰਦਾਰ ਸੁਰਜੀਤ ਸਿੰਘ ਰੱਖੜਾ ਜੀ ਉਠ ਕੇ ਚਲੇ ਗਏ, ਮੈਂ ਚਾਹੁੰਦਾ ਸੀ ਬੈਠੇ ਹੁੰਦੇ, ਉਨ੍ਹਾਂ ਦੀ ਮੌਜੂਦਗੀ ਵਿੱਚ ਗੱਲ ਹੁੰਦੀ। ਉਨ੍ਹਾਂ ਦੇ ਕਹਿਣ ਤੇ ਝੂਠੀਆਂ ਐਫ.ਆਈ.ਆਰਜ਼ ਕੀਤੀਆਂ ਜਾ ਰਹੀਆਂ ਹਨ। ** **

Mr. Speaker: Thank you.

ਸ਼੍ਰੀ ਬ੍ਰਹਮ ਮਹਿੰਦਰਾ: ਸਪੀਕਰ ਸਾਹਿਬ, ਪਹਿਲਾਂ ਮੇਰੀ ਪੂਰੀ ਗੱਲ ਸੁਣ ਲਵੋ, ਅੱਗੇ ਸੀਰੀਅਸ ਗੱਲ ਹੋਰ ਹੈ। ਉਸ ਦੇ ਇੰਨਾ ਮਗਰ ਪਏ, ਸਰਦਾਰ ਸੁਰਜੀਤ ਸਿੰਘ ਰੱਖੜਾ ** ** ਦਾ ਮੇਰੇ ਤੇ ਪ੍ਰੈਸ਼ਰ ਹੈ। ਇਸ ** ** ਨੂੰ ਇੰਨਾ ਤੰਗ ਕੀਤਾ ਗਿਆ ਕਿ ਪੁਲਿਸ ਵਾਲੇ 2 ਲੱਖ 60 ਹਜ਼ਾਰ ਰੁਪਿਆ ਇਸ ਤੋਂ ਲੈ ਚੁੱਕੇ ਸੀ। ਦੁਬਾਰਾ ਫਿਰ ਜਦੋਂ ਏ.ਐੱਸ.ਆਈ. ਨੇ ਪੈਸੇ ਮੰਗੇ ਤਾਂ ਉਹ ਵਿਜੀਲੈਂਸ ਕੋਲ ਚਲਿਆ ਗਿਆ। ਜਦ ਵਿਜੀਲੈਂਸ ਕੋਲ ਗਿਆ ਤਾਂ ਵਿਜੀਲੈਂਸ ਵਾਲਿਆਂ ਨੇ ਏ.ਐੱਸ.ਆਈ. ਜਿਹੜਾ ਆਈ.ਓ. ਸੀ, ਉਸ ਨੂੰ 10000 ਰੁਪਿਆ ਲੈਂਦਿਆਂ ਮੌਕੇ ਤੇ ਫੜ ਲਿਆ। ਜਿਸ ਵੇਲੇ ਏ.ਐੱਸ.ਆਈ. ਫੜਿਆ ਗਿਆ ਤਾਂ ਉਸ ਨੇ ਦਹਾੜਾਂ ਮਾਰ ਕੇ ਕਿਹਾ, ਰੌਲਾ ਪਾਉਂਦਿਆਂ ਨੇ ਕਿਹਾ ਕਿ ਮੈਨੂੰ ਤਾਂ ਸੁਰਜੀਤ ਸਿੰਘ ਰੱਖੜਾ ਅਤੇ ** ** ਨੇ ਮਰਵਾ ਦਿੱਤਾ। It is a false case. ਮੈਂ ਬਿਲਕੁਲ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ, ਜਿਵੇਂ ਉਨ੍ਹਾਂ ਨੇ ਕਿਹਾ ਹੈ, ਉਨ੍ਹਾਂ ਨੇ ਐਸ਼ਿਓਰੈਂਸ ਦਿੱਤੀ ਹੈ, ਉਹ ਇਸ ਮਸਲੇ ਵਿੱਚ ਇੰਟਰਵੀਨ ਕਰਨ ਅਤੇ ਇਹੋ ਜਿਹੇ ਝੂਠੇ ਕੇਸ ਕੈਂਸਲ ਕਰਵਾਉਣ। ਬਰਾਏ ਮਿਹਰਬਾਨੀ ਮੈਂ ਇਹ ਗੱਲ ਚਾਹਾਂਗਾ।

ਮਾਨਯੋਗ ਸਪੀਕਰ: ਭੱਟੀ ਸਾਹਿਬ....(ਵਿਘਨ).....

** **Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਬ੍ਰਹਮ ਮਹਿੰਦਰਾ: ਸਰਦਾਰ ਸੁਰਜੀਤ ਸਿੰਘ ਰੱਖੜਾ ਹੁਣ ਆ ਗਏ ਹਨ। ਇਹੀ ਉਠ ਕੇ ਜਵਾਬ ਦੇਣ ਕਿ ਇਹ ਝੂਠਾ ਕੇਸ ਹੈ ਕਿ ਨਹੀਂ..... (ਵਿਘਨ)....

ਮਾਨਯੋਗ ਸਪੀਕਰ: ਬ੍ਰਹਮ ਮਹਿੰਦਰਾ ਜੀ, ਬੈਠ ਜਾਓ...ਬ੍ਰਹਮ ਮਹਿੰਦਰਾ ਜੀ, ਬੈਠ ਜਾਓ ....(ਵਿਘਨ).....

ਸ਼੍ਰੀ ਬ੍ਰਹਮ ਮਹਿੰਦਰਾ: ਐੱਸ. ਐੱਸ. ਪੀ. ਨੇ ਆਪਣੀ ਮਜਬੂਰੀ ਜ਼ਾਹਿਰ ਕੀਤੀ। ਉਨ੍ਹਾਂ ਨੇ ਕਿਹਾ ਕਿ ਮੈਂ ਕਨਵਿੰਸਡ ਹਾਂ...... (ਵਿਘਨ)....

ਮਾਨਯੋਗ ਸਪੀਕਰ: ਬ੍ਰਹਮ ਮਹਿੰਦਰਾ ਸਾਹਿਬ, ਤੁਸੀਂ ਇੰਨੇ ਸਿਆਣੇ ਬੰਦੇ ਹੋ ਕੀ ਐੱਸ.ਐੱਸ.ਪੀ. ਇੱਥੇ ਹਾਜ਼ਰ ਹੋ ਸਕਦੇ ਹਨ, ਜਿਨ੍ਹਾਂ ਦੇ ਬਾਰੇ ਤੁਸੀਂ ਗੱਲ ਕਰ ਰਹੇ ਹੋ? ਉਹ ਕੋਈ ਆਪਣੀ ਐਕਸਪਲੇਨੇਸ਼ਨ ਦੇ ਸਕਦੇ ਹਨ? ਤੁਸੀਂ ਕਿਉਂ ਨਾਮ ਲੈ ਰਹੇ ਹੋ ਜਿਹੜਾ ਬੰਦਾ ਇੱਥੇ ਹਾਜ਼ਰ ਨਹੀਂ ** ** ਤੁਸੀਂ ਉਸ ਦਾ ਵੀ ਨਾਮ ਲਿਆ ਹੈ। ਇਹ ਨਾਮ ਕੱਟ ਦੇਣਾ ** ** ਬਾਰੇ ਜੋ ਕਿਹਾ ਹੈ, ਉਹ ਕੱਟ ਦੇਣਾ ਅਤੇ ** ** ਬਾਰੇ ਜੋ ਕਿਹਾ ਹੈ, ਉਹ ਵੀ ਕੱਟ ਦੇਣਾ।

ਉਪ ਮੁੱਖ ਮੰਤਰੀ: ਮਾਨਯੋਗ ਮੈਂਬਰ ਸਾਹਿਬ, ਤੁਸੀਂ ਮੈਨੂੰ ਇਹ ਡਿਟੇਲ ਦੇ ਦੇਣਾ, I will examine it.

Shri Brahm Mohindra: Thank you.

ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ (ਸਰਦਾਰ ਸੁਰਜੀਤ ਸਿੰਘ ਰੱਖੜਾ): ਸਪੀਕਰ ਸਾਹਿਬ, ਮੈਂ ਇਸ ਤੇ ਇੱਕ ਮਿੰਟ ਲੈਣਾ ਹੈ। ਸਪੀਕਰ ਸਾਹਿਬ, ਜਿਸ ਦਿਨ ਦੀ ਇਹ ਗੱਲ ਹੈ, ਮੈਂ ਉਸ ਦਿਨ ਪਿੰਡ ਦੇ ਵਿੱਚ ਹਾਜ਼ਰ ਸੀ। ਉਸ ਪਿੰਡ ਦੀਆਂ ਉੱਥੇ ਖੇਡਾਂ ਸੀ। ਦੋ ਬੰਦੇ ਹਰਿਆਣਾ ਤੋਂ ਪੈਸੇ ਦੇ ਕੇ ਬੁਲਾਏ ਗਏ ਸੀ ਕਿ ਇਸ ਸਰਪੰਚ ਦੀ ਬੇਇੱਜ਼ਤੀ ਕਰਨੀ ਹੈ, ਇਸ ਦੀ ਪੱਗ ਲਾਹੁਣੀ ਹੈ। ਉੱਥੋਂ ਕਿਰਪਾਨਾਂ ਮਿਲੀਆਂ। ਉਹ ਬੰਦੇ ਮੌਕੇ ਦੇ ਉਤੇ ਫੜੇ ਗਏ, ਉਨ੍ਹਾਂ ਨੇ ਮੰਨਿਆ ਹੈ, ਐਡਮਿੱਟ ਵੀ ਕੀਤਾ ਹੈ, ਕੇਸ ਵੀ ਦਰਜ ਹੋਇਆ ਹੈ। ਉਨ੍ਹਾਂ ਨੇ ਇਹ ਗੱਲ ਕਹੀ ਕਿ ਪੁਰਾਣੇ ਸਰਪੰਚ ਨੇ ਸਾਨੂੰ ਪੈਸੇ ਦੇ ਕੇ ਇਸ ਸਰਪੰਚ ਦੀ ਬੇਇੱਜ਼ਤੀ ਕਰਨ ਵਾਸਤੇ ਬੁਲਾਇਆ ਸੀ। ਮੈਂ ਬਕਾਇਦਾ ਇਸ ਕੇਸ ਦੇ ਵਿੱਚ ਐੱਸ.ਐੱਸ.ਪੀ. ਸਾਹਿਬ ਨੂੰ ਬੁਲਾ ਕੇ ਇਹ ਗੱਲ ਕਹੀ ਕਿ ਇਸ ਕੇਸ ਦੇ ਵਿੱਚ ਸਪੈਸ਼ਲੀ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਬਾਹਰ ਆਵੇ, ਕੋਈ ਜ਼ਿਆਦਤੀ ਨਹੀਂ ਹੋਣੀ ਚਾਹੀਦੀ, ਕੋਈ ਧੱਕਾ ਨਹੀਂ ਹੋਣਾ ਚਾਹੀਦਾ ਪਰ ਇਹ ਵੀ ਨਹੀਂ ਹੋਣਾ ਚਾਹੀਦਾ ਕਿ ਨਜਾਇਜ਼ ਗੱਲਾਂ ਹੋਣ। ਕੀ ਇਹ ਗੱਲਾਂ ਆਪਾਂ ਬਰਦਾਸ਼ਤ ਕਰਾਂਗੇ ਕਿ ਆਪਣੇ ਪਿੰਡਾਂ ਦੇ ਵਿੱਚ ਖੇਡਾਂ ਹੋਣ, ਉੱਥੇ ਆਪਾਂ ਬਾਹਰਲੇ ਸੂਬਿਆਂ ਦੇ ਬੰਦਿਆਂ ਨੂੰ ਬੁਲਾ ਕੇ ਉਨ੍ਹਾਂ ਤੋਂ ਇਸ ਤਰ੍ਹਾਂ ਦੀਆਂ ਗੱਲਾਂ ਕਰਵਾਈਏ ਕਿ ਉਹ ਇੱਥੇ ਆ ਕੇ ਲੋਕਾਂ ਦੀਆਂ ਪੱਗਾਂ ਲਾਹੁਣ ਜਾਂ ਉਨ੍ਹਾਂ ਨੂੰ ਮਾਰਨ ਦੀਆਂ ਗੱਲਾਂ ਕਰਨ।

** **Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਬ੍ਰਹਮ ਮਹਿੰਦਰਾ: ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ..... ** **

ਮਾਨਯੋਗ ਸਪੀਕਰ: ਨਹੀਂ ਜੀ, ਮਹਿੰਦਰਾ ਜੀ, ਹੁਣ ਨਹੀਂ, No, Nothing is going to be recorded. ਹੁਣ ਤੁਹਾਡਾ ਰਿਕਾਰਡ ਨਹੀਂ ਹੋਵੇਗਾ, ਤੁਸੀਂ ਬੈਠੋ, ਪਲੀਜ਼। ਨਹੀਂ, ਪਹਿਲੀ ਗੱਲ ਮੈਂ ਇਨ੍ਹਾਂ ਨੂੰ ਕੰਪੈਲ ਹੀ ਨਹੀਂ ਕਰ ਸਕਦਾ ਸੀ ਕਿ ਇਹ ਜਵਾਬ ਦੇਣ..... (ਵਿਘਨ) ਤੁਸੀਂ ਪਲੀਜ਼ ਬੈਠ ਜਾਉ।

ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ: ਇਸ ਗੱਲ ਦੀ ਇਨਕੁਆਰੀ ਕਰਵਾ ਲਵੋ ਕਿ ਜੇਕਰ ਇਹ ਗੱਲ ਸਹੀ ਨਾ ਹੋਵੇ....(ਵਿਘਨ)

ਸ਼੍ਰੀ ਬ੍ਰਹਮ ਮਹਿੰਦਰਾ: ਸਪੀਕਰ ਸਾਹਿਬ, ** **

ਮਾਨਯੋਗ ਸਪੀਕਰ: ਨਹੀਂ ਜੀ, ਨਹੀਂ, Please sit down. ਮਹਿੰਦਰਾ ਜੀ ਨਹੀਂ, ਇਹ ਰਿਕਾਰਡ ਨਹੀਂ ਹੋਣਾ। ਤੁਸੀਂ ਹਾਊਸ ਦਾ ਟਾਈਮ ਕਿਉਂ ਵੇਸਟ ਕਰਦੇ ਹੋ, ਮੈਂ ਚਾਰ ਮਿੰਟ ਦੇ ਵਿੱਚ ਹੋਰ ਬੰਦੇ ਵੀ ਭੁਗਤਾਉਣੇ ਹਨ, ਤੁਸੀਂ ਕਿਉਂ ਟਾਈਮ ਵੇਸਟ ਕਰਦੇ ਹੋ। ਹਾਂ ਜੀ, ਭੱਟੀ ਸਾਹਿਬ ਜੀ।

ਸਰਦਾਰ ਅਜਾਇਬ ਸਿੰਘ ਭੱਟੀ: ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਔਰ ਨਾਲ ਨਾਲ ਮੈਂ ਮਾਨਯੋਗ ਮੁੱਖ ਮੰਤਰੀ ਜੀ ਦਾ ਵੀ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਅੱਜ ਇਹ ਐਸ਼ਿਉਰ ਕਰਵਾਇਆ ਹੈ ਕਿ ਪੰਜਾਬ ਦੇ ਵਿੱਚ ਵੈਨਡੇਟਾ ਅੱਗੇ ਵਾਸਤੇ ਕਿਸੇ ਨਾਲ ਨਹੀਂ ਹੋਵੇਗਾ। ਜੋ ਪਿਛੇ ਹੋ ਗਿਆ, ਬੇਸ਼ੱਕ ਸੀ.ਐਮ.ਸਾਹਿਬ ਨੇ ਇਸ ਗੱਲ ਨੂੰ ਨਹੀਂ ਮੰਨਿਆ। ਮੈਂ ਤੁਹਾਡੇ ਧਿਆਨ ਵਿੱਚ, ਹਾਊਸ ਦੇ ਧਿਆਨ ਵਿੱਚ, ਮਾਨਯੋਗ ਸੀ.ਐਮ. ਸਾਹਿਬ ਦੇ ਔਰ ਡਿਪਟੀ ਸੀ.ਐਮ. ਸਾਹਿਬ ਦੇ ਧਿਆਨ ਵਿੱਚ ਆਪਣੇ ਹਲਕੇ ਦੇ ਇੱਕ ਕੇਸ ਦੇ ਬਾਰੇ ਜਾਣਕਾਰੀ ਦੇਣੀ ਚਾਹੁੰਦਾ ਹਾਂ ਕਿ ਸਾਲ 2006 ਦੇ ਵਿੱਚ ਇੱਕ ਮਰਡਰ ਹੋਇਆ ਸੀ...

ਮਾਨਯੋਗ ਸਪੀਕਰ: ਇਹ ਤਾਂ ਪੁਰਾਣਾ ਮਸਲਾ ਹੈ। ਹੁਣ ਆਪਣਾ ਮਸਲਾ ਕੀ ਹੈ?

(ਕੁਝ ਅਵਾਜ਼ਾਂ : 2006 ਵਿੱਚ ਤਾਂ ਤੁਹਾਡਾ ਰਾਜ ਸੀ।) (ਵਿਘਨ)

ਸਰਦਾਰ ਅਜਾਇਬ ਸਿੰਘ ਭੱਟੀ: ਸਾਨੂੰ ਆਪਣੀ ਗੱਲ ਕਹਿ ਲੈਣ ਦਿਆ ਕਰੋ। ਸਰ, ਮੇਰੀ ਗੱਲ ਸੁਣੋ, ਮੈਂ ਹਾਊਸ ਦੀ ਜਾਣਕਾਰੀ ਲਈ ਇਹ ਦੱਸਣਾ ਚਾਹੁੰਦਾ ਹਾਂ ਕਿ 2006 ਦੇ ਵਿੱਚ ਇੱਕ ਮਰਡਰ ਹੋਇਆ ਸੀ, ਉਸ ਦੇ ਦੋਸ਼ੀਆਂ ਨੂੰ ਸਜ਼ਾ ਹੋ ਗਈ। ਉਸੇ ਪਿੰਡ ਦੇ ਕਾਤਲ ਸਨ, ਉਨ੍ਹਾਂ ਨੂੰ ਸਜ਼ਾ ਹੋ ਗਈ, ਉਸ ਤੋਂ ਬਾਅਦ ਜਿਸ ਦਾ ਮਰਡਰ ਹੋਇਆ ਸੀ ਉਸ ਦਾ ਇਕਲੌਤਾ ਬੇਟਾ ਸੀ। ਜਿਸ ਦਾ ਨਾਂ ਕੁਲਵਿੰਦਰ ਸਿੰਘ ਸੀ। ਕੁਲਵਿੰਦਰ ਸਿੰਘ ਦੇ ਉੱਤੇ ਝੂਠਾ ਕੇਸ ਫੂਲ ਥਾਣੇ

** Not recorded as ordered by the Chair.

Original with;
Punjab Vidhan Sabha
Digitized by;
Panjab Digital Library

ਵਿੱਚ 2008 ਵਿੱਚ ਪਾਇਆ ਗਿਆ। ਉਸ ਦੀ ਪੜਤਾਲ ਹੋਈ, ਛੇ ਮਹੀਨੇ ਜੇਲ੍ਹ ਕੱਟ ਕੇ ਉਹ ਬਾਹਰ ਆ ਗਿਆ, ਉਸਨੂੰ ਬੜੀ ਪਰੇਸ਼ਾਨੀ ਹੋਈ। ਉਸ ਤੋਂ ਬਾਅਦ ਪਿਛਲੇ ਦਿਨੀਂ ਉਸ ਉੱਤੇ ਖੇਤਾਂ ਦੇ ਵਿੱਚ ਪਾਣੀ ਲਗਾਉਂਦੇ ਹੋਏ ਫਿਰ ਹਮਲਾ ਹੋਇਆ। ਜਿਹੜੇ ਉਸ ਕੇਸ ਦੇ ਵਿੱਚ ਗਵਾਹ ਹਨ ਉਨ੍ਹਾਂ ਨੂੰ ਮੁਕਰਾਉਣ ਦੇ ਲਈ ਉਸ ਉੱਤੇ ਦਬਾਅ ਪਾਇਆ ਜਾ ਰਿਹਾ ਹੈ। ਜੇ ਉਹ ਮੁਕਰਨਗੇ ਤਾਂ ਜਿਹੜੇ ਉਸ ਪਿੰਡ ਦੇ ਕਾਤਲ ਹਨ, ਉਹ ਬਾਹਰ ਆ ਸਕਣਗੇ। ਉਸ ਦੇ ਉੱਤੇ ਖੇਤ ਵਿੱਚ ਫਾਇਰਿੰਗ ਹੋਈ ਪਰਤੂੰ ਪਰਚਾ ਸਾਡੇ ਬੰਦੇ ਦੇ ਉੱਤੇ ਕਰ ਦਿੱਤਾ ਗਿਆ, ਕੁਲਵਿੰਦਰ ਸਿੰਘ ਦੇ ਉੱਤੇ ਕਰ ਦਿੱਤਾ ਗਿਆ। ਉਹ ਦੋ ਮਹੀਨੇ ਫਿਰ ਜੇਲ੍ਹ ਵਿੱਚ ਰਿਹਾ, ਹੁਣ ਜਾ ਕੇ ਪੜਤਾਲ ਹੋਈ, ਉਹ ਫਿਰ ਬਾਹਰ ਆਇਆ। ਲੇਟੈਸਟ ਪਰਸੋਂ-ਚੌਥੇ ਫਿਰ ਉਸ ਉੱਤੇ ਖੇਤ ਵਿੱਚ ਜਾ ਕੇ ਗੋਲੀਬਾਰੀ ਕੀਤੀ ਗਈ। ਕੋਈ ਸੁਣਵਾਈ ਨਹੀਂ ਹੋਈ। ਮੈਂ ਮਾਨਯੋਗ ਸੀ.ਐਮ. ਸਾਹਿਬ ਨੂੰ ਅਤੇ ਡਿਪਟੀ ਸੀ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਅਸੀਂ ਇਨ੍ਹਾਂ ਦੀ ਉਚੇਚੀ ਦੇਖ-ਰੇਖ ਦੇ ਤਹਿਤ ਆਪਣੇ ਜ਼ਿਲ੍ਹੇ ਦੇ ਵਿੱਚ ਟਾਈਮ ਕੱਟਦੇ ਹਾਂ। ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਇਸ ਮਸਲੇ ਦੇ ਉੱਤੇ ਧਿਆਨ ਦੇਣ। ਸਾਨੂੰ ਝੂਠੀਆਂ ਸ਼ਿਕਾਇਤਾਂ ਕਰਨ ਦਾ ਕੋਈ ਸ਼ੌਂਕ ਨਹੀਂ ਹੈ। ਮੈਂ ਸਿਰਫ ਇੰਨੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਕੇਸ ਵਿੱਚ ਉਹ ਪੜਤਾਲ ਕਰਵਾ ਲੈਣ ਜੋ ਬਣਦੀ ਸਜ਼ਾ ਹੈ ਉਹ ਦੋਸ਼ੀ ਨੂੰ ਦੇ ਦੇਣ ਤੇ ਇਸ ਗਰੀਬ ਬੰਦੇ ਨੂੰ ਕਿਉਂਕਿ ਉਹ ਇਕੱਲਾ ਬੰਦਾ ਹੈ। ਉਹ ਤੇ ਉਸ ਦੀ ਪਤਨੀ 24 ਘੰਟੇ ਦਫ਼ਤਰਾਂ ਦੇ ਵਿੱਚ ਜਾਂ ਕਚਹਿਰੀਆਂ ਦੇ ਵਿੱਚ ਜਾਂ ਜੇਲ੍ਹ ਦੇ ਵਿੱਚ, ਤਿੰਨ ਥਾਈਂ ਹੀ ਰਾਊਂਡ ਲਗਾਉਂਦੇ ਰਹਿੰਦੇ ਹਨ, ਉਨ੍ਹਾਂ ਦਾ ਛੁਟਕਾਰਾ ਕਰਵਾਇਆ ਜਾਵੇ, ਇੰਨੀ ਮੇਰੀ ਬੇਨਤੀ ਹੈ। ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਮਸਲਾ ਦੱਸਣ ਦਾ ਮੌਕਾ ਦਿੱਤਾ ਹੈ।

ਉਪ ਮੁੱਖ ਮੰਤਰੀ: ਸਪੀਕਰ ਸਾਹਿਬ, ਜਿਹੜਾ ਇਸ਼ੂ ਰੇਜ਼ ਕੀਤਾ ਗਿਆ ਹੈ, ਜਿਹੜੀ ਅਸੀਂ ਮੰਥਲੀ ਮੀਟਿੰਗ ਕਰਦੇ ਹਾਂ ਉਸ ਵਿੱਚ ਮੈਂ ਪਹਿਲਾਂ ਹੀ ਅਜਿਹੇ ਕੇਸਾਂ ਬਾਬਤ ਡੀ.ਜੀ.ਪੀ. ਸਾਹਿਬ ਅਤੇ ਐੱਸ.ਐੱਸ.ਪੀਜ਼. ਨੂੰ ਕਲੀਅਰ ਇੰਸਟ੍ਰਕਸ਼ਨਜ਼ ਦਿੱਤੀਆਂ ਹੋਈਆਂ ਹਨ ਕਿ ਕਿਸੇ ਵੀ ਹਾਲਤ ਵਿੱਚ ਕੋਈ ਝੂਠਾ ਕੇਸ ਰਜਿਸਟਰ ਨਹੀਂ ਹੋਣਾ ਚਾਹੀਦਾ ਅਤੇ ਜੇਕਰ ਕੋਈ ਅਜਿਹਾ ਕਰੇਗਾ ਤਾਂ concerned officer will be brought to book. ਇਹ ਮੇਰੀਆਂ ਕਲੀਅਰ ਇੰਸਟ੍ਰਕਸ਼ਨਜ਼ ਹਨ। ਤੁਸੀਂ ਇੰਨੀ ਦੇਰ ਵੇਟ ਕੀਤਾ ਹੈ ਅਗਰ ਤੁਹਾਨੂੰ ਕੋਈ ਅਜਿਹੀ ਪ੍ਰਾਬਲਮ ਸੀ ਤਾਂ ਤੁਸੀਂ ਉਸੇ ਵੇਲੇ ਹੀ ਮੇਰੇ ਕੋਲ ਆ ਸਕਦੇ ਸੀ। ਇਕੱਲਾ ਹਾਊਸ ਹੀ ਡਿਸਕਸ਼ਨ ਦਾ ਮੀਡੀਅਮ ਨਹੀਂ ਹੈ। You are most welcome. ਮੈਂਬਰ ਸਾਹਿਬ ਕਿਸੇ ਵੇਲੇ ਵੀ ਮੇਰੇ ਕੋਲ ਆ ਕੇ ਦੱਸ

Original with;
Punjab Vidhan Sabha
Digitized by;
Panjab Digital Library

ਸਕਦੇ ਹਨ ਕਿ ਸਾਡੇ ਹਲਕੇ ਵਿੱਚ ਇਹ ਪ੍ਰਾਬਲਮ ਹੈ। Definitely we will examine it.

ਸਰਦਾਰ ਅਜਾਇਬ ਸਿੰਘ ਭੱਟੀ: ਮੈਂ ਤੁਹਾਨੂੰ S.M.S. ਕੀਤਾ ਸੀ। .....(ਹਾਸਾ)...

ਉਪ ਮੁੱਖ ਮੰਤਰੀ : ਇਹ ਕਿਸੇ ਹੋਰ ਨੰਬਰ ਤੇ ਨਾ ਗਿਆ ਹੋਵੇ। (ਸ਼ੋਰ)

Mr. Speaker: Zero Hour is over. ਧਿਆਨ ਦਿਵਾਊ ਮਤਾ, ਸਰਦਾਰ ਮਹੇਸ਼ਇੰਦਰ ਸਿੰਘ ਜੀ।

CALL ATTENTION NOTICE UNDER RULE 66

(ਕ੍ਰਮ ਨੰ: 4)

ਸਰਦਾਰ ਮਹੇਸ਼ਇੰਦਰ ਸਿੰਘ: ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਅਰਥਾਤ, ਬਾਘਾ ਪੁਰਾਣਾ ਸ਼ਹਿਰ, ਜਿਸ ਦੀ ਅਬਾਦੀ ਕਰੀਬ 23-24 ਹਜ਼ਾਰ ਦੇ ਕਰੀਬ ਹੈ ਅਤੇ ਇਸ ਕਸਬੇ ਵਿੱਚ 1000 ਦੇ ਲਗਭਗ ਲੋਕ ਹੈਪੇਟਾਈਟਿਸ-ਸੀ ਅਤੇ ਕੈਂਸਰ ਦੀ ਬਿਮਾਰੀ ਤੋਂ ਪੀੜਤ ਹਨ।' ਪਿਛਲੇ ਚਾਰ ਕੁ ਸਾਲਾਂ ਵਿੱਚ ਇਸ ਕਸਬੇ ਵਿੱਚ ਲਗਭਗ 60-65 ਮੌਤਾਂ ਹੈਪੇਟਾਈਟਿਸ-ਸੀ ਅਤੇ ਕੈਂਸਰ ਕਰਕੇ ਹੋ ਚੁੱਕੀਆਂ ਹਨ। ਵਰਲਡ ਹੈਲਥ ਆਰਗੇਨਾਈਜ਼ੇਸ਼ਨ ਦੀ ਇੱਕ ਰਿਪੋਰਟ ਅਨੁਸਾਰ ਇਸ ਕਸਬੇ ਅਤੇ ਨਾਲ ਲਗਦੇ ਇਲਾਕੇ ਦੀ ਧਰਤੀ ਹੇਠਲੇ ਪਾਣੀ ਵਿੱਚ ਯੂਰੇਨੀਅਮ ਦੀ ਮਾਤਰਾ ਬਾਕੀ ਇਲਾਕਿਆਂ ਨਾਲੋਂ ਜ਼ਿਆਦਾ ਹੈ ਅਤੇ ਇਹ ਗੰਭੀਰ ਬਿਮਾਰੀ ਦਿਨ ਪ੍ਰਤੀ ਦਿਨ ਲੋਕਾਂ ਵਿੱਚ ਵੱਧ ਰਹੀ ਹੈ। ਜਿਸ ਕਾਰਨ ਕਸਬੇ ਦੇ ਲੋਕਾਂ ਵਿੱਚ ਭਾਰੀ ਭੈਅ ਅਤੇ ਬੇਚੈਨੀ ਵਾਲਾ ਮਾਹੌਲ ਬਣਿਆ ਹੋਇਆ ਹੈ।

ਮਾਮਲੇ ਦੀ ਪ੍ਰਤੱਖ ਗੰਭੀਰਤਾ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਜੋ ਲੋਕ ਅਤਿ ਗਰੀਬ ਹਨ ਉਨ੍ਹਾਂ ਦੇ ਇਲਾਜ ਲਈ ਫੌਰੀ ਕਦਮ ਚੁੱਕੇ ਜਾਣ, ਇਲਾਜ ਲਈ ਸਰਕਾਰ ਵਿੱਤੀ ਸਹਾਇਤਾ ਕਰੇ ਅਤੇ ਕਸਬੇ ਦੇ ਬਾਕੀ ਲੋਕਾਂ ਦਾ ਇਸ ਬਿਮਾਰੀ ਦੀ ਗੰਭੀਰਤਾ ਨੂੰ ਦੇਖਦੇ ਹੋਏ ਡਾਕਟਰਾਂ ਦੀ ਵਿਸ਼ੇਸ਼ ਟੀਮ ਭੇਜ ਕੇ ਚੈੱਕ-ਅੱਪ ਕਰਵਾਇਆ ਜਾਵੇ। ਸਬੰਧਤ ਮੰਤਰੀ ਜੀ ਇਸ ਸਬੰਧ ਵਿੱਚ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

Original with;
Punjab Vidhan Sabha
Digitized by;
Panjab Digital Library

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ): ਸਪੀਕਰ ਸਾਹਿਬ-

1. ਜ਼ਿਲ੍ਹਾ ਮੋਗਾ ਦੇ ਪਿੰਡ ਬਾਘਾ ਪੁਰਾਣਾ ਵਿੱਚ ਪਹਿਲਾਂ ਹੀ ਮਾਰਚ, 2010 ਵਿੱਚ ਕਾਲੇ ਪੀਲੀਏ ਦੇ ਕੇਸਾਂ ਦੀ ਸ਼ਨਾਖਤ ਲਈ ਸਰਵੇ ਕਰਵਾਇਆ ਗਿਆ ਸੀ। ਸਰਵੇ ਦੌਰਾਨ 22,000 ਦੀ ਅਬਾਦੀ ਵਿੱਚ 1300 ਲੋਕ ਪੀਲੀਏ ਨਾਲ ਪ੍ਰਭਾਵਿਤ ਸ਼ੱਕੀ ਪਾਏ ਗਏ ਸਨ। ਸਰਵੇ ਤੋਂ ਬਾਅਦ 171 ਸ਼ੱਕੀ ਕਾਲੇ ਪੀਲੀਏ ਦੇ ਕੇਸ ਲੈਬ ਵਿੱਚ ਟੈਸਟ ਕੀਤੇ ਜਿਨ੍ਹਾਂ ਵਿੱਚੋਂ ਕੁੱਲ 28 ਕੇਸ ਕਾਲੇ ਪੀਲੀਏ ਲਈ ਪਾਜ਼ੇਟਿਵ ਪਾਏ ਗਏ।

2. ਜਿੱਥੋਂ ਤੱਕ ਯੂਰੇਨੀਅਮ ਦਾ ਬਾਘਾ ਪੁਰਾਣਾ ਇਲਾਕੇ ਵਿੱਚ ਹੋਂਦ ਦਾ ਸਵਾਲ ਹੈ ਇਸ ਸਬੰਧ ਵਿੱਚ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਇਸ ਇਲਾਕੇ ਵਿੱਚ ਕੁੱਲ 45 ਪਾਣੀ ਦੇ ਸੈਂਪਲ ਟੈਸਟ ਕੀਤੇ ਗਏ ਜਿਨ੍ਹਾਂ ਵਿੱਚੋਂ 21 ਪਾਣੀ ਦੇ ਸੈਂਪਲਾਂ ਵਿੱਚ ਯੂਰੇਨੀਅਮ ਦੀ ਮਾਤਰਾ ਐਟੋਮਿਕ ਐਨਰਜੀ ਰੈਗੂਲੇਟਰੀ ਬੋਰਡ ਦੁਆਰਾ ਪ੍ਰਮਾਣਿਤ ਕੀਤੀ ਗਈ ਮਾਤਰਾ ਜੋ ਕਿ 60 ਮਾਈਕ੍ਰੋਗ੍ਰਾਮ ਪ੍ਰਤੀ ਲੀਟਰ ਹੈ, ਤੋਂ ਜ਼ਿਆਦਾ ਪਾਈ ਗਈ ਹੈ।

3. ਰਾਜ ਵਿੱਚ ਕੈਂਸਰ ਦੇ ਕੇਸਾਂ ਦੀ ਭਾਲ ਉਤੇ ਜਾਗਰੂਕਤਾ ਸਬੰਧੀ ਸਾਰੇ ਜ਼ਿਲ੍ਹਿਆਂ ਵਿੱਚ ਇੱਕ ਸਪੈਸ਼ਲ ਕੰਪੇਨ 1 ਦਸੰਬਰ ਤੋਂ ਸ਼ੁਰੂ ਕੀਤਾ ਗਿਆ ਹੈ। ਕੈਂਸਰ ਦੇ ਸ਼ਿੰਪਟਮ ਦੇ ਅਧਾਰ ਤੇ ਘਰ ਘਰ ਜਾ ਕੇ ਕੈਂਸਰ ਦੇ ਸ਼ੱਕੀ ਮਰੀਜ਼ਾਂ ਸਬੰਧੀ ਸੂਚਨਾ ਇਕੱਠੀ ਕੀਤੀ ਜਾ ਰਹੀ ਹੈ। 31 ਦਸੰਬਰ, 2012 ਨੂੰ ਇਸ ਕੰਪੇਨ ਉਪਰੰਤ ਹਰ ਜ਼ਿਲ੍ਹੇ ਵਿੱਚ ਕੈਂਸਰ ਦੇ ਮਰੀਜ਼ਾਂ ਦਾ ਅੰਦਾਜ਼ਾ ਲਗਾਇਆ ਜਾਵੇਗਾ।

4. ਕਾਲੇ ਪੀਲੀਏ ਦੀ ਰੋਕਥਾਮ ਲਈ ਹੇਠਾਂ ਲਿਖੇ ਕਦਮ ਚੁੱਕੇ ਗਏ:-

* ਲੋਕਾਂ ਨੂੰ ਕਾਲੇ ਪੀਲੀਏ ਦੀ ਟੈਸਟਿੰਗ ਕਰਵਾਉਣ ਲਈ ਕਿਹਾ ਗਿਆ ਅਤੇ ਜੇਕਰ ਉਹ ਕਾਲੇ ਪੀਲੀਏ ਦੀ ਬੀਮਾਰੀ ਤੋਂ ਪ੍ਰਭਾਵਿਤ ਹਨ ਤਾਂ ਉਹ ਸਹੀ ਉਪਚਾਰ ਕਰਵਾਉਣ।
* ਲੋਕਾਂ ਨੂੰ ਜਾਗਰੂਕ ਕੀਤਾ ਗਿਆ ਕਿ ਕਿਸੇ ਮੈਡੀਕਲ ਸਹਾਇਤਾ ਤੇ ਕੁਆਲੀਫਾਈਡ ਡਾਕਟਰ ਜਾਂ ਸਿਹਤ ਸੰਸਥਾਵਾਂ ਦੀ ਸਹੂਲੀਅਤ ਲਈ ਜਾਵੇ।
* ਕਾਲੇ ਪੀਲੀਏ ਦੀ ਬਿਮਾਰੀ ਤੋਂ ਪੀੜਤ ਲੋਕਾਂ ਨੂੰ ਆਪਣੇ ਘਰ ਵਾਲਿਆਂ

Original with;
Punjab Vidhan Sabha
Digitized by;
Panjab Digital Library

(ਸਿਹਤ ਤੇ ਪਰਿਵਾਰ ਭਲਾਈ ਮੰਤਰੀ)

ਤੇ ਪਰਿਵਾਰ ਦੇ ਹੋਰ ਮੈਂਬਰਾਂ ਦਾ ਟੈਸਟ ਕਰਵਾਉਣ ਲਈ ਜਾਗਰੂਕ ਕੀਤਾ ਗਿਆ।

* ਜਦੋਂ ਵੀ ਕਿਸੇ ਬਿਮਾਰੀ ਦੇ ਇਲਾਜ ਲਈ ਟੀਕਾ ਲਗਾਉਣਾ ਹੋਵੇ ਤਾਂ ਨਵੀਂ ਸਰਿੰਜ ਦਾ ਪ੍ਰਯੋਗ ਕੀਤਾ ਜਾਵੇ।
* ਲੋਕਾਂ ਨੂੰ ਨਸਾਂ ਰਾਹੀਂ ਟੀਕੇ ਨਾ ਲਗਾਉਣ ਲਈ ਜਾਗਰੂਕ ਕੀਤਾ ਗਿਆ।
* ਇਲਾਕੇ ਦੇ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਡਿਸਪੋਜ਼ੇਬਲ ਸਰਿੰਜਾਂ ਦਾ ਪ੍ਰਯੋਗ ਕਰਨ ਲਈ ਹਦਾਇਤਾਂ ਕੀਤੀਆਂ ਗਈਆਂ।
* ਸਿਹਤ ਤੇ ਪਰਿਵਾਰ ਭਲਾਈ ਵਿਭਾਗ ਇਸ ਬਿਮਾਰੀ ਦੀ ਸਥਿਤੀ ਲਈ ਜਾਗਰੂਕ ਹੈ ਤੇ ਇਸ ਬਿਮਾਰੀ ਦੀ ਰੋਕਥਾਮ ਅਤੇ ਮਰੀਜ਼ਾਂ ਦੀ ਜਾਂਚ ਅਤੇ ਇਲਾਜ ਲਈ ਲੋੜੀਂਦੇ ਅਸਰਦਾਰ ਕਦਮ ਚੁੱਕ ਰਿਹਾ ਹੈ।

ਸਰਦਾਰ ਮਹੇਸ਼ਇੰਦਰ ਸਿੰਘ: ਸਰ, ਮੈਂ ਤੁਹਾਡੇ ਰਾਹੀਂ ਗੁਜਾਰਿਸ਼ ਕਰਨੀ ਚਾਹੁੰਦਾ ਹਾਂ ਕਿ ਠੀਕ ਹੈ, ਜੋ ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਉੱਥੇ ਸਰਵੇ ਕਰਵਾਇਆ ਹੈ। ਲੇਕਿਨ ਮੈਂ ਮਹਿਸੂਸ ਕਰਦਾ ਹਾਂ ਕਿ ਇਲਾਕੇ ਅਤੇ ਕਸਬੇ ਦੇ ਲੋਕਾਂ ਵਿੱਚ ਇਸ ਗੱਲ ਦਾ ਖਦਸ਼ਾ ਪਾਇਆ ਜਾਂਦਾ ਹੈ ਅਤੇ ਰੋਸ ਵੀ ਹੈ ਕਿ ਜਿਹੜਾ ਇਨ੍ਹਾਂ ਨੇ ਸਰਵੇ ਕਰਵਾਇਆ ਸੀ, ਉਹ ਪਰਾਪਰ ਨਹੀਂ ਹੋਇਆ। ਇਨ੍ਹਾਂ ਨੇ ਉੱਥੇ ਕੈਂਸਰ ਸਬੰਧੀ ਇੱਕ ਸਰਵੇ ਕਰਵਾਇਆ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਇਹ ਉੱਥੇ ਦੁਬਾਰਾ ਸਰਵੇ ਕਰਵਾਉਣ ਦੀ ਕੋਸ਼ਿਸ਼ ਕਰਨ ਕਿਉਂਕਿ ਮੇਰਾ ਖ਼ਿਆਲ ਹੈ ਕਿ ਬਾਘਾ ਪੁਰਾਣਾ ਕਸਬੇ ਵਿੱਚ ਨਾਲ ਦੇ ਦੂਸਰੇ ਇਲਾਕਿਆਂ ਨਾਲੋਂ ਅਤੇ ਨਾਲ ਦੇ ਪਿੰਡਾਂ ਦੇ ਬਨਿਸਬਤ ਇਹ ਸ਼ਿਕਾਇਤ ਜ਼ਿਆਦਾ ਪਾਈ ਜਾਂਦੀ ਹੈ। ਮੈਂ ਨਿਹਾਲ ਸਿੰਘ ਵਾਲਾ ਵਿਖੇ ਰਹਿੰਦਾ ਹਾਂ। ਮੈਂ ਉੱਥੋਂ ਦੀ ਸ਼ਿਕਾਇਤ ਨਹੀਂ ਕਰਦਾ। ਮੋਗੇ ਦੀ ਸ਼ਿਕਾਇਤ ਵੀ ਨਹੀਂ ਹੈ, ਨਾਲ ਲਗਦੇ ਪਿੰਡਾਂ ਵਿੱਚ ਵੀ ਨਹੀਂ ਹੈ, ਕੇਵਲ ਉਸ ਕਸਬੇ ਦੇ ਵਿੱਚ ਹੀ ਇਹ ਸ਼ਿਕਾਇਤ ਜ਼ਿਆਦਾ ਪਾਈ ਜਾ ਰਹੀ ਹੈ। ਪਤਾ ਨਹੀਂ ਇਸ ਦੇ ਕੀ ਕਾਰਨ ਹਨ? ਕੀ ਵਜ੍ਹਾ ਹੈ? ਮੈਂ ਤੁਹਾਡੇ ਰਾਹੀਂ ਉਸ ਬਾਰੇ ਵੀ ਬੇਨਤੀ ਕਰਾਂਗਾ ਕਿ ਇਸ ਦੇ ਕਾਰਨ ਲੱਭਣ ਦੀ ਕੋਸ਼ਿਸ਼ ਕਰਨ ਕਿ ਇਕੱਲੇ ਇਸ ਕਸਬੇ ਦੇ ਵਿੱਚ ਇਹ ਬਿਮਾਰੀ ਨਾਲ ਦੇ ਦੂਜੇ ਕਸਬਿਆਂ ਤੇ ਪਿੰਡਾਂ ਨਾਲੋਂ ਜ਼ਿਆਦਾ ਕਿਉਂ ਪਾਈ ਜਾਂਦੀ ਹੈ? ਜਿਹੜੇ ਅਤਿ ਦੇ ਗਰੀਬ ਲੋਕ ਹਨ, ਉਹ ਹਰ ਰੋਜ਼ ਮਰ ਰਹੇ ਹਨ। ਮੈਂ ਜਾਣਨਾ ਚਾਹੁੰਦਾ ਹਾਂ ਕਿ ਉਨ੍ਹਾਂ ਲਈ ਸਰਕਾਰ ਕੀ ਕਰ ਰਹੀ ਹੈ?

Original with;
Punjab Vidhan Sabha
Digitized by;
Panjab Digital Library

ਮੰਤਰੀ: ਸਪੀਕਰ ਸਾਹਿਬ, ਇਸੇ ਕਰਕੇ ਮੈਂ ਪਹਿਲਾਂ ਵੀ ਸਦਨ ਵਿੱਚ ਕਿਹਾ ਹੈ ਕਿ ਲੋਕ ਆਪਣੇ ਘਰ ਬਿਮਾਰ ਜ਼ਰੂਰ ਪਏ ਰਹਿਣਗੇ ਪਰ ਇਲਾਜ ਕਰਵਾਉਣ ਲਈ ਜਾਣ ਦੇ ਆਦੀ ਨਹੀਂ ਹਨ। ਅਸੀਂ ਲੋਕਾਂ ਵਿੱਚ ਇਸ ਗੱਲ ਦੀ ਜਾਗਰੂਕਤਾ ਲਿਆ ਰਹੇ ਹਾਂ ਕਿ ਜੇ ਤੁਹਾਨੂੰ ਬਿਮਾਰੀ ਹੈ ਤਾਂ ਇਸ ਨੂੰ ਚੈੱਕ ਕਰਵਾਉ। ਇਸੇ ਕਰਕੇ ਅਸੀਂ ਕੈਂਸਰ ਨੂੰ ਡਿਟੈਕਟ ਕਰਨ ਵਾਲੀ ਕੰਪੇਨ ਚਲਾਈ। ਲੋਕਾਂ ਨੂੰ ਕੈਂਸਰ ਸਬੰਧੀ ਜਾਗਰੂਕ ਕਰਨ ਵਾਸਤੇ ਸਾਰੇ ਪੰਜਾਬ ਵਿੱਚ 1 ਦਸੰਬਰ ਤੋਂ 31 ਦਸੰਬਰ ਤੱਕ ਕੰਪੇਨ ਚਲਾਈ ਹੈ। ਪਹਿਲਾਂ ਅਸੀਂ ਡਿਸਟ੍ਰਿਕਟ ਫਰੀਦਕੋਟ ਵਿੱਚ ਪਾਇਲਟ ਪ੍ਰੋਜੈਕਟ ਚਲਾਇਆ ਸੀ। ਸਾਨੂੰ ਉਥੇ ਹੌਸਲਾ ਹੋਇਆ, ਇੱਕ ਤਾਂ ਇਸ ਗੱਲ ਦਾ ਬਹੁਤ ਜ਼ਿਆਦਾ ਖਦਸ਼ਾ ਸੀ ਕਿ ਬਹੁਤ ਜ਼ਿਆਦਾ ਕੈਂਸਰ ਪੰਜਾਬ ਵਿੱਚ ਹੈ। ਮੈਨੂੰ ਪਿਛਲੇ ਮਹੀਨੇ ਭਾਰਤ ਸਰਕਾਰ ਵੱਲੋਂ ਸੱਦੀ ਗਈ ਕਾਨਫਰੰਸ ਵਿੱਚ ਜਾਣ ਦਾ ਮੌਕਾ ਮਿਲਿਆ। ਦੇਸ਼ ਦੇ ਸਾਰੇ ਸਟੇਟ ਹੈਲਥ ਮਨਿਸਟਰਜ਼ ਦੀ ਕਾਨਫਰੰਸ ਸੀ, ਮੈਨੂੰ ਉਥੇ ਜਾਣ ਦਾ ਮੌਕਾ ਮਿਲਿਆ। ਸ਼੍ਰੀ ਗੁਲਾਮ ਨਬੀ ਆਜ਼ਾਦ ਜੀ, ਯੂਨੀਅਨ ਹੈਲਥ ਮਨਿਸਟਰ ਹਨ, ਉਨ੍ਹਾਂ ਨੇ ਵੀ ਕਿਹਾ ਕਿ ਮਾਲਵੇ ਵਿੱਚ ਤੇ ਪੰਜਾਬ ਵਿੱਚ ਬਹੁਤ ਜ਼ਿਆਦਾ ਕੈਂਸਰ ਦੀ ਬਿਮਾਰੀ ਦਾ ਪ੍ਰਭਾਵ ਹੈ। ਇਸ ਗੱਲ ਨੂੰ ਦੇਖਣ ਵਾਸਤੇ ਕਿ ਕਿੰਨਾ ਪ੍ਰਭਾਵ ਹੈ, ਇਸ ਵਾਸਤੇ ਅਸੀਂ ਇਹ ਸਰਵੇ ਕਰਵਾ ਰਹੇ ਹਾਂ। ਜੋ ਆਨਰੇਬਲ ਮੈਂਬਰ ਸਾਹਿਬ ਨੇ ਕਿਹਾ ਹੈ, ਇਸ ਦੇ ਕਾਰਨ ਵੀ ਉਸ ਵਿੱਚੋਂ ਮਿਲਣਗੇ। ਪਹਿਲਾਂ ਅਸੀਂ ਦੇਖ ਲਈਏ ਕਿ ਕਿੱਥੇ-ਕਿੱਥੇ ਅਤੇ ਕਿੰਨੇ-ਕਿੰਨੇ ਕੈਂਸਰ ਦੇ ਮਰੀਜ਼ ਹਨ? ਉਨ੍ਹਾਂ ਦੇ ਪਾਜ਼ੇਟਿਵ ਕੇਸ ਪਹਿਲਾਂ ਕੱਢ ਲਈਏ ਅਤੇ ਇਹ ਵੀ ਜ਼ਰੂਰ ਭਾਲ ਕਰਾਂਗੇ ਕਿ ਜਿਹੜਾ ਵੀ ਸਬੰਧਤ ਮਹਿਕਮਾ ਹੋਵੇਗਾ, ਉਸ ਨੂੰ ਮੈਂ ਲਿਖਾਂਗਾ ਕਿ ਇਸ ਦੇ ਕਾਰਨ ਕੀ ਹਨ? ਜਿਵੇਂ ਕਿ ਪਾਣੀ ਦੀ ਗੱਲ ਹੈ, ਮੈਂ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਡਿਪਾਰਟਮੈਂਟ ਨੂੰ ਜ਼ਰੂਰ ਚਿੱਠੀ ਲਿਖਾਂਗਾ ਕਿ ਪਾਣੀ ਦੀ ਜ਼ਰੂਰ ਖੋਜ ਕਰਵਾਉਣ ਕਿ ਕਿਤੇ ਪਾਣੀ ਦੇ ਕਾਰਨ ਤਾਂ ਅਜਿਹਾ ਨਹੀਂ ਵਾਪਰ ਰਿਹਾ ਜਾਂ ਦੂਸਰਾ ਜੋ ਅਸੀਂ ਖਾਦ, ਕੈਮੀਕਲਜ਼ ਤੇ ਪੈਸਟੀਸਾਈਡਜ਼ ਇਸਤੇਮਾਲ ਕਰ ਰਹੇ ਹਾਂ, ਉਸ ਬਾਰੇ ਵੀ ਵਿਚਾਰ ਕਰ ਰਹੇ ਹਾਂ ਕਿ ਕਿਤੇ ਉਨ੍ਹਾਂ ਦੇ ਕਾਰਨ ਤਾਂ ਨਹੀਂ ਅਜਿਹਾ ਹੋ ਰਿਹਾ। ਇਹ ਗੱਲ ਵੀ ਮੁੱਖ ਮੰਤਰੀ ਸਾਹਿਬ ਦੇ ਨੋਟਿਸ ਵਿੱਚ ਹੈ ਅਤੇ ਇਨ੍ਹਾਂ ਨੇ ਇਸ ਬਾਰੇ ਹਦਾਇਤ ਵੀ ਕੀਤੀ ਹੈ ਕਿ ਇਨ੍ਹਾਂ ਗੱਲਾਂ ਬਾਰੇ ਪੜਤਾਲ ਕੀਤੀ ਜਾਵੇ।

ਸਰਦਾਰ ਮਹੇਸ਼ਇੰਦਰ ਸਿੰਘ: ਸਪੀਕਰ ਸਾਹਿਬ, ਸਪਲੀਮੈਂਟਰੀ ਹੈ ਜੀ। ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਗੁਜਾਰਿਸ਼ ਕਰਨੀ ਚਾਹੁੰਦਾ ਹਾਂ ਕਿ ਕਈ ਮਸਲੇ ਜ਼ਿਆਦਾ ਮਹੱਤਤਾ ਵਾਲੇ ਹੁੰਦੇ ਹਨ ਜਿਨ੍ਹਾਂ ਨੂੰ ਕਿ ਪ੍ਰੀਆਰਟੀ ਦੇਣੀ ਬਣਦੀ ਹੈ। ਸੋ, ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਉਸ ਕਸਬੇ ਵਿੱਚ ਇਹ ਬਿਮਾਰੀ ਜ਼ਿਆਦਾ ਹੋਣ ਕਰਕੇ ਉਸ ਨੂੰ ਪ੍ਰੀਆਰਟੀ ਤੇ ਲਿਆਂਦਾ ਜਾਵੇ।

Original with;
Punjab Vidhan Sabha
Digitized by;
Panjab Digital Library

ਮਾਨਯੋਗ ਸਪੀਕਰ: ਮੈਂਬਰ ਸਾਹਿਬ ਦਾ ਕਹਿਣਾ ਹੈ ਕਿ ਬਾਘਾਪੁਰਾਣਾ ਕਸਬਾ ਨੂੰ ਖਾਸ ਕਰਕੇ ਪ੍ਰੀਆਰਟੀ ਤੇ ਲੈ ਆਵੋ।

ਮੰਤਰੀ: ਠੀਕ ਹੈ ਜੀ। ਪ੍ਰੀਆਰਟੀ ਤੇ ਲੈ ਆਵਾਂਗੇ।

PAPERS LAID ON THE TABLE OF THE HOUSE

ਮਾਨਯੋਗ ਸਪੀਕਰ: ਅਗਲੀ ਆਈਟਮ। ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ। ਸ਼੍ਰੀ ਮਦਨ ਮੋਹਨ ਮਿੱਤਲ ਜੀ, ਸੰਸਦੀ ਮਾਮਲਿਆਂ ਬਾਰੇ ਮੰਤਰੀ।

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ): ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ ਸੂਚੀ ਵਿੱਚ ਮੱਦ ਨੰ: IV ਅਧੀਨ ਦਰਸਾਏ ਗਏ ਲੜੀ ਨੰ: 1 ਤੋਂ 12 ਤੱਕ ਦੇ ਕਾਗਜ਼ ਸਦਨ ਦੀ ਮੇਜ਼ ਤੇ ਰੱਖਦਾ ਹਾਂ:-

1. ਸਾਲ 2009-10 ਅਤੇ 2010-11 ਲਈ ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਟਿਡ, ਚੰਡੀਗੜ੍ਹ ਦੀਆਂ 44 ਵੀਂ ਅਤੇ 45ਵੀਂ ਸਾਲਾਨਾ ਰਿਪੋਰਟਾਂ ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619 (ੳ) ਅਧੀਨ ਲੋੜੀਂਦਾ ਹੈ।

2. ਸਾਲ 2010-11 ਲਈ ਕਾਨਵੇਅਰ ਦੀ 16ਵੀਂ ਸਾਲਾਨਾ ਰਿਪੋਰਟ ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619 (ੳ) ਅਧੀਨ ਲੋੜੀਂਦਾ ਹੈ।

3. ਸਾਲ 2009-10 ਲਈ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੇ ਸਾਲਾਨਾ ਲੇਖੇ ਅਤੇ ਆਡਿਟ ਰਿਪੋਰਟ ਜਿਵੇਂ ਕਿ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਐਕਟ, 1950 ਦੀ ਧਾਰਾ 33(4) ਅਧੀਨ ਲੋੜੀਂਦਾ ਹੈ ਅਤੇ ਆਡਿਟ ਰਿਪੋਰਟ ਨੂੰ ਰੱਖਣ ਵਿੱਚ ਹੋਈ ਦੇਰੀ ਦੇ ਕਾਰਣ ਦਰਸਾਉਂਦਾ ਵਿਵਰਣ।

4. ਸਾਲ 2009-10 ਲਈ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ, ਪਟਿਆਲਾ ਦੀ ਪ੍ਰਬੰਧਕੀ ਰਿਪੋਰਟ ਜਿਵੇਂ ਕਿ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਐਕਟ, 1950 ਦੀ ਧਾਰਾ 35(3) ਅਧੀਨ ਲੋੜੀਂਦਾ ਹੈ।

5. ਸਾਲ 2007-2008 ਅਤੇ 2008-2009 ਲਈ ਜਲੰਧਰ ਵਿਕਾਸ ਅਥਾਰਟੀ (ਜੇ ਡੀ ਏ) ਦੇ ਲੇਖਿਆਂ ਦੇ ਸਾਲਾਨਾ ਵਿਵਰਣ ਜਿਵੇਂ ਕਿ

Original with;
Punjab Vidhan Sabha
Digitized by;
Panjab Digital Library

ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾ ਅਤੇ ਵਿਕਾਸ ਐਕਟ, 1995 ਦੀ ਧਾਰਾ 53 (5) ਅਧੀਨ ਲੋੜੀਂਦਾ ਹੈ।

6. ਸਾਲ 2007-2008, 2008-2009 ਅਤੇ 2009-2010 ਲਈ ਅੰਮ੍ਰਿਤਸਰ ਵਿਕਾਸ ਅਥਾਰਟੀ, ਅੰਮ੍ਰਿਤਸਰ ਦੀਆਂ ਸਾਲਾਨਾ ਰਿਪੋਰਟਾਂ ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 54 (2) ਅਧੀਨ ਲੋੜੀਂਦਾ ਹੈ।

7. ਸਾਲ 2009-10 ਲਈ ਗਰੇਟਰ ਮੁਹਾਲੀ ਖੇਤਰੀ ਵਿਕਾਸ ਅਥਾਰਟੀ (ਗਮਾਡਾ) ਦੇ ਲੇਖਿਆਂ ਦੇ ਸਾਲਾਨਾ ਵਿਵਰਣ ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 53 (5) ਅਧੀਨ ਲੋੜੀਂਦਾ ਹੈ।

8. ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ (ਪੁੱਡਾ) ਦੇ ਸਾਲਾਂ 2008-09 ਅਤੇ 2009-10 ਲਈ ਲੇਖਿਆਂ ਦੇ ਸੋਧੇ ਹੋਏ ਸਾਲਾਨਾ ਵਿਵਰਣ ਅਤੇ ਸਾਲ 2010-11 ਲਈ ਲੇਖਿਆਂ ਦੇ ਸਾਲਾਨਾ ਵਿਵਰਣ ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 53 (1) ਅਧੀਨ ਲੋੜੀਂਦਾ ਹੈ।

9. ਸਾਲ 2010-11 ਲਈ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੀ ਸਾਲਾਨਾ ਰਿਪੋਰਟ ਜਿਵੇਂ ਕਿ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਐਕਟ, 1996 ਦੀ ਧਾਰਾ 21 (4) ਅਧੀਨ ਲੋੜੀਂਦਾ ਹੈ।

10. ਸਾਲ 2010-2011 ਲਈ ਜਲੰਧਰ ਵਿਕਾਸ ਅਥਾਰਟੀ, ਜਲੰਧਰ (ਜੇ ਡੀ ਏ) ਦੀ ਸਾਲਾਨਾ ਰਿਪੋਰਟ ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 54 (2) ਅਧੀਨ ਲੋੜੀਂਦਾ ਹੈ।

11. ਸਾਲ 2009-10 ਅਤੇ 2010-11 ਲਈ ਪਟਿਆਲਾ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ ਦੀਆਂ ਸਾਲਾਨਾ ਆਡਿਟ ਰਿਪੋਰਟਾਂ ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 53 (1) ਅਧੀਨ ਲੋੜੀਂਦਾ ਹੈ।

12. ਸਾਲ 2007-08 ਲਈ ਬਠਿੰਡਾ ਵਿਕਾਸ ਅਥਾਰਟੀ, ਬਠਿੰਡਾ ਦੇ ਲੇਖਿਆਂ ਦੇ ਸਾਲਾਨਾ ਵਿਵਰਣ ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 53 (5) ਅਧੀਨ ਲੋੜੀਂਦਾ ਹੈ।

Original with;
Punjab Vidhan Sabha
Digitized by;
Panjab Digital Library

ਮਾਨਯੋਗ ਸਪੀਕਰ: ਪੰਜਾਬ ਰਾਜ ਵਿੱਚ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਤੇ ਜਿਹੜੀ ਬਹਿਸ ਹੋਵੇਗੀ, ਉਸ ਦਾ ਸਮਾਂ ਇਸ ਤਰ੍ਹਾਂ ਹੈ:-

ਕੁੱਲ ਸਮਾਂ**:** ਢਾਈ ਘੰਟੇ। ਸ਼੍ਰੋਮਣੀ ਅਕਾਲੀ ਦਲ ਤੇ ਬੀ.ਜੇ.ਪੀ. ਲਈ: ਸਵਾ ਘੰਟਾ। ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਲਈ: ਸਵਾ ਘੰਟਾ। ਪਾਰਟੀਆਂ ਦੇ ਲੀਡਰ ਸਾਹਿਬਾਨ ਆਪਣੀ ਲਿਸਟ ਦੇ ਦੇਣ।

DISCUSSION ON THE LAW AND ORDER SITUATION IN THE STATE

ਮਾਨਯੋਗ ਸਪੀਕਰ: ਮੰਤਰੀ ਸਾਹਿਬ ਪ੍ਰਸਤਾਵ ਪੇਸ਼ ਕਰਨ।

ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ): ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਰਾਜ ਵਿੱਚ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਤੇ ਬਹਿਸ ਕੀਤੀ ਜਾਵੇ।

ਮਾਨਯੋਗ ਸਪੀਕਰ: ਪ੍ਰਸਤਾਵ ਕੀਤਾ-

ਕਿ ਰਾਜ ਵਿੱਚ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਤੇ ਬਹਿਸ ਕੀਤੀ ਜਾਵੇ।

ਹਾਂ ਜੀ, ਜਾਖੜ ਸਾਹਿਬ।

ਸ਼੍ਰੀ ਸੁਨੀਲ ਕੁਮਾਰ ਜਾਖੜ (ਅਬੋਹਰ): ਆਨਰੇਬਲ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਪੰਜਾਬ ਦੇ ਬਹੁਤ ਹੀ ਭਖਦੇ ਮੁੱਦੇ, ਪੰਜਾਬ ਦੀ ਕਾਨੂੰਨ ਵਿਵਸਥਾ ਉੱਤੇ ਬਹਿਸ ਦਾ ਸਮਾਂ ਮਿਥਿਆ ਹੈ ਉਸ ਤੇ ਮੈਨੂੰ ਬੋਲਣ ਦਾ ਮੌਕਾ ਦਿੱਤਾ। ਸਪੀਕਰ ਸਾਹਿਬ, ਤੁਹਾਡੇ ਨਾਲ-ਨਾਲ ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਦਾ ਵੀ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਆਪਣੇ ਸਟੇਚਰ ਨੂੰ, ਮਰਿਆਦਾ ਨੂੰ ਜਿਹੜੀ ਕੁਰਸੀ ਤੇ ਉਹ ਬੈਠੇ ਹਨ, ਉਸਨੂੰ ਆਪਣੀ ਉਮਰ ਦੇ ਲਿਹਾਜ਼ ਨਾਲ ਇਸ ਗੱਲ ਨੂੰ ਕਨਸੀਡ ਕੀਤਾ ਹੈ as he said it was his right. What we were claiming yesterday was on procedural ground that it was established through your corrigendum also and it was outright also to have a debate. ਇਨ੍ਹਾਂ ਨੇ ਬੜੀ

Original with;
Punjab Vidhan Sabha
Digitized by;
Panjab Digital Library

ਫਰਾਖਦਿਲੀ ਨਾਲ ਕਨਸੀਡ ਕੀਤਾ ਕਿ ਤੁਸੀਂ ਪਹਿਲਾਂ ਗੱਲ ਕਰੋ। ਸਪੀਕਰ ਸਾਹਿਬ, before I come to law and order, I would also indulge a few moments of personal explanation. ਜਿਸ ਤਰ੍ਹਾਂ ਬਾਦਲ ਸਾਹਿਬ ਨੇ ਖੜ੍ਹੇ ਹੋ ਕੇ ਪਰਸਨਲ ਐਕਸਪਲੇਨੇਸ਼ਨ ਦੀ ਗੱਲ ਕੀਤੀ। ਬਾਦਲ ਸਾਹਿਬ ਨੂੰ ਸ਼ਾਇਦ ਧਿਆਨ ਨਹੀਂ ਕਿ ਇਨ੍ਹਾਂ ਵਾਸਤੇ ਮੇਰੇ ਦਿਲ ਦੇ ਵਿੱਚ ਕਿੰਨੀ ਇੱਜ਼ਤ ਹੈ, I have taken him as my ideal. ਇੱਥੋਂ ਤੱਕ ਇਨ੍ਹਾਂ ਨੇ ਪੀ.ਏ.ਯੂ. ਵਿੱਚ ਜਾ ਕੇ ਕਿਹਾ ਕਿ ਪਾਲੀਟਿਕਸ ਦੀ ਡਾਕਟਰੇਟ ਮੈਨੂੰ ਮਿਲਣੀ ਚਾਹੀਦੀ ਸੀ, ਪੀ.ਐੱਚ.ਡੀ. ਇਨ ਪਾਲੀਟਿਕਸ but beyond that ਪਿਛਲੇ 10 ਸਾਲਾਂ ਤੋਂ I have watched him very closely I would not claim myself ...... ਜਿਸ ਤਰ੍ਹਾਂ ਗੁਰੂ ਦਰੋਣਾਚਾਰਿਆ, ਅਰਜਨ-ਪਾਂਡਵਾਂ ਵਗੈਰਾ ਨੂੰ ਸ਼ਿਕਸ਼ਾ ਦਿੰਦਾ ਸੀ। ਉਸਨੇ ਏਕਲਵਿਆ ਨੂੰ ਸ਼ਿਕਸ਼ਾ ਦੇਣ ਤੋਂ ਮਨ੍ਹਾ ਕਰ ਦਿੱਤਾ ਸੀ ਪ੍ਰੰਤੂ ਉਸਨੇ ਪਾਸੇ ਬੈਠ ਕੇ ਉਹ ਸਾਰੇ ਗੁਰ ਸਿੱਖੇ ਜੋ ਉਹ ਦੂਜਿਆਂ ਨੂੰ ਸਿਖਾ ਰਹੇ ਸੀ। That is another thing ਮੈਂ ਏਕਲਵਿਆ ਨਹੀਂ ਕਿ ਕੱਲ੍ਹ ਨੂੰ ਬਾਦਲ ਸਾਹਿਬ ਕਹਿਣ ਮੈਨੂੰ ਗੁਰੂ ਦਕਸ਼ਣਾ ਦੇ ਅਤੇ ਗੁਰੂ ਦਕਸ਼ਣਾ ਵਿੱਚ ਮੈਨੂੰ ਆਪਣਾ ਅੰਗੂਠਾ ਕੱਟ ਕੇ ਦੇ, ਜੇਕਰ ਮੇਰੇ CLP Leader ਬਣਨ ਨਾਲ ਜਾਂ ਮੇਰੀ ਕਿਸੇ ਗੱਲ ਨਾਲ ਇਨ੍ਹਾਂ ਨੂੰ ਦੁੱਖ ਪਹੁੰਚਿਆ ਤਾਂ I am not the one ਜਿਹੜਾ ਕੁਰਸੀ ਦੇ ਲਾਲਚ ਵਿੱਚ ਇਥੇ ਬੈਠਾ ਹਾਂ, ਕੁਰਸੀ ਤੇ ਬੈਠ ਕੇ If I can not keep the dignity of my Chair, ਸਪੀਕਰ ਸਾਹਿਬ, I would be the first one to step down even from my MLAship. ਜਦੋਂ ਮੈਂ ਉਠ ਕੇ ਕੋਈ ਗੱਲ ਕਰਦਾ ਹਾਂ, ਜੋ ਗੱਲਾਂ ਮੈਂ ਸਿੱਖੀਆਂ from my experience and from my family, from my father.... I uphold and I try to maintain that dignity.... every word which I say is substantiated. I do not make any frivolous claim or any frivolous charges. ਇਨ੍ਹਾਂ ਤੋਂ ਮੈਂ ਬਹੁਤ ਕੁਝ ਸਿੱਖਿਆ ਹੈ, there are certain things in him which I cannot copy, the kind of ਜਿਸ ਕਿਸਮ ਦੀ ਬੈਠ ਕੇ ਮਿਹਨਤ ਕਰਦੇ ਹਨ। I cannot put in that kind of energy neither I could see.... nor could I see his energy.... ਜਿਹੜੀਆਂ ਗੱਲਾਂ ਮੈਂ ਸਿੱਖੀਆਂ ਇੱਕ ਤਾਂ ਕਦੇ ਇਨ੍ਹਾਂ ਨੂੰ ਗੁੱਸਾ ਨਹੀਂ ਆਉਂਦਾ, ਇੱਕ ਇਨ੍ਹਾਂ ਤੋਂ ਮੈਂ ਹਲੀਮੀ ਸਿੱਖੀ ਹੈ। ਇੱਕ ਇਨ੍ਹਾਂ ਤੋਂ ਮੈਂ ਸਿੱਖਿਆ ਹੈ ਕਿ ਇਹ ਬੜੀ ਸਿੰਸੀਅਰਲੀ ਬੈਠ ਕੇ ਵਾਚ ਕਰਦੇ ਹਨ ਜੋ ਮੈਂ ਪਿਛਲੇ 10 ਸਾਲਾਂ ਤੋਂ ਵੇਖਿਆ ਹੈ whether it was a very minor issue. He was very

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸੁਨੀਲ ਕੁਮਾਰ ਜਾਖੜ]

sincere, He was noting down everything. ਸਦਨ ਵਿੱਚੋਂ ਜਿਵੇਂ ਮੇਰੇ ਵਰਗੇ ਉਠ ਕੇ ਬਾਹਰ ਚਲੇ ਗਏ ਕਿ ਚਲੋ, ਚਾਹ ਪੀ ਆਉਂਦੇ ਹਾਂ, ਇਸ ਤਰ੍ਹਾਂ ਨਹੀਂ ਹਨ but I am also like he said, ਮੈਨੂੰ ਵੀ ਬੜਾ ਦੁੱਖ ਹੈ, ਸਰ, first of all I make it clear ਇਨ੍ਹਾਂ ਨੇ ਕਿਹਾ ਕਿ ਇਨ੍ਹਾਂ ਨੂੰ ਬੜਾ ਸਦਮਾ ਪਹੁੰਚਿਆ ਹੈ। ਇੱਕ ਤਾਂ ਇਨ੍ਹਾਂ ਨੇ ਕਿਹਾ ਕਿ ਜਾਖੜ ਸਾਹਿਬ ਜਦੋਂ ਇੱਥੋਂ ਦਿੱਲੀ ਜਾਂਦੇ ਹਨ ਤਾਂ ਅਸਤੀਫਾ ਮੰਗਣ ਜਾਂਦੇ ਰਹਿੰਦੇ ਹਨ।

Speaker Sahib, there is lack of communication and sometimes there is some misrepresentation. ਜਦੋਂ ਤੋਂ ਇਹ ਲਾਅ ਐਂਡ ਆਰਡਰ ਸਿਚੂਏਸ਼ਨ ਡਿਵੈਲਪ ਹੋਈ ਹੈ, ਚਾਹੇ ਮੈਂ ਫਰੀਦਕੋਟ ਗਿਆ, ਚਾਹੇ ਮੈਂ ਅੰਮ੍ਰਿਤਸਰ ਜਾ ਕੇ ਧਰਨਾ ਲਾਇਆ, in every meeting I had said that I have full faith in human values. Especially, I have full faith in Hon'ble Chief Minister, Sardar Parkash Singh Ji Badal. If he had his way, this situation would not have emerged. ਰਿਕਾਰਡ ਕਢਾ ਕੇ ਦੇਖ ਲਓ।

ਮਾਨਯੋਗ ਸਪੀਕਰ: ਤੁਸੀਂ ਪੰਜਾਬੀ ਵਿਚ ਬੋਲੋ।

ਸ਼੍ਰੀ ਸੁਨੀਲ ਕੁਮਾਰ ਜਾਖੜ: ਸਪੀਕਰ ਸਾਹਿਬ, ਕੋਈ ਗੱਲ ਨਹੀਂ ਸਾਰੇ ਪੜ੍ਹੇ-ਲਿਖੇ ਹਨ। ਇਹ ਇਨ੍ਹਾਂ ਤੋਂ ਉਪਰ ਹੋ ਕੇ ਕੁਝ ਹੋ ਰਿਹਾ ਹੈ। ਉਹਦੇ ਵਾਸਤੇ ਮੈਂ ਕੀ ਕਿਹਾ ਹੈ? ਸਪੀਕਰ ਸਾਹਿਬ, ਮੈਂ ਕਿਹਾ ਹੈ ਕਿ ਜਦੋਂ ਇਲੈਕਸ਼ਨ ਹੋ ਰਹੇ ਸਨ। ਇਲੈਕਸ਼ਨ ਹੋਇਆਂ ਨੂੰ 8 ਮਹੀਨੇ ਹੋ ਗਏ ਹਨ, ਬਾਦਲ ਸਾਹਿਬ ਨੇ without any provocation, without anybody asking, ਇਨ੍ਹਾਂ ਨੇ ਜਾ ਕੇ ਕਿਹਾ ਕਿ ਅਕਾਲੀ ਦਲ ਦੇ ਵਿੱਚ ਫ਼ੈਸਲਾ ਲਿਆ ਗਿਆ ਹੈ ਕਿ ਮੈਂ ਹੀ ਮੁੱਖ ਮੰਤਰੀ ਬਣਾਂਗਾ......(ਵਿਘਨ).....

ਡਾਕਟਰ ਦਲਜੀਤ ਸਿੰਘ ਚੀਮਾ: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਹੈ।

ਮਾਨਯੋਗ ਸਪੀਕਰ: ਤੁਹਾਡਾ ਪੁਆਇੰਟ ਆਫ਼ ਆਰਡਰ ਕੀ ਹੈ?

ਡਾਕਟਰ ਦਲਜੀਤ ਸਿੰਘ ਚੀਮਾ: ਸਪੀਕਰ ਸਾਹਿਬ, ਇੱਥੇ ਸਾਰੇ ਪੜ੍ਹੇ-ਲਿਖੇ ਬੈਠੇ ਹਨ। ਪੰਜਾਬੀ ਅਨਪੜ੍ਹਾਂ ਦੀ ਭਾਸ਼ਾ ਨਹੀਂ ਇਹ ਲਫਜ਼ ਕਢਵਾ ਦਿੱਤੇ ਜਾਣ। (ਵਿਘਨ) ਪੰਜਾਬੀ ਸਾਡੀ ਮਾਂ ਬੋਲੀ ਹੈ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸੁਨੀਲ ਕੁਮਾਰ ਜਾਖੜ: ਚੀਮਾ ਸਾਹਿਬ ਨੂੰ ਪੰਜਾਬੀ ਵਿੱਚ ਸਮਝਾ ਦਿਆਂਗੇ। ਕੋਈ ਗੱਲ ਨਹੀਂ। ਮੈਂ ਬਾਦਲ ਸਾਹਿਬ ਦਾ ਸਤਿਕਾਰ ਚਾਹੇ ਪੰਜਾਬੀ ਵਿੱਚ ਕਰ ਲਵਾਂ, ਚਾਹੇ ਇੰਗਲਿਸ਼ ਵਿੱਚ ਕਰ ਲਵਾਂ, ਇਸਦੇ ਵਿੱਚ ਕੋਈ ਫਰਕ ਨਹੀਂ ਪੈਣਾ। ਮੈਂ ਕਹਿ ਰਿਹਾ ਸੀ ਕਿ ਜਦੋਂ ਇਨ੍ਹਾਂ ਨੇ ਲੋਕਾਂ ਵਿੱਚ ਜਾ ਕੇ ਵੋਟਾਂ ਲਈਆਂ ਤਾਂ ਇਨ੍ਹਾਂ ਨੇ ਕਿਹਾ ਕਿ ਸਾਡੇ ਅਕਾਲੀ ਦਲ ਨੇ ਫ਼ੈਸਲਾ ਲਿਆ ਹੈ ਕਿ ਜਿਸ ਦਿਨ ਸਾਡੀ ਸਰਕਾਰ ਬਣੀ ਤਾਂ ਮੈਂ ਹੀ ਮੁੱਖ ਮੰਤਰੀ ਬਣਾਂਗਾ, fair enough ਸ਼ਾਇਦ ਇਨ੍ਹਾਂ ਨੂੰ ਖਦਸ਼ਾ ਸੀ ਕਿ ਕਿਸੇ ਹੋਰ ਦੇ ਨਾਮ ਤੇ ਇਨ੍ਹਾਂ ਨੂੰ ਵੋਟਾਂ ਨਾ ਪੈਣ।.... (ਵਿਘਨ) ਬਿਲਕੁਲ-ਬਿਲਕੁਲ, ਮੈਂ ਤਾਂ ਮੰਨਦਾ ਹਾਂ ਕਿ ਇਨ੍ਹਾਂ ਦੀ ਸੀ.ਐਮ.ਸ਼ਿਪ ਦੇ ਨਾਂ ਤੇ ਹੀ ਇਨ੍ਹਾਂ ਨੂੰ ਵੋਟਾਂ ਪਈਆਂ ਹਨ। ਦੂਜੀ ਗੱਲ ਇਨ੍ਹਾਂ ਨੇ 15 ਦਿਨਾਂ ਬਾਅਦ ਆਖੀ ਕਿ ਮੈਂ 5 ਸਾਲ ਮੁੱਖ ਮੰਤਰੀ ਰਹਾਂਗਾ। Fair enough, He was confident...ਇਨ੍ਹਾਂ ਨੂੰ ਵਿਸ਼ਵਾਸ ਸੀ ਕਿ ਮੈਂ 5 ਸਾਲ ਮੁੱਖ ਮੰਤਰੀ ਰਹਾਂਗਾ। ਇਹ ਨਹੀਂ ਕਿ ਮੈਂ 6 ਮਹੀਨੇ ਬਾਅਦ ਪਾਸੇ ਹੋ ਜਾਵਾਂਗਾ ਤੇ ਹੋਰ ਕੋਈ ਮੁੱਖ ਮੰਤਰੀ ਬਣ ਜਾਵੇਗਾ। ਮੈਂ ਜਿਹੜੀ ਗੱਲ ਜਿਸ ਕੰਟੈਕਸਟ ਵਿੱਚ ਕਹਿ ਰਿਹਾ ਹਾਂ, ਮੈਂ ਇਹ ਅੰਮ੍ਰਿਤਸਰ ਵੀ ਕਹਿ ਕੇ ਆਇਆ ਹਾਂ ਅਤੇ ਫਰੀਦਕੋਟ ਵੀ ਕਹਿ ਕੇ ਆਇਆ ਹਾਂ। ਮੈਂ ਕਿਹਾ ਕਿ ਰਾਜ ਦੀ ਲਗਾਮ ਬਾਦਲ ਸਾਹਿਬ ਦੇ ਹੱਥ ਵਿੱਚ ਹੋਵੇ ਤਾਂ ਇਹ ਕੰਮ ਪੰਜਾਬ ਦੀ ਧਰਤੀ ਤੇ ਨਹੀਂ ਹੋ ਸਕਦੇ ਸੀ। (ਆਪੋਜ਼ੀਸ਼ਨ ਵੱਲੋਂ ਥੰਪਿੰਗ) ਇੱਕ ਬੱਚੀ ਫਰੀਦਕੋਟ ਵਿੱਚੋਂ ਅਗਵਾ ਹੋਈ ਹੈ (ਵਿਘਨ).... ਕਿਸੇ ਦੀ ਵੀ ਬੱਚੀ ਹੋਵੇ, ਅਸੀਂ ਨਹੀਂ ਕਹਿੰਦੇ ਕਿ ਉਹ ਸਚਦੇਵਾ ਪਰਿਵਾਰ ਦੀ ਬੱਚੀ ਸੀ, ਅਸੀਂ ਤਾਂ ਕਹਿੰਦੇ ਹਾਂ ਕਿ ਉਹ ਪੰਜਾਬ ਦੀ ਬੇਟੀ ਸੀ। ਉਸ ਬੱਚੀ ਨੂੰ ਲੱਭਣ ਦੀ ਕੋਸ਼ਿਸ਼ ਕਰਨ ਦੀ ਬਜਾਏ ਸਰਕਾਰ ਇਹੋ ਕਹਿੰਦੀ ਰਹੀ ਕਿ ਉਹ ਤਾਂ ਆਪ ਭੱਜ ਕੇ ਗਈ ਹੈ। ਡੀ.ਆਈ.ਜੀ. ਪ੍ਰੈਸ ਕਾਨਫਰੰਸ ਕਰ ਰਿਹਾ ਹੈ ਕਿ ਉਹ ਆਪ ਭੱਜ ਕੇ ਗਈ ਹੈ। ਕੋਈ ਵੀ ਇੱਜ਼ਤਦਾਰ ਪਰਿਵਾਰ ਇਹ ਬਰਦਾਸ਼ਤ ਨਹੀਂ ਕਰ ਸਕਦਾ। That is not an issue. ਇਸ਼ੂ ਇਹ ਹੈ ਕਿ ਇੱਕ ਮਾਈਨਰ ਬੱਚੀ ਅਗਵਾ ਹੋਈ ਹੈ ਅਤੇ ਅਪਰਾਧੀਆਂ ਨੂੰ ਫੜਨ ਦੀ ਬਜਾਏ ਸੀਨੀਅਰ ਪੁਲਿਸ ਅਫਸਰਜ਼ ਦੇ ਇੱਕ-ਇੱਕ ਸਪੋਕਸਮੈਨ ਨਹੀਂ, 2-2 ਨੇ ਪ੍ਰੈਸ ਕਾਨਫਰੰਸ ਕੀਤੀ I have never seen such a situation. ਪਤਾ ਨਹੀਂ ਚੀਮਾ ਸਾਹਿਬ ਨੂੰ ਕਿਉਂ ਨਹੀਂ ਬੁਲਾਇਆ। ਉਹ ਕਹਿੰਦੇ ਕਿ ਜਾਖੜ ਹੁੰਦਾ ਕੌਣ ਹੈ ਇਸ ਇਸ਼ੂ ਨੂੰ ਚੁੱਕਣ ਵਾਲਾ। ਸਪੀਕਰ ਸਾਹਿਬ, ਮੈਂ ਡੇਟ ਦੇ ਰਿਹਾ ਹਾਂ ਕਿ ਉਹ 24 ਤਰੀਖ ਨੂੰ ਅਗਵਾ ਹੋਈ ਸੀ। ਸੁਨੀਲ (ਸ਼੍ਰੀ ਸੁਨੀਲ ਕਮਾਰ ਜਾਖੜ) ਉੱਥੇ ਅਗਲੇ ਮਹੀਨੇ ਦੀ 13 ਤਰੀਕ ਨੂੰ ਗਿਆ, ਉਸ ਤੋਂ ਪਹਿਲਾਂ ਸਰਕਾਰ ਨੂੰ ਕਿਸ ਨੇ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸੁਨੀਲ ਕੁਮਾਰ ਜਾਖੜ]

ਰੋਕਿਆ ਸੀ। ਦੋ ਦਿਨ ਪੂਰਾ ਡਿਸਟ੍ਰਿਕਟ ਫਰੀਦਕੋਟ ਬੰਦ ਰਿਹਾ ਪਰ ਅਜਿਹੇ ਹਾਲਾਤ ਬਣੇ। ਬਾਦਲ ਸਾਹਿਬ ਦੇ ਬੈਠੇ ਇਹ ਨਹੀਂ ਸੀ ਹੋ ਸਕਦਾ। ਉਨ੍ਹਾਂ ਦੇ ਹੱਥ ਵਿੱਚ ਲਗਾਮ ਹੁੰਦੀ ਹੈ। ਇਹੀ ਗੱਲ ਅੰਮ੍ਰਿਤਸਰ ਜਾ ਕੇ ਮਿਲ ਗਈ ਤਾਂ ਹੀ ਮੈਂ ਕਿਹਾ ਸੀ ਕਿ ਪੱਗੜੀ ਸੰਭਾਲ ਜੱਟਾ। ਤੁਹਾਡੀ ਲਗਾਮ ਹੈ। ਬਾਦਲ ਸਾਹਿਬ, ਤੁਹਾਨੂੰ ਲੋਕਾਂ ਨੇ ਵਿਸ਼ਵਾਸ ਦਿੱਤਾ ਹੈ। It will come down to you, ਹੋਰ ਕਿਸੇ ਦਾ ਕੁਝ ਨਹੀਂ ਵਿਗੜਨਾ। ਇਲਜ਼ਾਮ ਤੁਹਾਡੇ ਤੇ ਲੱਗਣਾ ਸੀ ਕਿ ਪਰਿਵਾਰ ਵਿੱਚ ਜਿਹੜਾ ਮੋਢੀ ਬੰਦਾ ਹੁੰਦਾ ਹੈ, ਉਹੀ ਆਪਣੇ ਸਮਾਜ ਵਿੱਚ ਜ਼ਿੰਮੇਵਾਰ ਹੁੰਦਾ ਹੈ। ਸਾਡੇ ਬਾਗੜੀਆਂ ਦੇ ਵਿੱਚ ਘਰ ਵਿੱਚ ਜਦੋਂ ਤੱਕ ਬਜ਼ੁਰਗ ਬੈਠਾ ਹੁੰਦਾ ਹੈ ਤਾਂ ਚੌਧਰੀ ਇੱਕ ਹੀ ਹੁੰਦਾ ਹੈ। ਸਰਦਾਰਾਂ ਦੇ ਵਿਚ ਸਰਦਾਰ ਇੱਕ ਹੀ ਹੁੰਦਾ ਹੈ, ਬਾਕੀ ਸਾਰੇ ਕਾਕਾ ਜੀ ਹੁੰਦੇ ਹਨ। ਇਸ ਸਰਕਾਰ ਦੇ ਸਰਦਾਰ ਤੁਸੀਂ ਹੋ ਬਾਦਲ ਸਾਹਿਬ। ਹੋਰ ਕੋਈ ਨਹੀਂ। ਮੈਂ ਕਿਹਾ ਸੀ ਬਾਦਲ ਸਾਹਿਬ, ਲਗਾਮ ਫੜੋ ਆਪਣੇ ਹੱਥ ਵਿੱਚ। ਜਿਹੜੇ ਲੋਕ ਤੁਹਾਡੀ ਸਰਕਾਰ ਹਾਈਜੈਕ ਕਰਕੇ ਲੈ ਗਏ, ਉਨ੍ਹਾਂ ਤੋਂ ਸਰਕਾਰ ਵਾਪਸ ਲਉ। ਦੂਜੀ ਜਿਹੜੀ ਗੱਲ ਹੈ ਕਿ ਮੈਂ ਹਲੀਮੀ ਜਿਹੜੀ ਬਾਦਲ ਸਾਹਿਬ ਤੋਂ ਸਿੱਖੀ ਸੀ। Somehow, this present regime smacks of arrogance. ਇੰਨਾ ਘੁਮੰਡ। ਸਾਡੀ ਪਾਰਟੀ ਕੋਈ ਗ਼ਲਤੀ ਕਰਦੀ ਹੈ। ਅਸੀਂ ਇਸ ਪਾਸੇ ਬੈਠੇ ਹਾਂ। We are sitting on this side, ਲੋਕਾਂ ਨੇ ਫਤਵਾ ਦਿੱਤਾ ਹੈ ਤਾਂ ਬੈਠੇ ਹਾਂ। We have to accept it ਪਰ ਇੱਕ ਜ਼ਿੰਮੇਵਾਰ ਸਰਕਾਰ ਦੇ ਇੰਨੇ ਵੱਡੇ ਸਿਆਸਤਦਾਨ ਜਿਸ ਨੂੰ ਅਸੀਂ ਆਪਣਾ ਆਈਡਲ ਮੰਨਦੇ ਹਾਂ and we are trying to follow him. ਸਰਕਾਰ ਦਾ ਹਰ ਇੱਕ ਮੰਤਰੀ ਕਹਿੰਦਾ ਹੈ ਕਿ ਅਸੀਂ ਕਾਂਗਰਸ ਨੂੰ ਜੜ੍ਹੋਂ ਖ਼ਤਮ ਕਰ ਦਿਆਂਗੇ। ਕਾਂਗਰਸ ਨੂੰ ਮੁੜ ਕੇ ਹਰੀ ਨਹੀਂ ਹੋਣ ਦਿਆਂਗੇ। Is this that the way ਕਿ ਕਾਂਗਰਸ ਨੂੰ ਜੜ੍ਹੋਂ ਕੱਢਣਾ ਹੈ? ਇਹ ਲਾਅ ਐਂਡ ਆਰਡਰ ਦੀ ਗੱਲ ਕੀ ਕਰਨਗੇ, ਇਹ ਕਾਂਗਰਸ ਨੂੰ ਜੜ੍ਹੋਂ ਕੱਢਣਾ ਚਾਹੁੰਦੇ ਹਨ।

ਸਪੀਕਰ ਸਾਹਿਬ, ਮੈਂ ਅੱਜ ਇੱਕ ਫਰੀਦਕੋਟ ਦੀ ਬੱਚੀ ਦੀ ਗੱਲ ਕਰਨ ਵਾਸਤੇ ਨਹੀਂ ਖੜ੍ਹਾ ਹੋਇਆ। It is a very serious issue. Every man's house is his castle, ਅੰਗਰੇਜ਼ ਕਹਿੰਦੇ ਹੁੰਦੇ ਸਨ ਕਿ ਜੋ ਬੰਦਾ ਸਾਡੇ ਅੰਦਰ ਵੜ੍ਹ ਗਿਆ, ਉਸ ਨੇ ਜਾ ਕੇ ਜਦੋਂ ਚਾਹੇ ਝੌਂਪੜੀ ਹੈ, ਬੂਹਾ ਲਾ ਲਿਆ that is his castle ਘਰੋਂ ਚੁੱਕ ਕੇ ਬੱਚੀ ਲੈ ਗਏ। That's another thing ਦੇਖੋ. ਉਸ ਬੱਚੀ ਨੂੰ ਕਿੰਨਾ ਮਾਣ ਸੀ ਜਦੋਂ ਉਸ ਏ.ਐੱਸ.ਆਈ. ਪਿਤਾ ਦਾ ਕਤਲ ਹੋਇਆ, ਅਗਲੇ ਦਿਨ ਮੈਂ ਉਸ ਪਰਿਵਾਰ ਵਿੱਚ ਗਿਆ, ਅਜੇ

Original with;
Punjab Vidhan Sabha
Digitized by;
Panjab Digital Library

ਸਸਕਾਰ ਵੀ ਨਹੀਂ ਸੀ ਕੀਤਾ। ਉਸ ਬੱਚੀ ਨੇ ਸਗੋਂ ਮਾਣ ਨਾਲ ਕਿਹਾ, ਮੈਂ ਟੈਲੀਫ਼ੋਨ ਕੀਤਾ ਆਪਣੇ ਫਾਦਰ ਨੂੰ ਕਿ ਇਹ ਬਦਮਾਸ਼ ਮੈਨੂੰ ਤੰਗ ਕਰ ਰਹੇ ਹਨ। ਤੁਸੀਂ ਆ ਕੇ ਇਨ੍ਹਾਂ ਦਾ ਦਿਮਾਗ ਦਰੁਸਤ ਕਰੋ। ਮੈਂ ਉਸ ਦੀ ਮਾਤਾ ਨੂੰ ਮਿਲਿਆ। ਉਹ ਕਹਿੰਦੀ ਮੇਰੇ ਸੁਨੱਖੇ ਸਰਦਾਰ ਉੱਥੇ ਬੱਚੀ ਦੀ ਆਵਾਜ਼ ਸੁਣ ਕੇ ਗਏ। ਕਿੰਨਾ ਮਾਣ ਸੀ । Every man takes pride for his child. For every child his father is a hero. ਜਦੋਂ ਮੈਂ ਜਵਾਕ ਸੀ, my father was not even a Sarpanch. I have an image of him, which is larger than life, although later on he went on to achieve great positions. Every child carries that image of their parents in their minds. ਜਦੋਂ ਬੱਚੀ ਨੇ ਮੁੜ ਕੇ ਵੇਖਿਆ ਕਿ ਮੇਰੇ ਬਾਪੂ ਵਰਗਾ ਕੋਈ ਨਹੀਂ ਹੈ। Every child has that kind of an image ਇਹ ਕੋਈ ਮੰਤਰੀ ਪਦ ਨਾਲ ਜਾਂ ਕੋਈ ਫੀਤੀਆਂ ਲਾਉਣ ਨਾਲ ਨਹੀਂ ਹੁੰਦਾ। ਮੈਂ ਆਪਣੇ ਬਾਪੂ ਨੂੰ ਕਿਹਾ ਤੇ ਉਹ ਹੁਣ ਇਨ੍ਹਾਂ ਬਦਮਾਸ਼ਾਂ ਦਾ ਦਿਮਾਗ ਸਹੀ ਕਰੇਗਾ ਅਤੇ ਬਾਪੂ ਜਿਸ ਦੇ ਫੀਤੀਆਂ ਲੱਗੀਆਂ ਹਨ, ਵਰਦੀ ਪਾਈ ਹੋਈ ਹੈ। ਆਪਣਾ ਤਾਂ ਪੰਜਾਬ ਦਾ ਰਿਵਾਜ਼ ਹੀ ਹੋਰ ਹੈ। ਸਪੀਕਰ ਸਾਹਿਬ, ਪੰਜਾਬ ਦੇ ਵਿੱਚ ਥਾਣੇਦਾਰ ਬਾਰੇ ਕਿਹਾ ਜਾਂਦਾ ਹੈ ਕਿ ਉਸ ਦੀ ਤਾਂ ਕੁੜੀ ਨੀ ਮਾਣ, ਪਰ ਉਸ ਬੱਚੀ ਨੂੰ ਸ਼ਾਇਦ ਖ਼ਿਆਲ ਨਹੀਂ ਸੀ ਕਿ ਪੰਜਾਬ ਹੁਣ ਉਹ ਪੁਰਾਣੇ ਦਿਨ ਵਾਲਾ ਨਹੀਂ ਰਿਹਾ। ਅੱਜ ਪੰਜਾਬ ਦੇ ਵਿੱਚ ਉਨ੍ਹਾਂ ਬੱਚਿਆਂ ਨੂੰ ਸਿੱਖਿਆ ਮਿਲ ਰਹੀ ਹੈ, who are brought up on these things ਕਹਿੰਦੇ ਪੈਰਾਂ 'ਚ ਥਾਣੇਦਾਰ ਰੋਲ ਤਾ। They are fed on these things. ਅੱਜ ਬੱਚਿਆਂ ਨੂੰ ਇਹ ਸਿਖਾਇਆ ਜਾ ਰਿਹਾ ਹੈ ਕਿ ਪੈਰਾਂ ਵਿੱਚ ਥਾਣੇਦਾਰ ਰੋਲ ਦਿਉ। This has become prestige and status issue, ਉਹ ਕਹਿੰਦਾ, ਆਹ ਪਿਆ ਹੈ ਥਾਣੇਦਾਰ। ਉਸ ਬਦਮਾਸ਼ ਨੇ ਉਸ ਬੱਚੀ ਨੂੰ ਪੁੱਛਿਆ ਕਹਿੰਦਾ ਕਿ ਚੁੰਨੀ ਪਾਸੇ ਕਰ, ਤੂੰ ਥਾਣੇਦਾਰ ਦੀ ਕੁੜੀ ਹੈਂ ਨਾ? He was so power drunk ਕਿਉਂਕਿ ਉਸ ਨੂੰ ਮਗਰੋਂ ਥਾਪੀ ਸੀ। This is what I am coming to. ਉਸ ਗੱਲ ਤੇ ਮੈਂ ਗੱਲ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਸਪੀਕਰ ਸਾਹਿਬ, This is not a single issue. ਮੈਨੂੰ ਬਹੁਤ ਸਾਰੇ ਸਾਥੀਆਂ ਨੇ ਆਪਣੇ-ਆਪਣੇ ਕੇਸਿਜ਼ ਦਿੱਤੇ ਹਨ ਕਿ ਮੇਰਾ ਕੇਸ ਉੱਥੇ ਰੱਖਿਉ ਜੀ, ਫਲਾਣੇ ਦਾ ਕੇਸ ਉੱਥੇ ਰੱਖਿਉ ਜੀ, ਲਾਈਨਾਂ ਲੱਗੀਆਂ ਪਈਆਂ ਹਨ but Speaker Sahib, why I am talking of these issues, whether Supreme Court has said anything or ਜਿਹੜਾ ਅੰਮ੍ਰਿਤਸਰ ਹੋਇਆ ਹੈ। ਬਾਦਲ ਸਾਹਿਬ these are only manifestations of the rot

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸੁਨੀਲ ਕੁਮਾਰ ਜਾਖੜ]

which has set into the system (thumping by Opposition Benches) ਸਿਰਫ ਉਸ ਨੂੰ ਬਿਮਾਰੀ ਕਹਿੰਦੇ ਹਨ ਜੇਕਰ ਸ਼ੂਗਰ ਵਗੈਰਾ ਹੋ ਜਾਵੇ ਪਰ ਇਹ ਤਾਂ ਜਿਹੜਾ ਫੁੱਟ-ਫੁੱਟ ਕੇ ਨਾਸੂਰ ਨਿਕਲਦਾ ਹੈ, ਇਹ ਉਹ ਹੈ। What is the basic problem? ਉਹ ਪ੍ਰਾਬਲਮ ਕਿਹੜੀ ਹੈ? And the root cause of the problem is there. We do not need to unravel a large mystery for that, that why this universe was created. ਕੋਈ ਆਪਾਂ ਨੂੰ ਪਾਰਟੀ ਐਕਸਲਰੇਟਰ ਦੀ ਲੋੜ ਨਹੀਂ we are just to find out ਕਿ ਕਿਉਂ ਬਦਮਾਸ਼ਾਂ ਦੀ ਐਡੀ ਹਿੰਮਤ ਪਈ। ਬਾਦਲ ਸਾਹਿਬ ਨੇ ਅੱਜ ਕਿਹਾ ਕਿ ਆਪਾਂ ਕਿਉਂ ਨਾ ਸ਼ੀਲਾ ਦੀਕਸ਼ਿਤ ਦਾ ਅਸਤੀਫ਼ਾ ਮੰਗ ਲਈਏ। ਹਰਿਆਣਾ ਵਿੱਚ ਬਥੇਰੀਆਂ ਅਜਿਹੀਆਂ ਘਟਨਾਵਾਂ ਹੋ ਰਹੀਆਂ ਹਨ।

ਉਸ ਦਿਨ ਮੈਂ ਬਾਦਲ ਸਾਹਿਬ ਦਾ ਬਿਆਨ ਪੜ੍ਹਿਆ ਸੀ, ਵਿਸਕੋਨਸਿਨ (ਅਮਰੀਕਾ) ਗੁਰਦੁਆਰੇ ਦਾ ਵੀ ਪੜ੍ਹਿਆ ਸੀ ਪਰੰਤੂ ਉਸ ਤੋਂ ਬਾਅਦ ਤਾਂ ਸੈਂਡੀਵੁੱਡ ਦਾ ਮਸਲਾ ਵੀ ਹੋ ਗਿਆ। ਸਪੀਕਰ ਸਾਹਿਬ, ਬਾਦਲ ਸਾਹਿਬ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਇਆ ਹੈ। ਵੋਟਾਂ ਪੰਜਾਬ ਦੇ ਵਿੱਚ ਸ਼ਾਂਤੀ ਬਹਾਲ ਕਰਨ ਵਾਸਤੇ ਦਿੱਤੀਆਂ ਹਨ। Not to worry about Haryana, Delhi or America. ਅਸੀਂ, ਆਪਣਾ ਪੰਜਾਬ ਸਾਂਭੀਏ। Then create a mirror ਲੋਕਾਂ ਵਾਸਤੇ ਇਮੇਜ ਕਰੀਏਟ ਕਰੀਏ ਕਿ ਸਾਡਾ ਪੰਜਾਬ ਇਹ ਹੈ। ਸਾਡੇ ਪੰਜਾਬ ਦੇ ਲੋਕ ਆਹ ਹਨ। ਵਿਸਕੋਨਸਿਨ ਦੀ ਗੱਲ ਕਰਦੇ ਹਨ। ਗੱਲ ਆਪਾਂ ਅਮਰੀਕਾ ਦੀ ਕਰਦੇ ਹਾਂ। ਚਲੋ, ਓਬਾਮਾ ਦੇ ਬੱਚੇ ਤਾਂ ਹਾਲੇ ਬੜੇ ਛੋਟੇ ਹਨ। ਬੁਸ਼ ਦੇ ਬੇਟੇ ਦਾ ਨਾਂ ਕਿਸੇ ਨੂੰ ਪਤਾ ਹੈ? ਕੀ ਕਿਸੇ ਨੂੰ ਪਤਾ ਹੈ ਕਿ ਬੁਸ਼ ਦਾ ਬੇਟਾ ਕੌਣ ਸੀ? ਪਿਓ ਪੁੱਤ ਦੋਨੋਂ ਰਹਿ ਗਏ ਹਨ। ਉਨ੍ਹਾਂ ਦੇ ਅੱਗੇ ਦੀ ਕਬੀਲਦਾਰੀ ਦਾ ਕਿਸੇ ਨੂੰ ਪਤਾ ਹੀ ਨਹੀਂ ਹੈ। ਆਪਾਂ ਗੱਲ ਕਰਦੇ ਹਾਂ ਅਮਰੀਕਾ ਦੀ ਤੇ ਕੰਮ ਕਰਦੇ ਹਾਂ ਪਾਕਿਸਤਾਨ ਵਾਲੇ There is a feudal system ਇਹ ਜਿਹੜੇ ਰੋਜ਼ ਦੇ ਆਉਣੇ ਜਾਣੇ ਹਨ, ਮੈਂ ਇਨ੍ਹਾਂ ਦੇ ਬਾਰੇ ਕਹਾਂਗਾ ਕਿ ਇਸ ਨੂੰ ਥੋੜ੍ਹਾ ਜਿਹਾ ਘੱਟ ਕਰਾਓ। Trade is well enough ਪਰੰਤੂ ਜਿਹੜੇ ਉੱਥੋਂ ਲੈ ਕੇ ਆ ਜਾਂਦੇ ਹਨ .... (ਵਿਘਨ)....

(ਇਸ ਸਮੇਂ ਮੁੱਖ ਸੰਸਦੀ ਸਕੱਤਰ, ਸਿੰਚਾਈ (ਸਰਦਾਰ ਸੋਹਣ ਸਿੰਘ ਠੰਡਲ) ਵੱਲੋਂ ਵਿਘਨ.....)

Original with;
Punjab Vidhan Sabha
Digitized by;
Panjab Digital Library

ਮਾਨਯੋਗ ਸਪੀਕਰ: ਨਹੀਂ ਨਹੀਂ ਠੰਡਲ ਸਾਹਿਬ, ਤੁਸੀਂ ਬੈਠ ਜਾਓ, ਜੇਕਰ ਤੁਸੀਂ ਵੀ ਇਸੇ ਤਰ੍ਹਾਂ ਹੀ ਰੌਲ਼ਾ ਪਾਓਗੇ ਤਾਂ ਫੇਰ ਮੈਂ ਇਨ੍ਹਾਂ ਨੂੰ ਕਿਵੇਂ ਚੁੱਪ ਕਰਾਵਾਂਗਾ। ਨਹੀਂ ਨਹੀਂ, ਪਲੀਜ਼ ਤੁਸੀਂ ਬੈਠ ਜਾਓ।

ਸ਼੍ਰੀ ਸੁਨੀਲ ਕੁਮਾਰ ਜਾਖੜ: ਇਹ ਪਾਕਿਸਤਾਨ ਤੋਂ ਫਿਊਡਲ ਸਿਸਟਮ ਲੈ ਕੇ ਆ ਰਹੇ ਹਨ। ਉਥੇ ਇੱਕ-ਇੱਕ ਜ਼ਿਮੀਦਾਰ ਕੋਲ ਇੰਨੇ ਇੰਨੇ ਗੰਨਮੈਨ ਹਨ, ਉਸਦੇ ਬਾਰੇ ਮੈਨੂੰ ਤਾਂ ਪਤਾ ਨਹੀਂ ਸ਼ਾਇਦ ਉਹ ਡਿਪਟੀ ਸੀ.ਐਮ. ਸਾਹਿਬ ਨੂੰ ਵੀ ਘੁੰਮਾ ਫਿਰਾ ਕੇ ਲੈ ਕੇ ਆਏ ਹਨ, ਕੋਈ ਨਾ ਕੋਈ ਸ਼ਾਇਦ ਸ਼ਿਕਾਰ-ਸ਼ਕੂਰ ਵੀ ਖਿਡਾ ਕੇ ਲਿਆਏ ਹਨ, ਜਿੰਨੇ ਵੀ ਉਥੇ ਗਏ ਹਨ, ਉਨ੍ਹਾਂ ਦੀ ਉੱਥੇ ਬੜੀ ਆਓ ਭਗਤ ਹੋਈ ਹੈ। ....(ਵਿਘਨ) ਸਪੀਕਰ ਸਾਹਿਬ, ਮੈਂ ਤਾਂ ਇਸ ਕਰਕੇ ਪੁੱਛ ਲਿਆ ਕਿਉਂਕਿ ਫੋਟੋਆਂ ਤਾਂ ਇਨ੍ਹਾਂ ਦੀਆਂ ਉੱਥੇ ਗੋਲ ਗੱਪੇ ਖਾਂਦਿਆਂ ਦੀਆਂ ਲੱਗੀਆਂ ਸਨ। ਅੱਛੀ ਗੱਲ ਹੈ, ਉੱਥੇ ਗਏ ਸੀ, ਗੋਲ ਗੱਪੇ ਵੀ ਖਾਣੇ ਚਾਹੀਦੇ ਸੀ, ਲੇਕਿਨ ਮੇਰੇ ਕਹਿਣ ਦਾ ਭਾਵ ਇਹ ਹੈ ਕਿ ਮਲੂਕਾ ਸਾਹਿਬ ਨੂੰ ਜਦੋਂ ਪਤਾ ਲੱਗਿਆ ਕਿ ਉਥੋਂ ਸ਼ਰੀਫਉਲਾ ਸਾਹਿਬ ਦੇ ਭਰਾ ਲਹਿੰਦੇ ਪੰਜਾਬ ਤੋਂ ਆ ਰਹੇ ਹਨ, ਪੰਜਾਬ ਦੇ ਮੁੱਖ ਮੰਤਰੀ ਆ ਰਹੇ ਹਨ ਤਾਂ ਉਨ੍ਹਾਂ ਦੀ ਆਓ ਭਗਤ ਕਰਨੀ ਬਣਦੀ ਹੈ, ਪ੍ਰੰਤੂ ਦੇਖਿਆ ਕੀ ਗਿਆ, ਕਹਿੰਦੇ ਕਿ ਇਨ੍ਹਾਂ ਨੇ ਉਨ੍ਹਾਂ ਵਾਸਤੇ ਹੈਲੀਕਾਪਟਰ ਆਰਡਰ ਕੀਤੇ ਹਨ, ਮਰਸੀਡੀਜ਼ ਆਰਡਰ ਕੀਤੀਆਂ ਹਨ। ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਆਪਾਂ ਕੋਈ ਸਾਊਦੀ ਅਰਬ ਵਿੱਚ ਬੈਠੇ ਹਾਂ, ਸਰਕਾਰ ਕੋਲ ਪੈਸੇ ਤਾਂ ਹੈ ਨਹੀਂ, ਬੜੀ ਮੁਸ਼ਕਲ ਦੇ ਨਾਲ ਕੰਮ ਚਲਾ ਰਹੇ ਹਾਂ।

ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ): ਸਪੀਕਰ ਸਾਹਿਬ, ਮੈਂ ਜਾਖੜ ਸਾਹਿਬ ਨੂੰ ਇੱਕ ਬੇਨਤੀ ਕਰਦਾ ਹਾਂ ਕਿ ਮਾਨਯੋਗ ਲੀਡਰ ਆਫ ਦਿ ਆਪੋਜ਼ੀਸ਼ਨ ਨੇ ਕੱਲ੍ਹ ਦਾ ਇਕੋ ਹੀ ਰੌਲਾ ਪਾਇਆ ਹੋਇਆ ਹੈ ਕਿ ਲਾਅ ਐਂਡ ਆਰਡਰ ਤੇ ਬਹਿਸ ਕਰਵਾਈ ਜਾਵੇ। ਮੈਨੂੰ ਲਗਦਾ ਹੈ ਕਿ ਲਾਅ ਐਂਡ ਆਰਡਰ ਦਾ ਇਨ੍ਹਾਂ ਕੋਲ ਕੋਈ ਇਹੋ ਜਿਹਾ ਮਸਲਾ ਹੈ ਨਹੀਂ , ਕਿਉਂਕਿ ਇਹ ਬੋਲਦੇ ਹੋਏ ਮਰਸੀਡੀਜ਼ ਵੱਲ ਚਲੇ ਗਏ, ਹੈਲੀਕਾਪਟਰ ਵੱਲ ਚਲੇ ਗਏ, ਕਿੱਧਰ-ਕਿੱਧਰ ਜਾਣਗੇ? ਮੇਰੀ ਬੇਨਤੀ ਹੈ ਕਿ ਸਪੀਕਰ ਸਾਹਿਬ ਨੇ ਲਾਅ ਐਂਡ ਆਰਡਰ ਤੇ ਬਹਿਸ ਕਰਨ ਲਈ ਟਾਈਮ ਦਿੱਤਾ ਹੈ, ਮੈਨੂੰ ਲਗਦਾ ਹੈ ਕਿ ਤੁਸੀਂ ਉਸ ਪਾਸੇ ਜਾ ਨਹੀਂ ਰਹੇ। ਮੈਂ ਇਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਇਕੱਲੇ ਲਾਅ ਐਂਡ ਆਰਡਰ ਤੇ ਹੀ ਬਹਿਸ ਜਾਰੀ ਰੱਖੋ।

ਸ਼੍ਰੀ ਸੁਨੀਲ ਕੁਮਾਰ ਜਾਖੜ: ਜਿਹੜੀ ਗੱਲ ਮੈਂ ਕਹਿ ਰਿਹਾ ਹਾਂ ਕਿ ਪੈਸੇ ਹੈ ਨਹੀਂ ਅਤੇ ਪੈਸੇ ਬੱਚਿਆਂ ਨੂੰ, ਲੋਕਾਂ ਨੂੰ ਦਿੱਤੇ ਨਹੀਂ ਜਾ ਰਹੇ, ਇਹ ਜਿਹੜੀ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸੁਨੀਲ ਕੁਮਾਰ ਜਾਖੜ]

ਸਥਿਤੀ ਹੈ ਇਸ ਸਬੰਧ ਵਿੱਚ ਮੇਰਾ ਸਿੱਧਾ-ਸਿੱਧਾ ਸਰਕਾਰ ਤੇ ਇਲਜ਼ਾਮ ਹੈ ਕਿ there is a parallel criminal economy running. There is a syndicate of goons, of politicians and of Police Administration. This is a result of that ਇਹ ਜਿਹੜਾ ਰਿਜ਼ਲਟ ਹੈ, ਜਿਹੜੇ ਬੱਲੇ ਬੱਲੇ ਲੈਂਦੇ ਸੀ ਇਹ ਕਿ ਸਾਡੀ ਸੋਸ਼ਲ ਇੰਜੀਨੀਅਰਿੰਗ ਕਰਕੇ ਹੋਇਆ ਹੈ। I would call it anti-social engineering. ਜਿਹੜੇ ਉਨ੍ਹਾਂ ਲੋਕਾਂ ਨੂੰ ਧਮਕਾਉਣ ਵਾਸਤੇ, ਲੋਕਾਂ ਨੂੰ ਡਰਾਉਣ ਵਾਸਤੇ ਇਸਤੇਮਾਲ ਕੀਤੇ ਹਨ। Now, they are looking for their pound of flesh. ਜਿਹੜੇ ਲੋਕਾਂ ਨੂੰ ਇਸਤੇਮਾਲ ਕੀਤਾ ਗਿਆ, ਜਿਹੜੇ ਲੋਕਾਂ ਨੂੰ ਮੈਂ ਇਹ ਨਹੀਂ ਕਹਿੰਦਾ ਕਿ ਬਈ ਉਨ੍ਹਾਂ ਲੋਕਾਂ ਦੀ ਇਹ ਫੋਟੋ ਲੱਗੀ ਹੈ, ਇਸਦੇ ਵਿੱਚ ਇਹ ਕਹਿਣਗੇ ਕਿ ਇਨ੍ਹਾਂ ਨੇ ਸਾਰੇ ਇਲਾਕੇ ਵਿੱਚੋਂ ਰਿਕਾਰਡ ਕਢਵਾਏ ਹਨ, ਕਾਂਗਰਸੀਆਂ ਦੇ ਰਿਕਾਰਡ ਕਢਾਓ, ਇਹ ਕਢਾਓ, ਉਹ ਕਢਾਓ, ਕਿਹੜੇ-ਕਿਹੜੇ ਤੇ ਕੀ-ਕੀ ਕੇਸ ਹੈ? ਕੀ ਹੋਇਆ ਹੈ? ਬਹੁਤ ਸਾਰੀਆਂ ਗੱਲਾਂ ਹੋਣਗੀਆਂ। They will come up with that. ਸਪੀਕਰ ਸਾਹਿਬ, ਮੈਂ ਉਸ ਬੰਦੇ ਦੀ ਗੱਲ ਹੀ ਨਹੀਂ ਕਰਦਾ ਜਿਸ ਬੰਦੇ ਦੀ ਇੱਥੇ ਇਹਦੇ ਵਿੱਚ ਫੋਟੋ ਲੱਗੀ ਹੈ। ਕਈ ਬੰਦੇ ਤਾਂ ਇਸ ਵਿੱਚ ਇਸ ਕਿਸਮ ਦੇ ਹਨ, ਬਾਦਲ ਸਾਹਿਬ ਦੱਸਣਗੇ, ਪਹਿਲਾਂ ਪੁਰਾਣੇ ਟਾਈਮਾਂ ਵਿੱਚ ਬਸਤਾ-ਬੇਅ ਜਿਸ ਨੂੰ ਕਹਿੰਦੇ ਸੀ, ਬਸਤਾ-ਬੇਅ ਵਾਲੇ ਲੋਕ ਜਿਨ੍ਹਾਂ ਦੀ ਫੋਟੋ ਥਾਣੇ ਵਿੱਚ ਲੱਗਣੀ ਚਾਹੀਦੀ ਸੀ, ਉਨ੍ਹਾਂ ਦੀਆਂ ਫੋਟੋਆਂ ਥਾਣੇਦਾਰ ਦੇ ਟੇਬਲ ਉੱਤੇ ਰੱਖੀਆਂ ਜਾਂਦੀਆਂ ਹਨ। ਉਹ ਕੌਣ ਭੇਜਦਾ ਹੈ। ਪਹਿਲੇ ਪੇਜ ਤੇ ਦਫ਼ਤਰ ਦਾ ਐਡਰੈਸ ਦਿੱਤਾ ਹੋਇਆ ਹੈ-ਜ਼ਿਲ੍ਹਾ ਅਕਾਲੀ ਜਥਾ, ਅੰਮ੍ਰਿਤਸਰ ਸ਼ਹਿਰ ਦਾ, ਮੁਹੱਲਾ ਸ਼ਰੀਫਪੁਰਾ, ਸਾਹਮਣੇ ਬੱਸ ਸਟੈਂਡ, ਅੰਮ੍ਰਿਤਸਰ। ਸੁਖਬੀਰ ਜੀ (ਉਪ ਮੁੱਖ ਮੰਤਰੀ) ਨੇ ਅਤੇ ਬਾਕੀ ਸਾਥੀਆਂ ਨੇ ਕਿਹਾ ਹੈ ਕਿ ਅਸੀਂ ਉਸ ਨੂੰ ਪਾਰਟੀ ਵਿੱਚੋਂ ਡਿਸਮਿਸ ਕਰ ਦਿੱਤਾ ਹੈ। ਇਸ ਨੂੰ ਤਾਕਤ ਪਤਾ ਹੈ ਕਿਉਂ ਮਿਲੀ ਸੀ? ਇਹੋ ਜਿਹੇ ਜਿਹੜੇ ਬਸਤਾ-ਬੇਅ ਆਦਮੀ ਇਸ ਕੰਮ ਵਿੱਚ ਆ ਵੜੇ, ਮੈਂ ਤਾਂ ਉਨ੍ਹਾਂ ਨੂੰ ਕਮਾਊ ਪੁੱਤ ਕਹਿੰਦਾ ਹਾਂ। ਅਸੀਂ ਵਾਰ-ਵਾਰ ਕਿਹਾ ਕਿ ਉਸ ਦਾ ਪਿਛੋਕੜ ਵੇਖੋ। ਉਹ ਕਿੱਥੇ ਬੈਠਦੇ ਸੀ, ਇਸ ਬਾਰੇ ਮੈਂ ਉਥੋਂ ਦੇ ਲੋਕਾਂ ਤੋਂ ਪਤਾ ਲਗਾਇਆ ....

(ਟਰੇਜ਼ਰੀ ਬੈਂਚਿਜ਼ ਵੱਲੋਂ ਇੱਕ ਅਵਾਜ਼: ਜਾਖੜ ਸਾਹਿਬ, ਬਸਤਾ-ਬੇਅ ਬਾਰੇ ਦੱਸ ਦਿਉ।)

ਇੱਕ ਤਾਂ ਇਹੋ ਕੇਸ ਹੀ ਹੈ ਜਿਸ ਕਰਕੇ ਆਪਾਂ ਅੱਜ ਇਥੇ ਰਲ ਕੇ ਬੈਠੇ ਹਾਂ।

Original with;
Punjab Vidhan Sabha
Digitized by;
Panjab Digital Library

ਜੇਕਰ ਤੁਹਾਨੂੰ ਉਸ ਬਾਰੇ ਪਤਾ ਨਾ ਲੱਗਾ ਹੋਵੇ ....(ਵਿਘਨ...) ਹੋਮ ਮਨਿਸਟਰ ਸਾਹਿਬ, ਮੈਂ ਫੈਕਟਸ ਦੱਸਾਂਗਾ ਤੇ ਪਰੂਵ ਕਰ ਦਿਆਂਗਾ। ਸਪੀਕਰ ਸਾਹਿਬ, ਉਹ ਬੰਦੇ ਗੁਰੂ ਕੀ ਨਗਰੀ ਵਿੱਚ ਨਜਾਇਜ਼ ਸ਼ਰਾਬ ਦੇ ਠੇਕੇ ਚਲਾ ਰਹੇ ਹਨ। ਇਹ ਉਨ੍ਹਾਂ ਦਾ ਪੈਟਰਨ ਸੀ। ਇਹ ਸ਼ਰਾਬ ਦੇ ਠੇਕਿਆਂ ਦੀ ਫੋਟੋ ਹੈ। (ਇਸ ਵੇਲੇ ਉਹ ਫੋਟੋ ਲਹਿਰਾ ਕੇ ਵਿਖਾ ਰਹੇ ਸਨ।) ਜਿਸ ਦਿਨ ਅਸੀਂ ਉਥੇ ਧਰਨਾ ਦੇਣ ਗਏ ਸੀ, ਉਸ ਦਿਨ ਅਸੀਂ ਫੋਟੋ ਲੈ ਕੇ ਆਏ ਹਾਂ। ਬੱਸ ਸਟੈਂਡ ਦੇ ਸਾਹਮਣੇ ਸ਼ਰੀਫਪੁਰਾ ਵਿੱਚ ਤੁਹਾਡੇ ਅਕਾਲੀ ਦਲ ਦਾ ਦਫ਼ਤਰ ਹੈ। ਦੋ ਠੇਕੇ ਤਾਂ ਉਸ ਦੀ ਬਗਲ ਵਿੱਚ ਹਨ ਅਤੇ 3 ਠੇਕੇ ਸਾਹਮਣੇ ਸ਼ਰੀਫਪੁਰਾ ਬੱਸ ਸਟੈਂਡ ਕੋਲ ਹਨ। ਆਹ, ਮੈਂ ਠੇਕਿਆਂ ਦੀ ਲਿਸਟ ਵੀ ਲੈ ਕੇ ਆਇਆ ਹਾਂ। I will lay it on the Table of the House ਇਹ ਲਿਸਟ ਰੱਖਣ ਤੋਂ ਪਹਿਲਾਂ ਮੈਂ ਤੁਹਾਡੇ ਡਿਪਾਰਟਮੈਂਟ ਕੋਲੋਂ ਆਥੋਰਾਈਜ਼ਡ ਠੇਕਿਆਂ ਦੀ ਲਿਸਟ ਮੰਗੀ। ਮੈਂ ਸੋਚਿਆ ਕਿ ਸ਼ਾਇਦ ਉਹ ਜੈਨੂਅਨ ਠੇਕੇ ਹੀ ਚਲਾ ਰਹੇ ਹੋਣ। ਮੇਰੇ ਕੋਲ ਉਨ੍ਹਾਂ ਪੰਜ ਠੇਕਿਆਂ ਦੀ ਹੀ ਲਿਸਟ ਮਿਲ ਜਾਂਦੀ। ਮੇਰੇ ਕੋਲ ਕੋਈ ਇੰਟੈਲੀਜੈਂਸ ਏਜੰਸੀ ਤਾਂ ਨਹੀਂ ਹੈ ਕਿ ਮੈਨੂੰ ਪੰਜਾਬ ਦੇ ਸਾਰੇ ਠੇਕਿਆਂ ਦੀ ਹੀ ਲਿਸਟ ਮਿਲ ਜਾਂਦੀ। ਸ਼੍ਰੀ ਸੁੰਦਰ ਸ਼ਾਮ ਅਰੋੜਾ ਜੀ ਇੱਥੇ ਬੈਠੇ ਹਨ, ਉਹ ਦੱਸਣਗੇ ਕਿ ਉਨ੍ਹਾਂ ਦੇ ਹੁਸ਼ਿਆਰਪੁਰ ਵਿੱਚ ਕਿੰਨੇ ਨਜਾਇਜ਼ ਠੇਕੇ ਚਲ ਰਹੇ ਹਨ। ਮੇਰੀ ਭੈਣ ਅਰੁਣਾ ਜੀ ਵੀ ਬੈਠੀ ਹੈ। ਉਨ੍ਹਾਂ ਨੇ ਪਿਛਲੇ ਸੈਸ਼ਨ ਵਿੱਚ ਇਲਜ਼ਾਮ ਲਗਾਇਆ ਸੀ ਕਿ ਉਨ੍ਹਾਂ ਦੇ ਹਲਕੇ ਵਿੱਚ ਕੇਵਲ 88 ਅਪਰੂਵਡ ਠੇਕੇ ਹਨ, ਪ੍ਰੰਤੂ ਕੁੱਲ ਉਥੇ 163 ਚਲ ਰਹੇ ਹਨ। ....(ਵਿਘਨ.....)

(ਇਸ ਸਮੇਂ ਸਰਦਾਰ ਸੋਹਣ ਸਿੰਘ ਠੰਡਲ, ਮੁੱਖ ਸੰਸਦੀ ਸਕੱਤਰ, ਸਿੰਚਾਈ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਜੋ ਕਿ ਕੁਝ ਸਾਫ਼ ਸੁਣਾਈ ਨਹੀਂ ਦਿੱਤਾ। (.....ਵਿਘਨ.....)

ਮਾਨਯੋਗ ਸਪੀਕਰ: ਜਾਖੜ ਸਾਹਿਬ, ਤੁਸੀਂ ਕੰਟੀਨਿਊ ਕਰੋ। ਠੰਡਲ ਜੀ, ਜਦੋਂ ਤੁਹਾਡੀ ਵਾਰੀ ਆਈ ਉਦੋਂ ਤੁਸੀਂ ਜੋ ਕਹਿਣਾ ਹੈ, ਕਹਿ ਲੈਣਾ। (ਆਪੋਜ਼ੀਸ਼ਨ ਵੱਲੋਂ ਸ਼ੋਰ......ਵਿਘਨ.........) don't waste the time ਤੁਹਾਡੀ ਪਾਰਟੀ ਦੇ ਲੀਡਰ ਹੀ ਬੋਲ ਰਹੇ ਹਨ।

ਸ਼੍ਰੀ ਸੁਨੀਲ ਕੁਮਾਰ ਜਾਖੜ: ਸਪੀਕਰ ਸਾਹਿਬ, what I am calling (....ਵਿਘਨ...) criminal economy is not just ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਲੀਡਰ ਰਾਹੁਲ ਗਾਂਧੀ ਪੰਜਾਬ ਵਿੱਚ ਆ ਕੇ ਕਹਿ ਕੇ ਗਏ ਹਨ ਕਿ ਇੱਥੇ ਨਸ਼ਾ-ਪੱਤਾ ਬਹੁਤ ਜ਼ਿਆਦਾ ਹੈ। ਤਕਰੀਬਨ 70 ਫੀਸਦੀ ਨੌਜਵਾਨ ਨਸ਼ਿਆਂ ਵਿੱਚ ਗ੍ਰਸਤ ਹਨ। ਤੁਹਾਡੀ ਸਾਰੀ ਲੀਡਰਸ਼ਿਪ ਖੜ੍ਹੀ ਹੋ ਗਈ ਅਤੇ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸੁਨੀਲ ਕੁਮਾਰ ਜਾਖੜ]

ਸਰਕਾਰ ਖੜ੍ਹੀ ਹੋ ਗਈ ਕਿ ਇਹ ਕਿਵੇਂ ਕਹਿ ਦਿੱਤਾ ਹੈ। ਬਾਅਦ ਵਿੱਚ ਇਕ ਟੀ.ਵੀ. ਚੈਨਲ ਤੇ ਇਸ ਬਾਰੇ ਡਿਬੇਟ ਹੋਈ ਸੀ, ਉਸ ਵਿੱਚ ਸ਼੍ਰੀ ਨਰੇਸ਼ ਗੁਜਰਾਲ ਜੀ ਵੀ ਸਨ। He also agreed that figures do not count, numbers do not count but the fact is that ਅੱਜ ਪੰਜਾਬ ਵਿੱਚ ਨਸ਼ਾ ਬਹੁਤ ਪ੍ਰਚਲਤ ਹੈ। Will this govenment make a sincere declaration here ਜਿਹੜਾ ਸਾਡਾ ਚੈਨਲ ਵਾਲਾ ਮਾਡਰੇਟਰ ਸੀ, ਉਸ ਨੇ ਬੜੀ ਵੱਡੀ ਡੀਂਗ ਮਾਰੀ and he was saying you were trying to politicize the issue. ਮਜੀਠੀਆ ਸਾਹਿਬ, ਬਾਅਦ ਵਿੱਚ ਤੁਸੀਂ ਵੀ ਜਾ ਕੇ ਆਏ ਹੋ ਅਤੇ ਤੁਸੀਂ ਵੀ ਕਿਹਾ ਕਿ he was also trying to teach you and he did the same thing to me. As a responsible channel we keep an eye on the situation and do monitor it. ਅੱਜ ਮੈਂ ਇਥੇ ਹਾਊਸ ਵਿੱਚ ਰੱਖਣਾ ਚਾਹੁੰਦਾ ਸੀ। ਮੈਂ ਉਥੇ ਬਾਹਰ ਜਾ ਕੇ ਪ੍ਰੈਸ ਨੂੰ ਵੀ ਦੇ ਸਕਦਾ ਸੀ। ਕੇਵਲ ਪੰਜਾਬ ਦੇ ਇਹ 5 ਠੇਕੇ ਹੀ ਨਹੀਂ। ਜਿਹੜਾ ਇੱਜ਼ਤ-ਮਾਣ ਤੁਹਾਡਾ ਬਣਦਾ ਹੈ ਉਹ ਮੈਂ ਅਕਸੈਪਟ ਕਰਦਾ ਹਾਂ। I accept out of that it will be very becoming the Hon'ble C.M. that ਅੱਜ ਪੰਜਾਬ ਦੇ ਆਨਰੇਬਲ ਚੀਫ ਮਨਿਸਟਰ ਸਾਹਿਬ ਖੜ੍ਹੇ ਹੋ ਕੇ ਕਹਿ ਦੇਣ ਕਿ ਆਹ ਕੇਵਲ 5 ਠੇਕੇ ਹੀ ਨਹੀਂ ਬਲਕਿ ਸਾਰੇ ਪੰਜਾਬ ਵਿੱਚ ਜਿੰਨੇ ਵੀ ਨਜਾਇਜ਼ ਠੇਕੇ ਸ਼ਰਾਬ ਦੇ ਚਲ ਰਹੇ ਹਨ ਉਹ ਠੇਕੇ ਅਗਰ ਸ਼ਾਮ ਤੋਂ ਪਹਿਲਾਂ-ਪਹਿਲਾਂ ਬੰਦ ਨਹੀਂ ਹੁੰਦੇ ਅਤੇ ਉਹ ਠੇਕਾ ਚਲਾਉਣ ਵਾਲੇ ਦੇ ਖਿਲਾਫ ਕ੍ਰਿਮੀਨਲ ਕੇਸ ਰਜਿਸਟਰ ਨਹੀਂ ਹੁੰਦਾ ਤਾਂ ਜਿਹੜਾ ਉਸ ਇਲਾਕੇ ਦਾ ਥਾਣੇਦਾਰ ਹੈ, ਉਸ ਦੇ ਖਿਲਾਫ ਕ੍ਰਿਮੀਨਲ ਕੇਸ ਰਜਿਸਟਰ ਹੋਵੇਗਾ। (ਅਪੋਜੀਸ਼ਨ ਪਾਰਟੀ ਵੱਲੋਂ ਥੰਪਿੰਗ)

ਉਪ ਮੁੱਖ ਮੰਤਰੀ: ਸਪੀਕਰ ਸਾਹਿਬ, ਜਾਖੜ ਸਾਹਿਬ ਨੇ, ਲੀਡਰ ਆਫ ਦੀ ਅਪੋਜ਼ੀਸ਼ਨ ਨੇ ਜੋ ਇਲਲੀਗਲ ਠੇਕਿਆਂ ਦੀ ਗੱਲ ਕੀਤੀ ਹੈ, ਮੈਂ ਇਨ੍ਹਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਬਤੌਰ ਐਕਸਾਈਜ਼ ਤੇ ਟੈਕਸੇਸ਼ਨ ਮਨਿਸਟਰ ਤੇ ਹੋਮ ਮਨਿਸਟਰ ਕਿ ਤੁਸੀਂ ਮੈਨੂੰ ਇਹ ਲਿਸਟ ਦੇ ਦਿਉ ਜਿਹੜੀ ਤੁਹਾਡੇ ਕੋਲ ਹੈ, ਮੈਂ ਇਨਸ਼ਿਓਰ ਕਰਦਾ ਹਾਂ ਕਿ ਉਨ੍ਹਾਂ ਸਾਰਿਆਂ ਨੂੰ ਐਗਜ਼ਾਮਿਨ ਕਰਾਂਗਾ। ਜੇ ਉਹ ਇਲਲੀਗਲ ਹਨ ਤਾਂ we will take strict action (ਅਪੋਜ਼ੀਸ਼ਨ ਪਾਰਟੀ ਵੱਲੋਂ ਵਿਘਨ)...........

ਮਾਨਯੋਗ ਸਪੀਕਰ: ਤੁਹਾਡਾ ਲੀਡਰ ਬੋਲ ਰਿਹਾ ਹੈ ਤੇ ਤੁਹਾਨੂੰ ਟਾਈਮ ਵੇਸਟ

Original with;
Punjab Vidhan Sabha
Digitized by;
Panjab Digital Library

ਨਹੀਂ ਕਰਨਾ ਚਾਹੀਦਾ। ਤੁਹਾਡਾ ਹੀ ਟਾਈਮ ਖਰਾਬ ਹੋ ਰਿਹਾ ਹੈ। ...(ਵਿਘਨ)... ਤੁਹਾਡੀ ਪਾਰਟੀ ਦਾ ਟਾਈਮ ਖ਼ਰਾਬ ਹੋ ਰਿਹਾ ਹੈ।

ਸਰਦਾਰ ਬਲਬੀਰ ਸਿੰਘ ਸਿੱਧੂ: ਸਪੀਕਰ ਸਾਹਿਬ, ਮੈਂ ਇੱਕ ਮਿੰਟ ਦੀ ਗੱਲ ਰੱਖਣੀ ਹੈ।

ਮਾਨਯੋਗ ਸਪੀਕਰ: ਨਹੀਂ। ਜਾਖੜ ਜੀ, ਤੁਸੀਂ ਕੰਟੀਨਿਊ ਕਰੋ। ...(ਵਿਘਨ)....

ਸਰਦਾਰ ਬਲਬੀਰ ਸਿੰਘ ਸਿੱਧੂ: ਜਿਹੜਾ ਪਰਚਾ ਮੇਰੇ ਇਲਾਕੇ ਵਿੱਚ, ਤੇ ਜਿਸ ਦੀ ਬਦੌਲਤ ਹੋਇਆ, ਉਹ ਬੰਦਾ ਵੀ ਹਾਊਸ ਵਿੱਚ ਬੈਠਾ ਹੈ। ਮੈਂ ਸੀ.ਬੀ.ਆਈ. ਦੀ ਇਨਕੁਆਰੀ ਚਾਹੁੰਦਾ ਹਾਂ। (ਵਿਘਨ) ਇਹ ਬੜੀ ਮਾੜੀ ਗੱਲ ਹੈ। ....(ਵਿਘਨ....)

ਮਾਨਯੋਗ ਸਪੀਕਰ: ਜਾਖੜ ਜੀ, ਤੁਸੀਂ ਕੰਟੀਨਊ ਕਰੋ।

ਮੁੱਖ ਮੰਤਰੀ: ਤੁਹਾਡੇ ਬੰਦੇ ਹੀ ਡਿਸਟਰਬ ਕਰ ਰਹੇ ਹਨ। ਅਸੀਂ ਤਾਂ ਕਰਦੇ ਨਹੀਂ। ਇਨ੍ਹਾਂ ਨੂੰ ਹੀ ਸਮਝਾ ਲਓ। .....(ਵਿਘਨ)......

ਸਰਦਾਰ ਜਗਮੋਹਨ ਸਿੰਘ ਕੰਗ: ਇਹ ਕਹਿੰਦੇ ਹਨ ਕਿ ਲਿਸਟ ਦੇ ਦਿਉ। ਇਸ ਦਾ ਮਤਲਬ ਹੈ ਕਿ ਇਨ੍ਹਾਂ ਦੀ ਇੰਟੈਲੀਜੈਂਸ ਜਾਂ ਸੀ.ਆਈ.ਡੀ. ਫੇਲ੍ਹ ਹੋ ਗਈ ਹੈ। .....(ਵਿਘਨ)......

ਉਪ ਮੁੱਖ ਮੰਤਰੀ: ਸਪੀਕਰ ਸਾਹਿਬ, ਮੈਂ ਕੰਗ ਸਾਹਿਬ ਦਾ ਜਵਾਬ ਦੇਣਾ ਚਾਹੁੰਦਾ ਹਾਂ। ਸਾਡਾ ਜਿਹੜਾ ਐਕਸਪੀਰੀਐਂਸ ਤੁਹਾਡੀਆਂ ਲਿਸਟਾਂ ਦਾ ਹੈ, ਪਹਿਲਾਂ ਤਾਂ ਤੁਸੀਂ 40,000 ਕੇਸ ਕਾਂਗਰਸੀਆਂ ਤੇ ਕਹਿੰਦੇ ਰਹੇ। ਸੀ.ਐਮ.ਸਾਹਿਬ ਨੇ ਕੇਵਲ 32 ਦਾ ਹੀ ਜ਼ਿਕਰ ਕੀਤਾ ਹੈ। ਸੋ, ਤੁਹਾਡੀ ਕਰੈਡੀਬਿਲਟੀ ਇੰਨੀ ਨਹੀਂ ਹੈ ਕਿ ਸਾਨੂੰ ਤੁਸੀਂ ਲਿਸਟ ਦਿਉਗੇ ਤੇ ਮੈਂ ਆਪ ਸਟਰਿਕਟ ਐਕਸ਼ਨ ਲਵਾਂਗਾ। You can come to me any time. I myself very particular about this thing. ਮੈਂ ਇੰਸਟ੍ਰਕਰਸ਼ਨਜ਼ ਦਿੱਤੀਆਂ ਹਨ। ਮੈਨੂੰ ਕਿਤੇ ਵੀ ਦੱਸ ਦਿਉ। ਜੇ ਕਿਤੇ ਠੀਕ ਨਾ ਹੋਇਆ ਤਾਂ I will take action.

ਸ਼੍ਰੀ ਸੁਨੀਲ ਕੁਮਾਰ ਜਾਖੜ: ਸਪੀਕਰ ਸਾਹਿਬ, ਮੈਂ ਐਪਰੀਸ਼ੀਏਟ ਕਰਦਾ ਹਾਂ। I appreciate the spirit in which the Hon'ble Deputy C.M. has made the statement. ਸਾਨੂੰ ਬਾਦਲ ਸਾਹਿਬ ਤੁਹਾਡੇ ਨਾਲ ਇੱਕ ਗਿਲਾ ਹੈ। ਇੱਕ ਵਾਰੀ ਵੀ ਤੁਹਾਡੀ ਸਟੇਟਮੈਂਟ ਨਹੀਂ ਆਈ। ਮੇਰੇ ਤੇ ਇਹ ਇਲਜ਼ਾਮ ਲਗਾ ਦਿੰਦੇ ਹਨ ਕਿ ਤੁਸੀਂ ਤਾਂ ਅਖ਼ਬਾਰ ਚੁੱਕ ਕੇ ਲੈ ਆਉਂਦੇ ਹੋ।

Original with;
Punjab Vidhan Sabha
Digitized by;
Punjab Digital Library

[ਸ਼੍ਰੀ ਸੁਨੀਲ ਕੁਮਾਰ ਜਾਖੜ]

ਮੈਂ ਅਖ਼ਬਾਰ ਨਹੀਂ ਲਿਆਇਆ। ਪਿਛਲੇ ਸਦਨ ਵਿੱਚ ਇਨ੍ਹਾਂ ਨੇ ਬਿਆਨ ਦਿੱਤਾ ਸੀ ਕਿ ਮੇਰਾ ਰਾਜ ਰਾਮ ਰਾਜ ਹੈ। ਰਾਮ ਰਾਜ ਵਿੱਚ ਤਾਂ ਸ੍ਰੀ ਰਾਮ ਚੰਦਰ ਜੀ ਮਰਿਆਦਾ ਪਰਸ਼ੋਤਮ ਕਹਾਉਂਦੇ ਸੀ। ਇੱਕ ਵਾਰੀ ਤੁਸੀਂ ਝੂਠਾ-ਸੱਚਾ ਨਾਅਰਾ ਅਖ਼ਬਾਰ ਵਿੱਚ ਦੇ ਦਿੰਦੇ। ਜੋ ਹਰਕਤਾਂ ਹੋ ਰਹੀਆਂ ਹਨ, ਮੈਂ ਉਨ੍ਹਾਂ ਦੇ ਗੋਚਰੇ ਕਰਕੇ I will make changes and I will find out ਕਿ ਕਿੱਥੇ ਪਰਾਬਲਮਜ਼ ਹਨ। Whats needs to be done and fixed. ਡਿਪਟੀ ਸੀ.ਐਮ. ਸਾਹਿਬ ਨੇ ਤਾਂ ਕਿਹਾ ਸੀ ਕਿ ਅਸੀਂ ਝਾਤੀ ਮਾਰ ਕੇ ਦੇਖਾਂਗੇ। ਜਿਹੜੇ ਗਲਤ ਐਲੀਮੈਂਟਸ ਹਨ, ਉਨ੍ਹਾਂ ਵੱਲ ਧਿਆਨ ਦੇਵਾਂਗੇ। ਬਾਦਲ ਸਾਹਿਬ ਤਾਂ ਉਸ ਪੱਖੋਂ ਓਫੈਂਡ (Offend) ਹੋ ਗਏ ਤੇ ਇਨ੍ਹਾਂ ਨੇ ਕਿਹਾ ਕਿ ਸੁਖਬੀਰ ਹੁਰਾਂ ਨੇ ਤਾਂ ਪਤਾ ਨਹੀਂ ਕਿਵੇਂ ਬਿਆਨ ਦੇ ਦਿੱਤਾ। ਸਾਡੇ ਤਾਂ ਕੋਈ ਪਰਾਬਲਮ ਨਹੀਂ। ਸਾਡਾ ਤਾਂ ਰਾਮ ਰਾਜ ਹੈ। ਅਸੀਂ ਕਿਹਾ ਕਿ ਝਾਤੀ ਮਾਰ ਕੇ ਵੇਖ ਲਓ ਕਿ ਤੁਹਾਡੇ ਵਿੱਚ ਵੀ ਮਾੜੇ ਬੰਦੇ ਹੋਣਗੇ। ਆਪਾਂ ਬੜੇ ਅੱਛੇ ਮਾਹੌਲ ਵਿੱਚ ਗੱਲ ਕਰ ਰਹੇ ਹਾਂ। ਮੈਨੂੰ ਇੱਕ ਇਲਜ਼ਾਮ ਡਿਪਟੀ ਸੀ.ਐਮ. ਸਾਹਿਬ ਦਾ ਵੀ ਆਇਆ ਸੀ। ਇਨ੍ਹਾਂ ਨੇ ਕਿਹਾ ਕਿ ਤੁਸੀਂ ਪਰਸਨਲ ਇਲਜ਼ਾਮ ਲਗਾਉਂਦੇ ਹੋ। ਫਰੀਦਕੋਟ ਵਾਲੇ ਮਸਲੇ ਤੇ ਇਨ੍ਹਾਂ ਨੇ ਕਿਹਾ ਸੀ ਕਿ ਉਸ ਬੰਦੇ ** ਬਾਰੇ ਕਿਹਾ ਕਿ Sukhbir has been patronizing. ਸਪੀਕਰ ਸਾਹਿਬ, ਸਾਡੇ ਕਾਂਗਰਸ ਭਵਨ, ਸੈਕਟਰ-15 ਵਿੱਚ ਪ੍ਰੈਸ ਕਾਨਫਰੰਸ ਕੀਤੀ ਗਈ ਸੀ। ਉਥੇ ਇਹ ਗੱਲ ਕਈ ਸਾਥੀਆਂ ਨੇ ਕੀਤੀ ਕਿ ਅਕਾਲੀ ਲੀਡਰਾਂ ਨਾਲ ਉਸ ਦੀ ਫੋਟੋ ਹੈ। ਮੈਂ ਪਤਾ ਉੱਥੇ ਕੀ ਕਿਹਾ ਸੀ, ਅਗਰ ਇਹ ਲਾਈਨਾਂ ਦੇ ਵਿਚਕਾਰ ਪੜ੍ਹਨ, ਮੈਂ ਕਿਹਾ ਸੀ ਕਿ ਅਸੀਂ ਪੁਲੀਟੀਕਲ ਬੰਦੇ ਹਾਂ। ਸਾਡੇ ਕੋਈ ਵੀ ਮਾਲਾ ਲੈ ਕੇ ਆ ਜਾਵੇ, ਅਸੀਂ ਗ਼ਲਾ ਅੱਗੇ ਕਰ ਦਿੰਦੇ ਹਾਂ ਕਿ ਪਾ ਦੇ ਗ਼ਲੇ ਵਿੱਚ। ਫੋਟੋ ਸੁਖਬੀਰ ਹੋਰਾਂ ਨਾਲ ਆ ਗਈ ਹੋਣੀ ਹੈ but what I have expected from Sukhbir Badal is that he would take this opportunity and issue instructions that ਚਾਹੇ ਮੇਰੀ ਪਾਰਟੀ ਦਾ ਬੰਦਾ ਹੈ, I would take action even ਸਾਡੀ ਪਾਰਟੀ ਵਾਲਿਆਂ ਨੂੰ ਫੜ੍ਹ ਕੇ ਸਵੇਰੇ ਅੰਦਰ ਕਰੋ ਤਾਂ ਕਿ ਲੋਕਾਂ ਦਾ ਇਲਜ਼ਾਮ ਨਾ ਆਵੇ। ਮੈਂ ਤਾਂ ਤੁਹਾਡੇ ਤੋਂ ਆਹ ਤਵੱਕੋ ਕਰਦਾ ਸੀ, ਤੁਸੀਂ ਕਹਿੰਦੇ ਹੋ ਕਿ ਮੈਂ ਤੁਹਾਡੇ ਤੇ ਇਲਜ਼ਾਮ ਲਗਾ ਰਿਹਾ ਸੀ। ਲੋਕਾਂ ਦੀ ਤੁਹਾਡੇ ਤੋਂ ਤਵੱਕੋ ਹੈ। ਲੋਕਾਂ ਨੇ ਵੋਟਾਂ ਤੁਹਾਨੂੰ ਇਸ ਕਰਕੇ ਹੀ ਦਿੱਤੀਆਂ ਸੀ। ਜੇਕਰ ਤੁਸੀਂ ਆਹ ਹੀ ਕਹੀ ਜਾਵੋਗੇ ਕਿ ਇਹ ਮਾੜੇ ਹਨ, ਇਨ੍ਹਾਂ ਨੇ ਆਹ ਕੀਤਾ ਸੀ। ਫਿਰ ਤੁਹਾਡੇ ਤੇ ਸਾਡੇ ਵਿੱਚ ਕੀ ਫਰਕ ਹੈ। ਫਿਰ ਅਸੀਂ ਚੰਗੇ ਸੀ ਉੱਥੇ ਬੈਠੇ ਸੀ, ਵਾਹਵਾ ਨਿੱਘੇ ਬੈਠੇ ਸੀ।

** Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਦੀਪ ਮਲਹੋਤਰਾ: ਸਪੀਕਰ ਸਾਹਿਬ, ਬਾਦਲ ਸਾਹਿਬ ਨਾਲ ਉਸ ਦੀ ਫੋਟੋ ਨਹੀਂ ਸੀ ਅਤੇ ਨਾਲ ਹੀ ਅਸੀਂ ਪੂਰਾ ਐਕਸ਼ਨ ਲਿਆ ਹੈ .....(ਵਿਘਨ).....

ਸ਼੍ਰੀ ਸੁਨੀਲ ਕੁਮਾਰ ਜਾਖੜ: ਕਿਤੇ ਤੁਹਾਡਾ ਵੀ ਠੇਕਿਆਂ ਵਿੱਚ ਨਾਮ ਤਾਂ ਨਹੀਂ ਆ ਗਿਆ ਸ਼ਾਇਦ ਇਸ ਕਰਕੇ ਗਰਮ ਹੋ ਰਹੇ ਹੋ।

ਸ਼੍ਰੀ ਦੀਪ ਮਲਹੋਤਰਾ: ਜਿਹੜੀ ਤੁਸੀਂ ** ਗੱਲ ਕੀਤੀ ਹੈ, ਮੈਂ ਕਹਿਣਾ ਚਾਹੁੰਦਾ ਹਾਂ ਕਿ ਉਸ ਦੀ ਕੋਈ ਫੋਟੋ ਬਾਦਲ ਸਾਹਿਬ ਨਾਲ ਨਹੀਂ ਸੀ ਅਤੇ ਐਕਸ਼ਨ ਵੀ ਪੂਰਾ ਲਿਆ ਹੈ।

ਮਾਨਯੋਗ ਸਪੀਕਰ: ਜਾਖੜ ਜੀ, ਤੁਸੀਂ ਕੰਟੀਨਿਊ ਕਰੋ।

ਸ਼੍ਰੀ ਸੁਨੀਲ ਕੁਮਾਰ ਜਾਖੜ: ਮੈਂ ਤਾਂ ਕਹਿੰਦਾ ਹਾਂ ਕਿ ਜੇਕਰ ਹੁੰਦੀ ਵੀ ਤਾਂ ਵੀ ਕੋਈ ਗੱਲ ਨਹੀਂ ਸੀ। Speaker Sahib, I will come back to what he has promised. ਇਨ੍ਹਾਂ ਨੇ ਕਿਹਾ ਹੈ ਕਿ ਮੈਂ ਲਿਸਟ ਦੇ ਦਿਆਂ। ਮੈਂ ਕਿਉਂ ਲਿਸਟ ਦੇਵਾਂ? ਵੇਖੋ ਦੋਨੋਂ ਮਹਿਕਮੇ ਇਨ੍ਹਾਂ ਕੋਲ ਹਨ। ਆਬਕਾਰੀ ਦਾ ਵੀ ਇਨ੍ਹਾਂ ਕੋਲ ਹੈ ਅਤੇ ਹੋਮ ਮਨਿਸਟਰੀ ਵੀ ਇਨ੍ਹਾਂ ਕੋਲ ਹੈ। ਜਿਵੇਂ ਹੁਣੇ ਹੈਲਥ ਮਨਿਸਟਰ ਜਵਾਬ ਦੇ ਰਹੇ ਸੀ ਕਿ ਲਾਈਨਾਂ ਕਰਾਸ ਕਰ ਜਾਂਦੀਆਂ ਹਨ। ਜਿਹੜਾ ਸੀਵਰ ਦਾ ਪਾਣੀ ਹੈ, ਗੰਦਗੀ ਵਾਲਾ ਪਾਣੀ ਹੈ, ਉਹ ਇਧਰ ਆਉਣ ਲੱਗ ਗਿਆ। ਮੈਨੂੰ ਲਗਦਾ ਹੈ there has been some over lapping. ਮੈਂ ਤੁਹਾਨੂੰ ਬੜਾ ਸਿੰਪਲ ਜਿਹਾ ਕਹਿੰਦਾ ਹਾਂ। ਇਹ ਤੁਹਾਡੇ ਮਹਿਕਮੇ ਦੀ ਲਿਸਟ ਹੈ। ਤੁਹਾਡੇ ਆਥੋਰਾਈਜ਼ਡ ਠੇਕਿਆਂ ਦੀ ਲਿਸਟ ਹੈ। ਹੁਣੇ ਦਫ਼ਤਰ ਵਾਲਿਆਂ ਨੂੰ ਕਹਿ ਦਿਉ ਕਿ ਸਾਰੇ ਐੱਸ.ਐੱਸ.ਪੀਜ਼ ਨੂੰ ਫੈਕਸ ਕਰ ਦੇਣ ਕਿ ਇਸ ਐਡਰੈਸ ਤੋਂ ਇਲਾਵਾ ਕੋਈ ਵੀ ਠੇਕਾ ਜਾਂ ਅਹਾਤਾ ਖੁਲ੍ਹਿਆ ਹੈ, which is not authorised, ਬੰਦ ਕਰਵਾ ਦਿਉ। Where is the need?

ਉਪ ਮੁੱਖ ਮੰਤਰੀ: ਜਾਖੜ ਸਾਹਿਬ, ਮੈਂ ਇਸ ਲਈ ਕਿਹਾ ਸੀ ਕਿ ਲਿਸਟ ਦੇ ਦਿਉ ਕਿਉਂਕਿ ਪਿਛਲੇ ਚਾਰ ਸਾਲ ਕਾਂਗਰਸ ਪਾਰਟੀ ਦੇ ਲੀਡਰ ਬਿਆਨ ਦਿੰਦੇ ਸੀ ਕਿ 50,000 ਕੇਸ, 47,000 ਕੇਸ, 40,000 ਕੇਸ ਹਨ। ਸਟੇਟਮੈਂਟ ਚੇਂਜ ਹੁੰਦੀ ਸੀ ਕਿ ਸਾਡੇ ਤੇ ਕੇਸ ਹੋਏ ਹਨ। ਅਸੀਂ ਹਰ ਵਾਰ ਰਿਕੁਐਸਟ ਕੀਤੀ ਕਿ ਸਾਨੂੰ ਦੇ ਦਿਉ, I will personally examine and we will ensure ਕਿ ਬਾਈ-ਚਾਂਸ ਕਿਤੇ ਕੋਈ ਗਲਤੀ ਹੋਈ ਹੈ ਪਰ ਪੰਜ ਸਾਲ ਦੌਰਾਨ ਸਾਡੇ ਕੋਲ ਕੋਈ ਲਿਸਟ ਨਾ ਆਈ ਔਰ ਉਸ ਤੋਂ ਬਾਅਦ ਜਦੋਂ ਅਸੀਂ ਇਨਵੈਸਟੀਗੇਟ ਕੀਤਾ ਅਤੇ ਸੀ.ਐਮ. ਸਾਹਿਬ ਨੇ ਇਸ ਹਾਊਸ ਵਿੱਚ ਪੂਰਾ 32 ਕੇਸਾਂ ਦਾ ਜਵਾਬ ਦਿੱਤਾ ਸੀ, ਪੂਰੀ ਐਕਸਪਲੇਨੇਸ਼ਨ ਦਿੱਤੀ ਸੀ। ਮੈਂ ਇਹ

** Expunged as ordered by the Hon'ble Speaker.

Original with;
Punjab Vidhan Sabha
Digitized by;
Panjab Digital Library

[ਉਪ ਮੁੱਖ ਮੰਤਰੀ]

ਕਹਿੰਦਾ ਹਾਂ ਕਿ ਜੇਕਰ ਤੁਹਾਡੇ ਕੋਲ ਕੋਈ ਇਨਫਰਮੇਸ਼ਨ ਹੈ, I will ensure you ਮੈਨੂੰ ਹੁਣੇ ਦੇ ਦਿਉ, ਸ਼ਾਮ ਤੱਕ ਠੇਕੇ ਬੰਦ ਕਰਵਾ ਦੇਵਾਂਗਾ।

ਸ਼੍ਰੀ ਸੁਨੀਲ ਕੁਮਾਰ ਜਾਖੜ: ਬੜਾ ਸਿੰਪਲ ਪੁਆਇੰਟ ਹੈ ਜੀ। ਇਨ੍ਹਾਂ ਠੇਕਿਆਂ ਦੇ ਐਡਰੈਸ ਤੋਂ ਇਲਾਵਾ ਜੇ ਕੋਈ ਵੀ ਖੁਲ੍ਹੇ ਹਨ....(ਵਿਘਨ).... ਇਹ ਤਾਂ ਬੜਾ ਸਿੰਪਲ ਜਿਹਾ ਹੈ ਕਿ ਜਿਹੜੀ ਆਥੋਰਾਈਜ਼ਡ ਲਿਸਟ ਹੈ......(ਵਿਘਨ)....

Deputy Chief Minister: I will look into it,ਅੱਗੇ ਚਲੋ।

ਸ਼੍ਰੀ ਸੁਨੀਲ ਕੁਮਾਰ ਜਾਖੜ: ਜਦੋਂ ਤੁਸੀਂ ਜਵਾਬ ਦਿਉ ਤਾਂ ਉਦੋਂ ਕਹਿ ਦਿਉ ਕਿ ਅੱਜ ਸ਼ਾਮ ਤੋਂ ਪਹਿਲਾਂ ਜੇ ਠੇਕੇ ਬੰਦ ਨਹੀਂ ਹੋਏ.....(ਵਿਘਨ).....

ਉਪ ਮੁੱਖ ਮੰਤਰੀ: ਮੈਂ ਇਨਸ਼ਿਓਰ ਕਰਦਾ ਹਾਂ, ਮੈਂ ਹੁਣੇ ਕਹਿ ਦਿੰਦਾ ਹਾਂ, ਇੰਸਟ੍ਰਕਸ਼ਨਜ਼ ਪਾਸ ਕਰ ਦਿੰਦਾ ਹਾਂ। .....(ਥੰਪਿੰਗ)

Shri Sunil Kumar Jakhar: This is precisely what we are expecting of you. ਮੈਂ ਤਾਂ ਕਹਿ ਰਿਹਾ ਹਾਂ ਤੁਹਾਨੂੰ ਐਪਰੀਸ਼ੀਏਟ ਕਰਨ ਵਾਲੀ ਗੱਲ ਹੈ। ਮੈਂ ਇਸ ਗੱਲ ਦਾ ਧੰਨਵਾਦ ਕਰਦਾ ਹਾਂ। What do you expect? ਕੰਸਟਰਕਟਿਵ ਆਪੋਜੀਸ਼ਨ, ਮੈਂ ਤਾਂ ਕੱਲ੍ਹ ਵੀ ਕਿਹਾ ਸੀ। ਅੱਜਕਲ੍ਹ ਤੁਸੀਂ ਜ਼ਿਆਦਾ ਮੈਚ ਕਰਵਾਉਣ ਲੱਗ ਪਏ ਹੋ ** You want those persons. (ਮੁੱਖ ਸੰਸਦੀ ਸਕੱਤਰ, ਸ਼੍ਰੀ ਦੇਸ ਰਾਜ ਧੁੱਗਾ ਵੱਲੋਂ ਵਿਘਨ) ਧੁੱਗਾ ਸਾਹਿਬ, ਤੁਹਾਡੇ ਤੋਂ ਉੱਚੀ ਸਮਝ ਦੀਆਂ ਗੱਲਾਂ ਹਨ, ਛੱਡਿਆ ਕਰੋ। .....(ਵਿਘਨ).... ਸਪੀਕਰ ਸਾਹਿਬ, ਇੱਕ ਮਿੰਟ ਗੁਜ਼ਾਰਿਸ਼ ਹੈ। ਕਿਉਂ ਇਹ ਮਸਲਾ ਆਇਆ? You should appreciate that we are talking in terms of rectifying the system. ਕਿਉਂ ਰਾਹੁਲ ਗਾਂਧੀ ਨੇ ਇਸ ਮਸਲੇ ਤੇ ਗੱਲ ਕੀਤੀ ਸੀ। ਉਨ੍ਹਾਂ ਨੇ ਗੱਲ ਕੀਤੀ ਸੀ ਕਿ these people could be diverted to terrorism. ਉਹ ਗੱਲ ਸਰਕਾਰ ਨਾਲ ਕਰਨੀ ਹੈ। I do not want to sensationalize the issue. As far as terrorism is concerned, in this context there is a very fine line, very fine difference between narco-terrorism and what is happening today between these anti social elements because the very premise on which terrorism works up is to terrorise. ਬੇਸ਼ੱਕ ਜਿਹੜੇ tenets ਹਨ, ਉਹ ਕੇਵਲ ਟੈਰੇਰਿਜ਼ਮ ਫੈਲਾਉਣ ਵਾਲੇ ਹਨ। ਜਿਸ ਤਰ੍ਹਾਂ ਆਪਾਂ ਕਹਿੰਦੇ ਹਾਂ ਕਿ ਟੈਰੇਰਿਜ਼ਮ ਦੇ ਕੈਂਪ

** Expunged as ordered by the Hon'ble Speaker

Original with;
Punjab Vidhan Sabha
Digitized by;
Panjab Digital Library

ਲਗਾ ਰੱਖੇ ਹਨ, ਕੋਈ ਅਫਗਾਨਿਸਤਾਨ ਲੱਗਿਆ ਹੈ, ਕੋਈ ਬਾਰਡਰ ਦੇ ਪਾਰ ਪਾਕਿਸਤਾਨ ਵਿੱਚ ਲੱਗਿਆ ਹੈ। What do they teach us? What is the basic premise? The aim of terrorism is very simple to terrorize. ਦਹਿਸ਼ਤ ਬਣਾਉਣ ਵਾਸਤੇ ਉਨ੍ਹਾਂ ਦੇ ਲੋਕਾਂ ਨੂੰ ਵੀ ਪਤਾ ਹੈ ਕਿ ਜਦੋਂ ਬੱਸਾਂ ਦੇ ਵਿੱਚੋਂ ਉਤਾਰ ਉਤਾਰ ਕੇ ਮਾਰਦੇ ਹਨ ਤਾਂ ਲੋਕਾਂ ਦੇ ਵਿੱਚ ਮਾੜਾ ਮੈਸੇਜ ਜਾਂਦਾ ਹੈ that they are fighting for a cause. ਲੋਕਾਂ ਦੇ ਵਿੱਚ ਇਹ ਕਾਜ਼ ਦੀ ਗੱਲ ਨਹੀਂ ਕਰ ਰਹੇ, ਇਹ ਤਾਂ ਤੜਕੀ ਜਾਂਦੇ ਹਨ, but the overriding principal is ਕਿ ਦਹਿਸ਼ਤ ਫੈਲਾਉ and this is what your anti social elements are doing. ਜਿਹੜੇ ਲੋਕਾਂ ਨੂੰ ਤੁਸੀਂ ਚੋਗਾ ਪਾਉਂਦੇ ਹੋ ਕਿ ਤੂੰ ਬਰਾਂਚ ਚਲਾ ਲੈ, ਤੂੰ ਉੱਥੋਂ ਮਿੱਟੀ ਪੁੱਟ ਲਿਆ, ਤੂੰ ਉਥੇ ਮਾਈਨ ਲੈ ਲੈ, ਰੇਤੇ ਦੀ ਲੈ ਲੈ, ਤੂੰ ਆਹ ਕਬਜ਼ੇ ਕਰਨ ਵਾਲਾ ਕੰਮ ਕਰ ਲੈ, these are the elements which were used in the elections and which are now being partronized. ਸਪੀਕਰ ਸਾਹਿਬ, ਕਾਰਪੋਰੇਸ਼ਨ ਦੇ ਇਲੈਕਸ਼ਨ ਹੋਏ, ਕਹਿੰਦੇ ਜੀ ਕਿ ਕਾਂਗਰਸ ਨੂੰ ਤਾਂ ਕੈਂਡੀਡੇਟ ਹੀ ਨਹੀਂ ਮਿਲ ਰਹੇ, ਬੜੀ ਕਮਾਲ ਹੋ ਗਈ, ਇਹ ਕਿਹੋ ਜਿਹੀ ਪਾਰਟੀ ਹੈ, ਛੇ ਮਹੀਨੇ ਪਹਿਲਾਂ ਜਿਸ ਪਾਰਟੀ ਨੂੰ 55 ਲੱਖ ਵੋਟਾਂ ਪਈਆਂ ਤੇ ਹੁਣ ਇਹ ਕਹਿੰਦੇ ਕਿ ਕੈਂਡੀਡੇਟ ਨਹੀਂ ਮਿਲ ਰਹੇ। ਸਪੀਕਰ ਸਾਹਿਬ, ਕੈਂਡੀਡੇਟ ਮਿਲਣ ਕਿਵੇਂ, ਥਾਣੇਦਾਰ ਟੈਲੀਫੋਨ ਕਰ ਦਿੰਦਾ ਹੈ, ਵੇਖ ਲਈ ਬਈ ਤੇਰਾ ਨਾਂ ਉਸ ਦੇ ਵਿੱਚ ਬੋਲਦਾ ਹੈ ਜਿਹੜੇ ਅਣਪਛਾਤਿਆਂ ਦੇ ਨਾਂ ਅਜੇ ਖੁਲ੍ਹੇ ਪਏ ਹਨ, ਉਸ ਵਿੱਚ ਬੁਲਾ ਲਵਾਂਗੇ। ਚਾਰ ਅਜਿਹੇ ਇਕੱਠੇ ਹੋ ਕੇ, ** ਵਰਗੇ ਉਸ ਬੱਚੀ ਦੇ ਪਾਸ ਗੇੜੇ ਦੇ ਆਉਂਦੇ ਹਨ ਕਿ ** ਕੌਣ ਇੱਜ਼ਤਦਾਰ ਬੰਦਾ ਪੰਗਾ ਲੈਂਦਾ ਹੈ, ਅਜਿਹੇ ਬੰਦਿਆਂ ਦੇ ਨਾਲ ਕੌਣ ਬੰਦਾ ਪੰਗਾ ਲਵੇਗਾ? (ਵਿਰੋਧੀ ਧਿਰ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਕਿਸ ਨੂੰ ਇੱਜ਼ਤ ਪਿਆਰੀ ਨਹੀਂ ਹੈ, ਸਭ ਨੂੰ ਆਪਣੀ ਇੱਜ਼ਤ ਪਿਆਰੀ ਹੈ। ਸਪੀਕਰ ਸਾਹਿਬ, ਇਹ ਗੱਲ ਨਹੀਂ ਹੈ....

ਉਪ ਮੁੱਖ ਮੰਤਰੀ: ਜਾਖੜ ਸਾਹਿਬ, ਜੇ ਪੁਲਿਸ ਵਾਲਿਆਂ ਕਰਕੇ ਇਲੈਕਸ਼ਨ ਜਿੱਤੇ ਜਾਂਦੇ ਤਾਂ ਫਿਰ ਰੂਲਿੰਗ ਪਾਰਟੀ ਕਦੇ ਹਾਰ ਨਹੀਂ ਸਕਦੀ। ਇਸ ਦਾ ਮਤਲਬ ਹੈ ਕਿ ਪਾਰਲੀਮੈਂਟ ਵੇਲੇ ਵੀ ਤੁਹਾਡੇ ਕੋਲ ਕੈਂਡੀਡੇਟ ਨਹੀਂ ਹੋਣਗੇ।

ਸ਼੍ਰੀ ਸੁਨੀਲ ਕੁਮਾਰ ਜਾਖੜ: ਆਹ, ਜਿਹੜੇ ** ਇਕੱਠੇ ਕਰਕੇ ਪੁਲੀਟੀਕਲ ਪੈਟਰੋਨੇਜ਼ ਕੱਲ੍ਹ ਤੁਸੀਂ ਵੀ ਕਹਿ (ਉਪ ਮੁੱਖ ਮੰਤਰੀ ਵੱਲ ਇਸ਼ਾਰਾ) ਰਹੇ ਸੀ ਕਿ ਐੱਸ.ਓ.ਆਈ. ਜਾਂ ਕਿਸ ਦੇ ਹਨ ਉਹ 35-35 ਹਜ਼ਾਰ ਦੇ ਵਿੱਚ ਵਿਕ ਰਹੇ ਹਨ। ਕੱਲ੍ਹ ਤੁਸੀਂ ਵੀ ਕਹਿ ਰਹੇ ਸੀ....

** Expunged as ordered by the Hon'ble Speaker

Original with;
Punjab Vidhan Sabha
Digitized by;
Panjab Digital Library

ਉਪ ਮੁੱਖ ਮੰਤਰੀ (ਬੈਠੇ-ਬੈਠੇ): ਮੈਂ ਨਹੀਂ ਕਿਹਾ।

Shri Sunil Kumar Jakhar: You were referring to something like that ਕਿ ਉਹ ਕਹਿੰਦੇ ਸਟਿੱਕਰ ਲਗਾ-ਲਗਾ ਕੇ ਪ੍ਰੋਟੈਕਸ਼ਨ, that is the protection given to those people. ਪੁਲਿਸ ਵਾਲਿਆਂ ਨੂੰ ਆਹ ਡਾਇਰੈਕਟਰੀ ਭੇਜ ਦਿੱਤੀ ਤੇ ਪੁਲਿਸ ਵਾਲਿਆਂ ਨੂੰ ਕਿਹਾ ਕਿ ਆਹ ਜਿਹੜੇ ਹਨ ਇਨ੍ਹਾਂ ਤੇ ਉੱਤੇ ਪੁਲਿਸ ਦੀ ਕਾਰਵਾਈ...ਬਾਦਲ ਸਾਹਿਬ ਤੁਹਾਨੂੰ ਪਤਾ ਨਹੀਂ ਲੱਗਿਆ ਜਿਸ ਦਿਨ ਮਜੀਠੇ ਹਲਕੇ ਦੇ ਵਿੱਚ ਕਾਂਗਰਸ ਵੱਲੋਂ ਪ੍ਰੈਸ ਕਾਨਫਰੰਸ ਰੱਖੀ ਗਈ ਸੀ, ਚਾਰ ਦਿਨ ਸਸ਼ੋਪੰਜ ਬਣਿਆ ਰਿਹਾ , ਕਹਿੰਦੇ ਜੀ ਉਥੇ ਕੋਈ ਟਿਕਾਣਾ ਹੀ ਨਹੀਂ ਮਿਲ ਰਿਹਾ, ਕੋਈ ਮੈਰਿਜ ਪੈਲੇਸ ਦੇਣ ਨੂੰ ਤਿਆਰ ਨਹੀਂ ਹੈ, as an able administrator ਖ਼ਤਰੇ ਦੀ ਘੰਟੀ ਉਸ ਦਿਨ ਹੀ ਤੁਹਾਡੇ ਕੋਲ ਵੱਜ ਜਾਣੀ ਚਾਹੀਦੀ ਸੀ। ਸੀ.ਐਮ.ਸਾਹਿਬ, ਤੁਹਾਨੂੰ ਉਸ ਦਿਨ ਹੀ ਸਮਝ ਲੈਣਾ ਚਾਹੀਦਾ ਸੀ ਕਿ ਜਿਹੜੀ ਡੈਮੋਕਰੇਸੀ ਦੀ ਤੁਸੀਂ ਗੱਲ ਕਰਦੇ ਹੋ ਉਸ ਡੈਮੋਕਰੇਸੀ ਦੇ ਵਿੱਚ ਕਿਤੇ ਨਾ ਕਿਤੇ ਕੋਈ ਪੁਆੜਾ ਪਾ ਲਿਆ ਹੈ ਤੇ ਇੱਕ ਬਰਾਬਰ ਦੀ ਧਿਰ ਜਿਸ ਦੇ ਕੋਲ 47 ਐਮ.ਐਲ.ਏ. ਹਨ ਤੇ ਜਿਸ ਪਾਰਟੀ ਦਾ ਮੁਖੀਆ ਉਥੇ ਜਾ ਰਿਹਾ ਹੈ, ਉਥੇ ਮੀਟਿੰਗ ਕਰਨ ਨੂੰ ਕੋਈ ਜਗ੍ਹਾ ਨਹੀਂ ਦਿੰਦਾ ** (ਵਿਰੋਧੀ ਪਾਰਟੀ ਵੱਲੋਂ ਸ਼ੇਮ-ਸ਼ੇਮ ਦੀਆ ਅਵਾਜ਼ਾਂ) ਉਥੇ ਲੋਕਾਂ ਨੇ ਡਰ ਕੇ ਜਗ੍ਹਾ ਨਹੀਂ ਦਿੱਤੀ।

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ): ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਆਨਰੇਬਲ ਮੈਂਬਰ ਨੂੰ ਪੂਰਾ ਰਾਈਟ ਹੈ ਕਿ ਬੋਲੇ but it is not a rally of a particular party. It is the House. ਨੰਬਰ ਦੋ, ਮੇਰੇ ਸਾਥੀ ਬਹੁਤ ਖੁਸ਼ ਹੋ ਰਹੇ ਹਨ ਟੈਰੇਰਿਜ਼ਮ ਦੀਆਂ ਗੱਲਾਂ ਤੇ ਔਰ ਕਹਿੰਦੇ ਕਿ ਲੋਕਾਂ ਨੂੰ ਸਭਾ ਨਹੀਂ ਕਰਨ ਦਿੱਤੀ, ਕੀ ਇਹ ਕਾਲੇ ਦਿਨ ਭੁੱਲ ਗਏ, ਐਮਰਜੈਂਸੀ ਨੂੰ ਭੁੱਲ ਗਏ, ਸਾਲ 1992 ਤੋਂ ਲੈ ਕੇ 1997 ਤੱਕ ਜਿਹੜੀ ਇਥੇ ਸਰਕਾਰ ਸੀ ਤਾਂ ਬਾਦਲ ਸਾਹਿਬ ਜੇ ਕਿਤੇ ਰੈਲੀ ਫਿਕਸ ਕਰਦੇ ਸੀ ਕਿ ਫਲਾਣੇ ਡਿਸਟ੍ਰਿਕਟ ਹੈੱਡ ਕੁਆਰਟਰ ਤੇ ਜਾ ਕੇ ਡੀ.ਸੀ. ਨੂੰ ਮੈਮੋਰੰਡਮ ਦੇਣਾ ਹੈ, ਉਥੇ ਰੈਲੀ ਕਰਨੀ ਹੈ ਤਾਂ ਉਥੇ ਪੁਲਿਸ ਦੀ ਛਾਉਣੀ ਬਣ ਜਾਂਦੀ ਸੀ ਔਰ ਸਾਰੇ ਵਰਕਰ ਅਰੈਸਟ ਕਰ ਲਏ ਜਾਂਦੇ ਸਨ ਅਤੇ ਅਕਾਲੀ ਦਲ ਦੇ ਲੀਡਰ ਸਰਦਾਰ ਪਰਕਾਸ਼ ਸਿੰਘ ਬਾਦਲ ਸਮੇਤ ਅਰੈਸਟ ਕਰ ਲਏ ਜਾਂਦੇ ਸਨ। ਇਹ ਆਤੰਕਵਾਦ ਦੀ ਗੱਲ ਕਰਦੇ ਹਨ। I know how the terrorism

** Not recorded as ordered by the Chair.

Original with;
Punjab Vidhan Sabha
Digitized by;
Panjab Digital Library

was there. ਜਿਹੜੇ ਇਨ੍ਹਾਂ ਦੇ ਲੀਡਰ ਸੀ, ਉਹ ਦੂਜੇ ਸੂਬਿਆਂ ਵਿੱਚ ਭੱਜ ਗਏ ਸੀ। ਕੀ ਇਹ ਆਤੰਕਵਾਦ ਦਾ ਮੁਕਾਬਲਾ ਕਰਦੇ ਸੀ? (ਸ਼ੋਰ.... ਵਿਘਨ)........

ਸਰਦਾਰ ਜਗਮੋਹਨ ਸਿੰਘ ਕੰਗ: ਸਪੀਕਰ ਸਾਹਿਬ, ** **

ਮਾਨਯੋਗ ਸਪੀਕਰ: ਕੰਗ ਸਾਹਿਬ, ਬੈਠ ਜਾਓ। Please sit down. ਤੁਹਾਡੇ ਆਪਣੇ ਬੰਦੇ ਹੀ ਨਹੀਂ ਹਟਦੇ। (ਸ਼ੋਰ)....(ਵਿਘਨ) Nothing is going to be recorded. ਜਾਖੜ ਜੀ, ਕੰਟੀਨਿਊ ਕਰੋ।

(ਇਸ ਸਮੇਂ ਟਰੈਜ਼ਰੀ ਬੈਂਚਿਜ਼ ਅਤੇ ਆਪੋਜ਼ੀਸ਼ਨ ਬੈਂਚਿਜ਼ ਤੋਂ ਮਾਨਯੋਗ ਮੈਂਬਰ ਆਪਸ ਵਿੱਚ ਬਹਿਸ ਕਰ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਸ਼੍ਰੀ ਸੁਨੀਲ ਕੁਮਾਰ ਜਾਖੜ: ਸਪੀਕਰ ਸਾਹਿਬ, ਮੈਂ ਸਾਡੇ ਆਨਰੇਬਲ ਮੰਤਰੀ ਜੀ ਦਾ ਧੰਨਵਾਦੀ ਹਾਂ। ਇਨ੍ਹਾਂ ਨੇ ਗੱਲ ਸਹੀ ਕਹੀ ਹੋਵੇਗੀ ਕਿ ਐਮਰਜੈਂਸੀ ਦੌਰਾਨ ਇਨ੍ਹਾਂ ਨੂੰ ਜਗ੍ਹਾ ਨਹੀਂ ਮਿਲਦੀ ਸੀ ਅਤੇ ਜਿਹੜਾ ਕੋਈ ਬੰਦਾ ਮੀਟਿੰਗ ਕਰਦਾ ਸੀ, ਉਸ ਨੂੰ ਗ੍ਰਿਫਤਾਰ ਕਰ ਲਿਆ ਜਾਂਦਾ ਸੀ। He has proved my point. He has declared that this is an undeclared emergency, as simple as it proves my point. ਮੈਨੂੰ ਇਸ ਤੋਂ ਬਾਅਦ ਕੋਈ ਫਾਲਤੂ ਬਹਿਸ ਕਰਨ ਦੀ ਲੋੜ ਨਹੀਂ ਹੈ। (ਸ਼ੋਰ...ਵਿਘਨ)... I close my case as precisely it proved my point. ਤੁਸੀਂ ਨਹੀਂ ਸਮਝਦੇ, ਬਾਦਲ ਸਾਹਿਬ ਇਸ ਗੱਲ ਨੂੰ ਸਮਝਦੇ ਹਨ। ਕਿਸ ਤਰ੍ਹਾਂ ਸਿਸਟਮ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ, ਡਿਪਟੀ ਸੀ.ਐਮ. ਸੁਖਬੀਰ ਜੀ ਨੇ ਖੜ੍ਹੇ ਹੋ ਕੇ ਕਹਿ ਦਿੱਤਾ ਕਿ ਜੇਕਰ ਪੁਲਿਸ ਇਸ ਤਰ੍ਹਾਂ ਕਰਦੀ ਤਾਂ ਰਾਜ ਜਾਂਦਾ ਹੀ ਨਹੀਂ। ਰਾਜ ਤਾਂ ਸੱਦਾਮ ਹੁਸੈਨ ਦਾ ਨਹੀਂ ਰਿਹਾ ਉਹ ਤਾਂ ਆਰਮੀ ਭੇਜਦੇ ਹੁੰਦੇ ਸੀ। ਅੱਜ ਰਾਜ ਬਾਰੇ ਭਾਵੇਂ ਲੋਕਾਂ ਨੇ ਫੈਸਲਾ ਕਰਨਾ ਹੈ ਪਰ ਜਿਹੜਾ ਟੈਰਰ ਫੈਲਾਇਆ ਜਾ ਰਿਹਾ ਹੈ (ਸ਼ੋਰ, ਵਿਘਨ) ਦੂਜੀ ਘੰਟੀ ਉਦੋਂ ਵੱਜ ਜਾਂਦੀ, ਮਾਨਯੋਗ ਮੁੱਖ ਮੰਤਰੀ ਸਾਹਿਬ...

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ): ਪੁਆਇੰਟ ਆਫ਼ ਆਰਡਰ, ਸਪੀਕਰ ਸਾਹਿਬ।

ਮਾਨਯੋਗ ਸਪੀਕਰ: ਤੁਹਾਡਾ ਕੋਈ ਪੁਆਇੰਟ ਆਫ਼ ਆਰਡਰ ਹੈ?

Original with;
Punjab Vidhan Sabha
Digitized by;
Punjab Digital Library

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ ਮਾਮਲੇ ਮੰਤਰੀ: ਹਾਂ ਜੀ, ਸਪੀਕਰ ਸਾਹਿਬ। ਜਿਹੜਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ ....(ਸ਼ੋਰ, ਵਿਘਨ).......

ਮਾਨਯੋਗ ਸਪੀਕਰ: ਤੁਸੀਂ ਸੁਣਨ ਤਾਂ ਦਿਉ।

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ ਮਾਮਲੇ ਮੰਤਰੀ: ਸਪੀਕਰ ਸਾਹਿਬ, with due respect to Jakhar Sahib, ਅੱਜ ਤਾਂ ਇਹ ਆਏ ਹੀ ਨਹੀਂ (ਕੈਪਟਨ ਅਮਰਿੰਦਰ ਸਿੰਘ ਦੀ ਸੀਟ ਵੱਲ ਇਸ਼ਾਰਾ) ਪਤਾ ਨਹੀਂ, ਉੱਠੇ ਹੀ ਨਹੀਂ ਹੋਣੇ। ਰੱਬ ਜਾਣੇ ਕੀ ਮਾਮਲਾ ਹੈ।

ਸਰਦਾਰ ਲਾਲ ਸਿੰਘ: ਪੁਆਇੰਟ ਆਫ਼ ਆਰਡਰ, ਸਪੀਕਰ ਸਾਹਿਬ।

ਮਾਨਯੋਗ ਸਪੀਕਰ: ਪੁਆਇੰਟ ਆਫ਼ ਆਰਡਰ ਇੱਧਰ ਵਾਲਿਆਂ ਨੇ ਲੈਣਾ ਹੈ ਕਿ ਉਧਰ ਵਾਲਿਆਂ ਨੇ ਲੈਣਾ ਹੈ ?

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮੰਤਰੀ: ** **

ਮਾਨਯੋਗ ਸਪੀਕਰ: ਨਹੀਂ ਜੀ। ਜਾਖੜ ਸਾਹਿਬ, ਤੁਸੀਂ ਬੋਲੋ।

ਸਰਦਾਰ ਲਾਲ ਸਿੰਘ: ਪੁਆਇੰਟ ਆਫ਼ ਆਰਡਰ, ਸਪੀਕਰ ਸਾਹਿਬ।

ਮਾਨਯੋਗ ਸਪੀਕਰ: ਤੁਸੀਂ ਪੁਆਇੰਟ ਆਫ਼ ਆਰਡਰ ਕਿਸ ਗੱਲ ਦਾ ਲੈਣਾ ਹੈ? ਤੁਹਾਡਾ ਲੀਡਰ ਬੋਲ ਰਿਹਾ ਹੈ ਅਤੇ ਤੁਸੀਂ ਉਸ ਦਾ ਟਾਈਮ ਵੇਸਟ ਕਰ ਰਹੇ ਹੋ। Please sit down (ਸ਼ੋਰ, ਵਿਘਨ)

ਸਰਦਾਰ ਲਾਲ ਸਿੰਘ: ਸਪੀਕਰ ਸਾਹਿਬ, ਹਾਊਸ ਦੀ ਇਹ ਮਰਿਆਦਾ ਹੈ ਕਿ ਲੀਡਰ ਆਫ਼ ਦਿ ਹਾਊਸ ਬੋਲੇ ਜਾਂ ਲੀਡਰ ਆਫ਼ ਦਿ ਆਪੋਜ਼ੀਸ਼ਨ ਬੋਲੇ ਤਾਂ ਉਸ ਨੂੰ ਟੋਕਣਾ ਨਹੀਂ ਹੈ। ਜੇ ਇਸ ਤਰ੍ਹਾਂ ਹੀ ਟੋਕਣਾ ਹੈ ਤਾਂ ਤੁਸੀਂ ਸਾਨੂੰ ਵੀ ਛੁੱਟੀ ਦਿਉ।

ਮਾਨਯੋਗ ਸਪੀਕਰ: ਤੁਹਾਡੇ ਆਪਣੇ ਹੀ ਬੰਦੇ ਨਹੀਂ ਹਟਦੇ।

ਸਰਦਾਰ ਲਾਲ ਸਿੰਘ: ਮਰਿਆਦਾ ਤੁਸੀਂ ਕਾਇਮ ਰੱਖਣੀ ਹੈ।

ਮਾਨਯੋਗ ਸਪੀਕਰ: ਤੁਹਾਡੀ ਆਪਣੀ ਪਾਰਟੀ ਦੇ ਬੰਦੇ ਹੀ ਨਹੀਂ ਹਟਦੇ।

ਸਰਦਾਰ ਲਾਲ ਸਿੰਘ: ਲੀਡਰ ਆਫ਼ ਦੀ ਆਪੋਜ਼ੀਸ਼ਨ ਨੂੰ ਤੁਸੀਂ ਬੋਲਣ ਹੀ ਨਹੀਂ ਦਿੰਦੇ। ਸਾਰਿਆਂ ਨੂੰ ਪੁਆਇੰਟ ਆਫ਼ ਆਰਡਰ ਦੇ ਰਹੇ ਹੋ। ਜੇਕਰ ਤੁਸੀਂ ਅਲਾਓ ਕਰਦੇ ਹੋ ਤਾਂ ਫੇਰ ਅਸੀਂ ਵੀ ਇਸੇ ਤਰ੍ਹਾਂ ਹੀ ਬੋਲੀਏ। (ਸ਼ੋਰ...ਵਿਘਨ)

** Not recorded as ordered by the Chair

Original with;
Punjab Vidhan Sabha
Digitized by;
Panjab Digital Library

ਸਿੱਖਿਆ, ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ (ਸਰਦਾਰ ਸਿਕੰਦਰ ਸਿੰਘ ਮਲੂਕਾ): ਸਰਦਾਰ ਲਾਲ ਸਿੰਘ, ਤੁਸੀਂ ਰਿਕਾਰਡ ਕਢਾ ਲਓ। ਤੁਹਾਡੇ ਆਪਣੇ ਬੰਦੇ ਹੀ ਜ਼ਿਆਦਾ ਰੌਲਾ ਪਾਉਂਦੇ ਹਨ। (ਸ਼ੋਰ, ਵਿਘਨ)....

ਸ਼੍ਰੀ ਸੁਨੀਲ ਕੁਮਾਰ ਜਾਖੜ: ਸਪੀਕਰ ਸਾਹਿਬ, ਦੋਵੇਂ ਆਨਰੇਬਲ ਮਨਿਸਟਰਜ਼ ਨੇ ਮੇਰਾ ਪੁਆਇੰਟ ਅਪਰੂਵ ਕਰ ਦਿੱਤਾ ਹੈ। ....

ਸਿੱਖਿਆ, ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ: ਸਪੀਕਰ ਸਾਹਿਬ, ਕੀ ਟਾਈਮ ਉਨਾ-ਉਨਾ ਹੀ ਮਿਲੇਗਾ ਜਾਂ ਫਿਰ ਵਧਾਉਗੇ ਜੀ?

ਮਾਨਯੋਗ ਸਪੀਕਰ: ਨਹੀਂ ਜੀ, ਸਮਾਂ ਉਨਾ ਹੀ ਮਿਲੇਗਾ। 45 ਮਿੰਟ ਇਨ੍ਹਾਂ ਦੇ ਚਲੇ ਗਏ ਹਨ। ਜਾਖੜ ਸਾਹਿਬ, ਤੁਹਾਡੇ 45 ਮਿੰਟ ਚਲੇ ਗਏ ਹਨ।

ਸ਼੍ਰੀ ਸੁਨੀਲ ਕੁਮਾਰ ਜਾਖੜ: ਬੱਸ ਜੀ, ਮੈਂ ਖ਼ਤਮ ਕਰ ਦਿੰਦਾ ਹਾਂ। ਮੇਰੇ ਕਹਿਣ ਦਾ ਭਾਵ ਹੈ ਕਿ ਬਾਦਲ ਸਾਹਿਬ ਕੋਲ ਘੰਟੀ ਤਾਂ ਉਸੇ ਦਿਨ ਵੱਜ ਜਾਣੀ ਚਾਹੀਦੀ ਸੀ ਕਿ ਕੋਈ ਨਾ ਕੋਈ ਇੱਥੇ ਨੁਕਸ ਹੈ ਪਰ ਜਿਹੜਾ ਇਹ ਐਂਟੀ ਸ਼ੋਸ਼ਲ ਵਾਇਰਸ ਵੜਿਆ ਹੈ, ਇਹ ਕੋਈ ਏਅਰ ਬੌਰਨ ਵਾਇਰਸ ਨਹੀਂ ਸੀ, ਇਹ ਇੰਜੈਕਟਿਵ ਹੈ। ਇਹ ਲੋਕਾਂ ਨੂੰ ਇਨ੍ਹਾਂ ਨੇ ਅੱਗੇ ਕਰ ਕਰ ਕੇ ਜਿਹੜਾ ਆਪਣਾ ਡੈਮੋਕਰੇਸੀ ਦਾ ਫੰਡਾਮੈਂਟਲ ਸਿਸਟਮ ਹੈ, ਉਸ ਦੇ ਵਿੱਚ ਜਿਹੜੇ ਹਲਕਾ ਇੰਚਾਰਜ ਛੱਡੇ ਹੋਏ ਹਨ, ਉਨ੍ਹਾਂ ਨੂੰ ਜਿਹੜੇ ਠੇਕੇ ਦੇ ਰੱਖੇ ਹਨ, ਉਨ੍ਹਾਂ ਨੇ ਅੱਗੇ ਫੌਜਾਂ ਕਰੀਏਟ ਕਰ ਰੱਖੀਆਂ ਹਨ। ਅਸੀਂ ਇਸ ਕਰਕੇ ਬੌਦਰਡ ਨਹੀਂ ਹਾਂ ਕਿ ਉਹ ਕਿਤੇ ਜਾ ਕੇ ਨੀਂਹ ਪੱਥਰ ਲਗਾ ਕੇ ਆ ਰਹੇ ਹਨ ਜਾਂ ਕਿਤੇ ਹੋਰ ਕੁਝ ਕਰਕੇ ਆ ਰਹੇ ਹਨ।... (ਵਿਘਨ ਸ਼ੋਰ)... ਅਸੀਂ ਤਾਂ ਲਾਅ ਐਂਡ ਆਰਡਰ ਦੇ ਬਾਰੇ ਕਹਿਣਾ ਚਹੁੰਦੇ ਹਾਂ... (ਵਿਘਨ...)

Mr. Speaker: Please, don't disturb.

ਸ਼੍ਰੀ ਸੁਨੀਲ ਕੁਮਾਰ ਜਾਖੜ: ਸਪੀਕਰ ਸਾਹਿਬ, ਜਿਹੜੇ ਹਲਕਾ ਇੰਚਾਰਜ ਹਨ, ਉਨ੍ਹਾਂ ਨੇ ਫੌਜਾਂ ਬਣਾ ਰੱਖੀਆਂ ਹਨ। ਉਨ੍ਹਾਂ ਨੇ ਐਂਟੀ ਐਲੀਮੈਂਟਸ ਨੂੰ ਲੈ ਕੇ ਇਸ ਤਰੀਕੇ ਦਾ ਸਿਸਟਮ ਬਣਾ ਰੱਖਿਆ ਹੈ ਅਤੇ ਹਲਕਿਆਂ ਵਿੱਚ ਦਹਿਸ਼ਤ ਫੈਲਾ ਰੱਖੀ ਹੈ। ਸਾਡੇ ਫੌਰਮਰ ਮਨਿਸਟਰ ਆਫ਼ ਸਟੇਟ ਰਹੇ ਹਨ, ** ਉਨ੍ਹਾਂ ਦੇ ਭਰਾ ਨੂੰ ਦਾਰੂ ਦੇ ਠੇਕੇਦਾਰ ਘਰੋਂ ਚੁੱਕ ਕੇ ਲੈ ਜਾਂਦੇ ਹਨ ਅਤੇ ਥਾਣੇ ਵਿੱਚ ਕੁਟਾਉਂਦੇ ਹਨ ਅਤੇ ਕਹਿੰਦੇ ਹਨ ਕਿ ਉਸ ਦੇ ਘਰ ਦਾਰੂ ਦੀ ਪੇਟੀ ਪਈ ਸੀ। ਥਾਣੇਦਾਰ ਨੂੰ ਫੋਨ ਕਰਦੇ ਹਨ ਕਿ ਹਲਕਾ ਇੰਚਾਰਜ ਦਾ ਟੈਲੀਫੋਨ ਆ ਗਿਆ। ਇਹ ਫੈਕਟਸ ਹਨ। ਪਲੀਜ਼, ਇਨ੍ਹਾਂ ਨੂੰ ਚੈੱਕ ਕਰੋ ** ਉਸ ਨੂੰ ਅਤੇ ਉਸ ਦੇ ਲੜਕੇ ਨੂੰ ਲੈ ਗਏ। ਉਸਦੀ ਕੰਪਲੇਂਟ ਦਰਜ ਨਹੀਂ ਹੋਈ ਤੇ ਉਸ ਦੇ ਉੱਤੇ....

** Expunged as ordered by the Chair

Original with;
Punjab Vidhan Sabha
Digitized by;
Panjab Digital Library

ਮਾਨਯੋਗ ਸਪੀਕਰ: ਜਿਹੜਾ ਮੈਂਬਰ ਸਦਨ ਵਿੱਚ ਹਾਜ਼ਰ ਨਹੀਂ ਹੈ, ਆਪਾਂ ਉਸ ਬਾਰੇ ਕਿਉਂ ਗੱਲ ਕਰਦੇ ਹਾਂ? He can't explain his position.

ਸ਼੍ਰੀ ਸੁਨੀਲ ਕੁਮਾਰ ਜਾਖੜ: ਬਾਦਲ ਸਾਹਿਬ, ਤੁਸੀਂ ਰੋਜ਼ ਗੱਲ ਕਰਦੇ ਹੋ ਕਿ ਕਾਂਸਟੀਚਿਊਸ਼ਨ ਨੂੰ ਚੇਂਜ ਕਰ ਲਉ ਕਿਉਂਕਿ ਸੈਂਟਰ ਤੇ ਸਟੇਟ ਦਾ ਫੈਡਰਲ ਸਿਸਟਮ ਵਿਗੜਦਾ ਜਾ ਰਿਹਾ ਹੈ। ਅਸੀਂ ਕਹਿੰਦੇ ਹਾਂ ਕਿ ਇੱਥੇ ਵੀ ਸਿਸਟਮ ਚੇਂਜ ਕਰ ਦਿਉ ਕਿ ਇਕੱਲਾ ਮੁੱਖ ਮੰਤਰੀ ਬਣ ਜਾਵੇ, ਉਸ ਤੋਂ ਬਾਅਦ ਹਲਕਾ ਇੰਚਾਰਜ ਬਣਾ ਦਿਆ ਕਰੋ ਅਤੇ ਜਿਹੜੇ ਆਹ ਇੱਧਰ 47 ਬੈਠੇ ਹਨ, ਇਨ੍ਹਾਂ ਦੀ ਵੀ ਹਲਕਾ ਇੰਚਾਰਜਾਂ ਵਜੋਂ ਲਿਸਟ ਬਣਾ ਦਿਉ ਅਤੇ ਅਸੀਂ ਇੱਥੇ ਆਉਣਾ ਬੰਦ ਕਰ ਦਿਆ ਕਰਾਂਗੇ। ਜਿਹੜੇ ਹਲਕਾ ਇੰਚਾਰਜ ਉਥੇ ਬਣਾ ਰੱਖੇ ਹਨ, ਉਹ ਲੋਕਾਂ ਨਾਲ ਧੱਕਾ ਕਰ ਰਹੇ ਹਨ। ਮੈਂ ਕੇਸਾਂ ਵਿੱਚ ਨਹੀਂ ਪੈਣਾ। ਮੈਂ ਕਿਸੇ ਦਾ ਨਾਂ ਨਹੀਂ ਲੈ ਰਿਹਾ। ਇੱਕ ਬੱਚੀ ਨੂੰ ਜਲਾ ਕੇ ਮਾਰ ਦਿੱਤਾ ਜਾਂਦਾ ਹੈ। ਮਿੱਟੀ ਦਾ ਤੇਲ ਸੁੱਟ ਕੇ ਜਲਾ ਦਿੱਤਾ ਜਾਂਦਾ ਹੈ, ਉਸ ਦੇ ਜਲਾਉਣ ਵਾਲਿਆਂ ਤੇ ਪਰਚਾ ਦਰਜ ਨਹੀਂ ਹੁੰਦਾ, ਸਗੋਂ ਉਸ ਬੱਚੀ ਦੇ ਪੇਰੈਂਟਸ ਤੇ 452 ਧਾਰਾ ਦਾ ਪਰਚਾ ਦਰਜ ਹੋ ਜਾਂਦਾ ਹੈ। ਉਸ ਤਰ੍ਹਾਂ ਇਹ ਕਹਿੰਦੇ ਹਨ ਕਿ ਇੱਥੇ ਰਾਮ ਰਾਜ ਹੈ। ਦੋਸ਼ ਲਗਾਏ ਜਾਂਦੇ ਹਨ ਕਿ ਉਹ ਲੜਕੀ ਦੇ ਸਹੁਰਿਆਂ ਦੇ ਘਰ ਜਾ ਵੜੇ। ਉਹ ਸਾਡੇ ਖੂਹੀਆਂ ਸਰਵਰ ਦੇ ਰਹਿਣ ਵਾਲੇ ਹਨ। ਮੈਂ ਉਸ ਕੇਸ ਦਾ ਨੰਬਰ ਵੀ ਤੁਹਾਨੂੰ ਦੇ ਦੇਵਾਂਗਾ ਜੀ। ਲੜਕੀ ਬੱਲੂਆਣੇ ਵਿਆਹੀ ਹੋਈ ਸੀ, ਉਸ ਨੂੰ ਜਲਾ ਦਿੱਤਾ ਗਿਆ। ਹਲਕਾ ਇੰਚਾਰਜ ਨੇ ਫੋਨ ਕਰ ਦਿੱਤਾ ਕਿ ਇਨ੍ਹਾਂ ਉੱਤੇ ਧਾਰਾ 452 ਲਗਾ ਦਿਉ, ਨਾ ਤਾਂ ਉਹ ਧਾਰਾ 452 ਹੀ ਟੁੱਟੀ ਅਤੇ ਨਾ ਹੀ ਮੁਲਜ਼ਮ ਮਾਰਨ ਵਾਲੇ ਫੜੇ ਗਏ ਕਿਉਂਕਿ ਹਲਕਾ ਇੰਚਾਰਜ ਦਾ ਫੋਨ ਆ ਗਿਆ। ਹਲਕਾ ਇੰਚਾਰਜਾਂ ਦੀ ਹੋਰ ਗੱਲ ਕਰਦੇ ਹਾਂ, ਜ਼ਿਮੀਦਾਰਾਂ ਦੇ ਕੇਸਾਂ ਵਿੱਚ ਵੀ ਹਲਕਾ ਇੰਚਾਰਜ ਪੁਲਿਸ ਨੂੰ ਇਸਤੇਮਾਲ ਕਰ ਰਹੇ ਹਨ। ਮੈਂ ਪਰਟੀਕੂਲਰ ਕੇਸ ਦੱਸੇ ਹਨ। ਮੇਰੇ ਹਰੇਕ ਸਾਥੀ ਕੋਲ ਆਪਣੇ-ਆਪਣੇ ਹਲਕਿਆਂ ਦੇ ਕੇਸ ਪਏ ਹਨ, ਮੈਂ ਇੱਥੇ ਡਿਟੇਲ ਵਿੱਚ ਦੇਣੇ ਨਹੀਂ ਚਾਹੁੰਦਾ। ਸਾਡੇ ਅਬੋਹਰ ਵਿੱਚ ਇੱਕ ਕੱਲਰਖੇੜੇ ਪਿੰਡ ਦਾ ਕੇਸ ਹੈ। ਐਨ.ਆਰ.ਆਈ ਮਹਿਕਮਾ ਵੀ ਆ ਜਾਂਦਾ ਹੈ। ਮਜੀਠੀਆ ਸਾਹਿਬ, ਹੁਣ ਮੈਂ ਤੁਹਾਡਾ ਨਾਂ ਲੈ ਰਿਹਾ ਹਾਂ। For your kind attention. ਮੈਂ ਇੱਥੇ ਗੈਲਰੀ ਵਿੱਚ ਨਾਲ ਲੈ ਕੇ ਆਇਆ ਹਾਂ, ਬਾਹਰ ਆਫਿਸ ਵਿੱਚ ਇੱਕ ਐਨ.ਆਰ.ਆਈ. ਦੀ ਮਾਤਾ ਬੈਠੀ ਹੈ। ਸਾਲ ਹੋ ਗਿਆ ਹੈ। ਪਿਛਲੇ ਸਾਲ ਸਤੰਬਰ-ਅਕਤੂਬਰ ਮਹੀਨੇ ਵਿੱਚ ਬਟਾਲੇ ਤਹਿਸੀਲ ਵਿੱਚ ਉਸ ਦੇ ਸਾਹਮਣੇ ਉਸ ਨੂੰ ਫੜ ਕੇ ਲੰਮਾ ਪਾ ਕੇ ਗੋਲੀਆਂ ਮਾਰੀਆਂ ਗਈਆਂ, ਉਸ ਦੇ ਛੇ ਗੋਲੀਆਂ ਮਾਰੀਆਂ ਸਨ। ਆਪਾਂ ਕਹਿੰਦੇ ਹਾਂ ਕਿ ਐਨ.ਆਰ.ਆਈਜ਼

Original with;
Punjab Vidhan Sabha
Digitized by;
Panjab Digital Library

ਨੂੰ ਪ੍ਰੋਟੈਕਸ਼ਨ ਦਿਆਂਗੇ ਤੇ ਉਨ੍ਹਾਂ ਵਾਸਤੇ ਸਪੈਸ਼ਲ ਥਾਣੇ ਬਣਾਵਾਂਗੇ। ਇਨ੍ਹਾਂ ਕੇਸਾਂ ਵਿੱਚ ਫਿਰ ਕੀ ਹੋ ਗਿਆ? ਆਮ ਬੰਦੇ ਨੂੰ ਤਾਂ ਇਹ ਪ੍ਰੋਟੈਕਸ਼ਨ ਦੇ ਨਹੀਂ ਸਕਦੇ। ਐਨ.ਆਰ.ਆਈਜ਼ ਨੂੰ ਪ੍ਰੋਟੈਕਸ਼ਨ ਦੇਣ ਦੀ ਗੱਲ ਕਰ ਰਹੇ ਹਨ। ਇੱਥੇ ਕਿਸੇ ਦੀ ਪ੍ਰੋਟੈਕਸ਼ਨ ਨਹੀਂ ਹੈ। ਬਾਦਲ ਸਾਹਿਬ, ਤੁਸੀਂ ਤਾਂ ਜਾਣਦੇ ਹੋਵੋਗੇ ਸੀਰੀਆਂ ਬਾਰੇ ਕਿ ਸੀਰੀ ਵਿਚਾਰਾ ਕਦੇ ਨਾ ਕਦੇ ਛੁੱਟੀ ਲੈਂਦਾ ਹੈ। ਉਸ ਸੀਰੀ ਨੇ ਐਡਵਾਂਸ 25000 ਰੁਪਿਆ ਫੜ੍ਹਿਆ ਹੋਵੇਗਾ। ਤੁਹਾਡਾ ਛੋਰਖੇਡਾ ਪਿੰਡ ਦਾ ਸਰਪੰਚ ਹੈ, ਉਹ ਹਲਕਾ ਇੰਚਾਰਜ ਤੋਂ ਕਹਾ ਕੇ ਲੈ ਗਿਆ ਅਤੇ ਸੀਰੀ ਨੂੰ ਢਾਹ ਥਾਣੇਦਾਰਾਂ ਨੇ ਲਿਆ ਜੀ। ਕਹਿੰਦੇ ਕਿ ਜੱਟ ਦੇ ਰੁਪਈਏ ਦੇ। ਸੀਰੀਆਂ ਨੂੰ ਫੜ੍ਹਿਆ ਜਾਂਦਾ ਹੈ। ਇਹ ਪਾਰਟੀ ਜਿਹੜੀ ਕਿ ਕਿਸਾਨਾਂ ਦੀ ਪਾਰਟੀ ਕਹਾਉਂਦੀ ਹੈ। ਤੁਸੀਂ ਕਿਸਾਨਾਂ ਦੀ ਪਾਰਟੀ ਬਣਦੇ ਹੋ। ਬਾਦਲ ਸਾਹਿਬ, ਤੁਹਾਡੀ ਇਲੈਕਸ਼ਨਾਂ ਤੋਂ ਪਹਿਲਾਂ ਮੋਗੇ ਵਿਖੇ ਰੈਲੀ ਹੋਈ ਸੀ। ਤੁਹਾਨੂੰ ਧਿਆਨ ਹੋਣਾ ਹੈ। ਬਹੁਤ ਵੱਡੀ ਰੈਲੀ ਹੋਈ ਸੀ। ਤੁਸੀਂ ਕਿਹਾ ਸੀ ਕਿ ਹੈਲੀਕਾਪਟਰ ਲੈ ਕੇ ਗਏ ਸੀ ਅਤੇ ਉਤੋਂ ਸਰਵੇ ਕਰਵਾਇਆ ਸੀ। ਤੁਸੀਂ ਉਥੇ ਜ਼ਮੀਨ ਲਈ ਸੀ। ਉਸ ਜ਼ਮੀਨ ਦੀ ਪੇਮੈਂਟ ਕਿਸਾਨਾਂ ਨੂੰ ਦਿੱਤੀ ਗਈ। ਖੜ੍ਹੀ ਫ਼ਸਲ ਉਜੜ ਗਈ ਸੀ। ਤੁਸੀਂ ਕਿਹਾ ਸੀ ਕਿ ਤੁਹਾਡੀ ਖੜ੍ਹੀ ਫ਼ਸਲ ਉਜੜੀ ਹੈ। ਸਪੀਕਰ ਸਾਹਿਬ, ਅੱਜ ਤੁਸੀਂ ਸੁਣਿਆ ਹੈ ਕਿ ਮੋਗੇ ਦਾ ਐੱਸ.ਐੱਸ.ਪੀ. ਹੈ। ਇੱਥੇ ਸ੍ਰੀ ਜੋਗਿੰਦਰਪਾਲ ਜੈਨ ਜੀ ਬੈਠੇ ਹਨ। ਮੋਗੇ ਦਾ ਐੱਸ.ਐੱਸ ਪੀ. ਜ਼ਿਮੀਂਦਾਰਾਂ ਨੂੰ ਬੁਲਾ ਕੇ ਪੈਸੇ ਵਾਪਸ ਕਰਵਾ ਰਿਹਾ ਹੈ। ਕੀ ਐੱਸ.ਏ.ਡੀ. ਇੰਨੀ ਕੰਗਾਲ ਹੋ ਗਈ ਹੈ। 25000-25000 ਰੁਪਿਆ ਕਿੱਲੇ ਦਾ ਦਿੱਤਾ ਸੀ। ਜਦੋਂ ਗੱਲ ਅਖ਼ਬਾਰਾਂ ਵਿੱਚ ਆ ਗਈ, ਉਦੋਂ ਐੱਸ.ਐੱਸ.ਪੀ. ਬਿਆਨ ਦਿੰਦਾ ਹੈ ਕਿ ਜ਼ਿਮੀਂਦਾਰ ਤਾਂ ਮੇਰੇ ਕੋਲ ਪੈਸੇ ਦੇਣ ਨੂੰ ਆ ਕੇ ਮੰਨ ਗਏ ਸੀ। ਦੇਖੋ ਜੀ, ਕੋਈ ਜ਼ਿਮੀਂਦਾਰ ਜਾ ਕੇ ਪੈਸੇ ਮੋੜਦਾ ਹੈ? ਜਾਂ ਤਾਂ ਤੁਹਾਡੇ ਐਨੀ ਭੁੱਖ ਹੋ ਗਈ ਸੀ ਕਿ ਪਾਰਟੀ ਵਿੱਚ ਪੈਸਾ ਹੈ ਨਹੀਂ ਸੀ, ਜਿਸ ਕਰਕੇ ਜ਼ਿਮੀਂਦਾਰਾਂ ਤੋਂ ਐਸ.ਐਸ.ਪੀ. ਰਿਕਵਰੀ ਕਰਵਾ ਰਿਹਾ ਹੈ। ਸੁਪਰੀਮ ਕੋਰਟ ਦੇ ਆਰਡਰ ਆਏ, ਬੈਂਕਾਂ ਨੇ ਵੀ ਬਦਮਾਸ਼ ਪਾਲੇ ਹੋਏ ਸਨ, ਰਿਕਵਰੀ ਏਜੰਟ ਗੱਡੀ ਚੁੱਕ ਲਿਆਂਦੇ ਸੀ, ਘਰੇ ਵੜ੍ਹ ਜਾਂਦੇ ਸੀ ਕਿ ਤੁਸੀਂ ਲੋਨ ਲਿਆ ਹੈ, ਆਹ ਅਸੀਂ ਕਾਬੂ ਕਰ ਲਈਏ। ਫਿਰ ਸੁਪਰੀਮ ਕੋਰਟ ਵੱਲੋਂ ਇਹ ਕੰਮ ਬੰਦ ਕਰਵਾ ਦਿੱਤਾ ਗਿਆ। ਵਰਦੀਆਂ ਨੂੰ ਤੁਸੀਂ ਇਸ ਕਿਸਮ ਦਾ ਕਰ ਦਿੱਤਾ ਕਿ ਥਾਣਿਆਂ ਵਿੱਚ ਕਿ ਇੱਕ ਥਾਣੇਦਾਰ ਆਪਣੀ ਬੱਚੀ ਨੂੰ ਨਹੀਂ ਬਚਾ ਸਕਿਆ। ਤੁਸੀਂ ਪੂਰੀ ਪੁਲਿਸ ਨੂੰ ਰਗੜ ਕੇ ਰੱਖ ਦਿੱਤਾ ਹੈ। ਐਸ.ਐਸ.ਪੀ. ਕਿੰਨੇ ਲੱਗੇ ਹਨ? 27 ਜਾਂ 26 ਲਗਾ ਰੱਖੇ ਹਨ ....(ਵਿਘਨ)...(ਸ਼ੋਰ) ਮੈਂ ਤਾਂ ਤੁਹਾਡਾ ਧਿਆਨ ਕਰਵਾ ਰਿਹਾ ਹਾਂ। ਮੇਰੇ ਕੋਲ ਤਾਂ ਸਾਰੀ ਫਿਗਰ ਹੈ। ਮੈਂ ਤਾਂ ਤੁਹਾਡੇ ਤੋਂ ਪੁੱਛਣ ਲੱਗਾ ਹਾਂ ਕਿ ਆਈ.ਪੀ.ਐੱਸ. ਕਿੰਨੇ ਹਨ। ਮੈਂ ਤਾਂ ਇੱਕ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸੁਨੀਲ ਕੁਮਾਰ ਜਾਖੜ]

ਸਵਾਲ ਕਰਦਾ ਹਾਂ ਕਿ ਕਿਉਂ ਇਨ੍ਹਾਂ ਨੂੰ ਇਸ ਪਾਸੇ ਤੋਰੀ ਜਾ ਰਹੇ ਹਨ, ਉਹ ਸਿਸਟਮ ਨੂੰ ਕਿਵੇਂ ਸੁਧਾਰਨਗੇ? ਕਹਿੰਦੇ ਹਨ ਕਿ ਬੜਾ ਸੀਰੀਅਸ ਨੋਟ ਲਿਆ ਸੁਖਬੀਰ ਜੀ ਨੇ ਅਤੇ ਪੁਲਿਸ ਕੰਪਲੇਂਟ ਸੈੱਲ ਉਥੇ ਖੋਲ੍ਹ ਦਿੱਤਾ ਹੈ। ਕੀ ਉਸ ਤੋਂ ਪਹਿਲਾਂ ਹੈ ਨਹੀਂ ਸੀ ਪੁਲਿਸ ਕੰਪਲੇਂਟ ਸੈੱਲ? (ਸ਼ੋਰ) ਸਪੀਕਰ ਸਾਹਿਬ, ਬਾਦਲ ਸਾਹਿਬ ਨੇ ਕਿਹਾ ਅਤੇ ਇਸ ਗੱਲ ਦਾ ਇਤਰਾਜ਼ ਜਤਾਇਆ ਹੈ ਕਿ ਮਿੰਟ ਕੁ ਹੁੰਦਾ, ਉਥੇ ਦਿੱਲੀ ਜਾ ਵੜਦੇ ਹਨ। ਬਾਦਲ ਸਾਹਿਬ ਨੇ ਤਾਂ ਕਿਹਾ ਸੀ ਕਿ ਜੇ ਕੋਈ ਪੁਲਿਸ ਕੰਪਲੇਂਟ ਹੈ ਤਾਂ ਤੁਸੀਂ ਮੇਰੇ ਕੋਲ ਆ ਜਾਇਓ, ਮੈਂ ਉਸ ਗੱਲ ਦੇ ਫੰਡਾਮੈਂਟਲੀ ਖਿਲਾਫ਼ ਹਾਂ ਕਿ ਮੈਂ ਕਿਉਂ ਇਨ੍ਹਾਂ ਕੋਲ ਜਾਵਾਂ। System should be capable to deliver. For justice, why should anybody go to CM ? ਜਦੋਂ ਇਥੇ ਹੋਮ ਮਨਿਸਟਰ ਸਾਹਿਬ ਆਏ... ਕਹਿੰਦੇ ਫਿਰ ਇਸ ਦਾ ਇਲਾਜ ਕੀ ਹੈ? ਮੈਂ ਕਿਹਾ ਕਿ ਇਲਾਜ ਜਿਹੜੇ ਇਹ ਪੁਲਿਸ ਰਿਫਾਰਮਜ਼ ਐਕਟ ਦੀ ਗੱਲ ਕਰ ਰਹੇ ਹਨ, ਜਿਥੇ ਲਾਗੂ ਕਰ ਰਹੇ ਹਨ, ਉਸ ਦੇ ਵਿੱਚ ਇੱਕ ਪੁਲਿਸ ਕੰਪਲੇਂਟ ਅਥਾਰਟੀ ਬਣਾਉਣ ਦੀ ਗੱਲ ਆਈ ਹੈ। Why don't you talk to Hon'ble CM ਕਿ ਪੁਲਿਸ ਕੰਪਲੇਂਟ ਅਥਾਰਟੀ ਇਥੇ ਲਾਗੂ ਕਰਵਾ ਦਿਉ। ਤੁਸੀਂ ਇਹ ਗੱਲ ਕਰੋ, ਫਿਰ ਚੈੱਕ ਕਰਾਂਗੇ, then he thought for a while ਉਹ ਕਹਿਣ ਲੱਗੇ ਕਿ let me first find out ਕਿ ਪੰਜਾਬ ਵਿੱਚ ਇਹ ਅਥਾਰਟੀ ਬਣੀ ਹੈ ਕਿ ਨਹੀਂ। ਮੈਂ ਕਿਹਾ I am telling you ਸਾਡੇ ਤਾਂ ਨੋਟਿਸ ਵਿੱਚ ਹੈ ਨਹੀਂ, ਫਿਰ ਉਨ੍ਹਾਂ ਨੇ ਕਿਹਾ ਕਿ let me confirm please. ਉਨ੍ਹਾਂ ਨੇ ਮੇਰੇ ਸਾਹਮਣੇ ਹੋਮ ਮਨਿਸਟਰੀ, ਦਿੱਲੀ ਟੈਲੀਫੋਨ ਕੀਤਾ ਅਤੇ ਉਥੋਂ ਉਨ੍ਹਾਂ ਨੂੰ ਜਵਾਬ ਆਇਆ ਕਿ ਪੰਜਾਬ ਵਿੱਚ ਪੁਲਿਸ ਕੰਪਲੇਂਟ ਅਥਾਰਟੀ ਬਣ ਗਈ ਹੈ। ਹੁਣ ਮੈਂ ਕਿਵੇਂ ਹੋਮ ਮਨਿਸਟਰ ਨੂੰ ਚੈਲੰਜ ਕਰਾਂ। ਮੈਂ ਕਿਹਾ ਜੀ ਮੇਰੇ ਧਿਆਨ ਵਿੱਚ ਤਾਂ ਹੈ ਨਹੀਂ, If you say ਤਾਂ ਸੀ.ਐਮ. ਸਾਹਿਬ ਨੂੰ ਪੁੱਛ ਲਓ, ਅੱਗੋਂ ਹੋਮ ਮਨਿਸਟਰ ਸਾਹਿਬ ਕਹਿਣ ਲੱਗੇ ਕਿ It would have been every embarrassing for me if I had spoken to the CM ਪਰ ਮੈਂ ਉਸ ਗੱਲ ਨੂੰ ਛੱਡਿਆ ਨਹੀਂ। ਮੈਂ ਆਰ.ਟੀ.ਆਈ. ਰਾਹੀਂ ਇਨਫਰਮੇਸ਼ਨ ਮੰਗੀ, ਪਹਿਲਾਂ ਤਾਂ ਮੈਂ ਆਪਣੇ ਮਹਿਕਮੇ ਵਿੱਚੋਂ ਮੰਗੀ, ਉਥੋਂ ਜਵਾਬ ਆ ਗਿਆ ਕਿ ਮੰਗੀ ਸੂਚਨਾ ਬਾਰੇ ਦੱਸਿਆ ਜਾਂਦਾ ਹੈ ਕਿ ਗ੍ਰਹਿ ਵਿਭਾਗ ਵੱਲੋਂ ਅਜੇ ਤੱਕ ਸਟੇਟ ਲੈਵਲ ਅਤੇ ਜ਼ਿਲ੍ਹਾ ਲੈਵਲ ਤੇ ਪੁਲਿਸ ਕੰਪਲੇਂਟ ਅਥਾਰਟੀ ਸੈੱਲ ਨਹੀਂ ਬਣਾਏ ਗਏ ਜਿਸ ਕਰਕੇ ਆਪ ਜੀ ਨੂੰ ਕੋਈ ਕਾਪੀ ਨਹੀਂ ਦਿੱਤੀ ਜਾ ਸਕਦੀ। ਮੈਂ ਕਿਹਾ ਇਹ ਤਾਂ ਮੈਂ ਵੀ ਕਹਿ ਰਿਹਾ ਸੀ... ਫਿਰ ਹੋਮ ਮਨਿਸਟਰ ਸਾਹਿਬ ਨੇ ਕਿਵੇਂ

Original with;
Punjab Vidhan Sabha
Digitized by;
Panjab Digital Library

ਗੱਲ ਕਰ ਦਿੱਤੀ? ਇਹ ਇੱਕ ਚਿੱਠੀ ਡਿਪਟੀ ਸੈਕਟਰੀ, ਡਿਪਾਰਟਮੈਂਟ ਆਫ ਹੋਮ, ਦਿੱਲੀ ਨੂੰ ਐਡਰੈਸ ਕਰਕੇ ਇਥੋਂ ਦੇ ਅੰਡਰ ਸੈਕਟਰੀ, ਹੋਮ ਡਿਪਾਰਟਮੈਂਟ, ਪੰਜਾਬ ਨੇ ਭੇਜੀ ਹੈ। ਉਸ ਦੀ ਕਾਪੀ ਮੈਂ ਤੁਹਾਨੂੰ ਦਿੰਦਾ ਹਾਂ। ਇਹ ਰਾਜ ਸਭਾ ਵਿੱਚ ਅਨਸਟਾਰਡ ਪ੍ਰਸ਼ਨ ਨੰ: 5097 ਲੱਗਿਆ ਸੀ। ਸਰ, ਤੁਹਾਡੇ ਅੰਡਰ ਸੈਕਟਰੀ, ਹੋਮ ਡਿਪਾਰਟਮੈਂਟ, ਮਿਸਟਰ ਵਿਨੋਦ ਸ਼ਰਮਾ ਤੁਹਾਡੇ ਟਾਈਮ ਦੇ ਉਦੋਂ ਵੀ ਤੁਸੀਂ ਹੋਮ ਮਨਿਸਟਰ ਸੀ। ਸਵਾਲ ਸੀ "Whether the Union Government and the various State Governments have set up a Police Complaint Authorities and if so then please give the detail.".... ਫਿਰ ਉਹ ਸੂਚਨਾ ਹਰੇਕ ਸਟੇਟ ਤੋਂ ਮੰਗੀ ਗਈ। ਪੰਜਾਬ ਸਟੇਟ ਵੱਲੋਂ ਕਿਹਾ ਗਿਆ ਕਿ State Government has set up a complaint authority cell ਫਿਰ ਉਸ ਵਿੱਚ ਹੈ how much details and objectives to give justice to public and disposal of complaints on priority basis. ਫਿਰ ਹੈ total number of complaints received, two complaints have been received, two complaints came to the notice for the last 3 years. ਜਿਹੜਾ ਜਵਾਬ ਤੁਸੀਂ ਕੇਂਦਰ ਸਰਕਾਰ ਨੂੰ ਭੇਜਿਆ ਹੈ ਉਹ ਸਹੀ ਹੈ ਜਾਂ ਹੁਣ ਤੁਸੀਂ ਸਹੀ ਹੋ, ਜਿਹੜਾ ਜਾ ਕੇ ਉਥੇ ਪੁਲਿਸ ਹੈਡਕੁਆਟਰ ਵਿੱਚ ਕੰਪਲੇਂਟ ਸੈੱਲ ਖੋਲ੍ਹ ਕੇ ਆਏ ਹੋ। ਕਿਹੜੇ ਬੰਦੇ ਦੀ ਹਿੰਮਤ ਹੋਏਗੀ.... ਹੁਣ ਜੇ ਮੈਂ ਕਹਾਂ ਤਾਂ ਕੀ does this not amount to breach of privilege ਕਹਿ ਲਓ ਜਾਂ ਕੁਝ ਵੀ ਕਹੋ I am the suffferer. I have to cut the sorry figure in front of the Home Minister. ਮੈਨੂੰ ਕਹਿੰਦੇ ਕਿ ਪਤਾ ਹੀ ਨਹੀਂ ਕਿ ਉਥੇ ਕੰਪਲੇਂਟ ਅਥਾਰਟੀ ਸੈੱਲ ਹੈ? ਕੀ ਜਵਾਬ ਹੈ?

ਉਪ ਮੁੱਖ ਮੰਤਰੀ: ਜਾਖੜ ਸਾਹਿਬ, ਜਿਹੜਾ ਮੈਂ ਟੋਲ ਫਰੀ ਨੰਬਰ ਇਸ਼ੂ ਕੀਤਾ ਹੈ ਉਸ ਦਾ ਮਕਸਦ ਜਿਹੜਾ ਹੈ, It is under the Deputy Minister directly ਕਿਉਂਕਿ ਟੋਲ ਫਰੀ ਨੰਬਰ ਹੈ, ਕਿਸੇ ਕੋਲ ਨਾ ਈ.ਮੇਲ ਦੀ ਪ੍ਰਾਬਲਮ ਆਉਂਦੀ ਹੈ ਨਾ ਕਿਸੇ ਨੂੰ ਕੁਝ ਹੋਰ ਪ੍ਰਾਬਲਮ ਆਉਂਦੀ ਹੈ। That is why we have established it. It is toll free for 24 hours.

ਸ਼੍ਰੀ ਸੁਨੀਲ ਕੁਮਾਰ ਜਾਖੜ: ਬੇਸਿਕ ਆਈਡੀਆ ਤਾਂ ਇਹ ਹੈ ਕਿ ਲੋਕਾਂ ਨੂੰ ਹਰੇਕ ਗੱਲ ਵਾਸਤੇ ਚੀਫ ਮਨਿਸਟਰ ਜਾਂ ਡਿਪਟੀ ਚੀਫ ਮਨਿਸਟਰ ਸਾਹਿਬ ਕੋਲ ਸੰਗਤ ਦਰਸ਼ਨ ਵਿੱਚ ਨਾ ਜਾਣਾ ਪਵੇ। ਇਨ੍ਹਾਂ ਕੋਲ ਜਾਣ ਲਈ ਫੇਰ ਸਾਰੀਆਂ ਗੱਲਾਂ ਜਿਵੇਂ ਭੱਟੀ ਸਾਹਿਬ, ਬਾਦਲ ਸਾਹਿਬ ਨੇ ਕਿਹਾ ਸੀ ਕਿ ਇਹ ਤਾਂ ਇਸ ਤਰ੍ਹਾਂ ਹੀ ਚੱਲੇਗਾ। ਕਿਉਂ ਜਾਣਾ ਪਵੇ, ਇੱਕ ਡੈਮੋਕਰਟਿਕ ਸਿਸਟਮ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸੁਨੀਲ ਕੁਮਾਰ ਜਾਖੜ]

ਦੇ ਵਿੱਚ ਅਗਰ ਵਾਕਿਆ ਹੀ ਸੀਰੀਅਸ ਹੋ, ਤੁਸੀਂ ਕਹਿੰਦੇ ਹੋ ਕਿ ਅਸੀਂ ਦਿੱਲੀ ਨਾਲੋਂ ਚੰਗੇ ਹਾਂ, ਹਰਿਆਣੇ ਨਾਲੋਂ ਚੰਗੇ ਹਾਂ, ਯੂ.ਐੱਸ. ਗੌਰਮਿੰਟ ਨਾਲੋਂ ਚੰਗੇ ਹਾਂ। ਆਪਾਂ ਇਥੇ ਕਿਉਂ ਨਹੀਂ ਪਹਿਲ ਕਰਦੇ ਕਿ ਆਪਾਂ ਕੰਪਲੇਂਟ ਅਥਾਰਟੀ ਬਣਾ ਦੇਈਏ। ਕਿਉਂ ਲੋਕ ਤੁਹਾਡੇ ਕੋਲ ਚੱਲ ਕੇ ਆਉਣ, ਕਿਉਂ ਤੁਹਾਡੇ ਤੱਕ ਆਉਣ। ਇੱਕ ਐਨ.ਆਰ.ਆਈ. ਮਾਂ ਇਥੇ ਤੁਰੀ ਫਿਰੇ, ਧੱਕੇ ਖਾਂਦੀ ਫਿਰੇ, ਕੱਲ੍ਹ ਮੇਰੇ ਕੋਲ ਆਈ ਸੀ Why can't this be set up? ਉਥੇ ਡਿਸਟ੍ਰਿਕਟ ਲੈਵਲ ਤੇ ਕੰਪਲੇਂਟ ਸੈੱਲ ਬਣਾਏ ਜਾਣ। ਮੈਂ ਤਾਂ ਕਹਿੰਦਾ ਹਾਂ ਕਿ ਬਲਾਕ ਲੈਵਲ ਤੇ ਬਣਾਏ ਜਾਣ। ਡਿਸਟ੍ਰਿਕਟ ਲੈਵਲ ਤੇ ਜਾ ਕੇ ਕੰਮ ਕੌਣ ਕਰੇਗਾ? ਸਪੀਕਰ ਸਾਹਿਬ, ਉਨ੍ਹਾਂ ਵਿੱਚ ਵੀ, ਜਿਹੜੀਆਂ ਕਮੇਟੀਆਂ ਬਣੀਆਂ ਹਨ we have vitiated that ਹਿਊਮਨ ਰਾਈਟਸ ਸੈੱਲ ਹੈ। ਉਥੇ ਵੀ ਆਪਣੇ ਬੰਦੇ ਫਿੱਟ ਕਰ ਰੱਖੇ ਹਨ। ਲੋਕਪਾਲ ਵੀ ਆਪਣੇ ਲਾਈ ਜਾਂਦੇ ਹਨ। They are decimating the institution of democracy itself. ਹਲਕਾ ਇੰਚਾਰਜ ਬਦਮਾਸ਼ਾਂ ਨੂੰ ਪਿੱਟਦੇ ਹਨ, ਪੁਲਿਸ ਦੇ ਉਤੇ ਨਕੇਲ ਪਾ ਰੱਖੀ ਹੈ, ਪੁਲਿਸ ਨੂੰ ਆਪਣੇ ਅੰਗੂਠੇ ਹੇਠਾਂ ਰੱਖਿਆ ਹੋਇਆ ਹੈ। ਇਸੇ ਕਰਕੇ ਅਸੀਂ ਉਸ ਦਿਨ ਖੜ੍ਹੇ ਹੋ ਕੇ ਕਿਹਾ ਸੀ ਕਿ ਪੰਜਾਬ ਦੀ ਉਹ ਪੁਲਿਸ ਹੈ, ਜਿਸ ਨੇ ਟੈਰੋਰਿਜ਼ਮ ਨੂੰ ਨਕੇਲ ਪਾਈ ਸੀ। ਇਹ ਬਦਮਾਸ਼ ਤਾਂ ਚੀਜ਼ ਹੀ ਕੀ ਹੈ? ਉਨ੍ਹਾਂ ਨੂੰ ਇੰਨਾ ਕਿਹੜਾ ਖਦਸ਼ਾ ਹੋ ਗਿਆ ਕਿ ਕਿਸੇ ਦਾ ਇਹ ਕੁਝ ਕਰ ਦੇਣਗੇ? ਪਿਛਲੇ 7 ਸਾਲਾਂ ਵਿੱਚ, ਇੱਕ ਡਿਸਮਿਸਲ ਹੋਈ ਹੈ, ਉਹ ਵੀ ਪਬਲਿਕ ਪ੍ਰੈਸ਼ਰ ਬਣਨ ਤੋਂ ਬਾਅਦ, ਹੁਣ ਕੀ ਖੌਫ ਰਹਿੰਦਾ ਹੈ ਪੁਲਿਸ ਵਾਲਿਆਂ ਨੂੰ, ਟਰਾਂਸਫਰ ਹੀ ਹੋ ਜਾਏਗੀ, if you are honest, what is the problem ? ਜਾਂ ਕਿਤੇ ਲਾਈਨ ਹਾਜ਼ਰ ਕਰ ਦੇਣਗੇ। ਇਨ੍ਹਾਂ ਨੇ ਇੰਨਾ ਖੌਫ ਉਨ੍ਹਾਂ ਤੇ ਬਣਾ ਰੱਖਿਆ ਹੈ। ਬੱਚੀਆਂ ਉਨ੍ਹਾਂ ਦੇ ਵੀ ਹਨ। ਬੱਚੀ ਕਰਕੇ ਅੱਜ ਇਹ ਸਾਰਾ ਮਸਲਾ ਹੋਇਆ ਹੈ। My submission is to you Hon'ble Chief Minister Sahib is ...

Mr. Speaker: Thank you.

ਸ਼੍ਰੀ ਸੁਨੀਲ ਕੁਮਾਰ ਜਾਖੜ: ਥੈਂਕ ਯੂ ਨਹੀਂ ਜੀ। ਮੇਰੀ ਇਨ੍ਹਾਂ ਨੂੰ ਸਬਮਿਸ਼ਨ ਹੈ ਕਿ ਆਪਣੇ ਸਿਸਟਮ ਨੂੰ ਸੁਧਾਰਨ ਵਾਸਤੇ ਗੱਲ ਕਰੋ ਨਾ ਕਿ ਨੁਕਤਾਚੀਨੀ ਵਾਸਤੇ ਕੇਸਾਂ ਦੇ ਕੇਸ ਕੱਢ ਕੇ ਲਿਆ ਕੇ ਸਾਰਿਆਂ ਨੂੰ ਸੁਣਾ ਦਿਉ । ਮੈਂ ਕਈ ਗੱਲਾਂ ਇਥੇ ਨਹੀਂ ਕਰਨੀਆਂ ਚਾਹੁੰਦਾ ਹਾਂ। These are very sensitive issues. ਜੇ ਸਿਸਟਮ ਸੁਧਾਰੋਗੇ, ਫਿਰ ਨਾ ਤਾਂ ਸਾਨੂੰ ਇਥੇ ਬਹਿਸ ਦੀ ਜ਼ਰੂਰਤ

Original with;
Punjab Vidhan Sabha
Digitized by;
Panjab Digital Library

ਪੈਂਦੀ ਨਾ ਸਾਨੂੰ ਖੜ੍ਹੇ ਹੋ ਕੇ ਤੁਹਾਨੂੰ ਟੋਕਣਾ ਪੈਂਦਾ। I have felt it much more now you have felt ਸਿਸਟਮ ਨੂੰ ਸੁਧਾਰਨ ਵਾਸਤੇ ਕੁਝ ਕਰੋ। ਇਹ ਜਿਹੜੇ ਗੰਦੇ ਐਲੀਮੈਂਟ ਹਨ, ਇਨ੍ਹਾਂ ਤੇ ਨਕੇਲ ਪਾਉ। ਇਹ ਜਿਹੜੇ ਹਲਕਾ ਇੰਚਾਰਜ ਹਨ, ਇਨ੍ਹਾਂ ਤੇ ਨਕੇਲ ਪਾਓ। ਪੁਲਿਸ ਨੂੰ ਸੁਧਾਰੋ ਤਾਂ ਕਿ ਪੰਜਾਬ ਦੇ ਵਿੱਚ ਆਪਾਂ ਵੱਸਦੇ ਰਹੀਏ। ਇਸ ਕਰਕੇ ਇਹ ਡਿਬੇਟ ਤੁਹਾਡੇ ਤੋਂ ਮੰਗੀ ਹੈ। ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਜਿਹੜਾ ਤੁਸੀਂ ਮੈਨੂੰ ਅੱਜ ਬੋਲਣ ਦਾ ਮੌਕਾ ਦਿੱਤਾ ਹੈ।

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ): ਸਪੀਕਰ ਸਾਹਿਬ, ਮੈਂ ਡਿਪਟੀ ਸੀ.ਐਮ. ਸਾਹਿਬ ਦਾ ਇਸ ਗੱਲ ਦਾ ਧੰਨਵਾਦੀ ਹਾਂ ਕਿ ਜਿਨ੍ਹਾਂ ਨੇ ਆਪੋਜ਼ੀਸ਼ਨ ਵੱਲੋਂ ਰੌਲਾ ਪਾਉਣ ਤੋਂ ਪਹਿਲਾਂ ਆਪ ਹੀ ਇਹ ਐਲਾਨ ਕਰ ਦਿੱਤਾ ਕਿ ਲਾਅ ਐਂਡ ਆਰਡਰ ਤੇ ਡਿਸਕਸ਼ਨ ਹੋਣੀ ਹੈ। ਲੀਡਰ ਆਫ ਦਿ ਆਪੋਜ਼ੀਸ਼ਨ ਨੇ ਤੇ ਹੋਰ ਇਨ੍ਹਾਂ ਦੇ ਮੈਂਬਰ ਸਾਹਿਬਾਨਾਂ ਨੇ ਅਖ਼ਬਾਰਾਂ ਵਿੱਚ ਹਰ ਮੁੱਦੇ ਨੂੰ ਸਿਆਸੀ ਰੰਗਤ ਦੇਣ ਅਤੇ ਸਿਆਸੀ ਰੋਟੀਆਂ ਸੇਕਣ ਦੀ ਕੋਸ਼ਿਸ਼ ਕੀਤੀ। ਮੈਂ ਜਾਖੜ ਸਾਹਿਬ ਦੀ ਬਹੁਤ ਇੱਜ਼ਤ ਕਰਦਾ ਹਾਂ, ਕਦਰ ਕਰਦਾ ਹਾਂ। ਸ਼ਾਇਦ ਜਿੰਨੀ ਮੈਂ ਆਪਣੇ ਬਜ਼ੁਰਗਾਂ ਦੀ ਕਰਦਾ ਹਾਂ, ਇਨ੍ਹਾਂ ਦੀ ਵੀ ਉਨੀ ਹੀ ਕਰਦਾ ਹਾਂ। ਮੈਨੂੰ ਆਸ ਸੀ ਕਿ ਇੰਨਾ ਵੱਡਾ ਲੀਡਰ, ਇੰਨਾ ਸਿਆਣਾ ਲੀਡਰ, ਜਾਖੜ ਸਾਹਿਬ ਤੁਸੀਂ ਬਾਦਲ ਸਾਹਿਬ ਨੂੰ ਵੇਖਦੇ ਹੋ, ਅਸੀਂ ਤੁਹਾਨੂੰ ਵੇਖਦੇ ਹਾਂ, ਬਾਦਲ ਸਾਹਿਬ ਦੀ ਇੱਜ਼ਤ ਕਰਦੇ ਹਾਂ। ਨਾਲ ਹੀ ਜਿਸ ਤਰ੍ਹਾਂ ਤੁਸੀਂ ਕਰਦੇ ਹੋ, ਅਸੀਂ ਵੀ ਕਰਦੇ ਹਾਂ ਕਿ ਇੰਨਾ ਸਿਆਣਾ ਲੀਡਰ ਆਫ ਦਿ ਆਪੋਜ਼ੀਸ਼ਨ ਖਲੋਤਾ ਹੈ, ਬਹੁਤ ਪਾਏਦਾਰ ਗੱਲ ਕਰਕੇ ਜਾਏਗਾ। ਕੱਲ੍ਹ ਮੈਨੂੰ ਤਾਂ ਸਮਝ ਨਹੀਂ ਆਈ ਕਿ ਜਿਹੜੀ ਬਹਿਸ ਕੱਲ੍ਹ ਹੋ ਜਾਣੀ ਚਾਹੀਦੀ ਸੀ ਉਹ ਸ਼ੁਰੂ ਕਿਉਂ ਨਹੀਂ ਹੋਈ? ਕੀ ਹਾਊਸ ਦੀਆਂ ਕੋਈ ਨਵੀਆਂ ਪਰੰਪਰਾਵਾਂ ਕਾਂਗਰਸ ਪਾਰਟੀ ਸ਼ੁਰੂ ਕਰਨਾ ਚਾਹੁੰਦੀ ਹੈ? ਕੀ ਇਹ ਸੱਚਾਈ ਨਹੀਂ ਕਿ ਪਾਰਲੀਮੈਂਟ ਤੇ ਵਿਧਾਨ ਸਭਾ ਇੱਕ ਲੇਡ ਡਾਊਨ ਪ੍ਰੋਸੀਜਰ ਦੇ ਤਹਿਤ ਚਲਦੀ ਹੈ? ਕੀ ਇਹ ਸੱਚਾਈ ਨਹੀਂ ਕਿ ਅੱਜ ਤੋਂ ਪਹਿਲਾਂ 65 ਸਾਲ ਦੇ ਇਤਿਹਾਸ ਵਿੱਚ ਝਾਤੀ ਮਾਰ ਲਈਏ, ਲੀਡਰ ਆਫ ਦਿ ਹਾਊਸ ਨੂੰ ਇਹ ਹੱਕ ਹੈ ਕਿ ਜਦੋਂ ਮਰਜ਼ੀ ਉਹ ਉਠ ਕੇ ਆਪਣੀ ਗੱਲ ਰੱਖ ਸਕਦਾ ਹੈ। ਮਗਰ ਮੈਨੂੰ ਨਹੀਂ ਸਮਝ ਆਈ ਕਿ ਕੀ ਇੰਨਾ ਫਿਕਰ ਪੈ ਗਿਆ। ਇੰਨਾ ਕੀ ਸੁੱਝ ਗਿਆ ਕਿ ਬੋਲਣ ਤੱਕ ਨਹੀਂ ਦਿੱਤਾ। ਰੌਲਾ ਪਾ ਲਿਆ, ਅਸੀਂ ਪਹਿਲਾਂ ਬੋਲਾਂਗੇ। ਚਲੋ, ਬਾਦਲ ਸਾਹਿਬ ਦੀ ਦਰਿਆ ਦਿਲੀ ਹੈ ਤੇ ਮੈਨੂੰ ਅੱਜ ਆਸ ਸੀ

Original with;
Punjab Vidhan Sabha
Digitized by;
Panjab Digital Library

[ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ]

ਕਿ ਅੱਜ ਬਹੁਤ ਡੂੰਘਾਈ ਵਿੱਚ ਜਾ ਕੇ ਕੁਝ ਅਜਿਹੀਆਂ ਗੱਲਾਂ ਕਰਨਗੇ ਜਿਸ ਦੇ ਨਾਲ ਆਉਣ ਵਾਲੇ ਸਮੇਂ ਵਿੱਚ, ਆਉਣ ਵਾਲੀ ਪੀੜ੍ਹੀ ਤੇ ਇੱਕ ਚੰਗਾ ਪ੍ਰਭਾਵ ਜਾਏਗਾ ਕਿ ਜਿਹੜੀ ਵਿਧਾਨ ਸਭਾ 2012 ਵਿੱਚ ਬੈਠੀ ਸੀ ਉਨ੍ਹਾਂ ਨੇ ਇੰਨੇ ਵੱਡੇ ਫੈਸਲੇ ਕੀਤੇ, ਇੰਨੇ ਡੂੰਘੇ ਫੈਸਲੇ ਕੀਤੇ ਹਨ। ਕੋਈ ਸਰਕਾਰ ਆਵੇ, ਕੋਈ ਸਰਕਾਰ ਚਲੀ ਜਾਵੇ ਮਗਰ ਆਹ ਬੁਨਿਆਦੀ ਢਾਂਚਾ ਕਾਇਮ ਰਹੇਗਾ। ਮਗਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਤੁਸੀਂ ਤਾਂ ਵੇਖਿਆ ਨਹੀਂ ਜਾਖੜ ਸਾਹਿਬ, ਤੁਹਾਡਾ ਮੂੰਹ ਸਪੀਕਰ ਸਾਹਿਬ ਵੱਲ ਸੀ। ਮੇਰਾ ਧਿਆਨ ਬੀਬੀ ਜੀ (ਸ੍ਰੀਮਤੀ ਰਾਜਿੰਦਰ ਕੌਰ ਭੱਠਲ) ਵੱਲ ਸੀ। ਲਾਲ ਸਿੰਘ ਵੱਲ ਮੂੰਹ ਕਰਕੇ ਕਹਿੰਦੇ, ਗੱਲ ਬਣੀ ਨਹੀਂ। (ਹਾਸਾ) ਬੋਝੇ ਵਿੱਚ ਗਾਜਰਾਂ ਤੇ ਬਾਂਕੇ ਲਾਹੌਰ ਦੇ। ਅੱਜ ਗੱਲ ਉਹ ਬਣੀ ਹੈ। ਰੌਲਾ ਇੰਨਾ ਗੱਲਾਂ ਇੰਨੀਆਂ। ਚਲੋ, ਮੈਂ ਇਸ ਬਹਿਸ ਵੱਲ ਨਹੀਂ ਜਾਂਦਾ ਪਰ ਇਸ ਗੱਲ ਦੀ ਤਸੱਲੀ ਹੈ ਕਿ ਇੱਕ ਗੰਭੀਰ, ਸੰਜੀਦਾ ਮੁੱਦਾ ਲਾਅ ਐਂਡ ਆਰਡਰ ਵਰਗਾ, ਅੱਜ ਉਸ ਤੇ ਬਹਿਸ ਹੋ ਗਈ। ਮੈਨੂੰ ਲੱਗਦਾ ਹੈ ਜਦੋਂ ਅਸੀਂ ਇਲੈਕਸ਼ਨ ਲੜਦੇ ਹਾਂ, ਹਰ ਪਾਰਟੀ ਭਾਵੇਂ ਕੋਈ ਇੱਧਰ ਬੈਠੀ ਹੈ ਭਾਵੇਂ ਉਧਰ ਬੈਠੀ ਹੈ, ਅਸੀਂ ਦਿਨ-ਰਾਤ, ਸਾਡਾ ਪਰਿਵਾਰ, ਅਸੀਂ ਆਪ ਅਤੇ ਵਰਕਰ ਸਾਰੇ ਦਿਨ ਰਾਤ ਇੱਕ ਕਰਕੇ ਲੋਕਾਂ ਨੂੰ ਇਹ ਗੱਲ ਕਹਿ ਕੇ ਆਉਂਦੇ ਹਾਂ ਕਿ ਜਦੋਂ ਅਸੀਂ ਇਸ ਪਵਿੱਤਰ ਸਦਨ ਵਿੱਚ ਪਹੁੰਚਾਂਗੇ, ਜਦੋਂ ਅਸੀਂ ਕਿਸੇ ਹਲਕੇ ਦੇ ਚੁਣੇ ਹੋਏ ਨੁਮਾਇੰਦੇ ਬਣਾਂਗੇ ਫਿਰ ਸਾਡੀ ਅੱਖ ਬਰਾਬਰ ਦੀ ਹੋਵੇਗੀ, ਕੋਈ ਤਿਰਛੀ ਨਜ਼ਰ ਨਹੀਂ ਕਿਸੇ ਵੱਲ ਚੁੱਕਾਂਗੇ। ਇੱਕ ਬਰਾਬਰ ਅੱਖ ਨਾਲ ਹਰ ਇੱਕ ਨੂੰ ਵੇਖਾਂਗੇ ਕਿ ਸਾਡੀ ਜ਼ਿੰਮੇਵਾਰੀ ਹੈ। ਵੋਟਾਂ ਲੈਣ ਵੇਲੇ ਤਾਂ ਆਪਾਂ ਇਹ ਕਹਿ ਦਿੰਦੇ ਹਾਂ, ਮੈਂ ਕਿਤੇ ਇਕੱਲੀ ਤੁਹਾਡੀ ਆਪਣੀ ਗੱਲ ਨਹੀਂ ਕਰਦਾ, ਮੈਂ ਇੱਕ ਜਨਰਲ ਸਟੇਟਮੈਂਟ ਕਰ ਰਿਹਾ ਹਾਂ। ਇਹ ਸਾਡਾ ਫਰਜ਼ ਬਣਦਾ ਹੈ। ਇਹ ਚੁਣੇ ਹੋਏ ਨੁਮਾਇੰਦੇ ਕਿ ਅਸੀਂ ਛੋਟੀਆਂ ਗੱਲਾਂ ਤੋਂ ਉਤੇ ਉਠ ਕੇ ਪੰਜਾਬ ਦੇ ਭਲੇ ਦੀ ਗੱਲ, ਆਉਣ ਵਾਲੀ ਪੀੜ੍ਹੀ ਦੇ ਭਲੇ ਦੀ ਗੱਲ, ਪੰਜਾਬ ਦੀ ਡਿਵੈਲਪਮੈਂਟ ਦੀ ਗੱਲ, ਉਹ ਗੱਲਾਂ ਕਰੀਏ। ਇਸ ਦੇ ਨਾਲ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਾਖੜ ਸਾਹਿਬ ਜਾਂ ਮੈਂ ਰਹਾਂ ਜਾਂ ਤੁਸੀਂ ਰਹੋ, ਚਾਹੇ ਨਾ ਰਹੋ, ਮਗਰ ਪੰਜਾਬ ਉਸ ਤਰੱਕੀ ਦੀਆਂ ਲੀਹਾਂ ਤੇ ਪੂਰੀ ਸਪੀਡ ਨਾਲ ਚੱਲਦਾ ਰਹੇ (ਸ਼ੋਰ) ਮਗਰ ਮੈਂ ਬੜੇ ਦੁੱਖ ਨਾਲ ਇਹ ਕਹਿ ਰਿਹਾ ਹਾਂ....

Mr. Speaker: Please, silence.

Original with;
Punjab Vidhan Sabha
Digitized by;
Panjab Digital Library

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ: ਮੈਂ ਬੜੇ ਦੁੱਖ ਨਾਲ ਕਹਿ ਰਿਹਾ ਹਾਂ ਕਿ ਕਿਸੇ ਮੁਜਰਮ ਦਾ ਨਾ ਕੋਈ ਧਰਮ ਹੁੰਦਾ ਹੈ, ਨਾ ਕੋਈ ਉਸ ਦੀ ਜ਼ਾਤ ਹੁੰਦੀ ਹੈ, ਨਾ ਕੋਈ ਉਸ ਦੀ ਪਾਰਟੀ ਹੁੰਦੀ ਹੈ। ਇਸ ਗੱਲ ਵਿੱਚ ਸੱਚਾਈ ਹੈ। He has no religion. He belongs to more. ਮੈਂ ਕਹਿ ਨਹੀਂ ਸਕਦਾ ਕਿ ਉਸ ਨੂੰ ਕਿਸੇ ਰਿਲੀਜਨ ਨਾਲ, ਕਿਸੀ ਚੀਜ਼ ਨਾਲ, ਕਿਸੇ ਕਾਨੂੰਨ ਨਾਲ ਪਿਆਰ ਹੈ। ਮਗਰ ਇਹ ਵੀ ਅਸਲੀਅਤ ਹੈ ਕਿ ਜਦੋਂ ਦੀ ਸਮਾਜ ਦੀ ਸਿਰਜਣਾ ਹੋਈ ਹੈ, ਵਧਦੀ ਆਬਾਦੀ ਨਾਲ, ਅਸਲੀਅਤ ਹੈ ਭਾਵੇਂ ਅਮਰੀਕਾ ਵੇਖ ਲਵੋ, ਭਾਵੇਂ ਹਿੰਦੁਸਤਾਨ ਵੇਖ ਲਵੋ, ਇਹ ਵਧਦੀ ਆਬਾਦੀ ਨਾਲ ਜਿਹੜੀ ਇਹ ਕੌੜੀ ਸੱਚਾਈ ਹੈ, ਸਪੀਕਰ ਸਾਹਿਬ, ਕਿ ਸਮਾਜ ਵਿੱਚ ਗਿਰਾਵਟ ਆਈ ਹੈ। ਇਸ ਦੇ ਵਿੱਚ ਅਸਲੀਅਤ ਹੈ ਕਿ ਕਦਰਾਂ-ਕੀਮਤਾਂ ਵਿੱਚ ਗਿਰਾਵਟ ਆਈ ਹੈ। ਮੈਂ ਤਾਂ ਸਮਝਦਾ ਸੀ ਕਿ ਅੱਜ ਸਾਰੇ ਰਲ-ਮਿਲ ਕੇ ਬੈਠ ਕੇ ਗੱਲ ਕਰਾਂਗੇ ਕਿ ਜਿਹੜੀਆਂ ਕਦਰਾਂ-ਕੀਮਤਾਂ ਵਿੱਚ ਗਿਰਾਵਟ ਆ ਰਹੀ ਹੈ, ਇਸ ਨੂੰ ਆਪਾਂ ਕਿਵੇਂ ਸੁਧਾਰ ਸਕਦੇ ਹਾਂ। ਪਰੰਤੂ ਗੱਲ ਤਾਂ ਇਹ ਹੈ ਕਿ 'ਆਪਣੀਆਂ ਨਾ ਦੱਸਾਂ, ਪਰਾਈਆਂ ਕਰ ਕਰ ਹੱਸਾਂ' ਗੱਲ ਤਾਂ ਸਿਰਫ ਇੱਥੇ ਤੱਕ ਸੀਮਤ ਹੈ। ਸਪੀਕਰ ਸਾਹਿਬ, ਮੈਂ ਮਹਿਸੂਸ ਕਰਦਾ ਹਾਂ ਕਿ ਪੰਜਾਬ ਦੇ ਹਿਤਾਂ ਦੀ ਗੱਲ ਸਭ ਤੋਂ ਪਹਿਲਾਂ ਹੋਣੀ ਚਾਹੀਦੀ ਹੈ। ਇੰਨੀ ਪਾਲੇਟਿਕਸ ਦੀ ਗੱਲ ਕਰਨ ਦਾ ਆਪਣਾ 117 ਦਾ ਫਰਜ਼ ਨਹੀਂ ਬਣਦਾ ਕਿ ਆਪਾਂ ਸੌੜੀਆਂ, ਛੋਟੀਆਂ ਗੱਲਾਂ ਵਿੱਚ ਪਈਏ। ਸਪੀਕਰ ਸਾਹਿਬ, ਫਰਜ਼ ਬਣਦਾ ਸੀ, ਖੁਸ਼ੀ ਹੁੰਦੀ, ਉਸਨੂੰ ਸਵੀਕਾਰ ਕਰਦੇ ਕਿ ਰਲ-ਮਿਲ ਕੇ ਪੰਜਾਬ ਦੀ ਖੁਸ਼ਹਾਲੀ ਵਾਸਤੇ, ਪੰਜਾਬ ਦੇ ਵਿਕਾਸ ਵਾਸਤੇ, ਪੰਜਾਬ ਦੀ ਅਮਨ-ਸ਼ਾਂਤੀ ਵਾਸਤੇ ਕਿਹੋ ਜਿਹੇ ਕਦਮ ਚੁੱਕਣੇ ਚਾਹੀਦੇ ਹਨ, ਇਥੇ ਆ ਕੇ ਉਸ ਵਾਸਤੇ ਸੁਝਾਅ ਦਿੱਤੇ ਜਾਂਦੇ। ਸ਼ਾਇਦ ਆਪੋਜ਼ੀਸ਼ਨ ਦਾ ਕੰਮ ਹੁੰਦਾ ਹੈ ਕਿ ਸਾਡੇ ਕੋਲੋਂ ਜੇਕਰ ਤੁਹਾਡੀ ਗੱਲ ਵਿੱਚ ਸਚਾਈ ਹੋਵੇਗੀ ਤਾਂ ਤੁਹਾਡੇ ਚੰਗੇ ਸੁਝਾਅ ਨੂੰ ਅਮਲ ਵਿੱਚ ਲਿਆ ਕੇ ਅਸੀਂ ਉਸ ਤੇ ਪਹਿਰਾ ਵੀ ਦੇਵਾਂਗੇ। ਸਮਾਜਿਕ ਬੁਰਾਈਆਂ ਦੇ ਖਿਲਾਫ ਸਾਨੂੰ ਰਲ-ਮਿਲ ਕੇ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਕੈਪਟਨ ਸਾਹਿਬ ਅੱਜ ਆਏ ਨਹੀਂ। (ਵਿਘਨ) ਅੱਜ ਬੀਬੀ ਜੀ ਦੇ ਗੁਆਂਢੀ (ਸਰਦਾਰ ਲਾਲ ਸਿੰਘ ਵੱਲ ਇਸ਼ਾਰਾ) ਆਏ ਨਹੀਂ, ਵੈਸੇ ਤਾਂ ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਸੀ ਕਿ

"ਨਾ ਉਚੇ ਮਹਿਲਾਂ ਦੇ ਨਾਲ, ਨਾ ਉਚੇ ਮੀਨਾਰਾਂ ਦੇ ਨਾਲ,
ਕੌਮ ਉਚੀ ਉਠਦੀ ਹੈ ਉਚੇ ਕਿਰਦਾਰਾਂ ਦੇ ਨਾਲ" (ਥੰਪਿੰਗ)।

ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਨੂੰ ...(ਵਿਘਨ...) ਸਪੀਕਰ ਸਾਹਿਬ, ਤੁਸੀਂ ਹੁਣ ਆਪ ਹੀ ਦੇਖ ਲਓ ਕਿ ਹੁਣ ਆਲਮ ਕੀ ਹੋ ਗਿਆ ਹੈ? ਹੁਣ ਹਾਲ ਕੀ ਹੋ ਗਿਆ ਹੈ?

Original with;
Punjab Vidhan Sabha
Digitized by;
Panjab Digital Library

ਸਰਦਾਰ ਪਰਮਿੰਦਰ ਸਿੰਘ ਪਿੰਕੀ: ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ ਜੀ... ** ***

ਮਾਨਯੋਗ ਸਪੀਕਰ: ਮੈਂ ਕਿਹਾ ਜੀ, ਬੈਠ ਜਾਓ। ਤੁਸੀਂ ਬੈਠ ਜਾਓ ਜੀ। ਤੁਸੀਂ ਹਾਊਸ ਦਾ ਟਾਈਮ ਖ਼ਰਾਬ ਨਾ ਕਰੋ। ਮੈਂ ਕਿਹਾ ਜੀ ਨੋ ਪੁਆਇੰਟ ਆਫ ਆਰਡਰ। ....(ਵਿਘਨ).... ਪਲੀਜ਼ ਸਿਟ ਡਾਊਨ, ਇਹ ਜੋ ਇਨ੍ਹਾਂ ਵੱਲੋਂ ਬੋਲਿਆ ਜਾ ਰਿਹਾ ਹੈ, ਇਸ ਨੂੰ ਰਿਕਾਰਡ ਨਹੀਂ ਕਰਨਾ। ਮੈਂ ਕਿਹਾ ਜੀ, ਉਹ ਬੋਲਣਾ ਜਾਣਦੇ ਹਨ। ਤੁਸੀਂ ਪਲੀਜ਼ ਸਿੱਟ ਡਾਊਨ। ...(ਵਿਘਨ).... ਮੈਂ ਕਹਿ ਰਿਹਾ ਹਾਂ ਕਿ ਤੁਸੀਂ ਜੋ ਵੀ ਕਹਿ ਰਹੇ ਹੋ, ਉਹ ਰਿਕਾਰਡ ਨਹੀਂ ਹੋਣਾ। (ਵਿਘਨ).... ਤੁਸੀਂ ਰੌਲਾ ਕਿਉਂ ਪਾਉਣ ਲੱਗ ਪਏ ਹੋ। ਪਲੀਜ਼ ਸਿਟ ਡਾਊਨ। ਮੋਫਰ ਸਾਹਿਬ, ਤੁਸੀਂ ਵੀ ਬੈਠ ਜਾਓ।

ਮਾਲ ਤੇ ਮੁੜ ਵਸੇਬਾ, ਸੂਚਨਾ ਅਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ: ਸਪੀਕਰ ਸਾਹਿਬ, ਮੈਂ ਪਿੰਕੀ ਭਾਅ ਜੀ ਨਾਲ, ਇਨ੍ਹਾਂ ਦਾ ਨਾਂ ਤਾਂ ਪਿੰਕੀ ਹੈ ਪਰੰਤੂ ਤੁਸੀਂ ਮੈਨੂੰ ਇਨ੍ਹਾਂ ਦੇ ਕੰਮ ਨਾ ਪੁੱਛਿਓ। ਪਿੰਕੀ ਭਾਅ ਜੀ ਦੀ ਇੱਕ ਗੱਲ ਨਾਲ ਮੈਂ ਸਹਿਮਤ ਹਾਂ ਕਿ ਸਰਦਾਰ ਪਰਕਾਸ਼ ਸਿੰਘ ਬਾਦਲ ਕੋਲੋਂ ਕੁਝ ਸਿੱਖੋ, ਤੁਸੀਂ ਵੀ ਕੁਝ ਅਮਲ ਕਰੋ। ਅਸੀਂ ਤਾਂ ਹਰ ਰੋਜ਼ ਸਿਖਦੇ ਹਾਂ। ਪਿੰਕੀ ਜੀ ਤੁਹਾਨੂੰ ਕਹਿ ਰਿਹਾ ਹਾਂ ਤੁਹਾਨੂੰ ਨਸੀਹਤ ਦੇ ਰਿਹਾ ਹਾਂ ਕਿ ਤੁਸੀਂ ਸਿੱਖੋ ਸਰਦਾਰ ਬਾਦਲ ਕੋਲੋਂ। ** ** ਪਿੰਕੀ ਜੀ, ਮੈਂ ਤੁਹਾਡੀ ਗੱਲ ਦੇ ਨਾਲ ਸਹਿਮਤ ਹਾਂ। ਸਬਰ ਸੰਤੋਖ ਦੀ ਗੱਲ ਚਾਹੀਦੀ ਸੀ। ਇੱਕ ਦੂਜੇ ਨੂੰ ਨੀਵਾਂ ਦਿਖਾ ਦੇਣਾ, ਤੂੰ-ਤੂੰ, ਮੈਂ-ਮੈਂ ਕਰ ਦੇਣੀ, ਨਘੋਚਾਂ ਕੱਢਣੀਆਂ, ਇਸ ਨਾਲ ਮੈਂ ਨਹੀਂ ਸਮਝਦਾ ਕਿ ਲਾਅ ਐਂਡ ਆਰਡਰ ਜਾਂ ਜਿਹੜਾ ਵੀ ਕੋਈ ਮੁੱਦਾ ਹੈ, ਉਸ ਦੇ ਵਿੱਚ ਕੋਈ ਸੁਧਾਰ ਆ ਸਕਦਾ ਹੈ। ਪਾਜ਼ੇਟਿਵ ਕੰਸਟਰੱਕਟਿਵ ਆਪੋਜਜ਼ੀਸ਼ਨ ਦਾ ਰੋਲ ਅਦਾ ਕਰੋ ਨਹੀਂ ਤਾਂ ਮੈਂ ਸਮਝਦਾ ਹਾਂ ਕਿ ਆਉਣ ਵਾਲੀ ਇਲੈਕਸ਼ਨ, ਪਾਰਲੀਮੈਂਟ ਦੀ ਇਲੈਕਸ਼ਨ ਵਿੱਚ ਤਾਂ ਤੁਹਾਡਾ ਕੁਝ ਨਹੀਂ ਬਣਦਾ ਲੱਗਦਾ ....(ਸ਼ੋਰ)....(ਵਿਘਨ) ਪੰਜਾਬ ਦੇ ਲੋਕਾਂ ਨੂੰ ਅਜੇ ਤੱਕ ਤਾਂ ਤੁਹਾਡੇ ਤੇ ਵਿਸ਼ਵਾਸ ਨਹੀਂ ਹੈ। ਮਗਰ ਜੇਕਰ ਕੋਈ ਚੱਜ ਦੀ ਗੱਲ ਕਰੋਗੇ ਤਾਂ ਸ਼ਾਇਦ ਕੋਈ ਫਰਕ ਵੇਖਣ ਨੂੰ ਮਿਲ ਸਕਦਾ ਹੈ। (ਸ਼ੋਰ....ਵਿਘਨ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮਾਨਯੋਗ ਮੈਂਬਰ ਸਰਦਾਰ ਪਰਮਿੰਦਰ ਸਿੰਘ ਪਿੰਕੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਜੋ ਕਿ ਸੁਣਾਈ ਨਹੀਂ ਦਿੱਤਾ।)

** Expunged as ordered by the Chair.

Original with;
Punjab Vidhan Sabha
Digitized by;
Panjab Digital Library

ਮਾਨਯੋਗ ਸਪੀਕਰ: ਮੈਂ ਕਿਹਾ, ਬੈਠੋ ਜੀ। ਪਲੀਜ਼ ਸਿਟ ਡਾਊਨ। ਜੋ ਕੋਈ ਵੀ ਮੇਰੀ ਇਜਾਜ਼ਤ ਤੋਂ ਬਗੈਰ ਬੋਲਦਾ ਹੈ, ਉਹ ਬਿਲਕੁਲ ਰਿਕਾਰਡ ਨਹੀਂ ਕਰਨਾ। ਮਜੀਠੀਆ ਜੀ, ਕੰਟੀਨਊ ਕਰੋ।

ਮਾਲ ਤੇ ਮੁੜ ਵਸੇਬਾ, ਸੂਚਨਾ ਅਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ: ਸਪੀਕਰ ਸਾਹਿਬ, 8-9 ਮਹੀਨੇ ਪਹਿਲਾਂ ਵਿਧਾਨ ਸਭਾ ਦੀਆਂ ਚੋਣਾਂ ਹੋ ਕੇ ਹਟੀਆਂ ਹਨ। ਜਿਹੜੇ ਵਾਰ-ਵਾਰ ਇਹ ਗੱਲ ਕਹਿੰਦੇ ਸੀ ਕਿ ਸਾਨੂੰ ਪੰਜਾਬ ਦੇ ਲੋਕ ਬੜਾ ਸਤਿਕਾਰ ਕਰਦੇ ਹਨ। ਮੈਨੂੰ ਲੱਗਦਾ ਹੈ ਕਿ ਇਹ ਤਾਂ ਬੱਸ ਗੱਲਾਂ ਕਰਨ ਨੂੰ ਹੀ ਹਨ। ਮੈਂ ਸਮਝਦਾ ਹਾਂ ਕਿ ਤੁਹਾਡੀ ਪਾਰਟੀ ਦੇ ਇੱਕ-ਇੱਕ ਮੈਂਬਰ ਦੇ ਅੰਦਰ ਪੁਲੀਟੀਕਲ ਫਰੱਸਟਰੇਸ਼ਨ ਵੜੀ ਹੋਈ ਹੈ। ਤੁਸੀਂ ਕਿਉਂ ਇਹ ਗੱਲ ਭੁੱਲਦੇ ਹੋ ਕਿ ਸਵਾਲ ਸਾਨੂੰ ਕੋਈ ਪੁੱਛਦਾ ਹੈ ਤੇ ਜਵਾਬ ਤੁਸੀਂ ਦੇਣ ਲੱਗ ਜਾਂਦੇ ਹੋ। ਤੁਸੀਂ ਭੁੱਲ ਜਾਂਦੇ ਹੋ ਕਿ ਤੁਹਾਨੂੰ ਪੰਜਾਬ ਦੇ ਲੋਕਾਂ ਨੇ ਇਥੇ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਨਹੀਂ ਬਿਠਾਇਆ ਬਲਕਿ ਉਧਰ (ਅਪੋਜ਼ੀਸ਼ਨ ਵੱਲ) ਬਿਠਾਇਆ ਹੈ। ਕੀ ਤੁਸੀਂ ਅੱਜ 3 ਕਰੋੜ ਲੋਕਾਂ ਦੇ ਫੈਸਲੇ ਨੂੰ ਵੀ ਨਹੀਂ ਮੰਨਦੇ? ਲੋਕਾਂ ਨੇ ਤੁਹਾਨੂੰ ਉਥੇ ਬਿਠਾਇਆ ਹੈ। ਤੁਸੀਂ ਕਿਉਂ ਨਹੀਂ ਆਪਣੇ ਅੰਦਰ ਝਾਤੀ ਮਾਰ ਕੇ ਵੇਖਦੇ (ਆਪੋਜ਼ੀਸ਼ਨ ਪਾਰਟੀ ਦੇ ਸਰਦਾਰ ਪਰਮਿੰਦਰ ਸਿੰਘ ਪਿੰਕੀ ਵੱਲੋਂ ....(ਵਿਘਨ)....

ਮਾਨਯੋਗ ਸਪੀਕਰ: ਪਿੰਕੀ ਜੀ, ਕਿਉਂ ਵਿਘਨ ਪਾ ਰਹੇ ਹੋ? ਪਲੀਜ਼ ਸਿਟ ਡਾਊਨ। ਤੁਹਾਡੀ ਦੋਵਾਂ ਦੀ ਕੋਈ ਖਾਸ ਦੋਸਤੀ ਤਾਂ ਨਹੀਂ ਹੈ?

ਮਾਲ ਤੇ ਮੁੜ ਵਸੇਬਾ, ਸੂਚਨਾ ਅਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ: ਪੰਜਾਬ ਦੇ ਲੋਕ ਤੁਹਾਡੇ ਉਤੇ ਕਿਉਂ ਨਹੀਂ ਵਿਸ਼ਵਾਸ ਕਰਦੇ। ਅੱਜ 65 ਸਾਲ ਦਾ ਇਤਿਹਾਸ ਬਦਲ ਗਿਆ ਹੈ ਅਤੇ ਤੁਹਾਨੂੰ ਉਧਰ ਆਪੋਜ਼ੀਸ਼ਨ ਵਿੱਚ ਬੈਠਣਾ ਪਿਆ ਹੈ। ਸਰਦਾਰ ਪਰਕਾਸ਼ ਸਿੰਘ ਬਾਦਲ ਨੂੰ ਪੰਜਾਬ ਦੇ ਲੋਕਾਂ ਨੇ 5 ਵਾਰ ਮੁੱਖ ਮੰਤਰੀ ਬਣਾ ਦਿੱਤਾ। (ਟਰੇਜ਼ਰੀ ਬੈਂਚਾਂ ਵੱਲੋਂ ਥੰਪਿੰਗ) ਜਾਖੜ ਸਾਹਿਬ ਇਲੈਕਸ਼ਨ ਵਿੱਚ ਉਹ ਮੁੱਦੇ ਕਿਹੜੇ ਸੀ? ਜੇਕਰ ਤੁਹਾਨੂੰ ਯਾਦ ਨਹੀਂ ਤਾਂ ਜਾਖੜ ਸਾਹਿਬ, ਮੈਂ ਤੁਹਾਨੂੰ ਯਾਦ ਕਰਵਾ ਦਿੰਦਾ ਹਾਂ। ਪੰਜਾਬ ਦੀ ਵਧੀਆ ਤਰੱਕੀ ਕਿਹੜੀ ਪਾਰਟੀ ਕਰਵਾ ਸਕਦੀ ਹੈ? ਇਹ ਮੁੱਦਾ ਲੈ ਕੇ ਤੁਸੀਂ ਵੀ ਲੋਕਾਂ ਵਿੱਚ ਗਏ ਸੀ ਅਤੇ ਅਸੀਂ ਵੀ ਲੋਕਾਂ ਵਿੱਚ ਗਏ ਸੀ। (ਸ਼ੋਰ).........(ਵਿਘਨ).....

(ਇਸ ਸਮੇਂ ਸਰਦਾਰ ਕੁਲਜੀਤ ਸਿੰਘ ਨਾਗਰਾ ਖੜ੍ਹੇ ਹੋ ਕੇ ਬਿਨਾ ਇਜਾਜ਼ਤ ਬੋਲ ਰਹੇ ਸਨ।)

Original with;
Punjab Vidhan Sabha
Digitized by;
Panjab Digital Library

ਮਾਨਯੋਗ ਸਪੀਕਰ: ਹੁਣ ਤੁਹਾਨੂੰ ਕੀ ਤਕਲੀਫ ਹੈ? ਪਲੀਜ਼ ਸਿਟ ਡਾਊਨ। ਮਜੀਠੀਆ ਜੀ, ਤੁਸੀਂ ਕੰਟੀਨਿਊ ਕਰੋ।

ਮਾਲ ਤੇ ਮੁੜ ਵਸੇਬਾ, ਸੂਚਨਾ ਅਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ: ਸਪੀਕਰ ਸਾਹਿਬ, ਜਦੋਂ ਇਲੈਕਸ਼ਨ ਹੋਏ ਸਨ ਉਸ ਵਿੱਚ 8-10 ਭਖਦੇ ਮੁੱਦੇ ਸਨ। 22 ਦਸੰਬਰ, 2011 ਨੂੰ ਇਲੈਕਸ਼ਨ ਐਲਾਨੇ ਗਏ। 30 ਜਨਵਰੀ, 2012 ਨੂੰ ਵੋਟਾਂ ਪਈਆਂ ਸਨ ਅਤੇ ਮਿਤੀ 6 ਮਾਰਚ, 2012 ਨੂੰ ਰਿਜ਼ਲਟ ਨਿਕਲਿਆ। ਸਵਾ ਮਹੀਨਾ ਰਾਜ ਦੀ ਤਿੰਨ ਕਰੋੜ ਦੀ ਅਬਾਦੀ ਨੇ, ਹਰ ਇੱਕ ਦੀ ਗੱਲ ਨੂੰ, ਹਰ ਪਾਰਟੀ ਦੀ ਗੱਲ ਨੂੰ, ਹਰ ਲੀਡਰ ਦੀ ਗੱਲ ਨੂੰ ਬੜੇ ਧਿਆਨ ਨਾਲ ਸੁਣਿਆ। ਮੁੱਦੇ ਕਿਹੜੇ-ਕਿਹੜੇ ਸਨ: ਕਿ ਪੰਜਾਬ ਦੀ ਤਰੱਕੀ ਅਤੇ ਖੁਸ਼ਹਾਲੀ ਸ਼੍ਰੋਮਣੀ ਅਕਾਲੀ ਦਲ ਵੱਧ ਕਰ ਸਕਦਾ ਹੈ ਜਾਂ ਕਾਂਗਰਸ ਪਾਰਟੀ ਕਰ ਸਕਦੀ ਹੈ। ਮਹਿੰਗਾਈ ਤੇ ਕਾਬੂ ਸ਼੍ਰੋਮਣੀ ਅਕਾਲੀ ਦਲ ਬਿਹਤਰ ਤਰੀਕੇ ਨਾਲ ਪਾ ਸਕਦਾ ਹੈ ਜਾਂ ਕਾਂਗਰਸ ਪਾਰਟੀ ਪਾ ਸਕਦੀ ਹੈ? ਲੋੜਵੰਦਾਂ ਲਈ ਭਲਾਈ ਦੀਆਂ ਸਕੀਮਾਂ ਸ਼੍ਰੋਮਣੀ ਅਕਾਲੀ ਦਲ ਵਧੀਆ ਤਰੀਕੇ ਨਾਲ ਦੇ ਸਕਦਾ ਹੈ ਜਾਂ ਕਾਂਗਰਸ ਪਾਰਟੀ ਦੇ ਸਕਦੀ ਹੈ? ਪੰਜਾਬ ਵਿੱਚ ਅਮਨ, ਸ਼ਾਂਤੀ, ਕਾਨੂੰਨ ਵਧੀਆ ਤਰੀਕੇ ਨਾਲ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੀ ਸਰਕਾਰ ਦੇ ਸਕਦੀ ਹੈ ਜਾਂ ਕਾਂਗਰਸ ਪਾਰਟੀ ਦੇ ਸਕਦੀ ਹੈ। ਬਿਹਤਰ ਬਿਜਲੀ ਦਾ ਪ੍ਰਬੰਧ, ਦਲਿਤ ਭਰਾਵਾਂ ਲਈ ਸਕੀਮਾਂ, ਬੱਚਿਆਂ ਵਾਸਤੇ ਵਧੀਆ ਸਿਹਤ ਸਕੀਮਾਂ, ਖੇਡਾਂ ਪ੍ਰਤੀ ਉਸਾਰੂ ਚੰਗੀ ਸੋਚ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੀ ਸਰਕਾਰ ਦੇ ਸਕਦੀ ਹੈ ਜਾਂ ਕਾਂਗਰਸ ਪਾਰਟੀ ਦੇ ਸਕਦੀ ਹੈ। ਸਪੀਕਰ ਸਾਹਿਬ, ਮੇਰੇ ਕੋਲ ਮੁੱਦੇ ਤਾਂ 15 ਸੀ ਮਗਰ ਇਨ੍ਹਾਂ ਸਾਰਿਆਂ ਮੁੱਦਿਆਂ ਤੇ ਪੰਜਾਬ ਦੇ ਲੋਕਾਂ ਨੇ ਨਕਾਰ ਦਿੱਤਾ ਹੈ ਭਾਵੇਂ ਤੁਸੀਂ ਮੰਨੋ ਨਾ ਮੰਨੋ। 'ਮੈਂ ਨਾ ਮਾਨੂੰ', ਇਸ ਦਾ ਤਾਂ ਇਲਾਜ ਕੋਈ ਨਹੀਂ, ਤੁਹਾਨੂੰ ਰਿਜੈਕਟ ਕੀਤਾ। ਤੁਹਾਡੇ ਲੀਡਰ ਨੂੰ ਰਿਜੈਕਟ ਕੀਤਾ ਤੇ ਅੱਜ ਰੌਲਾ ਕਾਹਦਾ ਪਿਆ ਫਿਰਦਾ ਹੈ? ਸਪੀਕਰ ਸਾਹਿਬ, ਵੱਡੀ ਗੱਲ ਇਹ ਦੇਖੋ ਕਿ ਜਿੱਥੇ 9 ਮਹੀਨੇ ਪਹਿਲਾਂ ਪੰਜਾਬ ਦੇ ਲੋਕਾਂ ਨੇ ਫਤਵਾ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੇ ਹੱਕ ਵਿੱਚ ਦਿੱਤਾ। ਸਾਡਾ ਸਤਿਕਾਰਯੋਗ ਮੈਂਬਰ ਸਰਦਾਰ ਅਮਰਜੀਤ ਸਿੰਘ ਸਾਹੀ ਸੀ। ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਉਹ ਅੱਜ ਸਾਡੇ ਵਿੱਚ ਨਹੀਂ ਰਹੇ। ਉਨ੍ਹਾਂ ਦੀ ਧਰਮ ਪਤਨੀ ਇੱਥੇ ਬੈਠੇ ਹਨ। ਟਿੱਲ ਦਾ ਜ਼ੋਰ ਲਗਾ ਲਿਆ ਇਨ੍ਹਾਂ ਕਾਂਗਰਸੀਆਂ ਨੇ ਤੇ 47500 ਵੋਟਾਂ ਤੋਂ ਹਾਰ ਕੇ ਆਏ ਹਨ। ਸਪੀਕਰ ਸਾਹਿਬ, ਮੁੜ ਕੇ ਰੌਲਾ ਕੀ ਪੈ ਗਿਆ ਕਿ ਪ੍ਰਧਾਨ ਵਿੱਚ ਕਮੀ-ਪੇਸ਼ੀ ਹੈ। ਕਈ ਤਾਂ ਕੈਪਟਨ ਸਾਹਿਬ ਦੇ ਦੁਆਲੇ ਵੀ ਹੋਏ ਫਿਰਦੇ ਹਨ। ਰੌਲਾ ਇਹ ਹੈ ਕਿ ਹਾਰ

Original with;
Punjab Vidhan Sabha
Digitized by;
Panjab Digital Library

ਕਿਉਂ ਗਏ? ਇਨ੍ਹਾਂ ਨੇ ਤਾਂ ਵਜ਼ੀਰੀਆਂ ਵੀ ਵੰਡੀਆਂ ਸਨ। ਮੈਨੂੰ ਤਾਂ ਪਤਾ ਹੈ। ਕੰਗ ਸਾਹਿਬ (ਸਰਦਾਰ ਜਗਮੋਹਨ ਸਿੰਘ ਕੰਗ) ਉਠ ਕੇ ਚਲੇ ਗਏ। ਇਹ ਕਿਹੜੇ ਮਹਿਕਮੇ ਦਾ ਵਜ਼ੀਰ ਬਣਨਾ ਚਾਹੁੰਦੇ ਸੀ? ਰਾਣਾ ਜੀ (ਰਾਣਾ ਗੁਰਮੀਤ ਸਿੰਘ ਸੋਢੀ) ਉਠ ਕੇ ਚਲੇ ਗਏ ਹਨ। ਇਹ ਸਾਰੇ ਸ਼ੈਡੋ ਕੈਬਨਿਟ ਬਣਾਈ ਬੈਠੇ ਸੀ। ...(ਵਿਘਨ)... (ਸ਼ੋਰ...) ਰੌਲਾ ਤਾਂ ਇਹ ਹੈ ਕਿ ** ** ਗੁੱਸਾ ਇੱਧਰ ਹਰ ਗੱਲ ਤੇ ਕੱਢੀ ਆਉਂਦੇ ਹਨ। ਸਪੀਕਰ ਸਾਹਿਬ, ਹਰ ਘਟਨਾ ਤੇ ਹੁਣ ਸਿਆਸੀ ਮੁੱਦੇ ਮੇਰੇ ਭਰਾਵਾਂ ਦੇ ਮੁੱਕ ਗਏ ਹਨ। ਹੁਣ ਹਰ ਮੁੱਦੇ ਤੇ ਸਿਆਸੀ ਰੋਟੀਆਂ ਸੇਕਣੀਆਂ ਸ਼ੁਰੂ ਕਰ ਦਿੱਤੀਆਂ। ਇਹ ਦਿਸ਼ਾਹੀਣ ਹੋ ਗਈ ਹੈ ਕਾਂਗਰਸ, ਇਹ ਕਾਂਗਰਸ ਨੇਤਰਹੀਣ ਹੋ ਗਈ ਹੈ। ** ** ਇਹ ਹਾਲ ਹੋ ਗਿਆ ਹੈ। ...(ਥੰਪਿੰਗ)...(ਵਿਘਨ).... (ਸ਼ੋਰ)....

ਰਾਣਾ ਗੁਰਮੀਤ ਸਿੰਘ ਸੋਢੀ: ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ** **

ਮਾਨਯੋਗ ਸਪੀਕਰ: ਸੋਢੀ ਸਾਹਿਬ, ਨੋ ਪੁਆਇੰਟ ਆਫ ਆਰਡਰ। ...(ਵਿਘਨ) (ਸ਼ੋਰ).....

ਮਾਲ ਤੇ ਮੁੜ ਵਸੇਬਾ, ਸੂਚਨਾ ਅਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ: ਸਪੀਕਰ ਸਾਹਿਬ, ਪਤਾ ਨਹੀਂ ਇਨ੍ਹਾਂ ਨੇ ਅਖ਼ਬਾਰਾਂ ਪੜ੍ਹੀਆਂ ਹਨ ਜਾਂ ਨਹੀਂ। ਪਾਰਟੀ ਦਾ ਪ੍ਰਧਾਨ ਇੱਕ ਹੁੰਦਾ ਹੈ। ਮਗਰ ਕਾਂਗਰਸ ਪਾਰਟੀ ਦਾ ਇਹ ਆਲਮ ਹੋ ਗਿਆ ਹੈ, ਇਹ ਇੰਨਾ ਆਤਮ ਵਿਸ਼ਵਾਸ ਖੋਹ ਬੈਠੇ ਹਨ ਕਿ ਮੈਨੂੰ ਪਤਾ ਲੱਗਿਆ ਹੈ ਕਿ ਘਰਾਂ ਵਿੱਚ ਵੀ ਇਹ ਬਹੁਤ ਝਗੜਦੇ ਹਨ....(ਹਾਸਾ)... ਮਾੜਾ ਜਿਹਾ ਘਰ ਵਾਲੀ ਸਵੇਰੇ ਸਵਾਲ ਕਰ ਦੇਵੇ ਤਾਂ ਇਹ ਗਲ ਪੈਣ ਨੂੰ ਜਾਂਦੇ ਹਨ। ਦੁਖੀ ਤਾਂ ਇਹ ਇਸ ਗੱਲ ਤੋਂ ਹਨ ਕਿ ਸਰਕਾਰ ਨਹੀਂ ਬਣੀ। ਸਪੀਕਰ ਸਾਹਿਬ, ਇਹ ਹੁਣ ਚਾਹੁੰਦੇ ਕੀ ਹਨ? ਮੈਂ ਜਿਹੜੀ ਗੱਲ ਕੀਤੀ ਹੈ ਅੰਨੇ ਨੂੰ ਬੋਲਾ ਘੜੀਸੇ, ਨਾ ਉਸ ਨੂੰ ਸੁਣੇ ਔਰ ਨਾ ਉਸ ਨੂੰ ਦਿਸੇ। ਇਹ ਮੈਂ ਕਿਉਂ ਕਹੀ ਹੈ? ਕਹਿੰਦੇ ਹਨ ਕਿ ਹੁਣ ਤਿੰਨ ਪ੍ਰਧਾਨ ਬਣਾਉਣੇ ਹਨ। ਇੱਕ ਮਾਝੇ ਦਾ, ਇੱਕ ਮਾਲਵੇ ਦਾ ਅਤੇ ਇੱਕ ਦੁਆਬੇ ਦਾ। ਦੱਸੋ, ਪਹਿਲੇ ਪ੍ਰਧਾਨ ਕੋਲ ਕੰਮ ਮੁੱਕ ਗਿਆ ....(ਵਿਘਨ).........

ਮਾਨਯੋਗ ਸਪੀਕਰ: ਤੁਸੀਂ ਕੰਟੀਨਊ ਕਰੋ ......(ਵਿਘਨ).... Please sit down.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ।)

** Expunged/ Not recorded as ordered by the Chair.

Original with;
Punjab Vidhan Sabha
Digitized by;
Panjab Digital Library

ਮਾਨਯੋਗ ਸਪੀਕਰ: ਨਾਅਰੇ ਰਿਕਾਰਡ ਨਹੀਂ ਕਰਨੇ। ...(ਵਿਘਨ).... (ਸ਼ੋਰ)...ਪਲੀਜ਼, ਬੈਠ ਜਾਓ.... ਵਿਘਨ.... ਲਾਲ ਸਿੰਘ ਜੀ, ਬੈਠੋ.....(ਵਿਘਨ)...ਕੋਈ ਗੱਲ ਹੈ ? (ਵਿਘਨ) ਬੈਠ ਜਾਓ।

ਮਾਲ ਤੇ ਮੁੜ ਵਸੇਬਾ, ਸੂਚਨਾ ਅਤੇ ਲੋਕ ਸੰਪਰਕ ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ: ਸਪੀਕਰ ਸਾਹਿਬ, ਕੇਂਦਰ ਦੀ ਹੋਮ ਮਨਿਸਟਰੀ ਦਾ ਮੇਰੇ ਕੋਲ ਡਾਟਾ ਹੈ ....(ਵਿਘਨ) ਹੌਸਲਾ ਰੱਖੋ, ਸਭ ਕੁਝ ਦੱਸਾਂਗਾ (ਵਿਘਨ)

ਮਾਨਯੋਗ ਸਪੀਕਰ: ਪਲੀਜ਼, ਬੈਠ ਜਾਓ ....(ਵਿਘਨ)... ਕੋਈ ਤੁਹਾਡਾ ਇਸ਼ੂ ਗੱਲ ਕਰਨ ਵਾਲਾ ਹੈ? ਨਹੀਂ, ਤੁਸੀਂ ਬੈਠ ਜਾਓ। ....(ਵਿਘਨ)... ਉਨ੍ਹਾਂ ਦੀ ਪਾਰਟੀ ਦਾ ਟਾਈਮ ਹੈ, ਉਨ੍ਹਾਂ ਨੇ ਬੋਲਣਾ ਹੈ। ....(ਵਿਘਨ) ... ਬੈਠ ਜਾਓ।

ਸ਼੍ਰੀ ਸੁਨੀਲ ਕੁਮਾਰ ਜਾਖੜ: ਲਾਅ ਐਂਡ ਆਰਡਰ ਤੇ ਮਨਿਸਟਰ ਸਾਹਿਬ ਗੱਲ ਕਰ ਲੈਣ, ਇਨ੍ਹਾਂ ਨੂੰ ਬਿਠਾ ਦਿਉ....(ਵਿਘਨ)....

ਮਾਨਯੋਗ ਸਪੀਕਰ: ਮਜੀਠੀਆ ਜੀ, ਤੁਸੀਂ ਵੀ ਜ਼ਿਆਦਾ ਚੁਭਵੀਂ ਗੱਲ ਨਾ ਕਰੋ, ਹੌਲੀ ਤੇ ਥੋੜ੍ਹੀ-ਥੋੜ੍ਹੀ ਗੱਲ ਕਰੋ। ਚੁਭਵੀਂ ਗੱਲ ਨਾ ਕਰੋ।

ਮਾਲ ਤੇ ਮੁੜ ਵਸੇਬਾ, ਸੂਚਨਾ ਅਤੇ ਲੋਕ ਸੰਪਰਕ ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ: ਮੈਂ ਹੌਲੀ ਗੱਲ ਹੀ ਕਰਦਾ ਹਾਂ। ਸਪੀਕਰ ਸਾਹਿਬ, ਵੈਸੇ ਤਾਂ ਮੈਂ ਬਾਦਲ ਸਾਹਿਬ ਦੀ ਇਸ ਗੱਲੋਂ ਸ਼ਲਾਘਾ ਵੀ ਕਰਦਾ ਹਾਂ ਕਿ ਗੁਆਂਢੀ ਸੂਬਾ ਹਰਿਆਣਾ ਹੈ, ਗੁਆਂਢ ਵਿੱਚ ਰਾਜਸਥਾਨ ਹੈ, ਗੁਆਂਢ ਵਿੱਚ ਦਿੱਲੀ ਹੈ, ਉੱਥੇ ਅੱਗ ਬਲਦੀ ਪਈ ਹੈ ਮਗਰ ਉਸ ਦਾ ਸੇਕ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਪੰਜਾਬ ਨੂੰ ਨਹੀਂ ਲੱਗਣ ਦਿੱਤਾ ...(ਵਿਘਨ)...(ਸ਼ੋਰ)... ਸਪੀਕਰ ਸਾਹਿਬ, ਗੱਲ ਸੁਣ ਲਵੋ ....(ਵਿਘਨ)... ਇਹ ਗੱਲ ਸੁਣਨ ਦੀ ਸਮਝ ਨਹੀਂ ਰੱਖ ਰਹੇ, ਦੱਸੋ ਮੈਂ ਕੀ ਕਰਾਂ ...(ਵਿਘਨ) ... ਰਾਜਸਥਾਨ ਵਿੱਚ ਕਰਾਈਮ ...(ਵਿਘਨ) ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਗੱਲ ਕੀਤੀ ਸੀ ਕਿ ਤੁਸੀਂ ਕਿਸੇ ਇਸ਼ੂ ਨੂੰ ਇਕੱਲਾ ਨਹੀਂ ਵੇਖ ਸਕਦੇ। ਅੱਜ ਕੀ ਅਮਰੀਕਾ ਵਿੱਚ ਹਾਦਸੇ ਨਹੀਂ ਵਾਪਰ ਰਹੇ? ਅੱਜ ਹਰਿਆਣੇ ਵਿੱਚ ਵੀ ਨਹੀਂ ਵਾਪਰ ਰਹੇ? ਅੱਜ ਰਾਜਸਥਾਨ ਵਿੱਚ ਨਹੀਂ ਵਾਪਰ ਰਹੇ ...(ਵਿਘਨ) ....(ਸ਼ੋਰ)

ਮਾਨਯੋਗ ਸਪੀਕਰ: ਪਲੀਜ਼, ਬੈਠ ਜਾਓ ....(ਵਿਘਨ) ... ਮਜੀਠੀਆ ਜੀ ਦੀ ਸਪੀਚ ਤੋਂ ਬਗੈਰ ਕੋਈ ਲਫਜ਼ ਰਿਕਾਰਡ ਨਹੀਂ ਕਰਨਾ ....(ਵਿਘਨ)....

Original with;
Punjab Vidhan Sabha
Digitized by;
Panjab Digital Library

ਮਾਲ ਤੇ ਮੁੜ ਵਸੇਬਾ, ਸੂਚਨਾ ਅਤੇ ਲੋਕ ਸੰਪਰਕ ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਨੇ ਲਾਅ ਐਂਡ ਆਰਡਰ ਤੇ ਡਿਬੇਟ ਮੰਗੀ ਸੀ। ਹੁਣ ਇਹ ਸੁਣ ਕੇ ਰਾਜ਼ੀ ਨਹੀਂ ਕਿਉਂਕਿ ਇਨ੍ਹਾਂ ਦੀ ਅਸਲੀਅਤ ਸਾਹਮਣੇ ਆਉਣ ਲੱਗੀ ਹੈ। ਸਪੀਕਰ ਸਾਹਿਬ, ਇਨ੍ਹਾਂ ਦਾ ਰਾਜਸਥਾਨ ਸੂਬਾ, ਕਾਂਗਰਸ ਦੀ ਸਰਕਾਰ .....(ਵਿਘਨ).... ਉਥੇ ਦੰਗੇ ਹੋਏ ਹਨ। ਮੈਂ ਮਿਨਾਰਟੀ ਕਮਿਸ਼ਨ ਦੀ ਰਿਪੋਰਟ ਕੱਢੀ ਹੈ। Police administration guilty of in action ...(ਵਿਘਨ) With due respect, I quote CNN-IBN report, "The Congress also blamed the Rajashthan Government for the Bharatpur riots." ਸਪੀਕਰ ਸਾਹਿਬ, ਇਹ ਗੱਲ ਕਰਦੇ ਹਨ, ** ਸਪੀਕਰ ਸਾਹਿਬ, ਇਨ੍ਹਾਂ ਨੇ ਇੱਥੇ ਦੋ-ਤਿੰਨ ਕੇਸਾਂ ਦੀ ਗੱਲ ਕੀਤੀ ਹੈ। ਸਪੀਕਰ ਸਾਹਿਬ, ਮੈਂ ਪੰਜਾਬ ਪੁਲਿਸ ਦੀ ਸ਼ਲਾਘਾ ਕਰਦਾ ਹਾਂ ਕਿ ਏ.ਐੱਸ.ਆਈ. ਦੇ ਕੇਸ ਵਿੱਚ ਪੁਲਿਸ ਨੇ ਸੱਤਾਂ ਘੰਟਿਆਂ ਵਿੱਚ ਮੁਜਰਿਮਾਂ ਨੂੰ ਫੜ੍ਹ ਕੇ ਵਿਖਾਇਆ। (ਥੰਪਿੰਗ) ਸਪੀਕਰ ਸਾਹਿਬ, ਇਹ ਸੱਚਾਈ ਨਹੀਂ ਕਿ ਹੁਣ ਇਨ੍ਹਾਂ ਦਾ ਵਜ਼ੀਰ ** ਇਨ੍ਹਾਂ ਦਾ ਐਮ.ਐਲ.ਏ ** ਇਨ੍ਹਾਂ ਦਾ ਮਨਿਸਟਰ **

ਮਾਨਯੋਗ ਸਪੀਕਰ: ਮਜੀਠੀਆ ਜੀ, ਤੁਸੀਂ ਨਾਮ ਨਾ ਲਵੋ, ਕਿਸੇ ਦਾ ਨਾਮ ਮੈਨਸ਼ਨ ਨਾ ਕਰੋ। ਮਜੀਠੀਆ ਸਾਹਿਬ, ਤੁਸੀਂ ਨਾਮ ਨਹੀਂ ਲੈ ਸਕਦੇ।

ਮਾਲ ਤੇ ਮੁੜ ਵਸੇਬਾ, ਸੂਚਨਾ ਅਤੇ ਲੋਕ ਸੰਪਰਕ ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ: ਸਪੀਕਰ ਸਾਹਿਬ, ਰਾਜਸਥਾਨ ਦੇ ਕਾਂਗਰਸ ਦੇ ਵਜ਼ੀਰ, ਭੰਵਰੀ ਦੇਵੀ ਦੇ ਕੇਸ ਦੇ ਐਕਿਊਜ਼ਡ ਤਿੰਨ ਮਹੀਨੇ ਇਨ੍ਹਾਂ ਦੀ ਸਰਕਾਰ ਨਹੀਂ ਫੜ੍ਹ ਸਕੀ, ਦੱਸੋ ਇਸ ਦਾ ਕੀ ਜਵਾਬ ਹੈ? ਚਲੋ, ਮੈਂ ਰਾਜਸਥਾਨ ਦੀ ਗੱਲ ਨੂੰ ਪਾਸੇ ਕਰਦਾ ਹਾਂ। ਸਪੀਕਰ ਸਾਹਿਬ, ਮੈਂ ਹਰਿਆਣੇ ਦੀ ਗੱਲ ਕਰਦਾ ਹਾਂ ...(ਵਿਘਨ)... ਸਪੀਕਰ ਸਾਹਿਬ, ਹਰਿਆਣੇ ਦੇ ਵਿੱਚ ਹੋਮ ਮਨਿਸਟਰ ਕਿਸ ਨੂੰ ਬਣਾ ਦਿੱਤਾ (ਵਿਘਨ)... ਮੈਂ ਪੰਜਾਬ ਉਤੇ ਹੀ ਆ ਰਿਹਾ ਹਾਂ, ਤੁਹਾਡੀ ਸਾਰੀ ਗੱਲ ਕਰਾਂਗਾ।

ਰਾਣਾ ਗੁਰਮੀਤ ਸਿੰਘ ਸੋਢੀ: ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ...

ਮਾਨਯੋਗ ਸਪੀਕਰ: ਨਹੀਂ ਸੋਢੀ ਸਾਹਿਬ, ਤੁਸੀਂ ਬੈਠੋ, ਹਾਂ ਜੀ ਮਜੀਠੀਆ ਜੀ, ਤੁਸੀਂ ਜਾਰੀ ਰੱਖੋ।

ਮਾਲ ਤੇ ਮੁੜ ਵਸੇਬਾ, ਸੂਚਨਾ ਅਤੇ ਲੋਕ ਸੰਪਰਕ ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ: ਸਪੀਕਰ ਸਾਹਿਬ, ਅਸਲ ਵਿੱਚ

** Expunged as ordered by the Chair.

Original with;
Punjab Vidhan Sabha
Digitized by;
Panjab Digital Library

[ਮਾਲ ਤੇ ਮੁੜ ਵਸੇਬਾ, ਸੂਚਨਾ ਅਤੇ ਲੋਕ ਸੰਪਰਕ ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ]

ਮੈਂ ਇਨ੍ਹਾਂ ਦੇ ਉਥੇ ਅਖ਼ੀਰ ਤੇ ਆਉਣਾ ਚਾਹੁੰਦਾ ਸੀ। ਮਗਰ ਮੈਨੂੰ ਇਹ ਮਜਬੂਰ ਕਰਦੇ ਹਨ ਕਿ ਮੈਂ ਇਨ੍ਹਾਂ ਦੀ ਗੱਲ ਕਰਾਂ। ਸਪੀਕਰ ਸਾਹਿਬ, ਹਰਿਆਣਾ ਵਿੱਚ ਹੋਮ ਮਨਿਸਟਰ ਕਿਸ ਨੂੰ ਬਣਾਇਆ ** ** and he is accused for what? ਗੀਤਿਕਾ ਸ਼ਰਮਾ ਦੇ ਕੇਸ ਵਿੱਚ 13 ਦਿਨ ਬਾਅਦ ਹਰਿਆਣਾ ਵਿੱਚੋਂ ਉਸ ਨੂੰ ਫੜਿਆ ਗਿਆ। ਸੋ, ਇਹ ਲਾਅ ਐਂਡ ਆਰਡਰ ਦੀ ਕੀ ਗੱਲ ਕਰਨਗੇ? ਜਿਹੜੇ ਜਿਹੜੇ ਸੂਬਿਆਂ ਵਿੱਚ ਇਨ੍ਹਾਂ ਦਾ ਰਾਜ ਹੈ, ਮੈਂ ਦਿੱਲੀ ਦੀ ਰਿਪੋਰਟ ਪੜ੍ਹਦਾ ਹਾਂ। ਦਿੱਲੀ ਅਖ਼ਬਾਰ ਨੇ ਲਿਖਿਆ: Delhi Shame Capital of India, Delhi genocide Capital of India, Delhi Crime Capital of India 1984 ਦਾ। ਸਪੀਕਰ ਸਾਹਿਬ, ਦਿੱਲੀ ਦੀ ਲਾਅ ਐਂਡ ਆਰਡਰ ਦੀ, ਸ਼ਾਇਦ ਤੁਹਾਨੂੰ ਪਤਾ ਹੈ ਜਾਂ ਨਹੀਂ ਪਤਾ, ਉਸ ਦੀ ਜ਼ਿੰਮੇਵਾਰੀ ਦੱਸਾਂ ਕਿਸ ਦੀ ਹੈ, ਉਸ ਦੀ ਜ਼ਿੰਮੇਵਾਰੀ ਹੋਮ ਮਨਿਸਟਰ ਸਾਹਿਬ ਦੀ ਹੁੰਦੀ ਹੈ। ਜਾਖੜ ਸਾਹਿਬ, ਜੋ ਦਿੱਲੀ ਦੇ ਵਿੱਚ ਹਾਲ ਹੈ, ਕਦੇ ਉਥੇ ਜਾ ਕੇ ਅਸਤੀਫਾ ਮੰਗਿਆ ਹੈ, ਮੈਂ ਕੱਲ੍ਹ ਹੈਰਾਨ ਹੋ ਗਿਆ। ਇਹ ਰਿਕਾਰਡ ਹੈ ਨੈਸ਼ਨਲ ਕ੍ਰਾਈਮ ਰਿਪੋਰਟ ਬਿਊਰੋ ਦਾ, ਦਿੱਲੀ ਦੇ ਬਾਰੇ। ਜੇ ਦੇਸ਼ ਵਿੱਚ 8000 ਕਿਡਨੈਪਿੰਗਜ਼ ਹੋਈਆਂ ਹਨ ਤਾਂ 3000 ਦਿੱਲੀ ਦੇ ਵਿੱਚ ਹੋਈਆਂ ਹਨ ..... (ਵਿਘਨ).....

ਸਰਦਾਰ ਲਾਲ ਸਿੰਘ: ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ....

ਮਾਨਯੋਗ ਸਪੀਕਰ: ਮਜੀਠੀਆ ਜੀ, ਇੱਕ ਮਿੰਟ ਤੁਸੀਂ ਜ਼ਰਾ ਸਾਹ ਲਵੋ। ਸਰਦਾਰ ਲਾਲ ਸਿੰਘ ਪੁਆਇੰਟ ਆਫ ਆਰਡਰ ਤੇ ਹਨ।

ਸਰਦਾਰ ਲਾਲ ਸਿੰਘ: ਸਪੀਕਰ ਸਾਹਿਬ, ...(ਵਿਘਨ) ਮੇਰੀ ਗੱਲ ਤਾਂ ਸੁਣੋ ** **

Mr. Speaker: No point of order.

ਸਰਦਾਰ ਲਾਲ ਸਿੰਘ: ਸਪੀਕਰ ਸਾਹਿਬ, ** **

(ਇਸ ਸਮੇਂ ਟਰੇਜ਼ਰੀ ਬੈਂਚਿੰਜ਼ ਦੇ ਕੁਝ ਮੈਂਬਰ ਸਾਹਿਬਾਨ ਅਤੇ ਆਪੋਜ਼ੀਸ਼ਨ ਬੈਂਚਿੰਜ਼ ਦੇ ਕੁਝ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਗੈਰ ਇਜਾਜ਼ਤ ਤੋਂ ਉੱਚੀ ਉੱਚੀ ਬੋਲ ਰਹੇ ਸਨ।)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਹਾਜ਼ਰ ਸਾਰੇ ਮੈਂਬਰ ਸਾਹਿਬਾਨ ** ** ਨਾਅਰੇ ਮਾਰਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**Expunged/Not recorded as ordered by the Chair.

Original with;
Punjab Vidhan Sabha
Digitized by;
Panjab Digital Library

ਮਾਨਯੋਗ ਸਪੀਕਰ: ਨਾਅਰੇ ਰਿਕਾਰਡ ਨਾ ਕੀਤੇ ਜਾਣ। ਤੁਸੀਂ ਆਪਣੀਆਂ ਸੀਟਾਂ ਤੇ ਚਲੇ ਜਾਉ। Please go to your seats. ਆਪਣੀਆਂ ਆਪਣੀਆਂ ਸੀਟਾਂ ਤੇ ਜਾਉ।

ਸਰਦਾਰ ਲਾਲ ਸਿੰਘ ਜੀ, Please go to your seats ਇਹ ਕੋਈ ਇਸ਼ੂ ਨਹੀਂ ਹੈ। ਆਪਣੀਆਂ ਸੀਟਾਂ ਤੇ ਜਾਓ, ਤੁਹਾਨੂੰ ਪੁਆਇੰਟ ਆਫ਼ ਆਰਡਰ ਦੇ ਦੇਵਾਂਗਾ। ਨਾਅਰੇ ਰਿਕਾਰਡ ਨਾ ਕੀਤੇ ਜਾਣ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਅਤੇ ਆਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ। ਸਦਨ ਵਿੱਚ ਬਹੁਤ ਸ਼ੋਰ ਸੀ।)

ਮਾਨਯੋਗ ਸਪੀਕਰ: ਨਾਅਰੇ ਰਿਕਾਰਡ ਨਾ ਕੀਤੇ ਜਾਣ। (ਆਪੋਜ਼ੀਸ਼ਨ ਬੈਂਚਿੰਜ਼ ਦੀਆਂ ਮਹਿਲਾ ਮੈਂਬਰਜ਼ ਨੂੰ ਸੰਬੋਧਨ ਕਰਦਿਆਂ) ਤੁਸੀਂ ਤਾਂ ਨਾ ਅਜਿਹਾ ਕਰਿਆ ਕਰੋ। ਕਮ-ਅਜ਼-ਕਮ ਲੇਡੀਜ਼ ਨੂੰ ਅਜਿਹਾ ਨਹੀਂ ਕਰਨਾ ਚਾਹੀਦਾ। Please go to your seats.

ਮਾਲ ਤੇ ਮੁੜ ਵਸੇਬਾ, ਸੂਚਨਾ ਅਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ: ਸਪੀਕਰ ਸਾਹਿਬ, ਇੱਕ ਗੱਲ ਤਾਂ ਕਲੀਅਰ ਹੋ ਗਈ ਕਿ ਲਾਅ ਐਂਡ ਆਰਡਰ ਦੀ ਇਹ ਗੱਲ ਹੀ ਨਹੀਂ ਕਰਨਾ ਚਾਹੁੰਦੇ। ਜਾਖੜ ਸਾਹਿਬ, ਮੇਰੇ ਤੇ ਜੇਕਰ ਕੋਈ ਇਲਜ਼ਾਮ ਹੈ ਤਾਂ ਮੈਨੂੰ ਆਪਣੀ ਗੱਲ ਸਦਨ ਦੇ ਸਾਹਮਣੇ ਰੱਖ ਲੈਣ ਦਿਉ। ਸਾਰੀ ਗੱਲ ਸਾਫ਼ ਹੋ ਜਾਵੇਗੀ। ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਹੋ ਜਾਵੇਗਾ। ਤੁਹਾਡੇ ਲਗਾਏ ਇਲਜ਼ਾਮਾਂ ਨਾਲ ਗੱਲ ਨਹੀਂ ਬਣਨੀ। ....(ਸ਼ੋਰ....ਵਿਘਨ...) ਸਪੀਕਰ ਸਾਹਿਬ, ਅਸਲੀਅਤ ਕੀ ਹੈ? ਏ.ਐੱਸ.ਆਈ. ਦੇ ਭੋਗ ਤੇ ਕਾਂਗਰਸ ਪਾਰਟੀ ਨੂੰ ਬੋਲਣ ਨਹੀਂ ਦਿੱਤਾ ਗਿਆ। ਏ.ਐੱਸ.ਆਈ. ਦੇ ਪਰਿਵਾਰ ਨੇ ਕਿਉਂ ਨਹੀਂ ਬੋਲਣ ਦਿੱਤਾ? ਕਿਉਂਕਿ ਇਹ ਉੱਥੇ ਜਾ ਕੇ ਸਿਆਸੀ ਰੋਟੀਆਂ ਸੇਕਦੇ ਸਨ। ਉਥੇ ਜਾ ਕੇ ਇਹ ਕਹਿੰਦੇ ਸਨ ਕਿ....

ਮਾਨਯੋਗ ਸਪੀਕਰ: ਮਜੀਠੀਆ ਸਾਹਿਬ ਦੀ ਸਪੀਚ ਤੋਂ ਇਲਾਵਾ nothing is going to be recorded. ਮੁੱਦਾ ਤਾਂ ਤੁਹਾਡੇ ਕੋਲ ਕੋਈ ਹੈ ਨਹੀਂ? ਆਪਣੀਆਂ ਸੀਟਾਂ ਤੇ ਜਾਓ। Please go to your seats.

**Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਮਾਨਯੋਗ ਸਪੀਕਰ]
(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਅਤੇ ਅਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ। ਸਦਨ ਵਿੱਚ ਬਹੁਤ ਸ਼ੋਰ ਸੀ।)

ਮਾਲ ਤੇ ਮੁੜ ਵਸੇਬਾ, ਸੂਚਨਾ ਅਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ: ਸਪੀਕਰ ਸਾਹਿਬ, ਭੋਗ ਵਾਲੇ ਦਿਨ ਇਨ੍ਹਾਂ ਦੇ ਦਿਹਾਤੀ ਪ੍ਰਧਾਨ ** ** ਭੋਗ ਤੇ ਗਏ, ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਨਹੀਂ ਕਰਨ ਦਿੱਤੇ ਗਏ। ਕਾਰਨ ਕੀ ਸੀ ਕਿਉਂਕਿ ਇਹ ਸਿਆਸੀ ਰੋਟੀਆਂ ਸੇਕ ਰਹੇ ਸੀ। ਸਪੀਕਰ ਸਾਹਿਬ, ਅੱਜ ਵੀ ਇਹ ਸਿਆਸੀ ਰੋਟੀਆਂ ਸੇਕ ਰਹੇ ਹਨ। ....(ਸ਼ੋਰ, ਵਿਘਨ)....

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਅਤੇ ਆਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ। ਸਦਨ ਵਿੱਚ ਬਹੁਤ ਸ਼ੋਰ ਸੀ।)

Mr. Speaker: Please go to your seats.

ਮਾਲ ਤੇ ਮੁੜ ਵਸੇਬਾ, ਸੂਚਨਾ ਅਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ: ਸਪੀਕਰ ਸਾਹਿਬ, ਸ਼ਰੂਤੀ ਮਾਮਲਾ ਤਾਂ ਸਬਜੁਡਿਸ ਸੀ... (ਵਿਘਨ.....ਸ਼ੋਰ)

ਮਾਨਯੋਗ ਸਪੀਕਰ: ਤੁਹਾਡਾ ਤਾਂ ਕੋਈ ਇਸ਼ੂ ਹੈ ਹੀ ਨਹੀਂ। He has the right to speak. He can compare with any state.

ਮਾਲ ਤੇ ਮੁੜ ਵਸੇਬਾ, ਸੂਚਨਾ ਅਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ: ਮਾਮਲਾ ਤਾਂ ਸਬ ਜੁਡਿਸ ਹੈ। ਮੈਂ ਇੱਥੇ ਗੱਲ ਨਹੀਂ ਕਰਨੀ ਚਾਹੁੰਦਾ।

Mr. Speaker: Please go to your seats. He has the right to speak. (interruption) He can compare with any State or situation. ਮੈਂ ਕਿਹਾ ਕਿ ਸਿਚੂਏਸ਼ਨ ਕਿਸੇ ਨਾਲ ਵੀ ਕੰਪੇਅਰ ਕਰ ਸਕਦੇ ਹਨ। ....(ਵਿਘਨ...ਸ਼ੋਰ.....)

** Expunged/Not recorded as ordered by the Chair.

Original with;
Punjab Vidhan Sabha
Digitized by;
Panjab Digital Library

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਅਤੇ ਆਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ।

ਮਾਲ ਤੇ ਮੁੜ ਵਸੇਬਾ, ਸੂਚਨਾ ਅਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਨੇ ਏ. ਐਸ. ਆਈ. ਦੀ ਗੱਲ ਕੀਤੀ .....(ਵਿਘਨ) ....

ਮਾਨਯੋਗ ਸਪੀਕਰ: ਹੋਰ ਸਟੇਟਾਂ ਵਿੱਚ ਵੀ ਬੜਾ ਕੁਝ ਹੋਇਆ ਹੈ। (ਵਿਘਨ...ਸ਼ੋਰ....)

ਮਾਲ ਤੇ ਮੁੜ ਵਸੇਬਾ, ਸੂਚਨਾ ਅਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ: ਸਪੀਕਰ ਸਾਹਿਬ, ਸ਼ਰੂਤੀ ਦੀ ਗੱਲ ਚੱਲੀ। ਸ਼ਰੂਤੀ ਨੇ ਜਿਹੜੀ ਸਟੇਟਮੈਂਟ ਜੱਜ ਅੱਗੇ ਦਿੱਤੀ ਹੈ, ਮੈਂ ਇਕੱਲੀ ਉਹ ਪੜ੍ਹਨ ਲੱਗਾ ਹਾਂ: "I do not want to accompany my parents. I may be sent to some Nari Niketan. I also do not want to get myself medically examined. Earlier I had agreed to accompany my parents and to get myself medically examined due to pressure and fear. Now I am giving the statement without any pressure." ਸਪੀਕਰ ਸਾਹਿਬ, ਇਹ ਗੱਲ ਸ਼ਰੂਤੀ ਨੇ ਸੀ.ਜੇ.ਐਮ. ਦੇ ਅੱਗੇ ਕੀਤੀ। (...ਵਿਘਨ..... ਸ਼ੋਰ)

ਮਾਨਯੋਗ ਸਪੀਕਰ: ਤੁਹਾਡੇ ਕੋਲ ਇਸ਼ੂ ਨਹੀਂ ਹੈ। (ਵਿਘਨ) ਆਪਣੀਆਂ ਸੀਟਾਂ ਤੇ ਜਾਉ।

ਮਾਲ ਤੇ ਮੁੜ ਵਸੇਬਾ, ਸੂਚਨਾ ਅਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ: ਪਤਾ ਨਹੀਂ, ਬੀਬੀ ਜੀ ਇੱਥੇ ਹੁਣ ਹਨ ਕਿ ਚਲੇ ਗਏ ਹਨ। ਇਹ ਉਥੇ ਧਰਨਾ ਦੇਣ ਗਏ। ** ** ਤੇ ਸਾਬਕਾ ਮੰਤਰੀ ** ** ਸਾਹਿਬ ਸਟੇਜ ਤੋਂ ਬੋਲੇ। ....(ਵਿਘਨ).....(ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਅਤੇ ਆਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਹੋ ਕੇ **** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ।)

** Expunged as ordered by the Chair.

Original with;
Punjab Vidhan Sabha
Digitized by;
Panjab Digital Library

(ਮਾਲ ਤੇ ਮੁੜ ਵਸੇਬਾ, ਸੂਚਨਾ ਅਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ): ਸਪੀਕਰ ਸਾਹਿਬ, ਇਹ ਸੁਣਨਾ ਨਹੀਂ ਚਾਹੁੰਦੇ। ਧਰਨਾ ਵੱਜਿਆ ਫਰੀਦਕੋਟ ਅਤੇ ** ** ਅਤੇ ** ** ਧਰਨੇ ਤੇ ਸੀ। ਮੈਂ **** ਦਾ ਭਾਸ਼ਣ ਸੁਣਾ ਦਿੰਦਾ ਹਾਂ।

ਭਾਸ਼ਣ ਸੀ, ਕਹਿੰਦੇ ਹਨ ਕਿ ਕੀ ਬਣੂੰ ਸਾਡੀ ਰਾਜਨੀਤੀ ਦਾ? ਕੀ ਬਣੂੰ ਕਾਂਗਰਸ ਪਾਰਟੀ ਦਾ ਕਿ ** **

(ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ)

ਮਾਨਯੋਗ ਸਪੀਕਰ: ** ਨਾਂ ਕੱਢ ਦਿਉ। ਜਿਹੜਾ ਹਾਊਸ ਵਿੱਚ ਹਾਜ਼ਰ ਨਹੀਂ ਹੈ, ਆਪਣੀ ਪੁਜੀਸ਼ਨ ਐਕਸਪਲੇਨ ਨਹੀਂ ਕਰ ਸਕਦਾ, ਉਸ ਦਾ ਨਾਂ ਹਾਊਸ ਵਿੱਚ ਨਾ ਲਵੋ। ਆਪਣੀਆਂ ਸੀਟਾਂ ਤੇ ਜਾਉ, ਪਲੀਜ਼।

ਮਾਲ ਤੇ ਮੁੜ ਵਸੇਬਾ, ਸੂਚਨਾ ਅਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ: ਸਪੀਕਰ ਸਾਹਿਬ, ਜਿਹੜੇ ਕੇਸ ਹਨ, ਮੈਂ ਇਕੱਲੇ ਉਨ੍ਹਾਂ ਦਾ ਹੀ ਦੱਸ ਰਿਹਾ ਹਾਂ। ਜਿਨ੍ਹਾਂ ਦਾ ਅਖ਼ਬਾਰ ਵਿੱਚ ਚਰਚਾ ਹੈ, ਜਿਨ੍ਹਾਂ ਨੂੰ ਕੋਰਟ ਵਲੋਂ ਸਜ਼ਾ ਹੁੰਦੀ ਹੈ, ** ** ਉਨ੍ਹਾਂ ਦਾ ਹੀ ਜ਼ਿਕਰ ਕਰ ਰਿਹਾ ਹਾਂ ਜਿਨ੍ਹਾਂ ਨੂੰ ਸਜ਼ਾ ਵੀ ਹੁੰਦੀ ਹੈ। ਜਿਨ੍ਹਾਂ ਨੂੰ ਕਾਂਗਰਸ ਦੀ ਸਰਕਾਰ ਨੇ 15-15 ਦਿਨ ਤੇ ਤਿੰਨ-ਤਿੰਨ ਮਹੀਨੇ ਨਹੀਂ ਫੜ੍ਹਿਆ ਤੇ ਮੈਂ ਸ਼ਲਾਘਾ ਕਰਦਾ ਹਾਂ ਪੰਜਾਬ ਪੁਲਿਸ ਦੀ ਅਤੇ ਸਰਦਾਰ ਸੁਖਬੀਰ ਸਿੰਘ ਜੀ ਬਾਦਲ ਦੀ ਕਿ ਸੱਤਾਂ ਦਿਨਾਂ ਦੇ ਵਿੱਚ ਮੁਜ਼ਰਮ ਫੜ੍ਹ ਕੇ ਅੰਦਰ ਦੇ ਦਿੱਤਾ। ਗੁੱਸਾ ਨਾ ਕਰ ਜਾਇਓ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਹਿਬਾਨ ਅਤੇ ਅਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ਵੈੱਲ ਆਫ਼ ਦੀ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ।)

ਮਾਲ ਤੇ ਮੁੜ ਵਸੇਬਾ, ਸੂਚਨਾ ਅਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ: ਸਪੀਕਰ ਸਾਹਿਬ, ਮੈਨੂੰ ਪਤਾ ਲੱਗਿਆ ਹੈ ਕਿ ਜਿਹੜਾ ਇੱਕ ਭਗੌੜਾ ਹੈ ਉਹ ਅੱਜ ਫੜ੍ਹਿਆ ਗਿਆ ਹੈ। ਸਪੀਕਰ ਸਾਹਿਬ, ਉਸ ਦਾ ਨਾਮ ** ** ਹੈ। ** ਦੇ ਅਤਿ ਨਜ਼ਦੀਕੀ ਹਨ ਤੇ ਕਾਂਗਰਸ ਦੇ ਵਾਈਸ ਪ੍ਰੈਜ਼ੀਡੈਂਟ ਦਾ ਭਤੀਜਾ ਹੈ। ਸਪੀਕਰ ਸਾਹਿਬ, ਇਨ੍ਹਾਂ ਨੇ

** Expunged/Not recorded as ordered by the Hon'ble Speaker.

Original with;
Punjab Vidhan Sabha
Digitized by;
Panjab Digital Library

ਮਹੀਨਾ ਉਨ੍ਹਾਂ ਨੂੰ ਲੁਕੋ ਕੇ ਰੱਖਿਆ ਤੇ ਇਹੀ ਕਾਰਨ ਬਣਿਆ ਕਿ ਉਸ ਪਰਿਵਾਰ ਨੇ ਇਨ੍ਹਾਂ ਨੂੰ ਭੋਗ ਤੇ ਨਹੀਂ ਬੋਲਣ ਦਿੱਤਾ। ਸਪੀਕਰ ਸਾਹਿਬ, ** ** ਕੀ ਵਾਈਸ ਪ੍ਰੈਜੀਡੈਂਟ ਕਾਂਗਰਸ ਪਾਰਟੀ ਦਾ ਹੈ ਕਿ ਨਹੀਂ? ਕੀ ** ਉਸ ਦਾ ਭਤੀਜਾ ਹੈ ਕਿ ਨਹੀਂ? (ਵਿਘਨ) (ਸ਼ੋਰ) ਕੀ ਉਹ ਮੁਜ਼ਰਮਾਂ ਦੇ ਨਾਲ ਉਸ ਤੇ ਪਰਚਾ ਦਰਜ ਹੈ ਕਿ ਨਹੀਂ? **

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਅਤੇ ਅਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ।)

ਮਾਲ ਤੇ ਮੁੜ ਵਸੇਬਾ, ਸੂਚਨਾ ਅਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ: ਸਪੀਕਰ ਸਾਹਿਬ, ਮੈਂ ਪੰਜਾਬ ਦੀ ਗੱਲ ਕਰਾਂ। ਮੈਂ ਲੀਡਰ ਆਫ਼ ਦਿ ਆਪੋਜ਼ੀਸ਼ਨ ਸ਼੍ਰੀ ਜਾਖੜ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ, I want to ask Jakhar Sahib, Leader of the Opposition, whether today will he apologise on the floor of the House. ** ਇੱਕ ** ਨਾਮ ਦੀ ਲੜਕੀ ਮੁਲਾਂਪੁਰ ਤੋਂ ਹੈ, ਇਨ੍ਹਾਂ ਨੇ ਜਾ ਕੇ ਉਸਨੂੰ ਲਿਆ ਕੇ ਪ੍ਰੈੱਸ ਕਾਨਫਰੰਸ ਕੀਤੀ। ਅਸਲੀਅਤ ਕੀ ਨਿਕਲੀ ਕਿ ਉਸ ਦਾ ਕੋਈ ਰੇਪ ਨਹੀਂ ਹੋਇਆ ਸੀ। ਉਹ ਆਪਣੀ ਮਰਜ਼ੀ ਨਾਲ ਗੁਆਂਢਣ ਦੇ ਨਾਲ ਉਸ ਦੇ ਰਿਸ਼ਤੇਦਾਰਾਂ ਕੋਲ ਚਲੀ ਗਈ ਸੀ। ਉਸਨੇ ਬਿਆਨ ਦਿੱਤਾ। ਮਾਈਨਰ ਰੇਪ ਵਿਕਟਮ ਦੀ ਜੋ ਹੱਤਕ ਤੁਸੀਂ ਕੀਤੀ ਹੈ , ਜਾਖੜ ਸਾਹਿਬ, will you apologies for minor girl, ਸ਼ਰੂਤੀ ਵਾਲੇ ਕੇਸ ਵਿੱਚ ਲੜਕੀ ਦਾ ਸਾਫ਼ ਬਿਆਨ ਆ ਗਿਆ ਕਿ ਕਿਵੇਂ ਕੀ ਹੋਇਆ, ਕੀ ਨਹੀਂ ਹੋਇਆ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਅਤੇ ਅਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ਵਲੋਂ ਵੈੱਲ ਆਫ ਦੀ ਹਾਊਸ ਵਿੱਚ ਖੜ੍ਹੇ ਹੋ ਕੇ ** **ਨਾਅਰੇ ਲਗਾਏ ਜਾ ਰਹੇ ਸਨ। ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ। ਸਦਨ ਵਿੱਚ ਬਹੁਤ ਸ਼ੋਰ ਸੀ।)

Mr. Speaker: Please go to your seats.

** Expunged as ordered by the Hon'ble Speaker.

Original with;
Punjab Vidhan Sabha
Digitized by;
Panjab Digital Library

ਮਾਲ ਤੇ ਮੁੜ ਵਸੇਬਾ, ਸੂਚਨਾ ਅਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ: ਸਪੀਕਰ ਸਾਹਿਬ, ਇਹ ਦੂਹਰੇ ਮਾਪਦੰਡ, double standard ਰੱਖਦੇ ਹਨ। (ਵਿਘਨ)....(ਸ਼ੋਰ).... ਸਪੀਕਰ ਸਾਹਿਬ, ਜਿਹੜੀ ਮੈਂ ਹੁਣ ਗੱਲ ਕਰਨ ਲੱਗਾ ਹਾਂ It is very serious and ਇਨ੍ਹਾਂ ਨੇ ਰੌਲਾ ਹੋਰ ਪਾਉਣਾ ਹੈ। ਸਪੀਕਰ ਸਾਹਿਬ ਇਨ੍ਹਾਂ ਦੇ ਐਮ.ਐਲ ਏ. ਰਾਣਾ ਗੁਰਜੀਤ ਸਿੰਘ, ਸਪੀਕਰ ਸਾਹਿਬ, ਸਾਰੀ ਵਿਧਾਨ ਸਭਾ ਅੰਦਰ 117 ਐਮ.ਐਲ.ਏ. ਹਨ ਕੋਈ ਇੱਕ ਐਮ.ਐਲ.ਏ. ਮੈਨੂੰ ਉਠ ਕੇ ਇਹ ਗੱਲ ਕਹਿ ਦੇਵੇ ਰਾਣਾ ਗੁਰਜੀਤ ਸਿੰਘ, ਐਮ.ਐਲ.ਏ. ਦੇ ਘਰ ਵਿੱਚ, ਏਕਤਾ ਭਵਨ ਵਿੱਚ 20 ਆਰਮ ਲਾਇਸੰਸ ਬਣੇ ਹੋਏ ਹਨ, ਕੀ ਰਾਣਾ ਗੁਰਜੀਤ ਸਿੰਘ ਨੇ ਕੋਈ ਜੰਗ ਲੜਨ ਜਾਣੀ ਹੈ ਕਿ ਘਰ ਵਿੱਚ 20 ਲਾਈਸੰਸ ਬਣੇ ਹੋਏ ਹਨ। ਮੈਂ ਵਿਦ ਪਰੂਫ ਕਹਾਂਗਾ ਕਿ 20 ਆਰਮ ਲਸੰਸ ਏਕਤਾ ਭਵਨ, ਕਪੂਰਥਲਾ ਵਿੱਚ ਬਣੇ ਹੋਏ ਹਨ। ਰਾਣਾ ਗੁਰਜੀਤ ਸਿੰਘ ਨੇ ਸੁਖਦੇਵ ਸਿੰਘ ਨਾਮਧਾਰੀ ਅੱਜ ਪੌਂਟੀ ਚੱਢੇ ਦੇ ਕੇਸ ਦੀ ਜੇ ਘੋਖ ਕੀਤੀ ਜਾਵੇ ਤਾਂ ਉਸ ਵਿੱਚ ਹੱਥ ਰਾਣਾ ਗੁਰਜੀਤ ਸਿੰਘ ਹੋਰਾਂ ਦਾ ਨਿਕਲੇਗਾ। ਸਪੀਕਰ ਸਾਹਿਬ, ਬੜੇ ਅਫਸੋਸ ਦੀ ਗੱਲ ਹੈ, ਦੂਜਾ ਐਮ.ਐਲ.ਏ. ਇਥੇ ਹਾਏ-ਹਾਏ ਕਰੀ ਜਾਂਦਾ ਹੈ booked for CBI enquiry, booked by CBI. ...(ਵਿਘਨ... ਸ਼ੋਰ...)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਾਰੇ ਮੈਂਬਰ ਵੈੱਲ ਆਫ਼ ਦੀ ਹਾਊਸ ਵਿੱਚ ਉੱਚੀ-ਉੱਚੀ **ਨਾਅਰੇ ਲਗਾ ਰਹੇ ਸਨ ਅਤੇ ਹਾਊਸ ਵਿੱਚ ਬਹੁਤ ਜ਼ਿਆਦਾ ਸ਼ੋਰ ਹੋਣ ਕਾਰਨ ਕੁਝ ਵੀ ਸੁਣਾਈ ਨਹੀਂ ਦੇ ਰਿਹਾ ਸੀ। ਰਾਣਾ ਗੁਰਜੀਤ ਸਿੰਘ ਸਦਨ ਦੇ ਵੈੱਲ ਵਿੱਚੋਂ ਸਰਦਾਰ ਬਿਕਰਮ ਸਿੰਘ ਮਜੀਠੀਆ ਵੱਲ ਵਧਦੇ ਹੋਏ ਕੁਝ ਬੋਲ ਰਹੇ ਸਨ। ਇਸ ਸਮੇਂ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ।)

ਮਾਲ ਤੇ ਮੁੜ ਵਸੇਬਾ, ਸੂਚਨਾ ਅਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ: .....(ਵਿਘਨ) (ਸ਼ੋਰ)... ਸਪੀਕਰ ਸਾਹਿਬ, ਇਨ੍ਹਾਂ ਦਾ ਤੀਜਾ ਐਮ.ਐਲ.ਏ., ਜਿਸ ਨੂੰ ਇਨ੍ਹਾਂ ਨੇ ਟਿਕਟ ਦਿੱਤੀ ** ** ਹੈਰਾਨਗੀ ਹੈ, ਜਿਹੜਾ ਇੰਡੀਆ ਦਾ ਸਿਟੀਜ਼ਨ ਹੀ ਨਹੀਂ ਤੇ ਉਸਨੂੰ ਤੁਸੀਂ ਦੇ ਦਿਉ ਟਿਕਟ, ਤੇ ਸਾਡੇ ਵੇਲੇ ਕਹਿ ਦਿਉ ਕਿ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ....(ਵਿਘਨ....) (..ਸ਼ੋਰ........) ਪਾਰਟੀ ਇਸ ਦੀ ਜ਼ਿੰਮੇਵਾਰੀ ਲਵੇ, ਕੀ ਤੁਸੀਂ ** ** ਨੂੰ ਟਿਕਟ ਦਿੱਤੀ ਤੇ ਉਹ ਭਾਰਤ ਦਾ ਨਾਗਰਿਕ ਵੀ ਨਹੀਂ....(ਵਿਘਨ).... (ਸ਼ੋਰ)....ਉਹ ****...(ਵਿਘਨ)....(ਸ਼ੋਰ).....

** Expunged as ordered by the Hon'ble Speaker.

Original with;
Punjab Vidhan Sabha
Digitized by;
Panjab Digital Library

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਾਰੇ ਮੈਂਬਰ ਵੈੱਲ ਆਫ਼ ਦੀ ਹਾਊਸ ਵਿੱਚ ਉੱਚੀ-ਉੱਚੀ ** **ਨਾਅਰੇ ਲਗਾ ਰਹੇ ਸਨ ਅਤੇ ਕੁਝ ਮੈਂਬਰ ਰਾਣਾ ਗੁਰਜੀਤ ਸਿੰਘ ਨਾਲ ਟਰੈਜ਼ਰੀ ਬੈਂਚਾਂ ਵੱਲ ਵੱਧ ਰਹੇ ਸਨ। ਹਾਊਸ ਵਿੱਚ ਬਹੁਤ ਜ਼ਿਆਦਾ ਸ਼ੋਰ ਹੋਣ ਕਾਰਨ ਕੁਝ ਵੀ ਸੁਣਾਈ ਨਹੀਂ ਦੇ ਰਿਹਾ ਸੀ।)

SHORT ADJOURNMENT OF THE HOUSE

Mr. Speaker: Please go to your seats.....(ਵਿਘਨ) ....(ਸ਼ੋਰ)... ਹਾਊਸ ਅੱਧੇ ਘੰਟੇ ਲਈ ਸਥੱਗਿਤ ਕੀਤਾ ਜਾਂਦਾ ਹੈ।

*1:23 ਵਜੇ ਬਾਅਦ ਦੁਪਹਿਰ

(*ਇਸ ਸਮੇਂ ਸਦਨ ਅੱਧੇ ਘੰਟੇ ਲਈ ਸਥਗਿਤ ਹੋ ਗਿਆ ਅਤੇ ** 1:53 ਵਜੇ ਬਾਅਦ ਦੁਪਹਿਰ ਮੁੜ ਇਕੱਤਰ ਹੋਇਆ।)

ਮਾਨਯੋਗ ਸਪੀਕਰ: ਬੈਠ ਜਾਉ। ਹਾਂ ਜੀ, ਮਿੱਤਲ ਸਾਹਿਬ।

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ): ਸਪੀਕਰ ਸਾਹਿਬ, ਸਾਰੇ ਸਦਨ ਦੇ ਮੈਂਬਰਾਂ ਦੀ ਮੰਗ ਸੀ ਕਿ ਹਾਊਸ ਦੇ ਵਿੱਚ ਲਾਅ ਐਂਡ ਆਰਡਰ...

ਸ਼੍ਰੀ ਸੁਨੀਲ ਕੁਮਾਰ ਜਾਖੜ: ਸਪੀਕਰ ਸਾਹਿਬ, ਹਾਊਸ ਦੇ ਵਿੱਚ ਜੋ ਹਾਲਾਤ ਬਣੇ ਹਨ, ਬੜੇ ਏਹਤਰਾਮ ਨਾਲ, ਬੜੇ ਇੱਜ਼ਤ ਸਨਮਾਨ ਨਾਲ ਅਸੀਂ ਜਿਹੜੇ ਸਾਡੇ ਲਾਅ ਐਂਡ ਆਰਡਰ ਦੇ ਖਦਸ਼ੇ ਸੀ, ਹਾਊਸ ਦੇ ਸਾਹਮਣੇ ਰੱਖੇ ਹਨ, ਆਨਰੇਬਲ ਚੀਫ ਮਨਿਸਟਰ ਸਾਹਿਬ ਦੇ ਨੋਟਿਸ ਵਿੱਚ ਲਿਆਂਦੇ। ਆਨਰੇਬਲ ਮਨਿਸਟਰ ਸਾਹਿਬ ਖੜ੍ਹੇ ਹੋ ਕੇ ਜਦੋਂ ਜਵਾਬ ਦੇਣ ਲੱਗੇ, we have serious objections to what he was saying. ਅਸੀਂ ਆਪਣਾ ਪ੍ਰੋਟੈਸਟ ਕਰ ਰਹੇ ਹਾਂ ਜਿਨ੍ਹਾਂ ਗੱਲਾਂ ਵਾਸਤੇ ਉਨ੍ਹਾਂ ਸਾਡੇ ਬੰਦਿਆਂ ਦੇ...

ਮਾਨਯੋਗ ਸਪੀਕਰ: ਤੁਸੀਂ ਬੈਠ ਜਾਉ। ਹਾਂ ਜੀ, ਮਿੱਤਲ ਸਾਹਿਬ।

(ਇਸ ਸਮੇਂ ਸ਼੍ਰੀ ਸੁਨੀਲ ਕੁਮਾਰ ਜਾਖੜ ਬਿਨਾਂ ਆਗਿਆ ਤੋਂ ਬੋਲ ਰਹੇ ਸਨ। ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ ਅਤੇ ਕੁਝ ਵੀ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

ਮਾਨਯੋਗ ਸਪੀਕਰ: ਮੈਂ ਇਹ ਸਮਝਦਾ ਹਾਂ ਕਿ ਤੁਸੀਂ ਆਪਣੇ ਬਿਹੇਵੀਅਰ ਤੇ ਮੁਆਫੀ ਮੰਗੋਗੇ ਪਰ ਤੁਸੀਂ ਉਲਟਾ.......

** Expunged as ordered by the Hon'ble Speaker.

Original with;
Punjab Vidhan Sabha
Digitized by;
Panjab Digital Library

(ਇਸ ਸਮੇਂ ਸ਼੍ਰੀ ਸੁਨੀਲ ਕੁਮਾਰ ਜਾਖੜ ਬਿਨਾ ਆਗਿਆ ਤੋਂ ਬੋਲ ਰਹੇ ਸਨ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ ਅਤੇ ਕੁਝ ਵੀ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

ਉਪ ਮੁੱਖ ਮੰਤਰੀ: ਜਾਖੜ ਸਾਹਿਬ, ਤੁਹਾਡੀ ਡਿਬੇਟ ਖ਼ਤਮ ਹੋ ਚੁੱਕੀ ਹੈ We have full faith in you. ਮੁੱਖ ਮੰਤਰੀ ਜੀ ਨੇ ਆਪਣਾ ਰਾਈਟ ਛੱਡ ਕੇ ਤੁਹਾਨੂੰ ਮੌਕਾ ਦਿੱਤਾ ਹੈ। We told the media and everyone ਕਿ ਤੁਸੀਂ ਡਿਬੇਟ ਤੋਂ ਭੱਜਣਾ ਹੈ। ਸਾਨੂੰ ਪਤਾ ਸੀ ਕਿ ਤੁਹਾਡਾ ਪਲਾਨ ਹੈ ਕਿ ਇਕੱਲੀ ਤੁਹਾਡੀ ਗੱਲ ਸੁਣ ਕੇ ਬਾਕੀ ਇਨ੍ਹਾਂ ਨੇ ਰੌਲਾ ਪਾਉਣਾ ਹੈ। ਅਨਫਾਰਚੂਨੇਟ ਹੈ ਕਿ ਤੁਸੀਂ ਇੱਕ ਆਨਰੇਬਲ ਮਨਿਸਟਰ ਨੂੰ ਕਾਤਲ ਕਹੋ। ਇਹ ਤੁਸੀਂ ਡਿਸਾਈਡ ਕਰੋਗੇ ਕੀ ਲੀਡਰ ਆਫ਼ ਦੀ ਆਪੋਜ਼ੀਸ਼ਨ ਡਿਸਾਈਡ ਕਰੇਗਾ ਕਿ ਸਾਡੇ ਸਪੀਕਰ ਕੌਣ ਹੋਣਗੇ? ਕੀ ਤੁਸੀਂ ਫ਼ੈਸਲਾ ਕਰੋਗੇ ਕਿ we have objected, he can't speak. You are setting new laws for the Assembly. ਤੁਸੀਂ ਕਹਿ ਰਹੇ ਹੋ ਕਿ ਲੀਡਰ ਆਫ਼ ਦੀ ਆਪੋਜ਼ੀਸ਼ਨ ਡਿਸਾਈਡ ਕਰੇ ਕਿ ਕਦੋਂ ਲੀਡਰ ਆਫ਼ ਦੀ ਹਾਊਸ ਬੋਲੇ, ਉਹ ਵੀ ਅਸੀਂ ਮੰਨੀ ਹੈ। ਹੁਣ ਤੁਸੀਂ ਕਹਿੰਦੇ ਹੋ ਕਿ ਜਿਸ ਮੈਂਬਰ ਨੂੰ ਅਸੀਂ ਪਸੰਦ ਕਰਦੇ ਹਾਂ, ਉਹ ਬੋਲੇ। ਇਹ ਡਿਬੇਟ ਹੈ, ਡਿਬੇਟ ਦੇ ਵਿੱਚ ਤੁਸੀਂ ਬੋਲਣਾ ਹੈ, ਸਾਡੇ ਮੈਂਬਰਾਂ ਨੇ ਬੋਲਣਾ ਹੈ। ਤੁਸੀਂ ਜੋ ਕਹਿਣਾ ਹੈ ਖੜ੍ਹੇ ਹੋ ਕੇ ਕਹੋ, ਇਸ ਤਰ੍ਹਾਂ ਨਹੀਂ ਕਿ ਤੁਸੀਂ ਸਾਡੇ ਮੈਂਬਰਾਂ ਨੂੰ ਕਹੋ ਕਿ ਆਹ ਕਾਤਲ ਹੈ, ਇਹ ਥੋੜ੍ਹਾ ਕਹਿ ਸਕਦੇ ਹੋ ਤੁਸੀਂ। ਜੇ ਕਾਤਲ ਕਹਿਣਾ ਹੁੰਦਾ ਤਾਂ ਅਸੀਂ ਵੀ ਸੌ ਐਗਜ਼ਾਂਪਲ ਦੇ ਸਕਦੇ ਹਾਂ। ਇਹ ਨਹੀਂ ਕਿ ਤੁਸੀਂ ਜੋ ਮਰਜ਼ੀ ਕਰ ਲਵੋ। ਜਿਨ੍ਹਾਂ ਨੇ ਹਾਊਸ ਵਿੱਚ ਗਾਲ੍ਹ ਕੱਢੀ ਹੈ ਸਾਰੇ ਹੀ ਜਾਣਦੇ ਹਨ, ਉਨ੍ਹਾਂ ਨੂੰ ਵੀ ਪਤਾ ਹੈ। ਤੁਸੀਂ ਜਦੋਂ ਹੁਣੇ ਮੈਨੂੰ ਮਿਲੇ ਸੀ ਤੁਸੀਂ ਵੀ ਕਿਹਾ ਸੀ ਕਿ ਬੜਾ ਅਨਫਾਰਚੂਨੇਟ ਹੈ। ਹੁਣ ਕਿਉਂਕਿ ਤੁਹਾਡੇ ਤੇ ਪ੍ਰੈਸ਼ਰ ਹੈ ਕਿ ਸਾਰੇ ਖੜ੍ਹੇ ਹੋ ਗਏ ਹਨ, ਤੁਹਾਨੂੰ ਕਹਿ ਰਹੇ ਹਨ। ਆਪਣੇ ਦਿਲ ਤੇ ਹੱਥ ਰੱਖ ਕੇ ਕਹੋ ਕਿ ਗਾਲ੍ਹ ਕਿਸ ਨੇ ਕੱਢੀ ਹੈ। ਸਭ ਤੋਂ ਪਹਿਲਾਂ ਮਾਨਯੋਗ ਰਾਣਾ ਜੀ ਨੇ ਇੱਥੇ ਆ ਕੇ ਗਾਲ੍ਹ ਕੱਢੀ ਹੈ। ....(ਵਿਘਨ)... (ਸ਼ੋਰ)....

(ਇਸ ਸਮੇਂ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ ਅਤੇ ਕੁਝ ਵੀ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

ਉਪ ਮੁੱਖ ਮੰਤਰੀ: ਜੇ ਇਹੋ ਜਿਹਾ ਬਿਹੇਵੀਅਰ ਚੱਲਦਾ ਰਿਹਾ, ** ** ਜਿੰਨੀ ਦੇਰ ਤੱਕ apology ਨਹੀਂ ਹੁੰਦੀ ਜਾਂ ਤਾਂ ਇਨ੍ਹਾਂ ਤੇ ਐਕਸ਼ਨ ਲਿਆ ਜਾਵੇ or he should be expelled from the House.

** Expunged as ordered by the Hon'ble Speaker

Original with;
Punjab Vidhan Sabha
Digitized by;
Panjab Digital Library

(ਇਸ ਸਮੇਂ ਸ਼੍ਰੀ ਸੁਨੀਲ ਕੁਮਾਰ ਜਾਖੜ ਬਿਨਾਂ ਆਗਿਆ ਤੋਂ ਬੋਲ ਰਹੇ ਸਨ।)

ਮਾਨਯੋਗ ਸਪੀਕਰ: ਮਿੱਤਲ ਸਾਹਿਬ ਦੀ ਗੱਲ ਸੁਣ ਲਵੋ। ਜਾਖੜ ਸਾਹਿਬ, ਹੁਣ ਮਿੱਤਲ ਸਾਹਿਬ ਨੂੰ ਬੋਲਣ ਦਿਉ। (ਵਿਘਨ) (ਸ਼ੋਰ) ਨਹੀਂ ਜੀ, ਹੁਣ ਨਹੀਂ। ਮੈਂ ਕਿਹਾ ਜੀ ਨਹੀਂ ਰਿਕਾਰਡ ਹੋਵੇਗਾ। ਜਾਖੜ ਸਾਹਿਬ, ਰਿਕਾਰਡ ਨਹੀਂ ਹੋਵੇਗਾ, ਰਿਕਾਰਡ ਤੇ ਨਹੀਂ ਆਉਣਾ। (ਵਿਘਨ.... ਸ਼ੋਰ...)

ਉਪ ਮੁੱਖ ਮੰਤਰੀ: ਜਾਖੜ ਸਾਹਿਬ, ਮੈਨੂੰ ਬੜਾ ਤੁਹਾਡੇ ਤੇ ਮਾਣ ਹੈ। ਤੁਸੀਂ ਆਪ ਕਿਹਾ ਸੀ ਕਿ ਗਲਤ ਹੈ ਤਾਂ ਗਲਤ ਹੈ, ਜੇ ਸਹੀ ਹੈ ਤਾਂ ਸਹੀ ਹੈ। ਤੁਸੀਂ ਇੱਥੇ ਹਾਊਸ ਵਿੱਚ ਮੈਨੂੰ ਕੀ ਕਿਹਾ ਸੀ, ਬੜਾ ਅਨਫਾਰਚੂਨੇਟ ਕੰਮ ਕੀਤਾ ਹੈ ਇਨ੍ਹਾਂ ਨੇ। (ਵਿਘਨ)...(ਸ਼ੋਰ)... ਮੇਰੇ ਜਾਣ ਤੋਂ ਬਾਅਦ ਇਨ੍ਹਾਂ ਨੇ ਆਹ ਜਿਹੜੇ ਸਾਰੇ ਬੈਠੇ ਹਨ, ਹਾਊਸ ਦੀ ਮਰਿਆਦਾ ਭੰਗ ਕੀਤੀ ਹੈ। ਜਿਵੇਂ ਇਨ੍ਹਾਂ ਨੇ ਗਾਲ੍ਹਾਂ ਕੱਢੀਆਂ, ਇਹ ਕੋਈ ਭਲਵਾਨੀ ਦਾ ਅਖਾੜਾ ਹੈ। ਲਾਅ ਐਂਡ ਆਰਡਰ ਤੁਸੀਂ ਖ਼ਰਾਬ ਕਰ ਰਹੇ ਹੋ। ਲਾਅ ਐਂਡ ਆਰਡਰ ਕਿਸ ਨੇ ਖਰਾਬ ਕੀਤਾ ਹੈ? ਸਾਡਾ ਮੈਂਬਰ ਡਿਬੇਟ ਕਰ ਰਿਹਾ ਹੈ। ** ** ਮੈਂ ਨਾਂ ਨਹੀਂ ਲੈਂਦਾ ਜਿਨ੍ਹਾਂ ਤੇ ਕਤਲਾਂ ਦੇ ਕੇਸ ਸੀ.ਬੀ.ਆਈ. ਨੇ ਦਰਜ ਕੀਤੇ ਹਨ ਜਾਂ ਕਿਸੇ ਹੋਰ ਨੇ ਕੀਤੇ ਹਨ, ਅਸੀਂ ਕਿਸੇ ਦਾ ਨਾਂ ਲਿਆ? ** ** ....(ਵਿਘਨ)...... (ਸ਼ੋਰ).....

ਮਾਨਯੋਗ ਸਪੀਕਰ: ਮਿੱਤਲ ਸਾਹਿਬ। (ਵਿਘਨ)...(ਸ਼ੋਰ).....

ਉਪ ਮੁੱਖ ਮੰਤਰੀ: ਸਪੀਕਰ ਸਾਹਿਬ, ਹਾਊਸ ਵਿੱਚ ਜਾਂ ਤਾਂ apology ਹੋਵੇ, ਜੇ apology ਨਹੀਂ ਮੰਗਦੇ ਤਾਂ Member should be expelled.** (ਵਿਘਨ).... (ਸ਼ੋਰ).....

(ਇਸ ਸਮੇਂ ਹਾਊਸ ਵਿੱਚ ਕਾਫੀ ਸ਼ੋਰ ਸੀ ਅਤੇ ਸਮੁੱਚੀ ਵਿਰੋਧੀ ਧਿਰ ਦੇ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਸਪੀਕਰ ਸਾਹਿਬ ਦੀ ਆਗਿਆ ਤੋਂ ਬਿਨਾਂ ਬੋਲ ਰਹੇ ਸਨ, ਜਿਸ ਕਰਕੇ ਕੁਝ ਵੀ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

ਸ਼੍ਰੀ ਸੁਨੀਲ ਕੁਮਾਰ ਜਾਖੜ: ** ** ਜੋ ਹਾਲਾਤ ਅੱਜ ਪੰਜਾਬ ਦੇ ਬਣ ਰਹੇ ਹਨ ....

ਉਪ ਮੁੱਖ ਮੰਤਰੀ: ਜਾਖੜ ਸਾਹਿਬ, ਤੁਸੀਂ ਆਪਣੀ ਡਿਬੇਟ ਵਿੱਚ ਸਾਰਾ ਕੁਝ ਕਹਿ ਚੁੱਕੇ ਹੋ। You are repeating the same. Debate is not any more. ਡਿਬੇਟ ਜਿਹੜੀ ਹੈ ....(interruption).... no... no... who is responsible? what happened? ..... ** ....(ਵਿਘਨ) (ਸ਼ੋਰ)....

ਸ਼੍ਰੀ ਸੁਨੀਲ ਕੁਮਾਰ ਜਾਖੜ: ** .....ਵਿਘਨ....

** Expunged as ordered by the Hon'ble Speaker.

Original with;
Punjab Vidhan Sabha
Digitized by;
Panjab Digital Library

ਉਪ ਮੁੱਖ ਮੰਤਰੀ: ਤੁਸੀਂ **

ਮਾਨਯੋਗ ਸਪੀਕਰ: Nothing to be recorded

Mr. Sunil Kumar Jakhar: **

Deputy Chief Minister: ** .....ਵਿਘਨ.....

ਮਾਨਯੋਗ ਸਪੀਕਰ: Nothing should be recorded.

ਉਪ ਮੁੱਖ ਮੰਤਰੀ: ਜਾਖੜ ਸਾਹਿਬ, ਜਿਹੜੀ ਅਸਲੀਅਤ ਹੈ ਮੈਨੂੰ ਉਮੀਦ ਸੀ ਕਿ ਤੁਸੀਂ ਸਟੈਂਡ ਕਰੋਗੇ ਜਦੋਂ ਤੁਸੀਂ ਇੱਥੋਂ ਗਏ ਤਾਂ ਤੁਸੀਂ ਕਿਹਾ ਸੀ ਕਿ ਇਨ੍ਹਾਂ ਨੇ ਇਹ ਬੜਾ ਗਲਤ ਕੀਤਾ ਹੈ। You are very helpless. You cannot control your people. ਤੁਸੀਂ ਕਹਿੰਦੇ ਹੋ ਕਿ ਪਾਰਲੀਮੈਂਟਰੀ ਡੈਮੋਕ੍ਰੇਸੀ ਚੱਲੇ ਪਰ ਇਹ ਉਦੋਂ ਤੱਕ ਨਹੀਂ ਚੱਲੇਗੀ ਜਦੋਂ ਤੱਕ ਤੁਸੀਂ ਇਸ ਤਰ੍ਹਾਂ ਕਰਦੇ ਰਹੋਗੇ। ਇਸ ਤਰ੍ਹਾਂ ਤਾਂ ਅਸੀਂ ਵੀ ਹਾਊਸ ਨੂੰ ਨਹੀਂ ਚੱਲਣ ਦੇਵਾਂਗੇ। ....(ਵਿਘਨ) ....(ਸ਼ੋਰ)...

SUSPENSION OF A MEMBER FROM THE SERVICES OF THE HOUSE

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ): ਸਪੀਕਰ ਸਾਹਿਬ, ਮੈਂ ਪ੍ਰਸਤਾਵ ਕਰਦਾ ਹਾਂ-

i. "ਕਿ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 97 ਨੂੰ ਮੁਲਤਵੀ ਕੀਤਾ ਜਾਵੇ;

ii. ਕਿ ਰਾਣਾ ਗੁਰਜੀਤ ਸਿੰਘ, ਐਮ.ਐਲ.ਏ. ਨੇ ਅੱਜ ਮਿਤੀ 19.12.2012 ਨੂੰ ਆਪਣੀ ਸੀਟ ਛੱਡ ਕੇ ਸਰਦਾਰ ਬਿਕਰਮ ਸਿੰਘ ਮਜੀਠੀਆ, ਮਾਲ ਅਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ-ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ, ਜੋ ਕਿ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਤੇ ਬੋਲ ਰਹੇ ਸਨ, ਨੂੰ ਅਪਸ਼ਬਦਾਂ ਦੀ ਵਰਤੋਂ ਕਰਕੇ ਹਾਊਸ ਦੀ ਮਰਯਾਦਾ ਨੂੰ ਭੰਗ ਕੀਤਾ ਹੈ, ਇਸ ਕਰਕੇ ਜਾਂ ਤਾਂ ਉਹ ਆਪਣੇ ਇਸ ਦੁਰ-ਵਿਵਹਾਰ ਲਈ ਹਾਊਸ ਤੋਂ ਮੁਆਫ਼ੀ ਮੰਗਣ ਜਾਂ ਫਿਰ ਇਨ੍ਹਾਂ ਨੂੰ

** Not recorded as ordered by the Chair.

Original with;
Punjab Vidhan Sabha
Digitized by;
Panjab Digital Library

ਬਾਕੀ ਰਹਿੰਦੇ ਸੈਸ਼ਨ ਦੇ ਦਿਨਾਂ ਦੀ ਕਾਰਵਾਈ ਤੋਂ ਹਾਊਸ ਤੋਂ ਮੁਅੱਤਲ ਕੀਤਾ ਜਾਵੇ।"

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ-

i. "ਕਿ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 97 ਨੂੰ ਮੁਲਤਵੀ ਕੀਤਾ ਜਾਵੇ;

ii. ਕਿ ਰਾਣਾ ਗੁਰਜੀਤ ਸਿੰਘ, ਐਮ.ਐਲ.ਏ. ਨੇ ਅੱਜ ਮਿਤੀ 19.12.2012 ਨੂੰ ਆਪਣੀ ਸੀਟ ਛੱਡ ਕੇ ਸਰਦਾਰ ਬਿਕਰਮ ਸਿੰਘ ਮਜੀਠੀਆ, ਮਾਲ ਅਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ-ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ ਜੋ ਕਿ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਤੇ ਬੋਲ ਰਹੇ ਸਨ, ਨੂੰ ਅਪਸ਼ਬਦਾਂ ਦੀ ਵਰਤੋਂ ਕਰਕੇ ਹਾਊਸ ਦੀ ਮਰਯਾਦਾ ਨੂੰ ਭੰਗ ਕੀਤਾ ਹੈ, ਇਸ ਕਰਕੇ ਜਾਂ ਤਾਂ ਉਹ ਆਪਣੇ ਇਸ ਦੁਰ-ਵਿਵਹਾਰ ਲਈ ਹਾਊਸ ਤੋਂ ਮੁਆਫ਼ੀ ਮੰਗਣ ਜਾਂ ਫਿਰ ਇਨ੍ਹਾਂ ਨੂੰ ਬਾਕੀ ਰਹਿੰਦੇ ਸੈਸ਼ਨ ਦੇ ਦਿਨਾਂ ਦੀ ਕਾਰਵਾਈ ਤੋਂ ਹਾਊਸ ਤੋਂ ਮੁਅੱਤਲ ਕੀਤਾ ਜਾਵੇ।"

(ਵਿਰੋਧੀ ਧਿਰ ਵੱਲੋਂ ਆਵਾਜ਼ਾਂ : ਸਾਨੂੰ ਸਾਰਿਆਂ ਨੂੰ ਹੀ ਕੱਢ ਦਿਉ।)

ਰਾਣਾ ਗੁਰਜੀਤ ਸਿੰਘ ਮੁਆਫ਼ੀ ਮੰਗਣ ਨੂੰ ਤਿਆਰ ਨਹੀਂ ਹਨ।

ਮਾਨਯੋਗ ਸਪੀਕਰ: ਪ੍ਰਸ਼ਨ ਹੈ -

i. "ਕਿ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 97 ਨੂੰ ਮੁਲਤਵੀ ਕੀਤਾ ਜਾਵੇ;

ii. ਕਿ ਰਾਣਾ ਗੁਰਜੀਤ ਸਿੰਘ, ਐਮ.ਐਲ.ਏ. ਨੇ ਅੱਜ ਮਿਤੀ 19.12.2012 ਨੂੰ ਆਪਣੀ ਸੀਟ ਛੱਡ ਕੇ ਸਰਦਾਰ ਬਿਕਰਮ ਸਿੰਘ ਮਜੀਠੀਆ, ਮਾਲ ਅਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ-ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ ਜੋ ਕਿ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਤੇ ਬੋਲ ਰਹੇ ਸਨ, ਨੂੰ ਅਪਸ਼ਬਦਾਂ ਦੀ ਵਰਤੋਂ ਕਰਕੇ ਹਾਊਸ ਦੀ ਮਰਯਾਦਾ ਨੂੰ ਭੰਗ ਕੀਤਾ ਹੈ, ਇਸ ਕਰਕੇ ਜਾਂ ਤਾਂ ਉਹ ਆਪਣੇ ਇਸ ਦੁਰ-ਵਿਵਹਾਰ ਲਈ ਹਾਊਸ ਤੋਂ ਮੁਆਫ਼ੀ ਮੰਗਣ ਜਾਂ ਫਿਰ ਇਨ੍ਹਾਂ ਨੂੰ ਬਾਕੀ ਰਹਿੰਦੇ ਸੈਸ਼ਨ ਦੇ ਦਿਨਾਂ ਦੀ ਕਾਰਵਾਈ ਤੋਂ ਹਾਊਸ ਤੋਂ ਮੁਅੱਤਲ ਕੀਤਾ ਜਾਵੇ।"

Original with;
Punjab Vidhan Sabha
Digitized by;
Panjab Digital Library

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ: ਹੁਣ ਰਾਣਾ ਗੁਰਜੀਤ ਸਿੰਘ ਨੂੰ ਇਸ ਸੈਸ਼ਨ ਦੇ ਬਾਕੀ ਰਹਿੰਦੇ ਦਿਨਾਂ ਦੀ ਕਾਰਵਾਈ ਲਈ ਸਸਪੈਂਡ ਕੀਤਾ ਜਾਂਦਾ ਹੈ।

WALK OUT

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਅਤੇ ਅਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ** ** ਨਾਅਰੇ ਲਗਾਉਂਦੇ ਹੋਏ ਸਦਨ ਵਿੱਚੋਂ ਵਾਕ-ਆਊਟ ਕਰ ਗਏ।)

DISCUSSION ON THE LAW AND ORDER SITUATION IN THE STATE *(RESUMPTION)*

ਮਾਨਯੋਗ ਸਪੀਕਰ: ਮਜੀਠੀਆ ਜੀ, ਹੁਣ ਤੁਸੀਂ ਬਹਿਸ ਕੰਟੀਨਿਊ ਕਰੋ।

ਮਾਲ ਤੇ ਮੁੜ ਵਸੇਬਾ, ਸੂਚਨਾ ਅਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ: ਸਪੀਕਰ ਸਾਹਿਬ, ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਜਿਹੜੀ ਕਾਂਗਰਸ ਦੀ ਅਸਲੀਅਤ ਅਤੇ ਸੱਚਾਈ ਹੈ ਉਹ ਅੱਜ ਬੁਖਲਾਹਟ ਵਿੱਚ ਆ ਗਈ ਹੈ। ਲੀਡਰ ਆਫ ਦਿ ਹਾਊਸ ਸਰਦਾਰ ਬਾਦਲ ਸਾਹਿਬ ਨੇ ਆਪਣੀ ਗੱਲ ਕਹਿਣ ਦਾ ਹੱਕ ਛੱਡਿਆ। ਇੱਕ ਗੱਲ ਬੜੀ ਕਲੀਅਰ ਹੋਈ ਹੈ ਕਿ ਲਾਅ ਐਂਡ ਆਰਡਰ ਦੇ ਮੁੱਦੇ ਤੇ ਅਪੋਜ਼ੀਸ਼ਨ ਜੀ-ਸਦਕੇ ਬੋਲੇ। ਜੋ ਉਨ੍ਹਾਂ ਨੇ ਇਸ ਮੁੱਦੇ ਉੱਤੇ ਬੋਲਿਆ ਹੈ, ਉਹ ਜੱਗ ਜ਼ਾਹਿਰ ਹੈ। ਇਹ ਗੱਲ ਵੀ ਹੋਈ ਸੀ ਕਿ ਜਦੋਂ ਤੁਸੀਂ ਬੋਲ ਲਵੋਗੇ ਤਾਂ ਉਸ ਤੋਂ ਬਾਅਦ ਸਾਨੂੰ ਵੀ ਆਪਣੀ ਗੱਲ ਰੱਖਣ ਦਾ ਹੱਕ ਹੋਵੇਗਾ। ਸਪੀਕਰ ਸਾਹਿਬ, ਮੈਂ ਤੀਜੀ ਵਾਰ ਚੁਣ ਕੇ ਆਇਆ ਹਾਂ। ਮੈਂ ਪੰਜਾਬ ਦੇ ਲੋਕਾਂ ਦਾ ਬੜਾ ਧੰਨਵਾਦੀ ਹਾਂ। ਡੈਮੋਕਰੇਸੀ ਵਿੱਚ ਸਭ ਤੋਂ ਵੱਡਾ ਟੈਸਟ ਇਲੈਕਸ਼ਨ ਹੁੰਦਾ ਹੈ। ਮਜੀਠੇ ਦੇ ਲੋਕਾਂ ਨੇ ਮੈਨੂੰ 47,500 ਵੋਟਾਂ ਤੇ ਜਿਤਾ ਕੇ ਭੇਜਿਆ ਹੈ। ਅੱਜ ਉਨ੍ਹਾਂ ਨੇ ਤਾਂ ਮੈਨੂੰ ਇਥੇ ਬੈਠਣ ਦਾ ਸਰਟੀਫਿਕੇਟ ਦੇ ਦਿੱਤਾ ਹੈ। ਸਪੀਕਰ ਸਾਹਿਬ, ਮੇਰੇ ਤੇ ਇਥੇ ਇਲਜ਼ਾਮ ਲਗਾ ਰਹੇ ਸਨ। ਮੈਂ ਇਸ ਬਾਰੇ ਰਿਕਾਰਡ ਤੇ ਅਸਲੀਅਤ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਮੈਂ ਸਿਆਸੀ ਰੋਟੀਆਂ ਸੇਕਣ ਵਾਲੀ ਗੱਲ ਕਿਉਂ ਸ਼ੁਰੂ ਤੋਂ ਕਰਦਾ ਆ ਰਿਹਾ ਹਾਂ। ਸਪੀਕਰ ਸਾਹਿਬ, ਮੈਨੂੰ ਉਸ ਪਰਿਵਾਰ ਨੇ ਇਹ ਗੱਲ ਦੱਸੀ ਹੈ ਕਿ ਜੇਕਰ ਕੋਈ ਗਲਤੀ ਕਰਦਾ ਹੈ ਜਾਂ ਇੰਡੀਵਿਜ਼ੁਅਲ ਗਲਤੀ ਕਰਦਾ ਹਾਂ ਤਾਂ ਉਸ ਦੇ ਖਿਲਾਫ ਬਣਦੀ ਕਾਰਵਾਈ ਹੋਣੀ ਚਾਹੀਦੀ ਹੈ। ਅੱਜ

** Expunged as ordered by the Hon'ble Speaker.

Original with;
Punjab Vidhan Sabha
Digitized by;
Panjab Digital Library

ਹਰਿਆਣਾ ਵਿੱਚ ਕੀ ਹੋ ਰਿਹਾ ਹੈ, ਰਾਜਸਥਾਨ ਵਿੱਚ ਕੀ ਹੋ ਰਿਹਾ ਹੈ, ਦਲਿਤਾਂ ਨੂੰ ਵੀ ਨਹੀਂ ਛੱਡਿਆ ਜਾ ਰਿਹਾ।. ਉਥੇ ਕਿਸੇ ਨੇ ਮੁਆਫ਼ੀ ਨਹੀਂ ਮੰਗੀ ਭਾਵੇਂ ਹੋਮ ਮਨਿਸਟਰ ਆਪ ਜ਼ਿੰਮੇਵਾਰ ਹੈ। ਉਥੇ ਕਿਸੇ ਦਾ ਅਸਤੀਫਾ ਨਹੀਂ ਮੰਗਿਆ। ਇਹ ਡਬਲ ਸਟੈਂਡਰਡ ਅਤੇ ਦੋਗਲੀ ਰਜਨੀਤੀ ਕਿਉਂ ਕੀਤੀ ਜਾ ਰਹੀ ਹੈ? ਸਪੀਕਰ ਸਾਹਿਬ, ਮੈਨੂੰ ਜੋ ਪਰਿਵਾਰ ਨੇ ਗੱਲ ਦੱਸੀ, ਮੈਂ ਉਹ ਤੁਹਾਨੂੰ ਇਥੇ ਦੱਸਦਾ ਹਾਂ। ਮੈਂ ਉਥੇ ਅਫ਼ਸੋਸ ਕਰਨ ਗਿਆ। ਸਪੀਕਰ ਸਾਹਿਬ, ਪਰਿਵਾਰ ਦੀ ਦੱਸੀ ਹੋਈ ਗੱਲ ਮੈਂ ਇਥੇ ਵਿਧਾਨ ਸਭਾ ਵਿੱਚ ਦੱਸਣ ਲੱਗਾ ਹਾਂ। ਉਹ ਕਹਿੰਦੇ ਸਨ ਕਿ ਸਾਨੂੰ (ਕਾਂਗਰਸੀ) ਇਥੇ ਆ ਕੇ ਉਹ ਵਾਰ-ਵਾਰ ਕਹਿੰਦੇ ਸਨ ਕਿ ਮਜੀਠੀਏ ਦਾ ਨਾਂ ਲੈ ਦਿਉ। ਉਨ੍ਹਾਂ ਨੇ ਨਾਂ ਨਹੀਂ ਲਿਆ। ਸਪੀਕਰ ਸਾਹਿਬ, ਇਹ ਆਫਟਰ-ਥੌਟ ਹੈ। ਜਿਵੇਂ ਬਾਅਦ ਵਿੱਚ ਕਿਸੇ ਚੀਜ਼ ਦੀ ਕੋਈ ਥਿਊਰੀ ਤਿਆਰ ਕੀਤੀ ਜਾਂਦੀ ਹੈ। ਅਖ਼ਬਾਰਾਂ ਨੇ ਕਦੇ ਕੁਝ ਨਹੀਂ ਲਿਖਿਆ। ਪਰਿਵਾਰ ਨੇ ਕਦੇ ਕੁਝ ਨਹੀਂ ਕਿਹਾ। ਹਾਲਾਤ ਇਹ ਹੋ ਗਏ ਅਤੇ ਪਰਿਵਾਰ ਇਨ੍ਹਾਂ ਦੀਆਂ ਹਰਕਤਾਂ ਤੋਂ ਇੰਨਾਂ ਦੁਖੀ ਹੋ ਗਿਆ ਕਿ ਉਥੋਂ ਦੇ ਲੋਕਲ ਡਿਸਟ੍ਰਿਕਟ ਕਾਂਗਰਸ ਪ੍ਰੈਜ਼ੀਡੈਂਟ ** ** ਅਤੇ ** ** ਉਨ੍ਹਾਂ ਦੇ ਭੋਗ ਤੇ ਗਏ। ਪ੍ਰੰਤੂ ਪਰਿਵਾਰ ਨੇ ਉਨ੍ਹਾਂ ਨੂੰ ਉਥੇ ਬੋਲਣ ਨਹੀਂ ਦਿੱਤਾ ਕਿਉਂਕਿ ਉਹ ਨਹੀਂ ਚਾਹੁੰਦੇ ਸਨ ਕਿ ਉਥੇ ਕੋਈ ਘਟੀਆ ਰਾਜਨੀਤੀ ਜਾਂ ਰੋਟੀਆਂ ਸੇਕਣਾ .....

ਮਾਨਯੋਗ ਸਪੀਕਰ: ਮੈਂ ਇੱਕ ਗੱਲ ਕਰਾਂ ਕਿ ਜਿਹੜਾ ਮੈਂਬਰ ਜਾਂ ਵਿਅਕਤੀ ਹਾਊਸ ਵਿੱਚ ਹਾਜ਼ਰ ਨਹੀਂ ਉਸ ਦਾ ਨਾਂ ਨਾ ਲਿਆ ਜਾਵੇ। ਮੈਂ ਕਿਹਾ ਜੀ ਕਿ ਨਾਂ ਨਹੀਂ ਲਿਆ ਜਾ ਸਕਦਾ। ਕਿਸੇ ਹੋਰ ਤਰੀਕੇ ਨਾਲ ਕਿਹਾ ਜਾ ਸਕਦਾ ਹੈ।

ਮਾਲ ਤੇ ਮੁੜ ਵਸੇਬਾ, ਸੂਚਨਾ ਅਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ: ਮੈਂ ਉਨ੍ਹਾਂ ਦੋਨਾਂ ਨੂੰ ਡਿਸਟ੍ਰਿਕਟ ਕਾਂਗਰਸ ਕਮੇਟੀ ਦੇ ਪ੍ਰੈਜ਼ੀਡੈਂਟ ਸ਼ਹਿਰੀ ਅਤੇ ਡਿਸਟ੍ਰਿਕਟ ਪ੍ਰਧਾਨ ਦਿਹਾਤੀ ਕਹਿ ਦਿੰਦਾ ਹਾਂ। ਉਨ੍ਹਾਂ ਨੂੰ ਇਸ ਲਈ ਬੋਲਣ ਨਹੀਂ ਦਿੱਤਾ ਕਿਉਂਜੋ ਏ.ਐੱਸ.ਆਈ. ਦਾ ਪਰਿਵਾਰ ਇਹ ਮਹਿਸੂਸ ਕਰਦਾ ਸੀ ਕਿ ਉਹ ਸਿਆਸੀ ਰੋਟੀਆਂ ਸੇਕਣ ਲਈ ਆਏ ਹਨ। We have condemned the incident. ਸਾਡੀ ਪਾਰਟੀ ਨੇ ਉਸ ਨੂੰ ਪਾਰਟੀ ਵਿੱਚੋਂ ਕੱਢਿਆ ਅਤੇ ਜਿਸ ਨੇ ਉਸ ਦੀ ਸਿਫਾਰਸ਼ ਕੀਤੀ ਸੀ, ਉਸ ਨੂੰ ਵੀ ਪਾਰਟੀ ਵਿੱਚੋਂ ਕੱਢਿਆ। We have set an example. ਸਰਕਾਰ ਨੇ ਇੱਕ ਐਗਜ਼ਾਂਪਲ ਸੈਟ ਕੀਤੀ ਕਿ 7-8 ਘੰਟਿਆਂ ਦੇ ਅੰਦਰ ਹੀ ਮੁਜਰਮ ਫੜੇ ਗਏ। ਸਪੀਕਰ ਸਾਹਿਬ, ਚੌਥੇ ਮੁਜਰਮ ਦਾ ਨਾਂ ਹੈ ** ** ਜਾਂ ** **। ਸਪੀਕਰ ਸਾਹਿਬ, ਉਹ ਅੱਜ ਫੜਿਆ ਗਿਆ। ਮੈਂ ਮੁਜਰਮ ਦੀ ਗੱਲ ਕਰ ਰਿਹਾ ਹਾਂ, ਐਕਿਊਜ਼ਡ। ਸਪੀਕਰ ਸਾਹਿਬ, ਚਾਰ ਬੰਦਿਆਂ ਤੇ ਪਰਚਾ

** Expunged as ordered by the Chair.

Original with;
Punjab Vidhan Sabha
Digitized by;
Panjab Digital Library

(ਮਾਲ ਤੇ ਮੁੜ ਵਸੇਬਾ, ਸੂਚਨਾ ਅਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ)

ਹੋਇਆ। ਮੈਂ ਰਿਕਾਰਡ ਦੀ ਗੱਲ ਕਰ ਰਿਹਾ ਹਾਂ। ਉਹ ਭਤੀਜਾ ਕਿਸ ਦਾ ਹੈ? ਸ਼ਹਿਰੀ ਕਾਂਗਰਸ ਦੇ ਮੀਤ ਪ੍ਰਧਾਨ ਦਾ। ਉਹ ਅੱਜ ਤੱਕ ਕਿੱਥੇ ਲੁਕਿਆ ਸੀ? ਮੈਂ ਇਨ੍ਹਾਂ ਤੋਂ ਇਹ ਗੱਲ ਪੁੱਛਦਾ ਸੀ? ਆਪਣੀ ਗੱਲ ਨਹੀਂ ਦੱਸਦੇ ਕਿ ਅਸੀਂ ਉਸ ਨੂੰ ** ** ਦੇ ਨਜ਼ਦੀਕੀ ਮੰਨੇ ਜਾਂਦੇ ਕੋਲ ਲੁਕੋ ਕੇ ਰੱਖਿਆ ਸੀ। ਉਸ ਨੂੰ ਫੜ੍ਹ ਲਿਆ ਗਿਆ। ਸਾਰੀ ਗੱਲ ਸਾਹਮਣੇ ਆ ਗਈ। ਸਪੀਕਰ ਸਾਹਿਬ, ਅਸੀਂ ਐਗਜ਼ਾਂਪਲ ਸੈਟ ਕੀਤੀ। ਐੱਸ.ਐਚ. ਓ. ਦੇਸ਼ ਵਿੱਚ ਸਸਪੈਂਡ ਬੜੇ ਹੋਏ ਹਨ, 24 ਘੰਟਿਆਂ ਵਿੱਚ ਇੱਕ ਅਫ਼ਸਰ ਜਿਸ ਨੇ ਆਪਣੀ ਡਿਊਟੀ ਤੋਂ ਕੁਤਾਹੀ ਕੀਤੀ ਸੀ, ਜੇ ਉਹ ਲੜਕੀ ਦੀ ਗੱਲ ਨੂੰ ਧਿਆਨ ਨਾਲ ਸੁਣ ਲੈਂਦਾ ਸ਼ਾਇਦ ਇਹ ਹਾਦਸਾ ਨਾ ਵਾਪਰਦਾ। He was dismissed from service and a right signal was sent. ਅੱਜ ਇਹ ਹਦਾਇਤਾਂ ਦਿੱਤੀਆਂ ਹਨ ਕਿ ਜੇ ਕੋਈ ਧੀ ਭੈਣ ਥਾਣੇ ਵਿੱਚ ਆਵੇਗੀ ਤਾਂ ਉਸ ਦੀ ਧਿਆਨ ਨਾਲ ਗੱਲ ਸੁਣਿਓ। ਸਪੀਕਰ ਸਾਹਿਬ, ਮਗਰ ਅਸਲੀਅਤ ਕੀ ਹੈ? ਅਮਰੀਕਾ ਵਿੱਚ ਵਿਸਕਾਸਨ ਦਾ ਜਿਹੜਾ ਇੰਸੀਡੈਂਟ ਹੋਇਆ ਹੈ, ਹਰਿਆਣੇ ਵਿੱਚ ਕੀ ਹੋ ਰਿਹਾ ਹੈ, ਰਾਜਸਥਾਨ ਵਿੱਚ ਕੀ ਹੋ ਰਿਹਾ ਹੈ, ਦਿੱਲੀ ਰੋਜ਼ ਰੌਲਾ ਪੈ ਰਿਹਾ ਹੈ। ਸਪੀਕਰ ਸਾਹਿਬ, ਇਸ ਵਧਦੀ ਅਬਾਦੀ ਦੇ ਨਾਲ-ਨਾਲ ਕਦਰਾਂ-ਕੀਮਤਾਂ ਵਿੱਚ ਵੀ ਜਿਹੜੀ ਗਿਰਾਵਟ ਆਈ ਹੈ, ਮੈਂ ਉਸ ਤੋਂ ਗੱਲ ਕਰ ਰਿਹਾ ਸੀ। ਮੈਨੂੰ ਅਫ਼ਸੋਸ ਇਸ ਗੱਲ ਦਾ ਸੀ, ਉਥੇ ਨਾਅਰੇ ਲੱਗਦੇ ਸੀ। ਲਗਾਓ। ਆਪੋਜ਼ੀਸ਼ਨ ਦਾ ਕੰਮ ਹੈ। ਰੌਲਾ ਪਾਓ, ਦੁਹਾਈ ਦਿਉ ਕਿਉਂਕਿ ਤੁਸੀਂ ਡਿਬੇਟ ਵਿੱਚ ਤਾਂ ਆਉਣਾ ਨਹੀਂ। ਮਗਰ ਸਪੀਕਰ ਸਾਹਿਬ, ਆਪਣੀ ਕੁਰਸੀ ਛੱਡ ਕੇ ਇੱਥੇ ਆਉਣਾ, ਮੇਰੇ ਵੱਲ ਨੂੰ, ਮੈਨੂੰ ਚੈਲੰਜ ਕਰਨਾ, ਮੈਨੂੰ ਗਾਲ੍ਹਾਂ ਕੱਢਣੀਆਂ, ਸਪੀਕਰ ਸਾਹਿਬ, ਜ਼ੁਬਾਨ ਮੇਰੇ ਵੀ ਲੱਗੀ ਹੋਈ ਹੈ। ** ** ਮੈਨੂੰ ਪਤਾ ਹੈ ਕਿ ਇਸ ਪਵਿੱਤਰ ਸਦਨ ਦੀਆਂ ਕੀ ਜ਼ਿੰਮੇਵਾਰੀਆਂ ਬਣਦੀਆਂ ਹਨ। ਮੈਂ ਆਪਣੀ ਕੁਰਸੀ ਤੇ ਖਲੋਤਾ ਰਿਹਾ। ਭਾਵੇਂ ਮੇਰੇ ਪ੍ਰਤੀ, ਸਾਡੀਆਂ ਭੈਣਾਂ ਬੈਠੀਆਂ ਹਨ, ਲੇਡੀਜ਼ ਮੈਂਬਰਜ਼ ਆਫ਼ ਦੀ ਆਨਰੇਬਲ ਹਾਊਸ ਬੈਠੀਆਂ ਹਨ। ** ** ਅੱਜ ਤੱਕ ਕਦੇ ਇਹੋ ਜਿਹੀ ਗਿਰਾਵਟ ਮੈਂ ਨਾ ਆਪਣੀਆਂ ਦੋ ਟਰਮਾਂ ਵਿੱਚ ਵੇਖੀ ਹੈ ਤੇ ਨਾ ਮੈਨੂੰ ਲੱਗਦਾ ਹੈ ਕਿ ਬਾਦਲ ਸਾਹਿਬ ਵਰਗੇ ਸੀਨੀਅਰ ਲੀਡਰ ਜੋ 50-50 ਸਾਲ ਤੋਂ ਇੱਥੇ ਬੈਠੇ ਹਨ, ਕਦੇ ਉਨ੍ਹਾਂ ਨੂੰ ਵੀ ਇਹੋ ਜਿਹੀ ਗਿਰਾਵਟ ਵੇਖਣ ਨੂੰ ਮਿਲੀ ਹੋਵੇ। (ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਇਹ ਬੁਖਲਾਹਟ ਦਾ ਕਾਰਨ ਕੀ ਹੈ? ਅੱਜ ਇਹੋ ਜਿਹੇ ਹਾਲਾਤ ਕਿਉਂ ਬਣੇ ਹਨ? ਕਦੀ ਇਹ ਆਪਣੇ ਪ੍ਰਧਾਨ ਦੇ ਗਲ ਪੈਂਦੇ ਹਨ। ਕਦੀ ਲੀਡਰ ਆਫ਼ ਦਿ ਆਪੋਜ਼ੀਸ਼ਨ ਦੇ ਗਲ ਪੈਂਦੇ ਹਨ। ਕਦੀ ਇਨ੍ਹਾਂ ਵਿੱਚੋਂ ਕੋਈ

** Expunged as ordered by the Hon'ble Speaker.

Original with;
Punjab Vidhan Sabha
Digitized by;
Panjab Digital Library

ਕੋਠੀ ਛੱਡ ਕੇ ਰਾਜ਼ੀ ਨਹੀਂ। ਇੱਕ ਦੂਜੇ ਦੀਆਂ ਕੋਠੀਆਂ ਮੱਲਣ ਤੇ ਲੱਗੇ ਹਨ। ਇੱਕ ਦੂਜੇ ਨੂੰ ਠਿੱਬੀ ਲਗਾਉਣ ਤੇ ਲੱਗੇ ਹੋਏ ਹਨ। ਇਹ ਕਾਂਗਰਸੀ ਆਪਣੀ ਅੰਦਰੂਨੀ ਸਿਆਸਤ ਜੋ ਹੈ, ਉਸ ਨੂੰ ਇਹ ਆਪਣੇ ਕੋਲ ਰੱਖਣ। ਮੈਂ ਕੀ ਗੱਲ ਕਹੀ ਸੀ? ਸਪੀਕਰ ਸਾਹਿਬ, ਮੈਂ ਰਿਕਾਰਡ ਪੇਸ਼ ਕਰ ਰਿਹਾ ਹਾਂ। There is nothing out of context. 117 ਮੈਂਬਰ ਇਸ ਹਾਊਸ ਦੇ ਹਨ। ** ** ਸਪੀਕਰ ਸਾਹਿਬ, ਮੈਂ ਮਾਝੇ ਦਾ ਮੁੰਡਾ ਹਾਂ। ਮਝੈਲਾਂ ਦਾ ਦੁੱਧ ਪੀਤਾ ਹੈ। ਇਲੈਕਸ਼ਨ ਵਿੱਚ ਇਸ ਨੂੰ ਅੱਗੇ ਤੋਰਿਆ ਹੈ। ਮਾਝੇ ਦੀ ਧਰਤੀ ਤੋਂ ਤੋਰਿਆ। ਉਥੇ ਬੜਾ ਕਹਿੰਦਾ ਸੀ ਕਿ ਮੇਰੀਆਂ ਮਸਤਕ ਦੀਆਂ ਲਕੀਰਾਂ ਵਿੱਚ ਹਾਰ ਨਹੀਂ ਲਿਖੀ। ਮਝੈਲਾਂ ਨੇ ਚਲਦਾ ਕਰ ਦਿੱਤਾ। ਇਸਨੂੰ ਲੋਕ ਸਭਾ ਦੀ ਇਲੈਕਸ਼ਨ ਹਾਰਨੀ ਪੈ ਗਈ। ਮਝੈਲਾਂ ਨੇ ਮਸਤਕ ਦੀਆਂ ਲਕੀਰਾਂ ਬਦਲ ਦਿੱਤੀਆਂ। ਇਸ ਲਈ ਇੰਨਾ ਹੰਕਾਰ ਤੇ ਇਹੋ ਜਿਹੀ ਭਾਸ਼ਾ ਵਰਤਣੀ ਠੀਕ ਨਹੀਂ। ਇਹ ਕੀ ਗੱਲ ਕਰਦੇ ਹਨ। ਕਿਸ ਨੂੰ ਡਰਾਉਣ ਦੀ ਕੋਸ਼ਿਸ਼ ਕਰਦੇ ਹਨ? ** ** ਸਪੀਕਰ ਸਾਹਿਬ, ਦੂਜਾ ਕਾਰਨਾਮਾ, ਰਾਣਾ ਗੁਰਜੀਤ ਸਿੰਘ ਦਾ ਜੋ ਕਿ ਵਿਦ ਫੋਟੋ ਹੈ। ਇਸ ਵਿੱਚ ਥਾਪੀ ਦੇ ਰਹੇ ਹਨ; ਚੱਕ ਦੇ ਫੱਟੇ। ਮੁੰਡਾ ਕਿਹੜਾ ਹੈ? ਕਾਂਗਰਸ ਪਾਰਟੀ ਦਾ ਕੌਂਸਲਰ ** Who is convicted for kidnapping and extortion. ਸਪੀਕਰ ਸਾਹਿਬ, ਇਹ ਫੋਟੋਆਂ ਮੈਂ ਸਦਨ ਦੀ ਮੇਜ਼ ਤੇ ਰੱਖਣਾ ਚਾਹੁੰਦਾ ਹਾਂ।

ਮਾਨਯੋਗ ਸਪੀਕਰ: ਤੁਸੀਂ ਇਹ ਨਹੀਂ ਰੱਖ ਸਕਦੇ।

ਮਾਲ ਤੇ ਮੁੜ ਵਸੇਬਾ, ਸੂਚਨਾ ਅਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ: ਸਪੀਕਰ ਸਾਹਿਬ, ** ਫਿਰ ਇਹੋ ਜਿਹੀਆਂ ਗੱਲਾਂ ਕਰਦੇ ਹਨ। ਸਪੀਕਰ ਸਾਹਿਬ, ਸੁਭਾਵਿਕ ਹੈ ਕਿ ਮੇਰੀਆਂ ਸੱਚਾਈ ਭਰੀਆਂ ਗੱਲਾਂ ਫਿਰ ਚੁਭਣੀਆਂ ਹਨ। ਚਲੋ, ਆਹ ਤਾਂ ਸੀ ਇਨ੍ਹਾਂ ਦੀ ਕਹਾਣੀ। ਬਾਕੀ ਜਿਹੜੀ ਮੰਡਲੀ ਸੀ, ਮੈਂ ਸਾਰਿਆਂ ਦੀਆਂ ਫੋਟੋਆਂ ਲੈ ਕੇ ਆਇਆ ਹਾਂ। ਜਿਵੇਂ ਤੁਸੀਂ ਚਾਹੋਗੇ, ਮੈਂ ਹਾਊਸ ਵਿੱਚ ਰੱਖੀ ਜਾਵਾਂਗਾ।

ਮਾਨਯੋਗ ਸਪੀਕਰ: ਇਹ ਹਾਊਸ ਵਿੱਚ ਲੇਅ ਨਹੀਂ ਹੋ ਸਕਦੀਆਂ।

ਮਾਲ ਤੇ ਮੁੜ ਵਸੇਬਾ, ਸੂਚਨਾ ਅਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ: ਚਲੋ ਮੇਰਾ ਫਰਜ਼ ਤੁਹਾਨੂੰ ਦੱਸਣਾ ਹੈ। ਸਪੀਕਰ ਸਾਹਿਬ, ਕਾਂਗਰਸ ਪਾਰਟੀ ਦੇ 2012 ਦੇ ਕੈਂਡੀਡੇਟਾਂ ਦੀ ਗੱਲ ਚੱਲ ਰਹੀ ਹੈ। ਇੱਕ ਦੀ ਗੱਲ ਤਾਂ ਮੈਂ ਦੱਸ ਦਿੱਤੀ। ਦਿੱਲੀ ਚੱਢਿਆਂ ਦਾ ਰੌਲਾ ਪਿਆ ਹੈ। ** ਦਾ ਜ਼ਿਕਰ ਆਉਂਦਾ ਹੈ। ਉਸ ਦਾ ਲਾਇਸੰਸ ਕਿਸ ਨੇ

** Expunged as ordered by the Hon'ble Speaker.

Original with;
Punjab Vidhan Sabha
Digitized by;
Panjab Digital Library

(ਮਾਲ ਤੇ ਮੁੜ ਵਸੇਬਾ, ਸੂਚਨਾ ਅਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ)

ਬਣਾਇਆ? ਉਸ ਦੀ ਰਿਕੁਮੈਂਡੇਸ਼ਨ ਕਿਸ ਨੇ ਦਿੱਤੀ? ਕਿਸੇ ਹੋਰ ਨੇ ਨਹੀਂ, ਸਪੀਕਰ ਸਾਹਿਬ, ਰਾਣਾ ਗੁਰਜੀਤ ਸਿੰਘ ਨੇ ਉਸ ਦਾ ਲਾਇਸੰਸ ਬਣਾਇਆ ਅਤੇ ਇਸ ਦੇ ਉਸ ਨਾਲ ਪਰਿਵਾਰਕ ਰਿਸ਼ਤੇ ਹਨ। ਅੱਜ ਉਸ ਸਾਰੀ ਸਾਜਿਸ਼ ਦੇ ਪਿੱਛੇ ਜੇ ਸੀ.ਬੀ.ਆਈ. ਇਨਕੁਆਇਰੀ ਹੋ ਜਾਵੇ ਤਾਂ ਇਹ ਇਨਸਾਨ ਫਸ ਜਾਵੇਗਾ, ਇਹ ਮੈਂ ਤੁਹਾਡੇ ਸਾਹਮਣੇ ਅੱਜ ਗੱਲ ਕਰਦਾ ਹਾਂ। ਸਪੀਕਰ ਸਾਹਿਬ, ਇਨ੍ਹਾਂ ਦਾ ਦੂਜਾ ਕੈਂਡੀਡੇਟ ਕਿਹੜਾ ਹੈ। ਉਸ ਬੀਬੀ ਜੀ ਦਾ ਨਾਮ ਤਾਂ ** ਹੈ। ਸਤਿਕਾਰ ਵੇਖ ਲਵੋ ਉਨ੍ਹਾਂ ਨੇ ਕਿਹੋ ਜਿਹਾ ਕੀਤਾ ਹੈ। ਉਨ੍ਹਾਂ ਨੂੰ ਇਸ ਤਰ੍ਹਾਂ ਹੋ ਗਿਆ ਕਿ ਸ਼ਾਇਦ ਸਾਡੀ ਸਰਕਾਰ ਬਣ ਜਾਣੀ ਹੈ। ਇਲੈਕਸ਼ਨ ਵਾਲੇ ਦਿਨ ਉਸ ਦੇ ਹਸਬੈਂਡ ਨੇ, ਉਸ ਨੂੰ ਪਿਆਰ ਨਾਲ ** ਆਖਦੇ ਹਨ। ** ਜੀ ਨੇ ਬੰਦਾ ਹੀ ਚੁੱਕ ਦਿੱਤਾ, ਮਾਰ ਦਿੱਤਾ। ਉਸ ਤੇ ਪਰਚਾ ਦਰਜ ਹੈ। ਉਹ ਭਗੌੜਾ ਹੈ। ਕਿਉਂਕਿ ਉਸ ਨੇ (ਮਰਨ ਵਾਲੇ ਨੇ) ਕਹਿ ਦਿੱਤਾ ਮੈਂ ਸਰਦਾਰ ਪਰਕਾਸ਼ ਸਿੰਘ ਬਾਦਲ ਨੂੰ ਵੋਟ ਪਾਉਣੀ ਹੈ, ਮੈਂ ਪੰਜੇ ਨੂੰ ਵੋਟ ਨਹੀਂ ਪਾਉਣੀ। ਦੱਸੋ ** ਇਹ ਵੱਡੇ ਸਾਧਾਂ ਦੀ ਮੈਂ ਕਹਾਣੀ ਦੱਸਣ ਲੱਗਿਆ ਹਾਂ ਜਿਹੜੇ 44 ਹਨ। ਇਹ ਚਲੇ ਗਏ ਹਨ। ਇਨ੍ਹਾਂ ਦੀਆਂ ਫੋਟੋਆਂ ਵੀ ਮੈਂ ਲਿਆਇਆ ਹਾਂ। ਅੱਜ ਸਵੇਰੇ ਜਾਖੜ ਸਾਹਿਬ ਕਹਿੰਦੇ ਸੀ ਕਿ ਪਾਕਿਸਤਾਨ ਦਾ ਫਿਕਰ ਘੱਟ ਕਰੋ ਅਤੇ ਹਿੰਦੁਸਤਾਨ ਦਾ ਫਿਕਰ ਵੱਧ ਕਰੋ। ਇਹ ਬਿਲਕੁਲ ਸਹੀ ਗੱਲ ਹੈ। ਮੈਂ ਆਪ ਇਸ ਗੱਲ ਨਾਲ ਸਹਿਮਤ ਹਾਂ ਮਗਰ ਇਹ ਦੋਹਰੇ ਮਾਪਦੰਡ ਇਕੱਲੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਵਾਸਤੇ ਕਿਉਂ? ਸਪੀਕਰ ਸਾਹਿਬ, ਮੈਂ ਕੈਪਟਨ ਸਾਹਿਬ ਦੇ ਰਾਜ ਦੀ ਕਹਾਣੀ ਦੱਸ ਰਿਹਾ ਹਾਂ, ਜਦੋਂ ਉਹ ਮੁੱਖ ਮੰਤਰੀ ਸਨ। ਉਦੋਂ ਜੇ ਪੰਜਾਬ ਦਾ ਫਿਕਰ ਵੱਧ ਕੀਤਾ ਹੁੰਦਾ, ਪੰਜਾਬ ਵਿੱਚ ਲਾਅ ਐਂਡ ਆਰਡਰ ਦਾ ਫਿਕਰ ਵੱਧ ਕੀਤਾ ਹੁੰਦਾ ਤਾਂ ਸ਼ਾਇਦ ਹਾਲਾਤ ਬਿਹਤਰ ਹੁੰਦੇ। ਸਾਰਾ ਜ਼ੋਰ, ਸਾਰਾ ਧਿਆਨ ਗਵਾਂਢੀ ਮੁਲਕਾਂ ਦੇ ਰਿਸ਼ਤੇ ਸੁਧਾਰਣ ਵਾਸਤੇ ਲਗਾ ਦਿੱਤਾ, ਆਪਣੇ ਪੰਜਾਬ ਤੇ ਤਾਂ ਧਿਆਨ ਹੀ ਨਹੀਂ ਗਿਆ। ਸਪੀਕਰ ਸਾਹਿਬ, 2002 ਤੋਂ 2007, ਤੁਸੀਂ ਨਾਮ ਸੁਣਿਆ ਹੋਣਾ ਹੈ, ਤੁਸੀਂ ਉਸ ਦੇ ਗਾਣੇ ਸੁਣੇ ਹੋਣੇ ਹਨ ** ਜਿਸ ਨੇ ਮੁੱਖ ਮੰਤਰੀ ਦਾ ਮਜ਼ਾਕ ਵੀ ਉਡਾ ਦਿੱਤਾ, ਉਦੋਂ ਦਿਮਾਗ ਤੇ ਚੜ੍ਹੀ ਸੀ, ਲੱਥਦੀ ਨਹੀਂ ਸੀ। ਰਾਜੇ-ਮਹਾਰਾਜੇ ਭੁੱਲ ਗਏ ਕਿ ਲੋਕਤੰਤਰ ਵਿੱਚ ਪੰਜਾਬ ਦੇ ਲੋਕ ਰਾਜੇ ਮਹਾਰਾਜੇ ਬਣਾਉਂਦੇ ਹਨ। ਇਥੇ ਸੈਲਫ ਸਟਾਈਲਡ ਕੰਮ ਨਹੀਂ ਚਲਦਾ। ਉਸ ਵਿਚਾਰੇ ਨੇ ਗੀਤ ਬਣਾ ਦਿੱਤੇ। ਗੀਤ ਤਾਂ ਸਭ ਦੇ ਬਣਦੇ ਹਨ। ਸਾਡੇ ਵੀ ਬਣਦੇ ਹਨ, ਤੁਹਾਡੇ ਵੀ ਬਣਦੇ ਹਨ। ਇਹ ਫਰੀ ਕੰਟਰੀ ਹੈ। ਹਰ ਇੱਕ ਨੂੰ ਆਪਣੀ ਗੱਲ ਕਰਨ ਦਾ ਹੱਕ ਹੈ। ਉਸ ਨੇ ਕੈਪਟਨ

** Expunged as ordered by the Hon'ble Speaker.

Original with;
Punjab Vidhan Sabha
Digitized by;
Panjab Digital Library

ਅਮਰਿੰਦਰ ਸਿੰਘ ਤੇ ਮਜ਼ਾਕੀਆ ਗੀਤ ਬਣਾ ਦਿੱਤਾ। ਉਸ ਦੀ ਜੋ ਧੁਲਾਈ ਹੋਈ, ਉਸ ਦੀਆਂ ਗੱਲਾਂ ਹੀ ਛੱਡ ਦਿਉ। ਇਹ, ਸਪੀਕਰ ਸਾਹਿਬ, ਹੋਰ ਵੀ ਕਿਤੇ ਨਹੀਂ ਕੀਤਾ, ਇਹ ਸਕੱਤਰੇਤ ਵਿੱਚ ਕੀਤਾ। ** ਇਹੀ ਸਾਥੀ ਨਾਲ ਸੀ। ਇਹੀ ਸਲਾਹਾਂ ਦਿੰਦੇ ਸੀ। ਇਹੀ ਲਾਅ ਐਂਡ ਆਰਡਰ ਚਲਾਉਂਦੇ ਸੀ। ਇਹ ਹਾਲ ਦੇਖ ਲਵੋ ਕਿ ਇੱਕ ਹਿਊਮਰ ਆਰਟਿਸਟ ਨੂੰ, ਇੱਕ ਮਜ਼ਾਕੀਏ ਨੂੰ ਛਿੱਤਰ ਇਸ ਗੱਲ ਦੇ ਪੈ ਗਏ ਕਿ ਤੂੰ ਕੈਪਟਨ ਦਾ ਮਜ਼ਾਕ ਉਡਾਇਆ ਹੈ।

ਸਿੱਖਿਆ, ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ (ਸਰਦਾਰ ਸਿਕੰਦਰ ਸਿੰਘ ਮਲੂਕਾ) (ਬੈਠੇ-ਬੈਠੇ): ਕੁੱਟਿਆ ਵੀ ਹੋਮ ਸੈਕ੍ਰੇਟਰੀ ਨੇ ਸੀ।

ਮਾਲ ਤੇ ਮੁੜ ਵਸੇਬਾ, ਸੂਚਨਾ ਅਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ: ਫਿਰ, ਸਪੀਕਰ ਸਾਹਿਬ ਕਹਿਣਗੇ ਕਿ ਫਲਾਣੇ ਦਾ ਨਾਂ ਕਿਉਂ ਲਿਆ। ਮੈਂ ਤਾਂ ਬੋਲਣ ਜੋਗਾ ਵੀ ਨਹੀਂ ਅਤੇ ਲੰਘਾਉਣ ਜੋਗਾ ਵੀ ਨਹੀਂ। ਚਲੋ, ਸਪੀਕਰ ਸਾਹਿਬ, ਹੁਣ ਮੈਂ ਦੂਜੀ ਗੱਲ ਕਰਦਾ ਹਾਂ। ਅਕਾਲੀ ਦਲ ਵਾਲਿਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਲੈਕਸ਼ਨ ਸੱਦ ਲਈ। ਹੁਣ ਬਹੁਮੱਤ ਸ਼੍ਰੋਮਣੀ ਅਕਾਲੀ ਦਲ ਦਾ ਹੈ। ਕੈਪਟਨ ਸਾਹਿਬ ਦੀਆਂ ਉਹੀ ਰਾਜਿਆਂ ਮਹਾਰਾਜਿਆਂ ਵਾਲੀਆਂ ਆਦਤਾਂ ਹਨ। ਸਲਾਹ ਦੇਣ ਵਾਲੇ ਇਹੀ ਜਿਹੜੇ ਹੁਣ ਬਾਹਰ ਨੂੰ ਚਲੇ ਗਏ ਹਨ। ਕਹਿੰਦੇ ਇਨ੍ਹਾਂ ਨੂੰ ਅੰਮ੍ਰਿਤਸਰ ਪਹੁੰਚਣ ਨਹੀਂ ਦੇਣਾ। ਪੁਲਿਸ ਜਿਸ ਦਾ ਕੁੰਡਾ ਖੋਲ੍ਹਦੀ ਸੀ, ਉੱਥੇ ਪੁੱਛਦੇ ਸੀ ਕਿ ਸ਼੍ਰੋਮਣੀ ਕਮੇਟੀ ਮੈਂਬਰ ਕਿੱਥੇ ਹੈ। ਜੇ ਮਾਤਾ ਕਹਿ ਦਿੰਦੀ ਹੈ ਨਹੀਂ ਤਾਂ ਮਾਤਾ ਨੂੰ ਫੜ੍ਹ ਕੇ ਲੈ ਜਾਂਦੇ ਸੀ। ਜੇ ਨਿਆਣਾ ਹੁੰਦਾ ਸੀ ਤਾਂ ਨਿਆਣੇ ਨੂੰ ਫੜ੍ਹ ਕੇ ਲੈ ਜਾਂਦੇ ਸੀ। ਕਹਿਣ ਦਾ ਭਾਵ ਕਿ ਇਸ ਤਰੀਕੇ ਦਾ ਜ਼ਬਰ-ਜ਼ੁਲਮ ਉਦੋਂ ਹੋਇਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਇਲੈਕਸ਼ਨਾਂ ਵਿੱਚ ਅੰਮ੍ਰਿਤਸਰ ਵੋਟਾਂ ਪਾਉਣ ਨਹੀਂ ਜਾ ਸਕਦੇ ਸੀ। ਹਾਲਾਤ ਇਹੋ ਜਿਹੇ ਖੜ੍ਹੇ ਕੀਤੇ ਤੇ ਸਾਨੂੰ ਸਰਦਾਰ ਬਾਦਲ ਨੂੰ, ਸਭ ਨੂੰ ਆਪਣੇ ਕੋਲ ਇਕੱਠਾ ਕਰਨਾ ਪਿਆ ਤੇ ਬਹੁਤ ਵੱਡੇ ਲੋਕਾਂ ਦੇ ਹਜੂਮ ਦੇ ਰੂਪ ਵਿੱਚ, ਲੋਕਾਂ ਦਾ ਜਦੋਂ ਸਾਥ ਮਿਲਿਆ ਤਾਂ ਅੰਮ੍ਰਿਤਸਰ ਵੋਟਾਂ ਪਾਉਣ ਲਈ ਪਹੁੰਚੇ। ਇਸ ਦਾ ਰਿਜ਼ਲਟ ਕੀ ਨਿਕਲਿਆ ਕਿ ਜਦੋਂ ਵੋਟਾਂ ਨਿਕਲੀਆਂ ਤਾਂ ਸਪੀਕਰ ਸਾਹਿਬ, ਰਿਜ਼ਲਟ ਫਿਰ ਵਿਧਾਨ ਸਭਾ ਵਾਲਾ ਹੀ ਨਿਕਲਿਆ ਤੇ ਫਿਰ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੇ ਹੱਕ ਵਿੱਚ ਹੋ ਗਿਆ ਉਨ੍ਹਾਂ ਦੇ ਮਤਲਬ ਦਾ ਪ੍ਰਧਾਨ ਉਥੇ ਬਣਿਆ ਜਿਵੇਂ ਅੱਜ ਸਰਕਾਰ ਬਣੀ ਹੈ ਪਰ ਇਨ੍ਹਾਂ ਨੂੰ ਇਹ ਗੱਲਾਂ ਕਿਵੇਂ ਰਾਸ ਆਉਂਦੀਆਂ ਹਨ। ਸਪੀਕਰ ਸਾਹਿਬ, ਇਹ ਲਾਅ ਐਂਡ ਆਰਡਰ ਦੀ ਗੱਲ ਕਰਦੇ ਹਨ ਤੇ ਸਾਨੂੰ ਤਾਂ ਕਹਿੰਦੇ ਹਨ ਕਿ ਪਾਕਿਸਤਾਨ

Original with;
Punjab Vidhan Sabha
Digitized by;
Panjab Digital Library

(ਮਾਲ ਤੇ ਮੁੜ ਵਸੇਬਾ, ਸੂਚਨਾ ਅਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ)

ਦਾ ਫਿਕਰ ਘੱਟ ਕਰਿਆ ਕਰੋ ਤੇ ਆਪ ਦੇ ਵੇਲੇ ਜੇ ਫਿਕਰ ਘੱਟ ਕੀਤਾ ਹੋਇਆ ਹੁੰਦਾ। ਸਪੀਕਰ ਸਾਹਿਬ, ਟਾਈਮਜ਼ ਆਫ਼ ਇੰਡੀਆ ਅਖ਼ਬਾਰ ਹੈ "Pictures don't lie.." ** ਉਸ ** ਨੂੰ ਜ਼ਲੀਲ ਕੀਤਾ ਜਾ ਰਿਹਾ ਹੈ ਤੇ ਉਸ ਦੀ ਗ਼ਲਤੀ ਕੀ ਸੀ, ਸਪੀਕਰ ਸਾਹਿਬ, ਗਲਤੀ ਇਹ ਸੀ ਕਿ ਉਹ ਕਿਸੇ ਮੁੱਖ ਮੰਤਰੀ ਦੇ ਖਿਲਾਫ ਧਰਨਾ ਦੇਣ ਆ ਗਈ ਸੀ। ਜਦ ਪੁੱਛਿਆ ਗਿਆ ਤੇ ਮੈਂ ਪੜ੍ਹ ਕੇ ਸੁਣਾ ਰਿਹਾ ਹਾਂ, "The Punjab Police had its ugly face when it loses its men they lose their hands."

ਮਾਨਯੋਗ ਸਪੀਕਰ: ਤੁਸੀਂ ਸਿਰਫ ਕੋਟ ਕਰ ਸਕਦੇ ਹੋ, ਰੀਡ ਨਹੀਂ ਕਰ ਸਕਦੇ। ਤੁਸੀਂ ਕੋਟ ਕਰ ਦਿਉ, ਜ਼ਬਾਨੀ ਜੋ ਮਰਜ਼ੀ ਕਹਿ ਲਵੋ, ਰੀਡ ਨਹੀਂ ਕਰ ਸਕਦੇ।

ਮਾਲ ਤੇ ਮੁੜ ਵਸੇਬਾ, ਸੂਚਨਾ ਅਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ: ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਉਦੋਂ ਦੇ ਮੁੱਖ ਮੰਤਰੀ ਤੇ ਹੋਮ ਮਨਿਸਟਰ ਦੇ ਬਿਆਨ ਹਨ, ਮੈਂ ਉਹ ਇਨਵਰਟਿਡ ਕਾਮਿਆਂ ਦੇ ਵਿੱਚ ਰੀਡ ਕਰਨ ਲੱਗਿਆ ਹਾਂ ਕਿ ਉਸ ਦੇ ਵਿੱਚ ਗਲਤੀ ਨਾ ਹੋ ਜਾਵੇ। ਜਦ ਸੀ.ਐਮ.ਸਾਹਿਬ ਨੂੰ ਪੁੱਛਿਆ ਗਿਆ, ਕੈਪਟਨ ਅਮਰਿੰਦਰ ਸਿੰਘ ਨੂੰ ਕਿ ਇਸ ਤਰੀਕੇ ਦਾ ਜ਼ੁਲਮ, ਜਿੱਥੇ ਧੀਆਂ ਭੈਣਾਂ ਦੀ ਇੱਜ਼ਤ ਨੂੰ ਬਹੁਤ ਉਚੇ ਦਰਜੇ ਤੇ ਰੱਖਿਆ ਜਾਂਦਾ ਸੀ, ਤੁਸੀਂ ਉਨ੍ਹਾਂ ਦੇ ਨਾਲ ਇਸ ਤਰ੍ਹਾਂ ਦਾ ਮਜ਼ਾਕ ਕਰਦੇ ਹੋ।ਸੀ.ਐਮ. ਦਾ ਰਿਪਲਾਈ ਆਇਆ, "The Police performed its role responsibly. It had assured the students that they will get the jobs in one week's time and if they do not have faith in me, they should be ready to bear this kind of action." ** ਤੇ ਜਦੋਂ ਅਖ਼ਬਾਰ ਨੇ ਪੁੱਛਿਆ ਤਾਂ ਕਿਹਾ ਗਿਆ ਕਿ ਜੇ ਮੈਂ ਨਹੀਂ ਸੁਣਨੀ ਤਾਂ ਨਹੀਂ ਸੁਣਨੀ ਪਰ ਤੁਹਾਡੇ ਨਾਲ ਇਸੇ ਭਾਅ ਤੇ ਹੋਣੀ ਹੈ, ਇਸੇ ਹਾਲਾਤ ਤੇ ਤੁਹਾਨੂੰ ਕੁੱਟ ਪਵੇਗੀ। ਸਪੀਕਰ ਸਾਹਿਬ, ਫਿਰ ਦੂਜਾ ਕੇਸ ਕੈਪਟਨ ਸਾਹਿਬ ਦੇ ਰਿਸ਼ਤੇਦਾਰਾਂ ਦਾ ਕਬਜ਼ੇ ਦੀ ਲੜਾਈ ਤੇ ਮੁੱਖ ਮੰਤਰੀ ਦੇ ਚਾਚੇ ਦਾ ਹੈ। ਉਥੇ ਪੁਲਿਸ ਆਪ ਕਬਜ਼ਾ ਕਰਵਾਉਣ ਲਈ ਗਈ। ਸਪੀਕਰ ਸਾਹਿਬ, ਮੈਂ ਕਹਿਣਾ ਨਹੀਂ ਚਾਹੁੰਦਾ, ਇੱਕ ਦਲਿਤ ਮੁੰਡਾ ਜੇਲ੍ਹ ਦੇ ਵਿੱਚ ਬੰਦ, ਪੁਲਿਸ ਉਸ ਨੂੰ ਫੜ੍ਹ ਕੇ ਲੈ ਗਈ ਤੇ ਜਾਤੀ ਸੂਚਕ ਲਫਜ਼ ਉਸ ਦੀ ਪਿੱਠ ਉਥੇ ਪ੍ਰਿੰਟ ਕਰ ਦਿੱਤਾ ਗਿਆ। ਅੱਜ ਇਹ ਲਾਅ ਐਂਡ ਆਰਡਰ ਦੀਆਂ ਗੱਲਾਂ ਇਥੇ

** Expunged as ordered by the Hon'ble Speaker.

Original with;
Punjab Vidhan Sabha
Digitized by;
Panjab Digital Library

ਸਿਖਾ ਰਹੇ ਹਨ। ਇਸੇ ਤਰ੍ਹਾਂ ਅਖੀਰਲੀ ਫੋਟੋ, ਜਦੋਂ ਮੈਂ ਤੁਹਾਨੂੰ ਵਿਖਾਈ ਤਾਂ ਤੁਸੀਂ ਫਿਰ ਕਹਿਣਾ ਹੈ ਕਿ ਨਾ ਬੋਲੀਂ, ਨਾ ਬੋਲੀਂ। ਆਹ ** ਹੈ। ਅਲਗੋ ਕੋਠੀ ਵਾਲਾ ਦੇ ਕਤਲ ਕਾਂਡ ਵਿੱਚ ਹੈ। ਸਪੀਕਰ ਸਾਹਿਬ, ਉਹ ਗੱਡੀ ਚਲਾ ਰਿਹਾ ਹੈ ਤੇ ਕੈਪਟਨ ਅਮਰਿੰਦਰ ਸਿੰਘ ਹੋਰੀਂ ਨਾਲ ਬੈਠੇ ਹਨ। ਇਹ ਲਿਖਿਆ: "ਖ਼ੂਬ ਰੰਗ ਜਮੇਂਗੇ ਜਬ ਮਿਲ ਬੈਠੇਂਗੇ ਦੋ ਯਾਰ।" ਇੱਕ ਪਾਸੇ ਕੈਪਟਨ ਅਮਰਿੰਦਰ ਸਿੰਘ ਤੇ ਇੱਕ ਪਾਸੇ ** ਅਲਗੋ ਕੋਠੀ ਵਾਲਾ ਤੇ ਅਗਲੀ ਗੱਲ ਸੁਣ ਲਵੋ। ਜਦੋਂ ਇਸ ਦੇ ਬਾਰੇ ਪੁੱਛਿਆ ਗਿਆ ਕਿ ਦੱਸੋ ਦਿਨ ਦਿਹਾੜੇ ਇੰਨੀਆਂ ਗੋਲੀਆਂ ਚਲੀਆਂ, ** ਜਿਸ ਨੂੰ ਮਾਰਿਆ ਗਿਆ ਸੀ ਉਸ ਨੇ ਜਾ ਕੇ ਸੀ.ਐਮ. ਅੱਗੇ ਫਰਿਆਦ ਕੀਤੀ ਕਿ ਮੈਨੂੰ ਮਾਰ ਦੇਣਾ ਹੈ, ਮੈਨੂੰ ਸਕਿਉਰਿਟੀ ਦੇ ਦਿਉ, ਕਹਿੰਦਾ ਤੈਨੂੰ ਕੋਈ ਨਹੀਂ ਮਾਰਦਾ ਤੂੰ ਨਿਸ਼ਚਿੰਤ ਹੋ ਜਾ, ਉਹ ਵਿਚਾਰਾ ਮਰ ਗਿਆ ਤੇ ਮੁੜ ਕੇ ਸੀ.ਐਮ. ਨੂੰ ਪੁੱਛਿਆ ਤਾਂ ਉਨ੍ਹਾਂ ਨੂੰ ਜਿਨ੍ਹਾਂ ਨੇ ਮਾਰਿਆ ਸੀ। ਕਲੀਨ ਚਿੱਟ ਹੀ ਦੇ ਦਿੱਤੀ। ਉਹ ਮੁੜ ਕੇ ਕੋਰਟ ਨੇ ਫੜ੍ਹ ਕੇ ਅੰਦਰ ਦੇ ਦਿੱਤੇ। ਸਪੀਕਰ ਸਾਹਿਬ, ਫਿਰ ਹੋਰ ਸੁਣ ਲਵੋ, ਇਨ੍ਹਾਂ ਦੇ ਦੋ ਸਾਬਕਾ ਮਨਿਸਟਰ ਹਨ, ਫਿਰ ਤੁਸੀਂ ਕਹਿਣਾ ਹੈ ਕਿ ਨਾਂ ਨਹੀਂ ਲੈਣਾ, ਅਖ਼ਬਾਰ ਨੇ ਉਨ੍ਹਾਂ ਨੂੰ ਪੁੱਛ ਲਿਆ, ਉਹ ਗੁਜਰਾਤ ਵਿਖੇ ਚੋਣ ਪ੍ਰਚਾਰ ਦੇ ਲਈ ਗਏ ਸੀ, ਜਦੋਂ ਗੁਜਰਾਤ ਗਏ, ਹੁਣ ਜੇ ਮੈਂ ਨਾਮ ਨਾ ਲਵਾਂ ਤਾਂ ਫਿਰ ਤੁਹਾਨੂੰ ਕਿਸ ਤਰ੍ਹਾਂ ਦੱਸਾਂ, ਚਲੋ ਹਲਕਾ ਦੱਸ ਦਿੰਦਾ ਹਾਂ, ** ਤਾਂ ਕੈਪਟਨ ਅਮਰਿੰਦਰ ਸਿੰਘ ਤੇ ਉਸ ਦੇ ਹੋਮ ਮਨਿਸਟਰ ਨੂੰ ਪੁੱਛਿਆ ਤਾਂ ਉਹ ਕਹਿੰਦਾ **Ministers are good boys.** ਇਹ ਅਖ਼ਬਾਰ ਦੀ ਗੱਲ ਹੈ। ਮੈਂ ਟਾਈਮਜ਼ ਆਫ ਇੰਡੀਆ ਤੋਂ ਪੜ੍ਹਦਾ ਹਾਂ, ਕਿਤੇ ਐਵੇਂ ਨਾ ਕਹਿ ਦਿਉ ਕਿ ਆਪਣੇ ਕੋਲੋਂ ਬਣਾ ਕੇ ਕਹਿੰਦਾ ਹਾਂ। ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਕਿਹੜੀ-ਕਿਹੜੀ ਗੱਲ ਦੱਸਾਂ। ** ਚਲੋ, ਸਪੀਕਰ ਸਹਿਬ, ਮੈਂ ਅਜਿਹੀ ਗੱਲ ਕਰਦਾ ਚੰਗਾ ਨਹੀਂ ਲਗਦਾ। ...(ਹਾਸਾ) ਸਪੀਕਰ ਸਾਹਿਬ, ਅਗਲਾ ਨਾਂ ਕਿਸ ਦਾ ਆ ਗਿਆ? ਇਹ ਅੱਜ ਇਥੋਂ ਗੁੱਸੇ ਹੋ ਕੇ ਗਏ ਹਨ। ਦੱਸੋ, ਕੀ ਸੀ.ਬੀ.ਆਈ. ਮੇਰੇ ਮਾਤਹਿਤ ਹੈ? ਸੀ.ਬੀ.ਆਈ. ਨੇ ਇਨ੍ਹਾਂ ਨੂੰ ਪਰਚਾ ਦੇ ਦਿੱਤਾ। ਇਹ ਇੱਥੇ ਚੀਕਾਂ ਮਾਰਦੇ ਹਨ। ਕੀ ਅਖ਼ਬਾਰ ਵਿੱਚ ਖ਼ਬਰ ਝੂਠੀ ਲੱਗੀ ਹੈ? ਕੋਰਟ ਨੇ ਪਰਚਾ ਦਰਜ ਕਰਵਾਇਆ ਅਤੇ ਚੀਕਾਂ ਸਾਡੇ ਤੇ ਮਾਰਦੇ ਹਨ। ਜੇ ਅਸੀਂ ਪਰਚਾ ਦਰਜ ਕਰਵਾਇਆ ਹੁੰਦਾ ਤਾਂ ਫੇਰ ਕਹਿਣਾ ਸੀ ਕਿ ਅਕਾਲੀਆਂ ਨੇ ਵੈਨਡੈੱਟਾ ਕੀਤਾ ਹੈ। ਹੁਣ ਕੋਰਟ ਨੂੰ ਕੀ ਕਹਿਣਗੇ? ਕਹਿਣ ਜੋਗੇ ਕੁਝ ਨਹੀਂ, ** ਇੱਕ ਹੋਰ ਮਹਾਸ਼ਾ ਹਨ, ਜਿਨ੍ਹਾਂ ਦਾ ਮੈਂ ਨਾਂ ਨਹੀਂ ਲੈਣਾ। ਅੱਗੇ ਕਈ ਮੇਰੇ ਵੈਰੀ ਬਣੇ ਫਿਰਦੇ ਹਨ। ਉਸ ਨੂੰ ਕਿਸ ਲਈ ਜੈਪੁਰ ਫੜ੍ਹ ਲਿਆ? ਸਪੀਕਰ ਸਾਹਿਬ, ਨਿਆਣੇ ਨੂੰ ਵੀ ਪਤਾ ਹੈ ਕਿ ਜੇ ਪਾਕਿਸਤਾਨ

** Expunged as ordered by the Hon'ble Speaker.

Original with;
Punjab Vidhan Sabha
Digitized by;
Panjab Digital Library

(ਮਾਲ ਤੇ ਮੁੜ ਵਸੇਬਾ, ਸੂਚਨਾ ਅਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਅਤੇ ਐਨ.ਆਰ.ਆਈ. ਮਾਮਲੇ ਮੰਤਰੀ)

ਤੋਂ ਤੁਹਾਡਾ ਕੋਈ ਖਾਸ ਦੋਸਤ ਆਵੇ, ਖਾਸ ਦੋਸਤਣੀ ਆਵੇ ਕੀ ਕਹਿ ਸਕਦੇ ਹੋ? ਕੋਈ ਫਰੈਂਡ ਆਵੇ, ਲੇਡੀ ਫਰੈਂਡ ਆਵੇ, ਮੇਲ ਫਰੈਂਡ ਆਵੇ, ਉਸ ਬਾਰੇ ਸੂਚਨਾ ਦਰਜ ਕਰਵਾਉਣੀ ਪੈਂਦੀ ਹੈ। ਉਸ ਨੂੰ ਵੀਜ਼ਾ ਮਿਲਦਾ ਹੈ ਕਿ ਤੁਸੀਂ ਫਲਾਣੇ ਸ਼ਹਿਰ ਜਾ ਸਕਦੇ ਹੋ, ਫਲਾਣੇ ਸ਼ਹਿਰ ਤੋਂ ਅਗਾਂਹ ਨਹੀਂ ਜਾ ਸਕਦੇ। ਇਹ ਕਿੱਥੇ ਫੜੇ ਗਏ? ਆਪ ਹੀ ਕਾਨੂੰਨ ਤੋੜ ਦਿੱਤਾ ** ਸਪੀਕਰ ਸਾਹਿਬ, ਇਹ ਸਭ ਗੱਲਾਂ ਛੱਡ ਕੇ ਮੈਂ ਇੱਕ ਹੋਰ ਗੱਲ ਤੇ ਆਉਂਦਾ ਹਾਂ। ਲਾਅ ਐਂਡ ਆਰਡਰ ਤੇ ਕੌਣ ਗੱਲ ਕਰੇਗਾ? ਕੀ ਇਹ ਗੱਲ ਕਰਨਗੇ ਜਿਨ੍ਹਾਂ ਤੇ ਸੈਕਸ ਸਕੈਂਡਲ, ਪਾਸਪੋਰਟ ਸਕੈਮ, ਫਾਰੇਨ ਕਰੰਸੀ ਐਪੀਸੋਡ, ਬੀ.ਪੀ.ਐਲ. ਸਬੰਧੀ ਜਿਨ੍ਹਾਂ ਬਾਰੇ ਰੌਲਾ ਆਉਂਦਾ ਹੈ ਅਤੇ ਕਤਲ, ਇਰਾਦੇ-ਕਤਲ ਦੇ ਮਾਮਲੇ, ਦੇਸ਼ ਵਿਰੋਧੀ ਕਾਰਵਾਈਆਂ ਦੇ ਕੇਸ ਹਨ। ਅੱਜ ਭਾਊ ਰੌਲਾ ਪਾਉਂਦਾ ਹੈ, ਉਸ ਉੱਪਰ ਵੀ ਇਸੇ ਗੱਲ ਦਾ ਪਰਚਾ ਦਰਜ ਹੋਇਆ ਸੀ ਕਿ ਉਸ ਨੇ ਪਾਸਪੋਰਟ ਬਣਾ ਕੇ ਬੈਡ ਐਲੀਮੈਂਟਸ ਨੂੰ ਦਿੱਤਾ ਸੀ। ਲੈਂਡ ਗਰੈਬਿੰਗ, 25-25 ਬੰਦਿਆਂ ਦੇ ਲਾਇਸੰਸ ਬਣਾਉਣੇ, ਇੱਥੇ ਰੱਬ ਦਾ ਨਾਂ ਲੈਣ ਆਉਂਦੇ ਹਾਂ, ਲੋਕਾਂ ਦੀ ਸੇਵਾ ਕਰਨ ਆਉਂਦੇ ਹਾਂ ਕਿ ** ਇਹ ਇਸ ਦਾ ਜਵਾਬ ਦੇਣ। ਸਪੀਕਰ ਸਾਹਿਬ, ਫੇਰ ਇਸ ਤੋਂ ਅਗਲੀ ਗੱਲ ਸੁਣ ਲਓ। **

ਮਾਨਯੋਗ ਸਪੀਕਰ: ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸਦਨ ਦੀ ਕਾਰਵਾਈ ਦਾ ਸਮਾਂ ਇਸ ਦੇ ਬਿਜ਼ਨਸ ਖ਼ਤਮ ਹੋਣ ਤੱਕ ਵਧਾ ਦਿੱਤਾ ਜਾਵੇ।

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ): ਸਪੀਕਰ ਸਾਹਿਬ, ਕੱਲ੍ਹ ਕੰਟੀਨਿਊ ਕਰ ਲਵਾਂਗੇ।

ਮਾਨਯੋਗ ਸਪੀਕਰ: ਕੱਲ੍ਹ ਨਾਨ-ਆਫੀਸ਼ੀਅਲ ਡੇਅ ਹੈ। ਅੱਜ ਹੀ ਖ਼ਤਮ ਕਰ ਲਓ।

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ: ਸਪੀਕਰ ਸਾਹਿਬ, ਨਾਨ-ਆਫੀਸ਼ੀਅਲ ਬਾਅਦ ਵਿੱਚ ਕਰ ਲੈਣਾ। We will sit. ਕੱਲ੍ਹ ਅਸੀਂ ਕਨਕਲੂਡ ਕਰ ਦੇਵਾਂਗੇ ਕਿਉਂਕਿ ਅੱਜ ਹਾਲੇ ਡਿਪਟੀ ਸੀ.ਐਮ. ਸਾਹਿਬ ਨੇ ਜਵਾਬ ਦੇਣਾ ਹੈ ਅਤੇ ਟਾਈਮ ਬਹੁਤ ਲੱਗਣਾ ਹੈ।

** Expunged as ordered by the Hon'ble Speaker.

Original with;
Punjab Vidhan Sabha
Digitized by;
Punjab Digital Library

ਮਾਨਯੋਗ ਸਪੀਕਰ: ਟਾਈਮ ਵਧਾ ਦਿੰਦੇ ਹਾਂ।

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ: ਸਪੀਕਰ ਸਾਹਿਬ, ਟਾਈਮ ਵਧਾ ਕੇ ਨਹੀਂ ਮੁੱਕਣਾ ਜੀ। ਇਸ ਨੂੰ ਕੱਲ੍ਹ ਤੇ ਰੱਖ ਲਓ। ਨਾਨ-ਆਫੀਸ਼ੀਅਲ ਤੋਂ ਬਾਅਦ ਇਸ ਨੂੰ ਕਰ ਲਵਾਂਗੇ।

ਮਾਨਯੋਗ ਸਪੀਕਰ: ਇੱਕ ਹੋਰ ਬੇਨਤੀ ਹੈ ਕਿ ਜਿਹੜਾ ਬਿਜ਼ਨਸ ਅਸੀਂ ਅਪਰੂਵ ਕੀਤਾ ਹੈ, ਬਿਜ਼ਨਸ ਐਡਵਾਈਜ਼ਰੀ ਕਮੇਟੀ ਨੇ ਅਪਰੂਵ ਕੀਤਾ ਹੋਇਆ ਹੈ।

ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ): ਬਿਜ਼ਨਸ ਐਡਵਾਈਜ਼ਰੀ ਕਮੇਟੀ ਨੇ ਕਿਹਾ ਸੀ ਕਿ ਇਸ ਡਿਬੇਟ ਨੂੰ ਐਕਸਟੈਂਡ ਕਰ ਲਿਆ ਜਾਵੇ।

ਮਾਨਯੋਗ ਸਪੀਕਰ: ਕੱਲ੍ਹ ਕਿੰਨੇ ਵਜੇ ਸ਼ੁਰੂ ਕਰਾਂਗੇ?

Deputy Chief Minister: Immediately after Question Hour.

ਮਾਨਯੋਗ ਸਪੀਕਰ: ਡਾਈਵਰਸੀਫਿਕੇਸ਼ਨ ਸਬੰਧੀ ਪ੍ਰਸਤਾਵ ਵੀ ਆਉਣਾ ਹੈ। ਇਹ ਵੀ ਕੱਲ੍ਹ ਲੈ ਲਿਆ ਜਾਵੇਗਾ।

ਮੁੱਖ ਮੰਤਰੀ: ਸਪੀਕਰ ਸਾਹਿਬ, ਬੇਨਤੀ ਹੈ ਕਿ ਰਾਜਾ ਨਰਿੰਦਰ ਸਿੰਘ ਜਿਹੜੇ ਕਿ ਇਸ ਸਦਨ ਦੇ ਮੈਂਬਰ ਵੀ ਰਹੇ ਹਨ, ਮੈਂ ਕੱਲ੍ਹ ਉਨ੍ਹਾਂ ਦੇ ਭੋਗ ਤੇ ਜਾਣਾ ਹੈ। ਮੈਂ ਰੈਜ਼ੋਲਿਊਸਨ ਸਿਰਫ਼ ਪੜ੍ਹਨਾ ਹੀ ਹੈ।

EXTENSION OF TIME OF THE SITTING OF THE HOUSE

ਮਾਨਯੋਗ ਸਪੀਕਰ: ਠੀਕ ਹੈ ਜੀ। ਮਜੀਠੀਆ ਜੀ, ਇਹ ਅਸੀਂ ਕੱਲ੍ਹ ਕੰਟੀਨਿਊ ਕਰ ਲਵਾਂਗੇ। ਸੀ.ਐਮ. ਸਾਹਿਬ, ਤੁਸੀਂ ਹੁਣ ਇਹ ਰੈਜ਼ੋਲਿਊਸ਼ਨ ਪੜ੍ਹ ਦਿਉ।

ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਹਾਊਸ ਦਾ ਸਮਾਂ ਅੱਜ ਦੀ ਰਹਿੰਦੀ ਕਾਰਵਾਈ ਖ਼ਤਮ ਹੋਣ ਤੱਕ ਵਧਾ ਲਿਆ ਜਾਵੇ।

(ਆਵਾਜ਼ਾਂ: ਹਾਂ ਜੀ, ਹਾਂ ਜੀ।)

ਮਾਨਯੋਗ ਸਪੀਕਰ: ਸਦਨ ਦੀ ਕਾਰਵਾਈ ਖ਼ਤਮ ਹੋਣ ਤੱਕ ਹਾਊਸ ਦਾ ਸਮਾਂ ਵਧਾਇਆ ਜਾਂਦਾ ਹੈ। ਹੁਣ ਮੁੱਖ ਮੰਤਰੀ ਜੀ ਮਤਾ ਪੇਸ਼ ਕਰਨਗੇ।

Original with;
Punjab Vidhan Sabha
Digitized by;
Panjab Digital Library

OFFICIAL RESOLUTION REG. INITIATION OF SPECIAL PROGRAMMES BY THE CENTRAL GOVERNMENT FOR EFFECTIVE CROPS DIVERSIFICATION IN PUNJAB

ਮੁੱਖ ਮੰਤਰੀ (ਸਰਦਾਰ ਪਰਕਾਸ ਸਿੰਘ ਬਾਦਲ): ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

"ਕਿ ਜਦੋਂ ਕਿ ਖੇਤੀ ਲਾਗਤਾਂ ਵੱਧਣ ਅਤੇ ਘੱਟੋ-ਘੱਟ ਸਮਰਥਨ ਮੁੱਲ ਲਾਹੇਵੰਦ ਨਾ ਹੋਣ ਕਰਕੇ ਰਵਾਇਤੀ ਕਣਕ-ਝੋਨੇ ਦੀ ਫ਼ਸਲ ਮੁਨਾਫਾਯੋਗ ਨਹੀਂ ਰਹੀ। ਇਸ ਕਰਕੇ ਰਾਜ ਦਾ ਕਿਸਾਨ ਇਸ ਵੇਲੇ ਭਾਰੀ ਵਿੱਤੀ ਸੰਕਟ ਵਿੱਚ ਹੈ। ਇਸ ਵਕਤ ਸੂਬੇ ਦੇ ਕਿਸਾਨਾਂ ਵਿੱਚ 35000 ਕਰੋੜ ਰੁਪਏ ਦਾ ਕਰਜ਼ਾ ਹੈ। ਝੋਨੇ ਦੀ ਖੇਤੀ ਕਾਰਨ ਰਾਜ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਵੀ ਬਹੁਤ ਹੇਠਾਂ ਡਿੱਗ ਚੁੱਕਾ ਹੈ ਤੇ ਇਸ ਲਈ ਸਮੇਂ ਦੀ ਲੋੜ ਹੈ ਕਿ ਕਣਕ ਤੇ ਝੋਨੇ ਦੇ ਫ਼ਸਲੀ ਚੱਕਰ ਦੀ ਬਜਾਏ ਬਦਲਵੀਆਂ ਫ਼ਸਲਾਂ ਦੀ ਪੈਦਾਵਾਰ ਨੂੰ ਉਤਸ਼ਾਹਿਤ ਕਰਕੇ ਇਸ ਸੰਕਟਕਾਲੀਨ ਹਾਲਾਤ ਵਿੱਚ ਰਾਜ ਦੇ ਕਿਸਾਨ ਦੀ ਸਾਰ ਉਸ ਤਰ੍ਹਾਂ ਲਈ ਜਾਵੇ ਜਿਸ ਤਰ੍ਹਾਂ ਕਿਸਾਨਾਂ ਨੇ ਦੇਸ਼ ਦੀ ਔਖੀ ਘੜੀ ਵਿੱਚ ਲਾਜ ਬਚਾਈ ਸੀ। ਕੇਂਦਰ ਸਰਕਾਰ ਵੀ ਇਹ ਕਹਿ ਰਹੀ ਹੈ ਕਿ ਦੂਸਰੇ ਰਾਜ ਵੀ ਝੋਨੇ ਦੀ ਪੈਦਾਵਾਰ ਵਧਾ ਰਹੇ ਹਨ ਤੇ ਪੰਜਾਬ ਨੂੰ ਕੋਈ ਹੋਰ ਬਦਲ ਲੱਭਣਾ ਪਵੇਗਾ।

ਜਦ-ਜਦ ਵੀ ਪੰਜਾਬ ਦੇ ਕਿਸਾਨਾਂ ਨੂੰ ਮੁਸ਼ਕਲ ਦਰਪੇਸ਼ ਆਈ ਹੈ ਤਾਂ ਕੇਂਦਰ ਸਰਕਾਰ ਆਪਣੇ ਫਰਜ਼ ਤੋਂ ਮੂੰਹ ਮੋੜਦੀ ਰਹੀ ਹੈ। ਖਰੀਫ਼ 2012 ਦੌਰਾਨ ਜੁਲਾਈ -ਅਗਸਤ ਮਹੀਨੇ ਤੱਕ ਰਾਜ ਵਿੱਚ 65-70% ਬਾਰਿਸ਼ ਘੱਟ ਹੋਈ ਸੀ ਅਤੇ ਪੰਜਾਬ ਦਾ ਕਿਸਾਨ ਗੰਭੀਰ ਸੋਕੇ ਦਾ ਸਾਹਮਣਾ ਕਰ ਰਿਹਾ ਸੀ। ਕੇਂਦਰ ਸਰਕਾਰ ਵਲੋਂ ਕੇਂਦਰੀ ਖੇਤੀਬਾੜੀ ਮੰਤਰੀ, ਸ਼੍ਰੀ ਸ਼ਰਦ ਪਵਾਰ ਅਤੇ ਕੇਂਦਰੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ, ਸ਼੍ਰੀ ਜੈ ਰਾਮ ਰਮੇਸ਼, ਦੇ ਅਧਾਰਤ ਗਰੁੱਪ ਆਫ਼ ਮਨਿਸਟਰ ਨੇ ਚੰਡੀਗੜ੍ਹ ਆ ਕੇ ਪੰਜਾਬ ਵਿੱਚ ਸੋਕੇ ਦੀ ਸਥਿਤੀ ਦੀ ਸਮੀਖਿਆ ਕੀਤੀ ਅਤੇ ਇਸ ਸਥਿਤੀ ਨੂੰ ਮੰਨਦੇ ਹੋਏ ਪ੍ਰੈਸ਼ ਕਾਨਫਰੰਸ ਵਿੱਚ ਰਾਹਤ ਪੈਕੇਜ ਦੇਣ ਦਾ ਭਰੋਸਾ ਦਿਵਾਇਆ। ਇਸ ਦੇ ਬਾਵਜੂਦ ਪੰਜਾਬ ਦੇ ਕਿਸਾਨਾਂ ਨੂੰ ਅੱਜ ਤੱਕ ਕੋਈ ਰਾਹਤ ਨਹੀਂ ਦਿੱਤੀ ਗਈ।

ਕਿਸਾਨੀ ਸੰਕਟ ਨੂੰ ਹੱਲ ਕਰਨ ਲਈ ਵਿਆਪਕ diversification ਮੁਹਿੰਮ ਚਲਾਉਣ ਦੀ ਲੋੜ ਹੈ ਇਸ ਲਈ ਇਹ ਸਦਨ ਮੰਗ ਕਰਦਾ ਹੈ ਕਿ ਕੇਂਦਰੀ ਸਰਕਾਰ ਵਲੋਂ ਦੇਸ਼ ਦੇ ਪੂਰਬੀ ਰਾਜਾਂ ਵਿੱਚ ਖੇਤੀਬਾੜੀ ਨੂੰ ਉਤਸ਼ਾਹਿਤ

Original with;
Punjab Vidhan Sabha
Digitized by;
Panjab Digital Library

ਕਰਨ ਲਈ ਸ਼ੁਰੂ ਕੀਤੇ ਗਏ ਵਿਸ਼ੇਸ਼ ਪ੍ਰੋਗਰਾਮਾਂ ਦੀ ਤਰਜ ਤੇ ਪੰਜਾਬ ਵਿੱਚ ਵੀ ਫ਼ਸਲੀ ਵਿਭਿੰਨਤਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਅਮਲ ਵਿੱਚ ਲਿਆਉਣ ਲਈ ਹੇਠ ਲਿਖੇ ਵਿਸ਼ੇਸ਼ ਪ੍ਰੋਗਰਾਮ ਤੁਰੰਤ ਆਰੰਭੇ ਜਾਣ:-

1. ਬਦਲਵੀਆਂ ਫ਼ਸਲਾਂ ਜਿਵੇਂ ਕਿ ਮੱਕੀ, ਕਪਾਹ, ਗੰਨਾ, ਤੇਲ ਬੀਜ ਅਤੇ ਦਾਲਾਂ ਲਈ ਲਾਹੇਵੰਦ ਸਮਰਥਨ ਮੁੱਲ ਅਤੇ ਇਨ੍ਹਾਂ ਦੇ ਕਣਕ ਝੋਨੇ ਦੀ ਤਰ੍ਹਾਂ ਯਕੀਨੀ ਖਰੀਦ ਅਤੇ ਘੱਟੋ-ਘੱਟ ਮੁੱਲ ਦਾ ਪ੍ਰਬੰਧ ਕੀਤਾ ਜਾਵੇ।

2. ਦਾਲਾਂ ਅਤੇ ਸੋਇਆਬੀਨ ਦੀਆਂ ਫ਼ਸਲਾਂ ਦੀ ਪੈਦਾਵਾਰ ਵਧਾਉਣ ਲਈ ਭਾਰਤੀ ਖੇਤੀਬਾੜੀ ਖੋਜ ਪ੍ਰੀਸ਼ਦ ਵਲੋਂ ਰਾਜ ਵਿੱਚ ਇਨ੍ਹਾਂ ਫ਼ਸਲਾਂ ਦੇ ਖੋਜ ਕੇਂਦਰ ਸਥਾਪਤ ਕੀਤੇ ਜਾਣ।

3. ਪਸ਼ੂ ਧਨ ਸੈਕਟਰ ਵੀ ਫ਼ਸਲੀ ਵਿਭਿੰਨਤਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ। ਇਸ ਲਈ ਇਸ ਸੈਕਟਰ ਨੂੰ ਉਤਸ਼ਾਹਿਤ ਕਰਨ ਵਾਸਤੇ ਇਸ ਨੂੰ ਵਿਆਜ ਦੀਆਂ ਦਰਾਂ ਵਿੱਚ ਰਿਆਇਤ ਅਤੇ ਇਨਕਮ ਟੈਕਸ ਤੋਂ ਛੋਟ ਆਦਿ ਖੇਤੀਬਾੜੀ ਦੇ ਬਰਾਬਰ ਸਹੂਲਤਾਂ ਦਿੱਤੀਆਂ ਜਾਣ।

4. ਰਾਜ ਵਿੱਚ ਮੱਛੀ ਪਾਲਣ ਨੂੰ ਪ੍ਰਚੱਲਿਤ ਕਰਨ ਵਾਸਤੇ ਇੱਕ ਕੇਂਦਰੀ ਖੋਜ ਕੇਂਦਰ ਸਥਾਪਤ ਕੀਤਾ ਜਾਵੇ।

5. ਰਾਜ ਵਿੱਚ ਖੇਤੀ ਉਦਯੋਗ ਨੂੰ ਉਹੀ ਰਿਆਇਤਾਂ ਦਿੱਤੀਆਂ ਜਾਣ ਜੋ ਕਿ ਪੰਜਾਬ ਦੇ ਗਵਾਂਢੀ ਪਹਾੜੀ ਰਾਜਾਂ ਨੂੰ ਦਿੱਤੀਆਂ ਗਈਆਂ ਹਨ।

6. ਪੰਜਾਬ ਸਮੇਤ ਹਰਾ ਇਨਕਲਾਬ ਵਾਲੇ ਰਾਜਾਂ (Green Revolution States) ਲਈ ਬਾਰ੍ਹਵੀਂ ਪੰਜ ਸਾਲਾ ਯੋਜਨਾ ਅਧੀਨ BGREI (Bring Green Revolution to Eastern India) ਦੀ ਤਰਜ ਉੱਤੇ 5000 ਕਰੋੜ ਰੁਪਏ ਦੀ "Diversification Mission" ਗਰਾਂਟ ਦਿੱਤੀ ਜਾਵੇ।

7. ਖਰੀਫ਼ 2012 ਦੌਰਾਨ ਪੰਜਾਬ ਰਾਜ ਵਿੱਚ ਸੋਕੇ ਦੀ ਹਾਲਤ ਤੋਂ ਰਾਹਤ ਦੇਣ ਲਈ ਪੰਜਾਬ ਦੇ ਕਿਸਾਨ ਤੇ ਪੰਜਾਬ ਸਰਕਾਰ ਨੂੰ ਜੋ ਰਾਹਤ ਪੈਕੇਜ ਦਾ ਭਰੋਸਾ ਦਿੱਤਾ ਸੀ, ਤੁਰੰਤ ਜਾਰੀ ਕੀਤਾ ਜਾਵੇ ਜਿਸ ਵਿੱਚ ਕਿ ਵਿਸ਼ੇਸ਼ ਤੌਰ ਤੇ:-

   i. ਕਿਸਾਨਾਂ ਵਲੋਂ ਝੋਨੇ ਦੀ ਫ਼ਸਲ ਨੂੰ ਬਚਾਉਣ ਵਾਸਤੇ ਆਪਣੇ ਵਲੋਂ ਕੀਤੇ ਵਾਧੂ ਖਰਚੇ ਦੇ ਇਵਜ਼ ਵਜੋਂ 3000 ਰੁਪਏ ਪ੍ਰਤੀ ਹੈਕਟੇਅਰ ਦੀ ਰਾਹਤ;

Original with;
Punjab Vidhan Sabha
Digitized by;
Panjab Digital Library

ii. ਪੰਜਾਬ ਸਰਕਾਰ ਵਲੋਂ ਫ਼ਸਲ ਪਾਲਣ ਲਈ ਕਿਸਾਨਾਂ ਨੂੰ ਵਾਧੂ ਬਿਜਲੀ ਦੀ ਸਪਲਾਈ ਜੋ ਕਿ 1530 ਕਰੋੜ ਰੁਪਏ ਦੇ ਖਰਚੇ ਤੇ ਬਾਹਰੋਂ ਖਰੀਦ ਕੇ ਸਪਲਾਈ ਕੀਤੀ ਗਈ, ਦੀ ਭਰਪਾਈ ਕੇਂਦਰ ਸਰਕਾਰ ਵਲੋਂ ਤੁਰੰਤ ਕੀਤੀ ਜਾਵੇ। "

ਮਾਨਯੋਗ ਸਪੀਕਰ: ਪ੍ਰਸਤਾਵ ਕੀਤਾ ਕਿ-

"ਕਿ ਜਦੋਂ ਕਿ ਖੇਤੀ ਲਾਗਤਾਂ ਵੱਧਣ ਅਤੇ ਘੱਟੋ-ਘੱਟ ਸਮਰਥਨ ਮੁੱਲ ਲਾਹੇਵੰਦ ਨਾ ਹੋਣ ਕਰਕੇ ਰਵਾਇਤੀ ਕਣਕ-ਝੋਨੇ ਦੀ ਫ਼ਸਲ ਮੁਨਾਫਾਯੋਗ ਨਹੀਂ ਰਹੀ। ਇਸ ਕਰਕੇ ਰਾਜ ਦਾ ਕਿਸਾਨ ਇਸ ਵੇਲੇ ਭਾਰੀ ਵਿੱਤੀ ਸੰਕਟ ਵਿੱਚ ਹੈ। ਇਸ ਵਕਤ ਸੂਬੇ ਦੇ ਕਿਸਾਨਾਂ ਵਿੱਚ 35000 ਕਰੋੜ ਰੁਪਏ ਦਾ ਕਰਜ਼ਾ ਹੈ। ਝੋਨੇ ਦੀ ਖੇਤੀ ਕਾਰਨ ਰਾਜ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਵੀ ਬਹੁਤ ਹੇਠਾਂ ਡਿੱਗ ਚੁੱਕਾ ਹੈ ਤੇ ਇਸ ਲਈ ਸਮੇਂ ਦੀ ਲੋੜ ਹੈ ਕਿ ਕਣਕ ਤੇ ਝੋਨੇ ਦੇ ਫ਼ਸਲੀ ਚੱਕਰ ਦੀ ਬਜਾਏ ਬਦਲਵੀਆਂ ਫ਼ਸਲਾਂ ਦੀ ਪੈਦਾਵਾਰ ਨੂੰ ਉਤਸ਼ਾਹਿਤ ਕਰਕੇ ਇਸ ਸੰਕਟਕਾਲੀਨ ਹਾਲਾਤ ਵਿੱਚ ਰਾਜ ਦੇ ਕਿਸਾਨ ਦੀ ਸਾਰ ਉਸ ਤਰ੍ਹਾਂ ਲਈ ਜਾਵੇ ਜਿਸ ਤਰ੍ਹਾਂ ਕਿਸਾਨਾਂ ਨੇ ਦੇਸ਼ ਦੀ ਔਖੀ ਘੜੀ ਵਿੱਚ ਲਾਜ ਬਚਾਈ ਸੀ। ਕੇਂਦਰ ਸਰਕਾਰ ਵੀ ਇਹ ਕਹਿ ਰਹੀ ਹੈ ਕਿ ਦੂਸਰੇ ਰਾਜ ਵੀ ਝੋਨੇ ਦੀ ਪੈਦਾਵਾਰ ਵਧਾ ਰਹੇ ਹਨ ਤੇ ਪੰਜਾਬ ਨੂੰ ਕੋਈ ਹੋਰ ਬਦਲ ਲੱਭਣਾ ਪਵੇਗਾ।

ਜਦ-ਜਦ ਵੀ ਪੰਜਾਬ ਦੇ ਕਿਸਾਨਾਂ ਨੂੰ ਮੁਸ਼ਕਲ ਦਰਪੇਸ਼ ਆਈ ਹੈ ਤਾਂ ਕੇਂਦਰ ਸਰਕਾਰ ਆਪਣੇ ਫਰਜ਼ ਤੋਂ ਮੂੰਹ ਮੋੜਦੀ ਰਹੀ ਹੈ। ਖਰੀਫ਼ 2012 ਦੌਰਾਨ ਜੁਲਾਈ -ਅਗਸਤ ਮਹੀਨੇ ਤੱਕ ਰਾਜ ਵਿੱਚ 65-70% ਬਾਰਿਸ਼ ਘੱਟ ਹੋਈ ਸੀ ਅਤੇ ਪੰਜਾਬ ਦਾ ਕਿਸਾਨ ਗੰਭੀਰ ਸੋਕੇ ਦਾ ਸਾਹਮਣਾ ਕਰ ਰਿਹਾ ਸੀ। ਕੇਂਦਰ ਸਰਕਾਰ ਵਲੋਂ ਕੇਂਦਰੀ ਖੇਤੀਬਾੜੀ ਮੰਤਰੀ, ਸ਼੍ਰੀ ਸ਼ਰਦ ਪਵਾਰ ਅਤੇ ਕੇਂਦਰੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ, ਸ਼੍ਰੀ ਜੈ ਰਾਮ ਰਮੇਸ਼, ਦੇ ਅਧਾਰਤ ਗਰੁੱਪ ਆਫ਼ ਮਨਿਸਟਰ ਨੇ ਚੰਡੀਗੜ੍ਹ ਆ ਕੇ ਪੰਜਾਬ ਵਿੱਚ ਸੋਕੇ ਦੀ ਸਥਿਤੀ ਦੀ ਸਮੀਖਿਆ ਕੀਤੀ ਅਤੇ ਇਸ ਸਥਿਤੀ ਨੂੰ ਮੰਨਦੇ ਹੋਏ ਪ੍ਰੈਸ ਕਾਨਫਰੰਸ ਵਿੱਚ ਰਾਹਤ ਪੈਕੇਜ ਦੇਣ ਦਾ ਭਰੋਸਾ ਦਿਵਾਇਆ। ਇਸ ਦੇ ਬਾਵਜੂਦ ਪੰਜਾਬ ਦੇ ਕਿਸਾਨਾਂ ਨੂੰ ਅੱਜ ਤੱਕ ਕੋਈ ਰਾਹਤ ਨਹੀਂ ਦਿੱਤੀ ਗਈ।

ਕਿਸਾਨੀ ਸੰਕਟ ਨੂੰ ਹੱਲ ਕਰਨ ਲਈ ਵਿਆਪਕ diversification ਮੁਹਿੰਮ ਚਲਾਉਣ ਦੀ ਲੋੜ ਹੈ ਇਸ ਲਈ ਇਹ ਸਦਨ ਮੰਗ ਕਰਦਾ ਹੈ ਕਿ ਕੇਂਦਰੀ ਸਰਕਾਰ ਵਲੋਂ ਦੇਸ਼ ਦੇ ਪੂਰਬੀ ਰਾਜਾਂ ਵਿੱਚ ਖੇਤੀਬਾੜੀ ਨੂੰ ਉਤਸ਼ਾਹਿਤ ਕਰਨ ਲਈ ਸ਼ੁਰੂ ਕੀਤੇ ਗਏ ਵਿਸ਼ੇਸ਼ ਪ੍ਰੋਗਰਾਮਾਂ ਦੀ ਤਰਜ ਤੇ ਪੰਜਾਬ ਵਿੱਚ ਵੀ

Original with;
Punjab Vidhan Sabha
Digitized by;
Panjab Digital Library

ਫ਼ਸਲੀ ਵਿਭਿੰਨਤਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਅਮਲ ਵਿੱਚ ਲਿਆਉਣ ਲਈ ਹੇਠ ਲਿਖੇ ਵਿਸ਼ੇਸ਼ ਪ੍ਰੋਗਰਾਮ ਤੁਰੰਤ ਆਰੰਭੇ ਜਾਣ:-

1. ਬਦਲਵੀਆਂ ਫ਼ਸਲਾਂ ਜਿਵੇਂ ਕਿ ਮੱਕੀ, ਕਪਾਹ, ਗੰਨਾ, ਤੇਲ ਬੀਜ ਅਤੇ ਦਾਲਾਂ ਲਈ ਲਾਹੇਵੰਦ ਸਮਰਥਨ ਮੁੱਲ ਅਤੇ ਇਨ੍ਹਾਂ ਦੇ ਕਣਕ ਝੋਨੇ ਦੀ ਤਰ੍ਹਾਂ ਯਕੀਨੀ ਖਰੀਦ ਅਤੇ ਘੱਟੋ-ਘੱਟ ਮੁੱਲ ਦਾ ਪ੍ਰਬੰਧ ਕੀਤਾ ਜਾਵੇ।

2. ਦਾਲਾਂ ਅਤੇ ਸੋਇਆਬੀਨ ਦੀਆਂ ਫ਼ਸਲਾਂ ਦੀ ਪੈਦਾਵਾਰ ਵਧਾਉਣ ਲਈ ਭਾਰਤੀ ਖੇਤੀਬਾੜੀ ਖੋਜ ਪ੍ਰੀਸ਼ਦ ਵਲੋਂ ਰਾਜ ਵਿੱਚ ਇਨ੍ਹਾਂ ਫ਼ਸਲਾਂ ਦੇ ਖੋਜ ਕੇਂਦਰ ਸਥਾਪਤ ਕੀਤੇ ਜਾਣ।

3. ਪਸ਼ੂ ਧਨ ਸੈਕਟਰ ਵੀ ਫ਼ਸਲੀ ਵਿਭਿੰਨਤਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ। ਇਸ ਲਈ ਇਸ ਸੈਕਟਰ ਨੂੰ ਉਤਸ਼ਾਹਿਤ ਕਰਨ ਵਾਸਤੇ ਇਸ ਨੂੰ ਵਿਆਜ ਦੀਆਂ ਦਰਾਂ ਵਿੱਚ ਰਿਆਇਤ ਅਤੇ ਇਨਕਮ ਟੈਕਸ ਤੋਂ ਛੋਟ ਆਦਿ ਖੇਤੀਬਾੜੀ ਦੇ ਬਰਾਬਰ ਸਹੂਲਤਾਂ ਦਿੱਤੀਆਂ ਜਾਣ।

4. ਰਾਜ ਵਿੱਚ ਮੱਛੀ ਪਾਲਣ ਨੂੰ ਪ੍ਰਚੱਲਿਤ ਕਰਨ ਵਾਸਤੇ ਇੱਕ ਕੇਂਦਰੀ ਖੋਜ ਕੇਂਦਰ ਸਥਾਪਤ ਕੀਤਾ ਜਾਵੇ।

5. ਰਾਜ ਵਿੱਚ ਖੇਤੀ ਉਦਯੋਗ ਨੂੰ ਉਹੀ ਰਿਆਇਤਾਂ ਦਿੱਤੀਆਂ ਜਾਣ ਜੋ ਕਿ ਪੰਜਾਬ ਦੇ ਗਵਾਂਢੀ ਪਹਾੜੀ ਰਾਜਾਂ ਨੂੰ ਦਿੱਤੀਆਂ ਗਈਆਂ ਹਨ।

6. ਪੰਜਾਬ ਸਮੇਤ ਹਰਾ ਇਨਕਲਾਬ ਵਾਲੇ ਰਾਜਾਂ (Green Revolution States) ਲਈ ਬਾਰ੍ਹਵੀਂ ਪੰਜ ਸਾਲਾ ਯੋਜਨਾ ਅਧੀਨ BGREI (Bring Green Revolution to Eastern India) ਦੀ ਤਰਜ ਉੱਤੇ 5000 ਕਰੋੜ ਰੁਪਏ ਦੀ "Diversification Mission" ਗਰਾਂਟ ਦਿੱਤੀ ਜਾਵੇ।

7. ਖਰੀਫ਼ 2012 ਦੌਰਾਨ ਪੰਜਾਬ ਰਾਜ ਵਿੱਚ ਸੋਕੇ ਦੀ ਹਾਲਤ ਤੋਂ ਰਾਹਤ ਦੇਣ ਲਈ ਪੰਜਾਬ ਦੇ ਕਿਸਾਨ ਤੇ ਪੰਜਾਬ ਸਰਕਾਰ ਨੂੰ ਜੋ ਰਾਹਤ ਪੈਕੇਜ ਦਾ ਭਰੋਸਾ ਦਿੱਤਾ ਸੀ, ਤੁਰੰਤ ਜਾਰੀ ਕੀਤਾ ਜਾਵੇ ਜਿਸ ਵਿੱਚ ਕਿ ਵਿਸ਼ੇਸ਼ ਤੌਰ ਤੇ:-

   i. ਕਿਸਾਨਾਂ ਵਲੋਂ ਝੋਨੇ ਦੀ ਫ਼ਸਲ ਨੂੰ ਬਚਾਉਣ ਵਾਸਤੇ ਆਪਣੇ ਵਲੋਂ ਕੀਤੇ ਵਾਧੂ ਖਰਚੇ ਦੇ ਇਵਜ਼ ਵਜੋਂ 3000 ਰੁਪਏ ਪ੍ਰਤੀ ਹੈਕਟੇਅਰ ਦੀ ਰਾਹਤ;

   ii. ਪੰਜਾਬ ਸਰਕਾਰ ਵਲੋਂ ਫ਼ਸਲ ਪਾਲਣ ਲਈ ਕਿਸਾਨਾਂ ਨੂੰ ਵਾਧੂ ਬਿਜਲੀ ਦੀ ਸਪਲਾਈ ਜੋ ਕਿ 1530 ਕਰੋੜ ਰੁਪਏ ਦੇ ਖਰਚੇ ਤੇ

Original with;
Punjab Vidhan Sabha
Digitized by;
Panjab Digital Library

ਬਾਹਰੋਂ ਖਰੀਦ ਕੇ ਸਪਲਾਈ ਕੀਤੀ ਗਈ, ਦੀ ਭਰਪਾਈ ਕੇਂਦਰ ਸਰਕਾਰ ਵਲੋਂ ਤੁਰੰਤ ਕੀਤੀ ਜਾਵੇ।"

ਮਾਨਯੋਗ ਸਪੀਕਰ: ਇਸ ਮਤੇ ਤੇ ਬੋਲਣਾ ਤਾਂ ਨਹੀਂ ਕਿਸੇ ਨੇ?

(ਇਸ ਸਮੇਂ ਕੋਈ ਵੀ ਮਾਨਯੋਗ ਮੈਂਬਰ ਬੋਲਣ ਲਈ ਖੜ੍ਹਾ ਨਹੀਂ ਹੋਇਆ।)

ਮਾਨਯੋਗ ਸਪੀਕਰ: ਪ੍ਰਸ਼ਨ ਹੈ ਕਿ-

"ਜਦੋਂ ਕਿ ਖੇਤੀ ਲਾਗਤਾਂ ਵੱਧਣ ਅਤੇ ਘੱਟੋ-ਘੱਟ ਸਮਰਥਨ ਮੁੱਲ ਲਾਹੇਵੰਦ ਨਾ ਹੋਣ ਕਰਕੇ ਰਵਾਇਤੀ ਕਣਕ-ਝੋਨੇ ਦੀ ਫ਼ਸਲ ਮੁਨਾਫਾਯੋਗ ਨਹੀਂ ਰਹੀ। ਇਸ ਕਰਕੇ ਰਾਜ ਦਾ ਕਿਸਾਨ ਇਸ ਵੇਲੇ ਭਾਰੀ ਵਿੱਤੀ ਸੰਕਟ ਵਿੱਚ ਹੈ। ਇਸ ਵਕਤ ਸੂਬੇ ਦੇ ਕਿਸਾਨਾਂ ਵਿੱਚ 35000 ਕਰੋੜ ਰੁਪਏ ਦਾ ਕਰਜ਼ਾ ਹੈ। ਝੋਨੇ ਦੀ ਖੇਤੀ ਕਾਰਨ ਰਾਜ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਵੀ ਬਹੁਤ ਹੇਠਾਂ ਡਿੱਗ ਚੁੱਕਾ ਹੈ ਤੇ ਇਸ ਲਈ ਸਮੇਂ ਦੀ ਲੋੜ ਹੈ ਕਿ ਕਣਕ ਤੇ ਝੋਨੇ ਦੇ ਫ਼ਸਲੀ ਚੱਕਰ ਦੀ ਬਜਾਏ ਬਦਲਵੀਆਂ ਫ਼ਸਲਾਂ ਦੀ ਪੈਦਾਵਾਰ ਨੂੰ ਉਤਸ਼ਾਹਿਤ ਕਰਕੇ ਇਸ ਸੰਕਟਕਾਲੀਨ ਹਾਲਾਤ ਵਿੱਚ ਰਾਜ ਦੇ ਕਿਸਾਨ ਦੀ ਸਾਰ ਉਸ ਤਰ੍ਹਾਂ ਲਈ ਜਾਵੇ ਜਿਸ ਤਰ੍ਹਾਂ ਕਿਸਾਨਾਂ ਨੇ ਦੇਸ਼ ਦੀ ਔਖੀ ਘੜੀ ਵਿੱਚ ਲਾਜ ਬਚਾਈ ਸੀ। ਕੇਂਦਰ ਸਰਕਾਰ ਵੀ ਇਹ ਕਹਿ ਰਹੀ ਹੈ ਕਿ ਦੂਸਰੇ ਰਾਜ ਵੀ ਝੋਨੇ ਦੀ ਪੈਦਾਵਾਰ ਵਧਾ ਰਹੇ ਹਨ ਤੇ ਪੰਜਾਬ ਨੂੰ ਕੋਈ ਹੋਰ ਬਦਲ ਲੱਭਣਾ ਪਵੇਗਾ।

ਜਦ-ਜਦ ਵੀ ਪੰਜਾਬ ਦੇ ਕਿਸਾਨਾਂ ਨੂੰ ਮੁਸ਼ਕਲ ਦਰਪੇਸ਼ ਆਈ ਹੈ ਤਾਂ ਕੇਂਦਰ ਸਰਕਾਰ ਆਪਣੇ ਫਰਜ਼ ਤੋਂ ਮੂੰਹ ਮੋੜਦੀ ਰਹੀ ਹੈ। ਖਰੀਫ਼ 2012 ਦੌਰਾਨ ਜੁਲਾਈ -ਅਗਸਤ ਮਹੀਨੇ ਤੱਕ ਰਾਜ ਵਿੱਚ 65-70% ਬਾਰਿਸ਼ ਘੱਟ ਹੋਈ ਸੀ ਅਤੇ ਪੰਜਾਬ ਦਾ ਕਿਸਾਨ ਗੰਭੀਰ ਸੋਕੇ ਦਾ ਸਾਹਮਣਾ ਕਰ ਰਿਹਾ ਸੀ। ਕੇਂਦਰ ਸਰਕਾਰ ਵਲੋਂ ਕੇਂਦਰੀ ਖੇਤੀਬਾੜੀ ਮੰਤਰੀ, ਸ੍ਰੀ ਸ਼ਰਦ ਪਵਾਰ ਅਤੇ ਕੇਂਦਰੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਸ੍ਰੀ ਜੈ ਰਾਮ ਰਮੇਸ਼, ਦੇ ਅਧਾਰਤ ਗਰੁੱਪ ਆਫ਼ ਮਨਿਸਟਰ ਨੇ ਚੰਡੀਗੜ੍ਹ ਆ ਕੇ ਪੰਜਾਬ ਵਿੱਚ ਸੋਕੇ ਦੀ ਸਥਿਤੀ ਦੀ ਸਮੀਖਿਆ ਕੀਤੀ ਅਤੇ ਇਸ ਸਥਿਤੀ ਨੂੰ ਮੰਨਦੇ ਹੋਏ ਪ੍ਰੈਸ ਕਾਨਫਰੰਸ ਵਿੱਚ ਰਾਹਤ ਪੈਕਜ ਦੇਣ ਦਾ ਭਰੋਸਾ ਦਿਵਾਇਆ। ਇਸ ਦੇ ਬਾਵਜੂਦ ਪੰਜਾਬ ਦੇ ਕਿਸਾਨਾਂ ਨੂੰ ਅੱਜ ਤੱਕ ਕੋਈ ਰਾਹਤ ਨਹੀਂ ਦਿੱਤੀ ਗਈ।

ਕਿਸਾਨੀ ਸੰਕਟ ਨੂੰ ਹਲ ਕਰਨ ਲਈ ਵਿਆਪਕ diversification ਮੁਹਿੰਮ ਚਲਾਉਣ ਦੀ ਲੋੜ ਹੈ ਇਸ ਲਈ ਇਹ ਸਦਨ ਮੰਗ ਕਰਦਾ ਹੈ ਕਿ ਕੇਂਦਰੀ ਸਰਕਾਰ ਵਲੋਂ ਦੇਸ਼ ਦੇ ਪੂਰਬੀ ਰਾਜਾਂ ਵਿੱਚ ਖੇਤੀਬਾੜੀ ਨੂੰ ਉਤਸ਼ਾਹਿਤ ਕਰਨ ਲਈ ਸ਼ੁਰੂ ਕੀਤੇ ਗਏ ਵਿਸ਼ੇਸ਼ ਪ੍ਰੋਗਰਾਮਾਂ ਦੀ ਤਰਜ ਤੇ ਪੰਜਾਬ ਵਿੱਚ ਵੀ

Original with;
Punjab Vidhan Sabha
Digitized by;
Panjab Digital Library

ਫ਼ਸਲੀ ਵਿਭਿੰਨਤਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਅਮਲ ਵਿੱਚ ਲਿਆਉਣ ਲਈ ਹੇਠ ਲਿਖੇ ਵਿਸ਼ੇਸ਼ ਪ੍ਰੋਗਰਾਮ ਤੁਰੰਤ ਆਰੰਭੇ ਜਾਣ:-

1. ਬਦਲਵੀਆਂ ਫ਼ਸਲਾਂ ਜਿਵੇਂ ਕਿ ਮੱਕੀ, ਕਪਾਹ, ਗੰਨਾ, ਤੇਲ ਬੀਜ ਅਤੇ ਦਾਲਾਂ ਲਈ ਲਾਹੇਵੰਦ ਸਮਰਥਨ ਮੁੱਲ ਅਤੇ ਇਨ੍ਹਾਂ ਦੇ ਕਣਕ ਝੋਨੇ ਦੀ ਤਰ੍ਹਾਂ ਯਕੀਨੀ ਖਰੀਦ ਅਤੇ ਘੱਟੋ-ਘੱਟ ਮੁੱਲ ਦਾ ਪ੍ਰਬੰਧ ਕੀਤਾ ਜਾਵੇ।

2. ਦਾਲਾਂ ਅਤੇ ਸੋਇਆਬੀਨ ਦੀਆਂ ਫ਼ਸਲਾਂ ਦੀ ਪੈਦਾਵਾਰ ਵਧਾਉਣ ਲਈ ਭਾਰਤੀ ਖੇਤੀਬਾੜੀ ਖੋਜ ਪ੍ਰੀਸ਼ਦ ਵਲੋਂ ਰਾਜ ਵਿੱਚ ਇਨ੍ਹਾਂ ਫ਼ਸਲਾਂ ਦੇ ਖੋਜ ਕੇਂਦਰ ਸਥਾਪਤ ਕੀਤੇ ਜਾਣ।

3. ਪਸ਼ੂ ਧਨ ਸੈਕਟਰ ਵੀ ਫ਼ਸਲੀ ਵਿਭਿੰਨਤਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ। ਇਸ ਲਈ ਇਸ ਸੈਕਟਰ ਨੂੰ ਉਤਸ਼ਾਹਿਤ ਕਰਨ ਵਾਸਤੇ ਇਸ ਨੂੰ ਵਿਆਜ ਦੀਆਂ ਦਰਾਂ ਵਿੱਚ ਰਿਆਇਤ ਅਤੇ ਇਨਕਮ ਟੈਕਸ ਤੋਂ ਛੋਟ ਆਦਿ ਖੇਤੀਬਾੜੀ ਦੇ ਬਰਾਬਰ ਸਹੂਲਤਾਂ ਦਿੱਤੀਆਂ ਜਾਣ।

4. ਰਾਜ ਵਿੱਚ ਮੱਛੀ ਪਾਲਣ ਨੂੰ ਪ੍ਰਚੱਲਿਤ ਕਰਨ ਵਾਸਤੇ ਇੱਕ ਕੇਂਦਰੀ ਖੋਜ ਕੇਂਦਰ ਸਥਾਪਤ ਕੀਤਾ ਜਾਵੇ।

5. ਰਾਜ ਵਿੱਚ ਖੇਤੀ ਉਦਯੋਗ ਨੂੰ ਉਹੀ ਰਿਆਇਤਾਂ ਦਿੱਤੀਆਂ ਜਾਣ ਜੋ ਕਿ ਪੰਜਾਬ ਦੇ ਗਵਾਂਢੀ ਪਹਾੜੀ ਰਾਜਾਂ ਨੂੰ ਦਿੱਤੀਆਂ ਗਈਆਂ ਹਨ।

6. ਪੰਜਾਬ ਸਮੇਤ ਹਰਾ ਇਨਕਲਾਬ ਵਾਲੇ ਰਾਜਾਂ (Green Revolution States) ਲਈ ਬਾਰ੍ਹਵੀਂ ਪੰਜ ਸਾਲਾ ਯੋਜਨਾ ਅਧੀਨ BGREI (Bring Green Revolution to Eastern India) ਦੀ ਤਰਜ ਉੱਤੇ 5000 ਕਰੋੜ ਰੁਪਏ ਦੀ "Diversification Mission" ਗਰਾਂਟ ਦਿੱਤੀ ਜਾਵੇ।

7. ਖਰੀਫ 2012 ਦੌਰਾਨ ਪੰਜਾਬ ਰਾਜ ਵਿੱਚ ਸੋਕੇ ਦੀ ਹਾਲਤ ਤੋਂ ਰਾਹਤ ਦੇਣ ਲਈ ਪੰਜਾਬ ਦੇ ਕਿਸਾਨ ਤੇ ਪੰਜਾਬ ਸਰਕਾਰ ਨੂੰ ਜੋ ਰਾਹਤ ਪੈਕੇਜ ਦਾ ਭਰੋਸਾ ਦਿੱਤਾ ਸੀ, ਤੁਰੰਤ ਜਾਰੀ ਕੀਤਾ ਜਾਵੇ ਜਿਸ ਵਿੱਚ ਕਿ ਵਿਸ਼ੇਸ਼ ਤੌਰ ਤੇ:-

   i. ਕਿਸਾਨਾਂ ਵਲੋਂ ਝੋਨੇ ਦੀ ਫ਼ਸਲ ਨੂੰ ਬਚਾਉਣ ਵਾਸਤੇ ਆਪਣੇ ਵਲੋਂ ਕੀਤੇ ਵਾਧੂ ਖਰਚੇ ਦੇ ਇਵਜ਼ ਵਜੋਂ 3000 ਰੁਪਏ ਪ੍ਰਤੀ ਹੈਕਟੇਅਰ ਦੀ ਰਾਹਤ;

   ii. ਪੰਜਾਬ ਸਰਕਾਰ ਵਲੋਂ ਫ਼ਸਲ ਪਾਲਣ ਲਈ ਕਿਸਾਨਾਂ ਨੂੰ ਵਾਧੂ ਬਿਜਲੀ ਦੀ ਸਪਲਾਈ ਜੋ ਕਿ 1530 ਕਰੋੜ ਰੁਪਏ ਦੇ ਖਰਚੇ ਤੇ

Original with;
Punjab Vidhan Sabha
Digitized by;
Panjab Digital Library

ਬਾਹਰੋਂ ਖਰੀਦ ਕੇ ਸਪਲਾਈ ਕੀਤੀ ਗਈ ਦੀ ਭਰਪਾਈ ਕੇਂਦਰ ਸਰਕਾਰ ਵਲੋਂ ਤੁਰੰਤ ਕੀਤੀ ਜਾਵੇ।"

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ: ਹੁਣ ਸਦਨ ਵੀਰਵਾਰ, ਮਿਤੀ 20 ਦਸੰਬਰ, 2012 ਦੇ 10.00 ਵਜੇ ਸਵੇਰ ਤੱਕ ਸਥੱਗਿਤ ਕੀਤਾ ਜਾਂਦਾ ਹੈ।

*2.40 ਵਜੇ ਬਾਅਦ ਦੁਪਹਿਰ

(*ਇਸ ਉਪਰੰਤ ਸਦਨ ਵੀਰਵਾਰ, ਮਿਤੀ 20, ਦਸੰਬਰ 2012 ਦੇ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।)

Original with;
Punjab Vidhan Sabha
Digitized by;
Panjab Digital Library

APPENDIX

TO

PUNJAB VIDHAN SABHA DEBATES

Wednesday, the 19th December, 2012

Vol. III-No.3

STARRED QUESTION AND ANSWER

ਨੀਲੇ ਕਾਰਡ ਧਾਰਕਾਂ ਦੀ ਗਿਣਤੀ

*384. **ਸਰਦਾਰ ਦਰਸ਼ਨ ਸਿੰਘ ਕੋਟਫੱਤਾ:** ਕੀ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਰਾਜ ਵਿੱਚ ਜ਼ਿਲ੍ਹਾਵਾਰ ਕੁੱਲ ਕਿੰਨੇ ਨੀਲੇ ਕਾਰਡ ਜਾਰੀ ਕੀਤੇ ਗਏ ਹਨ;

(ਅ) ਕੀ ਨੀਲੇ ਕਾਰਡਾਂ ਬਾਰੇ ਨਵਾਂ ਸਰਵੇ ਕਰਾਉਣ ਲਈ ਕੋਈ ਤਜਵੀਜ਼ ਸੰਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ ਅਜਿਹਾ ਸਰਵੇ ਕਰਵਾਏ ਜਾਣ ਦੀ ਸੰਭਾਵਨਾ ਹੈ?

ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ: (ੳ) ਰਾਜ ਵਿੱਚ ਕੁੱਲ 1540559 ਨੀਲੇ ਰਾਸ਼ਨ ਕਾਰਡ ਜਾਰੀ ਕੀਤੇ ਗਏ ਹਨ, ਜਿਨ੍ਹਾਂ ਦੀ ਜਿਲ੍ਹਾਵਾਰ ਗਿਣਤੀ **ਅਨੁੱਲਗ 'ੳ'** ਤੇ ਨੱਥੀ ਕੀਤੀ ਜਾਂਦੀ ਹੈ।

(ਅ) ਨਹੀਂ ਜੀ। ਹਾਲ ਦੀ ਘੜੀ ਅਜਿਹੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਅਨੁਲੱਗ 'ੳ'

ਲੜੀ ਨੰ:	ਜ਼ਿਲ੍ਹਾ	ਨੀਲੇ ਕਾਰਡਾਂ ਦੀ ਗਿਣਤੀ
1	ਅੰਮ੍ਰਿਤਸਰ	104611
2	ਤਰਨਤਾਰਨ	79553

Original with;
Punjab Vidhan Sabha
Digitized by;
Panjab Digital Library

3	ਗੁਰਦਾਸਪੁਰ	62089
4	ਪਠਾਨਕੋਟ	102500
5	ਕਪੂਰਥਲਾ	48162
6	ਜਲੰਧਰ	87321
7	ਹੁਸ਼ਿਆਰਪੁਰ	95022
8	ਐੱਸ.ਬੀ.ਐੱਸ. ਨਗਰ	34839
9	ਪਟਿਆਲਾ	89178
10	ਸੰਗਰੂਰ	87796
11	ਬਰਨਾਲਾ	24189
12	ਲੁਧਿਆਣਾ (ਈਸਟ)	86494
13	ਲੁਧਿਆਣਾ (ਵੈਸਟ)	62994
14	ਫਤਹਿਗੜ੍ਹ ਸਾਹਿਬ	33022
15	ਐੱਸ.ਏ.ਐੱਸ. ਨਗਰ	42375
16	ਰੋਪੜ	37654
17	ਫਿਰੋਜ਼ਪੁਰ	131072
18	ਮੋਗਾ	37620
19	ਫਰੀਦਕੋਟ	53727
20	ਮੁਕਤਸਰ	95900
21	ਬਠਿੰਡਾ	94738
22	ਮਾਨਸਾ	9703
	ਕੁੱਲ	**1540559**

Original with;
Punjab Vidhan Sabha
Digitized by;
Panjab Digital Library

ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਸਹੂਲਤਾਂ

* **405 ਸਰਦਾਰ ਅਜਾਇਬ ਸਿੰਘ ਭੱਟੀ** :ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਰਾਜ ਅਤੇ ਕੇਂਦਰ ਸਰਕਾਰ ਦੁਆਰਾ ਅਨੁਸੂਚਿਤ ਜਾਤੀਆਂ (ਐਸ.ਸੀ.) ਦੇ ਵਿਦਿਆਰਥੀਆਂ ਨੂੰ ਮੌਜੂਦਾ ਸਮੇਂ ਦਿੱਤੀਆਂ ਗਈਆਂ ਵੱਖ-ਵੱਖ ਸਹੂਲਤਾਂ ਦੇ ਵੇਰਵੇ ਕੀ ਹਨ :-

(ਅ) ਕੀ ਕੇਂਦਰ/ਰਾਜ ਸਰਕਾਰ ਦੁਆਰਾ ਸਾਲ 2010-11,2011-12 ਅਤੇ 2012-13 ਦੌਰਾਨ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਵਜੀਫੇ, ਮੁਫਤ ਪੁਸਤਕਾਂ ਮਿਡੇ-ਡੇ-ਮੀਲ ਅਤੇ ਸਾਈਕਲ ਦੇਣ ਸਬੰਧੀ ਸਕੀਮਾਂ ਨੂੰ ਰਾਜ ਸਰਕਾਰ ਦੁਆਰਾ ਪੂਰੀ ਤਰ੍ਹਾਂ ਲਾਗੂ ਕਰ ਦਿਤਾ ਗਿਆ ਹੈ; ਜੇਕਰ ਨਹੀਂ ਤਾਂ ਇਸ ਦੇ ਕਾਰਨ ਕੀ ਹਨ ?

ਸਿੰਕਦਰ ਸਿੰਘ ਮਲੂਕਾ :- ਲੋੜੀਂਦੀ ਸੂਚਨਾ ਹੇਠ ਲਿਖੇ ਅਨੁਸਾਰ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।

ੳ) ਸਬੰਧੀ ਜਵਾਬ ਭਲਾਈ ਵਿਭਾਗ ਪੰਜਾਬ ਵੱਲੋਂ ਪ੍ਰਾਪਤ ਸੂਚਨਾ ਦੇ ਅਧਾਰ ਤੇ ਅਨੁਲੱਗ (ੳ) ਵਿੱਚ ਨੱਥੀ ਹੈ ।

ਅ) 1. ਵਜ਼ੀਫੇ ਸਬੰਧੀ ਸੂਚਨਾ ਅਨੁਲੱਗ (ਅ) ਵਿੱਚ ਉਪਲੱਬਧ ਹੈ ।

2. ਮੁਫਤ ਪੁਸਤਕਾਂ ਭਲਾਈ ਵਿਭਾਗ ਪੰਜਾਬ ਤੋਂ ਪ੍ਰਾਪਤ ਸੂਚਨਾ ਅਨੁਲੱਗ (ੳ) ਵਿੱਚ ਉਪਲਬੱਧ ਹੈ ।

3. ਮਿਡੇ-ਡੇ-ਮੀਲ ਸਬੰਧੀ ਸਰਵ ਸਿੱਖਿਆ ਅਭਿਆਨ ਵੱਲੋਂ ਪ੍ਰਾਪਤ ਸੂਚਨਾ ਅਨੁਲੱਗ (ੲ) ਨਾਲ ਨੱਥੀ ਹੈ ।

4. ਡਾਇਰੈਕਟਰ ਸਮਾਜਿਕ ਸੁਰੱਖਿਆ ਅਤੇ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਸਾਇਕਲ ਦੇਣ ਸਬੰਧੀ ਸਕੀਮ ਸਬੰਧੀ ਸੂਚਨਾ ਅਨੁਲੱਗ(ਸ) ਨਾਲ ਨੱਥੀ ਹੈ ।

ਚੱਕਬੰਦੀ ਦੀਆਂ ਬੁਰਜੀਆਂ ਲਗਾਉਣਾ

***417 ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ:** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਪੰਜਾਬ ਵਿੱਚ ਜ਼ਮੀਨ ਦੀ ਚੱਕਬੰਦੀ ਦਾ ਕੰਮ ਪੂਰਾ ਕਰ ਲਿਆ ਗਿਆ ਹੈ ਜੇਕਰ ਨਹੀ ਤਾਂ ਇਸ ਦੇ ਕੀ ਕਾਰਣ ਹਨ ਅਤੇ ਇਸ ਸਬੰਧੀ ਪੈਂਡਿੰਗ ਪਏ ਕੰਮ ਦੇ ਵੇਰਵੇ ਕੀ ਹਨ;

ਅ) ਕੀ ਜ਼ਰਾਇਤੀ ਜਮੀਨ ਦੀ ਚੱਕਬੰਦੀ ਸਬੰਧੀ ਸਮੁੱਚੇ ਪੰਜਾਬ ਵਿੱਚ ਬੁਰਜੀਆਂ ਲਗਾ ਦਿੱਤੀਆਂ ਗਈਆਂ ਹਨ, ਜੇਕਰ ਨਹੀਂ ਤਾਂ ਇਸ ਦੇ ਕੀ ਕਾਰਣ ਹਨ ਅਤੇ ਇਸ ਸਬੰਧੀ ਪੈਂਡਿੰਗ ਪਏ ਕੰਮ ਦੇ ਕੀ ਵੇਰਵੇ ਹਨ;

ੲ) ਉਪਰੋਕਤ ਭਾਗ (ੳ) ਅਤੇ(ਅ) ਵਿੱਚ ਵਰਣਿਤ ਕੰਮਾਂ ਨੂੰ ਕਦੋਂ ਤੱਕ ਪੂਰਾ ਕੀਤੇ ਜਾਣ ਦੀ ਸੰਭਾਵਨਾ ਹੈ ?

Original with;
Punjab Vidhan Sabha
Digitized by;
Panjab Digital Library

ਸਰਦਾਰ ਬਿਕਰਮ ਸਿੰਘ ਮਜੀਠੀਆ: ੳ) ਨਹੀਂ ਜੀ । ਡਾਇਰੈਕਟਰ, ਚੱਕਬੰਦੀ ਪੰਜਾਬ, ਜਲੰਧਰ ਤੋਂ ਪ੍ਰਾਪਤ ਰਿਪੋਰਟ ਅਨੁਸਾਰ ਪੰਜਾਬ ਰਾਜ ਵਿੱਚ 13004 ਰੈਵੀਨਿਊ ਅਸਟੇਟਸ ਹਨ। ਇਨ੍ਹਾਂ ਵਿਚੋਂ 11642 ਰੈਵੀਨਿਊ ਅਸਟੇਟਸ ਦੀ ਈਸਟ ਪੰਜਾਬ ਹੋਲਡਿੰਗਜ਼(ਕੰਸੋਲੀਡੇਸ਼ਨ ਐਂਡ ਪ੍ਰੀਵੈਂਨਸ਼ਨ ਆਫ ਫਰੈਗਮੈਨਟੇਸ਼ਨ) ਐਕਟ,1948 ਅਧੀਨ ਅਤੇ 971 ਰੈਵੀਨਿਊ ਅਸਟੇਟਸ ਵਿੱਚ ਸਹਿਕਾਰੀ ਸੁਸਾਇਟੀ ਐਕਟ,1912 ਦੇ ਤਹਿਤ ਚੱਕਬੰਦੀ/ਮੁਰੱਬਾਬੰਦੀ ਦਾ ਕੰਮ ਕੀਤਾ ਹੋਇਆ ਹੈ ।ਪੰਜਾਬ ਵਿੱਚ ਇਸ ਸਮੇਂ ਸਿਰਫ 391 ਰੈਵੀਨਿਊ ਅਸਟੇਟਸ ਅਜਿਹੀਆਂ ਹਨ, ਜਿਨ੍ਹਾਂ ਵਿੱਚ ਉਕਤ ਦੋਵਾਂ ਐਕਟਾਂ ਵਿੱਚੋਂ ਕਿਸੇ ਭੀ ਐਕਟ ਦੇ ਤਹਿਤ ਚੱਕਬੰਦੀ/ਮੁਰੱਬਾਬੰਦੀ ਨਹੀਂ ਹੋਈ।ਇਨ੍ਹਾਂ ਵਿਚੋਂ 2 ਰੈਵੀਨਿਊ ਅਸਟੇਟਸ ਭੂੰਗਰਨੀ, ਜ਼ਿਲਾ ਹੁਸ਼ਿਆਰਪੁਰ ਅਤੇ ਗੋਰਖਨਾਥ, ਜ਼ਿਲ੍ਹਾ ਮਾਨਸਾ ਲੰਮੇ ਸਮੇਂ ਤੋਂ ਚੱਕਬੰਦੀ ਅਧੀਨ ਹਨ,ਇਨ੍ਹਾਂ ਪਿੰਡਾਂ ਵਿੱਚ ਮਾਨਯੋਗ ਹਾਈਕੋਰਟ ਵਲੋਂ ਸੰਨ 1988 ਵਿੱਚ ਬੰਦੀ ਦੇ ਹੁਕਮ ਹੋਏ ਸਨ।ਪਰੰਤੂ ਪਿੰਡ ਭੂੰਗਰਾਨੀ ਦੇ ਬੰਦੀ ਹੁਕਮ ਖੁੱਲਣ ਉਪਰੰਤ ਇਸ ਪਿੰਡ ਵਿੱਚ ਕੰਮ ਚੱਕਬੰਦੀ ਚੱਲ ਰਿਹਾ ਹੈ।ਗੋਰਖਨਾਥ ਰੈਵੀਨਿਊ ਅਸਟੇਟਸ ਵਿੱਚ ਅਜੇ stay ਚਲ ਰਿਹਾ ਹੈ।ਰਹਿੰਦੀਆਂ ਰੈਵੀਨਿਊ ਅਸਟੇਟਸ ਵਿੱਚ ਚੱਕਬੰਦੀ ਦਾ ਕੰਮ ਵੱਖ-ਵੱਖ ਕਾਰਨਾਂ ਕਰਕੇ ਸੰਭਵ ਨਹੀਂ ਜਾਪਦਾ।ਇਸ ਸਬੰਧੀ ਸਮੁੱਚੇ ਰੂਪ ਵਿੱਚ ਮੁੱਖ ਕਾਰਨ ਨਿਮਨ ਅਨੁਸਾਰ ਸਾਹਮਣੇ ਆਏ ਹਨ:-

1. ਲੋਕਾਂ ਵਲੋਂ ਇਸ ਕੰਮ ਵਿੱਚ ਸਹਿਯੋਗ ਨਾ ਦੇਣਾ।
2. ਸਮਾਂ ਪੈਣ ਨਾਲ ਵਰਾਸਤਾਂ ਅਤੇ ਵਿਕਰੀ ਆਦਿ ਕਾਰਨ ਲੋਕਾਂ ਦੀਆਂ ਜ਼ਮੀਨਾਂਦਾ ਸਾਈਜ਼ ਛੋਟਾ ਹੋਣਾ ਅਤੇ ਜ਼ਮੀਨ ਦੀ ਕੁਆਲਟੀ ਵਿੱਚ ਸੁਧਾਰ ਕਰਨ ਲਈ ਉਸ ਨੂੰ ਪੱਧਰ ਕਰ ਲੈਣਾ ਤੇ ਟਿਊਬਵੈਲ ਆਦਿ ਲਗਾ ਕੇ ਉਪਜਾਊ ਬਣਾ ਲੈਣਾ।
3. ਜ਼ਮੀਨਾਂ ਦੀਆਂ ਕੀਮਤਾਂ ਵਿੱਚ ਕਾਫੀ ਉਛਾਲ ਆਉਣਾ।
4. ਜ਼ਿਆਦਾ ਰਕਬੇ ਉਪਰ ਸ਼ਹਿਰੀ ਆਬਾਦੀ ਦੀ ਵਸੋਂ ਹੋ ਜਾਣਾ।
5. ਕੁਝ ਰੈਵੀਨਿਊ ਅਸਟੇਟਸ ਵਿੱਚ ਸਾਰਾ ਜਾਂ ਜ਼ਿਆਦਾ ਰਕਬਾ ਸਰਕਾਰੀ ਜ਼ਮੀਨ ਦਾ ਹੋਣਾ। ਸਾਰੇ ਪੱਖਾਂ ਨੂੰ ਵਿਚਾਰਨ ਉਪਰੰਤ ਸਾਲ 2002 ਵਿੱਚ ਮੁਰੱਬਾਬੰਦੀ ਵਿਭਾਗ ਨੂੰ ਖਤਮ ਕਰ ਦਿਤਾ ਗਿਆ ਸੀ ਅਤੇ ਸਿਰਫ ਡਾਇਰੈਕਟਰ, ਚੱਕਬੰਦੀ ਵਿਭਾਗ,ਪੰਜਾਬ ਦੇ ਦਫਤਰ ਸਕੈਲਟਨ ਸਟਾਫ ਦੇ ਤੌਰ ਤੇ ਚੱਕਬੰਦੀ ਵਿੰਗ ਹੋਂਦ ਵਿੱਚ ਰੱਖਿਆ ਹੋਇਆ ਹੈ।

ਅ) ਚੱਕਬੰਦੀ ਕਰਨ ਸਮੇਂ ਸਬੰਧਤ ਰੈਵੀਨਿਊ ਅਸਟੇਟਸ ਵਿੱਚ ਵਿਭਾਗ ਵਲੋਂ ਲੋੜੀਂਦੀਆਂ ਬੁਰਜੀਆਂ ਲਗਾਈਆਂ ਗਈਆਂ ਸਨ।ਪਰ ਸਮਾਂ ਬੀਤਣ ਨਾਲ ਰੈਵੀਨਿਊ ਅਸਟੇਟਾਂ ਵਿੱਚ ਕਾਫੀ ਬੁਰਜੀਆਂ ਉਖੜ/ਨਸ਼ਟ ਹੋ ਗਈਆਂ ਹਨ।ਅਜਿਹੀਆਂ ਨਸ਼ਟ ਹੋਈਆਂ ਬੁਰਜੀਆਂ ਨੂੰ ਮੁੜ ਲਗਾਉਣ ਲਈ ਡਿਪਟੀ ਕਮਿਸ਼ਨਰਜ਼ ਨੂੰ ਹਦਾਇਤਾਂ ਦਿੱਤੀਆਂ ਹੋਈਆਂ ਹਨ ਕਿ ਉਹ ਇਸ ਕੰਮ ਨੂੰ ਜਲਦੀ ਤੋਂ ਜਲਦੀ ਨਿਬੇੜਨ।

ੲ) "ੳ" ਅਤੇ "ਅ" ਵਿੱਚ ਦਰਸਾਈ ਸਥਿਤੀ/ਕਾਰਨਾਂ ਕਰਕੇ ਇਸ ਕੰਮ ਲਈ ਕੋਈ ਸਮਾਂ ਸੀਮਾ ਨਿਰਧਾਰਿਤ ਨਹੀਂ ਕੀਤੀ ਜਾ ਸਕਦੀ।

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

© 2012

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਐਸ.ਏ.ਐਸ. ਨਗਰ ਵੱਲੋਂ ਛਾਪੀ ਗਈ।

8526/01-2015/305/ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ. ਨਗਰ

Original with;
Punjab Vidhan Sabha
Digitized by;
Panjab Digital Library

For checking, please
5/3/15
9/3/15

PUNJAB VIDHAN SABHA

DEBATES

Thursday, the 20th December, 2012

Vol. III-No. 4

OFFICIAL REPORT

CONTENTS

Punjab Vidhan Sabha Secretariat, Chandigarh

Price : Rs________

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

20.12.12

Sr. No.	Read	For	Page No/Line
1.	Thursday	Tuesday	1 / above-2
2.	ਮਾਨਯੋਗ	[ਮਾਨਯੋਗ	108 /Ist line
3.	ਵਜੋ	ਤਵਜੋ	108/ Last line

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

PUNJAB VIDHAN SABHA

~~Tuesday~~ Thursday, the 20th December, 2012

The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 10.00 A.M. Mr. Speaker (Doctor Charnjit Singh Atwal) in the Chair.

OBITUARY REFERENCE

ਮਾਨਯੋਗ ਸਪੀਕਰ : ਅੱਜ ਪਹਿਲਾਂ ਅਕਾਲ ਚਲਾਣੇ ਦਾ ਵਰਨਣ ਹੋਵੇਗਾ। ਮੈਂ ਰਾਜਾ ਨਰਿੰਦਰ ਸਿੰਘ ਜੀ, ਸਾਬਕਾ ਮੰਤਰੀ, ਪੰਜਾਬ ਜੋ ਇਸ ਫ਼ਾਨੀ ਸੰਸਾਰ ਨੂੰ ਮਿਤੀ 19 ਦਸੰਬਰ, 2012 ਨੂੰ ਅਲਵਿਦਾ ਕਹਿ ਗਏ ਹਨ, ਦੇ ਅਕਾਲ ਚਲਾਣੇ ਤੇ ਡੂੰਘੇ ਦੁੱਖ ਅਤੇ ਗ਼ਮ ਦਾ ਇਜ਼ਹਾਰ ਕਰਦਾ ਹਾਂ। ਉਨ੍ਹਾਂ ਦਾ ਜਨਮ ਮਿਤੀ 2 ਦਸੰਬਰ, 1924 ਨੂੰ ਹੋਇਆ। ਉਹ 1962 ਤੋਂ 1966 ਤੱਕ ਪੰਜਾਬ ਵਿਧਾਨ ਪ੍ਰੀਸ਼ਦ ਦੇ ਮੈਂਬਰ ਰਹੇ ਅਤੇ ਚਾਰ ਵਾਰ ਪੰਜਾਬ ਵਿਧਾਨ ਸਭਾ ਲਈ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਜੋਂ ਨਾਭਾ ਹਲਕੇ ਤੋਂ ਚੁਣੇ ਗਏ। ਉਹ ਪੰਜਾਬ ਸਰਕਾਰ ਦੇ ਵੱਖ-ਵੱਖ ਮਹਿਕਮਿਆਂ ਦੇ ਮੰਤਰੀ ਵੀ ਰਹੇ। ਉਨ੍ਹਾਂ ਨੇ ਸਾਲ 1955 ਵਿੱਚ ਪੰਜਾਬੀ ਸੂਬੇ ਦੇ ਸਬੰਧ ਵਿੱਚ ਜੇਲ੍ਹ ਵੀ ਕੱਟੀ। ਇਸ ਤੋਂ ਇਲਾਵਾ ਉਹ 1958 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਰਹੇ। ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਤਕਰੀਬਨ ਹਰ ਮੋਰਚੇ ਵਿੱਚ ਭਾਗ ਲਿਆ। ਉਹ ਇੱਕ ਉੱਘੇ ਸਿਆਸਤਦਾਨ, ਸਮਾਜ ਸੇਵਕ ਅਤੇ ਦੂਰ-ਅੰਦੇਸ਼ੀ ਸਨ ਅਤੇ ਹਰ ਸਮੇਂ ਲੋਕਾਂ ਦੀ ਸੇਵਾ ਕਰਨ ਲਈ ਤਤਪਰ ਰਹਿੰਦੇ ਸਨ। ਉਨ੍ਹਾਂ ਦੇ ਚਲੇ ਜਾਣ ਨਾਲ ਪੰਜਾਬ ਨੂੰ ਇਕ ਡੂੰਘੇ ਸਿਆਸਤਦਾਨ ਦੀਆਂ ਸੇਵਾਵਾਂ ਤੋਂ ਵਾਂਝਾ ਹੋਣਾ ਪੈ ਗਿਆ ਹੈ। ਮੈਂ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਉਹ ਉਨ੍ਹਾਂ ਦੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ, ਉਨ੍ਹਾਂ ਦੇ ਪਰਿਵਾਰ ਨੂੰ ਚੜ੍ਹਦੀ ਕਲਾ ਵਿੱਚ ਰੱਖੇ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸ਼ੋਕ ਪ੍ਰਸਤਾਵ ਇਸ ਵਿਛੜੀ ਸ਼ਖ਼ਸੀਅਤ ਦੇ ਪਰਿਵਾਰ ਨੂੰ ਭੇਜ ਦਿੱਤਾ ਜਾਵੇ। ਹੁਣ ਮੈਂ ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਇਸ ਵਿਛੜੀ ਹੋਈ ਰੂਹ ਦੀ ਯਾਦ ਵਿੱਚ ਅਸੀਂ ਦੋ ਮਿੰਟ ਲਈ ਮੋਨ ਧਾਰਨ ਕਰਨ ਲਈ ਖੜ੍ਹੇ ਹੋਈਏ।

(ਇਸ ਸਮੇਂ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਨੇ ਵਿਛੜੀ ਰੂਹ ਨੂੰ

Original with;
Punjab Vidhan Sabha
Digitized by;
Panjab Digital Library

ਸ਼ਰਧਾਂਜਲੀ ਭੇਟ ਕਰਨ ਲਈ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਦੋ ਮਿੰਟ ਲਈ ਮੌਨ ਧਾਰਨ ਕੀਤਾ।)

STARRED QUESTIONS AND ANSWERS

ਨਿਸ਼ਾਨ ਵਾਲਾ ਪ੍ਰਸ਼ਨ ਨੰ. 455

ਮਾਨਯੋਗ ਸਪੀਕਰ : ਇਸ ਸਵਾਲ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਮੈਂ ਅਲਾਓ ਕਰ ਦਿੱਤੀ ਹੈ। ਇਹ ਪ੍ਰਸ਼ਨ 21.12.12 ਲਈ ਪੋਸਟਪੋਨ ਕੀਤਾ ਜਾਂਦਾ ਹੈ। ਕੱਲ੍ਹ ਨੂੰ ਇਸ ਦਾ ਜਵਾਬ ਦਿੱਤਾ ਜਾਵੇਗਾ। ਹਾਂ ਜੀ, ਸਰਦਾਰ ਬਲਬੀਰ ਸਿੰਘ ਸਿੱਧੂ।

ISSUE RAISED BY HEALTH & FAMILY WELFARE, SOCIAL SECURITY, WOMEN & CHILD DEVELOPMENT AND PARLIAMENTARY AFFAIRS MINISTER REG. MAINTENANCE OF DECORUM INSIDE THE PRECINCTS OF VIDHAN SABHA

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਕੱਲ੍ਹ ਜੋ ਕੁਝ ਹੋਇਆ ਉਸ ਦਾ ਤੁਸੀਂ ਬੜੀ ਦਾਨਿਸ਼ਮੰਦੀ ਨਾਲ ਫੈਸਲਾ ਕੀਤਾ। Although, it was unfortunate, ਕਈ ਵਾਰ ਕੜਵੇ ਫੈਸਲੇ ਵੀ ਨਿਆਂ ਨੂੰ ਦੇਖ ਕੇ, ਅਨੁਸ਼ਾਸਨ ਨੂੰ ਦੇਖ ਕੇ ਕਰਨੇ ਪੈਂਦੇ ਹਨ।

ਮਾਨਯੋਗ ਸਪੀਕਰ : ਲੇਕਿਨ ਇਹ ਤਾਂ ਮੈਂ ਉਦੋਂ ਹੀ ਐਕਸਪੰਜ ਕਰਵਾ ਦਿੱਤਾ ਸੀ।

ਸਿਹਤ ਅਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ : ਲੇਕਿਨ ਅੱਜ ਜੋ ਹੋ ਰਿਹਾ ਹੈ, ਬਾਈਕਾਟ ਕਰਨ ਤੋਂ ਕੋਈ ਰੋਕ ਨਹੀਂ ਸਕਦਾ ਲੇਕਿਨ ਇਸ ਤਰੀਕੇ ਨਾਲ ਚੈਂਬਰਾਂ ਨੂੰ ਆ ਕੇ ਘੇਰਨਾ, ਇਹ ਠੀਕ ਨਹੀਂ। ਸਪੀਕਰ ਸਾਹਿਬ, ਵਿਧਾਨ ਸਭਾ ਦੇ ਖੇਤਰ ਵਿੱਚ ਕੇਵਲ ਤੁਹਾਡੀ ਜੂਰਿਸਡਿਕਸ਼ਨ ਹੈ। ਹਰ ਕੋਈ ਇੰਟਰਫੀਅਰ ਨਹੀਂ ਕਰ ਸਕਦਾ। ਪੁਲਿਸ ਵੀ ਤਾਂ ਕਰੇਗੀ ਜੇ ਤੁਸੀਂ ਕਾਲ ਕਰੋਗੇ। ਇਥੋਂ ਤਕ ਕਿ ਚੀਫ ਮਨਿਸਟਰ ਸਾਹਿਬ, ਡਿਪਟੀ ਚੀਫ ਮਨਿਸਟਰ ਸਾਹਿਬ ਜਾਂ ਕੋਈ ਮਨਿਸਟਰ ਵੀ ਪੁਲਿਸ ਕਾਲ ਨਹੀਂ ਕਰ ਸਕਦੇ। ਸੋ, ਜਿਸ ਤਰੀਕੇ ਨਾਲ ਗੈਲਰੀਆਂ ਦੇ ਵਿੱਚ ਨਾਅਰੇ ਲੱਗ ਰਹੇ ਹਨ, ਔਰ ** ** ਜੋ ਦੁਨੀਆਂ ਦੀਆਂ ** ਲੋਕ ਪਿੰਡਾਂ ਵਿੱਚ ਜਿਵੇਂ ਕੱਢਦੇ ਹਨ, ਮੇਰਾ ਖਿਆਲ ਹੈ ਕਿ ਪੰਚਾਇਤ ਦੇ ਵਿੱਚ ਇੰਨਾ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਡਿਸਆਰਡਰ ਨਹੀਂ ਹੁੰਦਾ ਜਿੰਨਾ ਅੱਜ ਵਿਧਾਨ ਸਭਾ ਕੰਪਲੈਕਸ ਵਿੱਚ ਹੋ ਰਿਹਾ ਹੈ। ਸੋ, ਮੈਂ ਬੇਨਤੀ ਕਰਾਂਗਾ ਕਿ ਕਿਉਂਕਿ you are the custodian of the House. ਅਸੀਂ ਸਾਰੇ ਤੁਹਾਡੇ ਅਨੁਸ਼ਾਸਨ ਹੇਠ ਕੰਮ ਕਰਦੇ ਹਾਂ ਅਤੇ we are bound to obey. ਤੁਸੀ ਕੋਈ ਵੀ ਆਰਡਰ ਦਿਉ, ਕਹਿੰਦੇ ਹੋ ਬੈਠ ਜਾਉ, ਅਸੀਂ ਬੈਠ ਜਾਂਦੇ ਹਾਂ। ਸੋ, ਇਸ ਕਰਕੇ ਮੈਂ ਬੇਨਤੀ ਕਰਦਾ ਹਾਂ ਕਿ ਹਾਊਸ ਦੀ ਮਰਿਆਦਾ ਨੂੰ ਰੱਖਣ ਵਾਸਤੇ ਇਹ ਬਹੁਤ ਜ਼ਰੂਰੀ ਹੈ ਕਿ ਇਨ੍ਹਾਂ ਨੂੰ ਦੱਸਿਆ ਜਾਵੇ, ਸਮਝਾਇਆ ਜਾਵੇ। ਅਗਰ ਸਮਝਣ ਤੇ ਨਹੀਂ ਮੰਨਦੇ ਤਾਂ ਫਿਰ ਜੋ ਹਾਊਸ ਦੇ ਰੂਲਜ਼ ਹਨ, ਉਸ ਮੁਤਾਬਕ ਉਚਿਤ ਕਾਰਵਾਈ ਕੀਤੀ ਜਾਵੇ। At least ਵਿਧਾਨ ਸਭਾ ਕੰਪਲੈਕਸ ਵਿੱਚ ਨਾਅਰੇ ਨਹੀਂ ਲੱਗਣੇ ਚਾਹੀਦੇ। ਆਹ ਦੇਖੋ, ਕੱਲ੍ਹ ਲੋਕ ਸਭਾ ਦੇ ਵਿੱਚ ਕੀ ਹੋਇਆ ਕਿ ਯੂ.ਪੀ.ਏ. ਦਾ ਹੀ ਇੱਕ ਐਲਾਈ, ਉਨ੍ਹਾਂ ਦਾ ਹੀ ਮੈਂਬਰ ਲੋਕ ਸਭਾ ਵਿੱਚ ਬਿਲ ਖੋਹ ਕੇ ਲੈ ਗਿਆ ਔਰ ਯੂ.ਪੀ.ਏ ਦੀ ਚੇਅਰਪਰਸਨ ਵਾਪਸ ਲੈਣ ਜਾਂਦੀ ਹੈ। ਸੋ, ਇਸ ਕਰਕੇ ਅਗਰ ਇਸ ਤਰੀਕੇ ਨਾਲ ਹਾਊਸ ਚੱਲੇਗਾ I don't think ਕਿ ਅਸੀਂ ਲੋਕ ਰਾਜ ਜਿਸ ਵਾਸਤੇ ਅਸੀਂ ਇੱਥੇ ਕੁਮਿੱਟ ਕਰਕੇ ਆਏ ਹਾਂ, ਅਸੀਂ ਉਸ ਨੂੰ ਮੇਨਟੇਨ ਕਰ ਸਕਾਂਗੇ। ਅਸੀਂ ਲੋਕਾਂ ਦੇ ਹਿੱਤਾਂ ਦੀ ਰਾਖੀ ਕਰਨੀ ਹੈ, ਉਨ੍ਹਾਂ ਵਾਸਤੇ ਇੱਥੇ ਡਿਬੇਟ ਕਰਨੀ ਹੈ। ਮਤ ਅਲੱਗ-ਅਲੱਗ ਹੋ ਸਕਦੇ ਹਨ, ਲੇਕਿਨ ਜੋ ਇਕ ਵਾਰ ਮਤ ਫਾਈਨਲ ਹੋ ਗਿਆ, ਉਹ ਸਾਰਿਆਂ ਵਾਸਤੇ binding ਹੈ। ਇਸ ਕਰਕੇ ਮੈਂ ਸਮਝਦਾ ਹਾਂ ਕਿ ਕੁਐਸਚਨ ਆਵਰ ਤੋਂ ਚੱਲਦੇ ਰਹਿਣੇ ਹਨ ਪਰ ਕੁਐਸਚਨ ਆਵਰ ਨਾਲੋਂ ਜ਼ਿਆਦਾ ਇੰਪਾਰਟੈਂਟ ਲੋਕ ਰਾਜ ਔਰ ਇਸ ਹਾਊਸ ਦੀ ਮਰਿਆਦਾ ਹੈ। ਲੋਕ ਕੀ ਕਹਿੰਦੇ ਹੋਣਗੇ ਸਾਡੇ ਬਾਰੇ ਦੱਸੋ ਕਿ ਵਿਧਾਨ ਸਭਾ ਵਿੱਚ ਹੀ ਹੁੱਲੜਬਾਜ਼ੀ ਹੋ ਰਹੀ ਹੈ। ਵਿਧਾਨ ਸਭਾ ਵਿੱਚ ਹੀ ਲਾਅ ਐਂਡ ਆਰਡਰ ਦਾ ਮਸਲਾ ਡਿਸਕਸ ਹੋ ਰਿਹਾ ਹੈ ਔਰ ਵਿਧਾਨ ਸਭਾ ਵਿੱਚ ਹੀ ਲਾਅ ਬਰੇਕ ਹੋ ਰਿਹਾ ਹੈ। ਵਿਧਾਨ ਸਭਾ ਕੰਪਲੈਕਸ ਵਿੱਚ ਹੀ lawlessness ਹੋ ਰਹੀ ਹੈ। ਇਸ ਕਰਕੇ ਮੈਂ ਗੁਜ਼ਾਰਿਸ਼ ਕਰਾਂਗਾ ਕਿ ਜੋ ਵੀ ਕਾਨੂੰਨ ਸਾਨੂੰ ਇਜਾਜ਼ਤ ਦਿੰਦੇ ਹਨ ਉਸ ਦੇ ਤਹਿਤ ਹੀ ਕੋਈ ਕਦਮ ਉਠਾਉ।

RESUMPTION OF STARRED QUESTIONS AND ANSWERS

ਨਿਸ਼ਾਨ ਵਾਲਾ ਪ੍ਰਸ਼ਨ ਨੰ. 442

(ਸੰਬੰਧਿਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ।)

Original with;
Punjab Vidhan Sabha
Digitized by;
Panjab Digital Library

ਨਿਸ਼ਾਨ ਵਾਲਾ ਪ੍ਰਸ਼ਨ ਨੰ. 509**

ਮਾਨਯੋਗ ਸਪੀਕਰ : ਇਹ ਸਵਾਲ ਪੋਸਟਪੋਨ ਹੋ ਗਿਆ ਹੈ। ਕੱਲ੍ਹ ਜਵਾਬ ਦਿੱਤਾ ਜਾਵੇਗਾ।

ਨਿਸ਼ਾਨ ਵਾਲਾ ਪ੍ਰਸ਼ਨ ਨੰ. 471

(ਸੰਬੰਧਿਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ।)

ਰੇਲਵੇ ਓਵਰ ਬਰਿਜ ਦੀ ਉਸਾਰੀ

***477 ਬੀਬੀ ਜਗੀਰ ਕੌਰ** : ਕੀ ਲੋਕ ਨਿਰਮਾਣ (ਭ ਅਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਕਰਤਾਰਪੁਰ-ਕਪੂਰਥਲਾ ਅਤੇ ਸੁਭਾਨਪੁਰ -ਕਪੂਰਥਲਾ ਰੋਡ ਉੱਤੇ ਰੇਲਵੇ ਓਵਰ ਬਰਿਜ ਬਣਾਉਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ ਤਾਂ ਇਹ ਓਵਰ ਬਰਿਜ ਕਦੋਂ ਤੱਕ ਉਸਾਰੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ : ਸ਼੍ਰੀਮਾਨ ਜੀ, ਨਹੀਂ ਜੀ। ਹਾਲ ਦੀ ਘੜੀ, ਕਰਤਾਰਪੁਰ-ਕਪੂਰਥਲਾ ਅਤੇ ਸੁਭਾਨਪੁਰ-ਕਪੂਰਥਲਾ ਰੋਡ ਉੱਤੇ ਰੇਲਵੇ ਓਵਰ ਬਰਿਜ ਬਣਾਉਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਬੀਬੀ ਜਗੀਰ ਕੌਰ : ਸਪੀਕਰ ਸਾਹਿਬ, ਇਹ ਬੜਾ ਅਹਿਮ ਮਸਲਾ ਹੈ। ਦੋ ਸਾਲ ਤੋਂ ਇਸ ਦੀ ਪਰਪੋਜ਼ਲ ਤਿਆਰ ਹੋਈ ਪਈ ਹੈ, ਜਿੱਥੋਂ ਤੱਕ ਮੇਰੀ ਨਾਲੇਜ ਹੈ, ਕਿਉਂਕਿ ਮੈਂ ਪਲਾਨਿੰਗ ਕਮੇਟੀ ਦੀ ਚੇਅਰਪਰਸਨ ਸੀ। ਇਸ ਦਾ ਐਸਟੀਮੇਟ ਵੀ ਲੱਗ ਚੁੱਕਾ ਹੈ ਅਤੇ ਮੇਰੀ ਜਾਣਕਾਰੀ ਮੁਤਾਬਕ ਇਸ ਦਾ 250 ਮੀਟਰ ਦਾ ਏਰੀਆ ਨੈਸ਼ਨਲ ਹਾਈਵੇ ਵਿੱਚ ਪੈਂਦਾ ਹੈ। ਉਨ੍ਹਾਂ ਨੇ ਕੇਵਲ ਰੇਜ਼ਿੰਗ ਕਰਨੀ ਹੈ। ਉਸ ਕਰਕੇ ਇਸ ਦੀ ਮੁਸ਼ਕਲ ਹੈ ਤੇ ਮੇਰੀ ਬੇਨਤੀ ਹੈ ਕਿ ਇਹ ਜਲਦੀ ਬਣਨਾ ਚਾਹੀਦਾ ਹੈ। ਕੀ ਮੰਤਰੀ ਜੀ ਵਿਸ਼ਵਾਸ ਦਿਵਾਉਣਗੇ ਕਿ ਇਸ ਵਿੱਚ ਕਿੱਥੇ ਢਿੱਲ ਹੈ, ਕੀ ਕਮੀ ਹੈ ਅਤੇ ਕਦੋਂ ਤੱਕ ਇਸ ਨੂੰ ਸ਼ੁਰੂ ਕੀਤਾ ਜਾ ਸਕਦਾ ਹੈ ?

ਮੰਤਰੀ : ਸਪੀਕਰ ਸਾਹਿਬ, ਕਰਤਾਰਪੁਰ-ਕਪੂਰਥਲਾ ਰੋਡ ਦੀ ਮੈਟਲ ਵਿਡਥ 10 ਮੀਟਰ ਹੈ, ਲੈਂਡ ਵਿਡਥ 20 ਮੀਟਰ ਹੈ। ਇਸ ਸੜਕ ਉੱਪਰ ਆਰ.ਓ.ਬੀ. ਬਣਾਉਣ

**For Starred Question No. 509 & reply thereto pl. see, P.V.S. Debates dated 21.12.2012

Original with;
Punjab Vidhan Sabha
Digitized by;
Punjab Digital Library

ਲਈ ਕੁਝ ਹੋਰ ਜ਼ਮੀਨ ਐਕੁਆਇਰ ਕਰਨੀ ਪਵੇਗੀ। ਲੈਂਡ ਵਿਡਥ ਪੂਰੀ ਕਰਨ ਲਈ ਜ਼ਮੀਨ ਐਕੁਆਇਰ ਕਰਨ ਲਈ ਲੋਕਾਂ ਦੀ ਰਜ਼ਾਮੰਦੀ ਲੈਣੀ ਬਹੁਤ ਜ਼ਰੂਰੀ ਹੈ। ਇਸ ਵਾਸਤੇ ਸਰਕਾਰ ਆਪਣੇ ਪੱਧਰ ਤੇ ਪੂਰੇ ਉਪਰਾਲੇ ਕਰੇਗੀ। ਜਿਹੜਾ ਸੁਭਾਨਪੁਰ-ਕਪੂਰਥਲਾ ਰੋਡ ਦੀ ਮੈਟਲ ਵਿਡਥ ਹੈ ਇਹ 7 ਮੀਟਰ ਹੈ ਔਰ ਲੈਂਡ ਵਿਡਥ 20 ਮੀਟਰ ਹੈ। ਇਹ ਲੈਵਲ ਕਰਾਸਿੰਗ ਜਲੰਧਰ-ਅੰਮ੍ਰਿਤਸਰ ਸੜਕ ਐਨ.ਐਚ-1 ਤੋਂ ਸਿਰਫ 250 ਮੀਟਰ ਦੀ ਦੂਰੀ ਤੇ ਹੈ ਔਰ ਆਰ.ਓ.ਬੀ. ਦੇ ਇਕ ਪਾਸੇ ਅਪ੍ਰੋਚ ਵਾਸਤੇ ਘੱਟੋ-ਘੱਟ 400 ਮੀਟਰ ਲੰਬਾਈ ਦੀ ਜ਼ਰੂਰਤ ਹੁੰਦੀ ਹੈ। ਇਸ ਲਈ ਇਸ ਆਰ.ਓ.ਬੀ. ਦਾ ਨੈਸ਼ਨਲ ਹਾਈਵੇਅ ਨੰਬਰ ਵੰਨ ਵਾਲੇ ਪਾਸੇ ਰੈਬ ਬਣਨਾ ਸੰਭਵ ਨਾ ਹੋਣ ਕਰਕੇ ਇਹ ਆਰ.ਓ.ਬੀ. ਬਣਨਾ ਮੁਸ਼ਕਲ ਹੈ।

ਬੀਬੀ ਜਗੀਰ ਕੌਰ : ਸਪੀਕਰ ਸਾਹਿਬ, ਇਹ ਬਣਨਾ ਬਹੁਤ ਜ਼ਰੂਰੀ ਹੈ ਕਿਉਂਕਿ ਨੈਸ਼ਨਲ ਹਾਈਵੇਅ ਤੇ ਬਿਲਕੁਲ 200-250 ਮੀਟਰ ਉੱਤੇ ਇਹ ਰੇਲਵੇ ਲਾਈਨ ਪੈਂਦੀ ਹੈ। ਮੇਰਾ ਖਿਆਲ ਹੈ ਕਿ ਸੁਭਾਨਪੁਰ ਚੌਕ ਵਿੱਚ 179 ਦੇ ਕਰੀਬ ਐਕਸੀਡੈਂਟ ਦੌਰਾਨ ਮੌਤਾਂ ਪਿਛਲੇ ਸਾਲ ਵਿੱਚ ਹੋ ਚੁੱਕੀਆਂ ਹਨ। ਉੱਥੇ ਰਸ਼ ਪੈ ਜਾਂਦਾ ਹੈ, ਟਰੈਫਿਕ ਬਹੁਤ ਜ਼ਿਆਦਾ ਹੈ। ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਾਂਗੀ ਕਿ ਇਸ ਨੂੰ ਤੁਰੰਤ ਵਿਚਾਰਿਆ ਜਾਵੇ। ਕੀ ਮਾਨਯੋਗ ਮੰਤਰੀ ਜੀ ਇਸ ਗੱਲ ਦਾ ਵਿਸ਼ਵਾਸ ਦਿਵਾਉਣਗੇ ਕਿ ਜਿਹੜੀ ਇਹ ਪ੍ਰੋਪੋਜ਼ਲ ਤਿਆਰ ਹੈ, ਇਸ ਨੂੰ ਜਲਦੀ ਅਮਲ ਵਿੱਚ ਲਿਆਂਦਾ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਇਹ ਫਲਾਈ ਓਵਰ ਬਹੁਤ ਜ਼ਿਆਦਾ ਜ਼ਰੂਰੀ ਹੈ। ਇਸ ਗੱਲ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਇਹ ਲੈਵਲ ਕਰਾਸਿੰਗ ਦੇ ਜੋ ਟ੍ਰੈਫਿਕ ਦੇ ਵਹੀਕਲ ਯੂਨਿਟ ਹੁੰਦੇ ਹਨ, ਇਹ ਇਕ ਲੱਖ ਤੋਂ ਵੀ ਵੱਧ ਹਨ, ਪਰੰਤੂ ਜਗ੍ਹਾ ਦੀ ਪ੍ਰਾਬਲਮ ਕਰਕੇ ਇਥੇ ਇਹ ਬਣਨਾ ਮੁਸ਼ਕਲ ਹੈ, ਪਰੰਤੂ ਹਾਂ ਇਹ ਜ਼ਰੂਰ ਹੈ ਕਿ ਕਰਤਾਰਪੁਰ-ਕਪੂਰਥਲਾ ਰੋਡ ਉੱਪਰ ਆਰ.ਓ.ਬੀ. ਬਣਾਉਣ ਵਾਸਤੇ ਪੂਰੀ ਕੋਸ਼ਿਸ਼ ਕਰਾਂਗੇ। ਉਮੀਦ ਹੈ ਕਿ ਅਸੀਂ ਇਸ ਵਿੱਚ ਕਾਮਯਾਬ ਹੋਵਾਂਗੇ। ਇਸ ਗੱਲ ਦਾ ਮੈਂ ਬੀਬੀ ਜੀ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਸ ਦੇ ਬਾਰੇ ਸਾਡੀ ਕੋਸ਼ਿਸ਼ ਜਾਰੀ ਹੈ। ਅਸੀਂ ਕਿਸੇ ਨਾ ਕਿਸੇ ਤਰੀਕੇ ਨਾਲ ਕਰਤਾਰਪੁਰ-ਕਪੂਰਥਲਾ ਰੋਡ ਉੱਤੇ ਪੁਲ ਬਣਾਵਾਂਗੇ।

ਬੀਬੀ ਜਗੀਰ ਕੌਰ : ਸੁਭਾਨਪੁਰ ਰੋਡ ਵਾਲਾ ਬਣਾ ਦਿਓ ਜੀ, ਮਿਹਰਬਾਨੀ ਜੀ।

Original with;
Punjab Vidhan Sabha
Digitized by;
Panjab Digital Library

ਨਿਸ਼ਾਨ ਵਾਲਾ ਪ੍ਰਸ਼ਨ ਨੰ. 517

(ਸਬੰਧਿਤ ਮੈਂਬਰ ਸਾਹਿਬਾਨ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ।)

ਜਲੰਧਰ-ਢਿੱਲਵਾਂ ਸੜਕ ਨੂੰ ਚਾਰ-ਮਾਰਗੀ ਕਰਨਾ

***479. 1. ਬੀਬੀ ਜਗੀਰ ਕੌਰ 2. ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਜਲੰਧਰ-ਅੰਮ੍ਰਿਤਸਰ ਜੀ.ਟੀ.ਰੋਡ ਦੇ ਬਿੱਧੀਪੁਰ ਫਾਟਕ (ਜਲੰਧਰ) ਤੋਂ ਢਿਲਵਾਂ ਤੱਕ ਦੇ ਹਿੱਸੇ ਨੂੰ ਚਾਰ-ਮਾਰਗੀ ਕਰਨ ਦਾ ਕੰਮ ਸ਼ੁਰੂ ਨਾ ਕੀਤੇ ਜਾਣ ਦੇ ਕੀ ਕਾਰਨ ਹਨ ਅਤੇ ਇਹ ਕੰਮ ਕਦੋਂ ਸ਼ੁਰੂ ਕਰਕੇ ਮੁਕੰਮਲ ਕਰ ਲਏ ਜਾਣ ਦੀ ਸੰਭਾਵਨਾ ਹੈ ?

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ : ਸ਼੍ਰੀਮਾਨ ਜੀ, ਜਲੰਧਰ-ਅੰਮ੍ਰਿਤਸਰ ਜੀ.ਟੀ.ਰੋਡ ਤੇ ਬਿੱਧੀਪੁਰ ਫਾਟਕ (ਜਲੰਧਰ) ਤੋਂ ਢਿੱਲਵਾਂ ਤੱਕ ਦਾ 20 ਕਿਲੋਮੀਟਰ ਦਾ ਹਿੱਸਾ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਦੇ ਅਧੀਨ ਹੈ। ਉਨ੍ਹਾਂ ਵੱਲੋਂ ਸਾਲ 2004 ਵਿੱਚ ਜਦੋਂ ਜਲੰਧਰ ਤੋਂ ਅੰਮ੍ਰਿਤਸਰ ਤੱਕ ਸੜਕ ਨੂੰ ਚਾਰ-ਮਾਰਗੀ ਕਰਨ ਦਾ ਕੰਮ ਅਲਾਟ ਕੀਤਾ ਗਿਆ ਸੀ ਉਸ ਵੇਲੇ ਇਸ 20 ਕਿਲੋਮੀਟਰ ਦੇ ਟੋਟੇ ਨੂੰ ਛੱਡ ਦਿੱਤਾ ਗਿਆ ਸੀ ਜਿਸ ਕਾਰਨ ਇਹ ਕੰਮ ਸ਼ੁਰੂ ਨਹੀਂ ਹੋ ਸਕਿਆ। ਹੁਣ ਪੰਜਾਬ ਸਰਕਾਰ ਦੀਆਂ ਮਿਹਨਤਾਂ ਸਦਕਾ ਇਸ 20 ਕਿਲੋਮੀਟਰ ਦੇ ਰਹਿੰਦੇ ਟੋਟੇ ਨੂੰ ਵੀ ਛੇ ਮਾਰਗੀ ਕਰਨ ਲਈ ਮਨਜ਼ੂਰ ਕਰਵਾ ਲਿਆ ਹੈ। ਚੀਫ ਜਨਰਲ ਮੈਨੇਜਰ (ਟੈਕਨੀਕਲ), ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ, ਨਵੀਂ ਦਿੱਲੀ ਨੇ ਦੱਸਿਆ ਕਿ ਇਸ ਟੋਟੇ ਨੂੰ ਛੇ ਮਾਰਗੀ ਕਰਨ ਦੀ ਡਿਟੇਲਡ ਪ੍ਰੋਜੈਕਟ ਰਿਪੋਰਟ ਤਿਆਰ ਹੋ ਚੁੱਕੀ ਹੈ ਅਤੇ ਇਹ ਕੰਮ ਸਾਲ 2013-14 ਵਿੱਚ ਸ਼ੁਰੂ ਹੋ ਕੇ ਸਾਲ 2015 ਤੱਕ ਪੂਰਾ ਹੋ ਜਾਣ ਦੀ ਆਸ ਹੈ।

ਬੀਬੀ ਜਗੀਰ ਕੌਰ : ਸਪੀਕਰ ਸਾਹਿਬ, ਮੈਂ ਧੰਨਵਾਦ ਕਰਦੀ ਹਾਂ ਮਾਨਯੋਗ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਜੀ ਦਾ ਕਿਉਂਕਿ ਇਹ ਬੜੀ ਅਹਿਮ ਰੋਡ ਹੈ। ਇਸ ਸੜਕ ਨੂੰ ਬਣਾਉਣ ਦਾ ਕੰਮ ਪੂਰਾ ਹੋਣਾ ਬਹੁਤ ਜ਼ਰੂਰੀ ਹੈ। ਇਸ ਲਈ ਮੈਂ ਇਨ੍ਹਾਂ ਦੇ ਜਵਾਬ ਤੋਂ ਸੰਤੁਸ਼ਟ ਹੋਣ ਕਰਕੇ ਇਨ੍ਹਾਂ ਦਾ ਧੰਨਵਾਦ ਕਰਦੀ ਹਾਂ।

ਬਰਸਾਤੀ ਪਾਣੀ ਦੀ ਮਿਕਦਾਰ ਵਿੱਚ ਵਾਧਾ

*** 511 ਸ਼੍ਰੀਮਤੀ ਵਨਿੰਦਰ ਕੌਰ ਲੂੰਬਾ** : ਕੀ ਸਿੰਚਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

Original with;
Punjab Vidhan Sabha
Digitized by;
Panjab Digital Library

(ੳ) ਕੀ ਇਹ ਠੀਕ ਹੈ ਕਿ ਜ਼ਿਲ੍ਹਾ ਪਟਿਆਲਾ ਵਿੱਚ ਖਨੌਰੀ ਤੋਂ ਜਾਖਲ (ਹਰਿਆਣਾ ਦੀ ਹੱਦ ਤੱਕ) ਦਰਿਆ ਘੱਗਰ ਦੇ ਬਰਸਾਤੀ ਪਾਣੀ ਦੀ ਮਿਕਦਾਰ (ਕਪੈਸਟੀ) ਡਰੇਨਿਜ਼ ਸਬ ਡਵੀਜ਼ਨ ਵੱਲੋਂ 25000 ਕਿਊਸਿਕ ਕੀਤੀ ਜਾ ਚੁੱਕੀ ਹੈ ;

(ਅ) ਕੀ ਭਾਗ (ੳ) ਵਿੱਚ ਬਰਸਾਤੀ ਪਾਣੀ ਦੀ ਵਧਾਈ ਗਈ ਕਪੈਸਟੀ ਦੇ ਪੈਟਰਨ ਉੱਤੇ ਪਿੰਡ ਰਸੌਲੀ (ਜਿੱਥੇ ਸਾਗਰ ਪਾੜਾ ਘੱਗਰ ਦਰਿਆ ਵਿੱਚ ਮਿਲਦਾ ਹੈ) ਤੋ ਖਨੌਰੀ ਆਰ.ਡੀ. 460 ਤੱਕ ਦਰਿਆ ਘੱਗਰ ਦੇ ਬਰਸਾਤੀ ਪਾਣੀ ਦੀ ਮਿਕਦਾਰ ਨੂੰ ਵੀ, ਇਲਾਕੇ ਦੇ 24-25 ਪਿੰਡਾਂ ਨੂੰ ਹਰ ਸਾਲ ਹੜ੍ਹਾਂ ਨਾਲ ਹੁੰਦੇ ਨੁਕਸਾਨ ਤੋਂ ਬਚਾਉਣ ਲਈ ਵਾਧਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ ਤਾਂ ਇਹ ਕਪੈਸਟੀ ਅਗਾਮੀ ਬਰਸਾਤਾਂ ਨੂੰ ਮੁੱਖ ਰੱਖਦੇ ਹੋਏ ਕਿੰਨੇ ਚਿਰ ਵਿੱਚ ਵਧਾ ਦਿੱਤੀ ਜਾਵੇਗੀ ?

ਸਰਦਾਰ ਜਨਮੇਜਾ ਸਿੰਘ ਸੇਖੋਂ : (ੳ) ਹਾਂ ਜੀ, ਜ਼ਿਲ੍ਹਾ ਪਟਿਆਲਾ ਵਿੱਚ ਘੱਗਰ ਦਰਿਆ ਦੀ ਖਨੌਰੀ ਤੋਂ ਜਾਖਲ (ਹਰਿਆਣਾ ਦੀ ਹੱਦ ਤੱਕ) ਲੰਬਾਈ ਪੰਜਾਬ ਦੀ ਹੱਦ ਤੱਕ 40.00 ਕਿਲੋਮੀਟਰ ਹੈ ਜਿਸ ਵਿੱਚੋਂ 22.45 ਕਿਲੋਮੀਟਰ ਵਿੱਚ ਬਰਸਾਤੀ ਪਾਣੀ ਦੀ ਮਿਕਦਾਰ (Capacity) 25000 ਕਿਊਸਿਕ ਕਰ ਦਿੱਤੀ ਗਈ ਹੈ ਜਦ ਕਿ ਇਸ ਤੋਂ ਹੇਠ ਵਾਲੀ ਰੀਚ ਦੀ ਲੰਬਾਈ 17.55 ਕਿਲੋਮੀਟਰ ਵਿੱਚ ਪ੍ਰਾਜੈਕਟਾਂ ਦੀ ਮਨਜ਼ੂਰੀ ਘੱਗਰ ਸਟੈਂਡਿੰਗ ਕਮੇਟੀ (ਸੈਂਟਰਲ ਵਾਟਰ ਕਮਿਸ਼ਨ, ਭਾਰਤ ਸਰਕਾਰ) ਵੱਲੋਂ ਨਾ ਪ੍ਰਾਪਤ ਹੋਣ ਕਾਰਨ ਉਸਾਰੀ ਨਹੀਂ ਹੋਈ, ਕਿਉਂ ਜੋ ਇਹ ਅੰਤਰਰਾਜੀ ਮਾਮਲਾ ਹੈ।

(ਅ) ਖਨੌਰੀ ਨੇੜੇ ਆਰ.ਡੀ. 460 ਦੇ ਉਪਰਲੇ ਪਾਸੇ ਪਿੰਡ ਰਸੌਲੀ ਨੇੜੇ ਜਿੱਥੇ ਸਾਗਰ ਪਾੜਾ ਦਰਿਆ ਘੱਗਰ ਵਿੱਚ ਆਊਟਫਾਲ ਕਰਦਾ ਹੈ, ਦੀ ਲੰਬਾਈ ਤਕਰੀਬਨ 9 ਕਿਲੋਮੀਟਰ ਹੈ। ਦਰਿਆ ਘੱਗਰ ਦੇ ਇਸ ਹਿੱਸੇ ਵਿੱਚੋਂ ਤਕਰੀਬਨ 15000 ਕਿਊਸਿਕ ਪਾਣੀ ਆਰ.ਡੀ. 460 ਦੇ ਬਣੇ ਸਾਈਫਨ ਰਾਹੀਂ ਨਿਕਲ ਜਾਂਦਾ ਹੈ ਅਤੇ ਵਾਧੂ ਪਾਣੀ ਸਪਿਲ ਸਾਈਫਨ ਆਰ.ਡੀ. 455 ਵਿੱਚੋਂ ਲੰਘ ਜਾਂਦਾ ਹੈ। ਦਰਿਆ ਘੱਗਰ ਦੇ ਖੱਬੇ ਪਾਸੇ ਲੈਫਟ ਮਾਰਜਨਲ ਬੰਧ ਬਣਿਆ ਹੋਇਆ ਹੈ ਜਦੋਂ ਕਿ ਸੱਜੇ ਪਾਸੇ ਲੋਕਾਂ ਵੱਲੋਂ ਲੋੜ ਅਨੁਸਾਰ ਆਪਣੇ ਪੱਧਰ ਤੇ ਆਪਣੀ ਜ਼ਮੀਨ ਵਿੱਚ ਬੰਧ ਬਣਾਏ ਹੋਏ ਹਨ। ਇਸ ਲਈ ਦਰਿਆ ਘੱਗਰ ਦੇ ਇਸ ਹਿੱਸੇ ਨੂੰ ਚੈਨੇਲਾਈਜ਼ ਕਰਨ ਦੀ ਕੋਈ ਤਜਵੀਜ਼ ਨਹੀਂ ਹੈ ਜੀ।

ਸ਼੍ਰੀਮਤੀ ਵਨਿੰਦਰ ਕੌਰ ਲੂੰਬਾ : ਸਪੀਕਰ ਸਾਹਿਬ, ਖਨੌਰੀ 460 ਬੁਰਜੀ ਤੋਂ ਮਕਰੌੜ ਸਾਹਿਬ ਤੱਕ ਪਾਣੀ ਦੀ ਕਪੈਸਿਟੀ 25000 ਕਿਊਸਿਕ ਕਰ ਦਿੱਤੀ ਗਈ ਹੈ।

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਵਨਿੰਦਰ ਕੌਰ ਲੂੰਬਾ]
ਜਿਹੜਾ ਘੱਗਰ ਪੁਲ ਹੈ, ਉਸ ਦੀ ਕਪੈਸਿਟੀ 15000 ਕਿਊਸਿਕ ਪਾਣੀ ਦੀ ਹੈ। ਖਨੌਰੀ ਪੁਲ ਦੇ ਅੱਗੇ ਤੇ ਪਿੱਛੇ ਦੋਵੇਂ ਪਾਸੇ ਕੂਹਣੀ ਮੋੜ ਹਨ ਅਤੇ ਉਸ ਦੇ ਦਰਿਆ ਵਿੱਚ ਸਿਲਟ ਜੰਮ ਜਾਂਦੀ ਹੈ ਜਿਸ ਨਾਲ ਇਸ ਵਿੱਚੋਂ ਕੇਵਲ 7000 ਕਿਊਸਿਕ ਪਾਣੀ ਹੀ ਨਿਕਲ ਸਕਦਾ ਹੈ। ਬਾਕੀ ਦਾ ਪਾਣੀ ਉਛਲ ਕੇ ਪਿੰਡਾਂ ਵਿੱਚ ਚਲਾ ਜਾਂਦਾ ਹੈ। ਇਸ ਤੋਂ ਪਿੱਛੇ ਜਿਹੜਾ ਟਾਂਗਰੀ, ਮਾਰਕੰਡਾ, ਪਟਿਆਲੇ ਵਾਲੀ ਨਦੀ ਅਤੇ ਸਾਗਰ ਪਾੜਾ ਆ ਕੇ ਸਾਰੇ ਘੱਗਰ ਦਰਿਆ ਵਿੱਚ ਰਲਦੇ ਹਨ। ਇਸ ਤਰ੍ਹਾਂ ਬਹੁਤ ਮਾਤਰਾ ਵਿੱਚ ਪਾਣੀ ਇਕੱਠਾ ਹੋ ਜਾਂਦਾ ਹੈ। ਮੇਰੀ ਮੰਤਰੀ ਜੀ ਨੂੰ ਬੇਨਤੀ ਹੈ ਕਿ ਉਸ ਪੁਲ ਨੂੰ ਚੌੜਾ ਕੀਤਾ ਜਾਵੇ। ਜਿਹੜਾ ਦਰਿਆ ਦਾ ਬੈੱਡ ਏਰੀਆ ਹੈ ਅਤੇ ਪੁਲਾਂ ਦੇ ਨਾਲ ਲਗਦਾ ਸੈਂਸੇਟਿਵ ਏਰੀਆ ਹੈ, ਉੱਥੇ ਪੱਥਰ ਪਾਏ ਜਾਣ ਤਾਂ ਜੋ ਪਾਣੀ ਬਾਹਰ ਨਾ ਉਛਲੇ ਅਤੇ ਪਿੰਡਾਂ ਵਿੱਚ ਦਾਖਲ ਹੋ ਕੇ ਪਿੰਡਾਂ ਦਾ ਨੁਕਸਾਨ ਨਾ ਹੋਵੇ। ਮੈਂ ਇਸ ਬਾਰੇ ਮੰਤਰੀ ਜੀ ਤੋਂ ਜਾਨਣਾ ਚਾਹੁੰਦੀ ਹਾਂ।

ਮਾਨਯੋਗ ਸਪੀਕਰ : ਉਨ੍ਹਾਂ ਦਾ ਪ੍ਰਸ਼ਨ ਬੈੱਡ ਚੌੜੇ ਕੀਤੇ ਜਾਣ ਅਤੇ ਪੱਥਰ ਪਾਉਣ ਬਾਰੇ ਹੈ।

ਮੰਤਰੀ : ਸਪੀਕਰ ਸਾਹਿਬ, ਕਈ ਵਾਰੀ ਕੋਸ਼ਿਸ਼ ਕੀਤੀ ਹੈ ਅਤੇ ਉਥੋਂ ਦੇ ਆਸ-ਪਾਸ ਵਾਲੇ ਪਿੰਡ ਮੰਨੇ ਨਹੀਂ ਹਨ। ਜੇਕਰ ਬੀਬੀ ਜੀ ਉਨ੍ਹਾਂ ਨੂੰ ਰਾਜ਼ੀ ਕਰ ਲੈਂਦੇ ਹਨ ਤਾਂ ਅਸੀਂ ਉਸ ਦੀ ਮਾਡਲ ਸਟੱਡੀ ਕਰਵਾ ਲਵਾਂਗੇ। ਬੰਨ੍ਹ ਬਣਾਉਣ ਤੋਂ ਪਹਿਲਾਂ ਸਾਨੂੰ ਡੀ.ਆਈ.ਪੀ.ਆਰ. ਤੋਂ ਮਾਡਲ ਸਟੱਡੀ ਕਰਾਉਣੀ ਪੈਂਦੀ ਹੈ, ਅਸੀਂ ਉਹ ਕਰਵਾ ਲਵਾਂਗੇ।

ਸ਼੍ਰੀਮਤੀ ਵਨਿੰਦਰ ਕੌਰ ਲੂੰਬਾ : ਧੰਨਵਾਦ ਜੀ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 520 ਅਤੇ 535

(ਸਬੰਧਿਤ ਮਾਨਯੋਗ ਮੈਂਬਰ ਸਾਹਿਬਾਨ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਏ।)

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਮੰਤਰੀ (ਸ੍ਰੀ ਅਨਿਲ ਜੋਸ਼ੀ) : ਸਪੀਕਰ ਸਾਹਿਬ, ਮੈਂ ਇਕ ਬੇਨਤੀ ਕਰਨੀ ਚਾਹੁੰਦਾ ਹਾਂ। ਕੁਐਸਚਨ ਅਵਰ ਬੜਾ ਜ਼ਰੂਰੀ ਹੁੰਦਾ ਹੈ। ਜਿਹੜੇ ਪ੍ਰੋਟੈਸਟ ਕਰਦੇ ਹਨ, ਇਨ੍ਹਾਂ ਤੋਂ ਕੋਈ ਪ੍ਰੋਵੀਜ਼ਨ ਬਣਾਈ ਜਾਵੇ। ਬਿਨਾਂ ਸ਼ੱਕ ਉਨ੍ਹਾਂ ਨੂੰ ਕੋਈ ਸਜ਼ਾ ਲਗਾਈ ਜਾਵੇ, ਬਿਨਾਂ ਸ਼ੱਕ ਉਨ੍ਹਾਂ ਦੀ ਤਨਖਾਹ ਕੱਟੀ ਜਾਵੇ। ਅਸੀਂ ਇੰਨੀ ਮਿਹਨਤ ਕਰਦੇ ਹਾਂ, ਡਿਪਾਰਟਮੈਂਟ ਸਾਰਾ

Original with;
Punjab Vidhan Sabha
Digitized by;
Punjab Digital Library

ਲੱਗਾ ਰਹਿੰਦਾ ਹੈ, ਅਸੀਂ ਜਵਾਬ ਤਿਆਰ ਕਰਦੇ ਹਾਂ। ਘੱਟ ਤੋਂ ਘੱਟ ਜੇਕਰ ਕੋਈ ਵੀ ਐਸਾ ਪ੍ਰੋਟੈਸਟ ਕਰਨਾ ਵੀ ਹੈ ਤਾਂ ਵੀ ਜਿਨ੍ਹਾਂ ਨੇ ਕੁਐਸਚਨ ਲਗਾਏ ਹੁੰਦੇ ਹਨ, ਉਨ੍ਹਾਂ ਦੀ ਹਾਜ਼ਰੀ ਜ਼ਰੂਰੀ ਬਣਾਉ ਜੀ । ਭਾਵੇਂ ਇਧਰੋਂ ਹੋਵੇ (ਰੂਲਿੰਗ ਪਾਰਟੀ ਵੱਲ ਇਸ਼ਾਰਾ) ਭਾਵੇਂ ਉਧਰੋਂ ਹੋਵੇ (ਅਪੋਜੀਸ਼ਨ ਵੱਲ ਇਸ਼ਾਰਾ)। ਕੁਐਸਚਨ ਆਵਰ ਵਿੱਚ ਜਿਸ ਦਾ ਕੁਐਸਚਨ ਲੱਗਾ ਹੋਇਆ ਹੈ, ਉਹ ਜ਼ਰੂਰ ਹਾਜ਼ਰ ਰਹੇ। ਨਹੀਂ ਤਾਂ ਉਨ੍ਹਾਂ ਦੀ ਤਨਖਾਹ ਵਿੱਚੋਂ ਕਟੌਤੀ ਹੋਵੇ ਜਾਂ ਕੋਈ ਇਹੋ ਜਿਹੀ ਪ੍ਰੋਵੀਜ਼ਨ ਜ਼ਰੂਰ ਬਣਾਉ ਕਿ ਉਨ੍ਹਾਂ ਨੂੰ ਘੱਟ ਤੋਂ ਘੱਟ ਡਰ ਰਹੇ ਕਿ ਅਸੀਂ ਕੁਐਸਚਨ ਲਗਾਇਆ ਹੈ ਅਤੇ ਅਸੀਂ ਉੱਥੇ ਪਹੁੰਚਣਾ ਹੈ। ਬਹੁਤ ਧੰਨਵਾਦ।

ਮਾਨਯੋਗ ਸਪੀਕਰ : ਜੇਕਰ ਉਹ ਨਹੀਂ ਆਏ ਤਾਂ ਇਹ ਬੜੀ ਮਾੜੀ ਗੱਲ ਹੈ।

ਨਿਸ਼ਾਨ ਵਾਲੇ ਪ੍ਰਸ਼ਨ ਨੰਬਰ: 500, 441, 448, 450, 470, 437, 523 ਅਤੇ 498

(ਸਬੰਧਿਤ ਮਾਨਯੋਗ ਮੈਂਬਰ ਸਾਹਿਬਾਨ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਏ ।)

ਮਾਨਯੋਗ ਸਪੀਕਰ : ਪ੍ਰਸ਼ਨ ਖਤਮ ਹੁੰਦੇ ਹਨ। ਹੁਣ ਏਜੰਡੇ ਦੀ ਅਗਲੀ ਆਈਟਮ ਲਈ ਜਾਵੇਗੀ।

CALLING ATTENTION NOTICE UNDER RULE 66

(SERIAL NO. 6)

ਮਾਨਯੋਗ ਸਪੀਕਰ : ਕਾਲ ਅਟੈਨਸ਼ਨ, ਸਰਦਾਰ ਅਜੀਤ ਇੰਦਰ ਸਿੰਘ ਮੋਫਰ ਜੀ।

(ਸਬੰਧਿਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਕਾਲ ਅਟੈਨਸ਼ਨ ਪੇਸ਼ ਨਹੀਂ ਹੋਈ।)

Original with;
Punjab Vidhan Sabha
Digitized by;
Panjab Digital Library

PAPERS LAID ON THE TABLE OF THE HOUSE

ਸੰਸਦੀ ਮਾਮਲੇ, ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ-ਸੂਚੀ ਵਿੱਚ ਮੱਦ ਨੰ: 4 ਅਧੀਨ ਦਰਸਾਏ ਲੜੀ ਨੰ: 1 ਤੋਂ 8 ਤੱਕ ਦੇ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ :-

1. i) ਉੱਤਰੀ ਭਾਰਤ ਕੈਨਾਲ ਅਤੇ ਡ੍ਰੇਨੇਜ਼ (ਪੰਜਾਬ ਸੋਧਨਾ) ਆਰਡੀਨੈਂਸ, 2012 (2012 ਦਾ ਪੰਜਾਬ ਆਰਡੀਨੈਂਸ ਨੰ. 4);

   ii) ਡੀ.ਏ.ਵੀ ਯੂਨੀਵਰਸਿਟੀ ਆਰਡੀਨੈਂਸ, 2012 (2012 ਦਾ ਪੰਜਾਬ ਆਰਡੀਨੈਂਸ ਨੰ. 6) ;

   iii) ਦੇਸ਼ ਭਗਤ ਯੂਨੀਵਰਸਿਟੀ ਆਰਡੀਨੈਂਸ, 2012 (2012 ਦਾ ਪੰਜਾਬ ਆਰਡੀਨੈਂਸ ਨੰ. 7) ;

   iv) ਪੰਜਾਬ ਮੋਟਰ ਗੱਡੀਆਂ ਕਰ (ਸੋਧਨਾ) ਆਰਡੀਨੈਂਸ, 2012 (2012 ਦਾ ਪੰਜਾਬ ਆਰਡੀਨੈਂਸ ਨੰ. 10); ਅਤੇ

   v) ਪੰਜਾਬ ਰਾਜ ਘੱਟ ਗਿਣਤੀਆਂ ਲਈ ਕਮਿਸ਼ਨ ਆਰਡੀਨੈਂਸ, 2012 (2012 ਦਾ ਪੰਜਾਬ ਆਰਡੀਨੈਂਸ ਨੰ. 12)

ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 213 (2) (ੳ) ਅਧੀਨ ਲੋੜੀਂਦਾ ਹੈ।

2. ਸਾਲ 2004-05 ਅਤੇ 2005-06 ਲਈ ਰਾਜ ਕਾਨੂੰਨੀ ਸਹਾਇਤਾ ਫੰਡ ਦੇ ਲੇਖੇ ਅਤੇ ਆਡਿਟ ਰਿਪੋਰਟ ਦਾ ਸਾਲਾਨਾ ਵਿਵਰਣ ਜਿਵੇਂ ਕਿ ਕਾਨੂੰਨੀ ਸੇਵਾਵਾਂ ਅਥਾਰਟੀ ਐਕਟ, 1987 ਦੀ ਧਾਰਾ 18 (6) ਅਧੀਨ ਲੋੜੀਂਦਾ ਹੈ ।

3. ਸਾਲ 2010-11 ਲਈ ਪੰਜਾਬ ਸਾਬਕਾ ਫੌਜੀਆਂ ਕਾਰਪੋਰੇਸ਼ਨ ਦੀ ਸਾਲਾਨਾ ਰਿਪੋਰਟ ਅਤੇ ਲੇਖੇ ਜਿਵੇਂ ਕਿ ਪੰਜਾਬ ਸਾਬਕਾ ਫੌਜੀਆਂ ਕਾਰਪੋਰੇਸ਼ਨ (ਪੈਸਕੋ) ਐਕਟ, 1978 ਦੀ ਧਾਰਾ 23 (6) ਅਧੀਨ ਲੋੜੀਂਦਾ ਹੈ ।

4. 31 ਮਾਰਚ, 2010 ਨੂੰ ਖਤਮ ਹੋਏ ਸਾਲ ਲਈ ਪੰਜਾਬ ਅਨੁਸੂਚਿਤ ਜਾਤੀਆਂ ਭੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ, ਚੰਡੀਗੜ੍ਹ ਦੀ ਬੈਲੰਸ ਸ਼ੀਟ ਅਤੇ ਲਾਭ ਅਤੇ ਹਾਨੀ ਦੇ ਲੇਖੇ ਜਿਵੇਂ ਕਿ ਪੰਜਾਬ ਅਨੁਸੂਚਿਤ ਜਾਤੀਆਂ ਭੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਐਕਟ, 1970 ਦੀ ਧਾਰਾ 27(5) ਅਧੀਨ ਲੋੜੀਂਦਾ ਹੈ ।

5. ਸਾਲ 2010-11 ਲਈ ਪੰਜਾਬ ਅਨੁਸੂਚਿਤ ਜਾਤੀਆਂ ਭੋਂ ਵਿਕਾਸ ਅਤੇ

Original with;
Punjab Vidhan Sabha
Digitized by;
Panjab Digital Library

ਵਿੱਤ ਕਾਰਪੋਰੇਸ਼ਨ, ਚੰਡੀਗੜ੍ਹ ਦੀ ਸਾਲਾਨਾ ਪ੍ਰਬੰਧਕੀ ਰਿਪੋਰਟ, ਜਿਵੇਂ ਕਿ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਐਕਟ, 1970 ਦੀ ਧਾਰਾ 27(6) ਅਧੀਨ ਲੋੜੀਂਦਾ ਹੈ ।

6. 1.4.2011 ਤੋਂ 31.3.2012 ਅਤੇ 1.4.2012 ਤੋਂ 30.6.2012 ਤੱਕ ਬਜਟ ਦੇ ਸਬੰਧ ਵਿਚ ਪ੍ਰਾਪਤੀਆਂ ਅਤੇ ਖਰਚਿਆਂ ਦੇ ਰੁਝਾਨ ਦਾ ਵਿਵਰਣ, ਜਿਵੇਂ ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ ਐਕਟ, 2003 ਦੀ ਧਾਰਾ 6 (1) ਅਧੀਨ ਲੋੜੀਂਦਾ ਹੈ ।

7. ਸਾਲ 2008-09 ਲਈ ਪੰਜਾਬ ਰਾਜ ਬੀਜ ਕਾਰਪੋਰੇਸ਼ਨ ਲਿਮਟਿਡ ਦੀ 33ਵੀਂ ਸਾਲਾਨਾ ਰਿਪੋਰਟ ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ ।

8. ਸਾਲਾਂ 2007-2008, 2008-2009, 2009-2010 ਅਤੇ 2010-11 ਲਈ ਬਠਿੰਡਾ ਵਿਕਾਸ ਅਥਾਰਟੀ, (ਬੀ.ਡੀ.ਏ.) ਦੀਆਂ ਸਾਲਾਨਾ ਰਿਪੋਰਟਾਂ ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 54 (2) ਅਧੀਨ ਲੋੜੀਂਦਾ ਹੈ ।

ISSUE RAISED BY THE HON'BLE DEPUTY CHIEF MINISTER TO CONDONE THE IRRESPONSIBLE BEHAVIOUR OF THE OPPOSITION PARTY ON 19.12.2012

ਉੱਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) : ਸਪੀਕਰ ਸਾਹਿਬ, ਜੋ ਕੁਝ ਵੀ ਕੱਲ੍ਹ ਹੋਇਆ ਹੈ, ਉਹ ਬੜਾ ਹੀ ਅਨਫਾਰਚੂਨੇਟ ਇੰਸੀਡੈਂਟ ਹੋਇਆ ਹੈ। ਮੈਨੂੰ ਇਸ ਸਦਨ ਵਿੱਚ ਆਏ ਨੂੰ ਤਿੰਨ ਕੁ ਸਾਲ ਹੋਏ ਹਨ। ਮੇਰੇ ਤੋਂ ਪਹਿਲਾਂ ਮੁੱਖ ਮੰਤਰੀ ਸਾਹਿਬ ਤਾਂ ਬਹੁਤ ਸਾਲਾਂ ਤੋਂ ਇੱਥੇ ਹਨ। ਜਿਵੇਂ ਕੱਲ੍ਹ ਆਪੋਜੀਸ਼ਨ ਨੇ ਸਾਡੇ ਇੱਕ ਮੰਤਰੀ ਨੂੰ ਕਾਤਲ ਕਿਹਾ। ਉਸ ਤੋਂ ਬਾਅਦ ਅਨਪਾਰਲੀਮੈਂਟ ਲੈਂਗੂਏਜ਼ ਯੂਜ਼ ਕੀਤੀ। ਜਿਨ੍ਹਾਂ ਨੇ ਵੀ ਵੇਖਿਆ, ਉਨ੍ਹਾਂ ਸਾਰਿਆਂ ਨੂੰ ਹੀ ਬੜਾ ਦੁੱਖ ਲੱਗਿਆ ਹੈ ਕਿ ਪਾਰਲੀਮੈਂਟ ਵਿੱਚ ਜਾਂ ਅਸੈਂਬਲੀ ਵਿੱਚ ਜਿਹੜੇ ਮੈਂਬਰ ਭੇਜੇ ਜਾਂਦੇ ਹਨ, ਉਹ ਇਹੋ ਜਿਹੇ ਅਨਡੈਮੋਕਰੇਟਿਕ ਤਰੀਕੇ ਨਾਲ ਬੀਹੇਵ ਕਰ ਰਹੇ ਹਨ। ਅਸੀਂ ਆਪੋਜੀਸ਼ਨ ਨਾਲ ਹਰ ਵਾਰ ਕੋਆਪ੍ਰੇਟ ਕੀਤਾ। ਉਨ੍ਹਾਂ ਦੀ ਮਨਸ਼ਾ ਸੀ ਕਿ ਲਾਅ ਐਂਡ ਆਰਡਰ ਤੇ ਡਿਬੇਟ ਹੋਵੇ, ਜਿਵੇਂ ਉਨ੍ਹਾਂ ਨੇ ਕਿਹਾ, ਅਸੀਂ ਡਿਬੇਟ ਆਪ ਮੰਨੀ। ਉਸ ਤੋਂ ਬਾਅਦ ਸਪੀਕਰ ਸਾਹਿਬ, ਲੀਡਰ ਆਫ ਦਿ ਹਾਊਸ ਦਾ ਰਾਈਟ ਹੁੰਦਾ ਹੈ ਕਿ ਜਦੋਂ ਵੀ ਚਾਹੇ ਉਹ ਆਪਣੀ ਗੱਲ ਕਹਿ ਸਕਦਾ ਹੈ ਪਰ

Original with;
Punjab Vidhan Sabha
Digitized by;
Panjab Digital Library

[ਉੱਪ ਮੁੱਖ ਮੰਤਰੀ]

ਫਿਰ ਵੀ ਆਪੋਜੀਸ਼ਨ ਨੇ ਇਸ਼ੂ ਬਣਾ ਲਿਆ ਕਿ ਲੀਡਰ ਆਫ ਦਿ ਹਾਊਸ ਨੂੰ ਬੋਲਣ ਨਹੀਂ ਦੇਣਾ। ਉਹ ਵੀ ਰਾਈਟ ਮੁੱਖ ਮੰਤਰੀ ਜੀ ਨੇ ਫਰਾਖਦਿਲੀ ਦਿਖਾ ਕੇ ਛੱਡਿਆ। ਅਸੀਂ ਵੀ ਚਾਹੁੰਦੇ ਸੀ ਕਿ ਲਾਅ ਐਂਡ ਆਰਡਰ ਤੇ ਡਿਬੇਟ ਹੋਵੇ ਪਰ ਉਹ ਚਾਹੁੰਦੇ ਸੀ ਕਿ ਰੂਲਿੰਗ ਪਾਰਟੀ ਇਸ ਡਿਬੇਟ ਤੋਂ ਭੱਜੇ। ਮੁੱਖ ਮੰਤਰੀ ਜੀ ਨੇ, ਲੀਡਰ ਆਫ ਦਿ ਹਾਊਸ ਨੇ ਆਪ ਖੜ੍ਹੇ ਹੋ ਕੇ ਕਿਹਾ ਕਿ ਮੈਂ ਆਪਣਾ ਰਾਈਟ ਛੱਡਦਾ ਹਾਂ। ਭਾਵੇਂ ਉਨ੍ਹਾਂ ਤੇ ਐਕੂਜ਼ੀਸ਼ਨ ਪਰਸਨਲ ਸੀ, ਸਾਡੇ ਤੇ ਉਨ੍ਹਾਂ ਨੇ ਇਲਜ਼ਾਮ ਲਗਾਏ। ਅਸੀਂ ਉਨ੍ਹਾਂ ਦੀਆਂ ਗੱਲਾਂ ਸੁਣੀਆਂ। ਜਦੋਂ ਸਾਡੇ ਮਾਨਯੋਗ ਮੰਤਰੀ ਜੀ ਡਿਬੇਟ ਤੇ ਆਪਣੀ ਗੱਲ ਕਰ ਰਹੇ ਸੀ, ਭਾਵੇਂ ਅੱਧਾ ਘੰਟਾ ਕਾਤਲ ਕਹਿੰਦੇ ਰਹੇ ਹਨ, ਅਨ-ਪਾਰਲੀਮੈਂਟਰੀ ਲੈਂਗੂਏਜ਼ ਯੂਜ਼ ਕੀਤੀ ਪਰ ਅਸੀਂ ਨਹੀਂ ਬੋਲੇ ਪਰ ਜਦੋਂ ਉਨ੍ਹਾਂ ਦੇ ਇੱਕ ਮੈਂਬਰ ਨੇ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ, ਅਨ-ਪਾਰਲੀਮੈਂਟਰੀ ਲੈਂਗੂਏਜ਼ ਵਰਤਣੀ ਸ਼ੁਰੂ ਕਰ ਦਿੱਤੀ, ਫਿਰ ਇਹ ਟਕਰਾਅ ਵਧਿਆ। ਉਹ ਆਪਣੀ ਸੀਟ ਛੱਡ ਕੇ ਵੀ ਅੱਗੇ ਆਏ। ਸਪੀਕਰ ਸਾਹਿਬ, ਅਸੰਬਲੀ, ਅਸੰਬਲੀ ਹੈ। ਆਪਾਂ ਜਨਤਾ ਦੇ ਨੁਮਾਇੰਦੇ ਹਾਂ। ਸਪੀਕਰ ਸਾਹਿਬ, ਜੋ ਕੁਝ ਵੀ ਹੋ ਗਿਆ, ਭਾਵੇਂ ਅਸੀਂ ਇਫੈਕਟਿਡ ਪਾਰਟੀ ਹਾਂ ਪਰ ਅਸੀਂ ਰਿਕੁਐਸਟ ਕਰਨੀ ਚਾਹੁੰਦੇ ਹਾਂ ਕਿ ਜੋ ਕੁਝ ਆਪੋਜੀਸ਼ਨ ਪਾਰਟੀ ਦੇ ਮੈਂਬਰ ਰਾਣਾ ਗੁਰਜੀਤ ਸਿੰਘ ਨੇ ਕੀਤਾ ਹੈ, ਮੈਂ ਆਪਣੀ ਪਾਰਟੀ ਤਰਫੋਂ ਆਪ ਜੀ ਨੂੰ ਰਿਕੁਐਸਟ ਕਰਾਂਗਾ ਕਿ ਉਨ੍ਹਾਂ ਦੀ ਸਸਪੈਨਸ਼ਨ ਮਾਫ ਕੀਤੀ ਜਾਵੇ ਅਤੇ ਹਾਊਸ ਚੱਲਣਾ ਚਾਹੀਦਾ ਹੈ। ਚਲੋ, ਜੋ ਉਨ੍ਹਾਂ ਨੇ ਕੀਤਾ ਹੈ, ਉਸ ਦੀ ਸਜ਼ਾ ਉਨ੍ਹਾਂ ਨੂੰ ਮਿਲ ਗਈ ਹੈ। ਇੱਕ ਦਿਨ ਵਾਸਤੇ ਉਹ ਸਸਪੈਂਡ ਹੋ ਗਏ। ਮੈਂ ਰਿਕੁਐਸਟ ਕਰਾਂਗਾ ਕਿ ਹਾਊਸ ਦੇ ਇੰਟਰਸਟ ਵਿੱਚ, ਪੰਜਾਬ ਦੇ ਇੰਟਰਸਟ ਵਿੱਚ, ਪੰਜਾਬ ਦੀ ਡੈਮੋਕਰੇਸੀ ਦੇ ਇੰਟਰਸਟ ਵਿੱਚ ਉਨ੍ਹਾਂ ਨੂੰ ਮਾਫ ਕਰਕੇ ਉਨ੍ਹਾਂ ਨੂੰ ਬਹਾਲ ਕੀਤਾ ਜਾਵੇ ਤੇ ਪੂਰਾ ਹਾਊਸ ਚੱਲੇ। (ਥੰਪਿੰਗ) ਅਸੀਂ ਪਹਿਲੇ ਵੀ ਚਾਹੁੰਦੇ ਸੀ, ਲਗਾਤਾਰ ਚਾਹੁੰਦੇ ਹਾਂ ਤੇ ਆਪੋਜੀਸ਼ਨ ਨੂੰ ਕਿਹਾ ਵੀ ਕਿ ਕਿਸੇ ਵੀ ਮੁੱਦੇ ਤੇ ਸਾਡੀ ਪਾਰਟੀ, ਸਾਡੀ ਅਲਾਇੰਸ ਫੇਸ ਕਰਨ ਨੂੰ ਤਿਆਰ ਹਨ। ਪਹਿਲੀ ਸਰਕਾਰ ਹੈ ਜਿਸ ਨੇ ਆਪ ਲਾਅ ਐਂਡ ਆਰਡਰ ਤੇ ਡਿਬੇਟ ਮੰਗੀ ਹੈ। ਨਹੀਂ ਤਾਂ ਅੱਜ ਤੱਕ ਮੈਂ ਨਹੀਂ ਦੇਖਿਆ, ਭਾਵੇਂ ਪਾਰਲੀਮੈਂਟ ਹੋਵੇ ਤੇ ਭਾਵੇਂ ਇੱਥੇ ਹੋਵੇ, ਕਿਸੇ ਰੂਲਿੰਗ ਪਾਰਟੀ ਨੇ ਲਾਅ ਐਂਡ ਆਰਡਰ ਤੇ ਡਿਬੇਟ ਮੰਗੀ ਹੋਵੇ। ਇਸ ਕਰਕੇ ਅਸੀਂ ਚਾਹੁੰਦੇ ਹਾਂ ਕਿ ਲਾਅ ਐਂਡ ਆਰਡਰ ਤੇ ਡਿਬੇਟ ਜੋ ਸ਼ੁਰੂ ਕੀਤੀ ਸੀ, ਕੁਝ ਕਾਰਨ ਕਰਕੇ ਕੱਲ੍ਹ ਬੈਡ ਬਲੈਡ ਹੋਇਆ, ਮੈਂ ਰਿਕੁਐਸਟ ਕਰਦਾ ਹਾਂ, ਸਾਰੇ ਹਾਊਸ ਤਰਫੋਂ ਕਿ ਉਨ੍ਹਾਂ ਨੂੰ ਮਾਫ ਕੀਤਾ ਜਾਵੇ। ਚਲੋ, ਜੋ ਕੁਝ ਹੋ ਗਿਆ, ਹੋ ਗਿਆ। ਅਸੀਂ ਰਿਕੁਐਸਟ ਕਰਾਂਗੇ ਕਿ ਅੱਗੇ ਤੋਂ ਅਜਿਹਾ ਨਾ ਹੋਵੇ। ਡੈਮੋਕਰੇਸੀ ਦੇ ਇੰਟਰਸਟ ਵਿੱਚ ਉਨ੍ਹਾਂ ਨੂੰ ਆਪਾਂ ਬਹਾਲ ਕਰ ਦੇਈਏ ਤੇ ਇਹ ਡਿਬੇਟ ਜਾਰੀ ਰੱਖੀ ਜਾਵੇ।

Original with;
Punjab Vidhan Sabha
Digitized by;
Panjab Digital Library

ਮਾਨਯੋਗ ਸਪੀਕਰ : ਇਸ ਤੋਂ ਪਹਿਲਾਂ ਕਿ ਰਾਜ ਵਿੱਚ ਅਮਨ ਅਤੇ ਕਨੂੰਨ ਦੀ ਸਥਿਤੀ ਤੇ ਹੋਰ ਬਹਿਸ ਹੋਵੇ, ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅਸੀਂ ਕੱਲ੍ਹ ਵੀ ਟਰਾਈ ਕੀਤੀ ਸੀ, ਡਿਪਟੀ ਸੀ.ਐਮ. ਸਾਹਿਬ ਵੀ ਇੱਥੇ ਸਨ, ਸਾਡੇ ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ, ਸ੍ਰੀ ਮਦਨ ਮੋਹਨ ਮਿੱਤਲ ਜੀ ਵੀ ਇੱਥੇ ਸਨ ਔਰ ਅਸੀਂ ਕੋਸ਼ਿਸ਼ ਕੀਤੀ ਕਿ ਆਪੋਜੀਸ਼ਨ ਦੇ ਲੀਡਰ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਬੁਲਾ ਕੇ ਗੱਲਬਾਤ ਕੀਤੀ ਜਾਵੇ। ਡਿਪਟੀ ਸੀ.ਐਮ. ਸਾਹਿਬ ਦੇ ਬੈਠਿਆਂ ਹੀ ਆਪੋਜੀਸ਼ਨ ਲੀਡਰ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਦੋ ਵਾਰ ਬੁਲਾਉਣ ਦੀ ਕੋਸ਼ਿਸ਼ ਕੀਤੀ ਗਈ ਬਲਕਿ ਮੇਰੇ ਸਟਾਫ ਦੇ ਮੈਂਬਰ ਜਾ ਕੇ, ਕਹਿ ਕੇ ਬੇਨਤੀ ਕਰਕੇ ਆਏ ਪਰ ਉਹ ਨਹੀਂ ਆਏ। ਜੇ ਉਹ ਆ ਜਾਂਦੇ ਤਾਂ ਸ਼ਾਇਦ ਜੋ ਕੁਝ ਹੋਇਆ, ਉਹ ਨਾ ਹੁੰਦਾ। ਇਸ ਲਈ ਮੈਨੂੰ ਆਪ ਬੜਾ ਅਫਸੋਸ ਹੈ, ਜੋ ਕੁਝ ਕੱਲ੍ਹ ਹੋਇਆ, ਇਸ ਲਈ ਮੈਂ ਚਾਹਵਾਂਗਾ ਕਿ ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਇਹ ਮੂਵ ਕਰਨ ਕਿ ਉਨ੍ਹਾਂ ਦੀ ਸਸਪੈਨਸ਼ਨ ਨੂੰ ਵਾਪਸ ਲਿਆ ਜਾਵੇ।

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਰ, ਜੋ ਡਿਪਟੀ ਮੁੱਖ ਮੰਤਰੀ ਸਾਹਿਬ ਨੇ ਫਰਾਖਦਿਲੀ ਦਿਖਾਈ ਹੈ ਅਤੇ ਕੱਲ੍ਹ ਮੁੱਖ ਮੰਤਰੀ ਸਾਹਿਬ ਨੇ ਫਰਾਖਦਿਲੀ ਦਿਖਾ ਕੇ ਆਪਣਾ ਜੋ ਬਿਆਨ ਸੀ, ਉਹ ਵਾਪਸ ਲੈ ਲਿਆ ਕਿ ਮੈਂ ਬਾਅਦ ਵਿੱਚ ——ਦੇਵਾਂਗਾ। ਉਨ੍ਹਾਂ ਨੇ ਕਿਹਾ ਕਿ ਪਹਿਲਾਂ ਬਹਿਸ ਕਰ ਲਵੋ। ਮੈਨੂੰ ਤਾਂ ਰੈਜ਼ੋਲਿਊਸ਼ਨ ਮੂਵ ਕਰਨ ਵਿੱਚ ਕੋਈ ਇਤਰਾਜ਼ ਨਹੀਂ ਕਿਉਂਕਿ ਮੈਂ ਵੀ ਚਾਹੁੰਦਾ ਹਾਂ ਅਤੇ as Parliamentary Affairs Minister ਮੇਰੀ ਡਿਊਟੀ ਵੀ ਹੈ to have coordination between the two parties, two groups i.e. the Opposition and the Ruling Party ਪਰ ਮੈਂ ਚਾਹਾਂਗਾ ਕਿ ਰੈਜ਼ੋਲਿਊਸ਼ਨ ਮੂਵ ਕਰਨ ਤੋਂ ਪਹਿਲਾਂ ਇੱਕ ਮੀਟਿੰਗ ਤੁਹਾਡੇ ਚੈਂਬਰ ਵਿੱਚ ਜ਼ਰੂਰ ਹੋਣੀ ਚਾਹੀਦੀ ਹੈ, ਉਸ ਤੋਂ ਬਾਅਦ ਰੈਜ਼ੋਲਿਊਸ਼ਨ ਮੂਵ ਹੋਣਾ ਚਾਹੀਦਾ ਹੈ। ਤੁਸੀਂ ਉਨ੍ਹਾਂ ਨੂੰ ਬੁਲਾ ਲਵੋ। ਅਸੀਂ ਉਥੇ ਆ ਜਾਂਦੇ ਹਾਂ।

ਉੱਪ ਮੁੱਖ ਮੰਤਰੀ (ਬੈਠੇ-ਬੈਠੇ) : ਤੁਸੀਂ ਰੈਜ਼ੋਲਿਊਸ਼ਨ ਮੂਵ ਕਰ ਦਿਓ।

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, ਇੰਨੀ ਫਰਾਖਦਿਲੀ ਜੇ ਦਿਖਾਉਣੀ ਹੈ ਤਾਂ we should set good precedents. At least there should be a meeting and the Leader of the Opposition should attend that meeting. Then we should move the resolution. (Thumping)

ਉੱਪ ਮੁੱਖ ਮੰਤਰੀ (ਬੈਠੇ-ਬੈਠੇ) : ਤੁਸੀਂ ਰੈਜ਼ੋਲਿਊਸ਼ਨ ਮੂਵ ਕਰ ਦਿਓ ।

Original with;
Punjab Vidhan Sabha
Digitized by;
Panjab Digital Library

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ : ਡਿਪਟੀ ਸੀ. ਐਮ. ਸਾਹਿਬ, in my opinion ਅਸੀਂ ਇੱਥੇ ਬਿਲਕੁਲ ਆਪਣੀ ਇੱਛਾ ਜ਼ਾਹਰ ਕਰ ਦਿੱਤੀ। ਇਸ ਤੋਂ ਵੱਧ ਆਫਰ ਦੇਣ ਦੀ ਲੋੜ ਨਹੀਂ ਰਹੀ। I think ਜੇਕਰ ਅਸੀਂ ਅੱਧੇ ਘੰਟੇ ਲਈ ਹਾਊਸ ਐਡਜਰਨ ਕਰ ਲਈਏ ਔਰ 11.00 ਵਜੇ ਰੀਅਸੈਂਬਲ ਕਰੀਏ........

ਮਾਨਯੋਗ ਸਪੀਕਰ : ਬੁਲਾ ਲੈਂਦੇ ਹਾਂ।

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, ਰੈਜ਼ੋਲਿਊਸ਼ਨ ਵਿਦਡਰਾਅ ਵੀ ਕਰ ਲਵਾਂਗੇ ਲੇਕਿਨ ਫਿਰ ਵੀ ਤਾਂ ਉਨ੍ਹਾਂ ਨੂੰ ਬੁਲਾਉਣਾ ਪਵੇਗਾ। I think it is better. ਤੁਹਾਡੇ ਚੈਂਬਰ ਵਿੱਚ ਆਪੋਜੀਸ਼ਨ ਲੀਡਰ ਨੂੰ ਬੁਲਾ ਲਵੋ, ਸੁਖਬੀਰ ਜੀ ਹੋ ਜਾਣਗੇ, ਮੈਨੂੰ ਤਾਂ ਆਉਣਾ ਹੀ ਪਵੇਗਾ। ਬਾਕੀ ਹੋਰ ਚਾਰ ਮੈਂਬਰ ਆ ਜਾਣ। ਉੱਥੇ ਬੈਠ ਕੇ ਅਸੀਂ ਇਹ ਗੱਲ ਉਨ੍ਹਾਂ ਨੂੰ ਕਹਿ ਦੇਈਏ ਕਿ ਅਸੀਂ ਵਿਦਡਰਾਅ ਕਰਦੇ ਹਾਂ ਔਰ ਤੁਸੀ ਹਾਊਸ ਵਿੱਚ ਆਓ। ਫਿਰ ਇਕੱਠੇ ਹਾਊਸ ਵਿੱਚ ਆਈਏ। ਜੇ ਹੁਣ ਕਰਾਂਗੇ ਤਾਂ ਇਸ ਤਰ੍ਹਾਂ ਦਾ ਕੋਈ ਯੂਨੀਲੇਟਰਲ ਜੈਸਚਰ ਨਹੀਂ ਬਣਦਾ। ਆਫਰ ਤਾਂ ਹੋ ਗਈ। ਹਾਊਸ ਵਿੱਚ ਆਫਰ ਹੋ ਗਈ। ਕੱਲ੍ਹ ਵੀ ਉਹ ਆਏ ਨਹੀਂ, ਜਿਵੇਂ ਤੁਸੀਂ ਕਿਹਾ ਹੈ ....

SHORT ADJOURNMENT OF THE HOUSE

ਮਾਨਯੋਗ ਸਪੀਕਰ : ਫਿਰ ਇਕ ਵਾਰ ਟਰਾਈ ਕਰ ਲੈਂਦੇ ਹਾਂ। ਹਾਊਸ ਅੱਧੇ ਘੰਟੇ ਲਈ ਐਡਜਰਨ ਕਰਦੇ ਹਾਂ। ਅੱਧੇ ਘੰਟੇ ਬਾਅਦ ਫਿਰ ਮਿਲ ਲੈਂਦੇ ਹਾਂ।

*10.27 ਵਜੇ ਪੂਰਵ ਦੁਪਹਿਰ (*ਇਸ ਉਪਰੰਤ ਸਦਨ 10.57 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੋ ਗਿਆ।)

(ਸਦਨ 10.57 ਵਜੇ ਪੂਰਵ ਦੁਪਹਿਰ ਮੁੜ ਇਕੱਤਰ ਹੋਇਆ।)

Original with;
Punjab Vidhan Sabha
Digitized by;
Panjab Digital Library

ISSUE RAISED BY HEALTH & FAMILY WELFARE, SOCIAL SECURITY, WOMEN & CHILD DEVELOPMENT AND PARLIAMENTARY AFFAIRS MINISTER REG. MISBEHAVIOUR OF SOME MEMBERS OF THE OPPOSITION PARTY WITH HIM ON HIS APPROACHING THEM TO CONVEY THE FEELINGS OF THE HOUSE

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਸਾਡੇ ਮਾਨਯੋਗ ਡਿਪਟੀ ਚੀਫ ਮਨਿਸਟਰ ਸਾਹਿਬ ਨੇ ਬਹੁਤ ਅੱਛਾ ਜੈਸਚਰ ਗੁੱਡ-ਵਿੱਲ ਦਿੱਤਾ ਸੀ। ਇਸ ਦੇ ਉੱਤੇ ਮੈਂ ਸੁਝਾਅ ਦਿੱਤਾ ਸੀ ਕਿ ਤੁਹਾਡੇ ਚੈਂਬਰ ਵਿੱਚ ਇਕ ਜੁਆਇੰਟ ਮੀਟਿੰਗ ਹੋ ਜਾਵੇ। ਜੁਆਇੰਟ ਮੀਟਿੰਗ ਕਰਨ ਵਾਸਤੇ ਤੁਸੀਂ ਅੱਧੇ ਘੰਟੇ ਵਾਸਤੇ ਹਾਊਸ ਵੀ ਐਡਜਰਨ ਕਰ ਦਿੱਤਾ। ਉਨ੍ਹਾਂ ਨੂੰ ਆਪਾਂ ਮੈਸੇਜ ਵੀ ਭੇਜੇ, ਦੋ ਆਨਰੇਬਲ ਮੈਂਬਰ ਉਨ੍ਹਾਂ ਨੂੰ ਮਿਲਣ ਵਾਸਤੇ ਵੀ ਗਏ ਜਿਸ ਵਿੱਚ ਡਾਕਟਰ ਦਲਜੀਤ ਸਿੰਘ ਚੀਮਾ ਅਤੇ ਸਾਡੇ ਵਿੱਤ ਮੰਤਰੀ ਜੀ ਸੀ। ਇਨ੍ਹਾਂ ਦੀ ਵੀ ਉਨ੍ਹਾਂ ਨੇ ਕੋਈ ਗੱਲ ਨਹੀਂ ਸੁਣੀ। ਬਤੌਰ ਪਾਰਲੀਮਾਨੀ ਮਨਿਸਟਰ, ਮੇਰੀ ਜ਼ਿੰਮੇਵਾਰੀ ਬਣਦੀ ਹੈ ਕਿ ਆਪੋਜ਼ੀਸ਼ਨ ਪਾਰਟੀ ਅਤੇ ਰੂਲਿੰਗ ਪਾਰਟੀ ਦੀ ਆਪਸ ਵਿੱਚ ਕੋਆਰਡੀਨੇਸ਼ਨ ਹੋਵੇ ਔਰ ਕਿਸੇ ਤਰੀਕੇ ਨਾਲ ਉਹ ਇਕੱਠੇ ਹੋਣ। ਉਸ ਜ਼ਿੰਮੇਵਾਰੀ ਦੀ ਮੈਂ ਇੱਥੇ ਆਫਰ ਵੀ ਦਿੱਤੀ ਸੀ ਕਿ ਮੀਟਿੰਗ ਕਰ ਲਈ ਜਾਵੇ ਔਰ ਉਸ ਮੀਟਿੰਗ ਨੂੰ ਸਿਰੇ ਚੜ੍ਹਾਉਣ ਵਾਸਤੇ ਮੈਂ ਖ਼ੁਦ ਜੋ ਸਾਡੇ ਵਿਰੋਧੀ ਧਿਰ ਦੇ ਭਰਾ ਸਨ, ਉਨ੍ਹਾਂ ਕੋਲ ਗਿਆ। ਮੈਂ ਕਿਹਾ ਕਿ ਮੇਰੀ ਗੱਲ ਸੁਣੋ। ਪਹਿਲਾਂ ਤਾਂ ਉਹ ਨਾਅਰੇ ਲਗਾਉਂਦੇ ਰਹੇ ਔਰ ਮੈਨੂੰ ਕਿਹਾ ਕਿ ਤੁਸੀਂ ਚਲੇ ਜਾਉ। ਮੇਰੀ ਗੱਲ ਕੀ ਸੁਣਨੀ ਸੀ ਮੈਨੂੰ ਉਨ੍ਹਾਂ ਨੇ ਪੁਸ਼ ਕਰਨਾ ਸ਼ੁਰੂ ਕਰ ਦਿੱਤਾ, ਪੁਸ਼ ਹੀ ਨਹੀਂ ਕੀਤਾ ਬਲਕਿ ਮੈਨੂੰ ਜ਼ਮੀਨ ਉੱਤੇ ਸੁੱਟ ਦਿੱਤਾ। (ਸ਼ੇਮ-ਸ਼ੇਮ ਦੀਆਂ ਆਵਾਜ਼ਾਂ) I really fell on the ground. ਉਸ ਤੋਂ ਬਾਅਦ ਫਿਰ ਮੈਂ ਉਠ ਕੇ ਖੜ੍ਹਾ ਹੋਇਆ। ਮੇਰੀ ਡਿਊਟੀ ਹੈ, ਨਾਰਮਲ ਵਰਡਜ਼ ਵਿੱਚ ਅਗਰ ਕਿਹਾ ਜਾਵੇ ਤਾਂ ਹਾਊਸ ਨੂੰ ਚਲਾਉਣ ਵਾਸਤੇ Leader of the House, Leader of the Opposition, Speaker in the Chair and Parliamentary Affairs Minister, ਇਹ ਚਾਰ ਬੰਦਿਆਂ ਦੀ ਸਭ ਤੋਂ ਜ਼ਿਆਦਾ ਲੋੜ ਹੈ ਅਤੇ ਇਹ ਚਾਰ ਬੰਦੇ ਆਪਣੀ ਡਿਊਟੀ ਵਿੱਚ ਜੇ ਕਿਤੇ ਕੁਤਾਹੀ ਕਰਨਗੇ ਤਾਂ ਹਾਊਸ ਚੱਲ ਨਹੀਂ ਸਕਦਾ। ਸੋ, ਮੈਂ ਉਸ ਡਿਊਟੀ ਨੂੰ ਨਿਭਾਉਂਦੇ ਹੋਏ ਉਥੇ ਗਿਆ। ਇੱਕ ਮੈਸੰਜਰ ਕਹਿ ਲਓ, ਦੂਤ ਕਹਿ ਲਓ whatever the language we use, but it was a peaceful mission, it was a mission for peace and restoration of the decorum of the House ਤਾਂ ਕਿ

Original with;
Punjab Vidhan Sabha
Digitized by;
Panjab Digital Library

[ਸੰਸਦੀ ਮਾਮਲੇ ਮੰਤਰੀ]

ਪਿੱਛੇ ਜੋ ਹੋਇਆ ਉਹ ਸਭ ਜਾਣ ਦਿਓ। ਜੋ ਹੋਣਾ ਸੀ ਉਹ ਹੋ ਗਿਆ। ਕੱਲ੍ਹ ਦੀ ਘਟਨਾ ਨੂੰ ਖ਼ਤਮ ਕਰਕੇ ਇਕ ਮੈਂਬਰ ਜਿਸ ਨੂੰ ਅਸੀਂ ਐਕਸਪੈੱਲ ਕੀਤਾ ਸੀ, ਮਿਸਟਰ ਰਾਣਾ ਨੂੰ ਵਾਪਸ ਲਿਆਂਦਾ ਜਾਵੇ। ਇਹ ਯੂਨੀਲੇਟਰਲ ਆਫਰ ਸੀ। ਉਨ੍ਹਾਂ ਵੱਲੋਂ ਕੋਈ ਅਪਰੋਚ ਨਹੀਂ ਸੀ। ਕਿਸੇ ਨੇ ਕਿਹਾ ਨਹੀਂ ਸੀ ਕਿ ਉਨ੍ਹਾਂ ਨੂੰ ਵਾਪਸ ਲਿਆ ਜਾਵੇ। ਨਤੀਜਾ ਇਹ ਹੋਇਆ ਕਿ ਇੱਥੇ ਲਾਅ ਐਂਡ ਆਰਡਰ ਡਿਸਕਸ ਕਰਨਾ ਸੀ ਪਰ ਉਨ੍ਹਾਂ ਨੇ ਇੱਥੇ ਹੀ ਲਾਅ ਐਂਡ ਆਰਡਰ ਦੀ ਪ੍ਰਾਬਲਮ ਕ੍ਰੀਏਟ ਕਰ ਦਿੱਤੀ, ਲਾਬੀ ਵਿੱਚ ਵੀ ਲਾਅ ਐਂਡ ਆਰਡਰ ਦੀ ਪ੍ਰਾਬਲਮ ਕ੍ਰੀਏਟ ਕੀਤੀ। ਮੈਨੂੰ ਇਕ ਘਟਨਾ ਯਾਦ ਹੈ, ਬਹੁਤ ਇੰਪਾਰਟੈਂਟ ਘਟਨਾ ਹੈ। ਜਦੋਂ ਮਹਾਂਭਾਰਤ ਵਿੱਚ ਤੈਅ ਸੀ ਕਿ ਯੁੱਧ ਹੋਣਾ ਹੈ ਅਤੇ ਸਾਰੇ ਆਪਣੀ ਆਪਣੀ ਮਹਾਂਭਾਰਤ ਲੜ ਰਹੇ ਸਨ। ਜਿੰਨੇ ਇੱਧਰਲੇ ਪਾਸੇ ਦੇ ਜਰਨੈਲ ਅਤੇ ਦੂਜੇ ਪਾਸੇ ਦੇ ਜਰਨੈਲ ਸਨ, ਸਭ ਆਪਣੀਆਂ ਦੁਸ਼ਮਣੀਆਂ ਕੱਢਣ ਵਾਸਤੇ ਲੜਾਈ ਕਰਨਾ ਚਾਹੁੰਦੇ ਸਨ। ਉਸ ਵਕਤ Lord Krishna only came forward ਉਨ੍ਹਾਂ ਨੇ ਕਿਹਾ ਕਿ ਮੈਂ ਇਤਿਹਾਸ ਵਿੱਚ ਇਹ ਗੱਲ ਨਹੀਂ ਜਾਣ ਦੇਣਾ ਚਾਹੁੰਦਾ ਕਿ ਯੁੱਧ ਨੂੰ ਕ੍ਰਿਸ਼ਨ ਨੇ ਵੀ ਰੋਕਣ ਦੀ ਕੋਸ਼ਿਸ਼ ਨਹੀਂ ਕੀਤੀ। ਉਸਨੇ ਖੁਦ ਦੂਤ ਬਣ ਕੇ ਮਹਾਰਾਜਾ ਧ੍ਰਿੱਤਰਾਸ਼ਟਰ ਜੋ ਕਿ ਕੌਰਵਾਂ ਦਾ ਪ੍ਰਤੀਨਿਧਤਵ ਕਰਦਾ ਸੀ, ਉਸ ਦੇ ਦਰਬਾਰ ਵਿੱਚ ਜਾ ਕੇ ਬੇਨਤੀ ਕੀਤੀ ਕਿ ਤੁਸੀਂ ਲੜਾਈ ਨਾ ਕਰੋ, ਦੁਨੀਆਂ ਨਸ਼ਟ ਹੋ ਜਾਵੇਗੀ। ਇੰਨੀ ਜ਼ਿਆਦਾ ਤਰੱਕੀ ਹੋਈ ਹੈ, ਇਸ ਵਕਤ ਸਭ ਤੋਂ ਜ਼ਿਆਦਾ ਤਰੱਕੀਯਾਫ਼ਤਾ ਅਗਰ ਕੋਈ ਮੁਲਕ ਹੈ ਤਾਂ ਉਹ ਹਿੰਦੁਸਤਾਨ ਹੈ ਅਤੇ ਉਸ ਦਾ ਰਾਜ ਸਾਡੇ ਕੋਲ ਹੈ। ਜਿਹੜੇ ਇਹ ਸਾਰੇ ਯੋਧਾ ਦਰਬਾਰ ਵਿੱਚ ਬੈਠੇ ਹਨ ਇਨ੍ਹਾਂ ਵਿੱਚੋਂ ਕੋਈ ਨਜ਼ਰ ਨਹੀਂ ਆਵੇਗਾ। ਉਸ ਵਕਤ ਦੁਰਯੋਧਨ ਜੋ ਕਿ ਬਹੁਤ ਐਂਬੀਸ਼ੀਅਸ ਅਤੇ ਆਕੜਬਾਜ਼ ਸੀ, ਮੈਂ ਇਹ ਸ਼ਬਦ ਇਸ ਕਰਕੇ ਵਰਤੇ ਹਨ ਕਿ same attitude was found from the Opposition benches. ਬਿਲਕੁਲ ਕੋਈ ਗੱਲ ਨਹੀਂ ਸੁਣੀ। ਬਸ same attitude. ਸਾਨੂੰ ਕੱਲ੍ਹ ਕਹਿ ਦਿੱਤਾ ਕਿ ਇਹ ਆਕੜਬਾਜ਼ ਹਨ, ਨਖ਼ਰੇ ਨਾਲ ਚਲਦੇ ਹਨ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿੰਨਾ ਝੂਠ ਬੋਲਿਆ ਗਿਆ ਹੈ, ਇਹ ਬੜੀ ਸ਼ਰਮ ਵਾਲੀ ਗੱਲ ਹੈ। ਉਸ ਤੋਂ ਬਾਅਦ ਸ੍ਰੀ ਕ੍ਰਿਸ਼ਨ ਨੇ ਦਰਬਾਰ ਵਿੱਚ ਕਿਹਾ ਕਿ ਜੇਕਰ ਅੱਜ ਤੁਸੀਂ ਸ਼ਾਂਤੀ ਪ੍ਰਸਤਾਵ ਨਹੀਂ ਮੰਨਦੇ ਤਾਂ ਪੰਜ ਪਿੰਡ ਦੇ ਦਿਓ ਤਾਂ ਉਹ ਕਹਿਣ ਲੱਗਾ ਕਿ ਸੂਈ ਦੇ ਨੱਕੇ ਜਿੰਨੀ ਜਗ੍ਹਾ ਨਹੀਂ ਦੇਣੀ। ਜਦੋਂ ਸ੍ਰੀ ਕ੍ਰਿਸ਼ਨ ਉਨ੍ਹਾਂ ਨੂੰ ਇਨਸਿਸਟ ਕਰਦੇ ਪਏ ਸੀ ਤਾਂ ਦੁਰਯੋਧਨ ਨੇ ਆਪਣੇ ਸੈਨਿਕਾਂ ਨੂੰ ਬੁਲਾ ਕੇ ਕਿਹਾ ਕਿ ਇਸ ਨੂੰ ਗ੍ਰਿਫਤਾਰ ਕਰੋ। ਸ੍ਰੀ ਕ੍ਰਿਸ਼ਨ ਨੇ ਦੁਰਯੋਧਨ ਨੂੰ ਕਿਹਾ ਕਿ तुम मुझे क्या ग्रिफतार करोगे ? ਉਸ ਤੋਂ ਬਾਅਦ ਸ੍ਰੀ ਕ੍ਰਿਸ਼ਨ ਨੂੰ ਆਪਣਾ ਵਿਰਾਟ ਰੂਪ ਦਿਖਾਉਣਾ ਪਿਆ ਜਿਸ ਨਾਲ ਸਾਰਿਆਂ ਦੀਆਂ ਅੱਖਾਂ ਧੁੰਦਲਾ ਗਈਆਂ। Krishna came from there. ਸੋ, ਮੈਂ

Original with;
Punjab Vidhan Sabha
Digitized by;
Panjab Digital Library

ਕਹਿਣਾ ਚਾਹੁੰਦਾ ਹਾਂ ਕਿ ਮੈਂ ਲਾਰਡ ਕ੍ਰਿਸ਼ਨਾ ਤਾਂ ਹਾਂ ਨਹੀਂ ਅਤੇ ਨਾ ਹੀ ਬਣ ਸਕਦਾ ਹਾਂ, ਨਾ ਹੀ ਕੋਈ ਬਣ ਸਕਿਆ ਹੈ। ਲੇਕਿਨ ਦੂਤ ਦੀ ਡੈਫੀਨੇਸ਼ਨ ਜ਼ਰੂਰ ਉਨ੍ਹਾਂ ਨੇ ਦਿੱਤੀ ਹੈ ਕਿ what is the status of the 'doot' (messenger). ਜਿਹੜਾ ਮੈਸੇਜ ਲੈ ਕੇ ਆਉਂਦਾ ਹੈ ਉਸ ਦੀ ਪਰਿਭਾਸ਼ਾ ਉਨ੍ਹਾਂ ਨੇ ਜ਼ਰੂਰ ਦਿੱਤੀ। ਅੱਜ ਮੈਨੂੰ ਅਫ਼ਸੋਸ ਹੈ ਕਿ ਅਗਰ ਇਨ੍ਹਾਂ ਦਾ ਇਹ ਐਟੀਚਿਊਡ ਹੈ, ਜਿਹੜਾ ਬੰਦਾ ਤੁਹਾਡੇ ਕੋਲ ਪੀਸ ਦੀ ਗੱਲ ਕਰਨ ਆਉਂਦਾ ਹੈ, ਯੂਨੀਲੇਟਰਲ ਗੱਲ ਕਰਨ ਆਉਂਦਾ ਹੈ, ਐਕਸਪਲੇਸ਼ਨ ਨੂੰ ਅਸੀਂ ਯੂਨੀਲੇਟਰਲੀ ਰੈਜ਼ੋਲਿਊਸ਼ਨ ਮੂਵ ਕਰਕੇ ਵਾਪਸ ਲੈਣਾ ਚਾਹੁੰਦੇ ਹਾਂ, ਉਹ ਕਹਿੰਦੇ ਹਨ ਕਿ ਅਸੀਂ ਨਹੀਂ ਲੈਣਾ। ਅਸੀਂ ਅੰਦਰ ਵੀ ਕੰਮ ਨਹੀਂ ਕਰਨਾ ਅਤੇ ਬਾਹਰ ਵੀ ਕਰਨ ਨਹੀਂ ਦਿੱਤਾ। ਇਸ ਤਰ੍ਹਾਂ ਦਾ ਐਟੀਚਿਊਡ ਉਨ੍ਹਾਂ ਦਾ ਹੈ ਔਰ ਤੁਸੀਂ ਵੀ ਸਪੀਕਰ ਸਾਹਿਬ, ਕਹਿ ਦਿੱਤਾ ਕਿ ਰੈਜ਼ੋਲਿਊਸ਼ਨ ਮੂਵ ਕਰ ਦਿਓ। ਹੁਣ ਤੁਸੀਂ ਦੱਸੋ ਕਿ ਇਸ ਹਾਲਤ ਵਿੱਚ ਰੈਜ਼ੋਲਿਊਸ਼ਨ ਮੂਵ ਕਰਨ ਦਾ ਕੋਈ ਲਾਭ ਹੈ? ਮੈਨੂੰ ਖ਼ਦਸ਼ਾ ਸੀ ਔਰ ਇਸੇ ਕਰਕੇ ਮੈਂ ਕਿਹਾ ਸੀ ਕਿ ਹਾਲੇ ਰੈਜ਼ੋਲਿਊਸ਼ਨ ਮੂਵ ਨਾ ਕਰੋ, I knew their mind. ਸੋ, ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਜੋ ਉਨ੍ਹਾਂ ਨੇ ਵਿਵਹਾਰ ਕੀਤਾ। I had gone there as a representative of this House, being Parliamentary Affairs Minister. ਔਰ ਮੈਂ ਇਸ ਸਦਨ ਨੂੰ ਠੀਕ ਚਲਾਉਣ ਦੀ ਨੀਅਤ ਨਾਲ ਇੱਥੇ ਦਾ ਡੈਕੋਰਮ ਰੱਖਣ ਵਾਸਤੇ ਤਾਂ ਕਿ ਆਪੋਜੀਸ਼ਨ ਬੈਂਚਿਜ਼ ਵਾਲੇ ਇਹ ਨਾ ਕਹਿਣ ਕਿ ਵਨ-ਸਾਈਡਡ ਰੂਲਿੰਗ ਪਾਰਟੀ ਨੇ ਬਹਿਸ ਕਰਕੇ ਲਾਅ ਐਂਡ ਆਰਡਰ ਦੇ ਮਸਲੇ ਤੇ ਸਾਨੂੰ ਖਾਹ-ਮਖਾਹ ਕੰਡੈਮ ਕਰ ਦਿੱਤਾ ਜਾਂ ਸਾਡੇ ਖਿਲਾਫ ਕੋਈ ਗੱਲਾਂ ਕਹਿ ਦਿੱਤੀਆਂ ਜਿਹੜੀਆਂ ਕਿ unheard ਚਲੀਆਂ ਗਈਆਂ। ਉਨ੍ਹਾਂ ਵੱਲੋਂ ਰਿਪਲਾਈ ਨਹੀਂ ਆਇਆ। ਅਸੀਂ ਚਾਹੁੰਦੇ ਸੀ ਕਿ ਜੋ ਅਸੀਂ ਮੁੱਦੇ ਉਠਾਈਏ, ਉਸ ਦਾ ਜਵਾਬ ਦੇਣ, ਪਰ ਉਨ੍ਹਾਂ ਦੀ ਨੀਅਤ ਬਾਰੇ ਮੈਨੂੰ ਇਹ ਲੱਗਦਾ ਹੈ ਜਿਵੇਂ ਕਿ ਡਿਪਟੀ ਸੀ.ਐਮ. ਸਾਹਿਬ ਨੇ ਵੀ ਪਹਿਲੇ ਦਿਨ ਹੀ ਕਿਹਾ ਸੀ, ਜਿਸ ਦਿਨ ਇਹ ਫੈਸਲਾ ਹੋਇਆ ਸੀ ਕਿ ਡਿਬੇਟ ਕਰਾਂਗੇ, ਉਦੋਂ ਹੀ ਇਹ ਕਹਿ ਦਿੱਤਾ ਸੀ ਕਿ ਉਨ੍ਹਾਂ ਨੇ ਡਿਬੇਟ ਨਹੀਂ ਕਰਨੀ। They will ultimately run away ਕਿਉਂਕਿ ਉਹ ਸਿਰਫ ਇਹ ਚਾਹੁੰਦੇ ਹਨ ਕਿ ਉਨ੍ਹਾਂ ਦਾ ਲੀਡਰ (ਆਪੋਜੀਸ਼ਨ ਪਾਰਟੀ) ਬੋਲ ਲਵੇ ਔਰ ਬਾਕੀ ਸਾਡੇ ਵੱਲੋਂ ਜਵਾਬ ਨਾ ਸੁਣਨ। ਕਿਉਂਕਿ ਉਹ ਸੁਣ ਨਹੀਂ ਸਕਦੇ। ਜੋ ਮਸਾਲਾ ਤੇ ਜੋ ਜਵਾਬ ਅਸੀਂ ਤਿਆਰ ਕੀਤਾ ਹੈ, ਜਿਸ ਤਰੀਕੇ ਨਾਲ ਸਾਡੇ ਮੈਂਬਰ ਤਿਆਰ ਹਨ, ਉਸ ਵਿੱਚ ਜੋ ਰਿਕਾਰਡ ਹੈ, ਉਸ ਬਾਰੇ ਮੈਂ ਕਹਾਂਗਾ ਕਿ now the ball is in their court. ਉਨ੍ਹਾਂ ਕੋਲ ਇਨ੍ਹਾਂ ਗੱਲਾਂ ਦਾ ਜੁਵਾਬ ਨਹੀਂ ਹੈ। ਜੋ ਉਨ੍ਹਾਂ ਦਾ ਪਿਛਲੇ 50-60 ਸਾਲਾਂ ਦਾ ਇਤਿਹਾਸ ਹੈ, ਉਨ੍ਹਾਂ ਦੇ ਰਾਜ ਵਿੱਚ ਜੋ ਪੁਲਿਸ ਦਾ ਵਿਵਹਾਰ ਰਿਹਾ ਹੈ ਪਰ ਅਸੀਂ ਤਾਂ ਸਾਰੇ ਸਿਸਟਮ ਨੂੰ ਚੇਂਜ

Original with;
Punjab Vidhan Sabha
Digitized by;
Panjab Digital Library

[ਸੰਸਦੀ ਮਾਮਲੇ ਮੰਤਰੀ]

ਕਰਕੇ ਪੁਲਿਸ ਨੂੰ ਫਰੈਂਡਲੀ ਬਣਾਇਆ ਹੈ। ਸੋ, ਇਸ ਕਰਕੇ ਮੈਂ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਦੇ ਵਿਵਹਾਰ ਦੀ ਜਿੰਨੀ ਨਿੰਦਾ ਕੀਤੀ ਜਾਵੇ, ਉਨੀ ਹੀ ਥੋੜ੍ਹੀ ਹੈ। ਸਪੀਕਰ ਸਾਹਿਬ, ਮੈਂ ਅੱਗੇ ਵਾਸਤੇ ਬੇਨਤੀ ਕਰਦਾ ਹਾਂ ਕਿ ਜਿਹੜੀ ਇੱਥੇ ਟੋਕਾ-ਟਾਕੀ ਚਲਦੀ ਹੈ, ਇਸ ਨੂੰ ਬੰਦ ਕਰਵਾਉ ਅਤੇ ਡੈਕੋਰਮ ਰੱਖਣ ਦੀ ਹਰੇਕ ਨੂੰ ਹਦਾਇਤ ਕਰੋ। ਸਭ ਦਾ ਇੱਥੇ ਬੈਠੇ ਬਿਠਾਏ ਬੋਲਣਾ ਬੰਦ ਕਰਵਾਉ ਔਰ ਜਿਹੜੇ indecent ਰਿਮਾਰਕਸ ਵਾਰ-ਵਾਰ ਦਿੱਤੇ ਜਾਂਦੇ ਹਨ, ਇਹ ਬੰਦ ਹੋਣ। ਤੁਹਾਡੇ ਤਾਂ ਕੋਈ ਭਰੋਸਾ ਹੀ ਨਹੀਂ ਕਰਦਾ। ਕਹਿੰਦੇ ਹਨ ਕਿ ਤੁਹਾਡਾ ਬਿਲ ਕੌਣ ਦੇਵੇਗਾ, ਤੁਸੀਂ ਕਹਿੰਦੇ ਹੋ ਕਿ ਅਸੀਂ ਇਲਾਜ ਕਰਵਾ ਦਿਆਂਗੇ, who will believe you ? ਤੁਹਾਡੇ ਤੇ ਕੌਣ ਟਰੱਸਟ ਕਰਦਾ ਹੈ ? ਸਾਡੀ ਸਰਕਾਰ ਦੀ ਗੁੱਡਵਿਲ ਬਾਕੀਆਂ ਨਾਲੋਂ ਅੱਜ ਵੀ ਜ਼ਿਆਦਾ ਹੈ ਔਰ ਰਹੇਗੀ ਵੀ। ਜਦੋਂ ਤੱਕ ਸਾਡੇ ਕੋਲ ਸਰਕਾਰ ਇਹ ਹੈ, ਅਸੀਂ ਇਨ੍ਹਾਂ ਨਾਲੋਂ ਬੈਟਰ ਸਰਕਾਰ ਨੂੰ ਚਲਾਵਾਂਗੇ। ਇਸੇ ਕਰਕੇ ਕੱਲ੍ਹ ਬਾਦਲ ਸਾਹਿਬ ਨੇ ਕਿਹਾ ਸੀ ਕਿ ਤੁਹਾਡਾ (ਆਪੋਜੀਸ਼ਨ ਦਾ) ਨੰਬਰ ਨਹੀਂ ਅਜੇ ਆਉਣਾ, ਅਸੀਂ ਹਾਲੇ 25 ਸਾਲ ਸਰਕਾਰ ਹੋਰ ਚਲਾਉਣੀ ਹੈ। ਇਸ ਕਰਕੇ ਮੈਂ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਖਿਲਾਫ ਨਿੰਦਾ ਪ੍ਰਸਤਾਵ ਲਿਆਂਦਾ ਜਾਵੇ ਔਰ ਉਹ ਬਿਲਕੁਲ ਹਾਊਸ ਵਿੱਚ ਆਉਣਾ ਨਹੀਂ ਚਾਹੁੰਦੇ। ਇਸ ਤੋਂ ਵੱਧ ਕਦਮ ਅਸੀਂ ਉਠਾ ਨਹੀਂ ਸਕਦੇ।

ਮਾਨਯੋਗ ਸਪੀਕਰ : ਮਿੱਤਲ ਸਾਹਿਬ, ਤੁਹਾਡਾ ਖਿਆਲ ਹੈ ਕਿ ਰੈਜ਼ੋਲਿਊਸ਼ਨ ਮੂਵ ਨਾ ਕੀਤਾ ਜਾਵੇ ?

ਉੱਪ ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਸਟਰੌਂਗਲੀ ਕੰਡੈਮ ਕਰਦਾ ਹਾਂ, ਜੋ ਮਿੱਤਲ ਸਾਹਿਬ ਨਾਲ ਉਨ੍ਹਾਂ ਨੇ ਕੀਤਾ ਹੈ। ਉਹ ਵੀ ਹਾਊਸ ਦੇ ਵਿੱਚ ਹੀ ਕੀਤਾ ਹੈ, ਭਾਵੇਂ ਕਿ ਇਸ ਹਾਊਸ ਦੇ ਵਿੱਚ ਨਹੀਂ, ਬਿਲਕੁਲ ਇਸ ਕਮਰੇ ਵਿੱਚ ਨਹੀਂ, ਭਾਵੇਂ ਇਥੋਂ ਬਾਹਰ ਕੀਤਾ ਹੈ ਪਰ ਕੀਤਾ ਤਾਂ within the Assembly ਹੈ। ਆਪ ਜੀ ਦੇ ਸੁਝਾਅ ਤੇ ਅਤੇ ਸਾਰਿਆਂ ਦੇ ਸੁਝਾਅ ਤੇ, ਅਸੀਂ ਆਪ ਪਹਿਲਾਂ ਜ਼ਿਕਰ ਕੀਤਾ, ਸਾਡੇ ਮਨਿਸਟਰ ਸਾਹਿਬ ਗਏ, ਪਰ ਉਹ ਉਨ੍ਹਾਂ ਨੂੰ ਬੜੀ abusive language ਨਾਲ ਬੋਲੇ ਤੇ ਦੂਜੀਆਂ ਗੱਲਾਂ ਕਹੀਆਂ। ਫਿਰ ਮਿੱਤਲ ਸਾਹਿਬ ਜੋ ਕਿ ਪਾਰਲੀਮੈਂਟਰੀ ਮਨਿਸਟਰ ਹਨ, ਉਹ ਉਨ੍ਹਾਂ ਕੋਲ ਗਏ ਪਰ ਉਨ੍ਹਾਂ ਨੂੰ ਤਾਂ ਫਿਜ਼ੀਕਲੀ ਐਸਾਲਟ ਕੀਤਾ। ਇਸ ਤੋਂ ਵੱਧ ਕੀ ਹੋ ਸਕਦਾ ਹੈ ਕਿ ਉਨ੍ਹਾਂ ਦੇ ਮਨ ਵਿੱਚ ਲਾਅ ਪ੍ਰਤੀ ਕੀ ਰਿਸਪੈਕਟ ਹੈ ? ਕਾਂਗਰਸ ਦੇ ਮਨ ਵਿੱਚ ਲਾਅ ਦੀ ਕੀ ਰਿਸਪੈਕਟ ਹੈ ? ਇਹ ਤੁਹਾਡੇ ਸਾਹਮਣੇ ਹੈ। ਉਹ ਤਾਂ ਪਾਰਲੀਮੈਂਟ ਜਾਂ ਅਸੈਂਬਲੀ ਵਿੱਚ ਵੀ ਡੈਕੋਰਮ ਨਹੀਂ ਰੱਖਦੇ। ਉਹ ਤਾਂ ਲਾਅ ਨੂੰ ਅਸੈਂਬਲੀ ਵਿੱਚ ਵੀ ਆਪਣੇ ਹੱਥ ਵਿੱਚ ਹੀ ਰੱਖਦੇ ਹਨ। ਉਹ ਤਾਂ ਆਪਣੇ ਮਨਿਸਟਰ ਨੂੰ ਤੇ ਕੁਲੀਗ ਨੂੰ ਵੀ ਧੱਕਾ ਮਾਰਦੇ ਹਨ ਤੇ ਥੱਲੇ ਡੇਗਦੇ ਹਨ। ਉਨ੍ਹਾਂ ਨੂੰ ਐਸਾਲਟ ਕੀਤਾ ਗਿਆ ਹੈ ਤੇ ਉਹ

Original with;
Punjab Vidhan Sabha
Digitized by;
Panjab Digital Library

ਥੱਲੇ ਡਿੱਗ ਪਏ। ਇਸ ਤੋਂ ਵੱਧ ਲਾਅ ਦੇ ਖਿਲਾਫ ਕੌਣ ਹੋ ਸਕਦਾ ਹੈ। ਜਿਹੜਾ ਕੁਝ ਉਹ ਐਸੰਬਲੀ ਵਿੱਚ ਕਰਦੇ ਹਨ, ਤੁਹਾਨੂੰ ਪਤਾ ਹੈ ਕਿ ਪੰਜਾਬ ਵਿੱਚ ਇਹ ਕੀ ਕੁਝ ਕਰਦੇ ਹਨ। ਕਿਵੇਂ ਇੰਸਟੀਗੇਟ ਕਰਦੇ ਹਨ। ਇਸ ਕਰਕੇ ਸਮੁੱਚੇ ਹਾਊਸ ਵੱਲੋਂ ਮੈਂ ਇਹੀ ਬੇਨਤੀ ਕਰਦਾ ਹਾਂ ਕਿ ਯੂਨੈਨੀਮਸਲੀ ਸਾਰਾ ਹਾਊਸ ਸਟਰੌਂਗ ਵਰਡਜ਼ ਨਾਲ ਕੰਡੈਮ ਕਰੇ ਜੋ ਕੁਝ ਸਾਰੇ ਆਪੋਜੀਸ਼ਨ ਬੈਂਚਿਜ਼ ਵਾਲਿਆਂ ਨੇ ਮਿੱਤਲ ਸਾਹਿਬ ਨਾਲ ਕੀਤਾ ਹੈ।

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, ਅਸੀਂ ਰੈਜ਼ੋਲਿਊਸ਼ਨ ਮੂਵ ਕਰਦੇ ਹਾਂ ਇਸ ਗੱਲ ਉੱਤੇ I feel very much hurt ਔਰ ਜੋ ਕੁਝ ਗੈਲਰੀ ਵਿੱਚ ਹੋ ਰਿਹਾ ਹੈ, ਉਸ ਉੱਤੇ ਪਾਬੰਦੀ ਲਗਾਈ ਜਾਵੇ। ਉਨ੍ਹਾਂ ਦੇ ਐਕਸ਼ਨ ਨੂੰ ਕੰਡੈਮ ਕੀਤਾ ਜਾਵੇ। ਜਿਵੇਂ ਡਿਪਟੀ ਸੀ. ਐਮ. ਸਾਹਿਬ ਨੇ ਕਿਹਾ ਹੈ ਔਰ ਜੋ ਵਿਧਾਨ ਸਭਾ ਦੇ ਕੰਪਲੈਕਸ ਵਿੱਚ ਅਸੀਂ ਉਨ੍ਹਾਂ ਨੂੰ ਕਮਰਾ ਦਿੱਤਾ ਹੈ, ਉਹ ਉੱਥੇ ਬੈਠਣ, ਡਿਸਕਸ਼ਨ ਕਰਨ ਜਾਂ ਜੋ ਕੁਝ ਮਰਜ਼ੀ ਕਰਨ ਲੇਕਿਨ ਲਾਬੀ ਵਿੱਚ ਸਾਰੀ ਥਾਂ ਤੇ ਸਾਰੇ ਵਾਤਾਵਰਣ ਨੂੰ ਜਿਵੇਂ ਡਿਸਟਰਬ ਕੀਤਾ ਜਾ ਰਿਹਾ ਹੈ, this should not be allowed to operate within the premises of the Vidhan Sabha.

SUBSTANTIVE MOTION

REG. INDECENT BEHAVIOUR OF THE MEMBERS OF THE OPPOSITION

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

> "ਕਿ ਸਦਨ ਦੁਆਰਾ ਲਏ ਗਏ ਫੈਸਲੇ ਅਨੁਸਾਰ ਸੰਸਦੀ ਮਾਮਲਿਆਂ ਦੇ ਮੰਤਰੀ, ਸ਼੍ਰੀ ਮਦਨ ਮੋਹਨ ਮਿੱਤਲ ਵੱਲੋਂ ਆਪੋਜ਼ੀਸ਼ਨ ਦੇ ਲੀਡਰ ਸਾਹਿਬਾਨ ਨੂੰ ਸਦਨ ਦੀਆਂ ਕੱਲ੍ਹ ਦੇ ਮਤੇ ਨੂੰ ਮਨਸੂਖ ਕਰਨ ਸਬੰਧੀ ਭਾਵਨਾਵਾਂ ਤੋਂ ਜਾਣੂੰ ਕਰਵਾਉਣ ਅਤੇ ਕਾਰਵਾਈ ਵਿੱਚ ਹਿੱਸਾ ਲੈਣ, ਲੋਕਤੰਤਰ ਦੀਆਂ ਕਦਰਾਂ-ਕੀਮਤਾਂ ਨੂੰ ਬਹਾਲ ਰੱਖਣ ਅਤੇ ਸਦਨ ਦੀ ਕਾਰਵਾਈ ਸੁਚਾਰੂ ਢੰਗ ਨਾਲ ਚਲਾਉਣ ਲਈ ਸਹਿਯੋਗ ਦੇਣ ਲਈ ਸੰਪਰਕ ਕਰਨ ਤੇ ਉਨ੍ਹਾਂ ਨਾਲ ਆਪੋਜ਼ੀਸ਼ਨ ਮੈਂਬਰਾਂ ਵੱਲੋਂ ਦੁਰ-ਵਿਵਹਾਰ ਦੀ ਸਦਨ ਘੋਰ ਨਿੰਦਾ ਕਰਦਾ ਹੈ।"

Original with;
Punjab Vidhan Sabha
Digitized by;
Panjab Digital Library

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ –

"ਕਿ ਸਦਨ ਦੁਆਰਾ ਲਏ ਗਏ ਫੈਸਲੇ ਅਨੁਸਾਰ ਸੰਸਦੀ ਮਾਮਲਿਆਂ ਦੇ ਮੰਤਰੀ, ਸ਼੍ਰੀ ਮਦਨ ਮੋਹਨ ਮਿੱਤਲ ਵੱਲੋਂ ਆਪੋਜੀਸ਼ਨ ਦੇ ਲੀਡਰ ਸਾਹਿਬਾਨ ਨੂੰ ਸਦਨ ਦੀਆਂ ਕੱਲ੍ਹ ਦੇ ਮਤੇ ਨੂੰ ਮਨਸੂਖ ਕਰਨ ਸਬੰਧੀ ਭਾਵਨਾਵਾਂ ਤੋਂ ਜਾਣੂੰ ਕਰਵਾਉਣ ਅਤੇ ਕਾਰਵਾਈ ਵਿੱਚ ਹਿੱਸਾ ਲੈਣ, ਲੋਕਤੰਤਰ ਦੀਆਂ ਕਦਰਾਂ-ਕੀਮਤਾਂ ਨੂੰ ਬਹਾਲ ਰੱਖਣ ਅਤੇ ਸਦਨ ਦੀ ਕਾਰਵਾਈ ਸੁਚਾਰੂ ਢੰਗ ਨਾਲ ਚਲਾਉਣ ਲਈ ਸਹਿਯੋਗ ਦੇਣ ਲਈ ਸੰਪਰਕ ਕਰਨ ਤੇ ਉਨ੍ਹਾਂ ਨਾਲ ਆਪੋਜੀਸ਼ਨ ਮੈਂਬਰਾਂ ਵੱਲੋਂ ਦੁਰ-ਵਿਵਹਾਰ ਦੀ ਸਦਨ ਘੋਰ ਨਿੰਦਾ ਕਰਦਾ ਹੈ।"

ਮਾਨਯੋਗ ਸਪੀਕਰ : ਪ੍ਰਸ਼ਨ ਹੈ –

"ਕਿ ਸਦਨ ਦੁਆਰਾ ਲਏ ਗਏ ਫੈਸਲੇ ਅਨੁਸਾਰ ਸੰਸਦੀ ਮਾਮਲਿਆਂ ਦੇ ਮੰਤਰੀ, ਸ਼੍ਰੀ ਮਦਨ ਮੋਹਨ ਮਿੱਤਲ ਵੱਲੋਂ ਆਪੋਜੀਸ਼ਨ ਦੇ ਲੀਡਰ ਸਾਹਿਬਾਨ ਨੂੰ ਸਦਨ ਦੀਆਂ ਕੱਲ੍ਹ ਦੇ ਮਤੇ ਨੂੰ ਮਨਸੂਖ ਕਰਨ ਸਬੰਧੀ ਭਾਵਨਾਵਾਂ ਤੋਂ ਜਾਣੂੰ ਕਰਵਾਉਣ ਅਤੇ ਕਾਰਵਾਈ ਵਿੱਚ ਹਿੱਸਾ ਲੈਣ, ਲੋਕਤੰਤਰ ਦੀਆਂ ਕਦਰਾਂ-ਕੀਮਤਾਂ ਨੂੰ ਬਹਾਲ ਰੱਖਣ ਅਤੇ ਸਦਨ ਦੀ ਕਾਰਵਾਈ ਸੁਚਾਰੂ ਢੰਗ ਨਾਲ ਚਲਾਉਣ ਲਈ ਸਹਿਯੋਗ ਦੇਣ ਲਈ ਸੰਪਰਕ ਕਰਨ ਤੇ ਉਨ੍ਹਾਂ ਨਾਲ ਆਪੋਜੀਸ਼ਨ ਮੈਂਬਰਾਂ ਵੱਲੋਂ ਦੁਰ-ਵਿਵਹਾਰ ਦੀ ਸਦਨ ਘੋਰ ਨਿੰਦਾ ਕਰਦਾ ਹੈ।"

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਇਹ ਐਕਸ਼ਨ ਜਿਹੜਾ ਉਨ੍ਹਾਂ ਨੇ ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਨਾਲ ਕੀਤਾ ਉਹ ਮੈਂ ਸਮਝਦਾ ਹਾਂ ਕਿ ਇਹ ਬੇਹੱਦ ਮਾੜਾ ਅਤੇ ਨਿੰਦਣਯੋਗ ਹੈ, ਇਸ ਲਈ ਪ੍ਰਸਤਾਵ ਪਾਸ ਕੀਤਾ ਜਾਂਦਾ ਹੈ।

RESUMPTION OF DISCUSSION ON THE LAW AND ORDER SITUATION IN THE STATE

ਮਾਨਯੋਗ ਸਪੀਕਰ : ਮਿਤੀ 19 ਦਸੰਬਰ, 2012 ਨੂੰ ਜਦੋਂ ਸਦਨ ਦੀ ਕਾਰਵਾਈ ਸਥੱਗਿਤ ਹੋਈ ਤਾਂ ਉਸ ਸਮੇਂ ਸਰਦਾਰ ਬਿਕਰਮ ਸਿੰਘ ਮਜੀਠੀਆ, ਮਾਲ ਮੰਤਰੀ ਰਾਜ ਵਿੱਚ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਦੀ ਬਹਿਸ ਤੇ ਬੋਲ ਰਹੇ ਸਨ। ਹੁਣ ਉਹ ਆਪਣਾ ਭਾਸ਼ਣ ਮੁੜ ਆਰੰਭ ਕਰਨ। ਮੈਂ ਚਾਹਵਾਂਗਾ ਕਿ ਇਹ ਜਲਦ ਖ਼ਤਮ ਕੀਤਾ

Original with;
Punjab Vidhan Sabha
Digitized by;
Panjab Digital Library

ਜਾਵੇ, ਟਾਈਮ ਘੱਟ ਹੈ। 70 ਮਿੰਟ ਅਕਾਲੀ ਦਲ ਨੇ ਲੈ ਲਏ ਹਨ ਹਾਂ ਜੀ ਮਜੀਠੀਆ ਸਾਹਿਬ।

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) : ਸਪੀਕਰ ਸਾਹਿਬ, ਮੈਂ ਆਪਣੇ ਦਾਦਾ ਜੀ ਜਿਹੜੇ ਦੇਸ਼ ਦੇ ਸਾਬਕਾ ਡਿਫੈਂਸ ਮਨਿਸਟਰ ਵੀ ਰਹੇ ਹਨ, ਡਿਪਟੀ ਡਿਫੈਂਸ ਮਨਿਸਟਰ, ਕਈ ਵਾਰੀ ਮੈਂਬਰ ਪਾਰਲੀਮੈਂਟ ਵੀ ਬਣੇ ਹਨ, ਪਹਿਲੇ ਅੰਬੈਸਡਰ ਵੀ ਬਣੇ ਨੇਪਾਲ ਦੇ, ਮੇਰਾ ਤੇ ਉਨ੍ਹਾਂ ਦਾ ਬੜਾ ਨੇੜੇ ਦਾ ਰਿਸ਼ਤਾ ਸੀ। ਮੇਰੀ 12-13 ਸਾਲ ਦੀ ਉਮਰ ਸੀ ਜਦੋਂ ਉਹ ਇਸ ਫਾਨੀ ਸੰਸਾਰ ਨੂੰ ਛੱਡ ਕੇ ਚਲੇ ਗਏ। ਸਪੀਕਰ ਸਾਹਿਬ, ਤੁਸੀਂ ਸਮਝ ਸਕਦੇ ਹੋ ਕਿ ਦਾਦੇ-ਪੋਤੇ ਦਾ ਰਿਸ਼ਤਾ ਕਿਹੋ ਜਿਹਾ ਹੁੰਦਾ ਹੈ ਤੇ ਉਹ ਦਾਦੇ ਕੋਲੋਂ ਜਿਸ ਦੀਆਂ ਉਂਗਲਾਂ ਫੜ੍ਹ ਕੇ ਮੈਂ ਤੁਰਿਆਂ ਹੋਵਾਂ। ਮੈਂ ਆਪਣੀ ਜ਼ਿੰਦਗੀ ਦਾ ਵੱਧ ਸਮਾਂ ਆਪਣੇ ਦਾਦੇ ਨਾਲ ਬਿਤਾਇਆ। ਸਪੀਕਰ ਸਾਹਿਬ, ਜਦੋਂ ਉਹ ਪੂਰੇ ਹੋਏ ਉਸ ਦਿਨ ਮੈਂ ਬੜਾ ਉਦਾਸ ਸੀ, ਮਗਰ ਮੈਂ ਅਸਲੀਅਤ ਦੱਸਦਾਂ ਉਸ ਦਿਨ ਮੈਨੂੰ ਨੀਂਦ ਵੀ ਨਹੀਂ ਆਈ ਸੀ ਔਰ ਸਪੀਕਰ ਸਾਹਿਬ, ਕੱਲ੍ਹ ਰਾਤ ਵੀ ਮੈਨੂੰ ਨੀਂਦ ਨਹੀਂ ਆਈ। ਮੈਨੂੰ ਨੀਂਦ ਦੋ ਵੱਡੇ ਕਾਰਨਾਂ ਕਰਕੇ ਨਹੀਂ ਆਈ। ਸਪੀਕਰ ਸਾਹਿਬ, ਮੈਨੂੰ ਬੋਲਣ ਦੀ ਇਜਾਜ਼ਤ ਤੁਸੀਂ ਦਿੱਤੀ, ਤੁਸੀਂ ਇਸ ਪਵਿੱਤਰ ਸਦਨ ਦੇ ਕਸਟੋਡੀਅਨ ਹੋ। ਬੜੇ ਪਿਆਰ ਨਾਲ ਬੜੇ ਸੋਚ ਸਮਝ ਨਾਲ ਸਾਰਿਆਂ ਦੀ ਮਨਜ਼ੂਰੀ ਨਾਲ ਭਾਵੇਂ ਉਹ ਆਪੋਜੀਸ਼ਨ ਸੀ, ਭਾਵੇਂ ਉਹ ਰੂਲਿੰਗ ਪਾਰਟੀ ਸੀ ਇਹ ਫੈਸਲਾ ਹੋਇਆ ਅਤੇ ਬਾਦਲ ਸਾਹਿਬ ਨੇ ਗੱਲ ਕੀਤੀ ਕਿ ਮੈਂ ਆਪਣਾ ਹੱਕ ਛੱਡਦਾ ਹਾਂ। ਤੁਸੀਂ ਬਹਿਸ ਕਰੋ। ਗੱਲ ਕਰੋ ਖੁੱਲ੍ਹ ਕੇ, ਮਗਰ ਸੁਣ ਕੇ ਵੀ ਜਾਇਓ। ਚਲੋ ਉਨ੍ਹਾਂ ਨੇ ਤਾਂ ਕਰ ਲਈਆਂ, ਮਗਰ ਸਪੀਕਰ ਸਾਹਿਬ, ਸੁਖਬੀਰ ਜੀ ਨੇ ਗੱਲ ਕਹੀ। ਇਹ ਅਸਲੀਅਤ ਦੀ ਗੱਲ ਹੈ ਕਿ ਕੀ ਇਹ ਸਭ ਸੋਚੀ-ਸਮਝੀ ਸਾਜ਼ਿਸ਼, ਰਾਜਨੀਤੀ, ਮਾੜੀ ਸੋਚ ਦੇ ਤਹਿਤ ਹੋਇਆ। ਜਨਾਬ ਦੇ ਕਮਰੇ ਵਿੱਚ ਬਿਜ਼ਨਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਚਲਦੀ ਸੀ, ਮੈਂ ਤੁਹਾਨੂੰ ਮਿਲਣ ਆਇਆ, ਮੈਂ ਦਰਵਾਜ਼ਾ ਖੋਲ੍ਹਿਆ ਤੇ ਜਾਖੜ ਸਾਹਿਬ, ਲਾਲ ਸਿੰਘ, ਸੁਖਬੀਰ ਜੀ, ਰਾਣਾ ਸੋਢੀ ਜੀ ਸਭ ਬੈਠੇ ਸਨ। ਮੈਨੂੰ ਲਾਲ ਸਿੰਘ ਨੇ ਗੱਲ ਕਹੀ ਕਿ ਤੈਨੂੰ ਨਹੀਂ ਅਸੀਂ ਚੱਲਣ ਦਿੰਦੇ, ਸਾਡਾ ਤਾਂ ਪਲੈਨ ਹੀ ਇਹੋ ਹੈ। ਚਲੋ, ਮੈਂ ਹਾਸੇ ਵਿੱਚ ਕਹਿ ਦਿੱਤਾ ਕਿ ਲਾਲ ਸਿੰਘ ਜੀ ਬੰਦਿਆਂ ਦੇ ਚਲਾਇਆਂ ਤਾਂ ਕੋਈ ਵੀ ਨਹੀਂ ਚੱਲਦਾ, ਰੱਬ ਚੱਲਦਾ ਰੱਖੇ, ਹੋਰ ਕਿਸੇ ਦਾ ਡਰ ਕੋਈ ਨਹੀਂ। ਮੈਂ ਇੰਨੀ ਗੱਲ ਕਹਿ ਕੇ ਆ ਗਿਆ। ਮੈਂ ਕਿਹਾ ਚਲੋ ਸਿਆਣੇ ਹਨ, ਮੇਰੇ ਬਜ਼ੁਰਗ ਹਨ। ਚਲੋ, ਕਹਿ ਦਿੱਤੀ ਗੱਲ ਤਾਂ ਕੋਈ ਗੱਲ ਨਹੀਂ। ਮਗਰ ਸਪੀਕਰ ਸਾਹਿਬ, ਕੱਲ੍ਹ ਜਦੋਂ ਮੈਂ ਆਪਣੀ ਪਾਰਟੀ ਦੀ ਗੱਲ ਕਰ ਰਿਹਾ ਸੀ, ਲਾਅ ਐਂਡ ਆਰਡਰ ਦੀ ਗੱਲ

Original with;
Punjab Vidhan Sabha
Digitized by;
Panjab Digital Library

[ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ]

ਕਰ ਰਿਹਾ ਸੀ। ਸਪੀਕਰ ਸਾਹਿਬ, ਇੱਜ਼ਤਮੰਦ ਬੰਦੇ ਹਾਂ, ਗੈਰਤਮੰਦ ਬੰਦੇ ਹਾਂ। ਸਭ ਦੀ ਮਾਂ ਸਭ ਨੂੰ ਪਿਆਰੀ ਹੁੰਦੀ ਹੈ। ਮੈਂ ਰਿਐਕਟ ਉਦੋਂ ਕੀਤਾ। ਸਪੀਕਰ ਸਾਹਿਬ, ਪਹਿਲਾਂ ਤਾਂ ਇਹ ਅਖਾੜਾ ਨਹੀਂ, ਤੁਸੀਂ ਮੈਨੂੰ threatening way ਨਾਲ ਮੇਰੇ ਪ੍ਰਤੀ ਵਧੇ, ਫਿਰ ਤੁਸੀਂ ਮੇਰੀ ਮਾਂ ਬਾਰੇ ਬੁਰਾ-ਭਲਾ ਕਹੋ। ਸਪੀਕਰ ਸਾਹਿਬ, ਮੈਂ ਵਿਧਾਨ ਸਭਾ ਵਿੱਚ ਆਪਣੀ ਮਾਂ ਦੇ ਖਿਲਾਫ ਗਾਲ੍ਹਾਂ ਸੁਣਨ ਨਹੀਂ ਆਇਆ। ਮੇਰੇ ਤੋਂ ਆਪਣੀ ਮਾਂ ਬਾਰੇ ਬੁਰਾ-ਭਲਾ ਬਰਦਾਸ਼ਤ ਨਹੀਂ ਹੁੰਦਾ। It is unfortunate ਔਰ ਸਭ ਉਸ ਤੋਂ ਬਾਅਦ ਹੋਇਆ। ਮਗਰ ਸਪੀਕਰ ਸਾਹਿਬ, ਮੈਨੂੰ ਉਸ ਹੱਦ ਤੱਕ ਲਿਜਾਣ ਵਾਲੇ ਉਹ ਸਨ। ਜਾਖੜ ਸਾਹਿਬ ਨੇ ਕੱਲ੍ਹ ਗੱਲ ਕੀਤੀ ਸੀ ਕਿ his father is an ideal for him, ਹਰੇਕ ਦਾ ਬਾਪ ਉਸ ਦੇ ਵਾਸਤੇ ਆਈਡਲ ਹੁੰਦਾ ਹੈ। ਕੀ ਮੇਰੀ ਮਾਂ ਮੇਰੇ ਵਾਸਤੇ ਆਈਡਲ ਨਹੀਂ, ਮੈਂ ਆਪਣੀ ਮਾਂ ਨੂੰ ਕੀ ਮੂੰਹ ਵਿਖਾਉਂਦਾ ਜਿਸ ਮਾਂ ਨੇ ਕਦੇ ਕਿਸੇ ਨੂੰ ਵੀ ਬੁਰਾ-ਭਲਾ ਨਾ ਕਿਹਾ ਹੋਵੇ। ਸਿਰਫ ਇਹੀ ਗੱਲ ਕਹੀ ਹੋਵੇ ਕਿ ਜਿਊਂਦਾ ਰਹਿ ਬੇਟਾ, ਹੱਸਦਾ ਰਹਿ, ਵਸਦਾ ਰਹਿ। ਕੀ ਮੈਂ ਉਸ ਦੇ ਨਾਂ ਦੀਆਂ ਗਾਲ੍ਹਾਂ ਸੁਣਨ ਆਇਆਂ ਹਾਂ। ਸਪੀਕਰ ਸਾਹਿਬ, I am very hurt. I am very disturbed. ਮੈਂ ਸਮਝਦਾ ਹਾਂ ਕਿ ਇੱਥੇ ਕੋਈ ਬੰਦਾ ਨਹੀਂ ਦੇਖਿਆ ਹੋਣਾ ਜਿਹੜਾ ਆਪਣੀ ਮਾਂ ਦੇ ਖਿਲਾਫ਼ ਗਾਲ੍ਹਾਂ ਸੁਣ ਕੇ ਬੈਠ ਜਾਵੇ। ਮੈਨੂੰ ਇਸ ਗੱਲ ਦਾ ਬੜਾ ਦੁੱਖ ਹੈ। ਆਪਾਂ ਗੱਲ ਕੀ ਕਰਨੀ ਸੀ, ਮੁੱਦਾ ਕੀ ਸੀ ? ਅੱਜ ਜੋ ਕੁਝ ਸਾਡੇ ਸਤਿਕਾਰਯੋਗ ਵਜ਼ੀਰ ਨਾਲ ਕੀਤਾ। ਦੱਸੋ, ਮਿੱਤਲ ਸਾਹਿਬ ਨੂੰ ਧੱਕੇ ਮਾਰੇ, ਮਿੱਤਲ ਸਾਹਿਬ ਨੂੰ ਜ਼ਲੀਲ ਕੀਤਾ। ਕੀ ਮਿੱਤਲ ਸਾਹਿਬ ਜ਼ਲੀਲ ਨਹੀਂ ਹੋਏ ਹੋਣਗੇ? ਉਹ ਜਿਹੜੀ ਮਾੜੀ ਸੋਚ ਵਾਲੇ ਇਹੋ ਜਿਹਾ ਕੰਮ ਕਰਦੇ ਹਨ, ਜ਼ਲੀਲ ਇਨ੍ਹਾਂ ਨੂੰ 2012 ਦੀ ਇਲੈਕਸ਼ਨ ਵਿੱਚ ਹੋਣਾ ਪਿਆ। ਜ਼ਲੀਲ ਇਨ੍ਹਾਂ ਨੂੰ 2007 ਦੀ ਇਲੈਕਸ਼ਨ ਵਿੱਚ ਪੰਜਾਬ ਦੇ ਲੋਕਾਂ ਦੇ ਹੱਥੋਂ ਹੋਣਾ ਪਿਆ ਤੇ ਜੇ ਇਹੀ ਮਾੜੇ ਕਾਰਨਾਮੇ ਰਹੇ, ਸਪੀਕਰ ਸਾਹਿਬ ਤਾਂ ਪੰਜਾਬ ਦੇ ਲੋਕ ਇਨ੍ਹਾਂ ਨੂੰ 2014 ਵਿੱਚ ਦਿੱਲੀ ਤੋਂ ਤਾਂ ਕੀ ਪੰਜਾਬ ਵਿੱਚ ਵੀ ਚਲਦਾ ਕਰ ਦੇਣਗੇ। ਇਹ ਹਾਲਾਤ, ਅੱਜ ਮੈਂ ਜੱਜ ਬਣਾਂ, ਅੱਜ ਮੈਂ ਇਸ ਗੱਲ ਦਾ ਫੈਸਲਾ ਕਰਾਂ ਕਿ ਕਿਸ ਦੀ ਕਾਰਗੁਜ਼ਾਰੀ ਚੰਗੀ, ਕਿਸ ਦੀ ਕਾਰਗੁਜ਼ਾਰੀ ਮਾੜੀ, ਸਪੀਕਰ ਸਾਹਿਬ ਡੈਮੋਕਰੇਸੀ ਵਿੱਚ ਜਮਹੂਰੀਅਤ ਵਿੱਚ ਲੋਕ ਸਭ ਤੋਂ ਟੈਸਟ ਲੈਂਦੇ ਹਨ। ਸਭ ਤੋਂ ਵੱਡਾ ਟੈਸਟ ਲੋਕ ਕਰਦੇ ਹਨ। ਸਪੀਕਰ ਸਾਹਿਬ, ਇਤਿਹਾਸ ਰਚਿਆ ਗਿਆ। ਇਤਿਹਾਸ ਕਿਵੇਂ ਰਚਿਆ ਗਿਆ, ਜਦੋਂ ਕਿ ਇਨ੍ਹਾਂ ਨੇ ਪਹਿਲਾਂ ਸ਼ਰਾਰਤ ਕੀਤੀ। ਸ਼੍ਰੋਮਣੀ ਅਕਾਲੀ ਦਲ ਨੂੰ ਦੋ ਹਿੱਸਿਆਂ ਵਿੱਚ ਕਰਨ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਨੂੰ ਇਵੇਂ ਸੀ ਕਿ ਜਿਵੇਂ ਮਹਾਂਰਾਸ਼ਟਰ ਵਿੱਚ ** ** ਨੂੰ ਅੱਡ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਕਰਕੇ ਸ਼ਾਇਦ ਚੋਰ ਮੋਰੀ ਰਾਹੀਂ ਜਿਵੇਂ ਕਾਂਗਰਸ ਨਿਕਲ ਆਈ, ਸ਼ਾਇਦ ਉਵੇਂ ਪੰਜਾਬ ਵਿੱਚ ਵੀ ਉਸੇ ਚੋਰ ਮੋਰੀ ਰਾਹੀਂ ਰਾਜ ਵਿੱਚ ਕਾਂਗਰਸ ਪਾਰਟੀ ਨਿਕਲ ਕੇ ਆ ਜਾਵੇਗੀ। ਰਾਜ ਦੇ ਲੋਕ ਸਿਆਣੇ ਬਹੁਤ ਹਨ। ਪੰਜਾਬ ਦੇ ਲੋਕ ਸੂਝਵਾਨ ਬਹੁਤ ਹਨ। ਪੰਜਾਬ ਦੇ ਲੋਕ ਡੂੰਘਾਈ ਵਿੱਚ ਜਾਣ ਵਾਲੇ ਹਨ। ਉਨ੍ਹਾਂ ਨੇ ਸਾਰੀਆਂ ਗੱਲਾਂ ਨੂੰ ਵਿਚਾਰਿਆ, ਜਿਸ ਵਿੱਚ ਲਾਅ ਐਂਡ ਆਰਡਰ ਵੀ ਬੜਾ ਵੱਡਾ ਮੁੱਦਾ ਸੀ, ਜਿਸ ਵਿੱਚ ਡਿਵੈਲਪਮੈਂਟ ਵੀ ਬੜਾ ਵੱਡਾ ਮੁੱਦਾ ਸੀ, ਜਿਸ ਵਿੱਚ ਸਾਫ ਤੇ ਸਵੱਛ ਤਰੀਕੇ ਨਾਲ ਪਾਰਦਰਸ਼ੀ ਤਰੀਕੇ ਨਾਲ ਡੇਢ ਲੱਖ ਨੌਜਵਾਨਾਂ ਨੂੰ, ਬੱਚੇ-ਬੱਚੀਆਂ ਨੂੰ ਨੌਕਰੀ ਦੇਣ ਦਾ ਵੀ ਮੁੱਦਾ ਸੀ, ਲੋੜਵੰਦਾਂ ਨੂੰ ਭਲਾਈ ਦੀਆਂ ਸਕੀਮਾਂ ਦੇਣ ਦਾ ਵੀ ਮੁੱਦਾ ਸੀ ਔਰ ਸੈਂਟਰ ਦੀ ਮਹਿੰਗਾਈ ਦੇ ਉਲਟ ਗਰੀਬਾਂ ਦਾ ਹੱਥ ਫੜ੍ਹ ਕੇ ਉਨ੍ਹਾਂ ਨੂੰ ਹਿੱਕ ਨਾਲ ਲਾਉਣ ਦਾ ਸਰਦਾਰ ਬਾਦਲ ਦਾ ਸਸਤੇ ਰੇਟਾਂ ਤੇ ਆਟਾ ਤੇ ਦਾਲ ਦੇਣ ਦਾ ਫੈਸਲਾ ਵੀ ਇੱਕ ਮੁੱਦਾ ਸੀ। ਸਪੀਕਰ ਸਾਹਿਬ, ਇਨ੍ਹਾਂ ਸਾਰੇ ਮੁੱਦਿਆਂ ਨੂੰ ਕਰਨ ਤੋਂ ਬਾਅਦ ਪੰਜਾਬ ਦੇ ਲੋਕਾਂ ਨੇ ਇਤਿਹਾਸ ਬਦਲ ਦਿੱਤਾ, ਰਿਕਾਰਡ ਬਦਲ ਦਿੱਤਾ। 65 ਸਾਲ ਦਾ ਰਿਕਾਰਡ ਬਦਲ ਕੇ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ, ਸਰਦਾਰ ਪਰਕਾਸ਼ ਸਿੰਘ ਬਾਦਲ ਦੇ ਹੱਕ ਵਿੱਚ ਫਤਵਾ ਦੇ ਦਿੱਤਾ। ਸਰਦਾਰ ਸੁਖਬੀਰ ਸਿੰਘ ਜੀ ਦੀ ਅਗਵਾਈ, ਉਨ੍ਹਾਂ ਦੀ ਮਾਰਗਦਰਸ਼ਤਾ ਜੋ ਉਹ ਸਾਨੂੰ ਦਿੰਦੇ ਹਨ, ਉਸ ਉੱਤੇ ਪਹਿਰਾ ਦੇ ਕੇ ਉਸ ਤੇ ਮੋਹਰ ਲਗਾ ਦਿੱਤੀ। ਸਪੀਕਰ ਸਾਹਿਬ, ਅੱਜ ਇਹ ਕਹਿੰਦੇ ਹਨ ਕਿ ਤੁਸੀਂ ਹੰਕਾਰੀ ਹੋ ਗਏ। ਅੱਜ ਅਸੀਂ ਕੀ ਇਨ੍ਹਾਂ ਦੀ ਟਿੱਪਣੀ ਸੁਣਨ ਵਾਸਤੇ ਆਏ ਹਾਂ ? ਕਦੇ ਕੋਈ ਆਸ ਕਰ ਸਕਦਾ ਸੀ ਕੀ ਇਨ੍ਹਾਂ ਨੂੰ ਕੰਸਟਰਕਟਿਵ ਆਪੋਜੀਸ਼ਨ ਦੇ ਮਤਲਬ ਦੀ ਸਮਝ ਹੈ ? ਇਹ ਕੰਸਟਰਕਟਿਵ ਆਪੋਜੀਸ਼ਨ ਨਹੀਂ ਕਰ ਸਕਦੇ। ਇਹ ਡਿਸਟਰੱਕਟਿਵ ਆਪੋਜੀਸ਼ਨ ਹੈ। ਇਹ ਫਰੱਸਟਰੇਟਿਡ ਆਪੋਜੀਸ਼ਨ ਹੈ। ਕਾਂਗਰਸ ਪਾਰਟੀ ਨੂੰ ਸਮਝ ਨਹੀਂ ਆ ਰਹੀ ਕਿ ਸਾਡਾ ਬਣੂੰ ਕੀ। ਸਪੀਕਰ ਸਾਹਿਬ, ਬਿਆਨ ਤਾਂ ਇਹ ਦਿੰਦੇ ਹਨ ਕਿ ਕਦੇ ਮਾਝੇ, ਮਾਲਵੇ, ਦੁਆਬੇ ਦਾ ਪ੍ਰਧਾਨ ਬਣੂੰ ਕਿਉਂ ? ਇਹ ਹਾਲਾਤ ਬਣੇ ਹੋਏ ਹਨ। ਇਕ ਦੂਜੇ ਦੀ ਪ੍ਰਧਾਨਗੀ ਕਬੂਲ ਕੇ ਰਾਜ਼ੀ ਨਹੀਂ। ਇਹ ਭਾਵੇਂ ਤਿੰਨ ਛੱਡੋ, ਭਾਵੇਂ 40-50 ਪ੍ਰਧਾਨ ਬਣਾ ਲੈਣ, ਜੇ ਆਦਤਾਂ ਨਾ ਬਦਲੀਆਂ ਤੇ ਅੱਜ 44 ਦੇ 44 ਦਸਾਂ ਤੇ ਜਾਣਗੇ। ਚਲੋ, ਸਪੀਕਰ ਸਾਹਿਬ, ਮੈਂ ਕੱਲ੍ਹ 2-3 ਗੱਲਾਂ ਕੀਤੀਆਂ। ਡਬਲ ਸਟੈਂਡਰਡਜ਼ ਵੇਖ ਲਓ। ਕਿਸ ਤਰੀਕੇ ਨਾਲ ਫਾਲੋ ਹੋ ਰਹੇ ਹਨ। ਸਾਰਾ ਰੌਲਾ ਕਦੋਂ ਪਿਆ। ਪਹਿਲਾਂ ਤਾਂ ਸੋਚੀ ਸਮਝੀ ਰਾਜਨੀਤੀ ਕਿ ਇਸ ਨੂੰ ਬਦਨਾਮ ਕਰੋ। ਸਪੀਕਰ ਸਾਹਿਬ, ਜੇ ਕੋਈ ਜਨਾਬ ਨੂੰ ਆ ਕੇ, ਬਗੈਰ ਕਿਸੇ ਪਰੂਫ ਦੇ ਬਗੈਰ ਕਿਸੇ ਸਬੂਤ ਦੇ ਹਾਊਸ ਦੇ ਕਿਸੇ ਮੈਂਬਰ ਨੂੰ ਵੀ ਇਹ ਕਹਿਣਾ ਸ਼ੁਰੂ ਕਰ ਦੇਵੇ ਕਿ ** ** ਸੁਭਾਵਿਕ ਹੈ ਕਿ ਬਰਦਾਸ਼ਤ ਕਰਨਾ ਬੜਾ ਔਖਾ ਹੈ। ਮਗਰ ਮੈਂ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ]

ਬਰਦਾਸ਼ਤ ਕੀਤਾ। ਮੇਰਾ ਬਰਦਾਸ਼ਤ ਉਦੋਂ ਮੁੱਕਿਆ ਜਿਵੇਂ ਜਾਖੜ ਸਾਹਿਬ ਕਹਿੰਦੇ ਉਨ੍ਹਾਂ ਦਾ ਬਜ਼ੁਰਗ, ਉਨ੍ਹਾਂ ਦੇ ਲਈ ਆਈਡਲ ਹੈ, ਮੇਰੀ ਮਾਤਾ ਵੀ ਮੇਰੇ ਲਈ ਸਭ ਕੁਝ ਹੈ। ਸਪੀਕਰ ਸਾਹਿਬ, ਇਸ ਲਈ ਮੈਂ ਬੇਨਤੀ ਕਰਾਂਗਾ ਕਿ ਸਿਆਸੀ ਮੈਨੂੰ ਸੌ ਗਾਲ੍ਹਾਂ ਕੱਢ ਲੈਣ, ਮੈਨੂੰ ਕੁੱਟ ਲੈਣ, ਮਾਰ ਲੈਣ, ਗੋਲੀ ਮਾਰ ਲੈਣ, ਮਗਰ ਮੇਰੀ ਮਾਂ ਖਿਲਾਫ ਮੇਰੇ ਤੋਂ ਇਕ ਸ਼ਬਦ ਨਹੀਂ ਬਰਦਾਸ਼ਤ ਹੁੰਦਾ। ਸਪੀਕਰ ਸਾਹਿਬ, ਮੈਂ ਦੋਹਰੇ ਮਾਪਦੰਡ ਦੀ ਗੱਲ ਕਰ ਰਿਹਾ ਸੀ। ਸਪੀਕਰ ਸਾਹਿਬ, ਹੈਰਾਨਗੀ ਦੀ ਗੱਲ ਹੈ ਕਿ ਮੇਰੇ ਸਾਥੀ ਮੈਨੂੰ ਵਾਰ-ਵਾਰ ਕਹਿੰਦੇ ਸੀ ਮੈਂ ਹਰਿਆਣੇ ਦੀ ਗੱਲ ਕਿਉਂ ਕੀਤੀ। ਕਿਉਂਕਿ ਅੱਜ ਸੁਖਬੀਰ ਜੀ ਨੇ ਬੜੇ ਵਿਸਥਾਰ ਨਾਲ ਉਸ ਰਿਪੋਰਟ ਬਾਰੇ ਕਹਿਣਾ ਹੈ। ਇਕ ਯੂਨੀਅਨ ਹੋਮ ਮਨਿਸਟਰੀ ਦੀ ਰਿਪੋਰਟ ਹੈ ਜਿਸ ਨੇ 28 ਸੂਬਿਆਂ ਵਿੱਚੋਂ, 7 ਯੂਨੀਅਨ ਟੈਰੀਟਰੀਆਂ ਵਿੱਚੋਂ ਪੰਜਾਬ ਦੀ ਸਥਿਤੀ ਨੂੰ ਬੜਾ ਬਿਹਤਰ ਮੰਨਿਆ ਹੈ ਤੇ ਕਈ ਸੂਬੇ ਇਨ੍ਹਾਂ ਦੇ ਹਨ ਜਿਨ੍ਹਾਂ ਦੀ ਮੈਂ ਕੱਲ੍ਹ ਵੀ ਗੱਲ ਕੀਤੀ ਸੀ। ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਤੇ ਸਰਦਾਰ ਸੁਖਬੀਰ ਸਿੰਘ ਜੀ ਬਾਦਲ ਦੀ ਮੈਂ ਸ਼ਲਾਘਾ ਕਰਦਾ ਹਾਂ ਕਿ ਉਨ੍ਹਾਂ ਨੇ ਗਵਾਂਢੀ ਸੂਬਿਆਂ ਦੀਆਂ ਤੱਤੀਆਂ ਹਵਾਵਾਂ, ਜੰਮੂ-ਕਸ਼ਮੀਰ ਦੀਆਂ, ਰਾਜਸਥਾਨ ਦੀਆਂ, ਹਰਿਆਣੇ ਦੀਆਂ, ਦਿੱਲੀ ਦੀਆਂ ਜਿਨ੍ਹਾਂ ਦੀਆਂ ਰੋਜ਼ ਅਸੀਂ ਅਖ਼ਬਾਰਾਂ ਪੜ੍ਹਦੇ ਹਾਂ, ਉਨ੍ਹਾਂ ਨੂੰ ਪੰਜਾਬ ਵਿੱਚ ਨਹੀਂ ਪਹੁੰਚਣ ਦਿੱਤਾ। ਸਪੀਕਰ ਸਾਹਿਬ, ਚੱਲੋ, ਮੈਂ ਅਗਲੀ ਗੱਲ ਕਰ ਦਿਆਂ ਕਿ ਰਾਜਨੀਤੀ ਕਿਹੋ ਜਿਹੀ ਖੇਡੀ ਗਈ ਸੀ। ਇਹ ਸਾਫ ਅੱਜ ਦੀ ਟ੍ਰਿਬਿਊਨ ਅਖ਼ਬਾਰ ਵਿੱਚ ਵੀ ਲਿਖਿਆ ਹੈ। ਜਾਖੜ ਸਾਹਿਬ ਨਾਲ ਇਸ ਗੱਲ ਦੀ ਨਰਾਜ਼ਗੀ ਵੀ ਹੋਈ ਕਿ ਤੂੰ ਉਹ ਗੱਲ ਨਹੀਂ ਬੋਲੀ ਜਿਹੜਾ ਸਾਡਾ ਪਲਾਨ ਸੀ। ਦੱਸੋ। ਤੁਸੀਂ ਲਾਅ ਐਂਡ ਆਰਡਰ ਡਿਸਕਸ ਕਰ ਰਹੇ ਹੋ। ਮੈਂ ਹਾਲੇ ਮਾੜਾ ਜਿਹਾ ਰਿਕਾਰਡ ਫਰੋਲਿਆ, ਰਿਕਾਰਡ ਤਾਂ ਮੇਰੇ ਕੋਲ ਬੜਾ ਹੈ। ਸਰਦਾਰ ਸੁਖਬੀਰ ਸਿੰਘ ਜੀ ਬਾਦਲ ਤੋਂ ਮੈਂ ਮੰਗ ਕਰਦਾ ਹਾਂ, ਉਹ ਹੁਣੇ ਹਾਊਸ ਵਿੱਚ ਵਾਪਸ ਆ ਜਾਂਦੇ ਹਨ। ਸਪੀਕਰ ਸਾਹਿਬ, ਸਾਰੇ ਐਮ.ਐਲ.ਏ. ਇੱਥੇ ਬੈਠੇ ਹਨ ਕੁਝ ਅਫ਼ਸਰ ਬੈਠੇ, ਬੇਸ਼ੱਕ ਪੰਜਾਬ ਦੇ ਲੋਕਾਂ ਨੂੰ ਪੁੱਛ ਲਉ। ਇਕ ਘਰ ਵਿੱਚ ਜਿਹੜਾ ਘਰ ਖੰਡਰ ਹੋ ਗਿਆ, ਜੇ ਉਸ ਘਰ ਵਿੱਚ 2-3 ਕਮਰੇ ਹੋਣ ਸਪੀਕਰ ਸਾਹਿਬ, ਮੈਂ ਉਹ ਰਾਣਾ ਗੁਰਜੀਤ ਸਿੰਘ ਦੇ ਏਕਤਾ ਭਾਵਨਾ ਦੀ ਗੱਲ ਕਰ ਰਿਹਾ ਹਾਂ। 20 ਆਰਮਜ਼ ਲਾਇਸੰਸ ਉੱਥੇ ਇਸ਼ੂ ਕੀਤੇ ਗਏ। 1 ਆਰਮਜ਼ ਲਾਇਸੰਸ ਤੇ 3 ਅਸਲੇ ਚੜ੍ਹਦੇ ਹਨ। ਇਸ ਤਰ੍ਹਾਂ 60 ਅਸਲੇ ਦੀ ਇੱਕ ਐਮ.ਐਲ.ਏ ਨੂੰ ਕਿਉਂ ਲੋੜ ਪੈ ਗਈ? ਕੀ ਉਹਦਾ ਘਰ ਤੋਪਖਾਨਾ ਹੈ? ਕੀ ਪਾਕਿਸਤਾਨ ਦੀ ਸਰਹੱਦ ਨਾਲ ਕੋਈ ਮੋਰਚਾ ਲੱਗਿਆ ਹੈ? ਕੀ ਉਹ ਜੰਗ ਲੜਨ ਚੱਲਿਆ ਹੈ? ਮੈਂ ਇਸ ਕ੍ਰਿਮੀਨਲਾਈਜੇਸ਼ਨ ਦੀ ਜਦ ਗੱਲ ਕੀਤੀ, ਮੈਂ ਇਸ ਦੀ ਗੱਲ

Original with;
Punjab Vidhan Sabha
Digitized by;
Punjab Digital Library

ਕੀਤੀ ਕਿ ਇਨਕੁਆਰੀ ਰੱਖੀ ਜਾਵੇ। ਅਖ਼ਬਾਰਾਂ ਨੇ ਲਿਖਿਆ ਹੈ ਕਿ ਸੁਖਦੇਵ ਸਿੰਘ ਨਾਮਧਾਰੀ ਦਾ ਲਾਇਸੰਸ ਬਾਜ਼ਪੁਰ ਵਿੱਚ ਰਹਿਣ ਵਾਲਾ, ਉਸ ਦਾ ਲਾਇਸੰਸ ਇੱਥੋਂ ਕੁਰਾਲੀ ਵਿੱਚੋਂ ਕਿਵੇਂ ਬਣ ਗਿਆ? ਘੋਖ ਹੋਵੇ, ਘੋਖ ਹੋਏਗੀ ਤੇ ਸਾਰੀ ਵਿਧਾਨ ਸਭਾ ਵਿੱਚ ਬਾਜ਼ਪੁਰ ਦੇ ਪਿਛੋਕੜ ਵਾਲਾ ਇੱਕੋ ਐਮ.ਐਲ.ਏ. ਹੈ, ਜੇ ਡੂੰਘਾਈ ਵਿੱਚ ਚਲੇ ਗਏ ਤੇ ਸਭ ਕੁਝ ਸਾਹਮਣੇ ਆ ਜਾਵੇਗਾ।

ਮਾਨਯੋਗ ਸਪੀਕਰ : ਜੋ ਕੱਲ੍ਹ ਰਿਕਾਰਡ ਤੇ ਆ ਗਿਆ, ਰਿਪੀਟ ਨਾ ਕਰੋ। ਇਹ ਤੁਹਾਡੀ ਸਾਰੀ ਗੱਲ ਰਿਕਾਰਡ ਤੇ ਆ ਚੁੱਕੀ ਹੈ, ਇਸ ਕਰਕੇ ਕਲੋਜ਼ ਕਰੋ। ਹੋਰ ਮੈਂਬਰ ਵੀ ਬੋਲਣਗੇ।

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ : ਮੈਂ ਅਗਲੀ ਗੱਲ ਤੇ ਆਉਂਦਾ ਹਾਂ। ਸਪੀਕਰ ਸਾਹਿਬ, ਪਹਿਲਾਂ ਤਾਂ ਮੈਨੂੰ ਇੱਕ ਗੱਲ ਦੀ ਤਸੱਲੀ ਹੈ ਕਿ ਕੈਪਟਨ ਅਮਰਿੰਦਰ ਸਿੰਘ ਦਾ ਸਾਰਾ ਹੀ ਪਿਛਲਾ ਰਿਕਾਰਡ ਕਢਾ ਲਉ, ਵਿਧਾਨ ਸਭਾ ਦੇ ਅੰਦਰ ਦਾ ਅਤੇ ਵਿਧਾਨ ਸਭਾ ਦੇ ਬਾਹਰ ਦਾ, ਅਖ਼ਬਾਰਾਂ ਦਾ, ਰੇਡੀਉ ਦਾ, ਟੀ.ਵੀ. ਚੈਨਲਾਂ ਦਾ, ਕਦੇ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਦੀ ਸਿਫਤ ਹੀ ਨਹੀਂ ਕੀਤੀ। ਚੱਲੋ, ਦੇਰ ਆਏ ਦਰੁਸਤ ਆਇਦ। ਹੌਲੀ-ਹੌਲੀ ਅਕਲ ਆ ਗਈ। ਅੱਜ ਜਿਹੜਾ ਸਰਦਾਰ ਬਾਦਲ ਨੂੰ ਖੂੰਡਾ ਵਿਖਾਉਂਦਾ ਸੀ, ਜਿਹੜਾ ਸਰਦਾਰ ਬਾਦਲ ਨੂੰ ਕਹਿੰਦਾ ਸੀ ਮੈਂ ਲੰਮੇ ਪਾ ਲਉ, ਅੱਜ ਅਖਬਾਰਾਂ ਵਿੱਚ ਕਹਿੰਦਾ ਹੈ, ਸਰਦਾਰ ਬਾਦਲ ਤੇਰੀ ਲੰਮੀ ਉਮਰ ਹੋਉ। ਮੈਂ ਤਾਂ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਦਾ ਹਾਂ। ਚੱਲੋ, ਅਕਲ ਆਈ ਤਾਂ ਮੈਂ ਸਮਝਦਾ ਹਾਂ ਕਿ ਮੇਰੇ ਕਰਕੇ ਆ ਗਈ ਕਿ ਜਿਸ ਨੂੰ ਸਾਰਾ ਪੰਜਾਬ ਪੂਜਦਾ ਹੈ, ਅੱਜ ਕੈਪਟਨ ਅਮਰਿੰਦਰ ਸਿੰਘ ਤੂੰ ਵੀ ਪੂਜਣ ਲੱਗ ਗਿਆ ਹੈ। ਮੈਨੂੰ ਇਸ ਗੱਲ ਦੀ ਖੁਸ਼ੀ ਹੈ। (ਥੰਪਿੰਗ) ਚੱਲੋ, ਮੈਂ ਅਖੀਰਲੀ ਗੱਲ ਤੇ ਆਉਂਦਾ ਹਾਂ। ਸਪੀਕਰ ਸਾਹਿਬ, ਜਿੱਥੇ ਮੈਂ ਸਾਰੀ ਇਨਕੁਆਰੀ ਦੀ ਡੂੰਘਾਈ ਤੇ ਜਾਂ ਕੇ ਮੰਗ ਕਰਦਾ ਹਾਂ ਉੱਥੇ ਸਪੀਕਰ ਸਾਹਿਬ, ਰੌਲਾ ਕਦੋਂ ਪਿਆ, ਜਦੋਂ As Home Minister ਸਾਡੇ ਤਾਂ ਡਿਸਕਸ਼ਨ ਹੋ ਰਹੀ ਹੈ। ਮੈਂ ਦਿੱਲੀ ਬਾਰੇ ਨਾ ਬੋਲਾਂ ਜਿਸ ਦੀ ਜ਼ਿੰਮੇਵਾਰੀ ਹੋਮ ਮਨਿਸਟਰ ਸਾਹਿਬ ਦੀ, ਸ਼ਿੰਦੇ ਸਾਹਿਬ ਦੀ ਹੈ, ਸ਼ੀਲਾ ਦੀਕਸ਼ਤ ਦੀ ਹੈ, ਮੈਂ ਹਰਿਆਣੇ ਬਾਰੇ ਨਾ ਬੋਲਾਂ, ਮੈਂ ਰਾਜਸਥਾਨ ਬਾਰੇ ਨਾ ਬੋਲਾਂ, ਮੈਂ ਪੰਜਾਬ ਦਾ ਜ਼ਿਕਰ ਕਰਾਂ ਤਾਂ ਮੈਨੂੰ ਗਾਲ੍ਹਾਂ ਪੈਣੀਆਂ ਸ਼ੁਰੂ ਹੋ ਜਾਣ। ਮੈਨੂੰ ਨਹੀਂ ਸਮਝ ਆਉਂਦੀ ਕਿ ਮੈਂ ਲਾਅ ਐਂਡ ਆਰਡਰ ਦੇ ਬਾਰੇ ਕਿਵੇਂ ਕਿਸੇ ਨੂੰ ਸਮਝਾ ਸਕਦਾ ਹਾਂ। ਮੇਰੀ ਮੋਟੀ ਜਿਹੀ ਗੱਲ ਹੈ। ਸਪੀਕਰ ਸਾਹਿਬ, ਆਹ ਸਾਰੇ ਕੇਸ ਹਨ। ਤੁਸੀਂ ਫੇਰ ਕਹਿਣਾ ਹੈ ਕਿ ਫਲਾਣੇ ਦਾ ਨਾਂ ਨਾ ਲੈ, ਢੀਂਗੜੇ ਦਾ ਨਾਂ ਨਾ ਲੈ। ਮੈਨੂੰ ਤਾਂ ਸਮਝ ਨਹੀਂ ਆਉਂਦੀ, ਬਿਨਾਂ ਬੋਲਿਆਂ ਹੀ ਤੁਸੀਂ ਸਾਰਾ ਕੁਝ ਜਾਣਦੇ ਹੋ। ਮੈਂ ਤਾਂ ਹੁਣ ਕੀ ਕਹਿ ਦੇਵਾਂ, ਮੈਂ ਤਾਂ ਸਾਰਾ ਰਿਕਾਰਡ ਹੀ ਪੇਸ਼ ਕਰ

Original with;
Punjab Vidhan Sabha
Digitized by;
Panjab Digital Library

[ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ]

ਦਿੰਦਾ ਹਾਂ। ਬੰਦੇ ਸੀ.ਐਮ. ਸਾਹਿਬ ਨੂੰ, ਕੈਪਟਨ ਅਮਰਿੰਦਰ ਸਿੰਘ ਹੋਰਾਂ ਨੂੰ ਕੰਪਲੇਂਟ ਕਰਦੇ ਸਨ ਕਿ ਸਾਡਾ ਕਤਲ ਹੋ ਜਾਣਾ ਹੈ ਤੇ ਉਹ ਕਹਿਣ ਲੱਗੇ ਕਿ ਤੁਹਾਡਾ ਕਤਲ ਨਹੀਂ ਕਰ ਸਕਦਾ। ਸਪੀਕਰ ਸਾਹਿਬ, ਇੱਕ ਮਹੀਨੇ ਬਾਅਦ ਉਨ੍ਹਾਂ ਦਾ ਵਾਕਿਆ ਹੀ ਕਤਲ ਹੋ ਜਾਂਦਾ ਹੈ ਅਤੇ ਕਤਲ ਕਰਨ ਵਾਲੇ ਕੈਪਟਨ ਅਮਰਿੰਦਰ ਸਿੰਘ ਹੋਰਾਂ ਦੀ ਗੱਡੀ ਚਲਾਉਂਦਿਆਂ ਦੀ ਫੋਟੋ ਮੈਂ ਜੇ ਕਹੋ ਤਾਂ ਰਿਕਾਰਡ ਵਿੱਚ ਰੱਖ ਸਕਦਾ ਹਾਂ। ਤੁਸੀਂ ਆਪ ਹੀ ਦੱਸੋ ਕਿ ਕੀ ਇਹ ਲਾਅ ਐਂਡ ਆਰਡਰ ਸੀ ? ਜਿਹੜੇ ਕਹਿਣ ਅਸੀਂ ਲੋਕਤੰਤਰ ਦੇ ਹਿਸਾਬ ਨਾਲ ਵੋਟਾਂ ਪਾਉਣੀਆਂ ਹਨ, ਉਨ੍ਹਾਂ ਦੀਆਂ ਮਾਵਾਂ ਭੈਣਾਂ ਤੇ ਪਰਚੇ ਹੋ ਜਾਂਦੇ ਹਨ ਕਿ ਜਿੱਥੇ ਮੈਂ ਕਹੂੰ ਉੱਥੇ ਤੁਸੀਂ ਵੋਟ ਪਾਇਓ ਨਹੀਂ ਤਾਂ ਵੋਟ ਨਹੀਂ ਪੈਣ ਦੇਣੀ। ਮੈਂ ਕੱਲ੍ਹ ਵੀ ਜ਼ਿਕਰ ਕੀਤਾ ਹੈ। ਸਪੀਕਰ ਸਾਹਿਬ, ਮੈਂ ਮੋਟੀ ਜਿਹੀ ਗੱਲ ਦੱਸ ਦਿੰਦਾ ਹਾਂ ਕਿ ਲਾਅ ਐਂਡ ਆਰਡਰ ਦੀ ਜ਼ਿੰਮੇਵਾਰੀ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਹੋਰਾਂ ਦੀ ਸੀ। ਮਗਰ ਰਿਜ਼ਲਟ ਕੀ ਨਿਕਲਿਆ ਕਿ ਧਿਆਨ ਗੁਆਂਢੀਆਂ ਵੱਲ ਇੰਨਾ ਰਿਹਾ ਕਿ ਲਾਅ ਐਂਡ ਆਰਡਰ ਪੰਜਾਬ ਦਾ ਵੀ ਵਿਗੜ ਗਿਆ ਅਤੇ ਲਾਅ ਐਂਡ ਆਰਡਰ ਘਰ ਦਾ ਵੀ ਵਿਗੜ ਗਿਆ। ਜੇ ਤੁਹਾਨੂੰ ਮੇਰੀ ਗੱਲ ਦਾ ਵਿਸ਼ਵਾਸ ਨਹੀਂ ਤਾਂ ਬੀਬੀ ਜੀ ਨੂੰ ਪੁੱਛ ਲਓ। ਚਲੋ, ਮੈਂ ਇਸ ਗੱਲ ਵਿੱਚ ਵੀ ਨਹੀਂ ਜਾਂਦਾ ਕਿਉਂਕਿ ਪਤਾ ਤਾਂ ਸਾਰਾ ਕੁਝ ਤੁਹਾਨੂੰ ਵੀ ਹੈ। ਮੈਂ ਅਖੀਰਲੀ ਗੱਲ ਕਹਿਣ ਲੱਗਾ ਹਾਂ ਕਿਉਂਕਿ ਬਾਕੀ ਮੈਂਬਰ ਸਾਹਿਬਾਨਾਂ ਨੇ ਵੀ ਬੋਲਣਾ ਹੈ ਜੀ। ਸਪੀਕਰ ਸਾਹਿਬ, ਮੇਰੀ ਅੱਜ ਆਪੋਜੀਸ਼ਨ ਨੂੰ ਬੇਨਤੀ ਹੈ, ਮੈਨੂੰ ਪਤਾ ਹੈ ਕਿਉਂਕਿ ਮੈਨੂੰ ਅੱਜ ਕਈ ਸਾਥੀਆਂ ਦਾ ਟੈਲੀਫੂਨ ਵੀ ਆਇਆ ਹੈ ਕਿ ਇਹ ਰਾਣਾ ਗੁਰਜੀਤ ਸਿੰਘ ਦੀ ਆਦਤ ਹੀ ਇਸੇ ਤਰ੍ਹਾਂ ਦੀ ਸੀ। ਆਹ ਮੈਂ ਫੋਟੋ ਵੀ ਅੱਜ ਆਪਣੇ ਨਾਲ ਲੈ ਕੇ ਆਇਆ ਹਾਂ। (ਹਿੰਦੁਸਤਾਨ ਟਾਈਮਜ਼ ਦੀ ਕਟਿੰਗ ਲਹਿਰਾਉਂਦੇ ਹੋਏ) ਤੁਹਾਨੂੰ ਦੇਖ ਕੇ ਪਤਾ ਲੱਗ ਜਾਵੇਗਾ, ਬੰਦੇ ਦੀ ਆਦਤ ਦਾ ਵੀ ਪਤਾ ਲੱਗ ਜਾਵੇਗਾ। ਇਹ ਫੋਟੋ ਹਿੰਦੁਸਤਾਨ ਟਾਈਮਜ਼ ਅਖ਼ਬਾਰ ਦੇ ਵਿੱਚ ਲੱਗੀ ਸੀ ਕਿ ਕੈਪਟਨ ਅਮਰਿੰਦਰ ਸਿੰਘ ਹੋਰਾਂ ਦੀ ਹਾਜ਼ਰੀ ਵਿੱਚ ਰਾਣਾ ਗੁਰਜੀਤ ਸਿੰਘ ਕਿਸ ਨੂੰ ਚਪੇੜ ਮਾਰ ਰਿਹਾ ਹੈ, ਓ.ਪੀ. ਸੋਨੀ ਨੂੰ। ਸਪੀਕਰ ਸਾਹਿਬ, ਇਹ ਮੂੰਹ ਬੋਲਦੀ ਤਸਵੀਰ ਹੈ। ਜੇ ਤੁਸੀਂ ਕਹੋ ਤਾਂ ਮੈਂ ਇਹ ਆਪ ਜੀ ਨੂੰ ਭੇਜ ਦਿੰਦਾ ਹਾਂ। ਤੁਸੀਂ ਲਾਅ ਐਂਡ ਆਰਡਰ ਦੀ ਡਿਬੇਟ ਦੀ ਗੱਲ ਕਿਨ੍ਹਾਂ ਲੋਕਾਂ ਨਾਲ ਕਰਨ ਦੀ ਕਰ ਰਹੇ ਹੋ। ਲਾਅ ਐਂਡ ਆਰਡਰ ਬਾਰੇ ਸਮਝਾਉਣ ਦੀ ਕੋਸ਼ਿਸ਼ ਕਿਸ ਨੂੰ ਕਰ ਰਹੇ ਹੋ ਜਿਨ੍ਹਾਂ ਨੂੰ ਲਾਅ ਐਂਡ ਆਰਡਰ ਦੀਆਂ ਧੱਜੀਆਂ ਉਡਾਉਂਦੇ ਪੰਜਾਬ, ਦੇਸ਼ ਅਤੇ ਦੁਨੀਆਂ ਦੇ ਲੋਕਾਂ ਨੇ ਖੁਦ ਦੇਖਿਆ ਹੈ। ਯੂ. ਐਸ. ਕੋਰਟਸ ਨੇ 1984 ਦੇ ਦੰਗਿਆਂ ਨੂੰ ਜੀਨੋਸਾਈਡ ਕਿਹਾ ਹੈ, ਮਗਰ ਇਨ੍ਹਾਂ ਦੀ ਲੀਡਰ ਜਿਸ ਦੀ ਖਬਰ ਜੋ

Original with;
Punjab Vidhan Sabha
Digitized by;
Panjab Digital Library

ਅੱਜ ਮੈਂ ਪੜ੍ਹੀ ਹੈ ਕਿ ਉਸਨੇ ਸਮਾਜਵਾਦੀ ਪਾਰਟੀ ਦਾ ਗਲੇਵਾਂ ਫੜ ਲਿਆ। ਸੁਭਾਵਿਕ ਹੈ ਕਿ ਇਸ ਤਰ੍ਹਾਂ ਦੇ ਲੋਕਾਂ ਕੋਲੋਂ ਲਾਅ ਐਂਡ ਆਰਡਰ ਦੀ ਗੱਲ ਕਰਨੀ ਅਤੇ ਅਜਿਹੇ ਲੋਕਾਂ ਕੋਲੋਂ ਲਾਅ ਐਂਡ ਆਰਡਰ ਦੀ ਆਸ ਰੱਖਣੀ ਤਾਂ ਆਪਾਂ ਪਤਾ ਨਹੀਂ ਕਿਹੜੀ ਦੁਨੀਆਂ ਵਿੱਚ ਰਹਿ ਰਹੇ ਹਾਂ। ਸਪੀਕਰ ਸਾਹਿਬ, ਮੈਂ ਆਖਰ ਵਿੱਚ ਇਕ ਗੱਲ ਕਹਿ ਕੇ ਆਪਣੀ ਸਪੀਚ ਦੀ ਸਮਾਪਤੀ ਕਰਾਂਗਾ ਕਿ ਉਸਾਰੂ ਰਾਜਨੀਤੀ ਕਰਨ ਦੀ ਲੋੜ ਹੈ, ਤੰਗ ਨਜ਼ਰੀਏ ਵਾਲੀ ਰਾਜਨੀਤੀ ਕਾਂਗਰਸ ਪਾਰਟੀ ਨੂੰ ਛੱਡਣੀ ਪਏਗੀ। ਗਾਲਿਬ ਨੇ ਇਕ ਬਹੁਤ ਵਧੀਆ ਗੱਲ ਕਹੀ ਹੈ, ਉਸ ਨੇ ਕਿਹਾ ਹੈ ਕਿ –

'ਉਮਰ ਭਰ ਗਾਲਿਬ ਯੇਹੀ ਭੂਲ ਕਰਤਾ ਰਹਾ,
ਧੂਲ ਚੇਹਰੇ ਪਰ ਥੀ ਲੇਕਿਨ ਆਈਨਾ ਸਾਫ਼ ਕਰਤਾ ਰਹਾ'

ਸਪੀਕਰ ਸਾਹਿਬ, ਅੰਤ ਵਿੱਚ ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇਸ ਹਾਊਸ ਅੰਦਰ ਲਾਅ ਐਂਡ ਆਰਡਰ ਦੀ ਬਹਿਸ ਤੇ ਬੋਲਣ ਦਾ ਮੌਕਾ ਦਿੱਤਾ ਹੈ।

ਮੁੱਖ ਸੰਸਦੀ ਸੱਕਤਰ, ਸਥਾਨਕ ਸਰਕਾਰ (ਸ੍ਰੀ ਸੋਮ ਪ੍ਰਕਾਸ਼) : ਸਪੀਕਰ ਸਾਹਿਬ, ਲਾਅ ਐਂਡ ਆਰਡਰ ਤੇ ਡਿਸਕਸ਼ਨ ਹੋ ਰਹੀ ਹੈ ਪਰੰਤੂ ਜੋ ਕੱਲ੍ਹ ਵਿਧਾਨ ਸਭਾ ਵਿੱਚ ਇੱਥੇ ਵਾਪਰਿਆ ਹੈ, ਵਿਧਾਨ ਸਭਾ ਦੇ ਪ੍ਰੀਮਿਸਜ਼ ਵਿੱਚ ਜੋ ਕੁਝ ਵਾਪਰਿਆ ਹੈ, ਉਹ ਬਹੁਤ ਹੀ ਮੰਦਭਾਗਾ ਔਰ ਬਹੁਤ ਹੀ ਨਿੰਦਣਯੋਗ ਹੈ। ਸਪੀਕਰ ਸਾਹਿਬ, ਵਿਧਾਨ ਸਭਾ ਦੇ ਮੈਂਬਰ ਜਿਹੜੇ ਲੋਕਾਂ ਲਈ ਆਦਰਸ਼ ਹਨ ਜਿਨ੍ਹਾਂ ਵੱਲ ਸਾਰਾ ਪੰਜਾਬ ਦੇਖਦਾ ਹੈ, ਜੇਕਰ ਉਹ ਇਸ ਤਰ੍ਹਾਂ ਦੀਆਂ ਘਿਨਾਉਣੀਆਂ ਘਟਨਾਵਾਂ ਕਰਨ ਤਾਂ ਲਾਅ ਐਂਡ ਆਰਡਰ ਬਾਰੇ ਇੱਥੇ ਕੀ ਡਿਸਕਸ ਹੋ ਸਕਦਾ ਹੈ? ਪੰਜਾਬ ਵਿੱਚ ਲਾਅ ਐਂਡ ਆਰਡਰ ਨੂੰ ਠੀਕ ਕਰਨ ਲਈ ਸਰਕਾਰ ਨੇ ਬਹੁਤ ਕੁਝ ਕੀਤਾ ਹੈ। ਮੇਰਾ ਵਿਧਾਨ ਸਭਾ ਹਲਕਾ ਫਗਵਾੜਾ ਹੈ। ਮੈਂ ਆਪਣੇ ਤਜਰਬੇ ਤੋਂ ਕਹਿ ਸਕਦਾ ਹਾਂ ਕਿ ਪੰਜਾਬ ਵਿੱਚ ਜਿਹੜੀ ਪਹਿਲਾਂ ਗੈਂਗਵਾਰ ਹੁੰਦੀ ਸੀ, ਕੁਝ ਮੁੰਡੇ ਇਕੱਠੇ ਹੋ ਕੇ 50-50, 30-30 ਲੜਦੇ ਸੀ, ਉਸ ਨੂੰ ਸਖਤੀ ਨਾਲ ਬੰਦ ਕੀਤਾ।

ਮਾਨਯੋਗ ਸਪੀਕਰ : ਸ਼੍ਰੀ ਸੋਮ ਪ੍ਰਕਾਸ਼ ਜੀ, ਇੱਕ ਮਿੰਟ, ਮੇਰੀ ਬੇਨਤੀ ਹੈ ਕਿ ਮੈਂ ਇਹ ਬਹਿਸ 1.00 ਵਜੇ ਸਮਾਪਤ ਕਰਨਾ ਚਾਹੁੰਦਾ ਹਾਂ । ਇਸ ਲਈ ਕੇਵਲ 5-5 ਮਿੰਟ ਲਈ ਬੋਲਿਆ ਜਾਵੇ।

11.30 ਵਜੇ ਪੂ. ਦੁਪਹਿਰ (ਇਸ* ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ : ਡਿਪਟੀ ਸਪੀਕਰ ਸਾਹਿਬ, ਇਸ ਦੇ

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਸਥਾਨਕ ਸਰਕਾਰ]

ਨਾਲ ਹੀ ਜਿਹੜਾ ਡਰੱਗਜ਼ ਦਾ ਵੱਡਾ ਵਪਾਰ ਸੀ, ਨਸ਼ਿਆਂ ਦਾ ਵਪਾਰ ਸੀ, ਉਸ ਨੂੰ ਪੰਜਾਬ ਪੁਲਿਸ ਨੇ ਬਹੁਤ ਸਖਤੀ ਕਰਕੇ ਬੰਦ ਕੀਤਾ ਜਿਸ ਲਈ ਪੰਜਾਬ ਪੁਲਿਸ ਸ਼ਲਾਘਾ ਦੀ ਪਾਤਰ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਮਾਂ ਘੱਟ ਹੈ, ਇਸ ਲਈ ਨਵੇਂ ਮੈਂਬਰਾਂ ਨੂੰ ਬੋਲਣ ਲਈ ਸਮਾਂ ਜ਼ਿਆਦਾ ਦਿਆ ਕਰੋ। ਜਿਹੜੇ ਪੁਰਾਣੇ ਮੈਂਬਰ ਹਨ, ਬੜੇ ਘਾਗ ਹਨ, ਜੇਕਰ ਉਨ੍ਹਾਂ ਨੇ ਸਦਨ ਵਿਚ ਗਾਲ੍ਹਾਂ ਹੀ ਕੱਢਣੀਆਂ ਹਨ ਤਾਂ ਉਨ੍ਹਾਂ ਨੂੰ ਬੋਲਣ ਲਈ ਲੰਮਾ ਸਮਾਂ ਦੇਣ ਦਾ ਕੀ ਲਾਭ ਹੈ ? ਕੱਲ੍ਹ ਇਥੇ ਕਾਂਗਰਸ ਦੇ ਇਕ ਮਾਨਯੋਗ ਵੱਡੇ ਨੇਤਾ ਬੋਲ ਰਹੇ ਸਨ ਤੇ ਕਹਿ ਰਹੇ ਸਨ ਕਿ ਮੈਂ ਅੰਗਰੇਜ਼ੀ ਵਿੱਚ ਬੋਲ ਰਿਹਾ ਹਾਂ ਕਿਉਂਜੋ ਇੱਥੇ ਬੜੇ ਪੜ੍ਹੇ-ਲਿਖੇ ਲੋਕ ਬੈਠੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਅਸੀਂ ਆਪਣੀ ਮਾਂ ਬੋਲੀ ਨੂੰ ਸਨਮਾਨ ਨਹੀਂ ਦੇ ਸਕਦੇ ਅਤੇ ਪੰਜਾਬੀ ਬੋਲੀ ਨੂੰ ਅਨਪੜ੍ਹਾਂ ਦੀ ਭਾਸ਼ਾ ਹੀ ਕਹਿ ਸਕਦੇ ਹਾਂ ਤਾਂ ਫਿਰ ਉਹ ਪੰਜਾਬ ਦੇ ਸਪੂਤ ਕਿਵੇਂ ਸਮਝੇ ਜਾ ਸਕਦੇ ਹਨ। ਮੈਂ ਪੰਜਾਬ ਯੂਨੀਵਰਸਿਟੀ ਤੋਂ ਇਕਨਾਮਿਕਸ ਦੀ ਡਿਗਰੀ ਕੀਤੀ ਹੈ। ਮੈਨੂੰ ਕਦੀ ਪੰਜਾਬੀ ਬੋਲਦੇ ਹੋਏ ਨੂੰ ਸ਼ਰਮ ਨਹੀਂ ਆਈ। ਮੈਂ ਪੰਜਾਬੀ ਹੋਣ ਤੇ ਮਾਣ ਅਤੇ ਫ਼ਖਰ ਮਹਿਸੂਸ ਕਰਦਾ ਹਾਂ। ਸਾਲ 1971 ਵਿਚ ਇੱਕ ਵਾਰ ਮੈਂ ਵਾਅਦਾ ਕੀਤਾ ਸੀ ਕਿ ਮੈਂ ਸਾਰੀ ਜ਼ਿੰਦਗੀ ਕਿਸੇ ਵੀ ਪੇਪਰ ਉਤੇ ਅੰਗਰੇਜ਼ੀ ਵਿਚ ਸਾਈਨ ਨਹੀਂ ਕਰਾਂਗਾ। ਮੈਂ ਹਮੇਸ਼ਾਂ ਹੀ ਪੇਪਰਾਂ ਉਤੇ, ਚਾਹੇ ਡੀ.ਓ. ਲੈਟਰ ਹੋਵੇ ਜਾਂ ਨੋਟਿੰਗ ਹੋਵੇ, ਪੰਜਾਬੀ ਵਿੱਚ ਹੀ ਸਾਈਨ ਕੀਤੇ ਹਨ। (ਥੰਪਿੰਗ) ਸਾਨੂੰ ਆਪਣੀ ਪੰਜਾਬੀ ਮਾਂ ਬੋਲੀ ਤੇ ਫ਼ਖਰ ਕਰਨਾ ਚਾਹੀਦਾ ਹੈ। ਮੈਨੂੰ ਇਕ ਛੋਟੀ ਜਿਹੀ ਘਟਨਾ ਯਾਦ ਆ ਗਈ, ਉਹ ਮੈਂ ਤੁਹਾਡੇ ਸਾਹਮਣੇ ਰੱਖਣਾ ਚਾਹੁੰਦਾ ਹਾਂ। ਮੈਂ ਪਿੱਛੇ ਜਿਹੇ ਇਕ ਲੜਕੀਆਂ ਦੇ ਕਾਲਜ ਵਿੱਚ ਗਿਆ। ਉਥੇ ਇਕ ਸਕਿੱਟ ਚੱਲ ਰਹੀ ਸੀ। ਕਿਸੇ ਦਾ ਹਾਰਟ ਦਾ ਆਪਰੇਸ਼ਨ ਹੋਣਾ ਸੀ। ਉਸ ਨੂੰ 2-3 ਦਿਲ ਵਿਖਾਏ ਗਏ। ਉਨ੍ਹਾਂ ਵਿਚੋਂ ਇੱਕ ਨੇਤਾ ਦਾ ਦਿਲ ਸੀ। ਉਸ ਨੂੰ ਕਿਹਾ ਗਿਆ ਕਿ ਤੈਨੂੰ ਨੇਤਾ ਦਾ ਦਿਲ ਲਗਾ ਦੇਈਏ। ਉਹ ਕਹਿਣ ਲੱਗਾ ਕਿ ਨਹੀਂ ਜੀ, ਮੈਂ ਮਰਨਾ ਪਸੰਦ ਕਰਾਂਗਾ ਪਰ ਨੇਤਾ ਦਾ ਦਿਲ ਨਹੀਂ ਲਗਵਾਉਣਾ। ਨੇਤਾ ਲੋਕ ਭ੍ਰਿਸ਼ਟਾਚਾਰੀ ਹੁੰਦੇ ਹਨ, ਉਹ ਅਸੈਂਬਲੀ ਵਿਚ ਲੋਕਾਂ ਨੂੰ ਗਾਲ੍ਹਾਂ ਕੱਢਦੇ ਹਨ, ਇਕ-ਦੂਜੇ ਨੂੰ ਗਾਲੀ-ਗਲੋਚ ਕਰਦੇ ਹਨ। ਮਾਈਕ ਪੁੱਟ ਕੇ ਇਕ-ਦੂਜੇ ਨੂੰ ਮਾਰਦੇ ਹਨ। ਪੇਪਰ ਫੜ੍ਹ ਕੇ ਪਾੜ ਸੁੱਟਦੇ ਹਨ। ਇਸ ਕਰਕੇ ਮੈਂ ਨੇਤਾ ਦਾ ਦਿਲ ਨਹੀਂ ਲਗਵਾਉਣਾ। ਮੈਂ ਆਪਣੇ ਆਪ ਮਰਨਾ ਬਿਹਤਰ ਸਮਝਾਂਗਾ। ਇਸ ਤਰ੍ਹਾਂ ਦੀ ਛਵੀ ਲੋਕਾਂ ਵਿੱਚ ਨੇਤਾ ਦੀ ਬਣੀ ਹੋਈ ਹੈ। ਇਸ ਛਵੀ ਨੂੰ ਬਦਲਣ ਲਈ ਸਾਨੂੰ ਸਾਰਥਕ ਕਦਮ ਚੁੱਕਣੇ ਪੈਣਗੇ। ਸਾਨੂੰ ਆਬਜੈਕਟਿਵ ਹੋਣਾ ਪਵੇਗਾ। ਸਾਨੂੰ ਇਕ ਆਦਰਸ਼ ਪੈਦਾ ਕਰਨਾ ਪਵੇਗਾ। ਅਜੇ ਤੱਕ ਲੋਕਾਂ ਦੀ ਰਾਇ ਨੇਤਾਵਾਂ ਬਾਰੇ ਚੰਗੀ ਨਹੀਂ ਹੈ। ਮੇਰੀ ਬੇਨਤੀ ਹੈ ਕਿ ਜਿਹੜੇ ਵਿਰੋਧੀ ਧਿਰ ਦੇ ਨੇਤਾ ਸਨ

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਨੇ ਬਹੁਤ ਮਾੜਾ ਕਰਮ ਕੀਤਾ ਹੈ। ਉਹ ਲਾਅ ਐਂਡ ਆਰਡਰ ਦੀ ਗੱਲ ਤਾਂ ਕਰਦੇ ਹਨ ਪ੍ਰੰਤੂ ਆਪ ਸਭ ਤੋਂ ਵੱਧ ਲਾਅ ਐਂਡ ਆਰਡਰ ਦੀ ਸਮੱਸਿਆ ਪੈਦਾ ਕਰਦੇ ਹਨ । ਉਹ ਲੋਕ ਲਾਅ ਐਂਡ ਆਰਡਰ ਦੀ ਗੱਲ ਕਿਵੇਂ ਕਰ ਸਕਦੇ ਹਨ । ਸਾਡੇ ਸੰਸਦੀ ਮਾਮਲਿਆਂ ਦੇ ਮੰਤਰੀ ਸ਼੍ਰੀ ਮਦਨ ਮੋਹਨ ਮਿੱਤਲ ਜੀ ਉਨ੍ਹਾਂ ਨੂੰ ਮਿਲਣ ਗਏ, ਉਨ੍ਹਾਂ ਨੇ ਅੱਗੋਂ ਧੱਕੇ ਮਾਰੇ, ਉਨ੍ਹਾਂ ਨੂੰ ਡੇਗਿਆ ਗਿਆ । ਇਸ ਤੋਂ ਵੱਧ ਸ਼ਰਮਨਾਕ ਘਟਨਾ ਹੋਰ ਕੀ ਹੋ ਸਕਦੀ ਹੈ। ਉਹ ਲਾਅ ਐਂਡ ਆਰਡਰ ਦੀ ਕੀ ਗੱਲ ਕਰ ਸਕਦੇ ਹਨ ? ਕੱਲ੍ਹ ਵਿਰੋਧੀ ਧਿਰ ਦੇ ਨੇਤਾ ਨੇ ਲਾਅ ਐਂਡ ਆਰਡਰ ਬਾਰੇ ਬੋਲਿਆ ਹੀ ਕੀ ਹੈ ? ਉਹ ਸਿਵਾਏ ਰੌਲਾ ਪਾਉਣ ਦੇ ਕੁਝ ਕਹਿ ਹੀ ਨਹੀਂ ਸਕੇ । ਉਨ੍ਹਾਂ ਕੋਲ ਬੋਲਣ ਵਾਸਤੇ ਕੋਈ ਮਸਲਾ ਹੀ ਨਹੀਂ ਸੀ । ਸਾਨੂੰ ਲੋਕ ਸਭਾ ਅਤੇ ਵਿਧਾਨ ਸਭਾ ਵਿੱਚ ਇਕ ਮਿਆਰੀ ਬਹਿਸ ਕਰਨੀ ਚਾਹੀਦੀ ਹੈ । ਸਾਨੂੰ ਨਵੇਂ ਮਾਪਦੰਡ ਪੈਦਾ ਕਰਨੇ ਚਾਹੀਦੇ ਹਨ । ਜੋ ਕੁਝ ਵੀ ਅਸੀਂ ਬੋਲਦੇ ਹਾਂ, ਉਸ ਦਾ ਇਤਿਹਾਸ ਲਿਖਿਆ ਜਾਂਦਾ ਹੈ ਜਿਸ ਨੂੰ ਆਉਣ ਵਾਲੀਆਂ ਪੀੜ੍ਹੀਆਂ ਦੇ ਲੋਕ ਪੜ੍ਹਨਗੇ ਕਿ ਇਸ ਤਰ੍ਹਾਂ ਦੇ ਸਾਡੇ ਨੇਤਾ ਵਿਧਾਨ ਸਭਾ ਵਿੱਚ ਹੋਏ ਹਨ ਜਿਹੜੇ ਕਿ ਗੰਦੀਆਂ ਗਾਲ੍ਹਾਂ ਕੱਢਦੇ ਹਨ, ਗਲਤ ਜੈਸਚਰ ਕਰਦੇ ਹਨ, ਲੜਨ ਤੱਕ ਜਾਂਦੇ ਹਨ, ਪੇਪਰ ਫਾੜਦੇ ਹਨ, ਲੋਕਾਂ ਦਾ ਸਮਾਂ ਬਰਬਾਦ ਕਰਦੇ ਹਨ ਅਤੇ ਲੋਕਾਂ ਦੇ ਟੈਕਸਾਂ ਨਾਲ ਜਿਹੜਾ ਪੈਸਾ ਇਕੱਠਾ ਹੁੰਦਾ ਹੈ, ਉਸ ਵਿਚੋਂ ਜਿਹੜਾ ਪੈਸਾ ਉਨ੍ਹਾਂ ਉਤੇ ਖ਼ਰਚ ਹੁੰਦਾ ਹੈ, ਉਸ ਦੀ ਬਰਬਾਦੀ ਕਰਦੇ ਹਨ । ਇਸ ਕਰਕੇ ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਸਾਨੂੰ ਆਦਰਸ਼ ਪੈਦਾ ਕਰਨਾ ਪਵੇਗਾ, ਨਵੇਂ ਮਾਪਦੰਡ ਬਣਾਉਣੇ ਪੈਣਗੇ । ਪੰਜਾਬ ਵਿਚ ਲਾਅ ਐਂਡ ਆਰਡਰ ਦੀ ਕੋਈ ਵੀ ਸਮੱਸਿਆ ਨਹੀਂ ਹੈ । ਪੰਜਾਬ ਵਿੱਚ ਬਹੁਤ ਕੁਝ ਇੰਪਰੂਵ ਹੋਇਆ ਹੈ ਅਤੇ ਹੋਰ ਕਈ ਕੁਝ ਇੰਪਰੂਵ ਕਰਨ ਵਾਲਾ ਹੈ । ਧੰਨਵਾਦ, ਜੈ ਹਿੰਦ।

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਸੁਰੱਖਿਆ ਸੇਵਾਵਾਂ ਭਲਾਈ (ਸਰਦਾਰ ਵਿਰਸਾ ਸਿੰਘ ਵਲਟੋਹਾ) : ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬਹੁਤ ਹੀ ਅਹਿਮ ਮੁੱਦੇ ਤੇ ਬੋਲਣ ਵਾਸਤੇ ਸਮਾਂ ਦਿੱਤਾ ਹੈ । ਜਦੋਂ ਤੋਂ ਹਾਊਸ ਦਾ ਸਮਾਂ ਮਿੱਥਿਆ ਗਿਆ ਸੀ ਕਿ 17 ਦਸੰਬਰ ਨੂੰ ਹਾਊਸ ਜੁੜਨਾ ਹੈ ਤੇ ਪੰਜਾਬ ਦੇ ਲੋਕਾਂ ਵਿੱਚ ਇਹੀ ਚਰਚਾ ਸੀ ਕਿ ਜਿਹੜੀ ਵਿਰੋਧੀ ਪਾਰਟੀ ਹੈ, ਕਾਂਗਰਸ, ਉਹ ਪੰਜਾਬ ਦੀ ਵਿਧਾਨ ਸਭਾ ਵਿੱਚ ਕਿਹੜੇ ਕਿਹੜੇ ਮੁੱਦੇ ਉਠਾਏਗੀ ਔਰ ਅਸੀਂ ਵੀ ਡਿਸਕਸ਼ਨ ਕਰਦੇ ਸੀ ਕਿ ਉਹ ਕਿਹੜੇ ਕਿਹੜੇ ਮੁੱਦੇ ਉਠਾਉਣਗੇ। ਅਖਬਾਰਾਂ ਵਿੱਚ ਵੀ ਪੜ੍ਹਿਆ ਔਰ ਜਦੋਂ ਵੀ ਇਨ੍ਹਾਂ ਨਾਲ ਗੱਲ ਹੋਣੀ, ਉਦੋਂ ਇਨ੍ਹਾਂ ਨੇ ਕਹਿਣਾ ਕਿ ਤੁਹਾਡੀਆਂ ਧੱਜੀਆਂ ਉਡਾਵਾਂਗੇ । ਤੁਹਾਨੂੰ ਕਟਹਿਰੇ ਵਿੱਚ ਖੜ੍ਹਾ ਕਰਾਂਗੇ । ਤੁਹਾਡੀ ਜਵਾਬਦੇਹੀ ਕਰਾਂਗੇ । ਇਹ ਚਿੰਤਾ ਸਾਨੂੰ ਵੀ ਸੀ । 13 ਦਸੰਬਰ

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਸੁਰੱਖਿਆ ਸੇਵਾਵਾਂ ਭਲਾਈ] ਨੂੰ ਮਾਨਯੋਗ ਮੁੱਖ ਮੰਤਰੀ ਸਾਹਿਬ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਡਿਪਟੀ ਮੁੱਖ ਮੰਤਰੀ ਸਰਦਾਰ ਸੁਖਬੀਰ ਸਿੰਘ ਜੀ ਬਾਦਲ ਨੇ ਸੱਤਾਧਾਰੀ ਐਮ.ਐਲ.ਏਜ਼. ਸਾਹਿਬਾਨ ਦੀ ਇੱਕ ਮੀਟਿੰਗ ਸੱਦੀ। ਉਹ ਕੇਵਲ ਤੇ ਕੇਵਲ ਆਪੋਜੀਸ਼ਨ ਦੀ ਜੋ ਨੀਤੀ ਸੀ, ਉਸ ਨੂੰ ਰੋਕਣ ਲਈ ਨੀਤੀ ਬਣਾਉਣ ਲਈ ਸੱਦੀ ਸੀ । ਨਹੀਂ ਤਾਂ ਆਮ ਕਰਕੇ ਮੀਟਿੰਗ ਜਿਹੜੀ ਹੈ, ਉਹ ਸਰਕਾਰ ਪੱਖੀ ਟਰੇਜ਼ਰੀ ਬੈਂਚਿੰਗ ਦੀ ਉਹ ਹਾਊਸ ਦੇ ਸਟਾਰਟ ਹੋਣ ਸਮੇਂ ਸ਼ੋਕ ਮਤਿਆਂ ਤੋਂ ਬਾਅਦ ਹੁੰਦੀ ਸੀ । ਅਸੀਂ ਸਾਰਿਆਂ ਨੇ ਚਾਹੇ ਲਾਅ ਐਂਡ ਆਰਡਰ ਦਾ ਮੁੱਦਾ ਸੀ ਤੇ ਚਾਹੇ ਪੰਜਾਬ ਦੇ ਅੰਦਰ ਜਿੰਨੇ ਵੀ ਮੁੱਦੇ ਜਿਸ ਤੇ ਆਪੋਜੀਸ਼ਨ ਸਾਡੇ ਤੇ ਜਵਾਬਤਲਬੀ ਕਰ ਸਕਦੀ ਸੀ, ਹਰ ਇਸ਼ੂ ਤੇ ਤਿਆਰੀ ਕੀਤੀ। ਸਾਨੂੰ ਇਸ ਗੱਲ ਦੀ ਵੀ ਹੈਰਾਨੀ ਸੀ ਕਿ ਇਨ੍ਹਾਂ ਕੋਲ ਹੈ ਕੀ ? ਇਹ ਕਿਹੜੀ ਗੱਲ ਕਰਨਗੇ ? ਜਦੋਂ ਕਿ ਇਨ੍ਹਾਂ ਦਾ ਕਿਰਦਾਰ, ਇਨ੍ਹਾਂ ਦਾ ਵਿਹਾਰ ਤੇ ਜੋ ਕੁਝ ਇਨ੍ਹਾਂ ਨੇ ਪਿਛਲੀਆਂ ਸਰਕਾਰਾਂ ਦੇ ਸਮੇਂ ਕੀਤਾ ਹੈ, ਉਹ ਸਾਰੇ ਜ਼ਮਾਨੇ ਦੇ ਸਾਹਮਣੇ ਹੈ । ਜਿਹੜਾ ਬੰਦਾ ਜਿਸ ਨੇ ਖੁਦ ਗੁਨਾਹ ਕੀਤਾ ਹੋਵੇ, ਉਸ ਨੂੰ ਤਾਂ ਸ਼ਾਇਦ ਚੇਤਾ ਭੁੱਲ ਜਾਂਦਾ ਹੈ ਪਰ ਲੋਕਾਂ ਨੂੰ ਚੇਤਾ ਨਹੀਂ ਭੁੱਲਦਾ । ਜਦ ਵੀ ਇਨ੍ਹਾਂ ਦੇ ਹੱਥ ਸੱਤਾ ਆਈ, ਇਨ੍ਹਾਂ ਨੇ ਸੱਤਾ ਦਾ ਦੁਰਉਪਯੋਗ ਕੀਤਾ। ਇਨ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ ਕੀ ਰਾਜ ਦੇਣਾ ਸੀ, ਇਨ੍ਹਾਂ ਨੇ ਆਪਣੇ ਵਿਰੋਧੀਆਂ ਨੂੰ ਤੇ ਖਾਸ ਕਰਕੇ ਸ਼੍ਰੋਮਣੀ ਅਕਾਲੀ ਦਲ ਨੂੰ ਹਮੇਸ਼ਾ ਨਿਸ਼ਾਨਾ ਬਣਾਇਆ। ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਇਨ੍ਹਾਂ ਨੇ ਪੁਲੀਟੀਕਲੀ, ਇਕਨਾਮੀਕਲੀ ਤੇ ਫਿਜ਼ੀਕਲੀ ਖਤਮ ਕਰਨ ਦੀ ਕੋਸ਼ਿਸ਼ ਕੀਤੀ । ਇਹ ਲਾਅ ਐਂਡ ਆਰਡਰ ਤੇ ਬਹਿਸ ਮੰਗਦੇ ਹਨ । ਡਿਪਟੀ ਸਪੀਕਰ ਸਾਹਿਬ, ਤੁਹਾਡੇ ਸਾਹਮਣੇ ਹੀ ਹੈ ਕਿ ਇਹ ਲਾਅ ਐਂਡ ਆਰਡਰ ਦੀਆਂ ਗੱਲਾਂ ਅਖਬਾਰਾਂ ਵਿੱਚ ਜ਼ਰੂਰ ਕਰਦੇ ਰਹੇ ਹਨ । ਜਿਸ ਤਰ੍ਹਾਂ ਡਿਪਟੀ ਸੀ. ਐਮ. ਸਾਹਿਬ ਨੇ ਕੱਲ੍ਹ ਗੱਲ ਕੀਤੀ ਸੀ, ਇਨ੍ਹਾਂ ਨੇ ਵਾਵੇਲਾ ਖੜ੍ਹਾ ਕੀਤਾ ਸੀ ਕਿ ਅਸੀਂ ਲਾਅ ਐਂਡ ਆਰਡਰ ਤੇ ਬਹਿਸ ਮੰਗਾਂਗੇ ਤੇ ਸਰਕਾਰ ਭੱਜੇਗੀ ਤੇ ਅਸੀਂ ਡਰਾਮਾ ਕਰਾਂਗੇ ਤੇ ਡਰਾਮੇ ਵਿੱਚ ਕਾਮਯਾਬ ਹੋਵਾਂਗੇ ਤੇ ਉਹ ਵੀਰ (ਪ੍ਰੈਸ ਗੈਲਰੀ ਵੱਲ ਇਸ਼ਾਰਾ) ਜਿਹੜੇ ਬੈਠੇ ਹਨ, ਸਾਨੂੰ ਹਾਈਲਾਈਟ ਕਰਨਗੇ ਪਰ ਸਭ ਫੇਲ੍ਹ ਹੋਇਆ। ਜਿਸ ਤਰੀਕੇ ਨਾਲ ਸਰਕਾਰ ਵੱਲੋਂ ਆਪੋਜੀਸ਼ਨ ਨੂੰ ਮੌਕਾ ਦਿੱਤਾ ਗਿਆ। ਮੌਕਾ ਸਰਕਾਰ ਨੇ ਦਿੱਤਾ, ਸਪੀਕਰ ਸਾਹਿਬ ਨੇ ਦਿੱਤਾ, ਚੇਅਰ ਨੇ ਦਿੱਤਾ । ਡਿਪਟੀ ਸਪੀਕਰ ਸਾਹਿਬ, ਪਰ ਇਹ ਤਾਂ ਡਿਕਟੇਟ ਕਰਨ ਲੱਗ ਪਏ । ਇਹ ਤਾਂ ਹਾਊਸ ਦੇ ਲੀਡਰ ਵੀ ਆਪ ਹੀ ਬਣ ਗਏ । ਇਹ ਸਪੀਕਰ ਵੀ ਆਪ ਹੀ ਬਣ ਗਏ । ਸਭ ਕੁਝ ਇਨ੍ਹਾਂ ਨੇ ਆਪਣੇ ਹੱਥ ਵਿੱਚ ਲੈ ਲਿਆ । ਇਹ ਪਹਿਲੀ ਵਾਰ ਹੈ ਕਿ ਪਵਿੱਤਰ ਸਦਨ ਦੇ ਅੰਦਰ ਆਪੋਜੀਸ਼ਨ

Original with;
Punjab Vidhan Sabha
Digitized by;
Panjab Digital Library

ਡਿਕਟੇਟ ਕਰਦੀ ਹੈ ਕਿ ਅਸੀਂ ਸੀ. ਐਮ. ਸਾਹਿਬ ਨੂੰ ਨਹੀਂ ਬੋਲਣ ਦੇਣਾ। ਇਸ ਤੋਂ ਵੱਡਾ ਦੁਖਾਂਤ ਹੋਰ ਕੀ ਹੈ। ਅਸੀਂ ਧੰਨਵਾਦੀ ਹਾਂ, ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਦੇ, ਉਨ੍ਹਾਂ ਦੀ ਫਰਾਖਦਿਲੀ ਦੇ, ਪਰ ਅਸੀਂ ਮਹਿਸੂਸ ਕਰਦੇ ਹਾਂ ਕਿ ਪੰਜਾਬ ਦੀ ਅਸੈਂਬਲੀ ਦੇ ਅੰਦਰ, ਇਸ ਅਸੈਂਬਲੀ ਦੀ ਬਹੁਤ ਵੱਡੀ ਪਰੰਪਰਾ ਤੇ ਰੂਲਜ਼ ਦੀਆਂ ਧੱਜੀਆਂ ਉਡੀਆਂ ਹਨ, ਪਰ ਕਿਸ ਕਾਰਨ, ਆਪੋਜੀਸ਼ਨ ਦੇ ਕਾਰਨ। ਫਿਰ ਜੋ ਕੁਝ ਇਨ੍ਹਾਂ ਨੇ ਕੀਤਾ ਹੈ ਅਤੇ ਫਿਰ ਵਾਰ ਵਾਰ ਕਹਿਣ ਦੇ ਬਾਵਜੂਦ ਕਿ ਤੁਸੀਂ ਜੋ ਪੁੱਛੋਗੇ, ਅਸੀਂ ਜਵਾਬ ਦੇਵਾਂਗੇ। ਤੁਸੀਂ ਜੋ ਕਹੋਗੇ, ਸੁਣਾਂਗੇ ਪਰ ਇੱਕ ਬੇਨਤੀ ਜ਼ਰੂਰ ਹੈ ਕਿ ਸਾਡੀ ਵੀ ਸੁਣ ਕੇ ਜਾਇਓ। ਨਾਲ ਇਹ ਵੀ ਖਦਸ਼ਾ ਪ੍ਰਗਟ ਕੀਤਾ ਸੀ ਕਿ ਤੁਸੀਂ ਸੁਣਨਾ ਨਹੀਂ। ਉਹੀ ਹੋਇਆ। ਤੁਹਾਡੇ ਸਾਰਿਆਂ ਦੇ ਸਾਹਮਣੇ ਹੀ ਹੈ। ਸਰਦਾਰ ਬਿਕਰਮ ਸਿੰਘ ਮਜੀਠੀਆ, ਜਿਸ ਨੂੰ ਅੱਜ ਸਮੁੱਚਾ ਪੰਜਾਬ ਪਿਆਰ ਕਰਦਾ ਹੈ। ਜਿਸ ਨੌਜਵਾਨ ਉੱਤੇ ਕੇਵਲ ਸ਼੍ਰੋਮਣੀ ਅਕਾਲੀ ਦਲ ਨੂੰ ਮਾਣ ਨਹੀਂ, ਸਮੁੱਚਾ ਪੰਜਾਬ, ਕੇਵਲ ਨੌਜਵਾਨ ਹੀ ਨਹੀਂ, ਅੱਜ ਸਾਡੇ ਜਿਹੜੇ ਬਜ਼ੁਰਗ ਹਨ, ਉਹ ਜੇ ਕਿਸੇ ਨੌਜਵਾਨ ਤੇ ਮਾਣ ਕਰਦੇ ਹਨ ਤਾਂ ਸਰਦਾਰ ਬਿਕਰਮ ਸਿੰਘ ਮਜੀਠੀਆ ਉਤੇ ਕਰਦੇ ਹਨ। (ਥੰਪਿੰਗ) ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਤੋਂ ਇਨ੍ਹਾਂ ਨੂੰ ਡਰ ਹੈ, ਸਰਦਾਰ ਸੁਖਬੀਰ ਸਿੰਘ ਜੀ ਬਾਦਲ ਤੋਂ ਇਨ੍ਹਾਂ ਨੂੰ ਡਰ ਹੈ ਅਤੇ ਅੱਜ ਜੇ ਤੀਜਾ ਡਰ ਪੈਦਾ ਹੋਇਆ ਹੈ ਤਾਂ ਉਹ ਸਰਦਾਰ ਬਿਕਰਮ ਸਿੰਘ ਮਜੀਠੀਆ ਤੋਂ ਪੈਦਾ ਹੋਇਆ ਹੈ ਅਤੇ ਅਸੀਂ ਇਨ੍ਹਾਂ ਦੇ ਡਰ ਕਾਰਨ ਆਪਣੇ ਲੀਡਰਾਂ ਵੱਲ ਉਂਗਲੀ ਨਹੀਂ ਉੱਠਣ ਦੇਣੀ। ਜੋ ਕੁਝ ਕੱਲ੍ਹ ਇਸ ਪੰਜਾਬ ਦੀ ਵਿਧਾਨ ਸਭਾ ਦੇ ਵਿੱਚ ਹੋਇਆ ਹੈ ਔਰ ਬਾਹਵਾਂ ਚੜ੍ਹਾ ਕੇ ਆਉਣਾ, ਲਲਕਾਰ ਕੇ ਆਉਣਾ ਅਤੇ ਗਾਲ੍ਹਾਂ ਕੱਢਣੀਆਂ, ਜਿਸ ਤਰ੍ਹਾਂ ਮੇਰੇ ਵੀਰ ਸਰਦਾਰ ਬਿਕਰਮ ਸਿੰਘ ਮਜੀਠੀਆ ਨੇ ਜ਼ਿਕਰ ਕੀਤਾ ਹੈ, ਇਹ ਗੱਲਾਂ ਬਰਦਾਸ਼ਤ ਨਹੀਂ ਹੁੰਦੀਆਂ। ਡਿਪਟੀ ਸਪੀਕਰ ਸਾਹਿਬ, ਹਮੇਸ਼ਾ ਉਹੀ ਲੋਕ ਪ੍ਰਵਾਨ ਚੜ੍ਹਦੇ ਹਨ, ਉਹੀ ਲੋਕ ਲੋਕਾਂ ਵਿੱਚ ਅਤੇ ਰੱਬ ਦੀ ਦਰਗਾਹ ਵਿੱਚ ਐਕਸੈਪਟ ਹੁੰਦੇ ਹਨ ਜਿਹੜੇ ਸੱਚ ਸੁਣਦੇ ਹਨ, ਸੱਚ ਕਹਿੰਦੇ ਹਨ ਅਤੇ ਸੱਚ ਨੂੰ ਸੁਣਨ ਦੀ ਜੁਰੱਅਤ ਰੱਖਦੇ ਹਨ ਪਰ ਨਾ ਇਥੇ ਸਾਹਮਣੇ ਪਾਸਿਓਂ ਸੱਚ ਕਿਹਾ ਗਿਆ ਅਤੇ ਨਾ ਇਨ੍ਹਾਂ ਵਿੱਚ ਸੱਚ ਸੁਣਨ ਦੀ ਜੁਰੱਅਤ ਸੀ। ਗੁਰਬਾਣੀ ਦੀ ਤੁੱਕ ਹੈ, ਸ੍ਰੀ ਹਰਿਮੰਦਰ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਸ਼ਾਹ ਦਾ ਪਰਸੋਂ ਮੁੱਖ ਵਾਕ ਸੀ ਅਤੇ ਮੈਨੂੰ ਆਸ ਸੀ ਕਿ ਪਰਸੋਂ ਜੇ ਬਹਿਸ ਸ਼ੁਰੂ ਹੁੰਦੀ ਹੈ ਤਾਂ ਜਾਖੜ ਸਾਹਿਬ ਨੂੰ ਕਹਿੰਦਾ, ਜਾਖੜ ਸਾਹਿਬ, ਜੋ ਅੱਜ ਦਾ ਸ੍ਰੀ ਦਰਬਾਰ ਸਾਹਿਬ ਦਾ ਹੁਕਮਨਾਮਾ ਹੈ, ਉਸ ਦੀ ਪਹਿਲੀ ਤੁਕ ਪੜ੍ਹ ਲਵੋ। ਆਪਾਂ ਇਸ ਹਾਊਸ ਵਿੱਚ ਉਸ ਤੁਕ ਦੀ ਸਹੁੰ ਖਾ ਕੇ ਕਹੀਏ ਅਤੇ ਸੁਣੀਏ ਪਰ ਜੋ ਕੁਝ ਪਰਸੋਂ ਵਾਪਰਿਆ, ਮੌਕਾ ਨਹੀਂ

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਸੁਰੱਖਿਆ ਸੇਵਾਵਾਂ ਭਲਾਈ]

ਮਿਲਿਆ । ਗੁਰਬਾਣੀ ਦਾ ਉਹ ਹੁਕਮਨਾਮਾ ਕਹਿੰਦਾ ਹੈ –

ਨਾਨਕ ਸੁਣੀਅਰ ਤੇ ਪਰਵਾਣੁ ਜੋ ਸੁਣੇਦੇ ਸਚੁ ਧਣੀ ॥

ਉਹੀ ਪ੍ਰਵਾਨ ਹਨ ਜਿਹੜੇ ਸੱਚ ਕਹਿੰਦੇ ਹਨ, ਜਿਹੜੇ ਸੱਚ ਸੁਣਦੇ ਹਨ । ਲੋਕਾਂ ਨੇ ਰਿਜੈਕਟ ਕਿਉਂ ਕੀਤੇ, ਇਸੇ ਕਰਕੇ ਕੀਤੇ, ਡਿਪਟੀ ਸਪੀਕਰ ਸਾਹਿਬ, ਇਹ ਡਰਾਮਾ ਕਰਦੇ ਹਨ ਔਰ ਕੱਲ੍ਹ ਮੇਰੇ ਮਾਨਯੋਗ ਵਿਰੋਧੀ ਧਿਰ ਦੇ ਨੇਤਾ, ਸ੍ਰੀ ਸੁਨੀਲ ਜਾਖੜ ਜੀ 58 ਮਿੰਟ ਬੋਲੇ ਹਨ । ਸਾਡੇ ਸਾਰਿਆਂ ਤੇ ਉਨ੍ਹਾਂ ਦਾ ਇੰਨਾ ਪ੍ਰਭਾਵ ਸੀ ਕਿ ਵਿਰੋਧੀ ਧਿਰ ਵਿੱਚ ਨੇਕ ਇਨਸਾਨ, ਚੰਗਾ ਬੁਲਾਰਾ ਅਤੇ ਜਧੀਆ ਸੂਝਵਾਨ ਜੇ ਕੋਈ ਲੀਡਰ ਹੈ ਤਾਂ ਉਹ ਜਾਖੜ ਸਾਹਿਬ ਹਨ । ਜਦੋਂ ਉਹ ਆਪੋਜੀਸ਼ਨ ਦੇ ਲੀਡਰ ਬਣੇ ਤਾਂ ਅਸੀਂ ਵਧਾਈ ਦਿੱਤੀ ਅਤੇ ਦਿਲੋਂ ਖੁਸ਼ੀ ਦਾ ਇਜ਼ਹਾਰ ਕੀਤਾ ਪਰ ਪਤਾ ਨਹੀਂ ਕਿਉਂ ਐਤਕੀਂ ਉਨ੍ਹਾਂ ਨੇ ਇਸ ਤਰ੍ਹਾਂ ਵਿਵਹਾਰ ਕੀਤਾ ਹੈ । ਪਤਾ ਨਹੀਂ ਕਾਂਗਰਸ ਦੀਆਂ ਗੱਦੀਆਂ ਹੀ ਇਸ ਤਰ੍ਹਾਂ ਦੀਆਂ ਹਨ, ਸੀਟਾਂ ਹੀ ਇਸ ਤਰ੍ਹਾਂ ਦੀਆਂ ਹਨ, ਜਿਹੜੇ ਇੱਥੇ ਆਪੋਜੀਸ਼ਨ ਦਾ ਲੀਡਰ ਆ ਜਾਂਦਾ ਹੈ ਜਾਂ ਕਾਂਗਰਸ ਦਾ ਪ੍ਰਧਾਨ ਬਣ ਜਾਂਦਾ ਹੈ, ਉਸ ਦਾ ਰਵੱਈਆ ਹੀ ਚੇਂਜ ਹੋ ਜਾਂਦਾ ਹੈ। ਮੈਂ ਕਦੇ ਉਨ੍ਹਾਂ ਨੂੰ ਗਲਤ ਨਹੀਂ ਕਿਹਾ ਕਿਉਂਕਿ ਮੈਂ ਉਨ੍ਹਾਂ ਨਾਲ ਪੰਜਾਬ ਅਸੈਂਬਲੀ ਦੀ ਕਮੇਟੀ ਵਿੱਚ ਕੰਮ ਕੀਤਾ ਹੈ । ਉਨ੍ਹਾਂ ਨੂੰ ਬੜਾ ਨੇੜਿਉਂ ਦੇਖਿਆ ਹੈ । ਮੈਂ ਵੀ ਪਰਸੋਂ ਉਨ੍ਹਾਂ ਨੂੰ ਕਿਹਾ ਸੀ ਕਿ ਮੈਂ ਤੁਹਾਨੂੰ ਪਹਿਲੀ ਵਾਰ ਕਹਿ ਰਿਹਾ ਹਾਂ ਕਿ ਜਾਖੜ ਸਾਹਿਬ, ਤੁਸੀਂ ਗਲਤ ਹੋ । ਤੁਹਾਡਾ ਫੈਸਲਾ ਗ਼ਲਤ ਹੈ। ਤੁਹਾਡਾ ਰਵੱਈਆ ਗਲਤ ਹੈ। ਡਿਪਟੀ ਸਪੀਕਰ ਸਾਹਿਬ, ਕਹਿੰਦੇ ਖੋਦਿਆ ਪਹਾੜ ਤੇ ਨਿਕਲੀ ਚੂਹੀ । ਕਹਿੰਦੇ ਹੁੰਦੇ ਹਨ ਚੂਹਾ ਪਰ ਮੈਂ ਕਹਿੰਦਾ ਹਾਂ ਕਿ ਚੂਹੀ । ਉਹ ਹੋਰ ਵੀ ਨਿੱਕੀ ਜਿਹੀ ਹੁੰਦੀ ਹੈ, ਉਹ ਨਿਕਲੀ । ਇਹ ਕਹਿੰਦੇ ਸਨ ਕਿ ਲਾਅ ਐਂਡ ਆਰਡਰ ਤੇ ਬਹਿਸ ਕਰੋ, ਲਾਅ ਐਂਡ ਆਰਡਰ ਤੇ ਬਹਿਸ ਕਰੋ । ਜਾਖੜ ਸਾਹਿਬ 58 ਮਿੰਟ ਬੋਲੇ ਅਤੇ ਜਾਖੜ ਸਾਹਿਬ ਦਾ ਮੈਂ ਇਕੱਲਾ ਇਕੱਲਾ ਪੁਆਇੰਟ ਲਿਖਿਆ ਕਿ ਉਨ੍ਹਾਂ ਨੇ ਕਿੰਨੇ ਮਿੰਟ ਲਗਾਏ । 58 ਮਿੰਟਾਂ ਦੇ ਵਿਚੋਂ ਕੇਵਲ ਤੇ ਕੇਵਲ ਉਹ 9 ਮਿੰਟ ਲਾਅ ਐਂਡ ਆਰਡਰ ਤੇ ਬੋਲੇ ਹਨ ਅਤੇ ਜਿਹੜੇ 9 ਮਿੰਟ ਵੀ ਲਗਾਏ ਹਨ, ਉਨ੍ਹਾਂ ਵਿੱਚ ਦੋ ਇੰਸੀਡੈਂਟ ਜਿਹੜੇ ਪੰਜਾਬ ਵਿੱਚ ਵਾਪਰੇ ਹਨ, ਜਿਨ੍ਹਾਂ ਤੇ ਹਰ ਇੱਕ ਨੇ ਦੁੱਖ ਪ੍ਰਗਟ ਕੀਤਾ ਹੈ ਕਿ ਮਾੜਾ ਹੋਇਆ ਹੈ, ਕੇਵਲ ਉਨ੍ਹਾਂ ਤੇ ਬੋਲੇ ਹਨ। ਇਸ ਤੋਂ ਇਲਾਵਾ ਕਦੇ ਕਿਸੇ ਸੀਰੀ ਦੇ, ਕਦੇ ਕਿਸਾਨ ਦੇ ਪੈਸੇ ਮਾਰ ਲਏ, ਉਹ ਥਾਣੇ ਕੇਸ ਚਲਿਆ ਗਿਆ। ਕਿਸੇ ਦੀ ਸ਼ਰਾਬ ਫੜੀ ਗਈ, ਉਸ ਨੂੰ ਪੁਲਿਸ ਫੜ ਕੇ ਲੈ ਗਈ। ਨਜਾਇਜ਼ ਠੇਕੇ ਚਲਦੇ ਹਨ। ਕਾਰਪੋਰੇਸ਼ਨ ਦੀਆਂ ਚੋਣਾਂ ਆ ਗਈਆਂ ਹਨ ।

Original with;
Punjab Vidhan Sabha
Digitized by;
Panjab Digital Library

ਇਹ ਲਾਅ ਐਂਡ ਆਰਡਰ ਹੈ, ਇਹ ਹਰ ਗੱਲ ਨੂੰ ਵਾਵੇਲਾ ਖੜ੍ਹਾ ਕਰਦੇ ਸੀ ਔਰ ਇਨ੍ਹਾਂ ਦਾ ਹੇਜ ਪਿਆਰ ਨੰਗਾ ਹੋ ਗਿਆ। ਕੱਲ੍ਹ ਬਾਦਲ ਸਾਹਿਬ ਨੇ ਫਰਾਖਦਿਲੀ ਵਿਖਾਈ ਔਰ ਸਾਨੂੰ ਸਰਦਾਰ ਸੁਖਬੀਰ ਸਿੰਘ ਬਾਦਲ ਜੀ ਉੱਤੇ ਅਤੇ ਉਨ੍ਹਾਂ ਦੀ ਸੋਚ ਉਤੇ ਮਾਣ ਹੈ। ਅੱਜ ਉਨ੍ਹਾਂ ਨੇ ਜੋ ਫਰਾਖਦਿਲੀ ਵਿਖਾਈ ਹੈ। ਜਿਸ ਗੱਲ ਦਾ ਉਨ੍ਹਾਂ ਨੇ ਪ੍ਰਗਟਾਵਾ ਕੀਤਾ ਹੈ ਕਿ ਜੋ ਕੁਝ ਕੱਲ੍ਹ ਹੋਇਆ ਹੈ, ਮਾੜਾ ਹੋਇਆ ਹੈ। ਅਸੀਂ ਤੁਹਾਨੂੰ ਰਿਕੁਐਸਟ ਕਰਦੇ ਹਾਂ ਕਿ ਆਪੋਜੀਸ਼ਨ ਨੂੰ ਸੱਦੀਏ, ਹਾਊਸ ਚੱਲੇ । ਅਸੀਂ ਵੀ ਆਪਣੀ ਗੱਲ ਕਹੀਏ ਤੇ ਉਹ ਵੀ ਆਪਣੀ ਗੱਲ ਕਰਨ ਅਤੇ ਪੰਜਾਬ ਦੇ ਲੋਕਾਂ ਅੰਦਰ ਪੰਜਾਬ ਦੇ ਮਸਲਿਆਂ ਦੀ ਗੱਲ ਜਾਣੀ ਚਾਹੀਦੀ ਹੈ । ਕੱਲ੍ਹ ਜਿਹੜੇ ਐਮ.ਐਲ.ਏ. ਸਾਹਿਬ ਨੂੰ ਹਾਊਸ ਵਿਚੋਂ ਸਸਪੈਂਡ ਕੀਤਾ ਸੀ, ਉਨ੍ਹਾਂ ਨੂੰ ਬਹਾਲ ਕੀਤਾ ਜਾਵੇ ਔਰ ਮਿੱਤਲ ਸਾਹਿਬ ਬੜੇ ਸਿਆਣੇ ਹਨ, ਉਨ੍ਹਾਂ ਨੂੰ ਬੜਾ ਤਜਰਬਾ ਹੈ। ਉਨ੍ਹਾਂ ਨੇ ਕਿਹਾ ਕਿ ਆਪਾਂ ਉਨ੍ਹਾਂ ਨੂੰ ਸੱਦ ਕੇ ਉਨ੍ਹਾਂ ਨਾਲ ਗੱਲ ਕਰ ਲਈਏ। ਉਸ ਤੋਂ ਬਾਅਦ ਜੋ ਕੁਝ ਵਾਪਰਿਆ ਹੈ, ਉਹ ਠੀਕ ਨਹੀਂ ਹੋਇਆ । ਅਸਲ ਵਿਚ ਲਾਅ ਐਂਡ ਆਰਡਰ ਦੀ ਪੰਜਾਬ ਵਿਚ ਨਹੀਂ, ਲਾਅ ਐਂਡ ਆਰਡਰ ਦੀ ਪ੍ਰਾਬਲਮ ਕੇਵਲ ਤੇ ਕੇਵਲ ਇਨ੍ਹਾਂ ਲੋਕਾਂ ਨੂੰ ਹੈ ਜਿਹੜੇ ਰਾਜਸੱਤਾ ਉਤੇ ਬਿਰਾਜਮਾਨ ਹੋਣ ਦੇ ਸੁਪਨੇ ਵੇਖਦੇ ਸੀ ਤੇ ਸੁਪਨੇ ਧਰੇ ਧਰਾਏ ਰਹਿ ਗਏ ਤੇ ਫਿਰ ਹੁਣ ਫਰੱਸਟ੍ਰੇਸ਼ਨ ਵਿਚ ਹਨ। ਮਜੀਠੀਆ ਸਾਹਿਬ ਨੇ ਉਨ੍ਹਾਂ ਵਾਸਤੇ ਦੋ-ਤਿੰਨ ਜਿਹੜੇ ਸ਼ਬਦ ਵਰਤੇ ਹਨ, ਉਹ ਬਿਲਕੁਲ ਸਹੀ ਹਨ । ਰਾਜ ਨਾ ਮਿਲਣ ਕਰਕੇ ਉਹ ਹੋਸ਼ੋ-ਹਵਾਸ ਗਵਾ ਬੈਠੇ ਹਨ, ਇਨ੍ਹਾਂ ਕੋਲ ਕੋਈ ਮੁੱਦਾ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਵੀ ਪਤਾ ਹੈ ਕਿ ਸੱਚ ਕੀ ਹੈ...

ਮਾਨਯੋਗ ਡਿਪਟੀ ਸਪੀਕਰ : ਵਲਟੋਹਾ ਸਾਹਿਬ, ਸਮੇਂ ਦਾ ਧਿਆਨ ਰੱਖੋ, ਬਾਕੀ ਮੈਂਬਰਾਂ ਨੇ ਵੀ ਸਮਾਂ ਲੈਣਾ ਹੈ ।

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਸੁਰੱਖਿਆ ਸੇਵਾਵਾਂ ਭਲਾਈ : ਡਿਪਟੀ ਸਪੀਕਰ ਸਾਹਿਬ, ਡਿਪਟੀ ਸੀ.ਐਮ.ਸਾਹਿਬ ਬੈਠੇ ਹਨ। ਇਨ੍ਹਾਂ ਨਾਲ ਵੀ ਗੱਲ ਕੀਤੀ ਹੈ। ਸਪੀਕਰ ਸਾਹਿਬ ਨਾਲ ਵੀ ਗੱਲ ਕਰਾਂਗੇ ਕਿ ਦੋ ਵਜੇ ਤੱਕ ਇਸ ਉਤੇ ਬਹਿਸ ਕਿਰਪਾ ਕਰਕੇ ਕਰਵਾਈ ਜਾਵੇ । ਉਸ ਤੋਂ ਬਾਅਦ ਜਿਹੜਾ ਨਾਨ ਆਫੀਸ਼ੀਅਲ ਦਾ ਰੈਜ਼ੋਲਿਊਸ਼ਨ ਹੈ, ਉਹ ਪਾਸ ਹੋ ਜਾਣਾ ਹੈ ਜਾਂ ਉਸ ਉਤੇ ਹਾਊਸ ਵਿੱਚ ਡਿਸਕਸ਼ਨ ਹੋ ਜਾਣੀ ਹੈ। ਮੈਨੂੰ ਬੋਲਣ ਦਿਉ, ਮੇਰੀ ਇੰਨੀ ਕੁ ਬੇਨਤੀ ਹੈ ਕਿਉਂਕਿ ਉਹ ਹੁਣ ਇਥੇ ਨਹੀਂ ਹਨ ਪਰ ਸਾਡੀ ਗੱਲ ਤਾਂ ਜਾਣ ਦਿਉ...

ਮਾਨਯੋਗ ਡਿਪਟੀ ਸਪੀਕਰ : ਬਾਕੀਆਂ ਨੇ ਵੀ ਸਮਾਂ ਲੈਣਾ ਹੈ ।

Original with;
Punjab Vidhan Sabha
Digitized by;
Panjab Digital Library

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਸੁਰੱਖਿਆ ਸੇਵਾਵਾਂ ਭਲਾਈ : ਡਿਪਟੀ ਸਪੀਕਰ ਸਾਹਿਬ, ਕੋਈ ਨਹੀਂ, ਸਮਝ ਲਵੋ ਜੇ ਮੈਂ ਬੋਲ ਰਿਹਾ ਹਾਂ ਤਾਂ ਸਾਰੇ ਹੀ ਬੋਲ ਰਹੇ ਹਨ । ਡਿਪਟੀ ਸਪੀਕਰ ਸਾਹਿਬ, ਇਹ ਸਭ ਜਾਣਦੇ ਹਨ ਕਿ ਪੰਜਾਬ ਦੇ ਹਾਲਾਤ ਕੀ ਹਨ ਔਰ ਪੰਜਾਬ ਦੀ ਜਿਹੜੀ ਇਕਾਨਮੀ ਹੈ ਜੋ ਸੈਂਟਰ ਸਰਕਾਰ ਦੀਆਂ ਨੀਤੀਆਂ ਕਰਕੇ ਔਰ ਪੰਜਾਬ ਦੇ ਨਾਲ ਕੀਤੀਆਂ ਗਈਆਂ ਧੱਕੇਸ਼ਾਹੀਆਂ ਕਰਕੇ ਪਿੱਛੇ ਚਲੀ ਗਈ ਸੀ, ਉਹ ਸਾਡੇ ਮਾਨਯੋਗ ਡਿਪਟੀ ਸੀ.ਐਮ. ਸਾਹਿਬ ਤੇ ਮੁੱਖ ਮੰਤਰੀ ਸਾਹਿਬ ਦੀ ਅਗਵਾਈ ਦੇ ਥੱਲੇ ਆਉਣ ਵਾਲੇ ਸਮੇਂ ਵਿਚ ਜਿਸ ਤਰ੍ਹਾਂ ਇੰਪਰੂਵ ਹੋ ਰਹੀ ਹੈ, ਉਸ ਦੀ ਕੋਈ ਕਸਰ ਨਹੀਂ ਛੱਡਾਂਗੇ । ਇਹ ਹਰ ਗੱਲ ਜਾਣਦੇ ਹਨ ਕਿ ਪੰਜਾਬ ਡਿਵੈਲਪਮੈਂਟ ਵਾਲੇ ਪਾਸੇ ਜਾ ਰਿਹਾ ਹੈ । ਇਹ ਇਨ੍ਹਾਂ ਨੂੰ ਖਦਸ਼ਾ ਹੈ ਕਿ ਅਸੀਂ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਘੱਟੋ ਘੱਟ 25 ਸਾਲ ਕਹਿੰਦੇ ਹਾਂ ਕਿ ਅਸੀਂ ਰਾਜ ਕਰਾਂਗੇ । ਉਸੇ ਕਰਕੇ ਹੀ ਇਹ ਨਵੀਆਂ ਤੋਂ ਨਵੀਆਂ ਕਹਾਣੀਆਂ ਬਣਾ ਕੇ ਪੇਸ਼ ਕਰਦੇ ਹਨ । ਜਿਹੜਾ ਬੰਦਾ ਜਾਣਦਿਆਂ ਬੁਝਦਿਆਂ ਗੱਲ ਦਾ ਓਹਲਾ ਰੱਖੇ, ਗੁੰਮਰਾਹ ਕਰਨ ਦੀ ਕੋਸ਼ਿਸ਼ ਕਰੇ, ਉਸ ਦਾ ਕਦੇ ਪਾਰ ਉਤਾਰਾ ਨਹੀਂ ਹੁੰਦਾ । ਜਿਸ ਦੇ ਹੱਥ ਉਤੇ ਦੀਵਾ ਰੱਖਿਆ ਹੋਵੇ, ਹੱਥ ਵਿਚ ਟਾਰਚ ਫੜੀ ਹੋਵੇ ਤੇ ਫਿਰ ਵੀ ਉਹ ਖੂਹ ਵਿਚ ਜਾ ਡਿੱਗੇ ਤਾਂ ਇਸ ਤੋਂ ਵੱਧ ਕਮਲ਼ਾ ਕਿਹੜਾ ਹੋਵੇਗਾ । ਇਨਾਂ ਨੂੰ ਪਤਾ ਵੀ ਹੈ, ਇਸ ਗੱਲ ਦੀ ਸੋਝੀ ਵੀ ਹੈ ਪਰ ਜਾਣ-ਬੁੱਝ ਕੇ ਖੂਹ ਵਿਚ ਛਾਲ ਮਾਰਦੇ ਹਨ । ਗੁਰਬਾਣੀ ਵਿਚ ਲਿਖਿਆ ਹੈ :

ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥

ਇਹ ਸਭ ਕੁਝ ਜਾਣਦੇ ਹਨ, ਉਸ ਦੇ ਬਾਵਜੂਦ ਵੀ ਇਹ ਇਹੋ ਜਿਹੀਆਂ ਹਰਕਤਾਂ ਕਰਦੇ ਹਨ:

ਕਾਹੇ ਕੀ ਕੁਸਲਾਤ ॥

ਇਹ ਕਾਹਦੀ ਸਿਆਣਪ ਹੈ :

ਹਾਥਿ ਦੀਪੁ

ਹੱਥ ਵਿਚ ਦੀਵਾ ਹੈ :

ਕੂਏ ਪਰੈ ॥

ਜੇ ਫਿਰ ਵੀ ਖੂਹ ਵਿਚ ਡਿੱਗ ਪਵੇ ਤਾਂ ਫਿਰ ਤਾਂ ਕਮਲ਼ਿਆਂ ਵਾਲੀ ਗੱਲ ਹੀ ਹੈ। ਡਿਪਟੀ ਸਪੀਕਰ ਸਾਹਿਬ, ਇਹੋ ਜਿਹੀਆਂ ਗੱਲਾਂ ਨਹੀਂ ਹੋਣੀਆਂ ਚਾਹੀਦੀਆਂ। ਡਿਪਟੀ ਸਪੀਕਰ ਸਾਹਿਬ, ਜਿਹੜੀ ਮੈਂ ਜਾਖੜ ਸਾਹਿਬ ਦੀ ਗੱਲ ਕੀਤੀ ਸੀ ਕਿ ਉਹ ਇਹੋ ਜਿਹੇ ਇਨਸਾਨ ਹਨ **** ਨੇ ਡੇਢ-ਦੋ ਮਹੀਨੇ ਪਹਿਲਾਂ ਮੀਟਿੰਗ ਕੀਤੀ ਸੀ,

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਇੱਧਰ ਪੰਜਾਬ ਦੀਆਂ ਅਖਬਾਰਾਂ ਵਿਚ ਵੀ ਛਪਿਆ ਤੇ ਕਿਤੇ ਉਨ੍ਹਾਂ ਨੇ ਕਹਿ ਦਿੱਤਾ ਕਿ ਤੁਸੀਂ ਹਮਾਲਵਰ ਰੁੱਖ ਰੱਖਿਆ ਕਰੋ, ਹਮੇਸ਼ਾ ਓਫੈਂਸਿਵ ਰਿਹਾ ਕਰੋ । ਇਹ ਪਤਾ ਨਹੀਂ ਓਫੈਂਸਿਵ ਦਾ ਕੀ ਅਰਥ ਸਮਝ ਗਏ ਤੇ ਹਰ ਗੱਲ ਵਿਚ ਹੀ ਹਮਲਾ, ਲਫਜ਼ਾਂ ਦਾ ਹਮਲਾ, ਫਿਜ਼ੀਕਲੀ ਹਮਲਾ । ਕੱਲ੍ਹ ਤਾਂ ਬੀਬੀ ਜੀ ਨੇ ਵੀ ਚੰਦ ਚਾੜ੍ਹ ਦਿੱਤਾ। ਮੇਰਾ ਖਿਆਲ ਹੈ ਕਿ ਕਿਤੇ ਭੱਜ-ਭੁੱਜ ਕੇ ਜਾਨ ਬਚਾਈ । ਜੇ ਉਸ ਦਾ ਵੱਸ ਚਲਦਾ ਤਾਂ ਕੱਲ੍ਹ ਪਾਰਲੀਮੈਂਟ ਵਿੱਚ ਉਸ ਨੂੰ ਵੀ ਗਲਮੇ ਤੋਂ ਫੜ ਲੈਣਾ ਸੀ ਜਿਸ ਨੇ ਬਿਲ ਦੀ ਕਾਪੀ ਫਾੜੀ ਸੀ । ਇਹ ਸਾਰੇ ਕੁਝ ਦੀਆਂ ਤਾਰਾਂ ਉੱਤੋਂ ਹਿਲਦੀਆਂ ਹਨ ਅਤੇ ਜੋ ਪੰਜਾਬ ਦੀ ਅਸੈਂਬਲੀ ਵਿੱਚ ਪਿਛਲੇ ਦਿਨਾਂ ਤੋਂ ਵਾਪਰ ਰਿਹਾ ਹੈ, ਇਹ ਬੀਬੀ ਜੀ ਦੀ ਡਾਇਰੈਕਸ਼ਨ ਤੇ ਚੱਲ ਰਿਹਾ ਹੈ, ਜੋ ਉਨ੍ਹਾਂ ਨੇ ਇਨ੍ਹਾਂ ਨੂੰ ਕਿਹਾ ਹੈ ।

ਮਾਨਯੋਗ ਡਿਪਟੀ ਸਪੀਕਰ : ਵਲਟੋਹਾ ਸਾਹਿਬ, ਇੱਕ ਮਿੰਟ ਜੀ। 12.10 ਵਜੇ ਡਿਪਟੀ ਸੀ.ਐਮ. ਸਾਹਿਬ ਬੋਲਣਗੇ ।

ਉਪ ਮੁੱਖ ਮੰਤਰੀ : ਸਮਾਂ ਵਧਾ ਲਓ ਜੀ। 2.00 ਵਜੇ ਤੱਕ ਕਰ ਲਓ ਕਿਉਂਕਿ ਕੱਲ੍ਹ ਵੀ ਟਾਈਮ ਹੈ ।

ਮਾਨਯੋਗ ਡਿਪਟੀ ਸਪੀਕਰ : ਠੀਕ ਹੈ ਜੀ ।

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਸੁਰੱਖਿਆ ਸੇਵਾਵਾਂ ਭਲਾਈ : ਡਿਪਟੀ ਸਪੀਕਰ ਸਾਹਿਬ, ਉਸ ਬੰਦੇ ਦਾ ਵਾਰ ਵਾਰ ਜ਼ਿਕਰ ਕਰਨ ਨੂੰ ਜੀਅ ਨਹੀਂ ਕਰਦਾ ਪਰ ਜ਼ਿਕਰ ਕਰਨਾ ਪੈਂਦਾ ਹੈ। ਪੰਜਾਬ ਦੇ ਲੋਕਾਂ ਸਾਹਮਣੇ ਸੱਚ ਆਉਣਾ ਚਾਹੀਦਾ ਹੈ ਕਿ ਇੱਕ ਘਰ ਵਿੱਚ 20 ਲਾਇਸੰਸ, 60 ਅਸਲੇ, 60 ਹਥਿਆਰ ਹੋਣ ਤਾਂ ਇਸ ਤੋਂ ਵੱਡੀ ਕੀ ਪ੍ਰਾਬਲਮ ਹੋ ਸਕਦੀ ਹੈ। ਮੈਂ ਡਿਪਟੀ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਸ ਦੀ ਇਨਕੁਆਇਰੀ ਕਰਵਾਈ ਜਾਵੇ ਕਿ ਉਹ ਕਿਹੜੇ ਲੋਕ ਹਨ ਜਿਨ੍ਹਾਂ ਦਾ ਇਹ ਅਸਲਾ ਹੈ। ਮੈਂ ਖ਼ਦਸ਼ਾ ਪ੍ਰਗਟ ਕਰਦਾ ਹਾਂ ਕਿ ਉਹ ਉਤਰਾਖੰਡ ਦੇ ਉਨ੍ਹਾਂ ਲੋਕਾਂ ਦੇ ਲਾਇਸੰਸ ਹੋਣਗੇ ਜਿਹੜੇ ਉੱਧਰ ਪ੍ਰੋਕਲੇਮਡ ਓਫੈਂਡਰ ਹੋਣਗੇ। ਉਨ੍ਹਾਂ ਦੇ ਏਕਤਾ ਭਵਨ ਦੇ ਨਾਂ ਤੇ ਜਿਹੜੇ ਅਸਲੇ ਬਣੇ ਹਨ, ਇਸ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ । ਡਿਪਟੀ ਸਪੀਕਰ ਸਾਹਿਬ, ਜਦੋਂ ਪੋਂਟੀ ਚੱਢਾ ਅਤੇ ਉਸ ਦੇ ਬ੍ਰਦਰ ਦਾ ਮਰਡਰ ਹੋਇਆ ਸੀ ਤਾਂ ਪੱਤਰਕਾਰ ਵੀਰਾਂ ਨੇ ਅਖ਼ਬਾਰ ਵਿੱਚ ਲਿਖਿਆ ਸੀ ਕਿ ਜਿਹੜਾ ਨਾਮਧਾਰੀ ਹੈ ਉਸ ਨੇ ਸਭ ਤੋਂ ਪਹਿਲਾਂ ਜਿਹੜੇ ਫੋਨ ਕੀਤੇ ਹਨ ਉਹ ਪੰਜਾਬ ਦੇ ਕਿਸੇ ਵੱਡੇ ਨੇਤਾ ਨੂੰ ਕੀਤੇ ਸਨ, ਜਿਸ ਦਾ ਬਾਜਪੁਰ ਨਾਲ ਸਬੰਧ ਹੈ । ਫੇਰ ਇਸ ਤੋਂ ਮਾੜੀ ਗੱਲ ਕੀ ਹੋ ਸਕਦੀ ਹੈ ਕਿ ਉਹ ਕਿਹੜੇ ਲੋਕ ਹਨ ਜਿਹੜੇ ਲਾਅ ਐਂਡ ਆਰਡਰ ਵਾਸਤੇ ਖ਼ਤਰਾ

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਸੁਰੱਖਿਆ ਸੇਵਾਵਾਂ ਭਲਾਈ]

ਹਨ। ਇਹ ਕਿਸ ਨੂੰ ਨਸੀਹਤਾਂ ਦਿੰਦੇ ਹਨ । ਪਿਛਲੇ ਕੁਝ ਦਿਨਾਂ ਤੋਂ ਮੈਂ ਵੀ ਅਖ਼ਬਾਰਾਂ ਵਿੱਚ ਪੜ੍ਹ ਰਿਹਾ ਹਾਂ ਅਤੇ ਤੁਸੀਂ ਵੀ ਪੜ੍ਹ ਰਹੇ ਹੋ ਕਿ ਇੱਕ ਸਾਡੇ ਕੈਪਟਨ ਜਿਨ੍ਹਾਂ ਨੇ ਦੇਸ਼ ਦੀ ਖ਼ਾਤਰ ਸ਼ਹੀਦੀ ਪ੍ਰਾਪਤ ਕੀਤੀ ਹੈ। ਕਾਰਗਿਲ ਯੁੱਧ ਵਿੱਚ ਜੋ ਉਨ੍ਹਾਂ ਨਾਲ ਵਾਪਰਿਆ, ਪਾਕਿਸਤਾਨ ਦੀ ਆਰਮੀ ਦੇ ਉਹ ਕਾਬੂ ਆਏ ਅਤੇ ਉਨ੍ਹਾਂ ਨੂੰ ਟਾਰਚਰ ਕਰਕੇ ਸ਼ਹੀਦ ਕੀਤਾ ਗਿਆ । ਕੈਪਟਨ ਸੌਰਵ ਕਾਲੀਆ ਜੀ, ਉਨ੍ਹਾਂ ਦਾ ਮਸਲਾ ਯੂ.ਐਨ.ਓ. ਤੱਕ, ਇੰਟਰਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਤੱਕ ਉੱਠਿਆ ਹੈ ਕਿ ਇਸ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ, ਜਸਟਿਸ ਹੋਣਾ ਚਾਹੀਦਾ ਹੈ, ਸੱਚ ਸਾਹਮਣੇ ਆਉਣਾ ਚਾਹੀਦਾ ਹੈ, ਇਨਸਾਫ਼ ਹੋਣਾ ਚਾਹੀਦਾ ਹੈ। ਸੌਰਵ ਕਾਲੀਆ ਜੀ ਜੋ ਹਿੰਦੁਸਤਾਨ ਦੇ ਕੈਪਟਨ ਸਨ ਤਾਂ ਕਿਸੇ ਵੀ ਦੇਸ਼ ਦੀ ਆਰਮੀ ਨੂੰ ਅਧਿਕਾਰ ਨਹੀਂ ਹੈ ਕਿ ਜੇ ਕੋਈ ਕਾਬੂ ਆ ਜਾਵੇ ਤਾਂ ਉਸ ਨਾਲ ਅਜਿਹਾ ਵਿਵਹਾਰ ਕੀਤਾ ਜਾਵੇ । 3-4 ਦਿਨ ਪਹਿਲਾਂ ਅਖ਼ਬਾਰ ਵਿੱਚ ਖ਼ਬਰ ਲੱਗੀ ਸੀ ਕਿ 1 ਨਵੰਬਰ, 1984 ਜਿਸ ਨੂੰ ਸਿੱਖ ਹਮੇਸ਼ਾ ਬੜੇ ਦੁੱਖ ਨਾਲ ਯਾਦ ਕਰਦੇ ਹਨ। ਸਮੁੱਚੀ ਮਨੁੱਖਤਾ ਬੜੇ ਦੁੱਖ ਨਾਲ ਯਾਦ ਕਰਦੀ ਹੈ। ਉਸ ਦਿਨ ਤੁਗਲਕਾਬਾਦ ਸਟੇਸ਼ਨ, ਨੰਗਲੋਈ ਵਿੱਚ 50 ਸਿੱਖ ਫੌਜੀ, ਜਿਨ੍ਹਾਂ ਵਿੱਚ ਲੈਫਟੀਨੈਂਟ ਕਰਨਲ, ਕਰਨਲ, ਕੈਪਟਨ, ਮੇਜਰ, ਸੂਬੇਦਾਰ ਤੱਕ ਦੇ ਅਫ਼ਸਰ ਸਨ, ਉਨ੍ਹਾਂ ਨੂੰ ਟਾਰਚਰ ਕੀਤਾ ਗਿਆ। ਉਨ੍ਹਾਂ ਦਾ ਕਤਲ ਕਰ ਦਿੱਤਾ ਗਿਆ, ਸ਼ਹੀਦ ਕਰ ਦਿੱਤਾ ਗਿਆ। 28 ਸਾਲਾਂ ਵਿੱਚ ਵਾਰ ਵਾਰ ਅਵਾਜ਼ ਉਠਦੀ ਰਹੀ ਹੈ, ਮੈਂ ਕਹਿੰਦਾ ਹਾਂ ਕਿ ਕੈਪਟਨ ਸੌਰਵ ਕਾਲੀਆ ਜੀ ਦਾ ਮਸਲਾ ਉੱਠਣਾ ਚਾਹੀਦਾ ਹੈ, ਯੂ.ਐਨ.ਓ. ਵਿੱਚ ਉੱਠਣਾ ਚਾਹੀਦਾ ਹੈ ਕਿਉਂਕਿ ਦੂਜੇ ਦੇਸ਼ ਨਾਲ ਰਿਲੇਟਿਡ ਮਸਲਾ ਹੈ । ਇੰਟਰਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਵਿੱਚ ਮਸਲਾ ਉੱਠਣਾ ਚਾਹੀਦਾ ਹੈ ਪਰ ਕੀ ਸਾਨੂੰ ਇਹ ਵੀ ਅਧਿਕਾਰ ਨਹੀਂ ਕਿ ਉਨ੍ਹਾਂ ਕਤਲਾਂ ਬਾਰੇ ਕੋਈ ਹਾਅ ਦਾ ਨਾਅਰਾ ਵੀ ਨਾ ਮਾਰੇ । ਕੋਈ ਜ਼ਿਕਰ ਤੱਕ ਨਾ ਕਰੇ ਅਤੇ ਉਨ੍ਹਾਂ ਦੇ ਕੇਸ ਨੂੰ ਅਨਟ੍ਰੇਸ ਕਰਕੇ ਦਬਾ ਦਿੱਤਾ ਜਾਵੇ। ਡਿਪਟੀ ਸਪੀਕਰ ਸਾਹਿਬ, ਜੋ ਕਤਲੇਆਮ 1984 ਵਿੱਚ ਹੋਇਆ ਜੇਕਰ ਅਸੀਂ ਇੱਥੇ ਜ਼ਿਕਰ ਕਰੀਏ ਤਾਂ ਸਾਹਮਣੇ ਬੈਂਚਾਂ ਤੋਂ (ਆਪੋਜੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਮਸ਼ਕਰੀਆਂ ਕਰਦੇ ਹਨ। ਉਹ ਕਤਲੇਆਮ ਜਦੋਂ ਵੀ ਯਾਦ ਆਉਂਦਾ ਹੈ ਤਾਂ ਜਿਸ ਦੇ ਦਿਲ ਵਿੱਚ ਮਨੁੱਖਤਾ ਹੈ ਉਸ ਦਾ ਦਿਲ ਕੰਬਦਾ ਹੈ, ਉਸ ਵਿੱਚ ਰੋਹ ਭਰਦਾ ਹੈ, ਗੁੱਸਾ ਆਉਂਦਾ ਹੈ। ਸੁਰਜੀਤ ਪਾਤਰ ਜੀ, ਜਿਹੜੇ ਪੰਜਾਬ ਦੇ ਨਾਮਵਰ ਕਵੀ ਹਨ ਉਨ੍ਹਾਂ ਨੇ ਆਪਣੇ ਜਜ਼ਬਾਤ ਉਲਾਂਭਾ ਦਿੰਦਿਆਂ ਹੋਇਆਂ ਦਿੱਲੀ ਦੀ ਜਮਾਤ ਨੂੰ ਕਾਂਗਰਸ ਸਰਕਾਰ ਨੂੰ ਕੁਝ ਸਤਰਾਂ ਲਿਖੀਆਂ ਹਨ। ਉਹ ਕਹਿੰਦੇ ਹਨ ਕਿ

Original with;
Punjab Vidhan Sabha
Digitized by;
Panjab Digital Library

ਕੋਈ ਸਿੱਖ ਦਿੱਲੀ ਚਲਾ ਗਿਆ ਜੋ ਕਿ ਅੰਨ੍ਹਾ ਸੀ ਪਰ ਜਦੋਂ ਉਸ ਨੇ ਉਥੇ ਪੈਰ ਪਾਇਆ ਤਾਂ ਪੈਰ ਪਾਉਣ ਤੋਂ ਬਾਅਦ ਉਹ ਆਖਦਾ ਹੈ :

"ਸੜਕ ਸਾਡੇ ਲਹੂ ਨਾਲ ਗਿੱਲੀ ਹੈ ।
ਜਾਪਦਾ ਹੈ ਸ਼ਹਿਰ ਇਹ ਦਿੱਲੀ ਹੈ ।
ਕੀ ਹੋਇਆ ?
ਕੁਝ ਨਹੀਂ ਹੋਇਆ ।
ਬੱਸ ਕੋਈ ਪੰਜ ਸੱਤ ਕੁ ਹਜ਼ਾਰ ਫੈਮਲੀ,
ਇੱਕ ਵੱਡਾ ਦਰੱਖਤ ਗਿਰਿਆ ਹੈ,
ਬੱਸ ਜ਼ਰਾ ਜਿੰਨੀ ਜ਼ਮੀਨ ਹਿੱਲੀ ਹੈ ।"

ਸੱਤ-ਅੱਠ ਹਜ਼ਾਰ ਜਾਂ ਦਸ ਹਜ਼ਾਰ, ਅਸਲ ਵਿੱਚ ਪਤਾ ਨਹੀਂ ਕਿੰਨੀ ਕੁ ਵੱਡੀ ਗਿਣਤੀ ਹੈ, ਜਿਸ ਤਰ੍ਹਾਂ ਸਾਹਮਣੇ ਰਿਪੋਰਟਾਂ ਆ ਰਹੀਆਂ ਹਨ, ਇਨ੍ਹਾਂ ਨੇ ਕਤਲ ਕੀਤੇ ਪਰ ਇਨ੍ਹਾਂ ਦਾ ਪ੍ਰਧਾਨ ਮੰਤਰੀ ਕਹਿੰਦਾ ਹੈ ਕਿ ਜਦੋਂ ਵੱਡਾ ਦਰੱਖਤ ਡਿੱਗਦਾ ਹੈ ਤਾਂ ਜ਼ਮੀਨ ਹਿੱਲਦੀ ਹੈ ਤੇ ਇਹੋ ਜਿਹੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ ।

ਡਿਪਟੀ ਸਪੀਕਰ ਸਾਹਿਬ, ਮੈਨੂੰ ਯਾਦ ਹੈ ਮੈਂ ਸਾਲ 1983 ਵਿੱਚ ਕਾਲਜ ਵਿੱਚ ਪੜ੍ਹਦਾ ਸੀ। ਉਦੋਂ ਇੱਕ 'ਪਾਇਲ ਕਾਂਡ' ਬੜਾ ਮਸ਼ਹੂਰ ਹੋਇਆ ਸੀ। ** ਦੀ ਉਦੋਂ ਇੱਥੇ ਸਰਕਾਰ ਸੀ ਤੇ ** ਕੈਬਨਿਟ ਮੰਤਰੀ ਸਨ । ਚਾਰ ਵਿਅਕਤੀ ਉਦੋਂ ਜੇਲ੍ਹ ਵਿੱਚੋਂ ਪੈਰੋਲ ਤੇ ਆਏ ਸੀ, ਉਨ੍ਹਾਂ ਨੂੰ ਝੂਠੇ ਮੁਕਾਬਲੇ ਵਿੱਚ ਮਾਰ ਦਿੱਤਾ ਗਿਆ। ਇਹ ਇਨ੍ਹਾਂ ਦਾ ਲਾਅ ਐਂਡ ਆਰਡਰ ਹੈ । ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੀ ਸਾਲ 2002 ਦੀ ਇਲੈਕਸ਼ਨ ਵਿੱਚ ਕਾਂਗਰਸ ਦਾ ਪੱਟੀ ਹਲਕੇ ਤੋਂ ** ਇੱਕ ਉਮੀਦਵਾਰ ਸੀ । ਅੱਜ ਵੀ ਉਹ ਕਾਂਗਰਸ ਦਾ ਸੀਨੀਅਰ ਲੀਡਰ ਹੈ। ਉਸ ਉੱਤੇ ਵੀਹ ਕੇਸ ਦਰਜ ਹਨ । ਜੋ ਸਾਡੇ ਕੋਲ ਇਸ ਦਾ ਰਿਕਾਰਡ ਹੈ ਔਰ ਹਾਲੇ ਅਜੇ ਪਤਾ ਨਹੀਂ ਸੱਜੇ ਖੱਬੇ ਹੋਰ ਕਿੰਨੇ ਕੁ ਕੇਸ ਦਰਜ ਹੋਣਗੇ । ਵੀਹ ਕੇਸ ਉਸ ਤੇ ਦਰਜ ਹਨ । ਕੱਲ੍ਹ ਜਦੋਂ ਇਨ੍ਹਾਂ ਨੇ ਡਾਇਰੈਕਟਰੀ ਪੇਸ਼ ਕੀਤੀ ਸੀ ਕਿ ਇਸ ਵਿੱਚ ਕੁਝ ਬਸਤਾ-ਵੇ ਬੰਦੇ ਹਨ, ਜਿਨ੍ਹਾਂ ਦੀ ਥਾਣੇ ਵਿੱਚ ਫੋਟੋ ਹੋਣੀ ਚਾਹੀਦੀ ਹੈ, ਗਜ਼ਟਰੀ ਵਿੱਚ ਲੱਗੀ ਹੈ । ਮੈਂ ਕਿਹਾ ਸੀ ਕਿ ਨਾ ਲਓ । ਕਿਉਂਕਿ ਮੈਂ ਇਸ ਗੱਲ ਤੇ ਆਖਿਆ ਸੀ ਕਿ ਇਨ੍ਹਾਂ ਦੇ ਜਿਹੜੇ ਲੀਡਰ ਹਨ, ਉਹ ਬਸਤਾ-ਵੇ ਹਨ । **** ਇਸ ਤੋਂ ਵੱਡੀ ਬਦਕਿਸਮਤੀ ਪੰਜਾਬ ਦੀ ਤੇ ਇਨ੍ਹਾਂ ਵਾਸਤੇ ਬੇਸ਼ਰਮੀ ਦੀ ਹੱਦ ਕਿਹੜੀ ਹੋ ਸਕਦੀ ਹੈ । ਡਿਪਟੀ ਸਪੀਕਰ ਸਾਹਿਬ, ਕੱਲ੍ਹ ਵਿਰੋਧੀ ਪਾਰਟੀ ਦੇ ਨੇਤਾ ਜੀ ਨੇ ਨਸ਼ਿਆਂ ਦੀ ਗੱਲ ਕੀਤੀ । ਜਿਹੜੇ ਪਾਕਿਸਤਾਨ ਤੋਂ ਸਮੱਗਲ ਹੁੰਦੇ ਹਨ, ਉਸ ਵਿੱਚ ਜ਼ਿੰਮੇਵਾਰੀ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਸੁਰੱਖਿਆ ਸੇਵਾਵਾਂ ਭਲਾਈ]
ਕਿਸਦੀ ਹੈ ? ਸਰਹੱਦ ਦੀ ਰਾਖੀ ਕਿਸਨੇ ਕਰਨੀ ਹੈ ? ਹਿੰਦੁਸਤਾਨ ਦੀ ਸਰਕਾਰ ਨੇ ਕਰਨੀ ਹੈ । ਉਥੇ ਪ੍ਰਬੰਧ ਕਿਸ ਨੇ ਕਰਨੇ ਹਨ ? ਹਿੰਦੁਸਤਾਨ ਦੀ ਸਰਕਾਰ ਨੇ । ਜੇ ਸਰਕਾਰ ਸਰਹੱਦ ਤੇ ਫੇਲ੍ਹ ਹੋ ਰਹੀ ਹੈ ਤਾਂ ਹਿੰਦੁਸਤਾਨ ਦੀ ਸਰਕਾਰ ਫੇਲ੍ਹ ਹੋ ਰਹੀ ਹੈ । ਪਰ ਸਮੱਗਲਿੰਗ ਕੌਣ ਕਰਦੇ ਹਨ ? ਸਾਲ 2002 ਤੋਂ 2007 ਤੱਕ ਕਾਂਗਰਸ ਸਰਕਾਰ ਦਾ ਰਾਜ ਰਿਹਾ । ਮੇਰੇ ਕੋਲ ਇੰਟੈਲੀਜੈਂਸ ਦੇ ਕਾਗਜ਼ ਹਨ । ਪੰਜਾਬ ਦੇ ਏ.ਡੀ.ਜੀ.ਪੀ. ਸ਼੍ਰੀ ਵਿਰਦੀ ਜੀ ਸਨ। ਜਿਨ੍ਹਾਂ ਨੇ ਐਸ.ਐਸ.ਪੀ., ਤਰਨਤਾਰਨ ਨੂੰ ਚਿੱਠੀ ਲਿਖੀ ਕਿ ਜਿਹੜੇ ਇਨ੍ਹਾਂ ਦੇ ਉਸ ਸਮੇਂ ਮੰਤਰੀ ਸਨ, ਇਨ੍ਹਾਂ ਦੇ ਸਮੱਗਲਰਾਂ ਨਾਲ ਤਾਅਲੁਕਾਤ ਹਨ ਤੇ ਸਮੱਗਲਰ ਬੜੀ ਖੁੱਲ੍ਹਦਿਲੀ ਨਾਲ ਨਸ਼ਿਆਂ ਦੀ ਤਸਕਰੀ ਕਰ ਰਹੇ ਹਨ ਤੇ ਸਮੱਗਲਰਾਂ ਦੇ ਵਿਰੁੱਧ ਕਾਰਵਾਈ ਕੀਤੀ ਜਾਵੇ। ਹਰ ਮਾਮਲੇ ਵਿੱਚ ਉਨ੍ਹਾਂ ਨੂੰ ਜਿਹੜੇ ** ** ਬਚਾਉਂਦੇ ਹਨ, ਇਹੋ ਜਿਹੀ ਕਾਰਵਾਈ ਨਹੀਂ ਹੋਣੀ ਚਾਹੀਦੀ । ਮੇਰੇ ਕੋਲ ਇਹ ਚਿੱਠੀ ਹੈ । ਜੇ ਪ੍ਰੈੱਸ ਵਾਲੇ ਵੀਰ ਮੰਗਣਗੇ ਤਾਂ ਮੈਂ ਉਨ੍ਹਾਂ ਨੂੰ ਵੀ ਦੇ ਦਿਆਂਗਾ ਕਿਉਂਕਿ ਅੱਜ ਇਹ ਆਪੋਜੀਸ਼ਨ ਵਾਲੇ ਤਾਂ ਇੱਥੇ ਹੈ ਨਹੀਂ, ਮੈਂ ਤਾਂ ਉਨ੍ਹਾਂ ਨੂੰ ਸੁਣਾਉਣਾ ਸੀ ਪਰ ਅੱਜ ਇਹੀ ਸਾਡੇ ਕੋਲ ਸੁਣਨ ਵਾਲੇ ਹਨ । ਮੇਰੇ ਕੋਲ ਜਿਹੜੀ ਚਿੱਠੀ ਹੈ, ਇਹ ਏ.ਡੀ.ਜੀ.ਪੀ. ਇੰਟੈਲੀਜੈਂਸ ਨੇ ਜਾਰੀ ਕੀਤੀ ਸੀ ਜਿਸ ਵਿੱਚ ਇੱਕ ** ਪਿੰਡ ਵਾਂ ਤਾਰਾ ਸਿੰਘ, ਥਾਣਾ ਖਾਲੜਾ, ਜ਼ਿਲ੍ਹਾ ਤਰਨਤਾਰਨ ਦਾ ਜ਼ਿਕਰ ਹੈ ਜਿਹੜਾ ਕਿ ਨਾਮੀ ਸਮੱਗਲਰ ਹੈ ਅਤੇ ਉਸ ਦੇ ਪਾਕਿਸਤਾਨ ਦੇ ਨਾਮੀ ਸਮੱਗਲਰਾਂ ਨਾਲ ਸੰਬੰਧ ਹਨ । ਉਸਨੇ ਇੰਨੇ ਹੈਰੋਇਨ ਦੇ ਪੈਕੇਟ ਪਹਿਲਾਂ ਲਿਆਂਦੇ ਤੇ ਹੁਣ ਵੀ ਹੈਰੋਇਨ ਲਿਆਂਦੀ । ਅੱਗੇ ਵੀ ਉਸ ਨੂੰ ਬਚਾਇਆ ਤੇ ਹੁਣ ਵੀ ਇਹ ਜਿਹੜੇ ** ਸਰਦਾਰ ਹਨ ਜੋ ਕਿ ਇਨ੍ਹਾਂ ਦੇ ਮੰਤਰੀ ਸਨ, ਇਹ ਉਸ ਨੂੰ ਬਚਾਉਣਗੇ ਪਰ ਇਹ ਨਹੀਂ ਹੋਣਾ ਚਾਹੀਦਾ। ਮੈਂ ਇਹ ਗੱਲ ਅੱਜ ਵਿਧਾਨ ਸਭਾ ਵਿੱਚ ਕਹਿ ਰਿਹਾ ਹਾਂ । ਇਹੀ ਗੱਲ ਕਾਂਗਰਸ ਦੇ ਇੱਕ ਇੰਫੋਟੈਕ ਦੇ ਸਾਬਕਾ ਚੇਅਰਮੈਨ, ਜਿਹੜੇ ਕਿ ** ਹਨ, ਉਨ੍ਹਾਂ ਨੇ ਪ੍ਰੈੱਸ ਵਿੱਚ ਵੀ ਇਲਜ਼ਾਮ ਲਗਾਇਆ ਅਤੇ ਉਨ੍ਹਾਂ ਨੇ ਇਹ ਚਿੱਠੀ, ਜਿਹੜੇ ਸ੍ਰੀ ਰਾਹੁਲ ਗਾਂਧੀ ਜੀ ਆਏ ਸਨ, ਜਿਹੜੇ ਪੰਜਾਬ ਵਿਚ ਨਸ਼ੇ ਦੀ ਗੱਲ ਕਰਕੇ ਗਏ, ਉਨ੍ਹਾਂ ਨੂੰ ਵੀ ਦਿੱਤੀ ਕਿ ਆਹ ਫੜ੍ਹੋ ਰਾਹੁਲ ਗਾਂਧੀ ਜੀ । ਕੈਪਟਨ ਅਮਰਿੰਦਰ ਸਿੰਘ ਜੀ ਨੂੰ ਵੀ ਚਿੱਠੀ ਦਿੱਤੀ ਕਿ ਕੈਪਟਨ ਸਾਹਿਬ ਤੁਸੀਂ ਇਨ੍ਹਾਂ ਦੀ ਪਿੱਠ ਬੜੀ ਠੋਕਦੇ ਜੇ। ਜਾਖੜ ਸਾਹਿਬ ਨੂੰ ਵੀ ਦਿੱਤੀ । ਜਾਖੜ ਸਾਹਿਬ ਆਹ ਸੱਚ ਜੇ, ਇਨ੍ਹਾਂ ਲੋਕਾਂ ਤੇ ਕਾਰਵਾਈ ਹੋਵੇ । ਬਦਮਾਸ਼ੀ ਦੀ ਗੱਲ, ਗੁੰਡਾਗਰਦੀ ਦੀ ਗੱਲ, ਲਾਅ ਐਂਡ ਆਰਡਰ ਦੀ ਗੱਲ । ਕਿਹੜੀਆਂ ਕਿਹੜੀਆਂ ਗੱਲਾਂ ਕਰਦੇ । ਆਹ ਨਵੰਬਰ 2011 ਦੀਆਂ ਯੂਥ ਕਾਂਗਰਸ ਦੀਆਂ ਚੋਣਾਂ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਆਈਆਂ, ਚੋਣਾਂ ਵੀ ਇਨ੍ਹਾਂ ਦੀਆਂ ਹੀ ਸਨ । ਜੋ ਜੂਤ ਉਸ ਵਿੱਚ ਖੜਕਿਆ, ਜੋ ਛਿੱਤਰ ਪੌਲਾ ਉਸ ਵਿਚ ਹੋਇਆ, ਅਜਿਹਾ ਪਹਿਲਾਂ ਕਦੇ ਨਹੀਂ ਹੋਇਆ । ਪੰਜਾਬ ਵਿਚ ਪਤਾ ਨਹੀਂ ਕਿੰਨੇ ਕੁ ਪਰਚੇ ਦਰਜ ਹੋਏ, ਇਕ ਦੂਜੇ ਉਤੇ । ਪ੍ਰਧਾਨਗੀ ਹਥਿਆਉਣ ਲਈ ਕਿਸੇ ਦੇ ਕਾਗਜ਼ ਦਾਖਲ ਨਹੀਂ ਹੋਣ ਦਿੱਤੇ। ਕਿਸੇ ਨੂੰ ਕੁੱਟ ਦਿੱਤਾ, ਕਿਸੇ ਨੂੰ ਪੋਲਿੰਗ ਬੂਥਾਂ ਤੇ ਵੜਨ ਨਹੀਂ ਦਿੱਤਾ । ਇੱਕ ਮੇਰੇ ਹਲਕੇ ਵਿਚ ਵੀ ਹੋਇਆ । ਕਾਂਗਰਸੀਆਂ ਨੇ ਕਾਂਗਰਸੀਆਂ ਤੇ ਪਾਈਆਂ । ਦੋ ਸਨ, ਇੱਕ ਕਾਗਜ਼ ਦਾਖਲ ਕਰਵਾਉਣ ਗਿਆ, ਦੂਜੇ ਨੇ ਕਾਗਜ਼ ਪਾੜ ਦਿੱਤੇ, ਪੈਸੇ ਖੋਹ ਲਏ । ** ਦੇ ਲੜਕੇ ** ਨੇ ਰੱਜ ਕੇ ਕੁੱਟਿਆ, ਉਸ ਦੇ ਸਾਥੀਆਂ ਨੇ ਕੁੱਟਿਆ। ਅੱਜ ਵੀ ਥਾਣਾ ਵਲਟੋਹਾ ਵਿਚ ਐਫ.ਆਈ.ਆਰ. ਨੰ: 14/2011 ਦਰਜ ਹੈ। ਝੂਠ ਦੀ ਗੱਲ ਕਰੀਏ। ਡਿਪਟੀ ਸਪੀਕਰ ਸਾਹਿਬ, ਬੰਦੇ ਦਾ ਜਨਮ ਸਰਟੀਫਿਕੇਟ ਇੱਕੋ ਹੁੰਦਾ ਹੈ, ਇਹ ਕਾਂਗਰਸੀ ਦੋ-ਦੋ ਜਨਮ ਸਰਟੀਫਿਕੇਟ ਚੁੱਕੀ ਫਿਰਦੇ ਹਨ । ਮੈਂ ਤਾਂ ਪਹਿਲੀ ਵਾਰ ਸੁਣ ਕੇ ਹੈਰਾਨ ਹੋ ਗਿਆ । ਪਤਾ ਨਹੀਂ ਕਿੱਥੋਂ ਬਣਾਏ । ਕਾਂਗਰਸੀਆਂ ਨੇ ਦੋਸ਼ ਲਾਏ ਕਿ ਜਿਹੜਾ ਫਲਾਣਾ ਡਿਪਟੀ ਹੈ ਇਹ ਯੂਥ ਕਾਂਗਰਸ ਦੀ ਇਲੈਕਸ਼ਨ ਨਹੀਂ ਲੜ ਸਕਦਾ । Age bar ਹੋਵੇ । ਦੂਜੇ ਨੇ ਸਰਟੀਫਿਕੇਟ ਪੇਸ਼ ਕਰ ਦਿੱਤਾ । ਨਹੀਂ, ਮੇਰਾ 1975 ਦਾ ਜਨਮ ਨਹੀਂ, 1978 ਦਾ ਜਨਮ ਹੈ । ਰੌਲਾ ਪੈ ਗਿਆ, ਤੇ ਸਾਬਕਾ ਮੰਤਰੀ ** ਨੂੰ ਪੱਤਰਕਾਰਾਂ ਨੇ ਸਵਾਲ ਕੀਤਾ ਕਿ ਤੁਹਾਡੇ ਲੜਕੇ ਦਾ ਜਿਹੜਾ ਕਹਿੰਦਾ ਮੈਂ ਯੂਥ ਕਾਂਗਰਸ ਦੀ ਇਲੈਕਸ਼ਨ ਲੜਨੀ ਹੈ, ਉਨ੍ਹਾਂ ਤੇ ਦੋਸ਼ ਹੈ ਕਿ ਉਸ ਦਾ 1978 ਦਾ ਜਨਮ ਹੈ। ਉਹ ਕਹਿੰਦਾ ਮੇਰੇ ਘਰੇ ਇਕ ਲੜਕਾ ਹੋਇਆ ਸੀ । ਉਸ ਦਾ ਨਾਂ ਵੀ ** ਸੀ । ਉਹ ਪੂਰਾ ਹੋ ਗਿਆ ਤੇ 3 ਸਾਲਾਂ ਬਾਅਦ ਮੇਰੇ ਘਰੇ ਦੂਜਾ ਲੜਕਾ ਹੋਇਆ ਤੇ ਉਸ ਦਾ ਨਾਮ ਵੀ ** ਰੱਖਿਆ । ਪੱਤਰਕਾਰ ਕਿਹੜਾ ਘੱਟ ਨੇ । ਇਹ ਕਹਿੰਦੇ ਜੀ ਉਸਦਾ ਡੈਥ ਸਰਟੀਫਿਕੇਟ ਦੇ ਦਿਓ, ਪਹਿਲੇ ਦਾ । ਹੁਣ ਡੈਥ ਸਰਟੀਫਿਕੇਟ ਕਿੱਥੋਂ ਆਵੇ । ਇਨਕੁਆਰੀ ਹੋਈ । ਕਾਂਗਰਸ ਨੇ ਕੰਪਲੇਂਟ ਕੀਤੀ, ਡਿਪਟੀ ਕਮਿਸ਼ਨਰ, ਤਰਨਤਾਰਨ ਕੋਲ ਇਨਕੁਆਰੀ ਹੋਈ, 420 ਦਾ ਪਰਚਾ ਦਰਜ ਹੋਇਆ । 420 ਕਰਨ ਵਾਲੇ ਲੋਕ ਇੱਧਰ ਸੱਚ ਦੇ ਪੁਜਾਰੀਆਂ ਨੂੰ ਸੱਚ ਤੇ ਪਹਿਰਾ ਦੇਣ ਵਾਲੇ ਲੋਕਾਂ ਨੂੰ ਝੂਠਾ ਕਹਿੰਦੇ ਹਨ । ਡਿਪਟੀ ਸਪੀਕਰ ਸਾਹਿਬ, 1995 ਵਿਚ ਬਾਈ ਇਲੈਕਸ਼ਨ ਹੋਈ ਸੀ, ਗਿੱਦੜਬਾਹਾ । ਤੁਸੀਂ ਪਤਾ ਨਹੀਂ ਉਸ ਇਲੈਕਸ਼ਨ ਵਿੱਚ ਗਏ ਜਾਂ ਨਹੀਂ ਗਏ, ਮੈਂ ਗਿਆ ਸੀ ਤੇ ਜਿਹੜੀ ਬਦਮਾਸ਼ੀ ਉਥੇ ਦੇਖੀ, ਸਾਡੇ ਮਾਨਯੋਗ ਮੁੱਖ ਮੰਤਰੀ, ਜਿਹੜੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਨ, ਉਨ੍ਹਾਂ ਉੱਤੇ, ਜਿੱਥੇ ਉਹ ਠਹਿਰੇ ਹੋਏ ਸਨ, ਉਸ ਘਰ ਤੇ ਸ਼ਰੇਆਮ ਫਾਇਰਿੰਗ ਹੋਈ । ਦਿਨ-ਦਿਹਾੜੇ ਫਾਇਰਿੰਗ ਕੀਤੀ ਤੇ ** ਜਿਹੜਾ ਪੁਲੀਟੀਕਲ ਸੈਕਟਰੀ ਸੀ, ਸਰਦਾਰ ਬੇਅੰਤ ਸਿੰਘ ਦਾ। ਉਸ ਵਿਰੁੱਧ ਕਿਸੇ ਨੇ ਕੀ ਕੀਤਾ ?

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਸੁਰੱਖਿਆ ਸੇਵਾਵਾਂ ਭਲਾਈ]

ਕੀ ਹੋਇਆ ? ਕਿਸੇ ਨੇ ਸੁਣਵਾਈ ਨਹੀਂ ਕੀਤੀ । ਇਨ੍ਹਾਂ ਦੇ ਸਾਬਕਾ ਐਮ.ਐਲ.ਏ. ਜਿਹੜੇ ਯੂਥ ਕਾਂਗਰਸ ਦੇ ਪ੍ਰਧਾਨ ਵੀ ਰਹੇ ** ਉਨ੍ਹਾਂ ਨੇ ਕਿੰਨੇ ਚੰਦ ਚਾੜ੍ਹੇ 2002 ਤੋਂ 2007 ਤੱਕ, ਤੇ ਹੁਣ ਵੀ ਹਟਦੇ ਹੀ ਨਹੀਂ । ਇਹੋ ਜਿਹੀਆਂ ਬਦਮਾਸ਼ੀ ਦੀਆਂ ਗੱਲਾਂ ਇਨ੍ਹਾਂ ਨੇ ਕੀਤੀਆਂ, 2005 ਵਿਚ ਬਾਈ ਇਲੈੱਕਸ਼ਨ ਸੀ, ਅਜਨਾਲਾ ਵਿੱਚ । ਇੱਥੇ ਬੋਨੀ ਜੀ ਬੈਠੇ ਹੋਣੇ ਹਨ, ਸ਼ਾਇਦ ਅੱਜ ਹੈ ਨਹੀਂ । ਇਨ੍ਹਾਂ ਦੇ ਫਾਦਰ ਜਿਹੜੇ ਐਮ.ਪੀ. ਨੇ, ਡਾਕਟਰ ਰਤਨ ਸਿੰਘ ਅਜਨਾਲਾ ਤੇ ਸਾਡੇ ਤਰਨਤਾਰਨ ਤੋਂ ਐਮ.ਐਲ.ਏ., ਜਿਥੇ ਤਰਨਤਾਰਨ ਦੇ ਪਿੰਡ ਵਿਚ ਡਿਊਟੀ ਸੀ ਉਸ ਪਿੰਡ ਵਿਚ ਅਕਾਲੀ ਵਰਕਰਾਂ, ਅਕਾਲੀ ਆਗੂਆਂ ਹਰਮੀਤ ਸਿੰਘ ਸੰਧੂ ਅਤੇ ਡਾ. ਰਤਨ ਸਿੰਘ ਅਜਨਾਲਾ ਨੂੰ ਆਪਣੀ ਜਾਨ ਬਚਾਉਣੀ ਪਈ ਤੇ ਉਥੇ ਇਹ ਜ਼ਖ਼ਮੀ ਹੋਏ। ਇਨ੍ਹਾਂ ਨੇ ਗੱਡੀਆਂ ਤੱਕ ਨੂੰ ਨਹੀਂ ਬਖਸ਼ਿਆ । ਡਿਪਟੀ ਸਪੀਕਰ ਸਾਹਿਬ, ਕੱਲ੍ਹ ਵੈਸੇ ਜਿਸ ਤਰ੍ਹਾਂ ਜਾਖੜ ਸਾਹਿਬ ਫੇਲ੍ਹ ਹੋਏ, ਆਪਣੀ ਸਪੀਚ ਵਿੱਚ, ਜਾਂ ਕੁਝ ਕਹਿ ਨਹੀਂ ਸਕੇ ਜਾਂ ਪੇਸ਼ਕਾਰੀ ਮਾੜੀ ਸੀ ਤੇ ਬੀਬੀ ਜੀ ਹੱਸਦੇ ਸੀ । ਆਪਾਂ ਵੀ ਦੇਖਿਆ, ਸ਼ਾਇਦ ਤੁਸੀਂ ਵੀ ਦੇਖਿਆ ਹੋਵੇ, ਤੁਸੀਂ ਨੇੜੇ ਬੈਠੇ ਸੀ । ਬੀਬੀ ਜੀ ਲੋਕਾਂ ਨੂੰ ਨਸੀਹਤਾਂ ਬੜੀਆਂ ਦਿੰਦੇ ਹਨ । 1994 ਵਿਚ ਬੀਬੀ ਜੀ ਸਰਦਾਰ ਬੇਅੰਤ ਸਿੰਘ ਦੀ ਵਜ਼ਾਰਤ ਵਿੱਚ ਸਨ ਤੇ ਇਨ੍ਹਾਂ ਦੀ ਬੇਟੀ ਚੰਡੀਗੜ੍ਹ ਦੇ ਸਕੂਲ ਵਿੱਚ ਪੜ੍ਹਦੀ ਸੀ । ਕਿਸੇ ਗੱਲ ਤੋਂ ਸਕੂਲ ਦੀ ਟੀਚਰ ਨੇ ਉਸ ਨੂੰ ਝਿੜਕ ਦਿੱਤਾ। ਬੀਬਾ ਜੀ ਨੇ ** ਨੂੰ ਫੋਨ ਕਰ ਦਿੱਤਾ ਤੇ ** ਸਮੇਤ ਲਾਮਲਸ਼ਕਰ, ਸਮੇਤ ਬਾਡੀਗਾਰਡ ਸਕੂਲ ਵਿਚ ਗਏ ਤੇ ਜਾਂਦੇ ਹੀ ਟੀਚਰ ਨੂੰ ਢਾਹ ਲਿਆ ਤੇ ਚਪੇੜਾਂ ਨਾਲ ਕੁੱਟਿਆ । ਸਮੁੱਚੇ ਚੰਡੀਗੜ੍ਹ ਦੇ ਤਿੰਨ ਹਜ਼ਾਰ ਟੀਚਰ ਸਟ੍ਰਾਈਕ ਤੇ ਚਲੇ ਗਏ ਤੇ ਫਿਰ ਜਾ ਕੇ ਬੀਬੀ ਜੀ ਨੂੰ ਅਖੀਰ ਮੁਆਫੀ ਮੰਗਣੀ ਪਈ । ਦਸੋ, ਇਹ ਸਾਨੂੰ ਨਸੀਹਤਾਂ ਦਿੰਦੇ ਹਨ । ਹੁਣ ਇਨ੍ਹਾਂ ਦੀ ਸਰਕਾਰੀ ਕੋਠੀ ਦਾ ਝਗੜਾ ਹੈ। ਲੜਾਈ ਇਨ੍ਹਾਂ ਦੀ ਆਪ ਦੀ ਹੈ, ਫਰੱਸਟਰੇਸ਼ਨ ਕੁਝ ਹਾਰ ਦੀ ਹੈ, ਕੁਝ ਕੋਠੀਆਂ ਦੀ ਹੈ, ਕੁਝ ਟੌਹਰ ਦੀ ਹੈ। ਹੁਣ ਇਹ ਜਿਹੜੀਆਂ ਫਰੱਸਟਰੇਸ਼ਨਾਂ ਨੇ, ਇਹ ਸਾਡੇ ਤੇ ਨਾ ਕੱਢਣ, ਇੱਕ-ਦੂਜੇ ਤੇ ਕੱਢਣ। ਸਪੀਕਰ ਸਾਹਿਬ, ਇੱਧਰ ਧੀਆਂ ਭੈਣਾਂ ਦੀ ਇੱਜ਼ਤ ਦੀ ਬੜੀ ਗੱਲ ਹੋਈ ਹੈ, ਕਦਰਾਂ ਕੀਮਤਾਂ ਦੀ ਬੜੀ ਗੱਲ ਕੀਤੀ ਗਈ ਹੈ । ਬੜੇ ਉਪਦੇਸ਼ ਦਿੱਤੇ ਗਏ ਹਨ ਪਰ ਪੰਜਾਬ ਦਾ ਹਰ ਵਿਅਕਤੀ ਜਦੋਂ ਕਾਂਗਰਸ ਦੀ ਗੱਲ ਕਰਦਾ ਹੈ, ਜਾਂ ਕਾਂਗਰਸੀ ਆਗੂ ਦੀ ਫੋਟੋ ਆਪਣੇ ਸਾਹਮਣੇ ਲਿਆਉਂਦਾ ਹੈ, ਚਿਹਰਾ ਆਪਣੇ ਸਾਹਮਣੇ ਲਿਆਉਂਦਾ ਹੈ ਤਾਂ ਉਸ ਦੇ ਸਾਹਮਣੇ ਇੱਕ ਲਫ਼ਜ਼, ਮੈਂ ਕਿਸ ਤਰ੍ਹਾਂ ਕਹਾਂ, ਇੱਕ ਇਹੋ ਜਿਹਾ ਕਰੈਕਟਰ ਉਸ ਦੇ ਸਾਹਮਣੇ ਆ ਜਾਂਦਾ। ਮੈਂ ਇੱਕ ਦਿਨ ਬੈਠਾ ਸੋਚ ਰਿਹਾ ਸੀ, 5-7 ਦਿਨ ਹੀ ਹੋਏ ਹਨ। ਮੈਂ ਕਿਹਾ ਕਿ ਜਿੰਨੇ ਕੁ ਦੇਖੀਦੇ ਹਨ, ਇਹ **

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਤੇ ਇਨ੍ਹਾਂ ਦੇ ਵਡ-ਵਡੇਰਿਆਂ ਦਾ ਇਤਿਹਾਸ ਫਰੋਲ ਕੇ ਦੇਖੀਏ। ਮੈਂ ਸਰਚ ਕੀਤਾ ਕਿ ਟੌਪ 10, ਜਿਹੜੇ ਵਰਲਡ ਦੇ ਸੈਕਸ ਸਕੈਂਡਲ ਹੋਏ ਹਨ, ਉਨ੍ਹਾਂ ਵਿੱਚ ਕਿਹੜੀਆਂ ਕਿਹੜੀਆਂ ਹਸਤੀਆਂ ਹਨ ? ਕੀ ਸਾਡੇ ਵਿਚੋਂ ਵੀ ਕੋਈ ਨੰਬਰ 1 ਤੇ ਹੈ ਕਿ ਨਹੀਂ ਹੈ। ਤੁਸੀਂ ਹੈਰਾਨ ਹੋ ਜਾਵੋਗੇ, 'ਗਲੈਨਸ ਰੌਬਰਟਸ' ਨੂੰ ਮੈਂ ਕੰਪਿਊਟਰ ਤੇ ਦੇਖਿਆ, ਸਰਚ ਕੀਤਾ, ਵਰਲਡ ਦੇ ਟੌਪ 10 ਸੈਕਸ ਸਕੈਂਡਲ ਵਿੱਚ ਸਾਡੇ ਦੇਸ਼ ਦੇ ** ਤਾਂ ਬੜੀ ਮੈਨੂੰ ਸ਼ਰਮ ਆਈ, ਜਿਨ੍ਹਾਂ ਨੂੰ ਅਸੀਂ ** ਕਹਿੰਦੇ ਹਾਂ। ** ਮੇਰੇ ਕੋਲ ਸਾਰਾ ਕੁਝ ਪਿਆ ਹੈ। ਜੇ ਕਿਸੇ ਨੇ ਲੈਣਾ ਹੋਵੇ। ** ਕੀ ਕਰਾਂਗੇ, ਕਿਥੇ ਜਾਵਾਂਗੇ। ਉਹੀ ਹਰਕਤਾਂ ਇਨ੍ਹਾਂ ਦੀਆਂ ਹਨ। ਅਸੀਂ ਧੀਆਂ ਭੈਣਾਂ ਦੇ ਇੱਜ਼ਤ ਦੇ ਰਖਵਾਲੇ ਹਾਂ। ਅਸੀਂ ਉਹ ਲੋਕ ਹਾਂ, ਜੋ ਕਾਬਲ, ਕੰਧਾਰ ਤੇ ਅਫਗਾਨਾਂ ਕੋਲੋਂ ਵੀ ਆਪਣੀਆਂ ਜਾਨਾਂ ਵਾਰ ਕੇ ਧੀਆਂ-ਭੈਣਾਂ ਨੂੰ ਬਚਾਉਂਦੇ ਰਹੇ ਹਾਂ, ਲਿਆਉਂਦੇ ਰਹੇ ਹਾਂ। ** ਨੂੰ ਕੌਣ ਭੁੱਲ ਸਕਦਾ ਹੈ। ਜੋ ਕੁਝ ਉਸ ** ਦੇ ਨਾਲ ਵਾਪਰਿਆ। ਸ਼ਰਮ ਨਾਲ ਸਾਡਾ ਸਿਰ ਝੁਕ ਜਾਂਦਾ ਹੈ। ਰੌਲਾ ਪਿਆ, ਮੀਡੀਆ ਨੇ ਗੱਲ ਚੁੱਕੀ, ਫੇਰ ਜਾ ਕੇ 7-8 ਦਿਨ ਬਾਅਦ, ਜਿਹੜੇ ਅੱਜ ਪੰਜਾਬ ਵਿਧਾਨ ਸਭਾ ਵਿਚ ਸਾਨੂੰ ਨਸੀਹਤਾਂ ਦਿੰਦੇ ਫਿਰਦੇ ਹਨ, ** ਉਨ੍ਹਾਂ ਨੂੰ ਫੜਿਆ ਗਿਆ, ਉਨ੍ਹਾਂ ਨੂੰ ਜੇਲ੍ਹ ਭੇਜਣ ਦੀ ਬਜਾਏ, ਜਿਹੜਾ ਵਧੀਆ ਰੈਸਟ ਹਾਊਸ ਸੀ** । ਇਹ ਡਿਪਟੀ ਸਪੀਕਰ ਸਾਹਿਬ, ਮੇਰੇ ਵੀਰ ਨੇ ਸਰਦਾਰ ਬਿਕਰਮ ਸਿੰਘ ਮਜੀਠੀਆ ਨੇ ਵਾਰ ਵਾਰ ਜ਼ਿਕਰ ਕੀਤਾ ਪਾਕਿਸਤਾਨ ਦੀ ਉਸ ਬੀਬਾ ਜੀ ਦਾ। ਮੈਂ ਸਭ ਤੋਂ ਪਹਿਲਾਂ, ਪਿਛਲੇ ਜਿਹੜਾ ਸਾਡਾ ਵਿਧਾਨ ਸਭਾ ਸੈਸ਼ਨ ਸੀ, ਉਸ ਦੇ ਵਿੱਚ ** ਦਾ ਕੇਸ ਉਠਾਇਆ ਸੀ। ** ਕਿੱਥੇ ਜਾਵਾਂਗੇ, ਸਾਡੇ ਇੱਕ ਹੋਰ ** ਨੇ ਇਨ੍ਹਾਂ ਤੇ 1977 ਥਾਣਾ ਸਿਵਲ ਲਾਈਨ, ਅੰਮ੍ਰਿਤਸਰ ਦੇ ਵਿਚ ਪਰਚਾ ਦਰਜ ਹੋਇਆ, ਬੀਬੀ ਨੂੰ ਅਗਵਾ ਕਰਨ ਦਾ **

ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਹੋਰ ਕੰਪਿਊਟਰ ਤੇ ਸਰਚ ਕੀਤੀ। ਮੈਂ ਕਿਹਾ ਕਿ ਇਹ ਤਾਂ ਹੋ ਗਿਆ ਕਿ ਟੌਪ ਟੈਨ ਵਿੱਚ ਹੈ। ਮੈਂ ਕਿਹਾ ਕਿ ਦੇਖੀਏ ਕਿ ਜਿਹੜੇ ਇੰਡੀਆ ਦੇ ਹਨ, ਉਸ ਦੇ ਵਿੱਚ ਇਨ੍ਹਾਂ ਦੀ ਕਿੰਨੀ ਕੁ ਗਿਣਤੀ ਹੈ,** ਜਿਨ੍ਹਾਂ ਵਿੱਚ ** ਕਹਿੰਦੇ ਕਿ ਬੜੀ ਮਾੜੀ ਗੱਲ ਪਰ ਜੋ ਗੱਲ ਕਹਿਣੀ ਪੈਣੀ ਹੈ, ਧੀਆਂ-ਭੈਣਾਂ ਵਾਲੇ ਹਾਂ। ** ** ਜਿਨ੍ਹਾਂ ਨੇ ਇੱਕ ਵਕੀਲ ਨੂੰ ਜੱਜ ਬਣਾਉਣ ਲਈ ਉਨ੍ਹਾਂ ਦੀ ਵੀਡਿਓ ਸੀ.ਡੀ. ਬਣੀ, ਅਸਤੀਫਾ ਦੇਣਾ ਪਿਆ। ਗੁਜਰਾਤ ਚੋਣਾਂ ਦੀ ਗੱਲ ਹੈ, ਮੇਰਾ ਖਿਆਲ ਹੈ ਪ੍ਰਗਟਾਵਾ ਚੰਗੀ ਤਰ੍ਹਾਂ ਨਹੀਂ ਕਰਕੇ ਗਏ। ਖਬਰਾਂ ਲੱਗੀਆਂ ਨੇ ਟਾਈਮਜ਼ ਆਫ ਇੰਡੀਆ ਵਿੱਚ 2003 ਦੀਆਂ ਗੁਜਰਾਤ ਚੋਣਾਂ, ਅੱਜ ਤੋਂ 10 ਸਾਲ ਪਹਿਲਾਂ ਦੇ ਲਗਭਗ ਗੱਲ ਹੈ। ** **

**Expunged as ordered by the Chair.

Original with;
Punjab Vidhan Sabha
Digitized by;
Punjab Digital Library

ਮਾਨਯੋਗ ਡਿਪਟੀ ਸਪੀਕਰ : ਵਲਟੋਹਾ ਸਾਹਿਬ, ਅਗਲੇ ਮੈਂਬਰਾਂ ਨੇ ਵੀ ਬੋਲਣਾ ਹੈ ।

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਸੁਰੱਖਿਆ ਸੇਵਾਵਾਂ ਭਲਾਈ : ਹੁਣੇ ਹੀ ਸਮਾਪਤੀ ਕਰ ਦਿੰਦੇ ਹਾਂ ਜੀ ।

ਮਾਨਯੋਗ ਡਿਪਟੀ ਸਪੀਕਰ : ਜਲਦੀ ਸਮਾਪਤ ਕਰ ਦਿਉ ।

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਸੁਰੱਖਿਆ ਸੇਵਾਵਾਂ ਭਲਾਈ : ਉਸ ਦੇ ਵਿੱਚ ਗੁਜਰਾਤ ਚੋਣਾਂ ਦੇ ਸਮੇਂ ਜੋ ਕੁਝ ਉਥੇ ਹੋਇਆ, ਉਹ ਅਖਬਾਰਾਂ ਵਿੱਚ ਦਰਜ ਹੈ, ਅੱਜ ਵੀ ਹੈ। ਇਹ ਇਨ੍ਹਾਂ ਦਾ ਕਿਰਦਾਰ ਹੈ । ** ਇੱਕ ਤੇ ਆਪ ਦੇ ਸੱਜੇ ਖੱਬੇ ਰਹਿਣ ਵਾਲੇ ਤੇ ਪ੍ਰਭਾਵ ਡਾਲਦੇ ਹੀ ਡਾਲਦੇ ਸੀ ** ਜਿਹੜੇ ਅਫਸਰ ਵੀ ਆਉਂਦੇ ਸਨ, ਉਹ ਵੀ ਉਨ੍ਹਾਂ ਦੇ ਨਕਸ਼ੇ ਕਦਮਾਂ ਤੇ ਚੱਲਦੇ ਸੀ । ਹੁਣ ਤੁਸੀਂ ਕਹਿੰਦੇ ਕਿ ਨਾਂ ਨਹੀਂ ਲੈਣਾ ** ਅਤੇ ਸਭ ਤੋਂ ਪਹਿਲਾਂ ਕਲੀਨ ਚਿੱਟ ਦਿੱਤੀ ਹਰ ਕੰਮ ਵਿੱਚ ** ਨੇ । ਡਿਪਟੀ ਸਪੀਕਰ ਸਾਹਿਬ, ਜਿਸ ਤਰ੍ਹਾਂ ਮਜੀਠੀਆ ਸਾਹਿਬ ਨੇ ਜ਼ਿਕਰ ਕੀਤਾ ਹੈ, ਹੁਣ ਤੱਕ ਅਸੀਂ ਕੈਪਟਨ ਅਮਰਿੰਦਰ ਸਿੰਘ ਜੀ ਦੀ ਇਹੋ ਭਾਸ਼ਾ ਸੁਣਦੇ ਆਏ ਹਾਂ ਕਿ ਸਰਦਾਰ ਪਰਕਾਸ਼ ਸਿੰਘ ਬਾਦਲ ਵਰਗਾ ਮਾੜਾ ਬੰਦਾ ਕੋਈ ਨਹੀਂ, ਪੰਜਾਬ ਨੂੰ ਤਬਾਹ ਕਰ ਦਿੱਤਾ, ਸਿਆਸਤ ਨੂੰ ਤਬਾਹ ਕਰ ਦਿੱਤਾ । ਇਨ੍ਹਾਂ ਨੂੰ ਸੋਝੀ ਕੋਈ ਨਹੀਂ, ਇਨ੍ਹਾਂ ਨੂੰ ਸਿਆਸਤ ਨਹੀਂ ਕਰਨੀ ਆਉਂਦੀ। ਅੱਜ ਕਹਿੰਦੇ ਕਿ ਇਨ੍ਹਾਂ ਵਰਗਾ ਸਾਊ ਸਿਆਸਤਦਾਨ, ਇਨ੍ਹਾਂ ਵਰਗਾ ਵਧੀਆ ਨੇਕ ਇਨਸਾਨ ਕੋਈ ਨਹੀਂ ਤੇ ਮੈਂ ਰੱਬ ਅੱਗੇ ਦੁਆ ਕਰਦਾ ਹਾਂ ਕਿ ਲੰਮੀ ਉਮਰ ਦੇਵੇ । ਕੈਪਟਨ ਸਾਹਿਬ ਤੁਹਾਡੀ ਐਨਕ, ਜਿਸ ਤਰ੍ਹਾਂ ਗੱਲ ਕੀਤੀ ਸੀ ਕਿ ਸਾਫ ਐਨਕ ਕੀਤਿਆਂ ਬਿਨਾਂ, ਗੱਲ ਨਹੀਂ ਕਰਨੀ ਚਾਹੀਦੀ, ਧੂੜ ਕਿਤੇ ਹੋਰ ਹੈ। ਜੇ ਸਾਫ ਕਰ ਲਵੋਗੇ ਤੇ ਇਹ ਬਿਕਰਮ ਸਿੰਘ ਮਜੀਠੀਆ ਤੁਹਾਨੂੰ ਇੰਨਾ ਵਧੀਆ ਇਨਸਾਨ ਲੱਗੇਗਾ ਪਰ ਤੁਹਾਨੂੰ ਇਹ ਸੂਟ ਨਹੀਂ ਕਰਦਾ । ਇਸ ਕਰਕੇ ਨਹੀਂ ਕਰਦਾ ਕਿ ਕਾਂਗਰਸ ਦਾ ਜੋ ਭੋਗ ਪਾਉਣ ਵਾਲੇ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਸ਼ਖ਼ਸੀਅਤ, ਉਨ੍ਹਾਂ ਦਾ ਕੰਮ ਕਰਨ ਦਾ ਢੰਗ, ਜਿਨ੍ਹਾਂ ਨੇ ਪੰਜਾਬ ਨੂੰ ਸੇਧ ਦਿੱਤੀ ਹੈ, ਉਥੇ ਸਰਦਾਰ ਸੁਖਬੀਰ ਸਿੰਘ ਬਾਦਲ ਤੇ ਬਿਕਰਮ ਸਿੰਘ ਮਜੀਠੀਆ ਦੀ ਜਿਹੜੀ ਮੈਨੇਜਮੈਂਟ ਹੈ, ਉਨ੍ਹਾਂ ਦੀ ਜਿਹੜੀ ਮਿਹਨਤ ਹੈ, ਉਸ ਨੇ ਕਾਂਗਰਸ ਨੂੰ ਪੰਜਾਬ ਵਿੱਚੋਂ ਖਤਮ ਕਰ ਦਿੱਤਾ ਹੈ।

ਮਾਨਯੋਗ ਡਿਪਟੀ ਸਪੀਕਰ : ਵਲਟੋਹਾ ਸਾਹਿਬ, ਬੈਠੋ ਪਲੀਜ਼। ਸਰਦਾਰ ਗੁਲਜ਼ਾਰ ਸਿੰਘ ਰਣੀਕੇ ਜੀ।

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਸੁਰੱਖਿਆ ਸੇਵਾਵਾਂ ਭਲਾਈ : ਡਿਪਟੀ ਸਪੀਕਰ ਸਾਹਿਬ, ਇਕ ਮਿੰਟ ਪਲੀਜ਼ । ਬੱਸ ਸਮਾਪਤੀ ਤੇ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਹੈ ਜੀ । ਇੱਥੇ ਸੋਗ ਮਤੇ ਚੱਲ ਰਹੇ ਸੀ ਤੇ ਮੈਨੂੰ ਇਹ ਮਹਿਸੂਸ ਹੁੰਦਾ ਸੀ ਇਨ੍ਹਾਂ ਸੋਗ ਮਤਿਆਂ ਵਿੱਚ ਇੱਕ ਮਤਾ ਹਰ ਵਾਰੀ ਕਿਉਂ ਰਹਿ ਜਾਂਦਾ ਹੈ । ਤੀਜੀ ਵਾਰ ਹਾਊਸ ਜੁੜਿਆ ਹੈ, 6 ਮਾਰਚ ਤੋਂ ਬਾਅਦ । ਉਹ ਮਤਾ ਆਉਣਾ ਚਾਹੀਦਾ ਸੀ, ਕਾਂਗਰਸ ਦੀ ਸਮਾਪਤੀ ਦਾ ਕਿ ਪੰਜਾਬ ਵਿੱਚੋਂ ਕਾਂਗਰਸ ਆਪਣੀਆਂ ਭਿਆਨਕ ਨੀਤੀਆਂ, ਜਿਹੜੀਆਂ ਉਸ ਦੀਆਂ ਮਾੜੀਆਂ ਨੀਤੀਆਂ ਹਨ, ਜਿਹੜੀਆਂ ਮਾੜੀਆਂ ਨੀਤੀਆਂ ਰੂਪੀ ਬਿਮਾਰੀ ਸੀ, ਉਸ ਕਰਕੇ ਪੰਜਾਬ ਵਿੱਚੋਂ ਖਤਮ ਹੋ ਗਈ ਤੇ ਪੰਜਾਬ ਵਿਧਾਨ ਸਭਾ ਵਿੱਚੋਂ ਹਮੇਸ਼ਾ ਵਾਸਤੇ ਜ਼ਿਕਰ ਕਰਕੇ ਭੋਗ ਪਾ ਦਿੱਤਾ ਜਾਵੇ ਕਿਉਂਕਿ ਹੁਣ ਨਹੀਂ ਇਹ ਆਉਂਦੇ । ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਖਬਰ ਪੜ੍ਹ ਰਿਹਾ ਸੀ ਤੇ ਉਸ ਵਿੱਚ ਕੈਪਟਨ ਅਮਰਿੰਦਰ ਸਿੰਘ, ਜਦੋਂ ਉਨ੍ਹਾਂ ਦਾ ਰਾਜ ਸੀ ਪੱਤਰਕਾਰਾਂ ਨੂੰ ਬੜਾ ਖੁੱਲ੍ਹ ਕੇ ਬੋਲਦੇ ਸੀ । ਜੋ ਢਿੱਡ ਵਿੱਚ ਹੁੰਦਾ ਸੀ, ਉਹ ਕਹਿ ਦਿੰਦੇ ਸੀ ਤੇ ਕਹਿੰਦੇ ਹਨ ਕਿ ਪੇਂਡੂ ਲੋਕਾਂ ਦਾ ਟਰੇਡ ਮਾਰਕ ਹੀ ਦੁਸ਼ਮਣੀ ਹੈ । ਨਾਲੇ ਮਾਝੇ, ਮਾਲਵੇ, ਦੁਆਬੇ ਵਿੱਚ ਇਹ ਆਮ ਗੱਲ ਹੈ । ਕੀ ਗੱਲ ਬਣਦੀ ਹੈ ? ਇਹ ਬਕਾਇਦਾ ਅਖਬਾਰਾਂ ਵਿੱਚ ਦਰਜ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਜਦੋਂ ਸੈਸ਼ਨ ਵਾਸਤੇ ਆ ਰਿਹਾ ਸੀ ਤਾਂ ਮੈਂ ਜਲੰਧਰੋਂ ਇੱਕ ਅਖਬਾਰ ਲੈ ਲਈ । ਇਹ ਅਖਬਾਰਾਂ ਤੇ ਬੜਾ ਬਿਲੀਵ ਕਰਦੇ ਹਨ । ਉਸ ਵਿੱਚ ਇੱਕ ਵੱਡੀ ਸਾਰੀ ਖਬਰ ਲੱਗੀ ਹੋਈ ਸੀ: ਧੀ ਨਾਲ ਛੇੜਛਾੜ ਤੋਂ ਰੋਕਣ ਤੇ ਮਿਲੀਆਂ ਧਮਕੀਆਂ-ਪਿਓ ਦਾ ਦੋਸ਼ । ਕਾਂਗਰਸ ਆਗੂ ਦੀ ਸ਼ਹਿ ਦੇ ਉਤੇ ਦੋਸ਼ੀ ਦੇ ਰਿਹਾ ਹੈ ਧਮਕੀਆਂ । ਇਹ ਜਲੰਧਰ ਤੋਂ ਖਬਰ ਲੱਗੀ ਹੋਈ ਹੈ । ਇਹ ਇਨ੍ਹਾਂ ਦਾ ਕਿਰਦਾਰ ਹੈ । ਡਿਪਟੀ ਸਪੀਕਰ ਸਾਹਿਬ, ਟੀ.ਵੀ. ਤੇ ਮੀਡੀਆ ਵਿੱਚ ਵੀ ਇਸੇ ਤਰ੍ਹਾਂ ਦੀਆਂ ਖਬਰਾਂ ਲੱਗੀਆਂ ਮਿਲਦੀਆਂ ਹਨ । ** ਇੱਕ ਕਸਬਾ ਹੈ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ, ਉਥੇ 24 ਸਾਲਾਂ ਦੀ ਲੜਕੀ ਸੀ । ਕਿਸੇ ** ** ਹਲਕੇ ਤੋਂ ਹਿਮਾਚਲ ਪ੍ਰਦੇਸ਼ ਤੋਂ ਇਲੈਕਸ਼ਨ ਲੜੀ ਹੈ, ਉਨ੍ਹਾਂ ਦੀ ਇਲੈਕਸ਼ਨ ਵਿੱਚ ਕੰਪੇਨ ਕਰਨ ਵਾਲਿਆਂ ਵਿੱਚ ਸੀ, ਮੈਨੇਜਮੈਂਟ ਕਰਨ ਵਾਲਿਆਂ ਵਿੱਚ ਰੱਖੀ ਹੋਈ ਸੀ, ਉਸ ਦੀ ਲਾਸ਼ ਮਿਲੀ ਅਤੇ ਉਸ ਦੇ ਘਰ ਵਾਲੇ ਪਿੱਟ ਪਿੱਟ ਕੇ ਮਰ ਗਏ, ਹਰ ਇੱਕ ਥਾਂ ਤੇ ਜਾ ਕੇ ਕਿ ਸਾਡਾ ਦੋਸ਼ੀ ** ** ਹੈ, ** ਇਹ ਇਨ੍ਹਾਂ ** ਦਾ ਵਿਹਾਰ ਹੈ । ਡਿਪਟੀ ਸਪੀਕਰ ਸਾਹਿਬ, ਜੋ ਦਿੱਲੀ ਵਿੱਚ ਗੈਂਗਰੇਪ ਹੋਇਆ ਹੈ, ਜੋ ਉਸ ਤੋਂ ਬਾਅਦ ਹਿੰਦੁਸਤਾਨ ਦੇ ਹਾਲਾਤ ਬਣੇ ਪਏ ਹਨ, ਇਹ ਵੀ ਅੱਜ ਦੁਨੀਆ ਦੇ ਸਾਹਮਣੇ ਹਨ । ਕਿਹੜੇ ਤਰੀਕੇ ਨਾਲ ਇਨ੍ਹਾਂ ਬਾਰੇ ਗੱਲ ਕਰੀਏ । ਇਹ ਤਾਂ ਕੇਵਲ ਤੇ ਕੇਵਲ ਗੱਲਾਂ ਹੀ ਕਰਨੀਆਂ ਜਾਣਦੇ ਹਨ। ਇਨ੍ਹਾਂ ਕੋਲ ਕੋਈ ਗੱਲ ਕਹਿਣ ਲਈ ਨਹੀਂ ਹੈ। ਪੰਜਾਬ ਨੂੰ ਵਧੀਆ ਪ੍ਰਸ਼ਾਸਨ ਅਤੇ ਪੰਜਾਬ ਨੂੰ ਹਰ ਪੱਖ ਤੋਂ ਵਧੀਆ ਸੇਧ ਸਰਦਾਰ ਪਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸਰਦਾਰ ਸੁਖਬੀਰ ਸਿੰਘ ਬਾਦਲ ਅਤੇ ਸਮੁੱਚੀ ਪੰਜਾਬ ਸਰਕਾਰ ਦੇ ਰਹੀ ਹੈ । ਇਨ੍ਹਾਂ ਵੀਰਾਂ ਵੱਲੋਂ ਜੋ ਕੁਝ ਕੱਲ੍ਹ ਇੱਥੇ ਕੀਤਾ ਗਿਆ ਅਤੇ ਜੋ ਨਿਰਮੂਲ ਦੋਸ਼

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਸੁਰੱਖਿਆ ਸੇਵਾਵਾਂ ਭਲਾਈ]

ਸਰਕਾਰ ਦੇ ਖਿਲਾਫ ਲਾਏ ਗਏ, ਉਨ੍ਹਾਂ ਦੀ ਮੈਂ ਨਿੰਦਾ ਕਰਦਾ ਹਾਂ ਅਤੇ ਜੋ ਕੁਝ ਇਨ੍ਹਾਂ ਨੇ ਪੰਜਾਬ ਦੇ ਇਸ ਪਵਿੱਤਰ ਸਦਨ ਵਿੱਚ ਕੱਲ੍ਹ ਵਿਵਹਾਰ ਕੀਤਾ ਹੈ, ਮੈਂ ਉਸ ਦੀ ਵੀ ਨਿੰਦਾ ਕਰਦਾ ਹਾਂ । ਮੈਂ ਇਸ ਗੱਲ ਤੇ ਫ਼ਖ਼ਰ ਮਹਿਸੂਸ ਕਰਦਾ ਹਾਂ ਕਿ ਪੰਜਾਬ ਦੇ ਲੋਕਾਂ ਨੂੰ ਆਉਣ ਵਾਲੇ ਸਮੇਂ ਵਿੱਚ ਵੀ ਹਰ ਪੱਖ ਤੋਂ ਖੁਸ਼ਹਾਲੀ ਅਤੇ ਹਰ ਪੱਖ ਤੋਂ ਲੋਕਾਂ ਨੂੰ ਖੁਸ਼ੀਆਂ ਪ੍ਰਦਾਨ ਕੀਤੀਆਂ ਜਾਣਗੀਆਂ ਕਿਉਂਕਿ ਪੰਜਾਬ ਦੀ ਧਰਤੀ ਉਤੇ ਹੁਣ ਕੇਵਲ ਤੇ ਕੇਵਲ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੇ ਰਾਜ ਕਰਨਾ ਹੈ । ਇਨ੍ਹਾਂ ਸ਼ਬਦਾਂ ਨਾਲ ਹੀ ਮੈਂ ਡਿਪਟੀ ਸਪੀਕਰ ਸਾਹਿਬ, ਆਪ ਜੀ ਦਾ ਧੰਨਵਾਦ ਕਰਦਾ ਹਾਂ ਕਿ ਮੈਨੂੰ ਆਪ ਜੀ ਨੇ ਇਸ ਸਦਨ ਵਿੱਚ ਬੋਲਣ ਦਾ ਮੌਕਾ ਦਿੱਤਾ ।

ਡਾਕਟਰ ਦਲਜੀਤ ਸਿੰਘ ਚੀਮਾ (ਰੂਪਨਗਰ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਇਕ ਬਹੁਤ ਹੀ ਅਹਿਮ ਮੌਕੇ ਤੇ ਮੈਨੂੰ ਇਸ ਪਵਿੱਤਰ ਸਦਨ ਵਿੱਚ ਆਪਣੇ ਵਿਚਾਰ ਪ੍ਰਗਟ ਕਰਨ ਦਾ ਮੌਕਾ ਦਿੱਤਾ ਹੈ । ਅੱਜ ਸਵੇਰੇ ਜਦੋਂ ਮੈਂ ਸਦਨ ਵਿੱਚ ਆਇਆ ਸੀ ਤਾਂ ਸਾਡੇ ਮਾਨਯੋਗ ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਸਾਹਿਬ ਜਿਹੜੇ ਕਿ ਅੱਜ ਆਪਣੇ ਪੁਰਾਣੇ ਸਾਥੀ ਰਾਜਾ ਨਰਿੰਦਰ ਸਿੰਘ ਹੋਰਾਂ ਦੇ ਸਸਕਾਰ ਤੇ ਜਾਣ ਕਰਕੇ ਹਾਊਸ ਵਿੱਚ ਨਹੀਂ ਪਹੁੰਚ ਸਕੇ, ਉਨ੍ਹਾਂ ਦੀ ਕਮੀ ਮੈਨੂੰ ਮਹਿਸੂਸ ਹੁੰਦੀ ਸੀ ਪਰ ਥੋੜ੍ਹੀ ਦੇਰ ਬਾਅਦ ਸਾਡੇ ਮਾਨਯੋਗ ਉਪ ਮੁੱਖ ਮੰਤਰੀ ਸਰਦਾਰ ਸੁਖਬੀਰ ਸਿੰਘ ਬਾਦਲ ਜੀ ਹਾਊਸ ਵਿੱਚ ਉਠ ਕੇ ਖੜ੍ਹੇ ਹੋਏ ਔਰ ਜਿਸ ਨਿਮਰਤਾ ਨਾਲ, ਜਿਸ ਵਿਸ਼ਾਲਤਾ ਨਾਲ, ਜਿਸ ਦੂਰਅੰਦੇਸ਼ੀ ਨਾਲ, ਉਨ੍ਹਾਂ ਨੇ ਜਿਹੜੀ ਕੱਲ੍ਹ ਮੰਦਭਾਗੀ ਘਟਨਾ ਵਾਪਰੀ ਸੀ, ਉਸ ਉਤੇ ਆਪਣੇ ਵਿਚਾਰ ਪ੍ਰਗਟ ਕੀਤੇ ਔਰ ਮਾਨਯੋਗ ਸਪੀਕਰ ਸਾਹਿਬ ਨੂੰ ਬੇਨਤੀ ਕੀਤੀ ਕਿ ਜੋ ਕੁਝ ਕੱਲ੍ਹ ਹੋਇਆ, ਉਹ ਮਾੜਾ ਹੋਇਆ ਹੈ ਅਤੇ ਉਸ ਨੂੰ ਭੁਲਾ ਕੇ ਸਾਨੂੰ ਇਕ ਨਵੀਂ ਸ਼ੁਰੂਆਤ ਕਰਨੀ ਚਾਹੀਦੀ ਹੈ । ਮੈਨੂੰ ਇੱਕ ਵਾਰੀ ਇੰਝ ਪ੍ਰਤੀਤ ਹੋ ਗਿਆ ਕਿ ਸਰਦਾਰ ਪਰਕਾਸ਼ ਸਿੰਘ ਬਾਦਲ ਇਕ ਵਾਰ ਫਿਰ ਨਾਭੇ ਤੋਂ ਚੱਲ ਕੇ ਫਿਰ ਇਸ ਹਾਊਸ ਵਿਚ ਪਹੁੰਚੇ ਹਨ । ਸੋ, ਮੈਂ ਧੰਨਵਾਦ ਕਰਦਾ ਹਾਂ ਮੁੱਖ ਮੰਤਰੀ ਸਾਹਿਬ ਦਾ ਕਿ ਜਿਨ੍ਹਾਂ ਦੀ ਸਿੱਖਿਆ ਦੇ ਸਦਕਾ, ਜਿਨ੍ਹਾਂ ਦੀ ਪ੍ਰੇਰਨਾ ਦੇ ਸਦਕਾ ਜੋ ਅੱਜ ਉਨ੍ਹਾਂ ਦੀ ਸੋਚ ਸੀ, ਉਹ ਉਸੇ ਤਰ੍ਹਾਂ ਨਾਲ ਸਾਡੇ ਮਾਨਯੋਗ ਉਪ ਮੁੱਖ ਮੰਤਰੀ ਸਾਹਿਬ ਨੇ ਇਸ ਹਾਊਸ ਦੇ ਵਿੱਚ ਲਾਗੂ ਕੀਤੀ ਹੈ।

ਸਾਡੇ ਪਾਰਲੀਮਾਨੀ ਮਾਮਲਿਆਂ ਦੇ ਮੰਤਰੀ ਸ਼੍ਰੀ ਮਿੱਤਲ ਸਾਹਿਬ ਨੇ ਵੀ, ਮਾਨਯੋਗ ਸਪੀਕਰ ਸਾਹਿਬ ਨੇ ਵੀ, ਵਿੱਤ ਮੰਤਰੀ ਢੀਂਡਸਾ ਸਾਹਿਬ ਨੇ ਵੀ ਅਤੇ ਹੋਰ ਕਈ ਸਾਥੀਆਂ ਨੇ ਰਲ ਕੇ ਕੋਸ਼ਿਸ਼ ਕੀਤੀ ਕਿ ਇਹ ਹਾਊਸ ਵਧੀਆ ਤਰੀਕੇ ਨਾਲ ਚੱਲੇ, ਇਸ ਕਰਕੇ ਨਿਮਰਤਾ ਵਿਖਾਉਂਦੇ ਹੋਏ ਦੂਜੇ ਭਰਾਵਾਂ ਨੂੰ ਜਾ ਕੇ ਬੇਨਤੀ ਕੀਤੀ, ਪ੍ਰੰਤੂ ਸਾਨੂੰ ਇਸ

Original with;
Punjab Vidhan Sabha
Digitized by:
Panjab Digital Library

ਗੱਲ ਦਾ ਅਫਸੋਸ ਹੈ ਕਿ ਉਨ੍ਹਾਂ ਦੀ ਗਲਤੀ ਕਰਕੇ ਇਹ ਜਿਹੜੀ ਸਮੱਸਿਆ ਬਣੀ ਸੀ, ਉਹ ਹੱਲ ਨਹੀਂ ਹੋਈ ਪਰ ਜਿਸ ਉਮੀਦ ਦਾ ਪ੍ਰਗਟਾਵਾ ਕੀਤਾ ਜਾਂਦਾ ਸੀ, ਉਸ ਦਾ ਇਕ ਚੰਗਾ ਸਬੂਤ ਰੂਲਿੰਗ ਧਿਰ ਵੱਲੋਂ ਦਿੱਤਾ ਗਿਆ ਹੈ। ਇਸ ਲਈ ਮੈਂ ਸਰਦਾਰ ਸੁਖਬੀਰ ਸਿੰਘ ਬਾਦਲ ਜੀ ਨੂੰ ਵਧਾਈ ਪੇਸ਼ ਕਰਦਾ ਹਾਂ । (ਥੰਪਿੰਗ) ਦੂਜੀ ਗੱਲ ਜਿਹੜੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਵਿਰੋਧੀ ਧਿਰ ਦੇ ਮੈਂਬਰ ਸਾਹਿਬਾਨ ਵੀ ਸਦਨ ਵਿਚ ਮੌਜੂਦ ਨਹੀਂ ਹਨ ਅਤੇ ਵਿਰੋਧੀ ਪਾਰਟੀ ਦੇ ਨੇਤਾ ਵੀ ਸਦਨ ਵਿਚ ਮੌਜੂਦ ਨਹੀਂ ਹਨ। ਉਨ੍ਹਾਂ ਦੀ ਮੰਗ ਸੀ ਕਿ ਹਾਊਸ ਵਿਚ ਲਾਅ ਐਂਡ ਆਰਡਰ ਤੇ ਬਹਿਸ ਕੀਤੀ ਜਾਵੇ। ਇਸ ਮੰਗ ਨੂੰ ਪੂਰਾ ਕਰਾਉਣ ਲਈ ਉਹ ਇੰਨੇ ਉਤਾਵਲੇ ਸਨ ਕਿ ਹਾਊਸ ਦੀ ਜਿਹੜੀ ਮਰਿਆਦਾ ਹੁੰਦੀ ਹੈ ਕਿ ਲੀਡਰ ਆਫ ਦੀ ਹਾਊਸ ਜਦੋਂ ਵੀ ਕਿਸੇ ਮਹੱਤਵਪੂਰਨ ਮਸਲੇ ਤੇ ਗੱਲ ਕਰਨਾ ਚਾਹੁੰਦੇ ਹੋਣ, ਉਹ ਕਰ ਸਕਦੇ ਹਨ, ਉਨ੍ਹਾਂ ਨੇ ਇਸ ਮਰਿਆਦਾ ਨੂੰ ਵੀ ਰੋਕਿਆ । ਉਹ ਇੰਨੇ ਕਾਹਲੇ ਸਨ ਕਿ ਲਾਅ ਐਂਡ ਆਰਡਰ ਦੀ ਇੰਨੀ ਵੱਡੀ ਸਮੱਸਿਆ ਹੈ ਕਿ ਉਸ ਨੂੰ ਪਹਿਲਾਂ ਡਿਸਕਸ ਕੀਤਾ ਜਾਵੇ । ਕੱਲ੍ਹ ਜਾਖੜ ਸਾਹਿਬ ਦੇ ਬਿਆਨ ਨੂੰ ਮੈਂ ਬੜੇ ਧਿਆਨ ਨਾਲ ਸੁਣਿਆ ਹੈ । ਇਕ ਘੰਟੇ ਦੇ ਕਰੀਬ ਉਹ ਬੋਲੇ ਹਨ । ਉਹ ਸਿਵਾਏ ਦੋ ਇੰਸੀਡੈਂਟਾਂ ਦੇ ਜਿਹੜੇ ਕਿ ਪਹਿਲਾਂ ਹੀ ਅਖਬਾਰਾਂ ਵਿਚ ਛਪ ਚੁੱਕੇ ਹਨ ਅਤੇ ਦੋਵੇਂ ਕੇਸ ਆਲਰੈਡੀ ਸਬ-ਜੂਡਿਸ ਹਨ, ਉਨ੍ਹਾਂ ਤੋਂ ਇਲਾਵਾ ਉਹ ਕੋਈ ਤੀਜੀ ਗੱਲ ਸਦਨ ਵਿਚ ਪੇਸ਼ ਨਹੀਂ ਕਰ ਸਕੇ ਤੇ ਨਾ ਹੀ ਉਹ ਕੋਈ ਨਵੀਂ ਮੰਗ ਖੜ੍ਹੀ ਕਰ ਸਕੇ ਹਨ । ਦੋਸ਼ੀਆਂ ਨੂੰ ਫੜਿਆ ਜਾ ਚੁੱਕਾ ਹੈ, ਹਥਿਆਰ ਵੀ ਫੜੇ ਜਾ ਚੁੱਕੇ ਹਨ, ਗੱਡੀਆਂ ਵੀ ਫੜੀਆਂ ਜਾ ਚੁੱਕੀਆਂ ਹਨ ਅਤੇ ਜਿਸ ਕਿਸੇ ਨੇ ਡਿਊਟੀ ਵਿਚ ਕੁਤਾਹੀ ਕੀਤੀ ਸੀ, ਉਸ ਉਤੇ ਵੀ ਐਕਸ਼ਨ ਹੋ ਚੁੱਕਾ ਹੈ । ਇਸ ਕਰਕੇ ਉਹ ਕੋਈ ਵੀ ਨਵੀਂ ਮੰਗ ਸਦਨ ਵਿਚ ਪੇਸ਼ ਨਹੀਂ ਕਰ ਸਕੇ। ਇੱਕ ਗੱਲ ਦਾ ਉਨ੍ਹਾਂ ਨੇ ਇੰਨਾ ਵੱਡਾ ਹਊਆ ਖੜ੍ਹਾ ਕੀਤਾ ਕਿ ਪਤਾ ਨਹੀਂ ਪੰਜਾਬ ਵਿਚ ਲਾਅ ਐਂਡ ਆਰਡਰ ਦੀ ਕਿੰਨੀ ਵੱਡੀ ਸਮੱਸਿਆ ਪੈਦਾ ਹੋ ਗਈ ਹੈ । ਡਿਪਟੀ ਸਪੀਕਰ ਸਾਹਿਬ, ਸਦਨ ਵਿਚ ਸਾਬਤ ਹੋ ਚੁੱਕਾ ਹੈ। ਮੈਂ ਤਾਂ ਕਹਿੰਦਾ ਹਾਂ ਕਿ ਹੁਣ ਸਦਨ ਵਿਚ ਬਹਿਸ ਦੀ ਕੋਈ ਹੋਰ ਲੋੜ ਨਹੀਂ ਬਲਕਿ ਵਧਾਈ ਦੇਣ ਦਾ ਸਮਾਂ ਹੈ । ਮੈਂ ਪੰਜਾਬ ਦੇ ਗ੍ਰਹਿ ਮੰਤਰੀ ਅਤੇ ਮਾਨਯੋਗ ਉਪ ਮੁੱਖ ਮੰਤਰੀ ਸਰਦਾਰ ਸੁਖਬੀਰ ਸਿੰਘ ਬਾਦਲ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ ਕਿ ਇਸ ਮਤੇ ਨੇ ਇਹ ਗੱਲ ਸਾਬਤ ਕਰ ਦਿੱਤੀ ਹੈ ਕਿ ਪੰਜਾਬ ਵਿਚ ਲਾਅ ਐਂਡ ਆਰਡਰ ਦੀ ਸਥਿਤੀ ਦੇਸ਼ ਦੇ ਬਾਕੀ ਸੂਬਿਆਂ ਨਾਲੋਂ ਸਭ ਤੋਂ ਵਧੀਆ ਹੈ । ਅਸੀਂ ਕਿਸੇ ਇਕ ਆਈਸੋਲੇਟਡ ਇੰਸੀਡੈਂਟ ਨੂੰ ਲਾਅ ਐਂਡ ਆਰਡਰ ਦੀ ਸਮੱਸਿਆ ਨਹੀਂ ਕਹਿ ਸਕਦੇ । ਲਾਅ ਐਂਡ ਆਰਡਰ ਦੀ ਸਮੱਸਿਆ ਉਦੋਂ ਹੁੰਦੀ ਹੈ ਜਦੋਂ ਕਿਸੇ ਤਰ੍ਹਾਂ ਦੀ ਕੋਈ ਸਟੇਟ ਵਿਚ ਕਮਿਊਨਲ ਟੈਨਸ਼ਨ ਹੋਵੇ । ਉਸ ਦੀ ਚਿੰਤਾ ਕੀਤੀ ਜਾਂਦੀ ਹੈ ਕਿ ਇਹ ਮਸਲਾ ਕਿਤੇ ਹੋਰ ਅੱਗੇ ਨਾ ਵਧ ਜਾਵੇ । ਜੇਕਰ ਸਟੇਟ ਵਿਚ ਕੋਈ

Original with;
Punjab Vidhan Sabha
Digitized by;
Panjab Digital Library

[ਡਾਕਟਰ ਦਲਜੀਤ ਸਿੰਘ ਚੀਮਾ]

ਬਹੁਤ ਵੱਡਾ ਐਜੀਟੈਸ਼ਨ ਚੱਲ ਰਿਹਾ ਹੋਵੇ ਜਿਸ ਨਾਲ ਇਹ ਖਤਰਾ ਬਣ ਜਾਵੇ ਕਿ ਇਸ ਨਾਲ ਜਾਨ-ਮਾਲ ਨੂੰ ਨੁਕਸਾਨ ਹੋ ਸਕਦਾ ਹੈ ਤਾਂ ਆਪਾਂ ਕਹਿੰਦੇ ਹਾਂ ਕਿ ਇਹ ਲਾਅ ਐਂਡ ਆਰਡਰ ਦੀ ਸਮੱਸਿਆ ਹੈ । ਕੋਈ ਨਕਸਲਿਜ਼ਮ ਦੀ ਸਮੱਸਿਆ ਸੂਬੇ ਵਿਚ ਚੱਲ ਰਹੀ ਹੋਵੇ ਅਤੇ ਇਸ ਤਰ੍ਹਾਂ ਦੀਆਂ ਕੋਈ ਵਾਰਦਾਤਾਂ ਸਾਡੇ ਸਾਹਮਣੇ ਹੋਣ । ਲੋਕ ਆਪਣੇ ਆਪ ਨੂੰ ਇਨਸਕਿਓਰ ਸਮਝਦੇ ਹੋਣ ਤਾਂ ਆਪਾਂ ਉਸ ਨੂੰ ਲਾਅ ਐਂਡ ਆਰਡਰ ਦੀ ਸਮੱਸਿਆ ਕਹਿ ਸਕਦੇ ਹਾਂ । ਕਿਸੇ ਤਰੀਕੇ ਨਾਲ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਉਤੇਜਿਤ ਹੋਈਆਂ ਹੋਣ ਤੇ ਲੋਕੀ ਸੜਕਾਂ ਉੱਤੇ ਹੋਣ ਤੇ ਆਪਾਂ ਕਹਿ ਸਕਦੇ ਹਾਂ ਕਿ ਇਹ ਲਾਅ ਐਂਡ ਆਰਡਰ ਦੀ ਸਮੱਸਿਆ ਹੈ ਪਰ ਸਹੀ ਮਾਅਨਿਆਂ ਵਿੱਚ ਜਿੰਨੀ ਸ਼ਾਂਤੀ, ਜਿੰਨਾ ਆਪਸੀ ਪ੍ਰੇਮ ਤੇ ਪਿਆਰ ਵੱਖ-ਵੱਖ ਭਾਈਚਾਰਿਆਂ, ਵੱਖ-ਵੱਖ ਧਰਮਾਂ ਦੇ ਲੋਕਾਂ ਦਾ ਅੱਜ ਪੰਜਾਬ ਵਿੱਚ ਹੈ, ਇਸ ਦੀ ਉਦਾਹਰਣ ਦੇਸ਼ ਵਿੱਚ ਕਿਤੇ ਨਹੀਂ ਮਿਲਦੀ । ਜਾਖੜ ਸਾਹਿਬ ਅੱਜ ਹੈ ਨਹੀਂ । ਮੈਨੂੰ ਸਮਝ ਨਹੀਂ ਲਗਦੀ ਕਿ ਮੈਂ ਉਨ੍ਹਾਂ ਨੂੰ ਕਿਵੇਂ ਪੁੱਛਾਂ ਕਿ ਇਸ ਨਾਲੋਂ ਹੋਰ ਬਹੁਤ ਸਾਰੇ ਪੰਜਾਬ ਦੇ ਇਸ਼ੂ ਅਹਿਮੀਅਤ ਰੱਖਦੇ ਸਨ। ਆਪਾਂ ਉਹ ਮਤੇ ਕਿਉਂ ਨਹੀਂ ਲਿਆਉਂਦੇ । ਅੱਜ ਪੰਜਾਬ ਦੇ ਸਾਹਮਣੇ ਬੜਾ ਵੱਡਾ ਮੁੱਦਾ ਹੈ । ਪੰਜਾਬ ਖੇਤੀਬਾੜੀ ਤੇ ਅਧਾਰਿਤ ਸੂਬਾ ਹੈ । ਅੱਜ ਆਪਾਂ ਦੇਖਦੇ ਹਾਂ ਕਿ ਕਣਕ ਦੀ ਐਮ. ਐਸ. ਪੀ. ਵਧਾਉਣ ਤੋਂ ਕੇਂਦਰ ਸਰਕਾਰ ਨੇ ਇਨਕਾਰ ਕਰ ਦਿੱਤਾ ਹੈ । ਇਹ ਕਿੰਨਾ ਵੱਡਾ ਮਸਲਾ ਹੈ। ਇਸ ਤੇ ਆਪਾਂ ਨੂੰ ਗੱਲ ਕਰਨੀ ਚਾਹੀਦੀ ਸੀ, ਕੇਂਦਰ ਸਰਕਾਰ ਤੋਂ ਮੰਗ ਕਰਨੀ ਚਾਹੀਦੀ ਸੀ ਪਰ ਉਹ ਆਪਾਂ ਨਹੀਂ ਕੀਤੀ । ਪੰਜਾਬ ਵਿੱਚ ਪਿੱਛੇ ਜਿਹੇ ਸੋਕੇ ਕਾਰਨ ਪੰਜਾਬ ਦੀ ਕਿਸਾਨੀ ਦਾ ਬਹੁਤ ਵੱਡਾ ਨੁਕਸਾਨ ਹੋਇਆ । ਪੰਜਾਬ ਨੂੰ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਸੋਕੇ ਦਾ ਪੈਕੇਜ ਨਹੀਂ ਦਿੱਤਾ ਗਿਆ । ਮੈਨੂੰ ਸਮਝ ਨਹੀਂ ਲਗਦੀ ਕਿ ਜਾਖੜ ਸਾਹਿਬ ਨੂੰ ਇਹ ਗੱਲ ਕਿਉਂ ਨਹੀਂ ਚੰਗੀ ਲੱਗੀ । ਇਸ ਤੇ ਸਾਰਿਆਂ ਨੇ ਉਨ੍ਹਾਂ ਦੀ ਹਮਾਇਤ ਕਰਨੀ ਸੀ ਪਰ ਉਹ ਮਤਾ ਜਿਹੜਾ ਸੀ, ਇਸ ਨੂੰ ਨਹੀਂ ਲੈ ਕੇ ਆਏ । ਅੱਜ ਸਾਰੇ ਦੇਸ਼ ਵਿੱਚ ਸੈਂਟਰ-ਸਟੇਟਸ ਦਾ ਬਹੁਤ ਵੱਡਾ ਮਸਲਾ ਹੈ । ਕਾਂਗਰਸ ਪਾਰਟੀ ਦੀ ਸੱਤਾ ਵਾਲੇ ਸੂਬੇ ਵੀ ਮੰਗ ਕਰ ਰਹੇ ਹਨ ਕਿ ਦੇਸ਼ ਵਿੱਚ ਜਿਹੜਾ ਡੈਵੋਲਿਊਸ਼ਨ ਆਫ ਟੈਕਸਿਜ਼ ਦਾ ਸਿਸਟਮ ਹੈ, ਉਹ ਰਿਵਿਊ ਹੋਣਾ ਚਾਹੀਦਾ ਹੈ । ਅੱਜ ਜ਼ਰੂਰਤ ਸੀ ਕਿ ਆਪਾਂ ਸਦਨ ਵਿੱਚ ਉਸ ਮੁੱਦੇ ਤੇ ਬੈਠ ਕੇ ਗੱਲ ਕਰਦੇ । ਕੁਝ ਵਿਚਾਰ ਆਪੋਜੀਸ਼ਨ ਦੇ ਭਰਾਵਾਂ ਵੱਲੋਂ ਆਉਂਦੇ, ਕੁਝ ਵਿਚਾਰ ਅਸੀਂ ਰੱਖਦੇ । ਇੱਕ ਪ੍ਰਭਾਵ ਜਾਂਦਾ, ਕੇਂਦਰ ਸਰਕਾਰ ਤੇ ਦਬਾਅ ਪੈਂਦਾ ਕਿ ਸਾਡੀ ਇਹ ਸਮੱਸਿਆ ਹੱਲ ਹੋਵੇ ਪਰ ਅਸੀਂ ਇਹ ਹੱਲ ਨਹੀਂ ਕੀਤੀ । ਚਲੋ ਬਾਕੀ ਗੱਲਾਂ ਛੱਡੋ, ਚੰਡੀਗੜ੍ਹ ਵਿੱਚ ਬੈਠੇ ਹਾਂ । ਇਸ ਨੂੰ ਯਾਦ ਕਰ ਲਓ ਕਿ ਇਹ ਪੰਜਾਬ ਦੀ ਰਾਜਧਾਨੀ ਹੈ । ਕਿੰਨੇ ਸਾਲ ਹੋ ਗਏ, ਦੂਸਰੇ ਸੂਬਿਆਂ ਨੂੰ ਵੱਖਰੇ

Original with;
Punjab Vidhan Sabha
Digitized by;
Panjab Digital Library

ਹੋਏ ਪਰ ਪੰਜਾਬ ਦੀ ਰਾਜਧਾਨੀ ਸਾਨੂੰ ਨਹੀਂ ਮਿਲੀ। ਪੰਜਾਬੀ ਬੋਲਦੇ ਇਲਾਕੇ ਨਹੀਂ ਮਿਲੇ। ਦਰਿਆਈ ਪਾਣੀਆਂ ਦੇ ਹੱਕ ਨਹੀਂ ਮਿਲੇ । ਇਹ ਕਿੰਨੇ ਵੱਡੇ ਮਸਲੇ ਹਨ ਪਰ ਜਾਖੜ ਸਾਹਿਬ ਨੂੰ ਇਹ ਮਸਲਾ ਯਾਦ ਨਹੀਂ ਆਇਆ । ਅੱਜ ਕੇਂਦਰ ਸਰਕਾਰ ਨੇ ਐਫ. ਡੀ. ਆਈ. ਵਿੱਚ, ਰਿਟੇਲ ਵਿਚ ਵਿਦੇਸ਼ੀ ਨਿਵੇਸ਼ ਲਾਗੂ ਕਰਕੇ ਕਰੋੜਾਂ ਜਿਹੜੇ ਛੋਟੇ ਦੁਕਾਨਦਾਰ ਹਨ, ਰੇਹੜੀ ਵਾਲੇ ਹਨ, ਆਪਣੀ ਰੋਟੀ ਰੋਜ਼ੀ ਕਮਾਉਣ ਵਾਲੇ ਲੋਕ ਹਨ, ਉਨ੍ਹਾਂ ਦੇ ਹੱਕਾਂ ਉਤੇ ਡਾਕਾ ਮਾਰਿਆ । ਅੱਜ ਚਾਹੀਦਾ ਸੀ, ਸਾਡੇ ਭਰਾਵਾਂ ਨੂੰ ਕਿ ਇਸ ਹਾਊਸ ਵਿੱਚ ਮੁੱਦਾ ਲਿਆਉਂਦੇ ਤੇ ਉਨ੍ਹਾਂ ਦੁਕਾਨਦਾਰਾਂ ਦੀ, ਸੈਲਫ ਇੰਪਲਾਇਡ ਲੋਕਾਂ ਦੀ ਗੱਲ ਕਰਦੇ ਪਰ ਇਹ ਨਹੀਂ ਹੋ ਸਕਿਆ । ਅੱਜ ਚਿੰਤਾ ਸਾਰੇ ਦੇਸ਼ ਦੀ ਹੈ ਕਿ ਸਾਡਾ ਅਰਬਾਂ ਰੁਪਿਆ ਵਿਦੇਸ਼ੀ ਬੈਂਕਾਂ ਵਿੱਚ ਕਾਲੇ ਧਨ ਦੇ ਰੂਪ ਵਿੱਚ ਜਮ੍ਹਾਂ ਹੈ । ਅੱਜ ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਸ ਮੁੱਦੇ ਤੇ ਵੀ ਗੱਲ ਹੋ ਸਕਦੀ ਸੀ ਪਰ ਨਹੀਂ ਹੋਈ । ਅੱਜ ਇਹ ਗੱਲ ਕਰਨ ਦੀ ਜ਼ਰੂਰਤ ਹੈ । ਉਨ੍ਹਾਂ ਨੇ ਗੱਲ ਵੀ ਕੀਤੀ ਸੀ ਪਰ ਮੈਂ ਬਾਅਦ ਵਿੱਚ ਵਿਸਥਾਰ ਵਿੱਚ ਆਵਾਂਗਾ ਕਿ ਪੰਜਾਬ ਵਿੱਚ ਵੀ ਤੇ ਬਾਕੀ ਸਟੇਟਾਂ ਵਿੱਚ ਰੇਤਾ ਤੇ ਬਜਰੀ ਦੀ ਸ਼ਾਰਟੇਜ ਹੈ । ਮੁੱਖ ਮੰਤਰੀ ਸਾਹਿਬ ਨੇ ਵੀ ਇਸ ਤੇ ਚਿੰਤਾ ਪ੍ਰਗਟ ਕੀਤੀ। ਪ੍ਰਧਾਨ ਮੰਤਰੀ ਜੀ ਨੂੰ ਲਿਖਿਆ । ਮੈਂ ਅਖੀਰ ਵਿੱਚ ਵਿਸਥਾਰ ਵਿੱਚ ਇਸ ਮੁੱਦੇ ਤੇ ਆਵਾਂਗਾ ਪਰ ਮੈਂ ਸੋਚਦਾ ਸੀ ਕਿ ਇਸ ਤੇ ਆਪਾਂ ਬਹਿਸ ਕਰਦੇ । ਪਤਾ ਲੱਗਦਾ ਕਿ ਕਸੂਰ ਕਿਸ ਧਿਰ ਦਾ ਹੈ । ਸਟੇਟ ਗੌਰਮਿੰਟ ਦਾ ਕਸੂਰ ਜੇ ਹੈ ਤਾਂ ਉਹ ਸੁਝਾਅ ਦਿੰਦੇ ਕਿ ਤੁਸੀਂ ਆਪਣੀ ਇਹ ਗੱਲ ਠੀਕ ਕਰੋ । ਜੇ ਕੇਂਦਰ ਵਿੱਚ ਕੋਈ ਗਲਤੀ ਹੈ ਤਾਂ ਆਪਾਂ ਉਨ੍ਹਾਂ ਨੂੰ ਕਹਿੰਦੇ ਪਰ ਇਸ ਤੇ ਆਪਾਂ ਜਿਹੜੀ ਕੋਈ ਗੱਲ ਹੈ, ਉਹ ਨਹੀਂ ਕਰ ਸਕੇ । ਅੱਜ ਇੰਡਸਟਰੀ ਦੀ ਬਹੁਤ ਵੱਡੀ ਦਿੱਕਤ ਹੈ ਕਿ ਗੁਆਂਢੀ ਸੂਬਿਆਂ ਨੂੰ, ਪਹਾੜੀ ਰਾਜਾਂ ਨੂੰ ਐਕਸਾਈਜ਼ ਵਿੱਚ ਕਨਸੈਸ਼ਨਜ਼ ਦਿੱਤੀਆਂ ਜਾ ਰਹੀਆਂ ਹਨ । ਸਾਨੂੰ ਉਸ ਪੈਕੇਜ ਵਿੱਚੋਂ ਬਾਹਰ ਰੱਖਿਆ ਹੋਇਆ ਹੈ । ਅੱਜ ਜ਼ਰੂਰਤ ਸੀ ਕਿ ਆਪਾਂ ਇਸ ਗੱਲ ਉਤੇ ਬਹਿਸ ਕਰਦੇ । ਉਸ ਵਿੱਚ ਸਾਡੇ ਭਰਾ ਨਾਲ ਰਲਦੇ । ਅਸੀਂ ਹਿੰਮਤ ਮਾਰਦੇ ਤੇ ਇਸ ਮਸਲੇ ਦਾ ਕੋਈ ਨਾ ਕੋਈ ਹੱਲ ਨਿਕਲਦਾ ।

ਸੋ, ਡਿਪਟੀ ਸਪੀਕਰ ਸਾਹਿਬ, ਇਸ ਤਰ੍ਹਾਂ ਦੇ ਹੋਰ ਬਹੁਤ ਸਾਰੇ ਮਸਲੇ ਸਨ ਪਰ ਬੜੀ ਹੈਰਾਨੀ ਹੋਈ ਕਿ ਸਾਰਿਆਂ ਨੂੰ ਛੱਡ ਕੇ ਇੱਕ ਮਸਲਾ ਸਾਡੇ ਮਾਨਯੋਗ ਵਿਰੋਧੀ ਧਿਰ ਦੇ ਆਗੂ ਨੇ ਚੁਣਿਆ ਕਿ ਪੰਜਾਬ ਦੀ ਲਾਅ ਐਂਡ ਆਰਡਰ ਦੀ ਸਥਿਤੀ ਬਹੁਤ ਮਾੜੀ ਹੈ ਔਰ ਫਿਰ ਇਹ ਮੁੱਦਾ ਆਪ ਲਿਆ ਕੇ ਇਸ ਤੇ ਬਹਿਸ ਵੀ ਨਹੀਂ ਕੀਤੀ । ਕਰਦੇ ਕੀ ਹਨ ਕਿ ਇੱਕ ਇੰਸੀਡੈਂਸ ਕਿਤੇ ਹੋ ਜਾਂਦੀ ਹੈ, ਉਸ ਨੂੰ ਨਿੰਦਣ ਦੀ ਬਜਾਏ, ਦੋ ਦਿਨ ਇੰਤਜ਼ਾਰ ਕਰਨ ਦੀ ਬਜਾਏ ਆਪਾਂ ਕਰਾਈਮ ਨੂੰ ਤੇ ਕ੍ਰਿਮੀਨਲਜ਼ ਨੂੰ ਗਲੋਰੀਫਾਈ ਕਰਨ ਦੀ

Original with;
Punjab Vidhan Sabha
Digitized by;
Panjab Digital Library

[ਡਾਕਟਰ ਦਲਜੀਤ ਸਿੰਘ ਚੀਮਾ]

ਕੋਸ਼ਿਸ਼ ਕਰਦੇ ਹਾਂ । ਪੁਲਿਸ ਕੋਲ ਕੋਈ ਜਾਦੂ ਨਹੀਂ ਹੁੰਦਾ। ਘਟਨਾ ਬਾਅਦ ਵਿੱਚ ਹੁੰਦੀ ਹੈ ਅਤੇ ਆਪਾਂ ਘਟਨਾ ਨੂੰ ਕੰਡੈਮ ਕਰਨ ਤੱਕ ਸੀਮਿਤ ਨਹੀਂ ਰਹਿੰਦੇ, ਇਨਸਾਫ ਦੀ ਮੰਗ ਤੱਕ ਸੀਮਿਤ ਨਹੀਂ ਰਹਿੰਦੇ ਸਗੋਂ ਜਿਹੜੇ ਬੰਦੇ ਨੇ ਦੋਸ਼ੀ ਦੇ ਪਿੱਛੇ ਭੱਜਣਾ ਹੁੰਦਾ ਹੈ ਆਪਾਂ ਉਸ ਦੀ ਲੱਤਾਂ ਖਿੱਚਣੀਆਂ ਸ਼ੁਰੂ ਕਰ ਦਿੰਦੇ ਹਾਂ । ਮੈਂ ਇਹ ਵੀ ਮਹਿਸੂਸ ਕਰਦਾ ਹਾਂ ਕਿ ਸਾਡੇ ਸਿਸਟਮ ਵਿੱਚ ਆਪਾਂ ਇਨਸਾਫ ਨਹੀਂ ਕਰਦੇ ਕਿਉਂਕਿ ਜੇ ਕਿਤੇ ਪੁਲਿਸ ਨੇ ਗਲਤੀ ਕੀਤੀ ਹੈ ਤਾਂ ਹੋਮ ਮਨਿਸਟਰ ਸਾਹਿਬ ਨੇ ਬਹੁਤ ਸਖਤ ਐਕਸ਼ਨ ਲਿਆ ਹੈ ਔਰ ਸੱਤ ਘੰਟਿਆਂ ਵਿੱਚ ਜਿਨ੍ਹਾਂ ਨੇ ਮੁਜਰਮ ਫੜਿਆ ਹੈ, ਉਨ੍ਹਾਂ ਨੂੰ ਕਿਤੇ ਆਪੋਜੀਸ਼ਨ ਦੇ ਲੀਡਰ ਨੇ ਸ਼ਾਬਾਸ਼ ਦਿੱਤੀ ਹੋਵੇ ਜਾਂ ਆਪੋਜੀਸ਼ਨ ਦੇ ਕਿਸੇ ਨੁਮਾਇੰਦੇ ਨੇ ਸਾਬਾਸ਼ ਦਿੱਤੀ ਹੋਵੇ, ਇਹ ਵੀ ਅੱਜ ਤੱਕ ਮੈਂ ਕਦੇ ਨਹੀਂ ਸੁਣਿਆ । ਇਸ ਲਈ ਇਹੋ ਜਿਹੀ ਗੱਲ ਤੇ ਜਦੋਂ ਕਿਸੇ ਨੇ ਰਿਐਕਟ ਕਰਨਾ ਹੋਵੇ ਤਾਂ ਸਾਡੇ ਤੇ ਇੱਕ ਬਹੁਤ ਵੱਡੀ ਜ਼ਿੰਮੇਵਾਰੀ ਪੈਂਦੀ ਹੈ ਕਿਉਂਕਿ ਪੰਜਾਬ ਬਾਰਡਰ ਸੂਬਾ ਹੈ । ਇਹ ਬਹੁਤ ਸੈਂਸੇਟਿਵ ਸਟੇਟ ਹੈ । ਜਦੋਂ ਪੰਜਾਬ ਦੇ ਲਾਅ ਐਂਡ ਆਰਡਰ ਬਾਰੇ ਅਸੀਂ ਕੋਈ ਗੱਲ ਕਰਨੀ ਹੈ ਤਾਂ ਉਦੋਂ ਸੋਚ ਕੇ ਗੱਲ ਕਰਨੀ ਹੈ ਕਿ ਕਿਤੇ ਅਸੀਂ ਐਵੇਂ ਹੀ ਆਪਣੇ ਦੇਸ਼ ਨੂੰ ਕਮਜ਼ੋਰ ਤਾਂ ਨਹੀਂ ਕਰੀ ਜਾ ਰਹੇ ਕਿਉਂਕਿ ਸਾਡਾ ਜਿਹੜਾ ਆਸੇ ਪਾਸੇ ਬਾਰਡਰ ਹੈ, ਉਸ ਕਰਕੇ ਸਰਕਾਰ ਨੂੰ 24 ਘੰਟੇ ਸੋਚ ਕੇ ਚੱਲਣਾ ਪੈਂਦਾ ਹੈ । ਅਸੀਂ ਆਪਣੀਆਂ ਸਿਆਸੀ ਰੋਟੀਆਂ ਸੇਕਣ ਵਾਸਤੇ, ਬਿਨਾਂ ਕਿਸੇ ਕਾਰਨ ਤੋਂ ਪੰਜਾਬ ਦੇ ਲਾਅ ਐਂਡ ਆਰਡਰ ਨੂੰ ਕੰਡੈਮ ਕਰਕੇ ਇਕੱਲਾ ਪੰਜਾਬ ਦਾ ਹੀ ਨੁਕਸਾਨ ਨਹੀਂ ਕਰਦੇ ਸਗੋਂ ਅਸੀਂ ਦੇਸ਼ ਦੀ ਸਥਿਰਤਾ ਤੇ ਵੀ ਬਹੁਤ ਵੱਡੀ ਸੱਟ ਮਾਰਦੇ ਹਾਂ । ਸਾਨੂੰ ਇਸ ਗੱਲ ਤੋਂ ਬਹੁਤ ਸੁਚੇਤ ਰਹਿਣਾ ਚਾਹੀਦਾ ਹੈ । ਮੈਂ ਵਧਾਈ ਦੇਣੀ ਚਾਹਾਂਗਾ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਅਤੇ ਮਾਨਯੋਗ ਉਪ ਮੁੱਖ ਮੰਤਰੀ ਸਰਦਾਰ ਸੁਖਬੀਰ ਸਿੰਘ ਬਾਦਲ ਸਾਹਿਬ ਨੂੰ ਕਿ ਲਾਅ ਐਂਡ ਆਰਡਰ ਨੂੰ ਜਿਹੜੇ ਅਸਲੀ ਚੈਲੇਂਜ ਆਏ, ਚਾਹੇ ਉਹ ਮਾਲਵੇ ਵਿੱਚ ਕਿਸੇ ਡੇਰੇ ਦੀ ਸਮੱਸਿਆ ਸੀ, ਚਾਹੇ ਦੁਆਬੇ ਵਿੱਚ ਇੱਕ ਹੋਰ ਡੇਰੇ ਦੀ ਸਮੱਸਿਆ ਸੀ, ਚਾਹੇ ਲੁਧਿਆਣੇ ਵਿੱਚ ਕਿਸੇ ਸਮਾਗਮ ਵਿੱਚ ਬਹੁਤ ਵੱਡਾ ਚੈਲੇਂਜ ਉਠ ਖੜ੍ਹਾ ਹੋਇਆ ਤੇ ਚਾਹੇ ਮਾਝੇ ਵਿੱਚ ਕਿਸੇ ਗੁਰਦੁਆਰਾ ਸਾਹਿਬ ਦੀ ਕੋਈ ਸਮੱਸਿਆ ਆਈ, ਉਨ੍ਹਾਂ ਸਾਰਿਆਂ ਨੂੰ ਅੱਛੇ ਢੰਗ ਨਾਲ ਨਿਪਟਿਆ । ਜੇ ਆਪਾਂ ਇਹ ਸੋਚ ਲਈਏ ਕਿ ਇਕੱਲੀ ਅਖਬਾਰ ਦੀ ਖਬਰ ਨਾਲ ਸਮੱਸਿਆ ਹੱਲ ਹੋ ਗਈ, ਇਸ ਤਰ੍ਹਾਂ ਕਦੇ ਨਹੀਂ ਹੁੰਦਾ । ਇਸ ਪਿੱਛੇ ਬੜੀ ਵਿਸ਼ਾਲ ਸੋਚ ਹੁੰਦੀ ਹੈ । ਇਸ ਪਿੱਛੇ 5.00 ਵਜੇ ਸਵੇਰ ਤੋਂ ਲੈ ਕੇ ਰਾਤ ਦੇ 11.00 ਵਜੇ ਤੱਕ ਬੜੀ ਸਖਤ ਮਿਹਨਤ ਹੁੰਦੀ ਹੈ । ਇਸ ਪਿੱਛੇ ਕਿਸੇ ਸ਼ਖ਼ਸੀਅਤ ਦਾ ਆਪਣਾ ਅਸਰ ਰਸੂਖ ਹੁੰਦਾ ਹੈ, ਜਿਸ ਦਾ ਧਾਰਮਿਕ ਸ਼ਖ਼ਸੀਅਤਾਂ ਵੀ ਰਿਗਾਰਡ ਕਰਦੀਆਂ ਹਨ, ਜਿਸ ਦਾ ਵਿਰੋਧੀ ਵੀ ਰਿਗਾਰਡ ਕਰਦੇ ਹਨ ਔਰ ਉਹ

Original with;
Punjab Vidhan Sabha
Digitized by;
Punjab Digital Library

ਪੰਜਾਬ ਵਿੱਚ ਕਿਸੇ ਨੂੰ ਵੀ ਕੋਈ ਗੱਲ ਕਹਿੰਦੇ ਹਨ ਤਾਂ ਹਰ ਬੰਦਾ ਦੁਬਾਰਾ ਉਹ ਕੰਮ ਕਰਨ ਤੋਂ ਪਹਿਲਾਂ ਪੰਜ ਵਾਰੀ ਸੋਚਦਾ ਹੈ । ਇਸ ਲਈ ਜੋ ਇੰਨੇ ਵੱਡੇ ਵੱਡੇ ਚੈਲੇਂਜ ਪੰਜਾਬ ਦੀ ਸਰਕਾਰ ਨੇ ਜਿਹੜੇ ਕਨਟੇਂਡ ਕੀਤੇ ਹਨ ਤਾਂ ਮੈਂ ਸਮਝਦਾ ਹਾਂ ਕਿ ਜਾਖੜ ਸਾਹਿਬ ਅਤੇ ਉਨ੍ਹਾਂ ਦੀ ਸਾਰੀ ਟੀਮ ਦੀ ਡਿਊਟੀ ਬਣਦੀ ਸੀ ਕਿ ਉਹ ਆਪ ਆ ਕੇ ਮੁੱਖ ਮੰਤਰੀ ਸਾਹਿਬ ਦਾ ਅਤੇ ਮਾਨਯੋਗ ਉਪ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦੇ ਕਿ ਅਸੀਂ ਤੁਹਾਡੇ ਧੰਨਵਾਦੀ ਹਾਂ ਕਿਉਂਕਿ ਪੰਜਾਬ ਬਹੁਤ ਮਾੜੇ ਹਾਲਾਤਾਂ ਵਿੱਚੋਂ ਨਿਕਲਿਆ ਹੈ । ਕਿੰਨੀ ਨਫਰਤ ਪੰਜਾਬ ਵਿੱਚ ਪੈਦਾ ਕਰ ਦਿੱਤੀ ਗਈ ਸੀ । ਹਿੰਦੂ-ਸਿੱਖਾਂ ਨੂੰ ਵੱਖਰੇ ਕਰਨ ਵਾਸਤੇ ਕਿੰਨੇ ਵੱਡੇ ਛੜਯੰਤਰ ਇਸ ਦੇਸ਼ ਵਿੱਚ ਰਚੇ ਗਏ । ਜਿਹੜੇ ਅਫਸਰ ਉਸ ਵੇਲੇ ਹਿੰਦੁਸਤਾਨ ਦੀ ਇੰਟੈਲੀਜੈਂਸ ਵਿੱਚ ਸੀ, ਅੱਜ ਉਨ੍ਹਾਂ ਨੇ ਕਿਤਾਬਾਂ ਲਿਖੀਆਂ ਹਨ, ਜਿਹੜੀਆਂ ਆਪਾਂ ਪੜ੍ਹ ਸਕਦੇ ਹਾਂ । ਅੱਜ ਤੱਕ ਉਨ੍ਹਾਂ ਕਿਤਾਬਾਂ ਨੂੰ ਕਿਸੇ ਨੇ ਚੈਲੇਂਜ ਨਹੀਂ ਕੀਤਾ ਕਿ ਕਿਸ ਤਰੀਕੇ ਪੰਜਾਬ ਦੇ ਅਮਨ ਨੂੰ ਲਾਂਬੂ ਲਗਾਉਣ ਵਾਸਤੇ ਕਿੰਨੇ ਨੀਵੇਂ ਦਰਜੇ ਦੀਆਂ ਸਾਜ਼ਿਸ਼ਾਂ ਰਚੀਆਂ ਗਈਆਂ ਪਰ ਅੱਜ ਖ਼ੁਸ਼ੀ ਹੈ, ਅੱਜ ਹਾਲਾਤ ਵੱਖਰੇ ਹਨ, ਅੱਜ ਬਠਿੰਡਾ ਜ਼ਿਲ੍ਹੇ ਦੇ ਮਾਈਸਰਖਾਨਾ ਵਿਚੋਂ ਪੰਜ ਹਜਾਰ ਸਾਡੇ ਬ੍ਰਾਹਮਣ ਵੀਰ ਯਾਤਰਾ ਕਰਨ ਲਈ ਤੁਰਦੇ ਹਨ ਤੇ ਪਹਿਲਾਂ ਉਹ ਸ੍ਰੀ ਅਨੰਦਪੁਰ ਸਾਹਿਬ ਪਹੁੰਚਦੇ ਹਨ ਤੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਮਹਾਨ ਸ਼ਹਾਦਤ ਨੂੰ ਨਤਮਸਤਕ ਹੁੰਦੇ ਹਨ । ਉਹ ਧਰਤੀ ਜਿੱਥੇ ਸੈਕੂਲਰਿਜ਼ਮ ਦੀਆਂ ਜੜ੍ਹਾਂ ਮਜ਼ਬੂਤ ਕਰਨ ਵਾਸਤੇ, ਜਿੱਥੇ ਧਰਮ ਦੀ ਅਜ਼ਾਦੀ ਵਾਸਤੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਇੰਨੀ ਵੱਡੀ ਮਿਸਾਲ ਪੈਦਾ ਕੀਤੀ, ਇਤਿਹਾਸਕ ਫੈਸਲਾ ਲਿਆ ਤੇ ਉਹ ਪਹਿਲਾਂ ਉਸ ਜਗ੍ਹਾ ਉਤੇ ਜਾ ਕੇ ਨਮਸਕਾਰ ਕਰਦੇ ਹਨ । ਜਿਨ੍ਹਾਂ ਰਸਤਿਆਂ ਉਤੇ ਉਹ ਸਾਡੇ ਹਿੰਦੂ ਵੀਰ ਬ੍ਰਾਹਮਣ ਵੀਰ ਚਲਦੇ ਹਨ, ਸਾਡੇ ਸਿੱਖ ਭਰਾ ਲੰਗਰ ਲੈ ਕੇ, ਜਲ ਲੈ ਕੇ, ਝਾੜੂ ਲੈ ਕੇ ਉਨ੍ਹਾਂ ਰਸਤਿਆਂ ਦੀ ਸਫਾਈ ਕਰਦੇ ਹਨ ਔਰ ਪਿਆਰ ਨਾਲ ਉਨ੍ਹਾਂ ਨੂੰ ਮੁਬਾਰਕਬਾਦ ਦਿੰਦੇ ਹਨ, ਉਨ੍ਹਾਂ ਦਾ ਧੰਨਵਾਦ ਕਰਦੇ ਹਨ । ਇਹ ਮਾਹੌਲ ਹੈ ਪੰਜਾਬ ਵਿਚ ਜਿਸ ਨੂੰ ਐਪਰੀਸ਼ੀਏਟ ਕਰਨਾ ਚਾਹੀਦਾ ਹੈ । ਉਹ ਯਾਤਰਾ ਜਦੋਂ ਸ੍ਰੀ ਆਨੰਦਪੁਰ ਸਾਹਿਬ ਤੋਂ ਦਿੱਲੀ ਗਈ ਤਾਂ ਚਾਂਦਨੀ ਚੌਂਕ ਜਿਥੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਸ਼ਹਾਦਤ ਦਿੱਤੀ, ਉਸ ਜਗ੍ਹਾ ਉਤੇ ਉਨ੍ਹਾਂ ਨੇ ਸ਼ਹਾਦਤ ਵਾਲੇ ਦਿਨ ਨਮਸਕਾਰ ਕਰਨੀ ਸੀ ਪਰ ਉਥੇ ਜਿਨ੍ਹਾਂ ਲੋਕਾਂ ਦੀ ਗੁਰਦੁਆਰਾ ਪ੍ਰਬੰਧ ਵਿਚ ਡਿਊਟੀ ਹੈ, ਜਿਹੜੇ ਸਾਡੇ ਪੰਜਾਬ ਦੇ ਕਾਂਗਰਸ ਦੇ ਸਭ ਤੋਂ ਵੱਡੇ ਲੀਡਰ ਹਨ, ਉਨ੍ਹਾਂ ਦੇ ਸਭ ਤੋਂ ਕਰੀਬੀ ਮਿੱਤਰਾਂ ਵਿਚੋਂ ਹਨ । ਸਪੀਕਰ ਸਾਹਿਬ ਬੈਠੇ ਹੁੰਦੇ ਤਾਂ ਕਿਸੇ ਦਾ ਨਾਮ ਨਹੀਂ ਲੈਣ ਦਿੰਦੇ ਲੇਕਿਨ ਜਿਸ ਬੰਦੇ ਦੀ ਮੈਂ ਗੱਲ ਕਰਨ ਲੱਗਿਆ ਹਾਂ, ਉਸ ਦਾ ਮੈਂ ਵੈਸੇ ਵੀ ਨਾਮ ਲੈਣਾ ਚੰਗਾ ਨਹੀਂ ਸਮਝਦਾ । ਦਿੱਲੀ ਦੇ ਗੁਰਦੁਆਰਿਆਂ ਦੀ ਉਸ ਕੋਲ ਸੇਵਾ ਹੋਵੇ, ਗੁਰੂ ਤੇਗ਼ ਬਹਾਦਰ ਸਾਹਿਬ ਦੇ ਸ਼ਹੀਦੀ ਅਸਥਾਨ ਦਾ ਉਸ ਕੋਲ ਪ੍ਰਬੰਧ ਹੋਵੇ ਤੇ ਉਹ

Original with;
Punjab Vidhan Sabha
Digitized by;
Panjab Digital Library

[ਡਾਕਟਰ ਦਲਜੀਤ ਸਿੰਘ ਚੀਮਾ]

ਪੰਜ ਹਜ਼ਾਰ ਤੋਂ ਵੱਧ ਗਿਣਤੀ ਵਿੱਚ ਹਿੰਦੂ ਵੀਰ, ਬ੍ਰਾਹਮਣ ਵੀਰ ਜਦ ਉਥੇ ਪਹੁੰਚੇ ਤਾਂ ਇਨ੍ਹਾਂ ਪੰਜਾਬ ਵਾਲਿਆਂ ਨੇ ਟੈਲੀਫੋਨ ਕਰ ਦਿੱਤਾ ਕਿ ਬਾਦਲ ਸਾਹਿਬ ਨੇ ਯਾਤਰਾ ਰਵਾਨਾ ਕੀਤੀ ਹੈ ਔਰ ਉਸ ਨੇ ਇਸ ਕਰਕੇ ਇਸ ਨੂੰ ਅੰਦਰ ਨਹੀਂ ਵੜਨ ਦਿੱਤਾ। ਮਾਨਯੋਗ ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਨੂੰ ਲੰਗਰ ਦੇਣ ਤੋਂ ਨਾਂਹ ਕਰ ਦਿੱਤੀ, ਉਨ੍ਹਾਂ ਨੂੰ ਰਾਤ ਨੂੰ ਸਰ੍ਹਾਵਾਂ ਵਿਚ ਠਹਿਰਾਉਣ ਤੋਂ ਨਾਂਹ ਕਰ ਦਿੱਤੀ। ਉਹ ਦੋਸਤ ਕਿਸ ਦੇ ਹਨ, ਸਾਡੀ ਜਿਹੜੀ ਵਿਰੋਧੀ ਪਾਰਟੀ ਹੈ, ਉਸ ਦੇ ਪ੍ਰਧਾਨ ਸਾਹਿਬ ਦੇ ਉਹ ਸਭ ਤੋਂ ਨੇੜੇ ਹਨ। ਜਿਹੜੇ ਕਹਿੰਦੇ ਹਨ, ਕੀ ਕਹਿੰਦੇ ਹਨ, ਮੈਨੂੰ ਭੁੱਲ ਗਿਆ, ਬੀਬੀ ਜੀ ਨੂੰ ਯਾਦ ਹੋਣਾ :

ਭੈੜੇ ਭੈੜੇ ਯਾਰ ਮੇਰੀ ਫੱਤੋ ਦੇ

ਪਤਾ ਨਹੀਂ ਕਹਿਣਾ ਚਾਹੀਦਾ ਹੈ ਕਿ ਨਹੀਂ। ਕਿਉਂ ਜੋ ਉਹ ਹਾਊਸ ਵਿੱਚ ਹਾਜ਼ਰ ਨਹੀਂ ਹਨ। ਇਸ ਕਰਕੇ ਸਾਡੀ ਰਵਾਇਤ ਹੈ ਕਿ ਜਿਹੜਾ ਹਾਊਸ ਵਿਚ ਹਾਜ਼ਰ ਨਾ ਹੋਵੇ ਉਸ ਦਾ ਨਾਮ ਨਹੀਂ ਲੈਂਦੇ। ਇਨ੍ਹਾਂ ਦੇ ਇਹੋ ਜਿਹੇ ਸਾਥੀ ਹਨ। ਇਹ ਬਾਦਲ ਸਾਹਿਬ ਨੇ ਬਤੌਰ ਮੁੱਖ ਮੰਤਰੀ ਆਪਣੀ ਜ਼ਿੰਮੇਵਾਰੀ ਨਿਭਾਈ। ਪਾਰਟੀ ਦੇ ਲੋਕਾਂ ਨੇ ਜਿਹੜਾ ਅੱਛਾ ਕੰਮ ਉਨ੍ਹਾਂ ਵੀਰਾਂ ਨੇ ਕੀਤਾ, ਉਸ ਕਰਕੇ ਆਪਣਾ ਫਰਜ਼ ਨਿਭਾਇਆ। ਜੋ ਗੁਰੂ ਸਾਹਿਬ ਨੇ ਸਾਨੂੰ ਸਿੱਖਿਆ ਦਿੱਤੀ, ਉਸ ਮੁਤਾਬਿਕ ਆਪਣੀ ਡਿਊਟੀ ਨਿਭਾਈ ਪਰ ਇਨ੍ਹਾਂ ਨੇ ਗੁਰੂ ਘਰ ਦੇ ਦਰਵਾਜ਼ੇ ਵੀ ਉਨ੍ਹਾਂ ਵਾਸਤੇ ਬੰਦ ਕਰ ਦਿੱਤੇ ਸਨ। ਖੈਰ ਹੁਣ ਉਸ ਦਾ ਤਾਂ ਸਮਾਂ ਆ ਗਿਆ ਹੈ। ਮੈਂ ਉਸ ਦਾ ਹਾਊਸ ਦੇ ਵਿਚ ਨਾਮ ਨਹੀਂ ਲੈਣਾ, ਉਸ ਨੂੰ ਹਰਾਉਣਾ ਸਾਡੀ ਡਿਊਟੀ ਹੈ, ਹੁਣ ਦਿੱਲੀ ਦੀ ਇਲੈਕਸ਼ਨ ਆ ਗਈ ਹੈ। ਉਥੇ ਜਾ ਕੇ ਉਸ ਦੇ ਬਾਕੀ ਕੰਮਾਂ ਦੀ ਸਜ਼ਾ ਦਿੱਤੀ ਜਾਵੇਗੀ। ਮੈਂ ਇਹ ਗੱਲ ਕਰ ਰਿਹਾ ਸੀ ਕਿ ਇਸ ਵੇਲੇ ਜਿਹੜੀ ਪੰਜਾਬ ਵਿਚ ਮੁਕੰਮਲ ਤੌਰ ਤੇ ਸ਼ਾਂਤੀ ਹੈ, ਭਾਈਚਾਰਕ ਸਾਂਝ ਕਾਇਮ ਹੈ, ਸਾਂਝੀਵਾਲਤਾ ਹੈ ਔਰ ਸਾਰੇ ਧਰਮਾਂ ਦੇ ਲੋਕ ਇਥੇ ਅਰਾਮ ਦੇ ਨਾਲ ਇਕੱਠੇ ਰਹਿੰਦੇ ਹਨ ਔਰ ਲਾਅ ਐਂਡ ਆਰਡਰ ਦੀ ਸਭ ਤੋਂ ਵਧੀਆ ਸਥਿਤੀ ਹੈ, ਇਹ ਕੋਈ ਐਵੇਂ ਨਹੀਂ ਬਣ ਗਈ। ਇੱਕ ਸਾਡੇ ਇਹ ਵੀ ਬੜਾ ਭੁਲੇਖਾ ਹੁੰਦਾ ਹੈ ਕਿ ਲਾਅ ਐਂਡ ਆਰਡਰ ਦਾ ਸਿਰਫ ਇੰਨਾ ਹੀ ਮਤਲਬ ਹੁੰਦਾ ਹੈ ਕਿ ਸਾਰੀਆਂ ਥਾਵਾਂ ਤੇ ਪੁਲਿਸ ਦਾ ਬੰਦਾ ਡੰਡਾ ਦੇ ਕੇ ਖੜ੍ਹਾ ਕਰ ਦਿਉ ਤੇ ਉਸ ਨਾਲ ਲਾਅ ਐਂਡ ਆਰਡਰ ਦੀ ਸਮੱਸਿਆ ਹੱਲ ਹੋ ਜਾਂਦੀ ਹੈ। ਡਿਪਟੀ ਸਪੀਕਰ ਸਾਹਿਬ, ਇਕੱਲੇ ਡੰਡੇ ਨਾਲ ਲਾਅ ਐਂਡ ਆਰਡਰ ਦੀ ਸਮੱਸਿਆ ਹੱਲ ਨਹੀਂ ਹੁੰਦੀ। ਇਸ ਵਾਸਤੇ ਸਾਡੇ ਮੁੱਖ ਮੰਤਰੀ ਸਾਹਿਬ ਔਰ ਸਾਡੇ ਮਾਨਯੋਗ ਉਪ ਮੁੱਖ ਮੰਤਰੀ ਸਾਹਿਬ ਨੇ, ਜਿਹੜੇ ਗ੍ਰਹਿ ਮੰਤਰੀ ਵੀ ਹਨ ਉਨ੍ਹਾਂ ਨੇ ਹਰ ਉਸ ਪੱਧਰ ਤੇ ਆਪਣੀ ਡਿਊਟੀ ਦਿੱਤੀ ਹੈ ਜੋ ਲਾਅ ਐਂਡ ਆਰਡਰ ਨੂੰ ਕਾਇਮ ਕਰਨ ਵਾਸਤੇ ਚਾਹੀਦੀ ਸੀ। ਸਭ ਤੋਂ ਪਹਿਲੀ ਗੱਲ

Original with;
Punjab Vidhan Sabha
Digitized by;
Panjab Digital Library

ਕਿ ਕਿਸੇ ਸੂਬੇ ਦੀ ਅਮਨ ਸ਼ਾਂਤੀ ਵਾਸਤੇ ਜ਼ਰੂਰੀ ਹੈ ਕਿ ਸਰਕਾਰ ਲੋਕਾਂ ਨੂੰ ਐਕਸੈਸੀਬਲ ਹੋਵੇ । ਕੀ ਤੁਸੀਂ ਮੈਨੂੰ ਦੇਸ਼ ਵਿੱਚ ਇੱਕ ਵੀ ਮੁੱਖ ਮੰਤਰੀ ਅਜਿਹਾ ਦਿਖਾ ਸਕਦੇ ਹੋ ਜਿਹੜਾ ਸਾਡੇ ਮੁੱਖ ਮੰਤਰੀ ਸਾਹਿਬ ਤੋਂ ਵੱਧ ਐਕਸੈਸੀਬਲ ਹੋਵੇ । ਸਮੱਸਿਆ ਬਾਅਦ ਵਿੱਚ ਖੜ੍ਹੀ ਹੁੰਦੀ ਹੈ, ਮੁੱਖ ਮੰਤਰੀ ਸਾਹਿਬ ਪਹਿਲਾਂ ਪਹੁੰਚੇ ਹੁੰਦੇ ਹਨ । ਕੋਈ ਅਵਾਜ਼ ਬਾਅਦ ਵਿੱਚ ਉਠਦੀ ਹੈ, ਮੁੱਖ ਮੰਤਰੀ ਸਾਹਿਬ ਪਹਿਲਾਂ ਆਪਣੇ ਘਰ ਉਨ੍ਹਾਂ ਨੂੰ ਬੁਲਾ ਕੇ ਉਨ੍ਹਾਂ ਦੀ ਸਮੱਸਿਆ ਸੁਣਦੇ ਹਨ । ਸਰਦਾਰ ਸੁਖਬੀਰ ਸਿੰਘ ਬਾਦਲ ਹਰ ਥਾਂ ਤੇ ਆਪ ਪਹੁੰਚਦੇ ਹਨ । ਇਸ ਐਕਸੈਸੀਬਿਲਟੀ ਦਾ ਨਤੀਜਾ ਇਹ ਹੈ ਕਿ ਅੱਜ ਪੰਜਾਬ ਦੀ ਜਨਤਾ ਨੂੰ ਇਸ ਗੱਲ ਦਾ ਵਿਸ਼ਵਾਸ ਹੈ ਕਿ ਸੜਕਾਂ ਤੇ ਉਤਰਨ ਦੀ ਲੋੜ ਨਹੀਂ ਹੈ । ਜਾ ਕੇ ਗੱਲ ਕੀਤਿਆਂ ਕੰਮ ਹੱਲ ਹੋ ਸਕਦਾ ਹੈ । ਦੂਸਰੀ ਵੱਡੀ ਗੱਲ, ਜਸਟਿਸ ਲੋਕਾਂ ਨੂੰ ਦਿੱਤਾ ਗਿਆ ਹੈ, ਰੂਲ ਆਫ਼ ਲਾਅ ਕਾਇਮ ਕੀਤਾ ਗਿਆ ਹੈ ਕਿਉਂਕਿ ਲਾਅ ਐਂਡ ਆਰਡਰ ਐਵੇਂ ਹੀ ਕਾਇਮ ਨਹੀਂ ਰਹਿ ਸਕਦਾ ਜਿੰਨੀ ਦੇਰ ਤੱਕ ਤੁਸੀਂ ਇਨਸਾਫ਼ ਦੀ ਗੱਲ ਨਾ ਕਰੋ । ਅੱਜ ਮੁੱਖ ਮੰਤਰੀ ਸਾਹਿਬ ਇੱਥੇ ਬਿਰਾਜ਼ਮਾਨ ਨਹੀਂ ਹਨ । ਅੱਜ ਸਰਕਾਰ ਨੂੰ ਚਲਦਿਆਂ ਛੇ ਸਾਲ ਹੋ ਗਏ ਹਨ । ਮੈਨੂੰ ਯਾਦ ਹੈ ਕਿ ਛੇ ਸਾਲ ਪਹਿਲਾਂ ਜਦੋਂ ਇਹ ਸਰਕਾਰ ਬਣੀ ਸੀ ਤਾਂ ਪਹਿਲਾ ਹੁਕਮ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਇਹ ਦਿੱਤਾ ਸੀ ਕਿ ਕਿਸੇ ਵੀ ਧੀ-ਭੈਣ ਨੂੰ ਥਾਣੇ ਵਿੱਚ ਨਹੀਂ ਲਿਆਂਦਾ ਜਾਵੇਗਾ । ਉਸ ਤੋਂ ਪਹਿਲਾਂ ਰੋਜ਼ ਹੀ ਅਖ਼ਬਾਰਾਂ ਵਿੱਚ ਖ਼ਬਰਾਂ ਛਪਦੀਆਂ ਸਨ । ਮਜੀਠੀਆ ਸਾਹਿਬ ਨੇ ਅਖ਼ਬਾਰਾਂ ਦੇ ਬਹੁਤ ਹਵਾਲੇ ਦਿੱਤੇ ਹਨ । ਇਕੱਲਾ ਇਕੱਲਾ ਪੇਜ਼ ਬੜੀ ਵਜ਼ਾਹਤ ਨਾਲ ਪੇਸ਼ ਕੀਤਾ ਹੈ । ਵਲਟੋਹਾ ਸਾਹਿਬ ਨੇ ਬਹੁਤ ਉਦਾਹਰਣਾਂ ਦਿੱਤੀਆਂ ਹਨ । ਇਸ ਕਰਕੇ ਮੈਂ ਉਦਾਹਰਣਾਂ ਵਿੱਚ ਨਹੀਂ ਜਾਂਦਾ । ਅੱਜ ਮੈਂ ਉਨ੍ਹਾਂ ਵੀਰਾਂ ਨੂੰ ਪੁੱਛਣਾ ਚਾਹੁੰਦਾ ਸੀ ਕਿ ਤੁਸੀਂ ਦੱਸੋ, ਛੇ ਸਾਲ ਦਾ ਰਾਜ ਹੋ ਗਿਆ, ਹੁਣ ਕਸਟੋਡੀਅਲ ਡੈੱਥਸ ਕਿਉਂ ਬੰਦ ਹੋ ਗਈਆਂ ? ਇਨ੍ਹਾਂ ਵੇਲੇ (ਆਪੋਜੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਹਰ ਚੌਥੇ ਦਿਨ ਖ਼ਬਰ ਹੁੰਦੀ ਸੀ, ਕਦੀ ਕਪੂਰਥਲੇ ਵਿੱਚ ਮੁੰਡਾ ਥਾਣੇ ਵਿੱਚ ਮਾਰ ਦਿੱਤਾ, ਕਦੀ ਜਲੰਧਰ ਵਿੱਚ ਥਾਣੇ ਵਿੱਚ ਮਾਰ ਦਿੱਤਾ ਜਾਂ ਕਦੀ ਕਿਸੇ ਜਗ੍ਹਾ ਤੇ ਥਾਣੇ ਵਿੱਚ ਮਾਰ ਦਿੱਤਾ । ਇਹ ਸਾਰਾ ਜ਼ੁਲਮ ਹੀ ਲਾਅ ਐਂਡ ਆਰਡਰ ਖ਼ਰਾਬ ਕਰਨ ਦੀ ਸਥਿਤੀ ਪੈਦਾ ਕਰਦਾ ਹੈ । ਸਰਦਾਰ ਸੁਖਬੀਰ ਸਿੰਘ ਬਾਦਲ ਨੇ ਅੱਜ ਪੁਲਿਸ ਨੂੰ ਲੋਕਾਂ ਦੇ ਅਨੁਕੂਲ ਬਣਾਇਆ ਹੈ। ਅੱਜ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਪੁਲਿਸ ਅਤੇ ਲੋਕਾਂ ਦੀ ਸਾਂਝ ਵਧਾਈ ਹੈ । (ਥੰਪਿੰਗ) ਮੈਂ ਕਹਿ ਸਕਦਾ ਹਾਂ ਕਿ ਸਰਕਾਰ ਚਲਾਉਣ ਵਾਸਤੇ, ਜਾਖੜ ਸਾਹਿਬ ਅੱਜ ਇੱਥੇ ਨਹੀਂ ਹਨ, ਇਕੱਲੇ ਡੰਡੇ ਦੀ ਲੋੜ ਨਹੀਂ ਹੁੰਦੀ । ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਵੀ ਦੇਖਣੀਆਂ ਹੁੰਦੀਆਂ ਹਨ । ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਇਹ ਸਰਕਾਰ, ਜਿਸ ਬਾਰੇ ਮੈਂ ਕਹਿ ਸਕਦਾ ਹਾਂ ਕਿ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਅਗਰ ਕਿਸੇ ਨੇ

Original with;
Punjab Vidhan Sabha
Digitized by;
Panjab Digital Library

[ਡਾਕਟਰ ਦਲਜੀਤ ਸਿੰਘ ਚੀਮਾ]
ਸਾਰੇ ਧਰਮਾਂ ਦੇ ਲੋਕਾਂ ਦਾ ਸਤਿਕਾਰ ਕੀਤਾ ਹੈ ਤਾਂ ਉਹ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਕੀਤਾ ਹੈ। (ਥੰਪਿੰਗ) ਅੱਜ ਜੇ ਈਦ ਦਾ ਦਿਹਾੜਾ ਹੁੰਦਾ ਹੈ ਤਾਂ ਮੁੱਖ ਮੰਤਰੀ ਸਾਹਿਬ ਮਲੇਰਕੋਟਲੇ ਹੁੰਦੇ ਹਨ। ਜਦੋਂ ਕੋਈ ਬੰਦਾ ਦੇਰ ਬਾਅਦ ਮਿਲੇ...

ਮਾਨਯੋਗ ਡਿਪਟੀ ਸਪੀਕਰ : ਚੀਮਾ ਸਾਹਿਬ, ਬਹੁਤ ਸਮਾਂ ਹੋ ਗਿਆ ਹੈ। ਹੁਣ ਬਾਕੀਆਂ ਨੂੰ ਮੌਕਾ ਦਿਓ।

ਡਾਕਟਰ ਦਲਜੀਤ ਸਿੰਘ ਚੀਮਾ : ਡਿਪਟੀ ਸਪੀਕਰ ਸਾਹਿਬ, ਮੈਂ ਲਾਅ ਐਂਡ ਆਰਡਰ ਬਾਰੇ ਬੋਲ ਰਿਹਾ ਹਾਂ। ਇੱਕ ਵੀ ਲਫਜ਼ ਲਾਅ ਐਂਡ ਆਰਡਰ ਤੋਂ ਬਾਹਰ ਨਹੀਂ ਕਹਾਂਗਾ। ਪ੍ਰਧਾਨ ਸਾਹਿਬ ਨੇ ਪਹਿਲਾਂ ਹੀ ਕਹਿ ਦਿੱਤਾ ਹੈ ਕਿ ਬੇਸ਼ੱਕ ਟਾਈਮ ਵਧਾ ਲਓ।

ਮਾਨਯੋਗ ਡਿਪਟੀ ਸਪੀਕਰ : ਤੁਹਾਡੇ ਤੋਂ ਬਾਅਦ ਦੋ ਮੈਂਬਰਾਂ ਨੇ ਹੋਰ ਬੋਲਣਾ ਹੈ।

ਡਾਕਟਰ ਦਲਜੀਤ ਸਿੰਘ ਚੀਮਾ : ਡਿਪਟੀ ਸਪੀਕਰ ਸਾਹਿਬ, ਇਸ ਤੋਂ ਬਾਅਦ ਰੇਤਾ-ਬਜਰੀ ਵਾਲਾ ਮੁੱਦਾ ਹੈ, ਜਿਸ ਬਾਰੇ ਭੁਲੇਖਾ ਕੱਢਣਾ ਹੈ। ਸਾਰੇ ਧਰਮਾਂ ਦਾ ਮੁੱਖ ਮੰਤਰੀ ਸਾਹਿਬ ਨੇ ਸਤਿਕਾਰ ਕੀਤਾ ਹੈ। ਜਦੋਂ ਕੋਈ ਬੰਦਾ ਨਾ ਮਿਲੇ ਤਾਂ ਕਿਹਾ ਜਾਂਦਾ ਹੈ ਕਿ ਈਦ ਦਾ ਚੰਦ ਹੋ ਗਿਆ ਹੈ। ਸਾਡੇ ਇਹੋ ਜਿਹੇ ਵੀ ਮੁੱਖ ਮੰਤਰੀ ਹੋਏ ਹਨ, ਲੋਕ ਈਦ ਵਾਲੇ ਦਿਨ ਉਡੀਕਦੇ ਸੀ ਕਿ ਚਲੋ ਅੱਜ ਚੰਦ ਚੜ੍ਹੇਗਾ। ਉਸ ਦਿਨ ਵੀ ਉਥੇ ਹਾਜ਼ਰ ਨਹੀਂ ਹੁੰਦੇ ਸੀ। ਇੰਨਾ ਅਸੀਂ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਦੇ ਰਹੇ ਹਾਂ। ਕ੍ਰਿਸਮਸ ਦਾ ਦਿਹਾੜਾ ਹੋਵੇ, ਬਾਦਲ ਸਾਹਿਬ ਗੁਰਦਾਸਪੁਰ ਪਹੁੰਚੇ ਹੁੰਦੇ ਹਨ। ਭਗਵਾਨ ਵਾਲਮੀਕ ਦਾ ਜਨਮ ਦਿਹਾੜਾ ਮਨਾਇਆ ਜਾ ਰਿਹਾ ਹੋਵੇ, ਬਾਦਲ ਸਾਹਿਬ ਉੱਥੇ ਪਹੁੰਚ ਕੇ ਲੋਕਾਂ ਨੂੰ ਵਧਾਈ ਦਿੰਦੇ ਹਨ। ਗੁਰੂ ਰਵਿਦਾਸ ਦਾ ਜਨਮ ਦਿਨ ਹੋਵੇ, ਬਾਦਲ ਸਾਹਿਬ ਉੱਥੇ ਪਹੁੰਚ ਕੇ ਵਧਾਈ ਦਿੰਦੇ ਹਨ। ਭਗਵਾਨ ਪਰਸ਼ੂਰਾਮ ਦਾ ਜਨਮ ਦਿਹਾੜਾ ਹੋਵੇ ਤਾਂ ਬਾਦਲ ਸਾਹਿਬ ਉੱਥੇ ਪਹੁੰਚੇ ਹੁੰਦੇ ਹਨ। ਇਸੇ ਤਰ੍ਹਾਂ ਜਿੰਨੇ ਭਗਤਾਂ ਦੇ ਦਿਨ ਹਨ, ਜਿੰਨੀਆਂ ਵੀ ਮਹਾਨ ਸ਼ਖਸੀਅਤਾਂ ਵੱਖ-ਵੱਖ ਧਰਮਾਂ ਦੀਆਂ ਹੋਈਆਂ ਹਨ, ਉਨ੍ਹਾਂ ਸਾਰਿਆਂ ਦਾ ਸਤਿਕਾਰ ਇਸ ਸਰਕਾਰ ਨੇ ਕੀਤਾ ਹੈ। ਡਿਪਟੀ ਸਪੀਕਰ ਸਾਹਿਬ, ਲਾਅ ਐਂਡ ਆਰਡਰ ਉਨੀ ਦੇਰ ਤੱਕ ਕਾਇਮ ਨਹੀਂ ਰਹਿ ਸਕਦਾ ਜਿੰਨੀ ਦੇਰ ਤੱਕ ਦੇਸ਼ ਦਾ ਡੈਮੋਕ੍ਰੇਟਿਕ ਸਿਸਟਮ ਠੀਕ ਨਾ ਚੱਲੇ। ਅੱਜ ਇਕ ਵੀ ਉਦਾਹਰਣ ਸਾਡੇ ਵਿਰੋਧੀ ਨਹੀਂ ਦੇ ਸਕਦੇ ਕਿ ਕਿਸੇ ਵੀ ਇਲੈਕਸ਼ਨ ਵਿੱਚ ਸਰਕਾਰ ਨੇ ਕੋਈ ਹੱਥਕੰਡਾ ਵਰਤਿਆ ਹੋਵੇ। ਇਹ ਗੱਲਾਂ-ਬਾਤਾਂ ਵਿੱਚ ਜਿੰਨੇ ਮਰਜ਼ੀ ਐਲੀਗੇਸ਼ਨ ਲਗਾਈ ਜਾਣ। ਇਹ ਵਿਧਾਨ ਸਭਾ ਦਾ

Original with;
Punjab Vidhan Sabha
Digitized by;
Panjab Digital Library

ਨਤੀਜਾ ਤਾਂ ਸਾਡੇ ਹੱਥ ਵਿੱਚ ਨਹੀਂ ਸੀ। ਤੁਹਾਡੇ ਸਾਹਮਣੇ ਹੈ ਕਿ ਲੋਕਾਂ ਨੇ ਕਿੰਨਾ ਵੱਡਾ ਵਿਸ਼ਵਾਸ ਸਾਡੇ ਤੇ ਪ੍ਰਗਟ ਕੀਤਾ ਹੈ। ਇਸ ਕਰਕੇ ਡੈਮੋਕ੍ਰੇਟਿਕ ਸੰਸਥਾਵਾਂ ਨੂੰ ਵੀ ਇਸ ਸਰਕਾਰ ਨੇ ਸਟਰੈਂਥਨ ਕੀਤਾ। ਵੱਡੀ ਗੱਲ ਜਿਸਦੀ ਵਧਾਈ ਮੈਂ ਸਰਦਾਰ ਸੁਖਬੀਰ ਸਿੰਘ ਜੀ ਬਾਦਲ ਸਾਹਿਬ ਨੂੰ ਬਤੌਰ ਪ੍ਰਧਾਨ ਔਰ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਦੇਣੀ ਹੈ ਕਿ ਲਾਅ ਐਂਡ ਆਰਡਰ ਉਨੀ ਦੇਰ ਤੱਕ ਵੀ ਠੀਕ ਨਹੀਂ ਰਹਿੰਦਾ ਜਿੰਨੀ ਦੇਰ ਤੱਕ ਲੋਕਾਂ ਦੀਆਂ ਸੋਸ਼ਿਓ-ਇਕਨਾਮਿਕ ਨੀਡਜ਼ ਪੂਰੀਆਂ ਨਾ ਹੋਣ। ਮੈਨੂੰ ਯਾਦ ਹੈ ਜਦੋਂ ਸਾਡਾ ਪਿਛਲੀ ਸਰਕਾਰ ਵੇਲੇ ਮੈਨੀਫੈਸਟੋ ਬਣਨਾ ਸੀ ਤੇ ਸਾਡੀ ਸਾਰੀ ਸੀਨੀਅਰ ਲੀਡਰਸ਼ਿਪ ਬੈਠੀ ਸੀ, ਇੱਥੇ ਜਥੇਦਾਰ ਤੋਤਾ ਸਿੰਘ ਜੀ ਬੈਠੇ ਹਨ। ਕੋਹਾੜ ਸਾਹਿਬ ਵੀ ਬਿਰਾਜਮਾਨ ਹਨ ਅਤੇ ਸਰਦਾਰ ਰਣੀਕੇ ਸਾਹਿਬ ਨੂੰ ਵੀ ਇਸ ਗੱਲ ਬਾਰੇ ਪਤਾ ਹੈ, ਉਸ ਸਮੇਂ ਬਾਦਲ ਸਾਹਿਬ ਦੇ ਮੂੰਹੋਂ ਇੱਕ ਗੱਲ ਨਿਕਲੀ ਸੀ ਕਿ ਜੇਕਰ ਤੁਸੀਂ ਗਰੀਬ ਦੀ ਰੋਜ਼ੀ-ਰੋਟੀ ਦਾ ਧਿਆਨ ਨਹੀਂ ਕਰਦੇ ਤਾਂ ਆਉਣ ਵਾਲੇ ਸਮੇਂ ਵਿੱਚ ਲਾਅ ਐਂਡ ਆਰਡਰ ਦੀ ਵੱਡੀ ਸਮੱਸਿਆ ਖੜ੍ਹੀ ਹੋ ਸਕਦੀ ਹੈ ਕਿਉਂਕਿ ਰੋਟੀ ਹਰ ਇੱਕ ਦੀ ਨੈਸੇਸਟੀ ਹੈ। ਬਾਕੀ ਸਭ ਗੱਲਾਂ ਬਾਅਦ ਵਿੱਚ ਹਨ। ਬੇਸ਼ੱਕ ਇਹ ਕਹੀ ਜਾਣ ਕਿ ਲਾਲਚ ਦਿੱਤਾ ਗਿਆ ਹੈ। ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਅਜਿਹਾ ਕਰਕੇ ਆਪਣਾ ਫਰਜ਼ ਤੇ ਆਪਣੀ ਡਿਊਟੀ ਪੂਰੀ ਕੀਤੀ ਹੈ। ਜੋ ਗਰੀਬ ਨੂੰ ਰੋਟੀ ਚਾਹੀਦੀ ਸੀ, ਚਾਰ ਰੁਪਏ ਕਿਲੋ ਆਟਾ ਤੇ ਵੀਹ ਰੁਪਏ ਕਿਲੋ ਦਾਲ ਦੀ ਸਕੀਮ ਗਰੀਬਾਂ ਵਾਸਤੇ ਬਣਾ ਕੇ ਦਿੱਤੀ। ਅਨਇੰਪਲਾਇਡ ਯੂਥ ਲਾਅ ਐਂਡ ਆਰਡਰ ਵਾਸਤੇ ਬਹੁਤ ਵੱਡਾ ਖਤਰਾ ਹੁੰਦਾ ਹੈ। ਸਾਡੇ ਸਾਹਮਣੇ ਵਾਲੇ ਵੀਰਾਂ ਨੂੰ ਪਤਾ ਹੈ ਕਿ ਕਿਵੇਂ ਉਸ ਸਮੇਂ 24 ਘੰਟੇ ਸੜਕਾਂ ਉੱਤੇ ਨਾਅਰੇ ਬਾਜ਼ੀ ਹੁੰਦੀ ਸੀ। ਸਵਾ ਲੱਖ ਦੇ ਕਰੀਬ ਵਿਅਕਤੀਆਂ ਨੂੰ ਸਰਕਾਰ ਨੇ ਰੁਜ਼ਗਾਰ ਦਿੱਤਾ ਹੈ। ਇਹ ਵੀ ਆਪਣਾ ਫਰਜ਼ ਨਿਭਾਇਆ ਹੈ। ਸਕਿਲ ਡਿਵੈਲਪਿੰਗ ਸ਼ੁਰੂ ਕੀਤੀ ਤੇ ਮਹਾਰਾਜਾ ਰਣਜੀਤ ਸਿੰਘ ਅਕੈਡਮੀ ਬਣਾਈ ਤਾਂ ਜੋ ਬੱਚੇ ਅਨਇੰਪਲਾਇਡ ਤੇ ਵਿਹਲੇ ਨਾ ਰਹਿ ਜਾਣ ਅਤੇ ਕੋਈ ਇਨ੍ਹਾਂ ਨੂੰ ਗੁੰਮਰਾਹ ਨਾ ਕਰ ਸਕੇ। ਸਰਦਾਰ ਸੁਖਬੀਰ ਸਿੰਘ ਬਾਦਲ ਜੀ ਨੇ ਸਭ ਤੋਂ ਵੱਡਾ ਕੰਮ ਕੀਤਾ ਹੈ ਸਪੋਰਟਸ ਨੂੰ ਜਿੰਨਾ ਇਨ੍ਹਾਂ ਨੇ ਹੁੰਗਾਰਾ ਦਿੱਤਾ ਹੈ, ਉਹ ਲਾਅ ਐਂਡ ਆਰਡਰ ਨੂੰ ਚੰਗੇ ਪਾਸੇ ਲਾਉਣ ਵਾਸਤੇ ਬਹੁਤ ਵੱਡੀ ਕੰਟਰੀਬਿਊਸ਼ਨ ਹੈ। (ਥੰਪਿੰਗ) ਅੱਜ ਵਰਲਡ ਕਬੱਡੀ ਕੱਪ ਤੋਂ ਜਿੰਨੀ ਸੇਧ ਨੌਜਵਾਨਾਂ ਨੂੰ ਮਿਲੀ ਹੈ, ਮੈਂ ਸਮਝਦਾ ਹਾਂ ਕਿ ਇਸ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ, ਉਨੀ ਘੱਟ ਹੈ। ਸਭ ਤੋਂ ਵੱਡਾ ਕੰਮ ਜੋ ਪੁਲਿਸ ਨੂੰ ਮੋਡਰੇਨਾਈਜ਼ ਕਰਨ ਦੀ ਲੋੜ ਹੈ, ਉਹ ਵੀ ਸਰਦਾਰ ਸੁਖਬੀਰ ਸਿੰਘ ਬਾਦਲ ਸਾਹਿਬ ਨੇ ਕੀਤਾ ਹੈ। ਜੇ ਗਿਣਤੀ ਵਧਾਉਣ ਦੀ ਲੋੜ ਸੀ ਤਾਂ ਉਹ ਵੀ ਇਨ੍ਹਾਂ ਨੇ ਵਧਾਈ। ਜੇ ਮੋਬੇਲਿਟੀ ਵਧਾਉਣ ਦੀ ਲੋੜ ਸੀ ਤਾਂ ਉਹ ਕੰਮ ਵੀ ਇਨ੍ਹਾਂ ਨੇ ਕੀਤਾ। ਕੋਈ ਵੀ ਫੋਰਸ ਉਨੀ ਦੇਰ ਤੱਕ ਅੱਗੇ ਨਹੀਂ ਚੱਲ ਸਕਦੀ ਜਿੰਨੀ ਦੇਰ

Original with;
Punjab Vidhan Sabha
Digitized by;
Panjab Digital Library

[ਡਾਕਟਰ ਦਲਜੀਤ ਸਿੰਘ ਚੀਮਾ]

ਤੱਕ ਉਸ ਵਿੱਚ ਫਰਸਟ੍ਰੇਸ਼ਨ ਰਹੇ ਅਤੇ ਪੁਲਿਸ ਵਿਭਾਗ ਵਿੱਚ ਪ੍ਰਮੋਸ਼ਨਾਂ ਨੂੰ ਲੈ ਕੇ ਬਹੁਤ ਵੱਡੀ ਫਰਸਟ੍ਰੇਸ਼ਨ ਸੀ। ਸੈਂਕੜੇ ਕੇਸ ਅਦਾਲਤਾਂ ਵਿੱਚ ਸਨ। ਅੱਜ ਸਾਰਾ ਕੰਮ ਕਰਕੇ ਇਨ੍ਹਾਂ ਨੇ ਉਸ ਫੋਰਸ ਨੂੰ ਨਵੀਂ ਦਿਸ਼ਾ ਦਿੱਤੀ ਤੇ ਨਵਾਂ ਇੰਟੈਲੀਜੈਂਸ ਵਿੰਗ ਸਥਾਪਿਤ ਕੀਤਾ। ਰੂਰਲ ਏਰੀਏ ਵਿੱਚ ਰੈਪੀਡਐਕਸ਼ਨ ਫੋਰਸ ਸਥਾਪਿਤ ਕੀਤੀ ਹੈ। ਅੱਜ ਲਾਅ ਐਂਡ ਆਰਡਰ ਦੀ ਸਥਿਤੀ ਨੂੰ ਹੋਰ ਬਿਹਤਰ ਬਣਾਉਣ ਵਾਸਤੇ ਬਹੁਤ ਵੱਡੇ ਕਦਮ ਚੁੱਕੇ ਗਏ ਹਨ। ਇਨ੍ਹਾਂ ਸਟੈੱਪਸ ਕਾਰਨ ਅੱਜ ਵੀ ਦੇਸ਼ ਵਿੱਚ ਲਾਅ ਐਂਡ ਆਰਡਰ ਦੀ ਸਥਿਤੀ ਮਜ਼ਬੂਤ ਹੋਈ ਹੈ ਲੇਕਿਨ ਆਉਣ ਵਾਲੇ ਸਮੇਂ ਵਿੱਚ ਇਨ੍ਹਾਂ ਸਟੈੱਪਸ ਦੇ ਨਾਲ ਹੋਰ ਵੀ ਫਾਇਦਾ ਹੋਵੇਗਾ।

ਡਿਪਟੀ ਸਪੀਕਰ ਸਾਹਿਬ, ਅਖੀਰ ਵਿੱਚ ਮੈਂ ਇਕ ਗੱਲ ਕਹਿ ਕੇ ਸਮਾਪਤੀ ਕਰਨੀ ਹੈ ਕਿ ਜਿੱਥੇ ਲਾਅ ਐਂਡ ਆਰਡਰ ਦੀ ਚਿੰਤਾ ਹੁੰਦੀ ਹੈ ਉੱਥੇ ਮੁੱਖ ਮੰਤਰੀ ਸਾਹਿਬ ਆਪ ਹੀ ਲਾਅ ਐਂਡ ਆਰਡਰ ਸਬੰਧੀ ਪੈਦਾ ਹੋਏ ਖਤਰੇ ਬਾਰੇ ਕੇਂਦਰ ਸਰਕਾਰ ਨੂੰ ਸੁਚੇਤ ਕਰਨ ਤੋਂ ਕਦੀ ਚੁੱਪ ਨਹੀਂ ਰਹਿੰਦੇ। ਇਸ ਵੇਲੇ ਪੰਜਾਬ ਵਿੱਚ ਬਹੁਤ ਵੱਡੀ ਸਮੱਸਿਆ ਰੇਤਾ ਤੇ ਬਜਰੀ ਸਬੰਧੀ ਚੱਲ ਰਹੀ ਹੈ । ਮੈਂ ਮੰਤਰੀ ਜੀ ਕੋਲ ਇਕ ਦਿਨ ਗਿਆ। ਇਹ ਮੇਰੇ ਪੁਰਾਣੇ ਦੋਸਤ ਵੀ ਹਨ। ਮੈਂ ਇਨ੍ਹਾਂ ਨੂੰ ਪੁੱਛਿਆ ਕਿ ਰੇਤਾ ਬਜਰੀ ਸਬੰਧੀ ਬਹੁਤ ਵੱਡਾ ਰੌਲਾ ਪੈਂਦਾ ਹੈ। ਕਾਂਗਰਸ ਵਾਲੇ ਬਹੁਤ ਵੱਡੀਆਂ ਦੂਸ਼ਣਬਾਜ਼ੀਆਂ ਲਗਾਉਂਦੇ ਹਨ। ਸਹੀ ਮਾਅਨਿਆਂ ਵਿੱਚ ਇਹ ਮਸਲਾ ਕੀ ਹੈ ਅਤੇ ਇਹ ਗੱਲ ਠੀਕ ਕਿਉਂ ਨਹੀਂ ਹੁੰਦੀ ਤਾਂ ਮੈਂ ਬੈਠ ਕੇ ਸਾਰਾ ਮਸਲਾ ਸਮਝਿਆ। ਮੈਂ, ਡਿਪਟੀ ਸਪੀਕਰ ਸਾਹਿਬ, ਉਹ ਮਸਲਾ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹਾਂਗਾ ਕਿ ਦੇਸ਼ ਦੀ ਸਰਕਾਰ ਨੇ 14 ਸਤੰਬਰ, 2006 ਨੂੰ ਇੱਕ ਨੋਟੀਫਿਕੇਸ਼ਨ ਸਾਡੇ ਦੇਸ਼ ਵਿੱਚ ਜਾਰੀ ਕੀਤਾ ਸੀ ਜਿਸ ਮੁਤਾਬਕ ਪੰਜ ਹੈਕਟੇਅਰ ਤੋਂ ਵੱਡੀਆਂ ਜਿੰਨੀਆਂ ਵੀ ਖੱਡਾਂ ਹਨ, ਉਨ੍ਹਾਂ ਦੀ ਜੇ ਨਿਲਾਮੀ ਕਰਨੀ ਹੈ ਤਾਂ ਉਸ ਵਾਸਤੇ ਕੇਂਦਰ ਸਰਕਾਰ ਦਾ ਜਿਹੜਾ ਮਨਿਸਟਰੀ ਆਫ ਇਨਵਾਇਰਨਮੈਂਟ ਤੇ ਫਾਰੈਸਟ ਡਿਪਾਰਟਮੈਂਟ ਹੈ ਉਸ ਤੋਂ ਤੁਹਾਨੂੰ ਇਨਵਾਇਰਨਮੈਂਟ ਕਲੀਅਰੈਂਸ ਲੈਣੀ ਪੈਣੀ ਹੈ। ਦੋ ਕੈਟਾਗਰੀਆਂ ਬਣਾਈਆਂ। ਇੱਕ 5 ਹੈਕਟੇਅਰ ਤੋਂ ਲੈ ਕੇ 50 ਹੈਕਟੇਅਰ ਤੱਕ ਅਤੇ ਇੱਕ 50 ਹੈਕਟੇਅਰ ਤੋਂ ਜਿਹੜੀਆਂ ਵੱਧ ਵਾਲੀਆਂ ਖੱਡਾਂ ਸੀ। ਜਦੋਂ ਇਨ੍ਹਾਂ ਨੇ ਨੋਟੀਫਿਕੇਸ਼ਨ ਕਰ ਦਿੱਤੀ ਤਾਂ ਪੰਜਾਬ ਵਿੱਚ ਕਿਸੇ ਵਿਅਕਤੀ ਨੇ ਪੀ.ਆਈ.ਐਲ. ਫਾਈਲ ਕਰ ਦਿੱਤੀ ਕਿ ਕੇਂਦਰ ਸਰਕਾਰ ਦਾ ਨੋਟੀਫਿਕੇਸ਼ਨ ਹੋ ਚੁੱਕਿਆ ਹੈ ਪਰ ਪੰਜਾਬ ਵਿੱਚ ਹਾਲੇ ਵੀ ਇਨਵਾਇਰਨਮੈਂਟ ਕਲੀਅਰੈਂਸ ਤੋਂ ਬਿਨਾਂ ਖੱਡਾਂ ਨਿਲਾਮੀ ਤੇ ਚੱਲ ਰਹੀਆਂ ਹਨ। 13706 ਪੀ.ਆਈ.ਐਲ. 2009 ਦਾ ਨੰਬਰ ਹੈ। ਉਸ ਵਿੱਚ ਹਾਈਕੋਰਟ ਦਾ ਮਿਤੀ 6/11/09 ਹੁਕਮ ਹੈ ਕਿ ਜਿੰਨੀਆਂ 5 ਹੈਕਟੇਅਰ ਤੋਂ ਵੱਧ ਦੀਆਂ ਖੱਡਾਂ ਹਨ, ਇਨ੍ਹਾਂ ਦੀ

Original with;
Punjab Vidhan Sabha
Digitized by;
Panjab Digital Library

ਇਨਵਾਇਰਨਮੈਂਟ ਕਲੀਅਰੈਂਸ ਕੇਂਦਰ ਸਰਕਾਰ ਦਾ ਜਿਹੜਾ ਮੰਤਰਾਲਾ ਹੈ ਇਨਵਾਇਰਨਮੈਂਟ ਐਂਡ ਫਾਰੈਸਟ ਦਾ, ਉਨ੍ਹਾਂ ਤੋਂ ਲਈਆਂ ਜਾਣ। ਅਦਾਲਤ ਦਾ ਹੁਕਮ ਆਇਆ। ਸਰਕਾਰ ਨੇ ਪਾਲਣਾ ਕੀਤੀ ਤੇ ਹੁਕਮ ਦੇ ਮੁਤਾਬਕ ਜਿੰਨੀਆਂ ਸਾਡੀਆਂ ਖੱਡਾਂ ਸੀ, 5 ਹੈਕਟੇਅਰ ਤੋਂ ਵੱਧ ਉਨ੍ਹਾਂ ਵਿੱਚੋਂ 120 ਟੋਟਲ ਹੈ, 80 ਦੇ ਕਰੀਬ 'ਏ' ਕੈਟਾਗਰੀ ਦੀਆਂ ਹਨ, ਉਸ ਤੋਂ ਥੱਲੇ 'ਬੀ' ਕੈਟਾਗਰੀ ਦੀਆਂ ਹਨ। ਸਾਡੀ ਸਰਕਾਰ ਨੇ, ਡਿਪਾਰਟਮੈਂਟ ਨੇ ਕੇਂਦਰ ਸਰਕਾਰ ਕੋਲ ਅਪਲਾਈ ਕਰ ਦਿੱਤਾ, ਇਨਵਾਇਰਨਮੈਂਟ ਕਲੀਅਰੈਂਸ ਵਾਸਤੇ ਔਰ ਤੁਸੀਂ ਡਿਪਟੀ ਸਪੀਕਰ ਸਾਹਿਬ ਸੁਣ ਕੇ ਹੈਰਾਨ ਹੋ ਜਾਵੋਗੇ ਕਿ ਉਨ੍ਹਾਂ ਦੀ ਡਿਊਟੀ ਬਣਦੀ ਸੀ ਕਿ ਸਰਕਾਰ ਨੂੰ ਅਦਾਲਤ ਦਾ ਹੁਕਮ ਹੋਇਆ ਕਿ ਤੁਸੀਂ 5 ਹੈਕਟੇਅਰ ਤੋਂ ਜਿੰਨੀਆਂ ਵੀ ਵੱਡੀਆਂ ਖੱਡਾਂ ਹਨ, ਉਸ ਦੀ ਇਨਵਾਇਰਨਮੈਂਟ ਕਲੀਅਰੈਂਸ ਲਓ। ਉਨ੍ਹਾਂ ਨੇ ਕੀ ਕੀਤਾ ? ਇਤਰਾਜ਼ ਲਗਾ ਦਿੱਤਾ ਸਾਡੇ ਤੇ ਕਿ ਤੁਸੀਂ ਆਪ ਨਹੀਂ, ਠੇਕੇਦਾਰ ਨੂੰ ਭੇਜੋ। ਅਸੀਂ ਬੜੇ ਹੈਰਾਨ ਹੋਏ ਕਿ ਹਾਈਕੋਰਟ ਦਾ ਹੁਕਮ ਹੈ ਕਿ 5 ਹੈਕਟੇਅਰ ਤੋਂ ਉੱਪਰ ਕੋਈ ਵੀ ਖੱਡ ਹੋਵੇ ਉਸ ਦੀ ਤੁਸੀਂ ਨਿਲਾਮੀ ਨਹੀਂ ਕਰ ਸਕਦੇ ਤੇ ਅਸੀਂ ਤੁਹਾਡੇ ਕੋਲ ਕੇਸ ਬਣਾ ਕੇ ਲਿਆਏ ਹਾਂ। ਸਰਕਾਰ ਕੇਸ ਬਣਾ ਕੇ ਭੇਜ ਰਹੀ ਹੈ ਔਰ ਤੁਸੀਂ ਖੱਡ ਦੀ ਇਨਵਾਇਰਨਮੈਂਟ ਕਲੀਅਰੈਂਸ ਦੇਣੀ ਹੈ। ਉਨ੍ਹਾਂ ਦਾ ਮਤਲਬ ਸੀ ਕਿ ਲਾਗੇ ਕੋਈ ਪਹਾੜ ਨਾ ਹੋਵੇ, ਕੋਈ ਪੁਲ ਨਾ ਹੋਵੇ, ਇਹ ਤੁਸੀਂ ਦੇਖਣਾ ਹੁੰਦਾ ਹੈ ਕਿ ਕੋਈ ਹੋਰ ਇਸ ਤਰ੍ਹਾਂ ਦੀ ਸਮੱਸਿਆ ਨਾ ਹੋਵੇ, ਦਰਿਆ ਦਾ ਵਹਿਣ ਨਾ ਪਵੇ। ਤੁਸੀਂ ਬੰਦੇ ਨੂੰ ਦੇਖ ਕੇ ਕਲੀਅਰੈਂਸ ਨਹੀਂ ਦੇਣੀ। ਤੁਸੀਂ ਖੱਡ ਨੂੰ ਦੇਖ ਕੇ, ਉਸ ਦੀ ਜੌਗਰਫੀਕਲ ਸਿਚੁਏ-ਸ਼ਨ ਦੇਖ ਕੇ ਕਲੀਅਰੈਂਸ ਦੇਣੀ ਹੈ। ਜਿਹੜੀ ਰਿਪੋਰਟ ਡਿਪਾਰਟਮੈਂਟ ਨੇ ਬਣਾ ਕੇ ਭੇਜੀ ਹੈ, ਮਾਨਯੋਗ ਡਿਪਟੀ ਸਪੀਕਰ ਸਾਹਿਬ, ਉਸ ਤੇ ਤੁਸੀਂ ਇਨਵਾਇਰਨਮੈਂਟ ਕਲੀਅਰੈਂਸ ਦੇਣੀ ਹੈ ਪਰ ਇਹ ਬੜੇ ਅੜ ਗਏ ਇਸ ਗੱਲ ਤੇ ਕਿ ਨਹੀਂ ਜੀ ਤੁਸੀਂ ਠੇਕੇਦਾਰ ਨੂੰ ਭੇਜੋ। ਮਾਨਯੋਗ ਮੁੱਖ ਮੰਤਰੀ ਸਾਹਿਬ ਗਏ ਗੁਲਦਸਤਾ ਲੈ ਕੇ, ਉਥੇ ਮਨਿਸਟਰ ਨੂੰ ਮਿਲੇ ਕਿ ਸਾਡੀ ਪੰਜਾਬ ਦੀ ਬਹੁਤ ਵੱਡੀ ਸਮੱਸਿਆ ਹੈ, ਇਸ ਕਰਕੇ ਤੁਸੀਂ ਸਾਨੂੰ ਇਨਵਾਇਰਨਮੈਂਟ ਕਲੀਅਰੈਂਸ ਦਿਓ। ਸਾਰਾ ਸਾਡਾ ਕੰਸਟਰਕਸ਼ਨ ਦਾ ਕੰਮ ਉੱਥੇ ਬੰਦ ਪਿਆ ਹੈ ਪਰ ਇਕੱਲੇ ਗੁਲਦਸਤੇ ਨਾਲ ਕਹਿੰਦੇ, ਸਾਡਾ ਕੰਮ ਨਹੀਂ ਚੱਲਦਾ। ਸਾਡੇ ਵਿਰੁੱਧ ਸੁਪਰੀਮ ਕੋਰਟ ਵਿੱਚ ਚਲੇ ਗਏ ਕਿ ਜਿਹੜੀ ਇਨਵਾਇਰਨਮੈਂਟ ਕਲੀਅਰੈਂਸ ਹੈ ਉਹ ਪ੍ਰਾਜੈਕਟ ਪ੍ਰਾਪੋਨੈਂਟ ਠੇਕੇਦਾਰ ਵੱਲੋਂ ਆਵੇ। ਸਰਕਾਰ ਵੱਲੋਂ ਕੀਤਾ ਹੋਇਆ ਸਾਨੂੰ ਮਨਜ਼ੂਰ ਨਹੀਂ, ਕਿਉਂਕਿ ਸਰਕਾਰ ਤਾਂ ਗੁਲਦਸਤਾ ਹੀ ਦੇ ਸਕਦੀ ਹੈ। ਠੇਕੇਦਾਰ ਆਏਗਾ ਤਾਂ ਫਿਰ ਅਟੈਚੀ ਵਗੈਰਾ ਲਿਆਏਗਾ। ਸੁਪਰੀਮ ਕੋਰਟ ਨੇ ਇਨ੍ਹਾਂ ਦਾ ਰੱਦ ਕਰ ਦਿੱਤਾ ਇਹ ਕਹਿ ਕੇ ਕੀ ਤੁਹਾਡਾ ਸਟੈਂਡ ਜ਼ਿਹੜਾ ਹੈ ਉਹ ਸਹੀਂ ਨਹੀਂ। ਹੁਣ ਇਨ੍ਹਾਂ ਨੂੰ ਕਰਨਾ ਚਾਹੀਦਾ ਸੀ ਕਿ ਹਾਈਕੋਰਟ ਦਾ ਹੁਕਮ ਹੈ ਤੇ ਸਰਕਾਰ ਅਪਲਾਈ ਕਰ ਰਹੀ ਹੈ ਤੇ ਤੁਸੀਂ ਇਨਵਾਇਰਨਮੈਂਟ

Original with;
Punjab Vidhan Sabha
Digitized by;
Panjab Digital Library

[ਡਾਕਟਰ ਦਲਜੀਤ ਸਿੰਘ ਚੀਮਾ]

ਕਲੀਅਰੈਂਸ ਦਿਓ ਪਰ ਤੁਸੀਂ ਕਹਿ ਰਹੇ ਹੋ ਕਿ ਠੇਕੇਦਾਰ ਨੂੰ ਭੇਜੋ। ਸੁਪਰੀਮ ਕੋਰਟ ਵਿੱਚ ਸਾਡੇ ਵਿਰੁੱਧ ਚਲੇ ਗਏ ਔਰ ਸੁਪਰੀਮ ਕੋਰਟ ਨੇ ਇਨ੍ਹਾਂ ਦਾ ਰੱਦ ਕਰ ਦਿੱਤਾ। ਇਨ੍ਹਾਂ ਨੇ ਫਿਰ ਕੀ ਕੀਤਾ ? ਇਨ੍ਹਾਂ ਨੇ ਦੁਬਾਰਾ ਫਿਰ ਜਿਹੜਾ ਟਰਮਜ਼ ਆਫ ਰੈਫਰੈਂਸ ਨੋਟੀਫਿਕੇਸ਼ਨ ਹੈ ਉਹ ਸਾਨੂੰ ਅਮੈਂਡ ਕਰਕੇ ਭੇਜਿਆ ਤੇ ਕਿਹਾ ਕਿ ਠੇਕੇਦਾਰ ਨੂੰ ਸਾਡੇ ਕੋਲ ਭੇਜੋ। ਮੈਂ ਐਨੀ ਬੇਸ਼ਰਮੀ ਕਦੇ ਨਹੀਂ ਦੇਖੀ। ਡਿਪਟੀ ਸਪੀਕਰ ਸਾਹਿਬ, ਪੈਸਾ ਤਾਂ ਸੁਣਿਆ ਸੀ ਕਿ ਚੱਲਦਾ ਹੈ ਪਰ ਐਨੀ ਨੰਗੀ ਚਿੱਟੀ ਲੁੱਟ ਕਿ ਠੇਕੇਦਾਰ ਸਾਡੇ ਕੋਲ ਆਉਣ, ਆਹ ਤੁਹਾਡੇ ਸਾਹਮਣੇ ਨੋਟੀਫਿਕੇਸ਼ਨ ਹੈ। ਇਸ ਵਿੱਚ ਪਹਿਲਾਂ ਲਿਖਿਆ Application seeking prior Environment Clearance in all cases shall be made in prescribed form. ਇਸ ਵਿੱਚ ਕਿਤੇ ਵੀ ਪ੍ਰਾਜੈਕਟ ਪ੍ਰਾਪੋਨੈਂਟ ਜਾਂ ਦੂਜੀ ਕੋਈ ਟਰਮ ਨਹੀਂ ਹੈ। ਫਿਰ ਜਿਹੜਾ ਨੋਟੀਫਿਕੇਸ਼ਨ ਅਮੈਂਡ ਕੀਤਾ ਇਨ੍ਹਾਂ ਨੇ 4/4/11 ਨੂੰ, ਉਸ ਵਿੱਚ ਕੀ ਅਮੈਂਡਮੈਂਟ ਕੀਤੀ ਹੈ, ਦੇਖੋ ਕਿੰਨੀ ਵੱਡੀ ਅਮੈਂਡਮੈਂਟ ਹੈ। ਕੇਂਦਰ ਸਰਕਾਰ ਦੇ ਮੰਤਰਾਲੇ ਨੇ ਕੀਤੀ ਹੈ। An application seeking prior environment clearance in all cases shall be made. ਇੱਥੋਂ ਤੱਕ ਸੀ ਪਹਿਲਾਂ, ਹੁਣ ਕਹਿੰਦੇ the following words will be subsituted, ਉਹ ਕੀ ਹੈ ਜੀ ? An application seeking prior environment clearance in all cases shall be made by project proponent. ਸਿੱਧਾ ਠੇਕੇਦਾਰ ਸੱਦਣਾ, ਕਾਨੂੰਨ ਬਣਾ ਲਿਆ ਕਿ ਸਰਕਾਰ ਨੂੰ ਕਲੀਅਰੈਂਸ ਨਹੀਂ ਦੇਣੀ, ਜੋ ਮਰਜ਼ੀ ਹੋ ਜਾਏ, ਠੇਕੇਦਾਰ ਸਾਡੇ ਕੋਲ ਭੇਜੋ। 120 ਹੀ ਠੇਕੇਦਾਰ ਜਾਣ। ਉਥੇ ਜਾ ਕੇ ਕੀ ਕਰਨਗੇ ? ਮੈਂ ਇਸ ਹਾਊਸ ਵਿੱਚ ਉਹ ਗੱਲ ਕਹਿੰਦਾ ਵੀ ਚੰਗਾ ਨਹੀਂ ਲੱਗਦਾ। ਇਥੇ ਮਿੱਤਲ ਸਾਹਿਬ ਬੈਠੇ ਹਨ, ਆਪ ਅਸੀਂ ਬੜੇ ਹੈਰਾਨ ਹੋਏ ਕਿ ਏਡੀ ਵੱਡੀ ** ਕਦੀ ਹੋਈ ਹੋਵੇ ਕਿ ਠੇਕੇਦਾਰ ਨੂੰ ਬੁਲਾਉਣ ਵਾਸਤੇ ਕੋਈ ਨੋਟੀਫਿਕੇਸ਼ਨ ਕਿਸੇ ਦੀ ਸਰਕਾਰ ਦਾ ਅਮੈਂਡ ਹੋਇਆ ਹੋਵੇ, ਇਹ ਅੱਜ ਤੱਕ ਮੈਂ ਕਦੀ ਨਹੀਂ ਸੁਣਿਆ ਸੀ ਪਰ ਇਹ ਤੁਹਾਡੇ ਸਾਹਮਣੇ ਡਾਕੂਮੈਂਟ ਹੈ, ਇੱਕ ਲਫਜ਼ ਨੂੰ ਅਮੈਂਡ ਕਰਨ ਵਾਸਤੇ। ਅੱਜ ਇੱਕ ਮੁੱਖ ਮੰਤਰੀ ਲੈ ਕੇ ਆ ਗਏ, ਕੱਲ੍ਹ ਨੂੰ ਦੂਜਾ ਆ ਜਾਏਗਾ ਫੇਰ ਤੀਜਾ ਆ ਜਾਏਗਾ, ਉਹ ਤਾਂ ਇੱਕ ਰਵਾਇਤ ਹੈ ਡਿਪਟੀ ਸਪੀਕਰ ਸਾਹਿਬ, ਇਸ ਤੋਂ ਵੱਧ ਮੁੱਖ ਮੰਤਰੀ ਕੀ ਦੇ ਸਕਦਾ ਹੈ। ਕਹਿੰਦੇ ਤੁਸੀਂ ਨਹੀਂ ਆਉਣਾ ਬਲਕਿ ਤੁਸੀਂ ਠੇਕੇਦਾਰ ਸਾਡੇ ਕੋਲ ਭੇਜੋ। ਇਸ ਇਸ਼ੂ ਉੱਤੇ ਦੁਬਾਰਾ ਸਾਨੂੰ ਕੰਟੈਂਪਟ ਪਟੀਸ਼ਨ ਪੰਜਾਬ ਸਰਕਾਰ ਨੂੰ ਪਾਉਣੀ ਪਈ। ਡਿਪਟੀ ਸਪੀਕਰ ਸਾਹਿਬ, ਐਸ.ਕੇ. ਅਗਰਵਾਲ, ਇਨ੍ਹਾਂ ਦੇ ਡਾਇਰੈਕਟਰ, Ministry of Environment & Forest ਉਨ੍ਹਾਂ ਦੇ ਖਿਲਾਫ ਅਸੀਂ ਕੰਟੈਂਪਟ ਪਟੀਸ਼ਨ ਪਾਈ ਔਰ ਉਸ ਵਿੱਚ ਹਾਈ ਕੋਰਟ ਨੇ ਫੇਰ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਡਾਇਰੈਕਸ਼ਨ ਦਿੱਤੀ ਕਿ ਇਸ ਤਰ੍ਹਾਂ ਨਹੀਂ ਹੋ ਸਕਦਾ। ਤੁਸੀਂ ਕਲੀਅਰੈਂਸ ਸਰਕਾਰ ਨੂੰ ਦਿਓ, ਸਰਕਾਰ ਅੱਗੋਂ ਉਹ ਕਲੀਅਰੈਂਸ ਠੇਕੇਦਾਰ ਨੂੰ ਟਰਾਂਸਫਰ ਕਰੇ। ਇਸ ਵਿੱਚ ਕਿਸੇ ਵਿਅਕਤੀ ਦਾ ਰੋਲ ਨਹੀਂ ਸੀ। ਮੈਂ ਆਪ ਬੜਾ ਹੈਰਾਨ ਸੀ। ਮੈਂ ਮਿੱਤਲ ਸਾਹਿਬ ਕੋਲ ਕਈ ਵਾਰ ਡਿਸਕਸ ਕੀਤਾ। ਉਹ ਸਾਡੇ ਸੀਨੀਅਰ ਮੰਤਰੀ ਹਨ। ਮੈਂ ਇਨ੍ਹਾਂ ਨੂੰ ਪੁੱਛਿਆ ਕਿ ਕੀ ਇਹ ਜਿਹੜੀ ਟਰਾਂਸਫਰ ਕਰਨ ਦੀ ਕੰਡੀਸ਼ਨ ਹੈ, ਇਹ ਪਹਿਲਾਂ ਨੋਟੀਫਿਕੇਸ਼ਨ ਦੇ ਵਿੱਚ ਨਹੀਂ ਸੀ। ਔਰ ਡਿਪਟੀ ਸਪੀਕਰ ਸਾਹਿਬ, ਨੋਟੀਫਿਕੇਸ਼ਨ ਵਿੱਚ ਪਹਿਲਾਂ ਲਿਖਿਆ ਹੋਇਆ ਹੈ, ਜਿਹੜਾ ਇਨ੍ਹਾਂ ਨੇ ਪਾਸ ਕੀਤਾ ਕਿ **Transfer of Environment Clearance :** A prior environmental clearance granted for a specific project or activity to an applicant may be transferred during its validity to another legal person...... ਇਹ ਇਨ੍ਹਾਂ ਦਾ ਨੋਟੀਫਿਕੇਸ਼ਨ ਜਿਹੜਾ ਪਹਿਲਾਂ ਜਾਰੀ ਕੀਤਾ ਹੋਇਆ ਹੈ, ਉਸ ਵਿੱਚ ਇਹ ਕੰਡੀਸ਼ਨ ਸੀ ਪਰ ਸਾਡੇ ਖਿਲਾਫ ਪਹਿਲਾਂ ਸੁਪਰੀਮ ਕੋਰਟ ਗਏ, ਉਸ ਤੋਂ ਬਾਅਦ ਸਾਨੂੰ ਹਾਈ ਕੋਰਟ ਵਿੱਚ ਰਿੱਟ ਪਾਉਣੀ ਪਈ। ਰਿੱਟ ਤੋਂ ਬਾਅਦ, ਜਦੋਂ ਰਿੱਟ ਦਾ ਇਹ ਫੈਸਲਾ ਜਿਹੜਾ ਦਿੱਤਾ, ਉਸ ਤੋਂ ਬਾਅਦ ਇਹ ਕੇਸ ਦੁਬਾਰਾ ਇਨ੍ਹਾਂ ਕੋਲ ਗਿਆ ਪਰ ਤਕਰੀਬਨ 2 ਸਾਲ ਹੋ ਚੁੱਕੇ ਹਨ, 14.1.2010 ਤੋਂ 5.9.2011, ਇਸ ਵਿੱਚ ਫਰਕ ਦੇਖ ਲਓ, ਇੱਕ ਸਾਲ ਨੌਂ ਮਹੀਨੇ ਇਸੇ ਰੇੜਕੇ ਵਿੱਚ ਨਿਕਲ ਗਏ ਕਿ ਸਰਕਾਰ ਨਹੀਂ, ਠੇਕੇਦਾਰ ਆਉਣਾ ਚਾਹੀਦਾ ਹੈ। ਹੁਣ ਜਾ ਕੇ ਹਾਈ ਕੋਰਟ ਨੇ ਕਿਹਾ ਕਿ ਫਿਰ ਇਹ ਸਿਸਟਮ ਸ਼ੁਰੂ ਹੋਏਗਾ। ਇੱਕ ਸਾਲ ਦਾ ਪ੍ਰੋਸੀਜਰ ਇਨ੍ਹਾਂ ਨੇ ਬਣਾਇਆ ਹੋਇਆ ਹੈ। ਲੋਕੀ ਤਰਾਹ ਤਰਾਹ ਕਰ ਰਹੇ ਹਨ। ਕੋਈ ਗਲਤ ਕੰਮ ਹੋਵੇ, ਮਜੀਠੀਆ ਸਾਹਿਬ ਦਾ ਨਾਮ ਲੈ ਦਿਓ। ਇੱਕੋ ਹੀ ਕੰਮ ਫੜਿਆ ਹੋਇਆ ਹੈ, ਕਰੈਕਟਰ ਅਸੈਸੀ-ਨੇਸ਼ਨ। ਜੇ ਕੋਈ ਨੌਜਵਾਨ ਕਿਤੇ ਪਾਰਟੀ ਵਿੱਚ ਚੰਗਾ ਕੰਮ ਕਰ ਰਿਹਾ ਹੈ ਤੇ ਉਸ ਨੂੰ ਬਦਨਾਮ ਕਰਨ ਦਾ ਸੌਖਾ ਕੰਮ ਹੈ ਕਿ ਉਸ ਤੇ ਲੇਬਲ ਲਾਈ ਚੱਲੋ। ਸੌ ਵਾਰ ਜੇ ਐਲੀਗੇਸ਼ਨ ਝੂਠੀ ਲਾਓਗੇ ਤਾਂ ਲੱਗਣ ਲੱਗ ਪੈਂਦਾ ਹੈ ਕਿ ਗੱਲ ਸੱਚੀ ਹੋਏਗੀ। ਪਹਿਲਾਂ ਸਰਦਾਰ ਸੁਖਬੀਰ ਸਿੰਘ ਬਾਦਲ ਹੋਰਾਂ ਤੇ ਲਾਈਆਂ। ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਸਾਹਿਬ ਤੇ ਲਾਈਆਂ ਪਰ ਅੱਜ ਮੈਂ ਹਾਊਸ ਵਿੱਚ ਤੁਹਾਡੇ ਸਾਹਮਣੇ ਸਾਰਾ ਰਿਕਾਰਡ ਪੇਸ਼ ਕਰਕੇ ਇਨ੍ਹਾਂ ਨੂੰ ਪੁੱਛਦਾ ਹਾਂ ਕਿ ਦੋ ਸਾਲ ਇਸੇ ਗੱਲ ਤੇ ਤੁਸੀਂ ਲਗਾ ਦਿੱਤਾ ਕਿ ਠੇਕੇਦਾਰ ਭੇਜੋ। ਅੱਜ ਪੰਜਾਬ ਦੀ ਜਨਤਾ, ਤੁਹਾਡੇ ਤੋਂ ਪੁੱਛਣਾ ਚਾਹੁੰਦੀ ਹੈ, ਜਾਖੜ ਸਾਹਿਬ ਨਹੀਂ ਹਨ ਕਿ ਇੰਨਾ ਵੱਡਾ ਜਿਹੜਾ ਨੁਕਸਾਨ ਸਟੇਟ ਦਾ ਹੋਇਆ, ਵਪਾਰ ਦਾ ਹੋਇਆ ਹੈ, ਲੋਕਾਂ ਦਾ ਹੋਇਆ ਹੈ, ਇਸ ਵਾਸਤੇ ਜ਼ਿੰਮੇਵਾਰ ਕੌਣ ਹੈ ? ਕੀ ਲੋੜ ਸੀ ਇਨ੍ਹਾਂ ਨੂੰ ਨੋਟੀਫਿਕੇਸ਼ਨ ਵਿੱਚ ਠੇਕੇਦਾਰ ਦੀ ਕਲਾਜ਼ ਪਾਉਣ ਵਾਸਤੇ, ਜਿਸ ਕਰਕੇ ਇਨ੍ਹਾਂ ਨੇ ਇੰਨਾ ਵੱਡਾ ਨੁਕਸਾਨ ਸਾਡੇ ਪੰਜਾਬ ਦਾ ਕੀਤਾ ਔਰ ਉਧਰ ਅਖ਼ਬਾਰਾਂ ਵਿੱਚ ਹਮੇਸ਼ਾ

Original with;
Punjab Vidhan Sabha
Digitized by;
Panjab Digital Library

[ਡਾਕਟਰ ਦਲਜੀਤ ਸਿੰਘ ਚੀਮਾ]
ਬਿਆਨ ਦੇ ਦੇਣਗੇ ਕਿ ਰੇਤਾ ਬਜਰੀ ਬਾਰੇ ਪੰਜਾਬ ਸਰਕਾਰ ਜਵਾਬਦੇਹ ਹੈ। ਡਿਪਟੀ ਸਪੀਕਰ ਸਾਹਿਬ, ਜਿੱਥੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਉੱਥੇ ਮੈਂ ਫਿਰ ਬੇਨਤੀ ਕਰਦਾ ਹਾਂ ਕਿ ਅੱਜ ਜ਼ਰੂਰਤ ਹੈ ਕਿ ਜੇ ਦੇਸ਼ ਵਿੱਚ ਲਾਅ ਐਂਡ ਆਰਡਰ ਕਾਇਮ ਰੱਖਣਾ ਹੈ ਤਾਂ ਜਿਹੜੇ ਅਸਲੀ ਮੁੱਦੇ ਹਨ ਉਨ੍ਹਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਪੰਜਾਬ ਦਾ ਮਾਹੌਲ ਸਾਰੇ ਦੇਸ਼ ਨਾਲੋਂ ਵਧੀਆ ਹੈ ਲੇਕਿਨ ਸਾਨੂੰ ਚਿੰਤਾ ਬਾਕੀ ਦੇਸ਼ ਦੀ ਵੀ ਹੈ। ਇਹ ਛੂਤ ਦੀ ਬਿਮਾਰੀ ਹੈ ਪਹਿਲਾਂ ਨੈਕਸਲਿਜ਼ਮ ਇਕ ਸਟੇਟ ਵਿੱਚ ਸੀ। ਅੱਜ ਹੋਮ ਮਨਿਸਟਰ ਸਾਹਿਬ ਬੈਠੇ ਹਨ, ਇਹ ਮੀਟਿੰਗਾਂ ਤੇ ਜਾਂਦੇ ਹਨ, ਇਨ੍ਹਾਂ ਨੂੰ ਪੁੱਛ ਲਵੋ ਕਿ ਦੇਸ਼ ਦੀਆਂ ਕਿੰਨੀਆਂ ਸਟੇਟਾਂ ਹਨ ਜਿਹੜੀਆਂ ਪ੍ਰਭਾਵਿਤ ਹੋ ਰਹੀਆਂ ਹਨ।

ਮਾਨਯੋਗ ਡਿਪਟੀ ਸਪੀਕਰ : ਬੈਠੋ ਜੀ, ਚੀਮਾ ਸਾਹਿਬ ਬੈਠੋ।

ਡਾਕਟਰ ਦਲਜੀਤ ਸਿੰਘ ਚੀਮਾ : ਡਿਪਟੀ ਸਪੀਕਰ ਸਾਹਿਬ, ਕਿਸਾਨੀ ਦੀ ਜਿਹੜੀ ਹਾਲਤ ਹੈ, ਉਸ ਤੇ ਆਪਾਂ ਨੂੰ ਡਿਸਕਸ ਕਰਨ ਦੀ ਲੋੜ ਹੈ। ਇਹ ਜਿਹੜੇ ਬਾਕੀ ਇਸ਼ੂਜ਼ ਹਨ ਚਾਹੇ ਉਹ ਨੈਕਸਸ ਰਿਫਾਰਮਜ਼ ਹੈ ਚਾਹੇ ਆਪਣੇ ਗੁਆਂਢੀ ਰਾਜਾਂ ਔਰ ਸੂਬਿਆਂ ਨਾਲ ਚੰਗੇ ਸਬੰਧ ਬਣਾਈ ਰੱਖਣ ਦਾ ਹੈ, ਇਨ੍ਹਾਂ ਤੇ ਅਗਰ ਆਪਾਂ ਦੇਸ਼ ਵਿੱਚ ਧਿਆਨ ਦੇਣਾ ਸ਼ੁਰੂ ਕਰੀਏ ਤਾਂ ਮੈਂ ਮਹਿਸੂਸ ਕਰਦਾ ਹਾਂ ਕਿ ਲਾਅ ਐਂਡ ਆਰਡਰ ਚੰਗਾ ਚੱਲ ਸਕਦਾ ਹੈ। ਇਸ ਕਰਕੇ ਇਹ ਸੁਨੇਹਾ ਤਾਂ ਜਾਖੜ ਸਾਹਿਬ ਨੂੰ ਦੇਣਾ ਸੀ, ਉਨ੍ਹਾਂ ਦੀ ਪਾਰਟੀ ਨੂੰ ਦੇਣਾ ਸੀ ਕਿ ਤੁਸੀਂ ਪੰਜਾਬ ਦਾ ਇਹ ਸੁਨੇਹਾ ਲੈ ਕੇ ਇੰਮੀਜੇਟਲੀ ਦਿੱਲੀ ਜਾਉ। ਅੱਗੇ ਤੁਸੀਂ ਸ਼ਿਕਾਇਤਾਂ ਲਾਉਣ ਜਾਂਦੇ ਹੋ, ਹੁਣ ਇਹ ਸੁਨੇਹਾ ਲੈ ਕੇ ਉੱਥੇ ਦਿੱਲੀ ਜਾਉ ਔਰ ਉਨ੍ਹਾਂ ਨੂੰ ਕਹੋ ਕਿ ਇਹ ਕੰਮ ਨਾ ਕਰੋ। ਪੰਜਾਬ ਦਾ ਸਾਰਾ ਕੁਝ ਠੀਕ ਹੈ। ਜੇ ਬਾਕੀ ਦੇਸ਼ ਨੂੰ ਪੰਜਾਬ ਵਰਗਾ ਬਣਾਉਣਾ ਹੈ ਤਾਂ ਚੰਗੇ ਫੈਸਲੇ ਲਾਗੂ ਕਰੋ।

*1.00 ਵਜੇ ਬਾ.ਦੁ. (ਇਸ ਵੇਲੇ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਮਾਨਯੋਗ ਸਪੀਕਰ : ਪਲੀਜ਼ ਵਾਈਂਡ ਅੱਪ ਕਰੋ। ਚੀਮਾ ਜੀ, ਖਤਮ ਕਰੋ ਜਲਦੀ।

ਡਾਕਟਰ ਦਲਜੀਤ ਸਿੰਘ ਚੀਮਾ : ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਬਹੁਤ-ਬਹੁਤ ਧੰਨਵਾਦ।

ਮਾਨਯੋਗ ਸਪੀਕਰ : ਭੰਡਾਰੀ ਸਾਹਿਬ ਜੀ, ਪੰਜ ਮਿੰਟ ਸਿਰਫ਼।

ਮੁੱਖ ਸੰਸਦੀ ਸਕੱਤਰ, ਸਹਿਕਾਰਤਾ (ਸ਼੍ਰੀ ਕੇ. ਡੀ. ਭੰਡਾਰੀ) : ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਬਹੁਤ ਹੀ ਅਹਿਮ ਮੁੱਦੇ ਤੇ ਬੋਲਣ ਦਾ ਸਮਾਂ ਦਿੱਤਾ ਹੈ। ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਮੈਂ ਜਿਹੜੀ ਅੰਮ੍ਰਿਤਸਰ ਵਿੱਚ

Original with;
Punjab Vidhan Sabha
Digitized by;
Panjab Digital Library

ਬਹੁਤ ਹੀ ਮਾੜੀ ਘਟਨਾ ਵਾਪਰੀ ਸੀ ਕਿ ਏ.ਐਸ.ਆਈ. ਰਵਿੰਦਰਪਾਲ ਸਿੰਘ, ਜਿਸ ਨੇ ਆਪਣੀ ਲੜਕੀ ਦੀ ਇੱਜ਼ਤ ਬਚਾਉਣ ਦੀ ਖਾਤਰ ਆਪਣੀ ਜਾਨ ਦੀ ਕੁਰਬਾਨੀ ਦਿੱਤੀ। ਮੈਂ ਆਪਣੀ ਪਾਰਟੀ ਵੱਲੋਂ ਉਸ ਘਟਨਾ ਦੀ ਬਹੁਤ ਵੱਡੀ ਨਿੰਦਾ ਕਰਦਾ ਹਾਂ ਔਰ ਅੱਗੇ ਤੋਂ ਇਸ ਤਰ੍ਹਾਂ ਦੀ ਘਟਨਾ ਨਾ ਹੋਵੇ ਇਸ ਵਾਸਤੇ ਮੈਂ ਬੇਨਤੀ ਕਰਦਾ ਹਾਂ ਕਿ ਅਸੀਂ ਸਾਰੇ ਇਸ ਲਈ ਪ੍ਰਯਾਸ ਕਰੀਏ। ਇਹ ਬਹੁਤ ਵੱਡਾ ਸਾਡੇ ਵਾਸਤੇ ਚਿਤਾਵਨੀ ਦਾ ਸੰਕੇਤ ਦੇ ਕੇ ਗਿਆ ਹੈ। ਜਿਹੜਾ ਇਹ ਕਾਂਡ ਸੀ ਕਿ ਕੋਈ ਵੀ ਪਾਰਟੀ ਅਗਰ ਕਿਸੇ ਵੀ ਵਰਕਰ ਨੂੰ ਜ਼ਿੰਮੇਵਾਰੀ ਦਿੰਦੀ ਹੈ ਤੇ ਅਸੀਂ ਉਸ ਦਾ ਪਿਛੋਕੜ ਜ਼ਰੂਰ ਦੇਖੀਏ ਕਿਉਂਕਿ ਜਦੋਂ ਸਰਕਾਰ ਕੋਲ ਸੱਤਾ ਆਉਂਦੀ ਹੈ, ਇਨਸਾਨ ਕੋਲ ਸੱਤਾ ਆਉਂਦੀ ਹੈ ਤਾਂ ਸਾਡੇ ਨੇੜੇ-ਤੇੜੇ ਬਹੁਤ ਸਾਰੇ ਅਜਿਹੇ ਇਨਸਾਨ ਆ ਜਾਂਦੇ ਹਨ, ਜਿਨ੍ਹਾਂ ਦਾ ਆਪਣਾ ਨਿੱਜੀ ਮਤਲਬ ਹੁੰਦਾ ਹੈ ਲੇਕਿਨ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਉਨ੍ਹਾਂ ਦਾ ਕਰੈਕਟਰ, ਕਿਰਦਾਰ, ਉਨ੍ਹਾਂ ਦੇ ਆਂਢ-ਗੁਆਂਢ ਕੌਣ ਘੁੰਮਦੇ ਹਨ, ਅਸੀਂ ਉਸ ਬਾਰੇ ਜ਼ਰੂਰ ਘੋਖ ਕਰੀਏ। ਅਸੀਂ ਸਾਰੇ ਇਹ ਪ੍ਰਣ ਲਈਏ ਔਰ ਦੂਸਰੀ ਗੱਲ ਹੈ ਕਿ ਜਿਹੜਾ ਇਹ ਕਾਂਡ ਹੋਇਆ ਹੈ, ਮੈਂ ਡਿਪਟੀ ਸੀ.ਐਮ. ਸਾਹਿਬ ਨੂੰ ਗੁਜ਼ਾਰਿਸ਼ ਕਰਾਂਗਾ ਕਿ ਉਸ ਨੂੰ ਫਾਸਟ ਟਰੈਕ ਤੇ ਪਾਇਆ ਜਾਵੇ ਤਾਂ ਕਿ ਜਿੰਨੀ ਜਲਦੀ ਹੋ ਸਕੇ ਉਨ੍ਹਾਂ ਅਪਰਾਧੀਆਂ ਨੂੰ ਸਜ਼ਾ ਮਿਲੇ। ਇਸ ਨਾਲ ਸਾਡੇ ਪੰਜਾਬ ਵਿੱਚੋਂ ਪੂਰੇ ਹਿੰਦੁਸਤਾਨ ਨੂੰ ਮੈਸੇਜ ਜਾਵੇਗਾ ਕਿ ਸਾਡੀ ਸਰਕਾਰ ਬਹੁਤ ਸੰਜੀਦਾ ਹੈ ਔਰ ਜਿਹੜੀ ਆਪੋਜੀਸ਼ਨ ਦੇ ਬੰਦਿਆਂ ਨੇ ਸਾਡੇ ਮਾਨਯੋਗ ਲੀਡਰ ਸਾਹਿਬ ਦੇ ਖਿਲਾਫ ਨਾਅਰੇਬਾਜ਼ੀ ਕੀਤੀ ਸੀ ਜਾਂ ਸਾਡੇ ਇਸ ਨੌਜਵਾਨ ਸਾਥੀ ਨੂੰ ਕਾਤਲ ਕਹਿ ਕੇ ਬੁਲਾਇਆ ਗਿਆ ਸੀ, ਇਸ ਦੀ ਮੈਂ ਘੋਰ ਨਿੰਦਾ ਕਰਦਾ ਹਾਂ। ਸਾਡਾ ਨੌਜਵਾਨ ਸਾਥੀ ਦਲੇਰ ਹੈ, ਉਹ ਸਾਡੇ ਸਾਰਿਆਂ ਦਾ ਬਹੁਤ ਹੀ ਸਹਿਯੋਗ ਕਰਦੇ ਹਨ ਔਰ ਆਪੋਜੀਸ਼ਨ ਵਾਲਿਆਂ ਨੇ ਬਿਨਾਂ ਪੜਤਾਲ ਕੀਤੇ ਤੋਂ ਜਿਹੜੀ ਇਨ੍ਹਾਂ ਖਿਲਾਫ਼ ਨਾਅਰੇਬਾਜ਼ੀ ਕੀਤੀ ਹੈ, ਮੈਂ ਆਪਣੀ ਪਾਰਟੀ ਵੱਲੋਂ ਇਸ ਦੀ ਘੋਰ ਨਿੰਦਾ ਕਰਦਾ ਹਾਂ। ਇਸ ਦੇ ਨਾਲ ਹੀ ਜਿਹੜੀ ਗੱਲ ਸਪੀਕਰ ਸਾਹਿਬ, ਇਹ ਕੱਲ੍ਹ ਕਰਦੇ ਸੀ ਪੰਜਾਬ ਵਿੱਚ ਲਾਅ ਐਂਡ ਆਰਡਰ ਦੀ। ਅੱਜ ਮੈਂ ਬੜੇ ਫ਼ਖ਼ਰ ਨਾਲ ਕਹਿੰਦਾ ਹਾਂ ਕਿ ਪੰਜਾਬ ਵਿੱਚ ਅੱਜ 6 ਸਾਲ ਹੋ ਗਏ ਹਨ, ਸਰਕਾਰ ਚਲਦੀ ਨੂੰ। ਜੇ ਸਰਕਾਰ ਦੁਬਾਰਾ ਤੋਂ ਬਣੀ ਹੈ ਤਾਂ ਉਸ ਪਿੱਛੇ ਬਹੁਤ ਹੀ ਸਤਿਕਾਰਯੋਗ ਹਿੰਦੁਸਤਾਨ ਦੇ ਮਹਾਨ ਲੀਡਰ ਸਰਦਾਰ ਪਰਕਾਸ਼ ਸਿੰਘ ਬਾਦਲ, ਡਿਪਟੀ ਸੀ.ਐਮ. ਸਰਦਾਰ ਸੁਖਬੀਰ ਸਿੰਘ ਬਾਦਲ, ਇਨ੍ਹਾਂ ਦੀ ਸੋਚ ਸੀ। ਇਨ੍ਹਾਂ ਨੇ ਜੋ ਪਿਛਲੇ 5 ਸਾਲ ਪੂਰੇ ਪੰਜਾਬ ਵਿੱਚ ਅਮਨ-ਸ਼ਾਂਤੀ ਨੂੰ ਬਹਾਲ ਰੱਖਿਆ ਔਰ ਸਾਡਾ ਜਿਹੜਾ ਫਿਰਕੂ ਭਾਈਚਾਰਾ ਸੀ ਉਸ ਨੂੰ ਮਜਬੂਤ ਰੱਖਿਆ ਹੈ, ਉਸ ਕਰਕੇ ਲੋਕਾਂ ਨੇ 46 ਸਾਲ ਬਾਅਦ ਇਤਿਹਾਸ ਬਣਾਇਆ ਹੈ ਕਿ ਪੰਜਾਬ ਵਿੱਚ ਸਰਦਾਰ ਪਰਕਾਸ਼ ਸਿੰਘ ਬਾਦਲ ਪੰਜਵੀਂ ਵਾਰੀ ਮੁੱਖ ਮੰਤਰੀ ਬਣੇ ਹਨ ਔਰ ਅਸੀਂ ਸਾਰੇ ਰਲ-ਮਿਲ ਕੇ ਉਸੇ ਚੀਜ਼

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਸਹਿਕਾਰਤਾ]

ਨੂੰ ਅੱਗੇ ਵਧਾਉਣ ਦਾ ਪ੍ਰਯਾਸ ਕਰ ਰਹੇ ਹਾਂ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਹਾਈ ਕੋਰਟ ਨੇ ਕੱਲ੍ਹ ਫੈਸਲਾ ਦਿੱਤਾ ਹੈ ਕਿ ਇਸ ਕਾਂਗਰਸ ਪਾਰਟੀ ਦੇ ਇਕ ਪੂਰਵ ਵਿਧਾਇਕ ਨੇ, ਪੂਰਵ ਮੰਤਰੀ ਨੇ, ਜਿਸ ਨੇ 6 ਚੁਨਾਵ ਲੜੇ ਸੀ ਔਰ ਜਿਸ ਕੋਲ ਹਿੰਦੁਸਤਾਨ ਦੀ ਨਾਗਰਿਕਤਾ ਨਹੀਂ ਸੀ, ਹਾਈ ਕੋਰਟ ਨੇ ਕੱਲ੍ਹ ਫੈਸਲਾ ਦਿੱਤਾ ਹੈ ਕਿ ਉਸ ਦੇ ਖਿਲਾਫ਼ ਯੋਗ ਕਾਰਵਾਈ ਕੀਤੀ ਜਾਵੇ। 1986 ਤੋਂ ਲੈ ਕੇ 2012 ਤੱਕ ਉਸ ਇਨਸਾਨ ਨੇ ਚੁਣਾਵ ਲੜੇ, ਉਸ ਨੇ ਇਲੈਕਸ਼ਨ ਕਮਿਸ਼ਨ ਨੂੰ, ਪੰਜਾਬ ਦੀ ਜਨਤਾ ਨੂੰ ਬੇਵਕੂਫ ਬਣਾ ਕੇ ਆਪਣਾ ਨਕਲੀ ਐਫੀਡੈਵਿਟ ਦਿੱਤਾ, ਉਸ ਲਈ ਮੈਂ ਡਿਪਟੀ ਸੀ. ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਯੋਗ ਬਣਦੀ ਕਾਰਵਾਈ ਉਸ ਦੇ ਖਿਲਾਫ਼ ਕੀਤੀ ਜਾਵੇ ਤਾਂ ਜੋ ਮੈਸੇਜ ਜਾਵੇ ਕਿ ਕੋਈ ਵੀ ਗਲਤ ਕੰਮ ਕਰੇ ਤਾਂ ਜਿਹੜੀ ਪੰਜਾਬ ਸਰਕਾਰ ਹੈ ਉਸ ਦੇ ਖਿਲਾਫ ਡੱਟ ਕੇ ਸਾਥ ਦੇਵੇਗੀ। ਮੈਂ ਇਹ ਗੱਲ ਬੜੇ ਫ਼ਖ਼ਰ ਨਾਲ ਕਹਿੰਦਾ ਹਾਂ ਕਿ ਪੰਜਾਬ ਵਿੱਚ ਲਾਅ ਐਂਡ ਆਰਡਰ ਪੂਰਾ ਕਾਇਮ ਹੈ। ਕਿਸੇ ਇੱਕ ਇੰਸੀਡੈਂਟ ਨੂੰ ਲੈ ਕੇ ਸਮੁੱਚੀ ਸਰਕਾਰ ਤੇ ਦੋਸ਼ ਨਹੀਂ ਲਾਉਣਾ ਚਾਹੀਦਾ। ਪੰਜਾਬ ਵਿੱਚ ਬਾਦਲ ਸਾਹਿਬ ਦੀ ਸਰਕਾਰ ਜੋ ਕਰ ਰਹੀ ਹੈ ਸਾਨੂੰ ਸਾਰਿਆਂ ਨੂੰ ਉਸ ਚੀਜ਼ ਤੇ ਬਹੁਤ ਵੱਡਾ ਮਾਣ ਹੈ ਅਤੇ ਅਸੀਂ ਵੀ ਉਸੀ ਚੀਜ਼ ਤੇ ਪਹਿਰਾ ਦੇਵਾਂਗੇ। ਸਪੀਕਰ ਸਾਹਿਬ, ਅੰਤ ਵਿੱਚ ਮੈਂ ਆਪ ਜੀ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿਉਂਕਿ ਤੁਸੀਂ ਮੈਨੂੰ ਹਾਊਸ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ।

ਮਾਨਯੋਗ ਸਪੀਕਰ : ਧੰਨਵਾਦ। ਹੁਣ ਸਰਦਾਰ ਇੰਦਰਬੀਰ ਸਿੰਘ ਬੁਲਾਰੀਆ ਜੀ ਸਿਰਫ ਚਾਰ-ਪੰਜ ਮਿੰਟ ਲਈ ਬੋਲਣਗੇ ਜੀ।

ਮੁੱਖ ਸੰਸਦੀ ਸਕੱਤਰ, ਸਿੱਖਿਆ (ਸਰਦਾਰ ਇੰਦਰਬੀਰ ਸਿੰਘ ਬੁਲਾਰੀਆ): ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ ਕਿ ਜੋ ਆਪ ਜੀ ਨੇ ਮੈਨੂੰ ਲਾਅ ਐਂਡ ਆਰਡਰ ਵਰਗੇ ਬਹੁਤ ਹੀ ਮਹੱਤਵਪੂਰਨ ਮੁੱਦੇ ਉੱਤੇ ਬੋਲਣ ਲਈ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਜੋ ਵਾਕਿਆਤ ਇਸ ਪਵਿੱਤਰ ਸਦਨ ਵਿੱਚ ਕੱਲ੍ਹ ਵਾਪਰੇ ਹਨ, ਉਹ ਬਹੁਤ ਹੀ ਨਿੰਦਣਯੋਗ ਹਨ ਪਰ ਗੱਲ ਇਹ ਹੈ ਕਿ ਕਸੂਰ ਸਾਡੇ ਵਿਰੋਧੀਆਂ ਦਾ ਵੀ ਨਹੀਂ ਹੈ। ਇਹ ਬੁਖਲਾਹਟ ਵਿੱਚ ਆਏ ਹੋਏ ਹਨ, ਇਨ੍ਹਾਂ ਨੂੰ ਕੋਈ ਲੀਡਰ ਨਹੀਂ ਲੱਭਦਾ। ਜੋ ਅੱਜ ਪੰਜਾਬ ਵਿੱਚ ਸਰਕਾਰ, ਜਿਸ ਲੀਡਰਸ਼ਿਪ ਤਹਿਤ ਚੱਲ ਰਹੀ ਹੈ, ਮਾਨਯੋਗ ਮੁੱਖ ਮੰਤਰੀ ਪੰਜਾਬ ਸਰਦਾਰ ਪਰਕਾਸ਼ ਸਿੰਘ ਬਾਦਲ, ਜਿਨ੍ਹਾਂ ਦੇ ਆਸ਼ੀਰਵਾਦ ਸਦਕਾ ਸਾਡੇ ਬਹੁਤ ਹੀ ਸਤਿਕਾਰਯੋਗ ਉਪ ਮੁੱਖ ਮੰਤਰੀ ਸਰਦਾਰ ਸੁਖਬੀਰ ਸਿੰਘ ਬਾਦਲ ਸਾਹਿਬ, ਸਾਡੇ ਯੂਥ ਅਕਾਲੀ ਦਲ ਦੇ ਪ੍ਰਧਾਨ

Original with;
Punjab Vidhan Sabha
Digitized by;
Panjab Digital Library

ਸਾਹਿਬ ਐਂਰ ਮਾਲ ਮੰਤਰੀ, ਪੰਜਾਬ ਸਰਦਾਰ ਬਿਕਰਮ ਸਿੰਘ ਮਜੀਠੀਆ ਜੀ ਦੀ ਅਜਿਹੀ ਲੀਡਰਸ਼ਿਪ ਤੋਂ ਇਹ ਘਬਰਾਹਟ ਵਿੱਚ ਆ ਗਏ ਹਨ। ਉਹ ਵਿਜ਼ਨ ਸਾਡੇ ਉਪ ਮੁੱਖ ਮੰਤਰੀ ਸਾਹਿਬ ਦੀ ਹੈ। ਜੋ ਉਨ੍ਹਾਂ ਦੀ ਵਿਜ਼ਨ ਹੈ ਉਸਦਾ ਮੁਕਾਬਲਾ ਸਾਡੇ ਵਿਰੋਧੀਆਂ ਕੋਲ ਤਾਂ ਕੀ ਕਿਸੇ ਕੋਲ ਵੀ ਨਹੀਂ ਹੈ। ਜੋ ਸੋਚ ਪੰਜਾਬ ਪ੍ਰਤੀ ਉਹ ਰੱਖਦੇ ਹਨ, ਉਸ ਸੋਚ ਦਾ ਇਹ ਮੁਕਾਬਲਾ ਵੀ ਨਹੀਂ ਕਰ ਸਕਦੇ। ਜਦੋਂ ਸਾਡੇ ਉਪ ਮੁੱਖ ਮੰਤਰੀ ਸਾਹਿਬ ਨੇ ਇਨ੍ਹਾਂ ਨੂੰ ਦੱਸਿਆ ਕਿ ਅਸੀਂ ਪੰਜਾਬ ਨੂੰ ਤਰੱਕੀ ਦੀਆਂ ਲੀਹਾਂ ਤੇ ਲੈ ਕੇ ਜਾਣਾ ਹੈ ਤਾਂ ਇਹ ਲੋਕ ਮਖੌਲ ਕਰਦੇ ਸਨ ਪਰ ਅੱਜ ਇਨ੍ਹਾਂ ਨੇ ਇਹ ਆਪਣੀ ਅੱਖੀਂ ਦੇਖਿਆ ਹੈ ਕਿ ਜੋ ਇਨ੍ਹਾਂ ਨੇ ਕਿਹਾ, ਉਹ ਕਰ ਵਿਖਾਇਆ ਹੈ ਐਂਰ ਪੰਜਾਬੀਆਂ ਨੇ ਵੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣਾ ਕੇ ਇਨ੍ਹਾਂ ਨੂੰ ਚਲਦਿਆਂ ਕਰ ਦਿੱਤਾ ਹੈ ਅਤੇ ਸਾਨੂੰ ਸਰਕਾਰ ਬਣਾਉਣ ਦਾ ਪੰਜਾਬੀਆਂ ਨੇ ਮਾਣ ਦਿੱਤਾ ਅਤੇ ਇਨ੍ਹਾਂ ਨੂੰ ਆਪਣੇ ਰਾਹ ਪਾ ਦਿੱਤਾ। ਸਪੀਕਰ ਸਾਹਿਬ, ਮੈਂ ਮਹਿਸੂਸ ਕਰਦਾ ਹਾਂ ਕਿ ਪਿਛਲੇ ਸਮੇਂ ਵਿੱਚ ਜੋ ਕੁਝ ਵਾਕਿਆਤ ਹੋਏ ਹਨ, ਉਹ ਬਹੁਤ ਹੀ ਨਿੰਦਣਯੋਗ ਹਨ। ਮੈਂ ਇਨ੍ਹਾਂ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਵਾਕਿਆਤ ਲਈ ਕੀ ਸਰਕਾਰ ਦੋਸ਼ੀ ਹੈ। ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਅਜਿਹੀਆਂ ਘਟਨਾਵਾਂ ਵਾਪਰਨ ਤੋਂ ਬਾਅਦ ਉਹ ਕਿਹੋ ਜਿਹੇ ਕਦਮ ਚੁੱਕਦੀ ਹੈ ਐਂਰ ਜੋ ਕਦਮ ਸਾਡੀ ਸਰਕਾਰ ਵੱਲੋਂ ਚੁੱਕੇ ਗਏ ਹਨ, ਉਹ ਕਾਬਿਲੇ-ਤਾਰੀਫ਼ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਏ.ਐਸ.ਆਈ. ਸਰਦਾਰ ਰਵਿੰਦਰਪਾਲ ਸਿੰਘ ਜੀ ਦੀ ਅੰਤਮ ਅਰਦਾਸ ਵਿੱਚ ਜਦੋਂ ਅਸੀਂ ਸਾਰੇ ਸ਼ਾਮਲ ਹੋਣ ਗਏ ਤਾਂ ਉਸ ਵਕਤ ਪਰਿਵਾਰ ਦੇ ਮੈਂਬਰਾਂ ਨੇ ਇਨ੍ਹਾਂ ਕਾਂਗਰਸੀਆਂ ਨੂੰ ਬੋਲਣ ਦਾ ਮੌਕਾ ਤੱਕ ਨਹੀਂ ਦਿੱਤਾ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਇਨ੍ਹਾਂ ਦੀ ਕਾਰਗੁਜ਼ਾਰੀ ਕੀ ਹੈ ਐਂਰ ਉਨ੍ਹਾਂ ਨੂੰ ਪਤਾ ਸੀ ਜਿਹੜੀ ਇਹ ਸਾਜ਼ਿਸ਼ ਰਚ ਰਹੇ ਹਨ। ਉਸ ਬਾਰੇ ਵਿੱਚ ਵੀ ਪਤਾ ਸੀ । ਮੈਂ ਨਾਲ ਹੀ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਪਰਿਵਾਰ ਵੱਲੋਂ ਜਿਹੜੇ ਉਥੇ ਸ਼ਰਧਾ ਦੇ ਫੁੱਲ ਸਰਦਾਰ ਰਵਿੰਦਰਪਾਲ ਸਿੰਘ ਨੂੰ ਅਰਪਿਤ ਕੀਤੇ, ਉਨ੍ਹਾਂ ਨੇ ਮਹਿਸੂਸ ਕੀਤਾ ਕਿ ਜੇ ਇਹ rarest of rare crime ਹੋਇਆ ਹੈ ਤਾਂ rarest of rare ਕਦਮ ਵੀ ਸਰਕਾਰ ਵੱਲੋਂ ਚੁੱਕੇ ਗਏ ਹਨ। ਪਰਿਵਾਰ ਦੇ ਮੈਂਬਰਾਂ ਨੇ ਮਹਿਸੂਸ ਕੀਤਾ ਕਿ ਵਾਕਿਆ ਹੀ ਪੰਜਾਬ ਵਿੱਚ ਅਜਿਹੀ ਇਹ ਪਹਿਲੀ ਸਰਕਾਰ ਹੋਈ ਹੈ ਜਿਸ ਨੇ ਇੰਨੇ ਵੱਡੇ ਕਦਮ ਚੁੱਕੇ ਹਨ ਅਤੇ ਉਸ ਪਰਿਵਾਰ ਨੂੰ ਆਪਣਾ ਪਰਿਵਾਰ ਸਮਝਦਿਆਂ ਹੋਇਆਂ ਆਪਣੇ ਦਿਲ ਨਾਲ ਲਾਇਆ ਹੈ। ਸਪੀਕਰ ਸਾਹਿਬ, ਇਹ ਗੱਲਾਂ ਕਰਦੇ ਹਨ ਕਿ ਅੱਜ ਪੰਜਾਬ ਵਿੱਚ ਹਾਲਾਤ ਠੀਕ ਨਹੀਂ ਹਨ। ਸਪੀਕਰ ਸਾਹਿਬ, ਸਾਨੂੰ ਇਹ ਦੇਖਣਾ ਪਏਗਾ ਕਿ ਇਸ ਪਿੱਛੇ ਕਾਰਨ ਕੀ ਹਨ? ਕਾਰਨ ਹਨ ਜੋ ਸਮਾਜ ਦੇ ਵਿੱਚ ਗਿਰਾਵਟ ਆਈ ਹੈ। ਅੱਜ ਸਾਡਾ ਸਮਾਜ ਕਿਸ ਰੁਖ ਵੱਲ ਤੁਰ ਪਿਆ ਹੈ, ਇਹ ਸਾਨੂੰ ਦੇਖਣਾ ਪਏਗਾ। ਸਾਨੂੰ ਸਾਰਿਆਂ ਨੂੰ ਆਪਣੇ ਅੰਦਰ ਝਾਤ ਮਾਰਨੀ

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਸਿੱਖਿਆ]

ਪਏਗੀ। ਸਪੀਕਰ ਸਾਹਿਬ, ਇਹ ਜੋ ਅੱਜ ਨੌਜਵਾਨਾਂ ਨੂੰ ਵਿਰਸਾ ਪਰੋਸਿਆ ਜਾ ਰਿਹਾ ਹੈ ਜੋ ਅਸ਼ਲੀਲਤਾ ਭਰੇ ਗਾਣੇ ਅੱਜ ਬਜ਼ਾਰ ਵਿੱਚ ਵੇਚੇ ਜਾ ਰਹੇ ਹਨ, ਜੋ ਫਿਲਮਾਂ ਅੱਜ ਬਜ਼ਾਰ ਵਿੱਚ ਆ ਰਹੀਆਂ ਹਨ, ਇਹ ਕਿਸ ਪਾਸੇ ਲੈ ਕੇ ਜਾ ਰਹੀਆਂ ਹਨ। ਇਕ ਫਿਲਮ ਆਉਂਦੀ ਹੈ ਮਿਰਜ਼ਾ-2012, ਇਹ ਸਮਾਜ ਨੂੰ ਕਿਹੜੇ ਪਾਸੇ ਲੈ ਕੇ ਜਾ ਰਹੇ ਹਨ ? ਅੱਜਕੱਲ੍ਹ ਇਕ ਗਾਣਾ ਚਲ ਰਿਹਾ ਹੈ 'ਮੂਹਰੇ ਜੱਟ ਖਾੜਕੂ ਖੜਾ', ਦੱਸੋ ਇਹ ਸਾਨੂੰ ਕਿਹੜੇ ਪਾਸੇ ਲੈ ਕੇ ਜਾ ਰਿਹਾ ਹੈ।

ਮਾਨਯੋਗ ਸਪੀਕਰ : ਕਿਰਪਾ ਕਰਕੇ ਕਨਕਲੂਡ ਕਰੋ।

ਮੁੱਖ ਸੰਸਦੀ ਸਕੱਤਰ, ਸਿੱਖਿਆ : ਸਰ, ਸੈਂਟਰ ਵੱਲੋਂ ਚਲਾਏ ਜਾਂਦੇ ਸੈਂਸਰ ਬੋਰਡ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਹਰ ਉਸ ਚੀਜ਼ ਨੂੰ ਜਿਹੜੀ ਬਜ਼ਾਰ ਵਿੱਚ ਆ ਰਹੀ ਹੈ ਅਤੇ ਜਿਸ ਨੂੰ ਨੌਜਵਾਨਾਂ ਨੇ ਵੇਖਣਾ ਹੈ, ਉਸ ਨੂੰ ਚੰਗੀ ਤਰ੍ਹਾਂ ਵੇਖ ਕੇ, ਘੋਖ ਕਰਕੇ, ਸੋਧ ਕਰਕੇ ਕਿ ਇਹ ਸਾਡੇ ਸਮਾਜ ਵਾਸਤੇ ਚੰਗਾ ਹੈ ਜਾਂ ਨਹੀਂ ਤਾਂ ਹੀ ਬਜ਼ਾਰ ਵਿੱਚ ਆਉਣ ਦੇਣਾ ਚਾਹੀਦਾ ਹੈ।

ਮਾਨਯੋਗ ਸਪੀਕਰ : ਕਿਰਪਾ ਕਰਕੇ ਹੁਣ ਕਨਕਲੂਡ ਕਰੋ।

ਮੁੱਖ ਸੰਸਦੀ ਸਕੱਤਰ, ਸਿੱਖਿਆ : ਸਪੀਕਰ ਸਾਹਿਬ, ਮੇਰੇ ਤੋਂ ਪਹਿਲਾਂ ਬੁਲਾਰਿਆਂ ਨੇ ਆਪਣੀ ਸਾਰੀ ਗੱਲ ਕਹੀ ਹੈ। ਮੈਂ ਕੇਵਲ 5-10 ਮਿੰਟ ਲੈਣੇ ਹਨ। ਜ਼ਿਆਦਾ ਸਮਾਂ ਨਹੀਂ ਲੈਣਾ।........

ਮਾਨਯੋਗ ਸਪੀਕਰ : ਨਹੀਂ, ਨਹੀਂ, ਨਹੀਂ। ਅਸੀਂ ਪ੍ਰਾਈਵੇਟ ਮੈਂਬਰਾਂ ਦੇ ਰੈਜ਼ੋਲਿਊਸ਼ਨ ਦਾ ਟਾਈਮ ਲੈ ਰਹੇ ਹਾਂ.....

ਮੁੱਖ ਸੰਸਦੀ ਸਕੱਤਰ, ਸਿੱਖਿਆ : ਸਪੀਕਰ ਸਾਹਿਬ, ਤੁਸੀਂ ਡਿਪਟੀ ਮੁੱਖ ਮੰਤਰੀ ਸਾਹਿਬ ਤੋਂ ਟਾਈਮ ਲੈ ਲਵੋ। (ਹਾਸਾ) ਮੈਂ ਬੇਨਤੀ ਕਰਦਾ ਹਾਂ ਕਿ ਮੈਨੂੰ ਥੋੜ੍ਹਾ ਜਿਹਾ ਟਾਈਮ ਦੇ ਦਿਉ। .....

ਮਾਨਯੋਗ ਸਪੀਕਰ : ਤੁਸੀਂ ਮੈਨੂੰ ਲਿਖਤੀ ਦੇ ਦਿਉ। That will become part of the proceedings.

ਮੁੱਖ ਸੰਸਦੀ ਸਕੱਤਰ, ਸਿੱਖਿਆ : ਸਪੀਕਰ ਸਾਹਿਬ, ਕੇਵਲ 5 ਮਿੰਟ ਦੇ ਦਿਉ ਜੀ।

ਉੱਪ ਮੁੱਖ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੂੰ 3-4 ਮਿੰਟ ਦੇ ਦਿਉ ਜੀ।

ਮੁੱਖ ਸੰਸਦੀ ਸਕੱਤਰ, ਸਿੱਖਿਆ : ਵੇਖੋ ਜੀ, ਉਪ ਮੁੱਖ ਮੰਤਰੀ ਜੀ ਵੱਲੋਂ

Original with;
Punjab Vidhan Sabha
Digitized by;
Punjab Digital Library

ਬੇਨਤੀ ਆ ਗਈ ਹੈ। ਮੈਨੂੰ 5 ਮਿੰਟ ਦੇ ਦਿਉ ਜੀ।

ਮਾਨਯੋਗ ਸਪੀਕਰ : ਮੈਂ ਪ੍ਰਾਈਵੇਟ ਮੈਂਬਰਾਂ ਦਾ ਬਿਜ਼ਨਸ ਵੀ ਲੈਣਾ ਹੈ।

ਮੁੱਖ ਸੰਸਦੀ ਸਕੱਤਰ, ਸਿੱਖਿਆ : ਬੱਸ, ਪੰਜ ਮਿੰਟ ਸਰ, ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਕਬੀਰ ਸਾਹਿਬ ਦੀ ਬਾਣੀ ਵਿੱਚੋਂ ਇਕ ਤੁੱਕ ਹੈ :

ਅਵਰਨ ਹਸਤ ਆਪ ਰਹਿ ਕਾਨੈ ॥ ਤਿਨ ਕਉ ਦੇਖਿ ਕਬੀਰ ਲਜਾਨੈ॥

ਕਾਂਗਰਸ ਦੀ ਦਾਸਤਾਨ ਇੱਥੋਂ ਸ਼ੁਰੂ ਹੁੰਦੀ ਹੈ। ਇਹ ਮੇਰੇ ਵੀਰ ਕੱਲ੍ਹ ਇੱਥੇ ਬੜੀਆਂ ਵੱਡੀਆਂ ਵੱਡੀਆਂ ਗੱਲਾਂ ਕਰ ਰਹੇ ਸੀ। ਜਾਖੜ ਸਾਹਿਬ ਨੇ ਵੀ ਆਪਣੇ ਤਰੀਕੇ ਨਾਲ ਆਪਣੀ ਗੱਲ ਕਹਿਣ ਦੀ ਕੋਸ਼ਿਸ਼ ਕੀਤੀ ਹੈ। ਸਪੀਕਰ ਸਾਹਿਬ, ਜਿਹੜੀ ਗੱਲ ਉਨ੍ਹਾਂ ਨੂੰ ਕਰਨੀ ਚਾਹੀਦੀ ਸੀ, ਉਸ ਵੱਲ ਉਨ੍ਹਾਂ ਦਾ ਧਿਆਨ ਨਹੀਂ ਗਿਆ ਅਤੇ ਜਿਹੜੀ ਗੱਲ ਕੀਤੀ ਵੀ, ਉਸ ਨਾਲ ਉਹ ਗੱਲ ਬਣ ਨਹੀਂ ਸਕੀ। ਸਪੀਕਰ ਸਾਹਿਬ, ਇਹ ** ਨੂੰ ਟਿਕਟਾਂ ਦਿੰਦੇ ਹਨ। ਮੇਰੇ ਹਲਕੇ ਵਿੱਚ ਮੇਰੇ ਸਾਹਮਣੇ ਇੱਕ ਵਿਰੋਧੀ ਆਇਆ। ਇਨ੍ਹਾਂ ਨੂੰ ਉਥੇ ਬੜੀ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਕੋਈ ਚੰਗਾ ਕੈਂਡੀਡੇਟ ਨਹੀ ਮਿਲਿਆ। ਇਨ੍ਹਾਂ ਨੇ ਅਖੀਰ ਉਥੇ ** ਕੈਂਡੀਡੇਟ ਦਿੱਤਾ। ** ਜੋ ਉਸ ਨੇ ਕੀਤਾ, ਉਸ ਦੀ ਦਾਸਤਾਨ ਇਹ ਹੈ । ਸਪੀਕਰ ਸਾਹਿਬ, ਮੇਰੇ ਤੋਂ ਪਹਿਲਾਂ ਵਲਟੋਹਾ ਸਾਹਿਬ ਨੇ ਵੀ 2005 ਦੀ ਬਾਈ ਇਲੈਕਸ਼ਨ ਵਿਚ ਉਸ ਦੀ ਕਰਤੂਤ ਬਾਰੇ ਦੱਸਿਆ ਹੈ ਕਿ ਕਿਸ ਤਰ੍ਹਾਂ ਸਾਡੇ ਲੀਡਰ ਸਾਹਿਬਾਨ ਨੂੰ ਆਪਣੀ ਜਾਨ ਬਚਾ ਕੇ ਉੱਥੋਂ ਭੱਜਣਾ ਪਿਆ। ਵਰ੍ਹਦੀਆਂ ਗੋਲੀਆਂ ਵਿੱਚੋਂ ਸਾਡੇ ਲੀਡਰ ਸਾਹਿਬਾਨ ਨੂੰ ਆਪਣੀ ਜਾਨ ਬਚਾ ਕੇ ਉਥੋਂ ਭੱਜਣਾ ਪਿਆ ਕਿਉਂ ਜੋ ਉਨ੍ਹਾਂ ਦੀ ** ਦੀ ਸੀ। ਸਪੀਕਰ ਸਾਹਿਬ, 2007 ਦੀ ਇਲੈਕਸ਼ਨ ਵਿੱਚ ਸਾਡੇ ਇੱਕ ਵਰਕਰ ਸਾਹਿਬਾਨ ** ਨੂੰ ** ਭਰਾਵਾਂ ਵੱਲੋਂ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ** ਭਰਾ ਐਸ. ਪੀ. ** ਵੱਲੋਂ ਸ਼ਰ੍ਹੇਆਮ ਏ.ਕੇ. 47 ਲੈ ਕੇ ਉਥੇ ਗੋਲ੍ਹੀਆਂ ਚਲਾਈਆਂ। ਉਸ ਦਾ ਡਾਕੂਮੈਂਟਡ ਪਰੂਫ, ਇੱਕ ਸੀ.ਡੀ ਜਿਸ ਵਿੱਚ ਐਸ.ਪੀ. ** ਨੇ ਹੱਥ ਵਿੱਚ ਏ. ਕੇ. 47 ਫੜ੍ਹ ਕੇ ਗੋਲੀਆਂ ਚਲਾਈਆਂ ਜੋ ਕਿ ਬੜੀ ਸ਼ਰਮਨਾਕ ਗੱਲ ਹੈ। ਉਸ ਤੋਂ ਅਗਲੇ ਦਿਨ ** ਆਉਂਦਾ ਹੈ ਕਿ ** given clean chit to ** ਉਸ ਵਿੱਚ ਲਿਖਿਆ ਸੀ ਕਿ ਮੈਂ ਜਿਹੜੀ ਸੀ.ਡੀ. ਵੇਖੀ ਹੈ, ਉਸ ਵਿੱਚ ** ਨੇ ਅਸਾਲਟ ਫੜੀ ਹੈ, ਪਰ ਗੋਲੀਆਂ ਚਲਾਉਂਦਾ ਨਹੀਂ ਵੇਖਿਆ। ਗੋਲੀਆਂ ਦੀ ਆਵਾਜ਼ ਪਿੱਛੋਂ ਆ ਰਹੀ ਹੈ। ਬੰਦਾ ਪੁੱਛੇ ਕਿ ਕੀ ਕਾਨੂੰਨ ਸਾਨੂੰ ਇਜਾਜ਼ਤ ਦਿੰਦਾ ਹੈ ਕਿ ਅਸੀਂ ਏ.ਕੇ. 47 ਹੱਥ ਵਿੱਚ ਫੜ੍ਹ ਸਕਦੇ ਹਾਂ। ਕੀ ਅਸੀਂ ** ਕਰ ਸਕਦੇ ਹਾਂ ? ਸਪੀਕਰ ਸਾਹਿਬ, ਇਨ੍ਹਾਂ ਕਾਂਗਰਸੀਆਂ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ, ਸਿੱਖਿਆ]

ਦੀਆਂ ਗੱਲਾਂ ਇੱਥੇ ਹੀ ਖਤਮ ਨਹੀਂ ਹੋਣੀਆਂ। ਸਾਡੇ ਸਾਹਮਣੇ ਬੈਠੇ ਵਿਰੋਧੀ ਬੈਂਚਾਂ ਵਿੱਚ ** ਨੂੰ ਟਿਕਟਾਂ ਦੇ ਕੇ ਇੱਥੇ ਭੇਜ ਦਿੱਤਾ ਹੈ। ** ਪੂਰੀ ਦੁਨੀਆਂ ਨੂੰ ਪਤਾ ਹੈ। ਇਸ ਘਟਨਾ ਨਾਲ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਸ਼ਰਮਸਾਰ ਹੋਈ ਹੈ। ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਇਹੋ ਜਿਹੇ ਬੰਦਿਆਂ ਨੂੰ ਟਿਕਟ ਦੇ ਕੇ ਇਸ ਪਵਿੱਤਰ ਤੇ ਪਾਵਨ ਸਦਨ ਵਿੱਚ ਭੇਜਣਗੇ ? ਜਿਹੜਾ ਕੱਲ੍ਹ ਇੱਥੇ ਵਾਕਿਆ ਹੋਇਆ। ਉਸ ਵਿੱਚ ਕੀ ਮੈਂਬਰ ** ਦਾ ** ਨਾਲ, ਜਿਸ ਨੇ ਕੀ ਪੌਂਟੀ ਚੱਢਾ ਦਾ ਕਤਲ ਕੀਤਾ ਹੈ, ਉਸ ਨਾਲ ਗੱਲਾਂਬਾਤਾਂ ਨਹੀਂ ਹੋਈਆਂ ? ਕੀ ਇਸ ਦੇ ਉਸ ਨਾਲ ਡਾਇਰੈਕਟ ਲਿੰਕ ਨਹੀਂ ਸਨ? ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ** ਨੂੰ ਪੌਂਟੀ ਚੱਢੇ ਨਾਲ ਮਿਲਾਉਣ ਵਾਲਾ ਕੌਣ ਸੀ ? ਇਹ ** ਹੀ ਹੈ ਜਿਸ ** ਨੇ ** ਨੂੰ ਪਹਿਲੀ ਵਾਰੀ ਪੌਂਟੀ ਚੱਢੇ ਨਾਲ ਮਿਲਾਇਆ ਸੀ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਪਾਪੀਆਂ ਦੇ ਪਾਪ ਦਾ ਕੱਚਾ ਚਿੱਠਾ ਖੋਲ੍ਹਿਆ ਜਾਵੇ ਅਤੇ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਕਰਕੇ ਵਿਖਾਇਆ ਜਾਵੇ। ਸਪੀਕਰ ਸਾਹਿਬ, ਤੁਸੀਂ ਸਮਾਂ ਬਹੁਤ ਘੱਟ ਦਿੱਤਾ ਹੈ। ਗੱਲਾਂ ਬਹੁਤ ਕਰਨ ਵਾਲੀਆਂ ਸਨ। ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ। ਬਹੁਤ ਬਹੁਤ ਧੰਨਵਾਦ। (ਥੰਪਿੰਗ)

ਮਾਨਯੋਗ ਸਪੀਕਰ : ਸ੍ਰੀ ਮਨੋਰੰਜਨ ਕਾਲੀਆ ਜੀ। ਸਿਰਫ ਪੰਜ ਮਿੰਟ ਹੀ ਬੋਲਣਾ ਕਿਉਂਕਿ ਪ੍ਰਾਈਵੇਟ ਮੈਂਬਰਾਂ ਦੇ ਬਿੱਲਜ਼ ਦਾ ਸਮਾਂ ਲੈ ਰਹੇ ਹਾਂ।

ਸ਼੍ਰੀ ਮਨੋਰੰਜਨ ਕਾਲੀਆ (ਜਲੰਧਰ ਕੇਂਦਰੀ) : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਆਭਾਰੀ ਹਾਂ ਕਿ ਤੁਸੀਂ ਮੈਨੂੰ ਲਾਅ ਐਂਡ ਆਰਡਰ ਤੇ ਬੋਲਣ ਦਾ ਮੌਕਾ ਦਿੱਤਾ ਹੈ। ਕਾਨੂੰਨ ਵਿਵਸਥਾ ਬਹੁਤ ਹੀ ਸੰਵੇਦਨਸ਼ੀਲ ਮਸਲਾ ਹੈ। ਜਦੋਂ ਵਿਪਕਸ਼ ਨੇ ਮੰਗ ਕੀਤੀ ਕਿ ਇਸ ਤੇ ਬਹਿਸ ਹੋਣੀ ਚਾਹੀਦੀ ਹੈ ਤਾਂ ਮੈਂ ਸੋਚ ਰਿਹਾ ਸੀ ਕਿ ਸਾਲ ਵਿੱਚ ਜਿਹੜੀਆਂ ਕੋਈ ਕਮੀਆਂ ਰਹਿ ਗਈਆਂ ਹਨ, ਕਾਨੂੰਨ ਵਿਵਸਥਾ ਨੂੰ ਮੇਨਟੇਨ ਕਰਨ ਲਈ, ਉਹ ਕੱਢਣਗੇ ਔਰ ਜਮਹੂਰੀਅਤ ਵਿੱਚ ਜਿਹੜੇ ਚੈੱਕ ਐਂਡ ਬੈਲੰਸ ਹੁੰਦੇ ਹਨ, ਉਹ ਪਕਸ਼ ਔਰ ਵਿਪਕਸ਼ ਦੋਵਾਂ ਦੇ ਸਹਿਯੋਗ ਨਾਲ ਹੀ ਮੇਨਟੇਨ ਹੁੰਦੇ ਹਨ। ਲੇਕਿਨ ਅਫਸੋਸ ਨਾਲ ਕਹਿਣਾ ਪੈਂਦਾ ਹੈ, ਜਿਸ ਢੰਗ ਨਾਲ ਕੱਲ੍ਹ ਉਨ੍ਹਾਂ ਨੇ ਵਿਵਹਾਰ ਕੀਤਾ ਔਰ ਅੱਜ ਇਸ ਅਹਿਮ ਮਸਲੇ ਤੇ ਬਾਈਕਾਟ ਕੀਤਾ, ਇਸ ਦੀ ਜਿੰਨੀ ਵੀ ਨਿਖੇਧੀ ਕੀਤੀ ਜਾਵੇ, ਥੋੜ੍ਹੀ ਹੈ। ਮਾਨਯੋਗ ਸਪੀਕਰ ਸਾਹਿਬ, ਕਾਨੂੰਨ ਵਿਵਸਥਾ ਇੱਕ ਸੰਵੇਦਨਸ਼ੀਲ ਮਸਲਾ ਹੈ ਔਰ ਹਰ ਇਕ ਸਰਕਾਰ ਦਾ ਇਹ ਧਰਮ ਹੈ ਕਿ ਕਾਨੂੰਨ ਵਿਵਸਥਾ, ਅਮਨ-ਸ਼ਾਂਤੀ ਬਣਾਈ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਰੱਖੇ। ਜਦੋਂ ਵੀ ਕੋਈ ਵਾਰਦਾਤ, ਚੋਰੀ, ਡਕੈਤੀ, ਹੱਤਿਆ ਹੁੰਦੀ ਹੈ, ਤਾਂ ਸਰਕਾਰ ਤੇ ਅਕਸ ਆਉਂਦਾ ਹੈ। ਦੋ ਘਟਨਾਵਾਂ ਹੋਈਆਂ। ਚਾਹੇ ਅੰਮ੍ਰਿਤਸਰ ਹੋਈ ਤੇ ਚਾਹੇ ਸ਼ਰੂਤੀ ਦੀ ਜਿਹੜੀ ਘਟਨਾ ਹੋਈ, ਉਸ ਤੇ ਅਕਸ ਆਇਆ, ਉਸ ਦਾ ਅਫਸੋਸ ਹੈ ਲੇਕਿਨ ਕੀ ਐਸੀ ਕੋਈ ਸਰਕਾਰ ਹੈ, ਚਾਹੇ ਦੇਸ਼ ਦੀ, ਚਾਹੇ ਪ੍ਰਦੇਸ਼ ਦੀ ਸਰਕਾਰ, ਜਿਸ ਦੇ ਕਾਰਜਕਾਲ ਵਿੱਚ ਕੋਈ ਵੀ ਘਟਨਾ ਨਾ ਹੋਈ ਹੋਵੇ, ਕੋਈ ਚੋਰੀ, ਡਕੈਤੀ, ਹੱਤਿਆ ਨਾ ਹੋਈ ਹੋਵੇ। ਕੋਈ ਐਸੀ ਸਰਕਾਰ ਨਹੀਂ ਜਿਸ ਦੇ ਕਾਰਜਕਾਲ ਵਿੱਚ ਕੋਈ ਵੀ ਘਟਨਾ ਨਾ ਹੋਵੇ। ਪਰ ਹਾਂ, ਜੇ ਕੋਈ ਘਟਨਾ ਹੋਈ ਹੈ ਤਾਂ ਸਰਕਾਰ ਦਾ ਪ੍ਰਯਾਸ ਹੋਣਾ ਚਾਹੀਦਾ ਹੈ ਕਿ ਉਸ ਦੋਸ਼ੀ ਨੂੰ ਫੜਿਆ ਜਾਵੇ, ਉਸ ਨੂੰ ਸਜ਼ਾ ਮਿਲੇ ਔਰ ਉਸ ਤੋਂ ਸਬਕ ਲੈਂਦਿਆਂ ਹੋਇਆਂ ਅਗਾਂਹ ਫਿਰ ਆਪਣੀ ਪੁਲਿਸ ਨੂੰ, ਆਪਣੇ ਪ੍ਰਸ਼ਾਸਨ ਨੂੰ ਚੁਸਤ-ਦਰੁਸਤ ਕਰਨਾ ਚਾਹੀਦਾ ਹੈ ਕਿ ਅੱਗੇ ਤੋਂ ਘਟਨਾ ਨਾ ਵਾਪਰੇ। ਇਹ ਗੱਲ ਕਿਸੇ ਪੈਰਾਮੀਟਰ ਵਿੱਚ ਦੇਖੀਏ ਤਾਂ ਇਮੀਜੀ-ਏਟਲੀ ਕਾਰਵਾਈਆਂ ਹੋਈਆਂ ਹਨ। ਦੋਹਾਂ ਘਟਨਾਵਾਂ ਵਿੱਚ ਕਾਰਵਾਈ ਹੋਈ ਹੈ। ਕਿਸੇ ਨੇ ਉਸ ਨੂੰ ਸਲਾਹਿਆ ਨਹੀਂ ਹੈ। ਕੇਸ ਰਜਿਸਟਰਡ ਕੀਤਾ ਗਿਆ। ਦੋਸ਼ੀ ਫੜੇ ਗਏ। ਦੋਸ਼ੀਆਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਔਰ ਕਾਨੂੰਨ ਆਪਣੀ ਕਾਰਵਾਈ ਕਰ ਰਿਹਾ ਹੈ। ਕਾਨੂੰਨ ਦੇ ਉੱਪਰ ਕੋਈ ਵੀ ਨਹੀਂ ਹੈ। ਅੱਜ ਵਿਰੋਧੀ ਧਿਰ ਦੇ ਸਾਥੀ ਨਹੀਂ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ 65 ਸਾਲਾਂ ਵਿੱਚੋਂ 40-45 ਸਾਲ ਕੇਂਦਰ ਵਿੱਚ ਰਾਜ ਕੀਤਾ। ਪ੍ਰਦੇਸ਼ਾਂ ਵਿੱਚ ਰਾਜ ਕੀਤਾ। ਕੀ ਇਨ੍ਹਾਂ ਦੇ ਸਮੇਂ ਕੋਈ ਘਟਨਾ ਨਹੀਂ ਹੋਈ ? ਮੇਰੇ ਸਾਥੀ ਨੇ ਜ਼ਿਕਰ ਕੀਤਾ, ਕੇਤੀਆ ਕਾਂਡ ਦਾ। ਮੇਰੇ ਸਾਥੀ ਸੁਨੀਲ ਜਾਖੜ ਜੀ ਇੱਥੇ ਹੁੰਦੇ ਤੇ ਪੁੱਛਦਾ ਕਿ ਤੰਦੂਰ ਕਾਂਡ ਹੋਇਆ ਸੀ। ਇਸ ਤੋਂ ਇਲਾਵਾ ਦਿੱਲੀ ਵਿੱਚ ਜਿਹੜੀ ਹੁਣ ਘਟਨਾ ਹੋਈ, ਇਸ ਦੀ ਜਿੰਨੀ ਨਿਖੇਧੀ ਕੀਤੀ ਜਾਵੇ, ਉਹ ਥੋੜ੍ਹੀ ਹੈ। ਹਾਈਐਸਟ ਕਰਾਈਮ ਰੇਟ ਦਿੱਲੀ ਦਾ ਹੈ, ਜਿੱਥੇ ਕੇਂਦਰ ਦੀ ਸਰਕਾਰ ਵੀ ਹੈ ਔਰ ਦਿੱਲੀ ਵਿੱਚ ਪ੍ਰਦੇਸ਼ ਸਰਕਾਰ ਵੀ ਹੈ ਤੇ ਦੋਹਾਂ ਜਗ੍ਹਾ ਤੇ ਸਰਕਾਰ ਵਿੱਚ ਕਾਂਗਰਸ ਪਾਰਟੀ ਹੈ। ਇਹ ਕਹਿੰਦੇ ਹਨ ਕਿ ਇੱਥੇ ਗਵਰਨਰ ਰੂਲ ਲਾਗੂ ਕਰ ਦਿਓ ਤਾਂ ਫਿਰ ਜਿਹੜਾ ਕਾਂਡ ਦਿੱਲੀ ਵਿੱਚ ਪਰਸੋਂ ਹੋਇਆ ਹੈ, ਉਸ ਲਈ ਕੀ ਕਰਨਾ ਚਾਹੀਦਾ ਹੈ। ਕੀ ਕੇਂਦਰ ਸਰਕਾਰ ਨੂੰ ਅਸਤੀਫਾ ਦੇਣਾ ਚਾਹੀਦਾ ਹੈ ? ਕੀ ਦਿੱਲੀ ਦੀ ਸਰਕਾਰ ਨੂੰ ਅਸਤੀਫਾ ਦੇਣਾ ਚਾਹੀਦਾ ਹੈ? ਕਿਉਂਕਿ ਪੈਰਾਮੀਟਰ ਤਾਂ ਇੱਕੋ ਹੀ ਹੋਣੇ ਚਾਹੀਦੇ ਹਨ। ਲੇਕਿਨ ਨਹੀਂ। ਕਿਉਂਕਿ ਕੋਈ ਵੀ ਪਰਫੈਕਟ ਨਹੀਂ ਹੈ। ਕੋਈ ਵੀ ਸਰਕਾਰ ਸਤ-ਪ੍ਰਤੀਸ਼ਤ ਰਿਜ਼ਲਟਸ ਨਹੀਂ ਦੇ ਸਕਦੀ। ਹਾਂ ਉਸ ਦੇ ਵੱਲ ਪ੍ਰਯਾਸ ਸਤ-ਪ੍ਰਤੀਸ਼ਤ ਹੋਣਾ ਚਾਹੀਦਾ ਹੈ। ਜੇ ਪ੍ਰਯਾਸ ਨਾ ਹੋਵੇ ਫਿਰ ਦੋਸ਼ੀ ਹਾਂ। ਠੀਕ ਹੈ, ਸ਼੍ਰੋਮਣੀ ਅਕਾਲੀ ਦਲ ਦਾ ਕਾਰਿਆਕਰਤਾ ਸੀ। ਕੀ ਬਤੌਰ ਅਧਿਅਕਸ਼, ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸੁਖਬੀਰ ਸਿੰਘ ਬਾਦਲ ਜੀ ਨੇ ਉਸ ਨੂੰ ਕੱਢਿਆ ਨਹੀਂ ? ਕੱਢ ਦਿੱਤਾ ਪਾਰਟੀ ਵਿੱਚੋਂ। ਕਾਰਵਾਈ ਹੋਈ ਹੈ। ਹਾਂ, ਜੇ ਕਾਰਵਾਈ ਨਾ ਹੁੰਦੀ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਮਨੋਰੰਜਨ ਕਾਲੀਆ]

ਫਿਰ ਕਹਿੰਦੇ ਕਿ ਇਹ ਸਟੇਟ ਸਪਾਂਸਰਡ ਹੈ। ਉਸੇ ਤਰ੍ਹਾਂ, ਜਿਸ ਤਰ੍ਹਾਂ 1984 ਦੇ ਦੰਗੇ ਹੋਏ ਸੀ। ਉਹ ਸੀ ਸਟੇਟ ਸਪਾਂਸਰਡ। ਉਸ ਵਿੱਚ ਲੋਕਾਂ ਨੂੰ ਟਾਇਰ ਪਾ ਕੇ ਜਲਾਇਆ ਗਿਆ। ਉਹ ਸਟੇਟ ਸਪਾਂਸਰਡ ਸੀ। ਲੇਕਿਨ ਕਿਸੇ ਨੇ ਇਸ ਗੱਲ ਨੂੰ ਸਲਾਹਿਆ ਨਹੀਂ। ਉਸ ਦੇ ਖਿਲਾਫ ਕਾਰਵਾਈ ਕੀਤੀ ਗਈ ਹੈ ਔਰ ਕੇਸ ਰਜਿਸਟਰਡ ਹੋਏ ਹਨ। ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਦੇ ਵੇਲੇ ਦਾ ਇਤਿਹਾਸ ਬੜਾ ਲੰਬਾ ਹੈ। ਕੇਤੀਆ ਕਾਂਡ ਦਾ ਜ਼ਿਕਰ ਕੀਤਾ। ਗਰਚਾ ਕਾਂਡ ਵੀ ਪੰਜਾਬ ਵਿੱਚ ਹੋਇਆ ਸੀ। ਇਸੇ ਤਰ੍ਹਾਂ ਸਵਾਲ ਇਸ ਗੱਲ ਦਾ ਹੈ ਕਿ ਜੇਕਰ ਕੋਈ ਘਟਨਾ ਹੋ ਜਾਵੇ ਤਾਂ ਉਸ ਨੂੰ ਜਸਟੀਫਾਈ ਨਹੀਂ ਕਰਨਾ ਚਾਹੀਦਾ। ਮਾਨਯੋਗ ਸਪੀਕਰ ਸਾਹਿਬ, ਜਦੋਂ 2002 ਤੋਂ ਲੈ ਕੇ 2007 ਤੱਕ ਕਾਂਗਰਸ ਦੀ ਸਰਕਾਰ ਸੀ ਤਾਂ ਤੁਹਾਨੂੰ ਯਾਦ ਹੋਣਾ ਹੈ ਕਿ ਲੁਧਿਆਣਾ ਵਿੱਚ ਨਰਸਾਂ ਨਾਲ ਬਦਸਲੂਕੀ ਕੀਤੀ ਸੀ। ਇਹ ਪੁਲਿਸ ਨੇ ਕੀਤੀ ਸੀ। ਇੱਥੇ ਕਿਸੇ ਤੇ ਪੁਲਿਸ ਨੇ ਤਸ਼ੱਦਦ ਤਾਂ ਨਹੀਂ ਕੀਤਾ, ਬਦਸਲੂਕੀ ਤਾਂ ਨਹੀਂ ਕੀਤੀ। ਉਦੋਂ ਬਦਸਲੂਕੀ ਕੀਤੀ ਸੀ। ਮਾਨਯੋਗ ਸਪੀਕਰ ਸਾਹਿਬ, ਉਦੋਂ ਉਸ ਵਕਤ ਦੇ ਮੁੱਖ ਮੰਤਰੀ ਨੇ ਕਿਹਾ ਸੀ ਕਿ ਇਨ੍ਹਾਂ ਨਾਲ ਇਸ ਤਰ੍ਹਾਂ ਹੀ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਜਸਟੀਫਾਈ ਕੀਤਾ ਸੀ ਲੇਕਿਨ ਅੱਜ ਕਿਸੇ ਨੇ ਇਸ ਗੱਲ ਨੂੰ ਸਲਾਹਿਆ ਨਹੀਂ ਹੈ। ਜੋ ਗਲਤ ਹੈ, ਉਸ ਨੂੰ ਗਲਤ ਕਹਿਣਾ ਚਾਹੀਦਾ ਹੈ ਅਤੇ ਜੋ ਠੀਕ ਹੈ, ਉਸ ਨੂੰ ਠੀਕ ਕਹਿਣਾ ਚਾਹੀਦਾ ਹੈ। ਪੈਰਾਮੀਟਰ ਡਿਫਰੈਂਟ ਨਹੀਂ ਹੁੰਦੇ। ਇਨ੍ਹਾਂ ਨੇ ਸਲਾਹਿਆ ਨਹੀਂ ਹੈ। ਜਿੱਥੇ ਹੱਤਿਆ ਹੋਈ ਤਾਂ ਕੀ ਡਾਇਰੈਕਟਰ ਜਨਰਲ, ਪੁਲਿਸ ਉਨ੍ਹਾਂ ਦੇ ਘਰ ਨਹੀਂ ਗਏ ? ਉਪ ਮੁੱਖ ਮੰਤਰੀ ਵੀ ਗਏ ਕਿ ਮੇਰਾ ਇਹ ਆਪਣਾ ਘਰ ਹੈ। ਉਨ੍ਹਾਂ ਦੇ ਕੋਲ ਜਾ ਕੇ ਬੈਠੇ। ਉਨ੍ਹਾਂ ਕੋਲ ਬੈਠ ਕੇ ਅਫਸੋਸ ਕੀਤਾ। ਇੱਕ ਜਿਹੜੀ ਵਿਅਕਤੀ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਮੈਨੂੰ ਵੀ ਦਰਦ ਹੈ ਕਿਉਂਕਿ ਸ਼ਾਸਕ ਦਾ, ਰਾਜੇ ਦਾ, ਮੁੱਖ ਮੰਤਰੀ ਦਾ ਧਰਮ ਹੁੰਦਾ ਹੈ ਕਿ ਆਪਣੀ ਪਰਜਾ ਤੇ ਕਿਸੇ ਵੀ ਤਰ੍ਹਾਂ ਦਾ ਦੁੱਖ ਪਹੁੰਚੇ, ਉਸ ਨੂੰ ਆਪਣਾ ਦੁੱਖ ਮੰਨਣਾ ਚਾਹੀਦਾ ਹੈ। ਕੀ ਮੰਨਿਆ ਨਹੀਂ ? ਮੰਨਿਆ ਹੈ। ਅਕਾਲੀ-ਭਾਜਪਾ ਸਰਕਾਰ ਨੇ ਮੰਨਿਆ ਹੈ ਕਿ ਅਸੀਂ ਇਸ ਦੁੱਖ ਵਿੱਚ ਸ਼ਾਮਲ ਹੁੰਦੇ ਹਾਂ। ਕਮੀਆਂ ਦਾ ਜਿੱਥੋਂ ਤੱਕ ਸਵਾਲ ਹੈ, ਹਾਂ ਬੈਟਰ ਪੁਲਿਸਿੰਗ ਹੋਣੀ ਚਾਹੀਦੀ ਹੈ। ਕਹਿੰਦੇ ਹਨ ਕਿ there is room at the top. ਹਮੇਸ਼ਾਂ ਹੋਰ ਬਿਹਤਰ ਕਰਨ ਦੀ ਗੁੰਜਾਇਸ਼ ਹੁੰਦੀ ਹੈ। ਪੁਲਿਸਿੰਗ ਬਿਹਤਰ ਹੋਣੀ ਚਾਹੀਦੀ ਹੈ। ਕੀ ਪਿਛਲੇ ਪੰਜ ਸਾਲਾਂ ਵਿੱਚ ਅਤੇ ਹੁਣ ਦੇ ਪੰਜ ਸਾਲਾਂ ਵਿੱਚ ਪ੍ਰਯਾਸ ਨਹੀਂ ਹੋਇਆਂ? ਹੋਇਆ ਹੈ। ਮੇਰੇ ਸਾਥੀ ਬੋਲਦਿਆਂ ਹੋਇਆ ਜ਼ਿਕਰ ਕਰ ਰਹੇ ਸੀ, ਜਿਹੜੇ ਅਸੀਂ ਸਾਂਝ ਕੇਂਦਰ ਬਣਾਏ ਹਨ ਕਿ ਇਨਫਰਮੇਸ਼ਨ ਜਿਹੜੀ ਹੈ, ਕੋਈ ਐਫ.ਆਈ.ਆਰ. ਰਜਿਸਟਰ ਕਰਨ ਵਿੱਚ ਦੇਰੀ ਨਾ ਹੋਵੇ, ਬੈਟਰ ਪੁਲਿਸਿੰਗ ਹੋਵੇ, ਕੀ ਇਸ ਦਾ ਪ੍ਰਯਾਸ ਨਹੀਂ ਕੀਤਾ ? ਕਮਿਸ਼ਨਰੇਟ ਸਿਸਟਮ ਲਾਗੂ ਹੋਇਆ। ਜੇ ਮੈਂ ਕਹਾਂ

Original with;
Punjab Vidhan Sabha
Digitized by;
Punjab Digital Library

ਕਿ ਜਿਹੜੇ ਵਿਕਸਤ ਦੇਸ਼ ਹਨ, ਇੰਗਲੈਂਡ ਹੈ, ਉੱਥੇ ਪੁਲਿਸਿੰਗ ਬਹੁਤ ਬੈਟਰ ਹੈ ਤਾਂ ਕੀ ਉੱਥੇ ਟ੍ਰੇਨ ਬਲਾਸਟ ਨਹੀਂ ਹੋਏ ਸੀ ? ਟਰੇਨ ਬਲਾਸਟ ਹੋਏ ਲੇਕਿਨ ਉਸ ਤੋਂ ਬਾਅਦ ਉਹ ਦੋਸ਼ੀ ਪਕੜੇ ਗਏ। ਸਵਾਲ ਇਸ ਗੱਲ ਦਾ ਹੈ ਕਿ ਜਿੱਥੇ ਕਮੀ ਹੋਵੇ, ਉੱਥੇ ਪ੍ਰਯਾਸ ਸ਼ਤ-ਪ੍ਰਤੀਸ਼ਤ ਹੋਣਾ ਚਾਹੀਦਾ ਹੈ ਔਰ ਪਿਛਾਂਹ ਤੋਂ ਸਬਕ ਲੈਂਦਿਆਂ ਹੋਇਆਂ ਕੀ ਅੱਗੇ ਤੋਂ ਉਹ ਗੱਲ ਨਾ ਵਾਪਰੇ, ਇਸ ਗੱਲ ਦਾ ਧਿਆਨ ਰੱਖਣ ਦੀ ਲੋੜ ਹੁੰਦੀ ਹੈ। ਮਾਨਯੋਗ ਸਪੀਕਰ ਸਾਹਿਬ, ਇਸ ਲਈ ਕਿ ਬੈਟਰ ਪੁਲਿਸਿੰਗ ਹੋਵੇ, ਉਸ ਲਈ ਅਸੀਂ ਕਹੀਏ ਕਿ ਹਰ ਇਕ ਚੌਕ ਵਿੱਚ ਪੁਲਿਸ ਮੌਜੂਦ ਰਹੇ, ਇਸ ਤਰ੍ਹਾਂ ਨਹੀਂ ਹੁੰਦਾ। ਇਹ ਪਾਸੀਬਲ ਹੀ ਨਹੀਂ ਹੈ। ਉਸ ਦਾ ਇੱਕ ਡੈਟਰੈਂਟ ਇਫੈਕਟ ਹੁੰਦਾ ਹੈ ਕਿ ਪੁਲਿਸ ਦਾ ਡਰ ਪੁਲਿਸ ਨਾਲੋਂ ਜ਼ਿਆਦਾ ਕੰਮ ਕਰਦਾ ਹੈ। ਜੇ ਉਸ ਵਿੱਚ ਕਮੀ ਆਈ ਹੈ ਤਾਂ ਮੈਂ ਕਹਾਂਗਾ, ਮਾਨਯੋਗ ਉਪ ਮੁੱਖ ਮੰਤਰੀ ਜੀ ਬੈਠੇ ਹਨ ਕਿ ਉਸ ਨੂੰ ਅਸੀਂ ਹੋਰ ਬਿਹਤਰ ਬਣਾਈਏ ਕਿ ਡੈਟਰੈਂਟ ਇਫੈਕਟ ਜਿਹੜਾ ਹੈ ਕਿ ਉਸ ਨੇ ਪੁਲਿਸ ਨੂੰ ਹੱਥ ਪਾਇਆ ਹੈ ਇਸ ਦੇ ਵੀ ਬਹੁਤ ਮਾਅਨੇ ਹੁੰਦੇ ਹਨ। ਅੱਜ ਜੇ ਕਿਸੇ ਦੀ ਇਹ ਜੁਰਅਤ ਹੋ ਜਾਵੇ ਕਿ ਪੁਲਿਸ ਨੂੰ ਹੱਥ ਪਾਇਆ ਹੈ ਤਾਂ ਇਸ ਵਿੱਚ ਕਮੀ ਆਈ ਹੈ, ਉਹ ਕਮੀ ਨਾ ਆਉਣ ਦਿੱਤੀ ਜਾਵੇ। ਉਸ ਵਾਸਤੇ ਸਾਨੂੰ ਸਾਰਿਆਂ ਨੂੰ ਪ੍ਰਯਾਸ ਕਰਨਾ ਚਾਹੀਦਾ ਹੈ। ਜਿਸ ਤਰ੍ਹਾਂ ਮੇਰੇ ਸਾਥੀਆਂ ਨੇ ਵੀ ਬੋਲਦਿਆਂ ਹੋਇਆਂ ਕਿਹਾ ਹੈ ਕਿ ਕਿਸੇ ਵੀ ਕਾਰਿਆਕਰਤਾ ਬਾਰੇ ਅਸੀਂ ਕਹੀਏ ਕਿ ਇਹ ਕ੍ਰਿਮੀਨਲ ਹੈ ਤਾਂ ਕਿਸੇ ਦੇ ਮੱਥੇ ਉੱਤੇ ਤਾਂ ਇਹ ਲਿਖਿਆ ਹੋਇਆ ਨਹੀਂ ਹੈ ਕਿ ਉਹ ਕ੍ਰਿਮੀਨਲ ਹੈ। ਕੋਈ ਕੀ ਕਰਕੇ ਆਇਆ ਹੈ, ਇਹ ਕੋਈ ਵੀ ਅਧਿਕਾਰੀ ਕਿਸੇ ਪੁਲੀਟੀਕਲ ਪਾਰਟੀ ਦਾ ਦੱਸ ਨਹੀਂ ਸਕਦਾ। ਹਾਂ ਜਦੋਂ ਪਤਾ ਲੱਗ ਜਾਵੇ ਕਿ ਉਸ ਦਾ ਕ੍ਰਿਮੀਨਲ ਰਿਕਾਰਡ ਹੈ ਉਸ ਨੂੰ ਪਾਰਟੀ ਨੂੰ ਕੱਢ ਦੇਣਾ ਚਾਹੀਦਾ ਹੈ, ਔਰ ਜੇਕਰ ਕੋਈ ਗਲਤ ਬੰਦਾ ਹੈ ਤਾਂ ਇਹ ਇਮੀਜੀਏਟਲੀ ਫੌਰੀ ਤੌਰ ਉੱਤੇ ਸਾਰੀਆਂ ਪੁਲੀਟੀਕਲ ਪਾਰਟੀਆਂ ਦੀ ਜ਼ਿੰਮੇਵਾਰੀ ਹੈ ਕਿ ਜੇਕਰ ਕੋਈ ਕ੍ਰਾਈਮ ਕਰਦਾ ਹੈ ਤਾਂ ਉਸ ਨੂੰ ਸਪੋਰਟ ਨਾ ਕੀਤਾ ਜਾਵੇ ਤਾਂ ਕਿ ਇਸ ਨਾਲ ਡੈਟਰੈਂਟ ਇਫੈਕਟ ਹੋਰ ਵਧੇ। ਮਾਨਯੋਗ ਸਪੀਕਰ ਸਾਹਿਬ, ਇਕ ਗੱਲ ਬੁਲਾਰੀਆ ਜੀ ਨੇ ਕੁਝ ਟੱਚ ਕੀਤੀ ਸੀ ਕਿਉਂਕਿ ਜੇ ਅੱਜ ਵਾਰਦਾਤਾਂ ਹੋ ਰਹੀਆਂ ਹਨ ਤਾਂ ਉਸ ਦਾ ਇਕ ਕਾਰਨ ਇਹ ਹੈ ਕਿ ਇਰੋਜ਼ਿਨ ਆਫ ਵੈਲਿਊਜ਼, ਸਮਾਜ ਵਿੱਚ ਸਮਾਜਿਕ ਮੁੱਲ ਦਾ ਹਰਾਸ ਹੋਇਆ ਹੈ। ਸਾਨੂੰ ਸਮਾਜ ਵਿੱਚ ਚੰਗੇ ਸੰਸਕਾਰਾਂ ਉੱਤੇ ਜ਼ੋਰ ਦੇਣ ਦੀ ਜ਼ਰੂਰਤ ਹੈ। ਅਸੀਂ ਆਪਣੀ ਐਜੂਕੇਸ਼ਨ ਵਿੱਚ, ਆਪਣੇ ਘਰ ਵਿੱਚ ਬੱਚਿਆਂ ਨੂੰ ਅੱਛੇ ਸੰਸਕਾਰ ਦੇਈਏ ਤੇ ਉਸ ਲਈ ਇਹ ਜ਼ਿੰਮੇਵਾਰੀ ਸਾਰਿਆਂ ਦੀ ਬਣਦੀ ਹੈ।

ਮਾਨਯੋਗ ਸਪੀਕਰ : ਕਾਲੀਆ ਜੀ, ਤੁਹਾਡਾ ਬਹੁਤ-ਬਹੁਤ ਧੰਨਵਾਦ। ਬੈਠੋ ਜੀ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਮਨੋਰੰਜਨ ਕਾਲੀਆ]

ਸ਼੍ਰੀ ਮਨੋਰੰਜਨ ਕਾਲੀਆ : ਸਪੀਕਰ ਸਾਹਿਬ, ਇਹ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਬੱਚਿਆਂ ਨੂੰ ਅੱਛੇ ਸੰਸਕਾਰ ਦੇਈਏ। ਇਹ ਸਟੈਪ ਕਾਨੂੰਨ ਵਿਵਸਥਾ ਨੂੰ ਮੇਨਟੇਨ ਕਰਨ ਵਿੱਚ ਸਹਾਈ ਹੋਵੇਗਾ। ਮਾਨਯੋਗ ਸਪੀਕਰ ਸਾਹਿਬ, ਜਿੱਥੋਂ ਤੱਕ ਸਵਾਲ ਹੈ ਕਿ ਇਹ ਜੋ ਦੋ ਇੰਸੀਡੈਂਟ ਹੋਏ ਹਨ, ਇਸ ਗੱਲ ਦੀ ਸਾਰੇ ਨਿਖੇਧੀ ਕਰਦੇ ਹਨ ਔਰ ਜਿੱਥੇ ਤੱਕ ਅਕਾਲੀ-ਭਾਜਪਾ ਦਾ ਕਾਨੂੰਨ ਵਿਵਸਥਾ ਦਾ ਤੁਅੱਲਕ ਹੈ, ਜੇਕਰ ਅਸੀਂ ਟੋਟੈਲਿਟੀ ਵੇਖੀਏ ਅਤੇ ਦੂਜੇ ਪ੍ਰਦੇਸ਼ਾਂ ਨਾਲ ਅਸੀਂ ਪੰਜਾਬ ਨੂੰ ਕੰਪੇਅਰ ਕਰੀਏ ਤਾਂ ਸਾਡੀ ਸਥਿਤੀ, ਅਕਾਲੀ-ਭਾਜਪਾ ਸਰਕਾਰ ਦੀ ਕਾਨੂੰਨ ਵਿਵਸਥਾ ਬਹੁਤ ਬਿਹਤਰ ਹੈ, ਬਾਕੀਆਂ ਪ੍ਰਦੇਸ਼ਾਂ ਨਾਲੋਂ ਬਿਹਤਰ ਹੈ। ਸਾਡਾ ਇਹ ਹਮੇਸ਼ਾ ਪ੍ਰਯਾਸ ਰਹੇਗਾ ਕਿ ਕਾਨੂੰਨ ਵਿਵਸਥਾ ਨੂੰ ਹੋਰ ਬਿਹਤਰ ਬਣਾਈਏ। ਸਪੀਕਰ ਸਾਹਿਬ, ਇਨ੍ਹਾਂ ਸ਼ਬਦਾਂ ਨਾਲ ਆਪ ਜੀ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ।

ਮਾਨਯੋਗ ਸਪੀਕਰ : ਬਾਕੀ ਬੋਲਣ ਵਾਲਿਆਂ ਤੋਂ ਮੈਂ ਮੁਆਫੀ ਮੰਗਾਂਗਾ ਕਿਉਂਕਿ ਅੱਗੇ ਪ੍ਰਾਈਵੇਟ ਮਤਾ ਵੀ ਆਉਣਾ ਹੈ। ਹੁਣ ਮੈਂ, ਸਰਦਾਰ ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ, ਪੰਜਾਬ ਜੀ ਨੂੰ ਬੋਲਣ ਦੀ ਰਿਕੁਐਸਟ ਕਰਾਂਗਾ। (ਥੰਪਿੰਗ)

ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਕ ਬੜੇ ਅਹਿਮ ਮੁੱਦੇ ਉੱਤੇ ਸਰਕਾਰ ਤਰਫੋਂ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਹੈ। ਪਿਛਲੇ ਕਈ ਦਿਨਾਂ ਤੋਂ ਅਸੈਂਬਲੀ ਸੈਸ਼ਨ ਤੋਂ ਪਹਿਲਾਂ ਕਾਂਗਰਸ ਪਾਰਟੀ ਨੇ ਲਗਾਤਾਰ ਅਖਬਾਰਾਂ ਵਿੱਚ ਬਿਆਨ ਦਿੱਤਾ ਕਿ ਅਸੀਂ ਲਾਅ ਐਂਡ ਆਰਡਰ ਉੱਤੇ ਡਿਸਕਸ਼ਨ ਕਰਨੀ ਹੈ, ਲਾਅ ਐਂਡ ਆਰਡਰ ਤੇ ਡਿਸਕਸ਼ਨ ਕਰਨੀ ਹੈ। ਉਨ੍ਹਾਂ ਦੇ ਮਨ ਵਿੱਚ ਸੀ ਕਿ ਸਰਕਾਰ ਭੱਜੇਗੀ ਤੇ ਸਾਨੂੰ ਮੌਕਾ ਮਿਲੇਗਾ। ਉਨ੍ਹਾਂ ਕੋਲ ਕੋਈ ਏਜੰਡਾ ਨਹੀਂ ਹੈ। ਅਸੈਂਬਲੀ ਸੈਸ਼ਨ ਤੋਂ ਪਹਿਲਾਂ ਮੇਰੇ ਕੋਲ ਮੀਡੀਆ ਦੇ ਕਈ ਲੋਕ ਆਏ। ਉਨ੍ਹਾਂ ਨਾਲ ਜਦੋਂ ਮੈਂ ਵਿਚਾਰਾਂ ਕੀਤੀਆਂ ਤਾਂ ਉਨ੍ਹਾਂ ਨੂੰ ਮੈਂ ਉਦੋਂ ਹੀ ਕਹਿ ਦਿੱਤਾ ਸੀ ਕਿ ਆਪੋਜੀਸ਼ਨ ਨੇ ਬਹਿਸ ਨਹੀਂ ਕਰਾਉਣੀ, ਉਹ ਤਾਂ ਕੇਵਲ ਹਾਊਸ ਨੂੰ ਡਿਸਟਰਬ ਕਰਨਾ ਚਾਹੁੰਦੇ ਹਨ। ਉਦੋਂ ਸ਼ਾਇਦ ਉਨ੍ਹਾਂ ਦੇ ਮਨ ਵਿੱਚ ਹੋਵੇਗਾ ਕਿ ਮੈਂ ਵੀ ਐਵੇਂ ਹੀ ਕਹਿ ਰਿਹਾ ਹਾਂ, ਅਗਲੇ ਦਿਨ ਤੁਹਾਡੇ ਸਾਹਮਣੇ ਹੀ ਉਹ ਗੱਲ ਹੋਈ। ਇੱਕ ਮੁੱਦਾ ਜਾਣ ਕੇ ਉਨ੍ਹਾਂ ਨੇ ਫੜ੍ਹ ਲਿਆ ਕਿਉਂਕਿ ਜਦੋਂ ਬਿਜ਼ਨਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਹੋਈ ਤਾਂ ਸਪੀਕਰ ਸਾਹਿਬ, ਆਪ ਜੀ ਨੂੰ ਪਤਾ ਹੈ ਕਿ ਜਦੋਂ ਉਹ ਅੰਦਰ ਆਏ ਤਾਂ ਮੈਂ ਹੀ ਇਹ ਇਸ਼ੂ ਰੇਜ਼ ਕੀਤਾ ਕਿ ਲਾਅ ਐਂਡ ਆਰਡਰ ਉੱਤੇ ਬਹਿਸ ਕਰਵਾਈ ਜਾਵੇ। ਮੈਨੂੰ ਲੱਗਦਾ ਹੈ ਕਿ ਜੇ ਤੁਸੀਂ ਅਸੈਂਬਲੀ ਦਾ ਸਾਰਾ ਰਿਕਾਰਡ ਕਢਵਾ ਲਵੋ, ਅੱਜ ਤੱਕ

Original with;
Punjab Vidhan Sabha
Digitized by;
Panjab Digital Library

ਕਿਤੇ ਵੀ ਰੂਲਿੰਗ ਪਾਰਟੀ ਨੇ ਆਪਣੇ ਆਪ ਲਾਅ ਐਂਡ ਆਰਡਰ ਉੱਤੇ ਬਹਿਸ ਨਹੀਂ ਕਰਵਾਈ ਹੋਣੀ। ਮੇਰਾ ਖਿਆਲ ਹੈ ਕਿ ਇਹ ਪਹਿਲੀ ਵਾਰੀ ਹੋਣਾ ਹੈ ਕਿ ਸਰਕਾਰ ਨੇ ਬਹਿਸ ਕਰਵਾਈ ਹੈ। (ਥੰਪਿੰਗ) ਜਦੋਂ ਉਨ੍ਹਾਂ ਨੇ ਵੇਖਿਆ ਕਿ ਇਨ੍ਹਾਂ ਨੇ ਬਹਿਸ ਦਾ ਤਾਂ ਆਪ ਹੀ ਕਹਿ ਦਿੱਤਾ ਤਾਂ ਉਹ ਕਹਿੰਦੇ ਕਿ ਹੁਣ ਭੱਜੀਏ ਕਿਵੇਂ ? ਫਿਰ ਇਨ੍ਹਾਂ ਨੇ ਸਵੇਰੇ ਸਟਰੈਟਜੀ ਬਣਾਈ। ਜਦੋਂ ਆਪ ਜੀ ਦੇ ਸਾਹਮਣੇ ਫੈਸਲਾ ਕੀਤਾ ਕਿ ਮੁੱਖ ਮੰਤਰੀ ਜੀ ਸਟੇਟਮੈਂਟ ਦੇਣਗੇ, ਆਪ ਮੰਨ ਕੇ ਗਏ ਹਨ, ਸਾਰਾ ਪਲਾਨ ਕੀਤਾ ਗਿਆ। ਅਗਲੇ ਦਿਨ ਸਵੇਰੇ ਆਏ ਤਾਂ ਕਹਿ ਦਿੱਤਾ ਕਿ ਮੁੱਖ ਮੰਤਰੀ ਜੀ ਸਟੇਟਮੈਂਟ ਨਹੀਂ ਦੇ ਸਕਦੇ, ਇਹ ਆਪ ਬਹਾਨਾ ਲੱਭਦੇ ਸੀ। ਇਹ ਚਾਹੁੰਦੇ ਨਹੀਂ ਸੀ ਕਿ ਬਹਿਸ ਹੋਵੇ ਕਿਉਂਕਿ ਇਸ ਨਾਲ ਇਨ੍ਹਾਂ ਦੇ ਆਪਣੇ ਸਾਰੇ ਪੋਲ ਖੁੱਲ੍ਹ ਜਾਣੇ ਸਨ। ਜਦੋਂ ਇਨ੍ਹਾਂ ਨੇ ਦੇਖਿਆ ਕਿ ਮੁੱਖ ਮੰਤਰੀ ਜੀ ਖੜ੍ਹੇ ਹੋਏ ਹਨ ਤਾਂ ਬਹਾਨਾ ਲਗਾ ਕੇ ਹਾਊਸ ਐਡਜਰਨ ਕਰਨ ਦੀ ਕੋਸ਼ਿਸ਼ ਕੀਤੀ ਅਤੇ ਕੀਤਾ। ਫੇਰ ਵੀ ਅਸੀਂ ਸੋਚਿਆ ਕਿ ਕਿਸੇ ਨਾ ਕਿਸੇ ਤਰੀਕੇ ਇਨ੍ਹਾਂ ਨੂੰ ਵਰਚਾ ਕੇ ਵਾਪਸ ਲੈ ਕੇ ਆਈਏ ਕਿਉਂਕਿ ਪਾਰਲੀਮੈਂਟਰੀ ਡੈਮੋਕ੍ਰੇਸੀ ਵਿੱਚ ਵਿਰੋਧੀ ਧਿਰ ਦਾ ਹੋਣਾ ਬਹੁਤ ਜ਼ਰੂਰੀ ਹੈ। ਅਗਲੇ ਦਿਨ ਉਹ ਸੋਚਦੇ ਸੀ ਕਿ ਮੁੱਖ ਮੰਤਰੀ ਜੀ ਖੜ੍ਹੇ ਹੋਣਗੇ ਤਾਂ ਅਸੀਂ ਫੇਰ ਤੋਂ ਰੌਲਾ ਪਾਵਾਂਗੇ ਅਤੇ ਬਹਿਸ ਨਹੀਂ ਹੋਵੇਗੀ। ਮੁੱਖ ਮੰਤਰੀ ਜੀ ਨੇ ਖੜ੍ਹੇ ਹੋ ਕੇ ਫਰਾਖ਼ਦਿਲੀ ਦਿਖਾਈ। ਉਨ੍ਹਾਂ ਨੇ ਕਿਹਾ ਕਿ ਇਹ ਮੇਰਾ ਰਾਈਟ ਹੈ। ਮੁੱਖ ਮੰਤਰੀ ਦਾ, ਪ੍ਰਾਈਮ ਮਨਿਸਟਰ ਦਾ, ਲੀਡਰ ਆਫ ਦਿ ਹਾਊਸ ਦਾ ਇਹ ਰਾਈਟ ਹੈ ਕਿ ਉਹ ਕਿਸੇ ਵੀ ਮੁੱਦੇ ਤੇ ਸਭ ਤੋਂ ਪਹਿਲਾਂ ਬੋਲ ਸਕਦੇ ਹਨ ਅਤੇ ਖਾਸ ਕਰਕੇ ਜਦੋਂ ਲੀਡਰ ਆਫ਼ ਦਿ ਆਪੋਜੀਸ਼ਨ ਨੇ ਉਨ੍ਹਾਂ ਤੇ ਐਕਿਉਜੀਸ਼ਨ ਲਗਾਈ ਹੋਵੇ ਅਤੇ ਲੀਡਰ ਆਫ਼ ਦਿ ਹਾਊਸ ਇਕਦਮ ਰਿਵਰਟ ਕਰਨਾ ਚਾਹੇ ਤਾਂ ਉਹ ਜਦੋਂ ਮਰਜ਼ੀ ਹਾਊਸ ਵਿੱਚ ਖੜ੍ਹੇ ਹੋ ਕੇ ਕਰ ਸਕਦੇ ਹਨ। ਮੁੱਖ ਮੰਤਰੀ ਜੀ ਨੇ ਆਪਣਾ ਰਾਈਟ ਦੱਸਿਆ। ਅਸੀਂ ਚਾਹੁੰਦੇ ਸੀ ਕਿ ਲਾਅ ਐਂਡ ਆਰਡਰ ਤੇ ਬਹਿਸ ਹੋਵੇ, ਅਸੀਂ ਉਨ੍ਹਾਂ ਦੀ ਪੋਲ ਖੋਲ੍ਹਣਾ ਚਾਹੁੰਦੇ ਸੀ। ਇਹ ਤਾਂ ਸਿਰਫ ਅਖ਼ਬਾਰਾਂ ਵਿੱਚ ਹੀ ਖ਼ਬਰਾਂ ਲਗਾਉਂਦੇ ਹਨ ਪਰ ਜਦੋਂ ਮੁੱਖ ਮੰਤਰੀ ਜੀ ਇੱਥੇ ਖੜ੍ਹੇ ਹੋਏ ਤਾਂ ਇਨ੍ਹਾਂ ਨੂੰ ਫੇਰ ਘਬਰਾਹਟ ਹੋ ਗਈ। ਇਹ ਸੋਚਣ ਲੱਗੇ ਕਿ ਅਸੀਂ ਤਾਂ ਫੇਰ ਤੋਂ ਫਸ ਗਏ। ਇਨ੍ਹਾਂ ਦੇ ਲੀਡਰ ਆਫ਼ ਦਿ ਆਪੋਜੀਸ਼ਨ, ਜਾਖੜ ਸਾਹਿਬ ਜਿਨ੍ਹਾਂ ਦਾ ਮੈਂ ਬੜਾ ਸਤਿਕਾਰ ਕਰਦਾ ਹਾਂ, ਜਿਨ੍ਹਾਂ ਬਾਰੇ ਮੈਂ ਕਹਿ ਸਕਦਾ ਹਾਂ ਕਿ ਸਭ ਤੋਂ ਕਾਬਲ, ਮਿਹਨਤੀ ਹਨ ਅਤੇ ਪਾਰਲੀਮੈਂਟਰੀ ਸਿਸਟਮ ਬਾਰੇ ਜਾਣਦੇ ਹਨ। ਜਾਖੜ ਸਾਹਿਬ ਨੂੰ ਲੀਡਰ ਆਫ਼ ਦਿ ਆਪੋਜੀਸ਼ਨ ਦੀਆਂ ਜ਼ਿੰਮੇਵਾਰੀਆਂ ਦਾ ਐਕਸਪੀਰੀਐਂਸ ਹੈ। ਮੈਨੂੰ ਉਮੀਦ ਸੀ ਕਿ ਉਹ ਕੋਈ ਚੰਗਾ ਸੁਜ਼ੈਸ਼ਨ ਦੇਣਗੇ, ਕੋਈ ਅਜਿਹੇ ਇੰਸਟੈਂਟ ਇੰਸੀਡੈਂਟਸ ਮੇਰੇ ਕੋਲ ਲੈ ਕੇ ਆਉਣਗੇ, ਜਿਨ੍ਹਾਂ ਬਾਰੇ ਸ਼ਾਇਦ ਮੈਨੂੰ ਨਾ ਪਤਾ ਹੋਵੇ। ਅਸੀਂ ਉਸੇ ਵਾਸਤੇ ਕੋਈ ਕੁਰੈਕਟਿਵ ਮਈਅਰਜ਼ ਵੀ ਲੈ ਸਕਾਂਗੇ ਪਰ ਜਦੋਂ ਉਨ੍ਹਾਂ ਨੇ ਬੋਲਣਾ ਸ਼ੁਰੂ ਕੀਤਾ ਤਾਂ ਫੇਰ ਉਹੀ ਪੁਰਾਣੀ

Original with;
Punjab Vidhan Sabha
Digitized by;
Panjab Digital Library

[ਉਪ ਮੁੱਖ ਮੰਤਰੀ]

ਗੱਲ ਸੀ। ਉਹ ਅੱਧ-ਪੌਣਾ ਘੰਟਾ ਜਿਹੜਾ ਬੋਲੇ ਉਸ ਵਿੱਚ ਸਿਰਫ ਚਾਰ ਮੁੱਦਿਆਂ ਦੀ ਹੀ ਗੱਲ ਕੀਤੀ। ਇਕ ਤਾਂ ਪਿੱਛੇ ਜਿਹੇ ਜਿਹੜੇ ਦੋ ਅਨਫਾਰਚੂਨੇਟ ਇੰਸੀਡੈਂਟਸ ਹੋਏ ਹਨ, ਅੰਮ੍ਰਿਤਸਰ ਵਿੱਚ ਏ.ਐਸ.ਆਈ. ਦੇ ਕਤਲ ਦਾ ਜ਼ਿਕਰ ਕੀਤਾ, ਫਰੀਦਕੋਟ ਵਿੱਚ ਜਿਹੜਾ ਅਨਫਾਰਚੂਨੇਟ ਇੰਸੀਡੈਂਟ ਹੋਇਆ ਉਸ ਬਾਰੇ ਹੀ ਜ਼ਿਕਰ ਕੀਤਾ। ਲਾਅ ਐਂਡ ਆਰਡਰ ਬਾਰੇ ਤਾਂ ਇਕੱਲੇ ਇਹੀ ਦੋ ਇੰਸੀਡੈਂਟ ਬਾਰੇ ਉਨ੍ਹਾਂ ਨੇ ਜ਼ਿਕਰ ਕੀਤਾ ਅਤੇ ਇਨ੍ਹਾਂ ਵਿੱਚ ਉਨ੍ਹਾਂ ਨੇ ਐਕਿਊਜ਼ੇਸ਼ਨ ਦੀ ਕੋਸ਼ਿਸ਼ ਕੀਤੀ। ਮੁੱਖ ਮੰਤਰੀ ਜੀ ਨੂੰ ਇਹ ਕਹਿਣ ਦੀ ਕੋਸ਼ਿਸ਼ ਕੀਤੀ ਕਿ ਹੁਣ ਤੁਹਾਡੇ ਕੋਲ ਰਾਜ ਨਹੀਂ ਹੈ ਜਿਸ ਕਾਰਨ ਲਾਅ ਐਂਡ ਆਰਡਰ ਖਰਾਬ ਹੈ। ਜਾਖੜ ਸਾਹਿਬ ਅੱਜ ਇੱਥੇ ਨਹੀਂ ਹਨ, ਮੈਂ ਉਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਹਿਸਟਰੀ ਵਿਚ ਜਿੰਨੇ ਸਾਲ ਕਾਂਗਰਸ ਦਾ ਰਾਜ ਰਿਹਾ ਹੈ, ਕੀ ਹੁੰਦਾ ਰਿਹਾ ਹੈ ? ਮੈਨੂੰ ਪਤਾ ਹੈ ਕਿ ਕਾਂਗਰਸ ਦਾ ਇਸ ਵਿੱਚ ਕੀ ਹੁਨਰ ਹੈ ? ਜਿੰਨੀ ਇਫੈਕਟਿਵਲੀ ਪੰਜਾਬ ਪੁਲਿਸ ਨੇ ਐਕਸ਼ਨ ਕੀਤਾ, ਕਲਪ੍ਰਿਟਸ ਨੂੰ ਫੜ੍ਹ ਕੇ ਸਜ਼ਾ ਦਿੱਤੀ, ਏ.ਐਸ. ਆਈ. ਦੇ ਕੇਸ ਵਿੱਚ ਸੱਤ ਘੰਟਿਆਂ ਵਿੱਚ ਦੋਸ਼ੀਆਂ ਨੂੰ ਫੜ੍ਹਿਆ ਗਿਆ। (ਥੰਪਿੰਗ) ਸਪੀਕਰ ਸਾਹਿਬ, ਇੱਕਲਾ ਇਹੀ ਨਹੀਂ ਜਦੋਂ ਅਖ਼ਬਾਰਾਂ ਵਿੱਚ ਆਇਆ ਕਿ one of the culprits ਦਾ ਅਕਾਲੀ ਦਲ ਨਾਲ ਸਬੰਧ ਹੈ, ਅਕਾਲੀ ਦਲ ਨੇ ਉਸ ਨੂੰ ਇਮੀਜੀ-ਏਟਲੀ ਪਾਰਟੀ ਵਿਚੋਂ ਐਕਸਪੈੱਲ ਕੀਤਾ । ਅਸੀਂ ਇੱਕ ਹੋਰ ਫਰਦਰ ਸਟੈੱਪ ਅੱਗੇ ਗਏ, ਜਿਨ੍ਹਾਂ ਨੇ ਉਸ ਦੀ ਸਿਫਾਰਸ਼ ਕੀਤੀ ਸੀ, ਉਨ੍ਹਾਂ ਨੂੰ ਵੀ ਪਾਰਟੀ ਵਿਚੋਂ ਕੱਢ ਦਿੱਤਾ । (ਥੰਪਿੰਗ) ਕਿਹੜੀ ਪਾਰਟੀ ਅਜਿਹੀ ਹੋਵੇਗੀ ਜਿਸ ਨੇ ਇੰਨਾ ਸਵਿਫ਼ਟ ਐਕਸ਼ਨ ਲਿਆ ਹੈ ਜਿੰਨਾ ਅਸੀਂ ਲਿਆ ਹੈ । ਕੈਪਟਨ ਅਮਰਿੰਦਰ ਸਿੰਘ ਦੇ ਟਾਈਮ ਵਿੱਚ ਕੋਈ ਕਤਲ ਕਰ ਜਾਵੇ, ਰੇਪ ਕਰ ਜਾਵੇ, ਕੁਝ ਕਰ ਜਾਵੇ ਉਸ ਨੂੰ ਕਲੀਨ ਚਿੱਟ ਦਿੱਤੀ ਜਾਂਦੀ ਸੀ ਕਿ ਠੀਕ ਹੈ, ਕੋਈ ਪ੍ਰਵਾਹ ਨਾ ਕਰੋ । ਜੋ ਮਰਜ਼ੀ ਕਰੋ, ਸਭ ਅਲਾਉਡ ਹੈ । ਅਸੀਂ ਤਾਂ ਜਿਹੜੇ ਪੁਲਿਸ ਵਾਲੇ ਸਨ, ਐਸ.ਐਚ.ਓ. ਅਤੇ ਦੂਜੇ ਜਿਨ੍ਹਾਂ ਨੇ ਪ੍ਰਾਪਰਲੀ ਆਪਣੀ ਡਿਊਟੀ ਨਹੀਂ ਨਿਭਾਈ, ਉਨ੍ਹਾਂ ਨੂੰ ਵੀ ਡਿਸਮਿਸ ਕੀਤਾ । ਸਪੀਕਰ ਸਾਹਿਬ, ਸਾਡੇ ਕੋਲ ਬਹੁਤ ਸਾਰੇ ਅਜਿਹੇ ਕੇਸ ਸਨ ਜਿਨ੍ਹਾਂ ਨੂੰ ਕਲੀਨ ਚਿੱਟ ਦਿੱਤੀ ਗਈ । ਕੈਪਟਨ ਅਮਰਿੰਦਰ ਸਿੰਘ ਨੂੰ ਕਲੀਨ ਚਿੱਟ ਮੁੱਖ ਮੰਤਰੀ ਕਿਹਾ ਜਾਂਦਾ ਸੀ । ਕੋਈ ਮਰਜ਼ੀ ਕ੍ਰਾਈਮ ਕਰ ਲਵੇ, ਕਤਲ ਕਰ ਲਵੇ ਉਸ ਨੂੰ ਕੋਰਟ ਵਿੱਚ ਜਾਣ ਦੀ ਲੋੜ ਨਹੀਂ । ਮੁੱਖ ਮੰਤਰੀ ਹੀ ਉਸ ਨੂੰ ਕਲੀਟ ਚਿੱਟ ਦੇ ਦਿੰਦਾ ਸੀ ਅਤੇ ਆਪਣੇ ਆਪ ਹੀ ਕੋਰਟ ਦਾ ਫੈਸਲਾ ਕਰ ਸਕਦਾ ਸੀ । ** ** ਦਾ ਜ਼ਿਕਰ ਹੋਇਆ ਸੀ, ਉਸ ਨੂੰ ਕਲੀਨ ਚਿੱਟ ਦਿੱਤੀ ਗਈ । ਮਾਨਾਂਵਾਲਾ ਵਿਖੇ ਗਰੀਬ ਕਿਸਾਨਾਂ ਤੇ ਫਾਇਰਿੰਗ ਹੋਈ ਅਤੇ ਉਸ ਵੇਲੇ ਦੇ ਮੁੱਖ ਮੰਤਰੀ ਜੀ ਕੀ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਕਹਿੰਦੇ ਹਨ ਕਿ "The Punjab Chief Minister. Capt. Amarinder Singh, today indicated that there would be no probe into the Manawala incident", ਉਥੇ ਫਾਰਮਰਜ਼ ਮਾਰੇ ਗਏ, ਫਾਰਮਰਜ਼ ਇੰਜਰਡ ਹੋਏ, ਪਰ ਮੁੱਖ ਮੰਤਰੀ ਕਹਿ ਰਹੇ ਹਨ ਕਿ ਕੋਈ ਪਰੋਬ ਕਰਨ ਦੀ ਲੋੜ ਨਹੀਂ ਹੈ. Where one of the agitating farmers has been killed during police firing. The Deputy Chief Minister, Smt. Rajinder Kaur Bhattal has termed the incident as unfortunate. ਉਨ੍ਹਾਂ ਦੇ ਆਪਣੇ ਡਿਪਟੀ ਚੀਫ ਮਨਿਸਟਰ, ਸ਼੍ਰੀਮਤੀ ਭੱਠਲ ਜੀ ਕਹਿੰਦੇ ਹਨ ਕਿ ਅਨਫਾਰਚੂਨੇਟ ਇੰਸੀਡੈਂਟ ਹੋਇਆ ਹੈ, ਇਸ ਦੀ ਇਨਕੁਆਰੀ ਹੋਵੇ and demanded police action ਪਰ ਇਹ ਕਹਿੰਦੇ ਹਨ ਕਿ ਕੋਈ ਇਨਕੁਆਰੀ ਕਰਨ ਦੀ ਲੋੜ ਨਹੀਂ ਹੈ, ਦੂਜੀ ਗੱਲ ਤੁਸੀਂ ਵੇਖੋਂ ਉਦੋਂ ਲੜਕੀਆਂ ਨਾਲ ਕੀ ਵਾਪਰਿਆ ? ਲੁਧਿਆਣੇ ਘਟਨਾ ਵਾਪਰੀ । ਪੁਲਿਸ ਨੇ ਲੜਕੀਆਂ ਨਾਲ ਬਹੁਤ ਬੁਰਾ ਸਲੂਕ ਕੀਤਾ ਅਤੇ ਖਬਰ ਆਈ, "cops brutalized students", ਪਰ ਉਸ ਸਮੇਂ ਦੇ ਮੁੱਖ ਮੰਤਰੀ ਦਾ ਇਸ ਬਾਰੇ ਕੀ ਬਿਆਨ ਹੈ ? ਉਹ ਕਹਿੰਦੇ ਹਨ, "so what ?" ਕੀ ਇਹ ਮੁੱਖ ਮੰਤਰੀ ਦਾ ਪ੍ਰਤੀਕਰਮ ਹੋਣਾ ਚਾਹੀਦਾ ਹੈ ? ਕੀ ਇਹੋ ਜਿਹਾ ਮੁੱਖ ਮੰਤਰੀ ਆਪਾਂ ਨੂੰ ਚਾਹੀਦਾ ਹੈ ? ਅੱਗੇ ਇਹ ਵੀ ਲਿਖਿਆ ਹੈ ਕਿ ਜੇ ਫਿਰ ਤੋਂ ਕਰਨਗੇ ਤਾਂ ਅਜਿਹਾ ਫਿਰ ਤੋਂ ਕਰਾਂਗੇ, ਜਿਵੇਂ ਪੁਲਿਸ ਵਾਲਿਆਂ ਨੇ ਪਹਿਲਾਂ ਕੀਤਾ ਹੈ, ਫਿਰ ਤੋਂ ਉਹੀ ਅਸੀਂ ਕਰਾਂਗੇ । ਇਹ ਆਪਣੇ ਆਪ ਨੂੰ ਮੁੱਖ ਮੰਤਰੀ ਵੀ ਸਮਝਦੇ ਸਨ ਅਤੇ ਨਾਲੇ ਆਪਣੇ ਆਪ ਨੂੰ ਚੀਫ ਜਸਟਿਸ ਵੀ ਸਮਝਦੇ ਸਨ ।

ਸਪੀਕਰ ਸਾਹਿਬ, ਜਾਖੜ ਸਾਹਿਬ ਨੇ ਫਰੀਦਕੋਟ ਦੇ ਇੰਸੀਡੈਂਟ ਬਾਰੇ ਜ਼ਿਕਰ ਕੀਤਾ ਹੈ। ਮੈਂ ਸਮਝਦਾ ਹਾਂ ਕਿ ਉਹ ਇੰਸੀਡੈਂਟ ਵੀ ਅਸੀਂ ਇਫੈਕਟਿਵਲੀ ਸਾਲਵ ਕੀਤਾ ਹੈ । ਜੋ ਗਿਣਤੀ ਸੀ, ਸਾਰਿਆਂ ਮੁਜਰਮਾਂ ਨੂੰ ਫੜ੍ਹਿਆ ਹੈ। ਤੀਜੀ ਗੱਲ, ਜਾਖੜ ਸਾਹਿਬ ਨੇ ਜ਼ਿਕਰ ਕੀਤਾ ਕਿ ਅਕਾਲੀ ਦਲ ਦੇ ਸਮੇਂ ਵਿੱਚ ਸ਼ਰਾਬ ਦੇ ਠੇਕੇ ਜੋ ਵੀ ਚਾਹੁੰਦਾ ਹੈ, ਖੋਲ੍ਹ ਲੈਂਦਾ ਹੈ । ਅਕਾਲੀ ਦਲ ਦੇ ਵਰਕਰਾਂ ਨੂੰ ਵੀ ਬਲੇਮ ਕੀਤਾ ਹੈ । ਸਪੀਕਰ ਸਾਹਿਬ, ਪੰਜਾਬ ਦਾ ਬੱਚਾ ਬੱਚਾ ਜਾਣਦਾ ਹੈ ਕਿ ਕਾਂਗਰਸ ਦੇ ਸਮੇਂ ਵਿੱਚ ਕੀ ਹੁੰਦਾ ਸੀ ? ਬੱਚਾ ਬੱਚਾ ਜਾਣਦਾ ਹੈ ਕਿ ਕਾਂਗਰਸ ਦੇ ਟਾਈਮ ਵਿੱਚ ਇੱਕੋ ਹੀ ਲਿਕੁਰ ਮਾਫੀਆ ਪੌਂਟੀ ਚੱਢਾ ਹੁੰਦਾ ਸੀ । ਬੱਚਾ ਬੱਚਾ ਜਾਣਦਾ ਹੈ ਕਿ ਜਦੋਂ ਠੇਕੇ ਨਿਲਾਮ ਹੁੰਦੇ ਸੀ, ਜਿਹੜਾ ਕੋਈ ਠੇਕੇ ਦੀ ਨਿਲਾਮੀ ਲਈ ਆਉਂਦਾ ਸੀ ਉਸ ਨੂੰ ਕੁੱਟ-ਮਾਰ ਕਰਕੇ ਭਜਾਇਆ ਜਾਂਦਾ ਸੀ ਤੇ ਇਕੱਲੇ ਪੌਂਟੀ ਚੱਢੇ ਨੂੰ ਪੂਰੀ ਸਟੇਟ ਦੇ ਠੇਕੇ ਦਿੱਤੇ ਜਾਂਦੇ ਸੀ । ਤੁਸੀਂ ਵੱਡੀ ਗੱਲ ਦੇਖੋ ਕਿ ਅਜਿਹਾ ਕਰਕੇ ਇਨ੍ਹਾਂ ਨੇ ਸਟੇਟ ਦਾ ਅਤੇ ਸਟੇਟ ਦੀ ਟਰੈਜ਼ਰੀ ਦਾ ਇੰਨਾ ਵੱਡਾ ਨੁਕਸਾਨ ਕੀਤਾ ਹੈ । ਮੈਂ ਇੱਥੇ ਫਿਗਰਜ਼ ਦੇਣੀਆਂ ਚਾਹੁੰਦਾ ਹਾਂ । ਸਪੀਕਰ ਸਾਹਿਬ, ਸਾਲ 2002 ਤੇ 2003 ਵਿੱਚ ਕਾਂਗਰਸ ਦਾ ਰਾਜ ਆਇਆ । ਪਹਿਲੇ ਸਾਲ ਦੀ ਨਿਲਾਮੀ

Original with;
Punjab Vidhan Sabha
Digitized by;
Panjab Digital Library

[ਉਪ ਮੁੱਖ ਮੰਤਰੀ]

ਹੋਈ, ਇਕੱਲਾ 80 ਕਰੋੜ ਰੁਪਿਆ ਪੰਜਾਬ ਦੇ ਠੇਕਿਆਂ ਦੀ ਨਿਲਾਮੀ ਦਾ ਵਧਿਆ। 1350 ਕਰੋੜ ਰੁਪਏ ਤੋਂ 1431 ਕਰੋੜ ਰੁਪਏ ਤੇ ਗਏ। ਦੂਜੇ ਸਾਲ 2003-2004 ਵਿੱਚ ਨਿਲਾਮੀ ਹੋਈ ਤਾਂ ਕੇਵਲ 31 ਕਰੋੜ ਰੁਪਏ ਦਾ ਰੈਵੇਨਿਊ ਵਧਿਆ ਹੈ। ਤੀਜੇ ਸਾਲ ਵਿੱਚ ਸਿਰਫ 36 ਕਰੋੜ ਰੁਪਿਆ ਵਧਿਆ ਅਤੇ ਚੌਥੇ ਸਾਲ ਵਿੱਚ 71 ਕਰੋੜ ਰੁਪਏ ਰੈਵੇਨਿਊ ਵਧਿਆ। ਜਦੋਂ ਇਲੈਕਸ਼ਨ ਦਾ ਟਾਈਮ ਸੀ, ਜਦੋਂ ਇਨ੍ਹਾਂ ਨੇ ਪੈਸੇ ਇਕੱਠੇ ਕਰਨੇ ਸੀ, ਮੈਨੂੰ ਲਗਦਾ ਹੈ ਕਿ ਹਿੰਦੁਸਤਾਨ ਵਿੱਚ ਕਿਤੇ ਨਹੀਂ ਹੋਇਆ ਹੋਣਾ ਕਿ ਐਕਸਾਈਜ਼ ਦੇ ਠੇਕਿਆਂ ਵਿੱਚ ਆਮਦਨ ਵਧਣ ਦੀ ਬਜਾਏ ਘਟੀ ਹੋਵੇ। ਸਾਲ 2006-07 ਵਿੱਚ ਜਦੋਂ ਇਲੈਕਸ਼ਨ ਦਾ ਸਮਾਂ ਸੀ, ਕੈਪਟਨ ਅਮਰਿੰਦਰ ਸਿੰਘ ਜਦੋਂ ਮੁੱਖ ਮੰਤਰੀ ਸੀ, ਉਦੋਂ 206 ਕਰੋੜ ਰੁਪਏ ਰੈਵੇਨਿਊ ਘਟਾ ਕੇ ਪੌਂਟੀ ਚੱਢਾ ਨੂੰ ਠੇਕੇ ਦਿੱਤੇ ਗਏ। (ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਉਸ ਤੋਂ ਬਾਅਦ ਸਾਡੀ ਸਰਕਾਰ ਆਈ। ਪਹਿਲੇ ਸਾਲ 500 ਕਰੋੜ ਰੁਪਏ, ਦੂਜੇ ਸਾਲ 300 ਕਰੋੜ ਰੁਪਏ, ਫਿਰ 300 ਕਰੋੜ ਰੁਪਏ ਤੇ ਫਿਰ 300 ਕਰੋੜ ਰੁਪਏ, ਫਿਰ 350 ਕਰੋੜ ਰੁਪਏ ਦੀ ਸਾਡੇ ਵੇਲੇ ਇਨਕਰੀਜ਼ ਹੋਈ ਕਿਉਂਕਿ ਅਸੀਂ ਬੜੇ ਫੇਅਰ ਤਰੀਕੇ ਨਾਲ ਮੀਡੀਆ ਦੇ ਸਾਹਮਣੇ ਤੇ ਬੈਲਟ ਰਾਹੀਂ ਠੇਕੇ ਦਿੱਤੇ। ਕੈਪਟਨ ਅਮਰਿੰਦਰ ਸਿੰਘ ਦੇ ਟਾਈਮ ਸ਼ਰੇਆਮ ਲੋਕਾਂ ਨੇ ਦੁਕਾਨਾਂ ਖੋਲ੍ਹੀਆਂ ਹੋਈਆਂ ਸਨ ਤੇ ਇਨ੍ਹਾਂ ਦੇ ਵਰਕਰਾਂ ਨੇ ਗੰਦ ਪਾਇਆ ਹੋਇਆ ਸੀ। ਸਾਰੇ ਪਾਸੇ ਲੁੱਟ ਚੱਲੀ ਜਾਂਦੀ ਸੀ ਤੇ ਇੱਕ ਮਾਫੀਆ ਰੂਲ ਚਲ ਰਿਹਾ ਸੀ ਤੇ ਇਨ੍ਹਾਂ ਦੇ ਦੂਜੇ ਸਾਰੇ ਐਮ.ਐਲ.ਏ. ਵੀ ਇਨਵਾਲਵਡ ਸਨ ਪਰ ਅਸੀਂ ਸਾਰੇ ਕੁਝ ਤੇ ਕੰਟਰੋਲ ਲਿਆਂਦਾ ਤੇ 1400-1500 ਕਰੋੜ ਰੁਪਏ ਤੋਂ ਰੈਵੇਨਿਊ ਵਧਾ ਕੇ 3200-3300 ਕਰੋੜ ਰੁਪਏ ਤੇ ਲੈ ਗਏ ਹਾਂ। ਐਤਕੀਂ ਅਸੀਂ ਪਹਿਲਾਂ ਨਾਲੋਂ ਹੋਰ ਵੀ ਵਧਾ ਕੇ ਲਿਜਾ ਰਹੇ ਹਾਂ। (ਥੰਪਿੰਗ)

ਫਿਰ ਇਨ੍ਹਾਂ ਨੇ ਡਰੱਗਜ਼ ਦੀ ਗੱਲ ਕੀਤੀ ਕਿ ਅਕਾਲੀ ਦਲ ਦੇ ਰਾਜ ਵਿੱਚ ਇੱਥੇ ਡਰੱਗਜ਼ ਮਾਫੀਆ ਹੈ। ਸਪੀਕਰ ਸਾਹਿਬ, ਜੇ ਅਸੀਂ ਡਰੱਗਜ਼ ਮਾਫੀਆ ਨੂੰ ਪੈਟਰੋਨਾਈਜ਼ ਕਰਦੇ ਹੁੰਦੇ ਤਾਂ ਅਸੀਂ ਡਰੱਗਜ਼ ਵਾਲਿਆਂ ਨੂੰ ਫੜਦੇ ਨਾ। ਕਾਂਗਰਸ ਦੇ ਰਾਜ ਵਿੱਚ ਕੀ ਸੀ ਕਿ ਡਰੱਗਜ਼ ਮਾਫੀਆ ਨੂੰ ਪੈਟਰੋਨਾਈਜ਼ ਕੀਤਾ ਗਿਆ। ਮੈਂ ਇੱਕ ਹੀ ਐਗਜ਼ਾਂਪਲ ਦੇਣੀ ਚਾਹੁੰਦਾ ਹਾਂ ਕਿਉਂਕਿ ਸਮਾਂ ਘੱਟ ਹੈ। ਸਾਲ 2002 ਤੋਂ 2006 ਵਿੱਚ ਕਾਂਗਰਸ ਦੇ ਰਾਜ ਵਿੱਚ ਮੈਂ ਹੈਰੋਇਨ ਬਾਰੇ ਗੱਲ ਕਰਦਾ ਹਾਂ, ਪੂਰੇ ਪੰਜ ਸਾਲ ਵਿੱਚ ਇਕੱਲੀ 111 ਕਿਲੋ ਹੈਰੋਇਨ ਫੜੀ ਗਈ ਤੇ ਹੁਣ ਸਾਡੇ ਟਾਈਮ ਵਿਚ 2007 ਤੋਂ 2011 ਤੱਕ 850 ਕਿਲੋ ਹੈਰੋਇਨ ਫੜੀ ਗਈ। ਕਿੱਥੇ 111 ਕਿਲੋ ਤੇ ਕਿੱਥੇ 850 ਕਿਲੋ। ਬਾਕੀ ਤੁਸੀਂ ਦੇਖ ਲਓ ਭੁੱਕੀ ਜਾਂ ਦੂਜੇ ਡਰੱਗਜ਼। ਅਸੀਂ 5-5, 10-10 ਗੁਣਾਂ ਇਨ੍ਹਾਂ ਤੋਂ ਜ਼ਿਆਦਾ ਫੜੀ ਹੈ। ਇਨ੍ਹਾਂ ਤੋਂ ਜ਼ਿਆਦਾ ਕੇਸ ਰਜਿਸਟਰਡ ਕੀਤੇ, ਬੰਦੇ

Original with;
Punjab Vidhan Sabha
Digitized by;
Panjab Digital Library

ਫੜੇ ਹਨ । ਸਪੀਕਰ ਸਾਹਿਬ, ਮੈਨੂੰ ਬੜਾ ਦੁੱਖ ਲੱਗਿਆ ਜਦੋਂ ਕਾਂਗਰਸ ਦੇ ਇਨ੍ਹਾਂ ਦੇ ਯੂਥ ਕਾਂਗਰਸ ਦੇ ਇੰਚਾਰਜ ਸ੍ਰੀ ਰਾਹੁਲ ਗਾਂਧੀ ਜੀ ਪੰਜਾਬ ਵਿਚ ਆਏ ਤੇ ਸਾਰੇ ਪੰਜਾਬੀ ਨੌਜਵਾਨਾਂ ਨੂੰ ਬਦਨਾਮ ਕਰਨ ਲੱਗ ਪਏ ਕਿ ਸਾਰੇ ਪੰਜਾਬੀ, 70 ਫੀਸਦੀ ਪੰਜਾਬ ਦੇ ਨੌਜਵਾਨ ਨਸ਼ੇੜੀ ਹਨ । ਸਪੀਕਰ ਸਾਹਿਬ, ਜਿਹੜਾ ਸਰਵੇ ਕੀਤਾ, ਜਿਹੜਾ ਜ਼ਿਕਰ ਕੀਤਾ, ਉਨ੍ਹਾਂ ਇਹ ਵੀ ਨਹੀਂ ਦੇਖਿਆ ਜਾਂ ਸ਼ਾਇਦ ਉਨ੍ਹਾਂ ਨੂੰ ਦੱਸਿਆ ਨਹੀਂ ਕਿ ਜਿਹੜਾ ਸਰਵੇ ਹੋਇਆ ਸੀ ਉਹ ਇਕੱਲੇ 1800 ਡਰੱਗ ਯੂਜ਼ਰ ਦਾ ਹੋਇਆ ਸੀ, ਪਾਪੂਲੇਸ਼ਨ ਦਾ ਨਹੀਂ ਤੇ ਡਰੱਗ ਯੂਜ਼ਰ ਉਸ ਸਰਵੇ ਵਿਚੋਂ 70 ਫੀਸਦੀ ਸਨ ਪਰ ਉਨ੍ਹਾਂ ਨੇ ਜਾਣ-ਬੁਝ ਕੇ ਅਜਿਹਾ ਕੀਤਾ ਕਿਉਂਕਿ ** ** ਦਾ ਪੰਜਾਬ ਪ੍ਰਤੀ ਪਿਆਰ ਸਾਰੇ ਜਾਣਦੇ ਹਨ । ਉਵੇਂ ਹੀ ਹੁਣ ਇਹ ਸਾਨੂੰ ਬਲੇਮ ਕਰਦੇ ਹਨ ਕਿ ਅਕਾਲੀ ਦਲ ਦੇ ਲੀਡਰ ਡਰੱਗਜ਼ ਵਿਚ ਇਨਵਾਲਵਡ ਹਨ । ਸਪੀਕਰ ਸਾਹਿਬ, ਮੇਰੇ ਕੋਲ ਆਹ ਫੋਟੋ ਹੈ ਇਥੋਂ ਦੇ ਕਾਂਗਰਸ ਦੇ ਜਿਹੜੇ ਐਮ.ਐਲ.ਏ. ਗਿੱਦੜਬਾਹਾ ਤੋਂ ਹਨ, ਰਾਜਾ ਵੜਿੰਗ, ਸਾਡੇ ਨਾਲ ਹੀ ਗੁਆਂਢੀ, ਉਨ੍ਹਾਂ ਦਾ ਆਪਣਾ ਇੰਚਾਰਜ, ਯੂਥ ਕਾਂਗਰਸ ਦਾ ਪ੍ਰਧਾਨ ਪੰਜ ਕਿਲੋ ਅਫੀਮ ਵਿੱਚ ਪਟਿਆਲੇ ਵਿੱਚ ਅਰੈਸਟ ਕੀਤਾ ਗਿਆ । ਇਹੋ ਜਿਹੀ ਮੇਰੇ ਕੋਲ ਬਹੁਤ ਲੰਬੀ ਲਿਸਟ ਹੈ । ਮੈਂ ਪੂਰਾ ਰਿਕਾਰਡ ਲੈ ਕੇ ਆਇਆ ਪਰ ਮੈਂ ਇਸ ਵਿਚ ਜਾਣਾ ਨਹੀਂ ਚਾਹੁੰਦਾ । ਜੇ ਮੈਂ ਦੱਸਾਂ ਤਾਂ ਦੋ ਘੰਟੇ ਤਾਂ ਇਨ੍ਹਾਂ ਲਿਸਟਾਂ ਤੇ ਹੀ ਲੱਗ ਜਾਣਗੇ ਕਿ ਕਾਂਗਰਸੀਆਂ ਨੇ ਕਿੱਥੇ ਕਿੱਥੇ ਅਫੀਮ ਵੇਚੀ, ਕਿੱਥੇ ਫੜ੍ਹੇ ਗਏ ਪਰ ਮੈਂ ਇਸ ਤੇ ਜਾਣਾ ਨਹੀਂ ਚਾਹੁੰਦਾ । ਸਪੀਕਰ ਸਾਹਿਬ, ਫਿਰ ਇਨ੍ਹਾਂ ਨੇ ਗੱਲ ਕੀਤੀ ਕਿ ਪੁਲਿਸ ਹਾਈ ਹੈਂਡਨੈਸ, ਐਮ.ਐਲ.ਏਜ਼ ਦਾ ਰਾਜ ਹੈ । ਸਪੀਕਰ ਸਾਹਿਬ, ਆਪ ਜੀ ਵੀ ਜਾਣਦੇ ਹੋ, ਸਾਰੇ ਜਾਣਦੇ ਹਨ, ਪੂਰਾ ਪੰਜਾਬ ਜਾਣਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਕਿਵੇਂ ਪੁਲਿਸ ਨੂੰ ਯੂਜ਼ ਕੀਤਾ as his private army, ਤੁਸੀਂ ਜਾਣਦੇ ਹੋ ਐਸ.ਜੀ.ਪੀ.ਸੀ. ਇਲੈਕਸ਼ਨ ਵਿਚ ਕੀ ਹੋਇਆ ? ਕਿਵੇਂ ਮੈਂਬਰਾਂ ਦੇ, ਤੁਸੀਂ ਹੈਰਾਨ ਰਹਿ ਜਾਓਗੇ, ਛੋਟੇ ਛੋਟੇ ਬੱਚਿਆਂ ਨੂੰ, 80-80 ਸਾਲ ਦੀਆਂ ਬਜ਼ੁਰਗ ਬੀਬੀਆਂ ਮਾਤਾਵਾਂ ਨੂੰ ਉਨ੍ਹਾਂ ਨੇ ਅਫੀਮ ਦੇ ਕੇ ਫਸਾਇਆ । ਬੀਬੀ ਜਗੀਰ ਕੌਰ ਤੇ ਬਿਜਲੀ ਚੋਰੀ ਦਾ ਕੇਸ ਪਾਇਆ, ਕਿਸੇ ਤੇ ਕਿੱਕਰ ਚੋਰੀ ਦਾ । ਸਪੀਕਰ ਸਾਹਿਬ, ਤੁਸੀਂ ਆਪ ਹੀ ਜਾਣਦੇ ਹੋ ਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਖੇ ਜੋ ਹੋਇਆ। ਸਪੀਕਰ ਸਾਹਿਬ, ਪੰਜਾਬ ਪੁਲਿਸ ਉਥੇ ਭੇਜੀ ਗਈ ਸੀ, ਪਰ ਮੈਂ ਉਸ ਵੱਲ ਜਾਣਾ ਨਹੀਂ ਚਾਹੁੰਦਾ। ਸਪੀਕਰ ਸਾਹਿਬ, ਮੇਰੀ ਤੇ ਮੁੱਖ ਮੰਤਰੀ ਸਾਹਿਬ ਦੀ ਕਲੀਅਰ ਡਾਇਰੈਕਸ਼ਨ ਹੈ, ਸਮੁੱਚੀ ਪੁਲਿਸ ਨੂੰ, ਡੀ.ਜੀ.ਪੀ. ਸਾਹਿਬ ਨੂੰ, ਐਸ.ਐਸ.ਪੀ. ਸਾਹਿਬ ਨੂੰ ਕਿ ਇਨਸਾਫ ਹੋਣਾ ਚਾਹੀਦਾ ਹੈ । ਅਸੀਂ ਬੇਇਨਸਾਫੀ ਦੇ ਖਿਲਾਫ ਲੜਦੇ ਰਹੇ ਹਾਂ । ਅਸੀਂ ਦੇਖਿਆ ਕਿ ਕਿਵੇਂ ਕਾਂਗਰਸ ਨੇ ਆਪਣੀ ਪੁਲੀਟੀਕਲ ਪਾਵਰ ਯੂਜ਼ ਕਰਕੇ ਆਪਣੇ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਉਪ ਮੁੱਖ ਮੰਤਰੀ]

ਅਪੋਨੈਂਟਸ ਨੂੰ ਅਰੈਸਟ ਕੀਤਾ । ਅਸੀਂ ਨਹੀਂ ਚਾਹੁੰਦੇ ਕਿ ਕੋਈ ਐਸੀ ਗੱਲ ਹੋਵੇ । ਸਪੀਕਰ ਸਾਹਿਬ, ਗੱਲ ਕਰਦੇ ਹਾਂ ਲਾਅ ਐਂਡ ਆਰਡਰ ਦੀ । ਮੈਨੂੰ ਲੱਗਦਾ ਹੈ ਕਿ ਇਨ੍ਹਾਂ ਨੂੰ ਲਾਅ ਐਂਡ ਆਰਡਰ ਦੇ ਲਫ਼ਜ਼ ਦੇ ਮੀਨਿੰਗ ਨਹੀਂ ਪਤਾ । ਸਪੀਕਰ ਸਾਹਿਬ, ਇਨ੍ਹਾਂ ਦੀ ਆਦਤ ਹੈ ਕਿ ਝੂਠ ਬੋਲੀ ਚੱਲੋ । ਇੰਨਾ ਵੱਡਾ ਝੂਠ ਬੋਲੋ ਕਿ ਲੋਕ ਵਿਸ਼ਵਾਸ ਕਰਨ ਲੱਗ ਜਾਣ । ਜਿਵੇਂ ਪਹਿਲਾਂ ਸਾਡੇ ਤੇ 3500 ਕਰੋੜ ਦਾ ਦੋਸ਼ ਲਾਇਆ ਸੀ । ਹੁਣ ਸਪੀਕਰ ਸਾਹਿਬ, ਪਿਛਲੇ ਪੰਜ ਸਾਲ ਕਹਿੰਦੇ ਰਹੇ ਕਿ 40,000 ਕਾਂਗਰਸੀਆਂ ਤੇ ਝੂਠੇ ਪਰਚੇ ਦਰਜ ਕੀਤੇ । ਪੂਰੇ ਪੰਜ ਸਾਲ ਅਸੀਂ ਡਿਟੇਲ ਮੰਗਦੇ ਰਹੇ ਕਿ ਸਾਨੂੰ ਦੱਸੋ ਕਿਹੜੇ ਹਨ, ਅਸੀਂ ਇਨਕੁਆਰੀ ਕਰਾਂਗੇ । ਮੈਂ ਹਾਊਸ ਵਿਚ ਵੀ ਕਿਹਾ ਸੀ ਕਿ ਅਸੀਂ ਇਨਕੁਆਰੀ ਕਰਾਂਗੇ ਪਰ ਇੱਕ ਨਾਂ ਵੀ ਨਹੀਂ ਦਿੱਤਾ । ਹੁਣ ਜਾਖੜ ਸਾਹਿਬ ਖੜ੍ਹੇ ਹੋ ਕੇ ਕਹਿਣ ਲੱਗੇ ਕਿ ਸਾਰੇ ਠੇਕੇ ਜਾਅਲੀ ਤੇ ਆਪਣੀ ਅਕਾਲੀ ਦਲ ਦੇ ਵਰਕਰਾਂ ਲਈ ਖੋਲ੍ਹੇ ਹਨ । ਮੈਂ ਕਿਹਾ ਕਿ ਲਿਸਟ ਦੇ ਦਿਓ । ਕਹਿੰਦੇ ਕਿ ਲਿਸਟ ਨਹੀਂ ਦੇਣੀ । ਕਿਉਂਕਿ ਇਹ ਝੂਠ ਹੈ । ਹੁਣ ਇਨ੍ਹਾਂ ਨੇ ਇੱਕ ਨਵੀਂ ਗੱਲ ਫੜ੍ਹ ਲਈ ਕਿ ਲਾਅ ਐਂਡ ਆਰਡਰ ਬੜਾ ਖਰਾਬ ਹੈ, ਲਾਅ ਐਂਡ ਆਰਡਰ ਦੇ ਖਿਲਾਫ ਇਹ ਗੱਲਾਂ ਕਰਦੇ ਹਨ ਕਿ ਪੰਜਾਬ ਵਿਚ ਪਤਾ ਨਹੀਂ ਕੀ ਹੋ ਗਿਆ । ਸਪੀਕਰ ਸਾਹਿਬ, ਦੋ ਇੰਸੀਡੈਂਟ ਹੋਏ । ਬੜਾ unfortunate ਹੋਇਆ । ਮੈਨੂੰ ਬੜਾ ਦੁੱਖ ਹੈ ਪਰ ਇਹੋ ਜਿਹੇ ਇੰਸੀਡੈਂਟ ਹੋ ਜਾਂਦੇ ਹਨ । ਹੁਣ ਅਮਰੀਕਾ ਵਿੱਚ ਦੇਖੋ, ਸਪੀਕਰ ਸਾਹਿਬ, ਕਿੰਨਾ ਵੱਡਾ ਇੰਸੀਡੈਂਟ ਹੋਇਆ, ਪਰ ਐਕਸ਼ਨ ਕੀ ਲਿਆ? ਸਪੀਕਰ ਸਾਹਿਬ, The Government should be judged by the way it takes action, ਜਿਵੇਂ ਅਸੀਂ ਲਿਆ । ਸਪੀਕਰ ਸਾਹਿਬ, ਲਾਅ ਐਂਡ ਆਰਡਰ ਦੇ ਵੱਡੇ ਮਸਲੇ ਕਿਹੜੇ ਕਿਹੜੇ ਹਨ ? ਪੰਜ-ਛੇ ਚੀਜ਼ਾਂ ਹਨ ਜਿਹੜੀਆਂ ਲਾਅ ਐਂਡ ਆਰਡਰ ਨੂੰ ਡਿਫਾਈਨ ਕਰਦੀਆਂ ਹਨ, ਟੈਰੋਰਿਜ਼ਮ, ਕਮਿਊਨਲ ਕਲੈਸ਼, ਨੈਕਸਲ ਪ੍ਰਾਬਲਮ, ਡਰੱਗਜ਼, ਮਰਡਰਜ਼ ਅਤੇ ਰੇਪਜ਼ ਆਦਿ । ਇਹ ਚੀਜ਼ਾਂ ਬਾਰੇ ਆਪਾਂ ਨੂੰ ਜੱਜ ਕਰਨਾ ਚਾਹੀਦਾ ਹੈ ਕਿ ਇਨ੍ਹਾਂ ਚੀਜ਼ਾਂ ਦੀ ਪੰਜਾਬ ਵਿਚ ਕੀ ਸਥਿਤੀ ਹੈ । ਸਪੀਕਰ ਸਾਹਿਬ, ਮੇਰੇ ਕੋਲ ਇਹ ਸਾਰਾ ਡਾਟਾ ਹੈ । ਸਪੀਕਰ ਸਾਹਿਬ, ਜਿਹੜੀ ਪ੍ਰਾਬਲਮ ਹੈ, ਟੈਰੇਰਿਜ਼ਮ ਦੀ, ਪੰਜਾਬ ਵਿਚ, ਤੁਸੀਂ ਦੇਖਿਆ ਹੋਣਾ ਹੈ ਕਿ 2 ਸਾਲ ਹੋ ਗਏ, ਚਾਰ ਸਾਲ ਹੋ ਗਏ, ਕੋਈ ਵੱਡੀ ਟੈਰੇਰਿਜ਼ਮ ਐਕਟੀਵਿਟੀ ਨਹੀਂ ਹੋਈ ਅਤੇ ਨਾ ਹੀ ਬੰਬ ਬਲਾਸਟ ਹੋਏ ਅਤੇ ਨਾ ਹੀ ਕੋਈ ਜਾਨਾਂ ਗਈਆਂ । ਮੇਰੇ ਕੋਲ ਆਹ ਡੀਟੇਲ ਹੈ ਪੂਰੇ ਦੇਸ਼ ਦੀ, ਜਿਥੇ ਸੈਂਟਰ ਦੀ ਸਰਕਾਰ ਦੀ ਜ਼ਿੰਮੇਵਾਰੀ ਹੈ, ਤੇ ਸਾਰੇ ਜਾਣਦੇ ਹਨ, ਸਪੀਕਰ ਸਾਹਿਬ, ਟੈਰੇਰਿਜ਼ਮ ਆਊਟ ਆਫ ਕੰਟਰੀ ਤੋਂ ਹੁੰਦਾ । ਪੰਜਾਬ ਭਾਵੇਂ ਬਾਰਡਰ ਸਟੇਟ ਹੈ ਪਰ ਜਿੰਨਾ ਪ੍ਰੋਫੈਸ਼ਨਲੀ ਸਾਡੀ ਪੁਲਿਸ ਕਰਾਈਮ ਨੂੰ ਤੇ ਟੈਰੇਰਿਜ਼ਮ ਐਕਟੀਵਿਟੀ ਨੂੰ, ਮੈਂ ਉਨ੍ਹਾਂ ਨੂੰ ਕੰਟਰੋਲ ਕੀਤਾ, ਕੰਪਲੀਮੈਂਟ

Original with;
Punjab Vidhan Sabha
Digitized by;
Panjab Digital Library

ਦੇਣਾ ਚਾਹੁੰਦਾ ਹਾਂ । ਹਰਿਆਣਾ ਵਿੱਚ ਬਲਾਸਟ ਹੋਏ । ਪਾਨੀਪਤ ਵਿੱਚ, 68 ਪੀਪਲਜ਼ ਕਿਲਡ । ਆਂਧਰਾ ਪ੍ਰਦੇਸ਼ ਵਿੱਚ, ਹੈਦਰਾਬਾਦ ਵਿੱਚ ਦੋ ਬਲਾਸਟ ਹੋਏ ਤੇ 55 ਬੰਦੇ ਮਾਰੇ ਗਏ। ਰਾਜਸਥਾਨ ਵਿੱਚ ਅਜਮੇਰ ਤੇ ਜੈਪੁਰ ਵਿੱਚ ਬਲਾਸਟ ਹੋਏ, 66 ਲੋਕ ਮਾਰੇ ਗਏ। ਦਿੱਲੀ ਵਿੱਚ ਤਿੰਨ ਬਲਾਸਟ ਹੋਏ 32 ਬੰਦੇ ਮਾਰੇ ਗਏ । ਮਨੀਪੁਰ ਵਿਚ ਬਲਾਸਟ ਹੋਏ, ਆਸਾਮ ਵਿੱਚ ਬਲਾਸਟ ਹੋਏ, ਪਿਛਲੇ ਚਾਰ-ਪੰਜ ਸਾਲਾਂ ਵਿੱਚ ਤੇ 107 ਬੰਦੇ ਮਾਰੇ ਗਏ। ਮਹਾਂਰਾਸ਼ਟਰਾ ਵਿੱਚ ਬਲਾਸਟ ਹੋਏ ਤੇ 214 ਬੰਦੇ ਮਾਰੇ ਗਏ ਤੇ ਪੰਜਾਬ ਵਿੱਚ ਇਕ ਵੀ ਨਹੀਂ । ਫੇਰ ਪੰਜਾਬ ਨੂੰ ਕਹਿੰਦੇ ਹਨ ਕਿ ਲਾਅ ਐਂਡ ਆਰਡਰ ਖਰਾਬ ਹੋ ਗਿਆ । ਇਹ ਸਾਰੀਆਂ ਸਟੇਟਾਂ ਜਿਨ੍ਹਾਂ ਦਾ ਜ਼ਿਕਰ ਕੀਤਾ, ਸਪੀਕਰ ਸਾਹਿਬ, ਇਹ ਸਾਰੀਆਂ ਕਾਂਗਰਸ ਰੂਲਡ ਸਟੇਟਸ ਹਨ । ਦੂਜੀ ਗੱਲ, ਕਮਿਊਨਲ ਵਾਇਲੈਂਸ ਦੀ ਹੈ। ਤੁਸੀਂ ਦੇਖਿਆ ਹੋਣਾ ਹੈ । ਸਪੀਕਰ ਸਾਹਿਬ, ਮਹਾਂਰਾਸ਼ਟਰ ਦੇਖ ਲਓ । ਕੀ ਕਦੀ ਪੰਜਾਬ ਸੁਣਿਆ ਹੈ । ਸਪੀਕਰ ਸਾਹਿਬ, ਜਦੋਂ 84 ਦਾ ਕਤਲੇਆਮ ਹੋਇਆ ਜਿੱਥੇ ਕਾਂਗਰਸ ਨੇ, ਉਨ੍ਹਾਂ ਦੀ ਲੀਡਰਸ਼ਿਪ ਨੇ, ਸਿੱਧਾ ਨਾਮ ਆਉਂਦਾ ਹੈ ਸੱਜਣ ਕੁਮਾਰ ਦਾ, ਟਾਈਟਲਰ ਦਾ, ਜਿੱਥੇ ਹਜ਼ਾਰਾਂ ਲੋਕਾਂ ਨੂੰ ਬੇਰਹਿਮੀ ਨਾਲ ਕਤਲ ਕੀਤਾ ਗਿਆ । ਕਾਂਗਰਸ ਨੇ ਅੱਜ ਤੱਕ ਇੱਕ ਵੀ ਉਸ ਲੀਡਰ ਨੂੰ ਫੜ੍ਹਨ ਨਹੀਂ ਦਿੱਤਾ ਤੇ ਹੁਣ ਕਾਂਗਰਸ ਗੱਲ ਕਰਦੀ ਹੈ, ਕਮਿਊਨਲ ਵਾਇਲੈਂਸ ਦੀ ਤੇ ਲਾਅ ਐਂਡ ਆਰਡਰ ਦੀ । ਪੰਜਾਬ ਵਿੱਚ ਫਿਰ ਵੀ ਕੋਈ ਕਮਿਊਨਲ ਵਾਇਲੈਂਸ ਨਹੀਂ ਹੋਇਆ। ਸਪੀਕਰ ਸਾਹਿਬ, ਡਰੱਗਜ਼ ਬਾਰੇ ਆਪਾਂ ਜ਼ਿਕਰ ਕਰ ਹੀ ਲਿਆ ਹੈ । ਸਪੀਕਰ ਸਾਹਿਬ, ਹੁਣ ਮੈਂ ਰੇਪਸ ਤੇ ਮਰਡਰ ਦੀ ਗੱਲ ਕਰਨੀ ਚਾਹੁੰਦਾ ਹਾਂ । ਸਪੀਕਰ ਸਾਹਿਬ, ਜੇ ਮੈਂ ਕੁਝ ਕਹਾਂਗਾ ਤਾਂ ਕਾਂਗਰਸੀ ਕਹਿਣਗੇ, ਇਹ ਤਾਂ ਪੁਲੀਟੀਕਲ ਸਟੇਟਮੈਂਟ ਹੈ, ਬੀਲੀਵ ਹੀ ਨਹੀਂ ਕਰਦੇ। ਇਨ੍ਹਾਂ ਦੀ ਆਪਣੀ ਹੋਮ ਮਨਿਸਟਰੀ, ਜਿੱਥੇ, ਅੱਜਕਲ੍ਹ ਹੋਮ ਮਨਿਸਟਰ ਸ਼ਿੰਦੇ ਸਾਹਿਬ ਹਨ । ਉਨ੍ਹਾਂ ਦੀ ਸਰਕਾਰ ਦਿੱਲੀ ਵਿੱਚ ਹੈ । ਇਹ ਘੱਟ ਤੋਂ ਘੱਟ ਆਪਣੀ ਰਿਪੋਰਟ ਨੂੰ ਤਾਂ ਬੀਲੀਵ ਕਰਨਗੇ। ਸਪੀਕਰ ਸਾਹਿਬ, ਹਰ ਸਾਲ ਗੌਰਮਿੰਟ ਆਫ ਇੰਡੀਆ ਦੀ ਹੋਮ ਮਨਿਸਟਰੀ ਪੂਰੇ ਦੇਸ਼ ਦਾ ਕਰਾਈਮ ਡਾਟਾ ਕੱਢਦੀ ਹੈ ਕਿ ਹਰ ਸਟੇਟ ਵਿੱਚ ਕਿੰਨਾ ਕਰਾਈਮ ਹੈ ਤੇ ਕਿਵੇਂ ਹੈ । ਹਰ ਸਟੇਟ ਨੂੰ ਦੂਜੀਆਂ ਸਟੇਟਾਂ ਨਾਲ ਕੰਪੇਅਰ ਕਰਦੀ ਹੈ ਤੇ ਹਰ ਸਾਲ ਰਿਪੋਰਟ ਪੇਸ਼ ਹੁੰਦੀ ਹੈ । ਸਪੀਕਰ ਸਾਹਿਬ, ਮੇਰੇ ਕੋਲ ਕੈਪਟਨ ਅਮਰਿੰਦਰ ਸਿੰਘ, ਕਾਂਗਰਸ ਦੇ ਮੁੱਖ ਮੰਤਰੀ ਦੇ ਟਾਈਮ ਦੀ ਪੰਜ ਸਾਲਾਂ ਦੀ ਰਿਪੋਰਟ ਹੈ, ਅਤੇ ਨਾਲ ਆਪਣੀ ਰਿਪੋਰਟ ਹੈ । ਇਹ ਮੈਂ ਮੀਡੀਆ ਨੂੰ ਵੀ ਦਿਖਾਉਣਾ ਚਾਹੁੰਦਾ ਹਾਂ ਤੇ ਤੁਹਾਨੂੰ ਵੀ ਦੱਸਣਾ ਚਾਹੁੰਦਾ ਹਾਂ । ਐਕਚੂਅਲ ਪੁਜੀਸ਼ਨ ਕੀ ਹੈ ਕਰਾਈਮ ਦੀ ਪੂਰੇ ਦੇਸ਼ ਵਿੱਚ ਤੇ ਪੰਜਾਬ ਉੱਥੇ ਕਿੱਥੇ ਸਟੈਂਡ ਕਰਦਾ ਹੈ । ਸਪੀਕਰ ਸਾਹਿਬ, ਉਨ੍ਹਾਂ ਨੇ ਚਾਰਟ ਬਣਾਇਆ ਹੈ, ਆਪਣੇ ਦੇਸ਼ ਵਿੱਚ ਪੂਰੇ 28 ਸੂਬੇ ਜਿੰਨੇ ਹਨ। ਉਨ੍ਹਾਂ ਨੇ ਕਰਾਈਮ ਰੇਟ ਨੂੰ ਕੰਪੇਅਰ ਕੀਤਾ, ਪੰਜਾਬ ਵਿੱਚ 2006 ਤੋਂ ਲੈ ਕੇ 2011 ਤੱਕ ਤੇ 2002 ਤੋਂ ਲੈ

Original with;
Punjab Vidhan Sabha
Digitized by;
Panjab Digital Library

[ਉਪ ਮੁੱਖ ਮੰਤਰੀ]

ਕੇ 2006 ਤੱਕ, ਦੋ-ਦੋ ਮੇਰੇ ਕੋਲ ਡਾਟੇ ਹਨ । ਸਪੀਕਰ ਸਾਹਿਬ, ਤੁਸੀਂ ਹੈਰਾਨ ਰਹਿ ਜਾਓਗੇ ਕਿ 2007 ਤੋਂ ਸਾਡੀ ਸਰਕਾਰ ਆਈ ਹੈ ਤੇ ਅੱਜ 2011 ਖਤਮ ਹੋ ਗਿਆ ਹੈ ਪਰ ਜੋ ਡਾਟਾ ਹੈ, ਉਸ ਮੁਤਾਬਕ ਪੰਜਾਬ ਇਕੱਲੀ ਦੂਜੀ ਜਾਂ ਤੀਜੀ ਸਟੇਟ ਹੈ, ਪੂਰੇ 28 ਸਟੇਟਾਂ ਵਿਚੋਂ ਜਿਥੇ ਕਰਾਈਮ ਘਟਿਆ ਹੈ । ਮਾਈਨਸ 4.8 ਫੀਸਦੀ । ਸਪੀਕਰ ਸਾਹਿਬ, ਇਹ ਗੌਰਮਿੰਟ ਆਫ ਇੰਡੀਆ ਦੀ ਸਟੈਟਿਸਟਿਕਸ ਹੈ । ਜਿੱਥੇ ਇਨ੍ਹਾਂ ਨੇ ਇਹ ਲਿਖਿਆ ਹੈ ਉਥੇ ਡੇਟ-ਵਾਈਜ਼ ਚਾਰਟ ਬਣਾਈ ਹੈ । ਪੰਜਾਬ ਵਿੱਚ ਕਰਾਈਮ ਘਟਿਆ ਹੈ । ਮੈਨੂੰ ਲੱਗਦਾ ਹੈ ਕਿ ਅਮਰੀਕਾ ਵਿੱਚ ਵੀ ਨਹੀਂ ਘਟਿਆ ਹੋਣਾ । ਜਿੱਥੇ ਕਰਾਈਮ ਘੱਟ ਹੋਇਆ ਹੈ ਤੇ ਦੂਜੀਆਂ ਸਟੇਟਾਂ ਕਿਹੜੀਆਂ ਕੱਢੀਆਂ ਹਨ ? ਇਕ ਤਾਂ ਸਟੇਟ ਹੈ ਮਿਜ਼ੋਰਮ ਜਿਹੜੀ ਛੋਟੀ ਜਿਹੀ ਸਟੇਟ ਹੈ ਅਤੇ ਦੂਜੀ ਸਟੇਟ ਅਰੁਣਾਚਲ ਪ੍ਰਦੇਸ਼ ਹੈ ਜਿੱਥੇ 6% ਘਟਿਆ ਹੈ । ਉਹ ਵੀ ਛੋਟੀ ਜਿਹੀ ਸਟੇਟ ਹੈ । ਬਾਕੀ ਸਾਰੀਆਂ ਸਟੇਟਾਂ ਦਾ ਕਰਾਈਮ ਵਧਿਆ ਹੈ । ਪੰਜਾਬ ਦਾ 4.8% ਘਟਿਆ ਹੈ । ਜਾਖੜ ਸਾਹਿਬ ਕਹਿ ਰਹੇ ਸੀ ਕਿ ਮੁੱਖ ਮੰਤਰੀ ਜੀ ਦੀ ਅਗਵਾਈ ਹੇਠ ਜਿਹੜੀ ਇਹ ਸਰਕਾਰ ਬਣੀ ਹੈ, ਉਨ੍ਹਾਂ ਦੇ ਕੰਟਰੋਲ ਵਿੱਚ ਕੁਝ ਨਹੀਂ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਮੁੱਖ ਮੰਤਰੀ ਜੀ ਦੇ ਕੰਟਰੋਲ ਕਰਕੇ ਹੀ, ਸਮੁੱਚੀ ਇਸ ਸਰਕਾਰ ਕਰਕੇ ਹੀ ਪੂਰੇ ਦੇਸ਼ ਦੀ ਹਿਸਟਰੀ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਇੱਥੇ ਪੰਜਾਬ ਵਿੱਚ ਕਰਾਈਮ ਘਟਿਆ ਹੈ । ਉਨ੍ਹਾਂ ਦਾ ਆਪਣਾ ਡਾਕੂਮੈਂਟ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਕੈਪਟਨ ਅਮਰਿੰਦਰ ਸਿੰਘ ਦੇ ਟਾਈਮ ਦੇ ਡਾਟੇ ਨਾਲ ਕੰਪੇਅਰ ਕਰੋ ਤਾਂ ਤੁਸੀਂ ਦੇਖੋਗੇ ਕਿ ਸਾਡੇ ਕਰਾਈਮ ਘਟਿਆ ਹੈ ਤੇ ਇਨ੍ਹਾਂ ਦੇ ਟਾਈਮ ਵਿੱਚ 18.2% ਕਰਾਈਮ ਵਧਿਆ ਹੈ । (ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਦੂਸਰੀ ਜਿਹੜੀ ਵੱਡੀ ਗੱਲ ਹੈ, ਉਹ ਇਹ ਹੈ ਕਿ ਇਨ੍ਹਾਂ ਨੇ 28 ਸਟੇਟਾਂ ਦਾ ਰਿਕਾਰਡ ਦਿੱਤਾ ਹੈ ਤੇ ਉਨ੍ਹਾਂ ਨੇ ਦੱਸਿਆ ਹੈ ਕਿ 2002-2007 ਵਿੱਚ third highest growth in crime in the country was Punjab.' (ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਤੇ ਥਰਡ ਲੋਐਸਟ ਕਰਾਈਮ ਰੇਟ ਕਿ ਜਿੱਥੇ ਕਰਾਈਮ ਘਟਿਆ ਹੈ ਪੰਜਾਬ ਵਿੱਚ, ਉਹ ਹੈ ਆਪਣੇ ਸਮੇਂ ਵਿੱਚ, ਮੁੱਖ ਮੰਤਰੀ ਜੀ ਦੇ ਰਾਜ ਵਿੱਚ । ਜਦੋਂ ਆਪਣਾ ਪੰਜ ਸਾਲ ਰਿਹਾ ਹੈ । ਮੈਂ ਹੈਰਾਨ ਹਾਂ ਕਿ ਇਹ ਗੱਲ ਕਰਦੇ ਹਨ ਲਾਅ ਐਂਡ ਆਰਡਰ ਦੀ । ਬੜੀ ਡਿਟੇਲਡ ਰਿਪੋਰਟ ਬਣਦੀ ਹੈ । ਸਪੀਕਰ ਸਾਹਿਬ, ਦੂਜੀ ਗੱਲ ਹੈ ਕਿ ਉਨ੍ਹਾਂ ਨੇ ਸਿਟੀ-ਵਾਈਜ਼, ਸ਼ਹਿਰਾਂ-ਵਾਈਜ਼ ਦੇਖ ਲਿਆ ਕਿ ਸ਼ਹਿਰਾਂ ਵਿੱਚ ਕਿੰਨਾ ਕਿੱਥੇ ਕਰਾਈਮ ਵਧਿਆ ਅਤੇ ਕਿੱਥੇ ਕਿੰਨਾ ਘਟਿਆ। ਇਹ ਵੀ ਉਨ੍ਹਾਂ ਦੀ ਰਿਪੋਰਟ ਹੈ । ਸਾਰਾ ਮੀਡੀਆ ਇੱਥੇ ਬੈਠਿਆ ਹੈ । ਵਿਰੋਧੀ ਧਿਰ ਤਾਂ ਹੈ ਨਹੀਂ । ਤੁਸੀਂ ਹੈਰਾਨ ਹੋਵੋਗੇ, ਸਪੀਕਰ ਸਾਹਿਬ, ਜਿਹੜੀ ਰਿਪੋਰਟ 2007 ਤੋਂ 2011 ਤੱਕ ਹੈ। ਇਨ੍ਹਾਂ ਨੇ ਕੋਈ 50-60 ਸ਼ਹਿਰ ਲਏ ਹਨ ਔਰ ਪੂਰੇ ਦੇਸ਼ ਵਿੱਚ ਉਨ੍ਹਾਂ ਨੇ

Original with;
Punjab Vidhan Sabha
Digitized by;
Panjab Digital Library

ਕਰਾਈਮ ਰੇਟ ਕੰਪੇਅਰ ਕੀਤਾ ਹੈ। ਪਿਛਲੇ 2002 ਤੋਂ 2007 ਤੱਕ ਅਤੇ 2007 ਤੋਂ 2012 ਤੱਕ ਕਰਾਈਮ ਰੇਟ ਕੈਲਕੁਲੇਟ ਕੀਤਾ ਹੈ। ਸਪੀਕਰ ਸਾਹਿਬ, ਤੁਸੀਂ ਹੈਰਾਨ ਰਹਿ ਜਾਓਗੇ ਲੁਧਿਆਣੇ ਵਿੱਚ 2006 ਤੋਂ ਲੈ ਕੇ 2011 ਤੱਕ 20.7% ਕਰਾਈਮ ਘੱਟ ਗਿਆ ਹੈ, (ਥੰਪਿੰਗ) ਜਿੰਨਾ ਉਨ੍ਹਾਂ ਦੇ ਟਾਈਮ ਵਿੱਚ ਕਰਾਈਮ ਸੀ, ਪਾਪੂਲੇਸ਼ਨ ਭਾਵੇਂ ਵੱਧ ਗਈ ਪਰ ਕਰਾਈਮ ਘੱਟ ਗਿਆ ਹੈ। ਇਹ ਗੌਰਮਿੰਟ ਆਫ ਇੰਡੀਆ ਦਾ ਲੁਧਿਆਣੇ ਦਾ ਡਾਟਾ ਹੈ। ਅੰਮ੍ਰਿਤਸਰ ਵਿੱਚ 2006 ਤੋਂ ਲੈ ਕੇ 2011 ਤੱਕ 1.4% ਕਰਾਈਮ ਘੱਟ ਗਿਆ ਹੈ। ਮੈਂ ਦੇਖ ਰਿਹਾ ਸੀ ਕਿ ਸਾਰੀਆਂ ਸਟੇਟਾਂ ਦੇ ਸ਼ਹਿਰਾਂ ਵਿੱਚ ਕਰਾਈਮ ਵਧਿਆ ਹੈ ਪਰ ਇਹ ਦੋ ਸ਼ਹਿਰ ਹਨ ਲੁਧਿਆਣਾ ਅਤੇ ਅੰਮ੍ਰਿਤਸਰ ਜਿਨ੍ਹਾਂ ਦਾ ਇਨ੍ਹਾਂ ਨੇ ਰਿਕਾਰਡ ਦਿੱਤਾ ਹੈ, ਉਥੇ ਕਰਾਈਮ ਘਟਿਆ ਹੈ ਤੇ ਮੈਂ ਕੌਰੈਸਪੌਂਡੈਂਟਲੀ ਦੱਸਣਾ ਚਾਹੁੰਦਾ ਹਾਂ ਕਾਂਗਰਸ ਦੇ ਜਾਖੜ ਸਾਹਿਬ ਨੂੰ ਜੋ ਅੱਜ ਇੱਥੇ ਨਹੀਂ ਹਨ ਔਰ ਤੁਸੀਂ ਹੈਰਾਨ ਰਹਿ ਜਾਵੋਗੇ ਸਪੀਕਰ ਸਾਹਿਬ, ਕਾਂਗਰਸ ਦੇ ਟਾਈਮ 2002 ਤੋਂ 2007 ਤੱਕ ਸਭ ਤੋਂ ਵੱਧ ਜੇ ਕਰਾਈਮ ਵਧਿਆ ਹੈ ਤਾਂ 39.1% ਅੰਮ੍ਰਿਤਸਰ ਸ਼ਹਿਰ ਵਿੱਚ ਵਧਿਆ ਸੀ ਪਰ ਸਾਡੇ ਸਮੇਂ ਕਰਾਈਮ ਘਟਿਆ ਹੈ ਤੇ -1% ਕਰਾਈਮ ਹੋਇਆ। 2006 ਤੋਂ ਲੈ ਕੇ ਘੱਟ ਗਿਆ, ਇਨ੍ਹਾਂ ਦੇ 2002 ਤੋਂ ਲੈ ਕੇ 2006 ਤੱਕ ਵਧਿਆ। ਉਵੇਂ ਹੀ ਲੁਧਿਆਣੇ ਵਿੱਚ ਸਾਡੇ ਸਮੇਂ 20.7% ਘਟਿਆ ਹੈ ਜਦਕਿ ਇਨ੍ਹਾਂ ਦੇ ਸਮੇਂ 11% ਕਰਾਈਮ ਵਧਿਆ ਸੀ। ਸਪੀਕਰ ਸਾਹਿਬ, ਫਿਰ ਗੱਲ ਕਰਦੇ ਹਨ ਲਾਅ ਐਂਡ ਆਰਡਰ ਦੀ, ਇਸ ਤੇ ਡਿਬੇਟ ਕਰਨੀ ਚਾਹੁੰਦੇ ਹਨ। ਇਹ ਫੈਕਟਸ ਵਿੱਚ ਤਾਂ ਜਾਂਦੇ ਨਹੀਂ ਤੇ ਗੱਲਾਂ ਉਤੇ-ਉਤੇ ਕਰਦੇ ਰਹਿੰਦੇ ਹਨ। ਸਪੀਕਰ ਸਾਹਿਬ ਫਿਰ ਗੌਰਮਿੰਟ ਆਫ ਇੰਡੀਆ ਨੇ ਰੈਂਕਿੰਗ ਕੀਤੀ ਸਟੇਟਾਂ ਦੀ ਕਿ ਸਭ ਤੋਂ ਜ਼ਿਆਦਾ ਕ੍ਰਿਮੀਨਲ ਐਕਟੀਵਿਟੀ ਕਿਹੜੀ ਸਟੇਟ ਵਿੱਚ ਹੈ। ਉਨ੍ਹਾਂ ਨੇ ਰੈਂਕਿੰਗ ਕੀਤੀ। ਇਹ ਗੌਰਮਿੰਟ ਆਫ ਇੰਡੀਆ ਦੀ ਸਟੈਟਿਸਟਿਕਸ ਹੈ। ਤੁਸੀਂ ਹੈਰਾਨ ਰਹਿ ਜਾਵੋਗੇ ਸਪੀਕਰ ਸਾਹਿਬ, 28 ਸਟੇਟਾਂ ਹਨ। ਇੱਕ ਨੰਬਰ ਤੇ ਸਟੇਟ ਜਿੱਥੇ ਸਭ ਤੋਂ ਜ਼ਿਆਦਾ ਕਰਾਈਮ ਹੈ, ਉਹ ਹੈ ਕੇਰਲਾ। ਸਪੀਕਰ ਸਾਹਿਬ, ਕਾਂਗਰਸ ਰੂਲਡ ਸਟੇਟ। ਦੂਜੇ ਨੰਬਰ ਤੇ ਪਡੂਚਰੀ ਤੇ ਤੀਜੇ ਨੰਬਰ ਤੇ ਚੰਡੀਗੜ੍ਹ ਹੈ। ਕਰਾਈਮ, ਕ੍ਰਿਮੀਨੈਲਿਟੀ ਪਾਪੂਲੇਸ਼ਨ ਦੇ ਹਿਸਾਬ ਨਾਲ। ਉਥੇ ਵੀ ਗੌਰਮਿੰਟ ਆਫ ਇੰਡੀਆ ਦਾ ਕੰਟਰੋਲ ਹੈ। ਚੌਥੇ ਨੰਬਰ ਤੇ ਹੈ ਦਿੱਲੀ। ਇਹ ਗੌਰਮਿੰਟ ਆਫ ਇੰਡੀਆ ਦੇ ਸਟੈਟਿਸਟਿਕਸ ਹਨ ਜੀ। ਸੱਤਵੇਂ ਨੰਬਰ ਤੇ ਰਾਜਸਥਾਨ ਹੈ ਜਿੱਥੇ ਕਾਂਗਰਸ ਦਾ ਰਾਜ ਹੈ। ਸਪੀਕਰ ਸਾਹਿਬ, ਅੱਠਵੇਂ ਨੰਬਰ ਤੇ ਹਰਿਆਣਾ ਹੈ ਜਿੱਥੇ ਕਾਂਗਰਸ ਦਾ ਰਾਜ ਹੈ ਅਤੇ 28 ਸਟੇਟਾਂ ਵਿੱਚੋਂ 2011-12 ਦੀ ਇਹ ਰਿਪੋਰਟ ਮੁਤਾਬਕ out of 28 states, Punjab's number is 25th. ਸਭ ਤੋਂ ਸੇਫ ਸਟੇਟਾਂ ਵਿੱਚੋਂ ਪੰਜਾਬ ਸਟੇਟ ਹੈ। (ਥੰਪਿੰਗ) ਸਪੀਕਰ ਸਾਹਿਬ, ਇਹ ਗੌਰਮਿੰਟ ਆਫ ਇੰਡੀਆ ਦਾ ਡਾਟਾ ਹੈ। ਇਹ ਕੋਈ ਮੇਰਾ ਨਹੀਂ ਹੈ, ਕੋਈ ਪੰਜਾਬ ਦੇ ਹੋਮ

Original with;
Punjab Vidhan Sabha
Digitized by;
Panjab Digital Library

[ਉਪ ਮੁੱਖ ਮੰਤਰੀ]

ਡਿਪਾਰਟਮੈਂਟ ਦਾ ਨਹੀਂ ਹੈ, ਇਹ ਗੌਰਮਿੰਟ ਆਫ ਇੰਡੀਆ ਦਾ ਡਾਟਾ ਹੈ ਤੇ ਫਿਰ ਕਾਂਗਰਸੀ ਲਾਅ ਐਂਡ ਆਰਡਰ ਤੇ ਡਿਬੇਟ ਚਾਹੁੰਦੇ ਹਨ । ਸਪੀਕਰ ਸਾਹਿਬ, ਫਿਰ ਇਨ੍ਹਾਂ ਨੇ ਸ਼ਹਿਰਾਂ-ਵਾਈਜ਼ ਵੀ ਡਾਟਾ ਤਿਆਰ ਕੀਤਾ ਹੈ ਕਿ ਕ੍ਰਿਮੀਨੈਲਿਟੀ ਕਿਹੜੇ ਸ਼ਹਿਰ ਵਿੱਚ ਜ਼ਿਆਦਾ ਹੈ । ਇੱਕ ਨੰਬਰ ਤੇ ਆਉਂਦਾ ਹੈ ਕੋਚੀ ਤੇ ਉਸ ਤੋਂ ਬਾਅਦ ਦਿੱਲੀ ਦਾ ਨੰਬਰ ਆਉਂਦਾ ਹੈ । ਸਪੀਕਰ ਸਾਹਿਬ, ਪੰਜਾਬ ਦਾ ਲੁਧਿਆਣਾ ਆਉਂਦਾ ਹੈ 46 ਨੰਬਰ ਤੇ 53 ਸ਼ਹਿਰਾਂ ਵਿੱਚੋਂ । ਸਪੀਕਰ ਸਾਹਿਬ, ਉਨ੍ਹਾਂ ਨੇ 53 ਸ਼ਹਿਰ ਚੁਣੇ ਹਨ ਅਤੇ ਲੁਧਿਆਣਾ ਆਉਂਦਾ ਹੈ 46 ਨੰਬਰ ਤੇ ਜਦੋਂ ਕਿ ਦਿੱਲੀ ਅਤੇ ਹਰਿਆਣਾ ਦੇ ਸ਼ਹਿਰ ਸਾਡੇ ਤੋਂ ਕਿਤੇ ਉਪਰ ਆਉਂਦੇ ਹਨ । ਅੰਮ੍ਰਿਤਸਰ ਆਉਂਦਾ ਹੈ 47th position out of 53 cities. ਸਪੀਕਰ ਸਾਹਿਬ, ਇਹ ਸਾਰੇ ਫੈਕਟਸ ਤੁਹਾਡੇ ਸਾਹਮਣੇ ਹਨ ।

ਇਸ ਤੋਂ ਅੱਗੇ ਗੱਲ ਕਰਦੇ ਹਾਂ Crime against women. ਸਪੀਕਰ ਸਾਹਿਬ, ਮੀਡੀਆ ਸਾਰਾ ਤੁਹਾਡੇ ਸਾਹਮਣੇ ਬੈਠਾ ਹੈ, ਲਾਅ ਐਂਡ ਆਰਡਰ ਤੇ ਡਿਬੇਟ ਚੱਲ ਰਹੀ ਹੈ । ਮੈਂ ਚਾਹੁੰਦਾ ਹਾਂ ਕਿ ਇਹ ਫੈਕਟਸ ਮੀਡੀਆ ਰਾਹੀਂ, ਆਪ ਜੀ ਦੇ ਰਾਹੀਂ ਪੂਰੇ ਪੰਜਾਬ ਵਿੱਚ, ਸਮੁੱਚੇ ਦੇਸ਼ ਵਿੱਚ ਆਉਣੇ ਚਾਹੀਦੇ ਹਨ ਕਿ ਕਿੰਨੀ ਸੇਫ ਪੰਜਾਬ ਸਟੇਟ ਅਸੀਂ ਮੁੱਖ ਮੰਤਰੀ ਜੀ ਦੀ ਰਹਿਨੁਮਾਈ ਹੇਠ ਬਣਾ ਦਿੱਤੀ ਹੈ । Facts and figures speak themselves, Speaker Sahib. Then comes Crime against women, ਸਪੀਕਰ ਸਾਹਿਬ, ਉਨ੍ਹਾਂ ਨੇ ਔਰਤਾਂ ਦੇ ਖਿਲਾਫ ਹੋਏ ਕਰਾਈਮਜ਼ ਦੀ ਰੈਂਕਿੰਗ ਦਿੱਤੀ ਹੈ। 28 ਸਟੇਟਾਂ ਹਨ ਇੱਕ ਨੰਬਰ ਤੇ ਸਟੇਟ ਜਿੱਥੇ ਔਰਤਾਂ ਦੇ ਖਿਲਾਫ ਸਭ ਤੋਂ ਜ਼ਿਆਦਾ ਕਰਾਈਮਜ਼ ਹੈ, ਉਹ ਪੱਛਮੀ ਬੰਗਾਲ ਸਟੇਟ ਆਉਂਦੀ ਹੈ। ਦੂਜੇ ਨੰਬਰ ਤੇ ਆਂਧਰਾ ਪ੍ਰਦੇਸ਼ ਦਾ ਨਾਂ ਆਇਆ ਹੈ ਜਿੱਥੇ ਕਿ ਕਾਂਗਰਸ ਪਾਰਟੀ ਦੇ ਮੁੱਖ ਮੰਤਰੀ ਦੀ ਸਰਕਾਰ ਚੱਲ ਰਹੀ ਹੈ । ਤੀਜੇ ਨੰਬਰ ਤੇ ਉੱਤਰ ਪ੍ਰਦੇਸ਼ ਆਇਆ ਹੈ ਅਤੇ ਚੌਥੇ ਨੰਬਰ ਤੇ ਰਾਜਸਥਾਨ ਦਾ ਨਾਂ ਆਇਆ ਹੈ, ਔਰਤਾਂ ਖਿਲਾਫ ਕਰਾਈਮ ਕਰਨ ਦੇ ਕੇਸਾਂ ਵਿੱਚ ਅਤੇ ਸਪੀਕਰ ਸਾਹਿਬ, ਪੰਜਾਬ ਦਾ ਨੰਬਰ 19th out of 28. ਅਤੇ ਜਿਹੜੇ ਆਪਣੇ ਤੋਂ ਪਿੱਛੇ ਹਨ ਉਹ ਇਕੱਲੇ ਛੋਟੇ ਛੋਟੇ ਰਾਜ ਹਨ । ਜਿਵੇਂ ਹਿਮਾਚਲ ਪ੍ਰਦੇਸ਼ । ਜਿਵੇਂ ਨਾਗਾਲੈਂਡ ਹੈ । ਮਿਜ਼ੋਰਮ ਹੈ । ਮੇਘਾਲਿਆ ਹੈ । ਇਨ੍ਹਾਂ ਸੂਬਿਆਂ ਵਿੱਚ ਔਰਤਾਂ ਖਿਲਾਫ ਕਰਾਈਮ ਸਾਡੇ ਤੋਂ ਘੱਟ ਹਨ ਪਰ ਬਾਕੀ ਸਟੇਟਾਂ, ਜਿਹੜੀਆਂ ਮੇਜਰ ਸਟੇਟਸ ਹਨ ਉਨ੍ਹਾਂ ਵਿੱਚ ਔਰਤਾਂ ਦੇ ਖਿਲਾਫ ਕਰਾਈਮ ਵੱਧ ਹਨ । We come at No. 19. We are the first State among the major States in the Country for crime against women. ਸਪੀਕਰ ਸਾਹਿਬ, ਤੁਸੀਂ ਦੇਖਿਆ ਹੈ ਕਿ ਦਿੱਲੀ ਵਿੱਚ ਕੀ ਹਾਲ ਹੋ ਰਿਹਾ ਹੈ ਕਰਾਈਮ ਅਗੇਂਸਟ ਵੂਮੈਨ ਦੇ ਕੇਸਾਂ ਬਾਰੇ । ਹੁਣ citywise crime against women ਵਾਲੀ ਗੱਲ ਤੇ ਆ ਜਾਉ ।

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਨੇ ਵੂਮੈਨ ਕੈਟੇਗਰੀ ਵਿੱਚ ਸਿਟੀ-ਵਾਈਜ਼ ਵੀ ਕਿਹਾ ਹੈ । ਸਭ ਤੋਂ ਅਨਸੇਫ਼ ਸਿਟੀ ਦਿੱਲੀ ਨੂੰ ਡਿਕਲੇਅਰ ਕੀਤਾ ਗਿਆ ਹੈ । ਮੁੰਬਈ ਜਿੱਥੇ ਕਾਂਗਰਸ ਪਾਰਟੀ ਦਾ ਰਾਜ ਹੈ, ਛੇਵੇਂ ਨੰਬਰ ਤੇ ਆਉਂਦੀ ਹੈ । ਜੈਪੁਰ ਜਿੱਥੇ ਕਾਂਗਰਸ ਪਾਰਟੀ ਦਾ ਰਾਜ ਹੈ ਸੱਤਵੇਂ ਨੰਬਰ ਤੇ ਆਉਂਦੀ ਹੈ । ਸਪੀਕਰ ਸਾਹਿਬ, ਹੈਦਰਾਬਾਦ ਜਿੱਥੇ ਕਾਂਗਰਸ ਦੀ ਸਰਕਾਰ ਹੈ ਉਹ ਵੀ ਤੀਜੇ ਨੰਬਰ ਤੇ ਆਉਂਦਾ ਹੈ ਤੇ ਆਪਣਾ ਸ਼ਹਿਰ ਅੰਮ੍ਰਿਤਸਰ 46 ਨੰਬਰ ਤੇ ਆਉਂਦਾ ਹੈ ਤੇ ਆਪਣਾ ਲੁਧਿਆਣਾ 38 ਨੰਬਰ ਤੇ ਆਉਂਦਾ ਹੈ out of 50 cities ਜਿਨ੍ਹਾਂ ਬਾਰੇ ਇਨ੍ਹਾਂ ਨੇ ਸਰਵੇ ਕੀਤਾ ਹੈ । ਇਹ ਸਪੀਕਰ ਸਾਹਿਬ, ਹੋਮ ਮਨਿਸਟਰੀ ਆਫ ਇੰਡੀਆ ਨੇ ਰਿਕਾਰਡ ਕੱਢਿਆ ਹੈ । ਫਿਰ ਇਨ੍ਹਾਂ ਨੇ ਰੇਪ ਬਾਰੇ ਵੀ ਦਿੱਤਾ ਹੈ ਜੀ, ਮੈਂ ਸਾਰੀ ਕੈਟੇਗ੍ਰਾਈਜ਼ੇਸ਼ਨ ਵਿੱਚ ਨਹੀਂ ਜਾਣਾ ਚਾਹੁੰਦਾ । ਹੁਣ ਮੈਂ ਇਕ ਹੋਰ ਬੜੀ ਅਹਿਮ ਗੱਲ ਕਰਨੀ ਚਾਹੁੰਦਾ ਹਾਂ । Crime against Scheduled Castes ਬਾਰੇ ਵੀ ਕੁਝ ਜ਼ਿਕਰ ਕਰਨਾ ਚਾਹੁੰਦਾ ਹਾਂ । ਸਪੀਕਰ ਸਾਹਿਬ, ਇਸ ਬਾਰੇ ਵੀ ਉਨ੍ਹਾਂ ਨੇ ਡਾਟਾ ਕੱਢਿਆ ਹੈ । ਸਪੀਕਰ ਸਾਹਿਬ, ਤੁਸੀਂ ਹੈਰਾਨ ਰਹਿ ਜਾਓਗੇ । ਸਪੀਕਰ ਸਾਹਿਬ, ਪੰਜਾਬ ਵਿੱਚ ਇਕੱਲੇ 90 ਕੇਸ ਸਾਲ 2011 ਵਿੱਚ Crime against Scheduled Castes ਹੋਏ ਹਨ। ਇਹ ਗੌਰਮਿੰਟ ਆਫ ਇੰਡੀਆ ਦਾ ਡਾਟਾ ਹੈ ਤੇ ਰਾਜਸਥਾਨ ਵਿੱਚ 5100 ਕੇਸ । ਇੱਥੇ ਇਨ੍ਹਾਂ ਦਾ, ਕਾਂਗਰਸ ਦਾ ਰਾਜ ਹੈ । ਉੱਤਰ ਪ੍ਰਦੇਸ਼ ਵਿੱਚ 7702 ਕੇਸ, ਹਰਿਆਣੇ ਵਿੱਚ 400, ਕੇਰਲਾ ਵਿੱਚ ਵੀ ਕਾਫੀ ਹੈ । ਐਸ.ਸੀ. ਪਾਪੂਲੇਸ਼ਨ ਪੂਰੇ ਹਿੰਦੁਸਤਾਨ ਵਿੱਚੋਂ ਪੰਜਾਬ ਵਿੱਚ ਸਭ ਤੋਂ ਜ਼ਿਆਦਾ ਹੈ । ਇਸ ਖੇਤਰ ਵਿੱਚ ਪੁਜ਼ੀਸ਼ਨ ਇਹ ਹੈ ਕਿ Crime against Scheduled Castes ਸਮੁੱਚੇ ਦੇਸ਼ ਦੇ ਮੁਕਾਬਲੇ ਪੰਜਾਬ ਵਿੱਚ ਸਭ ਤੋਂ ਘੱਟ ਹੈ । ਇਸ ਤੋਂ ਅੱਗੇ ਸਪੀਕਰ ਸਾਹਿਬ, ਦੂਜਾ ਪੈਰਾਮੀਟਰ ਜਿਹੜਾ ਸਭ ਤੋਂ ਜ਼ਰੂਰੀ ਹੈ ਕਿ ਜੇਕਰ ਕਿਤੇ ਕੋਈ ਚੋਰੀ ਹੋ ਜਾਂਦੀ ਹੈ, ਡਕੈਤੀ ਹੋ ਜਾਂਦੀ ਹੈ ਤੇ ਰਿਕਵਰੀ ਪੁਲਿਸ ਦੀ ਕਿੰਨੀ ਹੈ ਇਸ ਚੀਜ਼ ਦਾ ਡਾਟਾ ਵੀ ਗੌਰਮਿੰਟ ਆਫ ਇੰਡੀਆ ਨੇ ਦਿੱਤਾ ਹੈ ਜੀ । ਪਰ ਸਟੇਟ ਆਫ ਰਿਕਵਰੀ ਇੰਨੀ ਸਰਪ੍ਰਾਈਜ਼ਿੰਗ ਹੈ, ਸਪੀਕਰ ਸਾਹਿਬ, ਕਿ ਮੈਂ ਇਸ ਬਾਰੇ ਪੁਲਿਸ ਨੂੰ ਕੰਪਲੀਮੈਂਟਸ ਦੇਣਾ ਚਾਹੁੰਦਾ ਹਾਂ, ਅੱਜ ਦੀ ਪੁਲਿਸ ਨੂੰ ਜਦੋਂ ਤੋਂ ਸਾਡੀ ਸਰਕਾਰ ਆਈ ਹੈ। ਪਿਛਲੀ ਸਰਕਾਰ ਦਾ ਵੀ ਮੈਂ ਸਪੀਕਰ ਸਾਹਿਬ, ਡਾਟਾ ਦੇ ਰਿਹਾ ਹਾਂ । 2011 ਵਿੱਚ ਜਿੰਨੀ ਚੋਰੀ ਹੋਈ ਦਿੱਲੀ ਵਿੱਚ ਸਪੀਕਰ ਸਾਹਿਬ, ਤੇ ਸਿਰਫ 4% ਮਾਲ ਰਿਕਵਰ ਹੋਇਆ ਹੈ, ਸਿਰਫ 4% ਰਿਕਵਰੀ ਕੀਤੀ ਗਈ ਪੁਲਿਸ ਦੁਆਰਾ। ਦੇਖੋ ਦਿੱਲੀ ਉਹ ਜਗ੍ਹਾ ਹੈ ਜਿੱਥੇ ਸੈਂਟਰ ਦੀ ਸਰਕਾਰ ਹੈ, ਕਾਂਗਰਸ ਦਾ ਰਾਜ ਹੈ, ਹੋਮ ਮਨਿਸਟਰ ਆਫ ਇੰਡੀਆ ਜਿਸ ਦਾ ਇੰਚਾਰਜ ਹੈ । ਇੰਨੀ ਵੱਡੀ ਤਾਕਤ ਉਨ੍ਹਾਂ ਕੋਲ ਹੈ ਪਰ ਜਿੰਨੀ ਚੋਰੀ-ਡਕੈਤੀ ਹੋਈ ਉਸਦੀ ਕੇਵਲ 4% ਰਿਕਵਰੀ ਹੀ ਪੁਲਿਸ ਦੁਆਰਾ ਕੀਤੀ ਗਈ ਹੈ । ਸਪੀਕਰ ਸਾਹਿਬ, ਕੇਰਲਾ ਵਿੱਚ ਜਿੱਥੇ ਇਨ੍ਹਾਂ ਦਾ ਮੁੱਖ ਮੰਤਰੀ ਹੈ, ਉਥੇ ਵੀ ਕੇਵਲ 2%

Original with;
Punjab Vidhan Sabha
Digitized by;
Panjab Digital Library

[ਉਪ ਮੁੱਖ ਮੰਤਰੀ]

ਰਿਕਵਰੀ ਹੈ । ਸਪੀਕਰ ਸਾਹਿਬ, ਆਸਾਮ ਵਿੱਚ ਵੀ ਇਨ੍ਹਾਂ ਦਾ ਮੁੱਖ ਮੰਤਰੀ ਹੈ । ਉਥੇ ਵੀ ਕੇਵਲ 21% ਰਿਕਵਰੀ ਹੈ ਮਹਾਰਾਸ਼ਟਰ ਜਿੱਥੇ ਕਿ ਇਨ੍ਹਾਂ ਦਾ ਮੁੱਖ ਮੰਤਰੀ ਹੈ, ਉਥੇ 12% ਰਿਕਵਰੀ ਹੋਈ ਹੈ । ਸਪੀਕਰ ਸਾਹਿਬ, ਮੈਂ ਪੰਜਾਬ ਦੀ ਪੁਲਿਸ ਨੂੰ ਕੰਪਲੀਮੈਂਟਸ ਦੇਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਸਾਰੇ ਇੰਡੀਆ ਨਾਲੋਂ ਹਾਈਐਸਟ ਰਿਕਵਰੀ ਰੇਟ ਹੈ ਜਿਹੜਾ ਕਿ 74.1% ਹੈ । ਸਪੀਕਰ ਸਾਹਿਬ, ਮੈਂ ਤਾਂ ਹੀ ਕਹਿੰਦਾ ਸੀ ਕਿ ਇਨ੍ਹਾਂ ਨੇ ਭੱਜਣਾ ਹੀ ਹੈ ਅਤੇ ਇਨ੍ਹਾਂ ਨੇ ਫੇਸ ਨਹੀਂ ਕਰਨਾ । ਹੁਣ ਵੀ ਉਹ ਇਹੀ ਚਾਹੁੰਦੇ ਸਨ ਕਿ ਕਿਸੇ ਨਾ ਕਿਸੇ ਤਰ੍ਹਾਂ ਹਾਊਸ ਐਡਜਰਨ ਹੋ ਜਾਵੇ ਅਤੇ ਲੋਕਾਂ ਨੂੰ ਪਤਾ ਨਾ ਲੱਗ ਸਕੇ । ਅੱਜ ਲਾਈਵ ਟੈਲੀਕਾਸਟ ਚੱਲ ਰਿਹਾ ਹੈ, ਪੂਰਾ ਪੰਜਾਬ ਵੇਖ ਰਿਹਾ ਹੈ ਅਤੇ ਸਾਰੇ ਲੋਕ ਵੇਖ ਰਹੇ ਹਨ । ਸਾਰਾ ਮੀਡੀਆ ਵੇਖ ਰਿਹਾ ਹੈ । ਗੌਰਮਿੰਟ ਆਫ ਇੰਡੀਆ ਦੇ ਫੈਕਟਸ ਹਰ ਸਾਲ ਕਿਤਾਬ ਦੇ ਰੂਪ ਵਿੱਚ ਆਉਂਦੇ ਹਨ ਅਤੇ ਉਸ ਵਿੱਚ ਹਰ ਤਰ੍ਹਾਂ ਦੇ ਫੈਕਟਸ ਹੁੰਦੇ ਹਨ । ਸਪੀਕਰ ਸਾਹਿਬ, 74.1% ਰਿਕਵਰੀ ਹੈ, which is the highest in the country. ਇਸ ਦੇ ਨਾਲ ਸਪੀਕਰ ਸਾਹਿਬ, ਮੈਂ ਕਾਂਗਰਸ ਦੇ ਰਾਜ ਕੈਪਟਨ ਅਮਰਿੰਦਰ ਸਿੰਘ ਦੇ ਸਮੇਂ ਸਾਲ 2006 ਦੀ ਫਿਗਰ ਵੀ ਦੱਸ ਦਿੰਦਾ ਹਾਂ । ਉਸ ਵੇਲੇ ਰਿਕਵਰੀ 49.4% ਸੀ ਅਤੇ ਹੁਣ 74.1% ਹੈ । ਤੁਸੀਂ ਫਰਕ ਵੇਖੋ । ਇਹ ਗੱਲ ਲਾਅ ਐਂਡ ਆਰਡਰ ਦੀ ਕਰਦੇ ਹਨ। ਲਾਅ ਐਂਡ ਆਰਡਰ ਵਾਸਤੇ ਅਸੀਂ ਬੜਾ ਵਧੀਆ ਸਿਸਟਮ ਬਣਾਇਆ ਹੈ। ਅਨਫਾਰਚੂਨੇਟ ਕੁਝ ਇੰਸੀਡੈਂਟ ਹੋ ਜਾਂਦੇ ਹਨ ਪਰ ਸਾਡੀ ਪੁਲਿਸ ਨੇ ਬੜੇ ਇਫੈਕਟਿਵਲੀ ਸਟੈੱਪ ਲਏ ਹਨ । ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਲੇਟੈਸਟ 8 ਦਸੰਬਰ, 2012 ਨੂੰ ਇੰਡੀਆ ਦੀ ਨੰਬਰ ਵੰਨ ਵੀਕਲੀ-ਇਕਨਾਮਿਕ ਐਂਡ ਪੁਲੀਟੀਕਲ ਵੀਕਲੀ ਆਈ ਹੈ । ਜਿਹੜੇ ਨੌਜਵਾਨ ਆਈ.ਏ.ਐਸ. ਦੀ ਤਿਆਰੀ ਕਰਦੇ ਹਨ, ਉਹ ਸਭ ਤੋਂ ਪਹਿਲਾਂ ਇਸੇ ਵੀਕਲੀ ਨੂੰ ਪੜ੍ਹਦੇ ਹਨ । ਅਜੇ ਵੀਹ ਕੁ ਦਿਨ ਹੀ ਹੋਏ ਹਨ, ਲੇਟੈਸਟ ਇਸ਼ੂ ਆਇਆ ਹੈ । ਉਨ੍ਹਾਂ ਨੇ ਕੁਆਲਟੀ ਆਫ ਗਵਰਨੈਂਸ ਤੇ ਪੂਰੇ ਇੰਡੀਆ ਦਾ ਸਰਵੇ ਕੀਤਾ ਹੈ । ਉਨ੍ਹਾਂ ਨੇ ਇਨਫਰਾਸਟਰੱਕਚਰ ਅਤੇ ਹੋਰ ਇੰਡੀਕੇਟਰ ਲਏ ਹਨ । ਉਨ੍ਹਾਂ ਨੇ Infrastructure service delivery, water supply & sanitation, per capita power consumption, social service delivery, health, education, physical performance, road length per kilometer, development extent, law and order, rate of crime, percentage of total expenditure, police percentage per lac population, complaint registered against police personnel, quality of legislature, delivery of justice ਆਦਿ ਸਾਰੇ ਪੈਰਾਮੀਟਰਾਂ ਦੀ ਸਾਰੇ ਇੰਡੀਆ ਵਿਚ ਸਟੱਡੀ ਕੀਤੀ ਹੈ । ਇਸ ਇਕਨਾਮਿਕ ਅਤੇ ਪੁਲੀਟੀਕਲ ਵੀਕਲੀ ਨੇ ਵਰਡਿਕਟ ਦਿੱਤਾ

Original with;
Punjab Vidhan Sabha
Digitized by;
Panjab Digital Library

ਹੈ ਕਿ best performing state and quality of governance ਵਿੱਚ ਪੰਜਾਬ ਨੂੰ ਨੰਬਰ ਵੰਨ ਤੇ ਰੱਖਿਆ ਹੈ । (ਥੰਪਿੰਗ) ਸਪੀਕਰ ਸਾਹਿਬ, ਇਸ ਤੋਂ ਹੋਰ ਵੱਡਾ ਸਬੂਤ ਕੀ ਹੋ ਸਕਦਾ ਹੈ । ਇਨ੍ਹਾਂ ਕੋਲ ਕੋਈ ਇਸ਼ੂ ਹੀ ਨਹੀਂ ਹੈ । ਸਪੀਕਰ ਸਾਹਿਬ, ਇਹ ਕੋਈ ਓਵਰਨਾਈਟ ਨਹੀਂ ਹੋ ਗਿਆ । ਇਹ ਮੁੱਖ ਮੰਤਰੀ ਸਾਹਿਬ ਦੀ ਅਗਵਾਈ ਹੇਠ ਇੱਕ ਸਪੈਸੀਫਿਕ ਇੰਪਲੀਮੈਂਟੇਸ਼ਨ ਪਲਾਨ ਤਿਆਰ ਕੀਤੀ ਗਈ ਹੈ ਜਿਸ ਕਰਕੇ ਇਹ ਸਾਰੀ ਇੰਪਰੂਵਮੈਂਟ ਹੋਈ ਹੈ । ਸਰਕਾਰਾਂ ਲਗਾਤਾਰ ਚੱਲੀਆਂ ਹਨ । ਇਸ ਕਰਕੇ ਕੰਪੈਰੇਟਿਵ ਸਟੱਡੀ ਤੁਹਾਡੇ ਸਾਹਮਣੇ ਹੈ । ਇਸ ਸਭ ਕਰਕੇ ਹੀ ਲਾਅ ਐਂਡ ਆਰਡਰ ਦੀ ਸਥਿਤੀ ਇੰਪਰੂਵ ਹੋਈ ਹੈ ਅਤੇ ਅਸੀਂ ਪੰਜਾਬ ਨੂੰ ਹਿੰਦੁਸਤਾਨ ਦਾ ਸਭ ਤੋਂ ਸੇਫੈਸਟ ਸੂਬਾ ਬਣਾਇਆ ਹੈ । ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਕਿ ਇਨ੍ਹਾਂ ਦੇ ਵੇਲੇ ਤਾਂ ਪੁਲਿਸ ਦੀ ਸਟਰੈਂਥ ਹੀ ਪੂਰੀ ਨਹੀਂ ਸੀ । ਜਿੰਨੀ ਸੈਂਕਸ਼ਨ ਸਟਰੈਂਥ ਸੀ, ਉਸ ਨਾਲੋਂ 20-25 ਹਜ਼ਾਰ ਪੋਸਟਾਂ ਘੱਟ ਸਨ । ਜਦੋਂ ਰਾਜ ਵਿਚ ਪੁਲਿਸ ਹੀ ਨਾ ਹੋਵੇ, ਕਾਂਗਰਸ ਰਾਜ ਵਿਚ ਇਨ੍ਹਾਂ ਨੂੰ ਫਿਕਰ ਹੀ ਨਹੀਂ ਸੀ । ਜਿਹਨੂੰ ਜੀਅ ਕਰਦਾ ਸੀ, ਇਹ ਗੰਨਮੈਨ ਦੇ ਦਿੰਦੇ ਸਨ । ਉਦੋਂ ਕਾਂਗਰਸ ਪਾਰਟੀ ਦੀ ਪ੍ਰਾਈਵੇਟ ਆਰਮੀ ਬਣੀ ਹੋਈ ਸੀ । ਅਸੀਂ ਸਾਰਾ ਸਿਸਟਮ ਚੇਂਜ ਕੀਤਾ । 2002 ਤੋਂ ਕਾਂਗਰਸ ਦੇ ਰਾਜ ਵਿੱਚ ਕੇਵਲ 1500 ਪੁਲਿਸ ਪੋਸਟਾਂ ਦੀਆਂ ਸਾਰੀਆਂ ਕੈਟੇਗਰੀਆਂ ਤੇ ਵਿਅਕਤੀ ਰਿਕਰੂਟ ਕੀਤੇ ਗਏ । ਸਾਡੀ ਸਰਕਾਰ ਦੇ ਪੰਜ ਸਾਲਾਂ ਦੇ ਸਮੇਂ ਵਿੱਚ 17780 ਪੁਲਿਸਮੈਨ ਰਿਕਰੂਟ ਕੀਤੇ ਗਏ ਹਨ ।

ਸਪੀਕਰ ਸਾਹਿਬ, ਵੱਡੀ ਗੱਲ ਇਹ ਹੈ ਕਿ ਅਸੀਂ 3000 ਵਿਮੈਨ ਕਾਂਸਟੇਬਲ ਰਿਕਰੂਟ ਕੀਤੇ ਹਨ । ਇਨ੍ਹਾਂ ਦੇ ਟਾਈਮ ਵਿੱਚ ਇੱਕ ਵੀ ਵਿਮੈਨ ਕਾਂਸਟੇਬਲ ਰਿਕਰੂਟ ਨਹੀਂ ਕੀਤਾ ਗਿਆ। ਅਸੀਂ 3000 ਵਿਮੈਨ ਕਾਂਸਟੇਬਲ ਰਿਕਰੂਟ ਕੀਤੇ ਹਨ ਤਾਂ ਹੀ ਅਸੀਂ ਕਰਾਈਮ ਅਗੇਂਸਟ ਵਿਮੈਨ ਕੰਟਰੋਲ ਕਰ ਸਕੇ ਹਾਂ । ਫਿਰ ਅਸੀਂ ਕਮਿਸ਼ਨਰੇਟ ਸਿਸਟਮ ਲੈ ਕੇ ਆਏ । ਸਪੀਕਰ ਸਾਹਿਬ, ਤੁਸੀਂ ਆਪ ਹੀ ਦੇਖ ਲਓ, 2007 ਵਿੱਚ ਲੁਧਿਆਣੇ ਸ਼ਹਿਰ ਦਾ ਕਰਾਈਮ ਕਿਵੇਂ ਘਟਿਆ ? ਘਟਿਆ ਇਸ ਕਰਕੇ ਕਿਉਂਕਿ ਅਸੀਂ ਪੁਲਿਸ ਨੂੰ ਮਾਡਰੇਨਾਈਜ਼ ਕੀਤਾ । ਪੁਲਿਸ ਦੀ ਸਟਰੈਂਥ ਵਧਾਈ । ਕੈਪਟਨ ਅਮਰਿੰਦਰ ਸਿੰਘ ਦੇ ਰਾਜ ਵਿੱਚ ਲੁਧਿਆਣੇ ਸ਼ਹਿਰ ਵਿੱਚ ਕੇਵਲ 2900 ਕਾਂਸਟੇਬਲ ਸੀ । ਅੱਜ ਦੀ ਤਾਰੀਖ ਵਿੱਚ ਉਥੇ 4200 ਕਾਂਸਟੇਬਲ ਹਨ ਜਿਹੜੇ ਲਾਅ ਐਂਡ ਆਰਡਰ ਨੂੰ ਕੰਟਰੋਲ ਕਰ ਰਹੇ ਹਨ । ਸਪੀਕਰ ਸਾਹਿਬ, ਵਹੀਕਲਜ਼, ਹਾਰਸ, ਆਰਮਜ਼, ਮੋਟਰ ਸਾਈਕਲ ਅਸੀਂ ਸਾਰਾ ਕੁਝ ਹੀ ਇਨਕਰੀਜ਼ ਕੀਤਾ । ਅਸੀਂ ਐਂਟੀ ਰਾਇਟਸ ਪੁਲਿਸ ਫੋਰਸ ਬਣਾਈ ਹੈ ਤਾਂ ਕਿ ਜਿੱਥੇ ਕੋਈ ਪਰਾਬਲਮ ਆ ਜਾਵੇ, ਉਥੇ ਭੇਜੀ ਜਾ ਸਕੇ । ਵਿਮੈਨ ਪੁਲਿਸ ਸਟੇਸ਼ਨ ਬਣਾਏ। ਐਨ.ਆਰ.ਆਈਜ਼ ਪੁਲਿਸ ਸਟੇਸ਼ਨ ਬਣਾਏ। ਸਪੀਕਰ ਸਾਹਿਬ, ਸਭ ਤੋਂ ਵੱਡਾ ਕੰਮ ਇਹ ਕੀਤਾ ਕਿ ਅਸੀਂ ਸਾਂਝ ਸੈਂਟਰ ਬਣਾਏ ਹਨ । ਪਹਿਲੇ

Original with;
Punjab Vidhan Sabha
Digitized by;
Panjab Digital Library

[ਉਪ ਮੁੱਖ ਮੰਤਰੀ]

ਆਮ ਆਦਮੀ ਪੁਲਿਸ ਕੋਲ ਜਾਣ ਤੋਂ ਡਰਦਾ ਸੀ, ਥਾਣੇ ਜਾਣ ਤੋਂ ਡਰਦਾ ਸੀ ਪਰ ਸਪੀਕਰ ਸਾਹਿਬ, ਅਸੀਂ ਸਾਂਝ ਸੈਂਟਰ ਬਣਾਏ । ਕਿਸੇ ਨੂੰ ਥਾਣੇ ਜਾਣ ਦੀ ਲੋੜ ਨਹੀਂ । ਬਹੁਤ ਵਧੀਆ ਮਾਡਰਨ ਸੈਂਟਰ ਬਣਾਏ । ਮੈਂ ਵੇਟ ਕਰਦਾ ਸੀ, ਸਪੀਕਰ ਸਾਹਿਬ, ਕਿ ਕਾਂਗਰਸੀ ਕਹਿਣਗੇ ਜੇ ਹੁੰਦੇ । ਉਨ੍ਹਾਂ ਨੇ ਖੜੇ ਹੋ ਕੇ ਕਹਿਣਾ ਸੀ ਕਿ ਕਿਹੜਾ ਕੋਈ ਸਾਂਝ ਸੈਂਟਰ ਜਾਂਦਾ ਹੈ । ਇਨ੍ਹਾਂ ਨੇ ਕਹਿਣਾ ਸੀ ਕਿ ਸਾਂਝ ਸੈਂਟਰ ਫਲਾਪ ਹਨ । ਸਪੀਕਰ ਸਾਹਿਬ, ਮੈਂ ਪੂਰੇ ਸਟੈਟਿਕਸ ਤੁਹਾਨੂੰ ਦੱਸਣਾ ਚਾਹੁੰਦਾ ਹਾਂ । ਸਪੀਕਰ ਸਾਹਿਬ, ਸਾਂਝ ਸੈਂਟਰ ਬਣੇ ਨੂੰ ਕੋਈ 13 ਕੁ ਮਹੀਨੇ ਹੋਏ ਹਨ । ਕਿੰਨੀਆਂ ਐਪਲੀਕੇਸ਼ਨਜ਼ ਸਾਂਝ ਸੈਂਟਰ ਵਿੱਚ ਆਈਆਂ ਹਨ ਕਿਉਂਕਿ 20 ਸਰਵਿਸਿਜ਼ ਸਾਂਝ ਸੈਂਟਰ ਦੀਆਂ ਅਸੀਂ ਰਾਈਟ ਟੂ ਸਰਵਿਸ ਐਕਟ ਰਾਹੀਂ ਪੁਲਿਸ ਦੀਆਂ ਕੰਪਲਸਰੀ ਕਰ ਦਿੱਤੀਆਂ ਹਨ । ਸਪੀਕਰ ਸਾਹਿਬ, ਸਾਂਝ ਸੈਂਟਰ ਵਿੱਚ ਪਿਛਲੇ 13 ਮਹੀਨਿਆਂ ਦੇ ਅੰਦਰ 13,05,232 ਐਪਲੀਕੇਸ਼ਨਜ਼ ਆਈਆਂ ਹਨ। ਉਨ੍ਹਾਂ ਵਿੱਚੋਂ ਜਿਹੜਾ ਰਾਈਟ ਟੂ ਸਰਵਿਸਿਜ਼ ਐਕਟ ਰਾਹੀਂ ਟਾਈਮ ਦਿੱਤਾ ਗਿਆ ਹੈ ਕਿ ਕਿੰਨੀ ਦੇਰ ਵਿੱਚ ਇਨ੍ਹਾਂ ਦਾ ਨਿਪਟਾਰਾ ਹੋਣਾ ਹੈ ਸਪੀਕਰ ਸਾਹਿਬ, 13,05,232 ਵਿੱਚੋਂ 12,80,865 ਸਰਵਿਸਿਜ਼ ਵਿਦ ਇਨ ਟਾਈਮ ਪ੍ਰੋਵਾਈਡ ਹੋਈਆਂ ਹਨ। ਜਿਹੜਾ ਅਸੀਂ ਟਾਈਮ ਦਿੱਤਾ ਕਿ ਐਫ.ਆਈ.ਆਰ. ਦਾ ਕਿੰਨਾ ਟਾਈਮ ਹੈ, ਆਰਮਡ ਲਾਇਸੰਸ ਦਾ ਕਿੰਨਾ ਟਾਈਮ ਹੈ । ਸਿਰਫ 24000 ਪੈਂਡਿੰਗ ਹਨ ਔਰ ਉਹ ਵੀ ਉਹ ਜਿਹੜੀਆਂ ਲੇਟੈਸਟ ਇਸ ਮਹੀਨੇ ਦੀਆਂ ਹਨ । ਸਪੀਕਰ ਸਾਹਿਬ, ਅਸੀਂ 24 ਘੰਟਿਆਂ ਵਿੱਚ ਇੱਕ ਟੋਲ ਫਰੀ ਨੰਬਰ ਵੀ ਦਿੱਤਾ ਹੈ, ਵੈਬਸਾਈਟ ਵੀ ਖੋਲ੍ਹ ਦਿੱਤੀ ਹੈ । ਕੋਈ ਵੀ ਕਿਸੇ ਪੁਲਿਸ ਦੇ ਖਿਲਾਫ ਜਾਂ ਕਿਸੇ ਦੀ ਸੁਣਾਈ ਨਹੀਂ ਹੋ ਰਹੀ, ਉਹ ਡਿਪਟੀ ਸੀ.ਐਮ. ਦੇ ਥੱਲੇ ਡੀ.ਜੀ.ਪੀ. ਦੇ ਦਫਤਰ ਵਿੱਚ ਏ.ਡੀ.ਜੀ.ਪੀ., ਲਾਅ ਐਂਡ ਆਰਡਰ ਦੇ ਕੰਟਰੋਲ ਥੱਲੇ ਇੱਕ ਡਾਇਰੈਕਟ ਟੋਲ ਫਰੀ ਨੰਬਰ ਤੇ ਵੈਬਸਾਈਟ ਦਿੱਤੀ ਹੈ ਜਿੱਥੇ ਕੰਪਲੇਂਟਸ ਆਉਣਗੀਆਂ, ਉਨ੍ਹਾਂ ਉੱਤੇ ਇਮੀਜੀਏਟ ਐਕਸ਼ਨ ਲਿਆ ਜਾਵੇਗਾ । ਸਪੀਕਰ ਸਾਹਿਬ, ਅਗਲੇ ਸਾਡੇ ਫਿਊਚਰ ਪਲਾਨ ਕੀ ਹਨ ? ਇੱਕ ਤਾਂ ਜਿਵੇਂ ਅਸੀਂ ਸ਼ਹਿਰਾਂ ਵਿੱਚ ਕੁਇਕ ਰਿਸਪਾਂਸ ਨੰਬਰ ਰੱਖਿਆ ਹੈ । ਜੇ ਕੋਈ ਕਰਾਈਮ ਹੋ ਜਾਵੇ ਤਾਂ ਵਿਦ ਇਨ 20 ਮਿੰਟ ਪੁਲਿਸ ਆ ਜਾਂਦੀ ਹੈ । ਰੂਰਲ ਏਰੀਏ ਵਿੱਚ ਉਹ ਚੀਜ਼ ਨਹੀਂ ਹੈ । ਸਪੀਕਰ ਸਾਹਿਬ, ਅਸੀਂ ਇਮੀਜੀਏਟਲੀ ਨੈਕਸਟ ਮੰਥ ਤੋਂ ਰੂਰਲ ਰੈਪਿਡ ਸਿਸਟਮ ਲਾਂਚ ਕਰਨ ਲੱਗੇ ਹਾਂ । ਜਿਹੜੇ ਸਾਡੇ ਫਿਊਚਰ ਪਲਾਨ ਹਨ ਕਿ ਇਸ ਤੋਂ ਵੱਧ ਲਾਅ ਐਂਡ ਆਰਡਰ ਕੰਟਰੋਲ ਕੀਤਾ ਜਾਵੇ, ਉਸ ਵਾਸਤੇ ਅਸੀਂ 700 ਮੋਟਰ ਸਾਈਕਲ ਦੇਵਾਂਗੇ । ਵਿਦ ਇਨ 20 ਮਿੰਟ, ਪੰਜਾਬ ਦੇ ਕਿਸੇ ਵੀ ਕੋਨੇ ਵਿੱਚ, ਕਿਸੇ ਵੀ ਪਿੰਡ ਵਿੱਚ ਜੇ ਕਿਸੇ ਨੂੰ ਕੋਈ ਪਰਾਬਲਮ ਆ ਜਾਂਦੀ ਹੈ (ਜਿਵੇਂ ਸ਼ਹਿਰਾਂ ਵਿੱਚ ਜਿਪਸੀ ਆ ਜਾਂਦੀ ਹੈ) ਤਾਂ ਪਿੰਡਾਂ ਵਿਚ ਰੈਪਿਡ ਰੂਰਲ

Original with;
Punjab Vidhan Sabha
Digitized by;
Panjab Digital Library

ਸਿਸਟਮ ਦੇ ਮੋਟਰ ਸਾਈਕਲ ਪਹੁੰਚ ਜਾਣਗੇ । ਇੱਕ ਹੋਰ ਗੱਲ ਸਪੀਕਰ ਸਾਹਿਬ, ਕਿ ਜਿਹੜੇ ਵੱਡੇ ਸ਼ਹਿਰ ਹਨ ਜਿੱਥੇ ਜ਼ਿਆਦਾ ਕਰਾਈਮ ਹੋਣ ਦੇ ਚਾਂਸਿਜ਼ ਹਨ, ਅਗਲੇ ਸਾਲ-ਡੇਢ ਸਾਲ ਵਿੱਚ ਕਲੋਜ਼ ਸਰਕਟ ਟੀ.ਵੀ. ਲਗਾਏ ਜਾਣਗੇ ਤੇ ਕ੍ਰਿਮੀਨਲਜ਼ ਨੂੰ ਫੜਿਆ ਜਾਵੇਗਾ । ਸਪੀਕਰ ਸਾਹਿਬ, ਅਸੀਂ ਤੀਜਾ ਵੱਡਾ ਸਟੈਪ ਲੈਣ ਲੱਗੇ ਹਾਂ ਜਿਹੜਾ ਮੈਂ ਅਨਾਊਂਸ ਕੀਤਾ ਹੈ, ਉਹ ਇਹ ਹੈ ਕਿ ਪੁਲਿਸ ਨੂੰ ਮੋਰ ਐਫੀਸ਼ੀਏਂਟ ਬਣਾਉਣ ਵਾਸਤੇ ਲਾਅ ਐਂਡ ਆਰਡਰ ਤੇ ਇਨਵੈਸਟੀਗੇਸ਼ਨ ਨੂੰ ਸੈਪਰੇਟ ਕੀਤਾ ਜਾਵੇਗਾ । ਅਸੀਂ ਇਹ ਫੈਸਲਾ ਕੀਤਾ ਹੈ । ਜਿੱਥੇ ਲਾਅ ਐਂਡ ਆਰਡਰ ਖਰਾਬ ਹੋ ਜਾਂਦਾ ਸੀ, ਉਹੀ ਐਸ.ਐਚ.ਓ. ਇਨਵੈਸਟੀਗੇਟ ਕਰਦਾ ਸੀ, ਨਾ ਇੰਨੀ ਛੇਤੀ ਇਨਵੈਸਟੀਗੇਸ਼ਨ ਹੁੰਦੀ ਸੀ ਤੇ ਨਾ ਕਰਾਈਮ ਡਿਟੈਕਟ ਹੁੰਦਾ ਸੀ । ਇਹ ਇੱਕ ਮੇਜਰ ਇਨੀਸ਼ੀਏਟਿਵ ਸੀ । ਸਾਰੇ ਹਿੰਦੁਸਤਾਨ ਵਿੱਚ ਸਿਰਫ ਆਪਣੀ ਪੰਜਾਬ ਹੀ ਸਟੇਟ ਹੋਵੇਗੀ ਜਿੱਥੇ ਇਹ ਇਨੀਸ਼ੀ-ਏਟਿਵ ਲਿਆ ਜਾ ਰਿਹਾ ਹੈ । ਸਪੀਕਰ ਸਾਹਿਬ, ਲਾਅ ਐਂਡ ਆਰਡਰ ਤੇ ਇਨਵੈਸਟੀਗੇਸ਼ਨ ਸੈਪਰੇਟ ਕੀਤੀ ਜਾ ਰਹੀ ਹੈ । ਸਪੀਕਰ ਸਾਹਿਬ, ਜਿਹੜੇ 363 ਪੁਲਿਸ ਸਟੇਸ਼ਨ ਸਾਂਝ ਸੈਂਟਰਾਂ ਤੋਂ ਰਹਿ ਗਏ ਹਨ, ਉਥੇ ਹਰ ਜਗ੍ਹਾ ਤੇ ਖੋਲ੍ਹੇ ਜਾਣਗੇ । ਮੈਨੂੰ ਆਸ ਹੈ ਕਿ ਪੰਜਾਬ ਵਿੱਚ ਅਗਲੇ ਸਾਲ ਕਿਸੇ ਵੀ ਸਿਟੀਜ਼ਨ ਨੂੰ ਪੁਲਿਸ ਸਟੇਸ਼ਨ ਜਾਣ ਦੀ ਲੋੜ ਨਹੀਂ ਪਵੇਗੀ। ਉਹ ਆਨ-ਲਾਈਨ ਆਪਣੀ ਕੰਪਲੇਂਟ ਦੇ ਸਕੇਗਾ, ਆਨ-ਲਾਈਨ ਹੀ ਰਿਜ਼ਲਟ ਲੈ ਸਕੇਗਾ ਅਤੇ ਆਨ-ਲਾਈਨ ਹੀ ਇਨਵੈਸਟੀਗੇਸ਼ਨ ਦੀ ਡਿਟੇਲ ਲੈ ਸਕੇਗਾ। ਅਸੀਂ ਆਪਣੀ ਪੁਲਿਸ ਨੂੰ ਸਾਈਬਰ ਕਰਾਈਮ ਯੂਨਿਟ, ਹੋਰ ਟੈਕਨੀਕਲੀ ਐਡਵਾਂਸ ਕਰਨ ਦਾ ਪਲਾਨ ਬਣਾ ਰਹੇ ਹਾਂ । ਪੁਲਿਸ ਨੂੰ ਹੋਰ ਮਾਡਰਨਾਈਜੇਸ਼ਨ ਕਰਨ ਦਾ ਪਲਾਨ ਡੀ.ਜੀ.ਪੀ. ਸਾਹਿਬ ਨਾਲ ਬਣਾ ਰਹੇ ਹਾਂ । ਅਸੀਂ ਮਾਡਰਨ ਪੁਲਿਸ ਫੋਰਸ ਬਣਾਉਣੀ ਹੈ ਕਿਉਂਕਿ ਸਪੀਕਰ ਸਾਹਿਬ, ਹੁਣ ਕਰਾਈਮ ਵੀ ਬਦਲ ਗਏ ਹਨ today we need technology to detect crime. We need technology to prevent crime. ਸੋ, ਅਸੀਂ ਇਹੋ ਜਿਹੀ ਟੈਕਨਾਲੋਜੀ ਅਪਗ੍ਰੇਡੇਸ਼ਨ ਕਰਨ ਲੱਗੇ ਹਾਂ and you will be very happy, ਸਪੀਕਰ ਸਾਹਿਬ, ਕਿ ਪੂਰੇ ਹਿੰਦੁਸਤਾਨ ਵਿੱਚ we will have the best police force, effective police force with human touch. (ਥੰਪਿੰਗ) ਇਸ ਤਰ੍ਹਾਂ ਨਹੀਂ ਕਿ ਜਿਵੇਂ ਪੁਰਾਣੀ ਪੁਲਿਸ ਫੋਰਸ ਦਾ ਨਾਮ ਹੁੰਦਾ ਸੀ ਕਿ ਧੱਕੇ ਨਾਲ ਕਰ ਲਵੋ, ਹੁਣ ਅਸੀਂ ਪੁਲਿਸ ਨੂੰ ਹਿਊਮਨ ਫੇਸ ਦੇਣਾ ਚਾਹੁੰਦੇ ਹਾਂ ਅਤੇ ਦੇਵਾਂਗੇ । ਇਹ ਵੀ ਮੈਂ ਏ.ਜੀ. ਸਾਹਿਬ ਨਾਲ ਵਿਚਾਰ ਕਰ ਰਿਹਾ ਸੀ ਕਿ ਜਿੱਥੇ ਹੀਨੀਅਸ ਕਰਾਈਮ ਹੈ, ਜਿਵੇਂ ਤੁਸੀਂ ਦੇਖਿਆ ਹੈ ਦਿੱਲੀ ਹੋਇਆ ਹੈ, ਉਸ ਸਬੰਧੀ ਅਸੀਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਨੂੰ ਰਿਕੁਐਸਟ ਕਰਾਂਗੇ ਕਿ 5-6 ਫਾਸਟ ਟਰੈਕ ਕੋਰਟਸ ਪੂਰੇ ਪੰਜਾਬ ਵਿੱਚ ਬਣਾਈਆਂ ਜਾਣ ਔਰ ਐਗਜ਼ਾਂਪਲ ਸੈੱਟ ਕੀਤੀ ਜਾਵੇ ਕਿ ਜੇਕਰ ਕੋਈ ਰੇਪ ਕਰਦਾ ਹੈ

Original with;
Punjab Vidhan Sabha
Digitized by;
Panjab Digital Library

[ਉਪ ਮੁੱਖ ਮੰਤਰੀ]

ਜਾਂ ਕੋਈ ਹੋਰ ਹੀਨੀਅਸ ਕਰਾਈਮ ਹੈ that person should be sent behind bars within short period of time. ਸਪੀਕਰ ਸਾਹਿਬ, ਇਹ ਸਾਰੀਆਂ ਚੀਜ਼ਾਂ ਅਸੀਂ ਪਿਛਲੇ ਥੋੜ੍ਹੇ ਸਾਲਾਂ ਵਿੱਚ ਕੀਤੀਆਂ ਹਨ । ਸਪੀਕਰ ਸਾਹਿਬ, ਇਹੀ ਕਾਰਨ ਹੈ results show for themselves. ਅੱਜ ਜਿਹੜਾ ਗੌਰਮਿੰਟ ਆਫ ਇੰਡੀਆ ਨੇ ਸਾਨੂੰ ਸਰਟੀਫਿਕੇਟ ਦਿੱਤਾ ਹੈ। ਹੋਮ ਮਨਿਸਟਰੀ ਨੇ ਸਾਨੂੰ ਸਰਟੀਫਿਕੇਟ ਦਿੱਤਾ ਹੈ ਤੇ ਜੋ ਗੌਰਮਿੰਟ ਆਫ ਇੰਡੀਆ ਦਾ ਆਫੀਸ਼ੀਅਲ ਡਾਟਾ ਹੈ ਉਸ ਮੁਤਾਬਿਕ ਪੰਜਾਬ ਦੀ ਹਾਲਤ ਵਧੀਆ ਹੈ। ਹਰ ਸਾਲ ਇਹ ਡਾਟਾ ਗੌਰਮਿੰਟ ਆਫ ਇੰਡੀਆ ਦਿੰਦੀ ਹੈ । ਮੈਂ ਪਹਿਲਾਂ ਵੀ ਕਿਹਾ ਸੀ ਕਿ ਵਿਰੋਧੀ ਧਿਰ ਕੋਲ ਕੋਈ ਇਸ਼ੂ ਨਹੀਂ ਹੈ । ਮੈਂ ਹੈਰਾਨ ਸੀ। ਮੁੱਖ ਮੰਤਰੀ ਜੀ ਬੈਠੇ ਸੀ । ਉਹ ਸੁਣ ਰਹੇ ਸੀ ਕਿ ਜਾਖੜ ਸਾਹਿਬ ਕੀ ਕਹਿਣਗੇ । ਤੁਸੀਂ ਅੱਜ ਅਖਬਾਰਾਂ ਵਿੱਚ ਪੜ੍ਹਿਆ ਹੋਣਾ ਹੈ, ਸਾਰੇ ਹੀ ਕਹਿ ਰਹੇ ਹਨ ਕਿ ਜਾਖੜ ਸਾਹਿਬ ਫੇਲ੍ਹ ਹੋ ਗਏ ਹਨ । ਕਾਂਗਰਸ ਫੇਲ੍ਹ ਹੋ ਗਈ ਹੈ । ਇਹੀ ਕਾਰਨ ਹੈ, ਸਪੀਕਰ ਸਾਹਿਬ, ਕਿ ਉਹ ਭੱਜ ਕੇ ਬਾਹਰ ਗਏ ਹਨ । ਜੋ ਲਾਅ ਐਂਡ ਆਰਡਰ ਨੂੰ ਕਰੀਏਟ ਕਰਨ ਲਈ ਇਨਸਟੀਗੇਟ ਕਰਦੇ ਹਨ, ਉਹ ਵੱਡਾ ਹੱਥ ਕਾਂਗਰਸ ਲੀਡਰਸ਼ਿਪ ਤੇ ਹੈ । ਕਾਂਗਰਸ ਦੇ ਪ੍ਰਧਾਨ ਦਾ ਤੁਸੀਂ ਬਿਆਨ ਸੁਣ ਲਵੋ, ਪਿਛਲੇ ਪੰਜ ਸਾਲਾਂ ਦਾ ਬਿਆਨ ਕਿ ਅਕਾਲੀਆਂ ਤੇ ਡਾਂਗਾਂ ਚੱਕ ਲਵੋ, ਅਕਾਲੀਆਂ ਦੀਆਂ ਲੱਤਾਂ ਤੋੜਾਂਗੇ, ਅਕਾਲੀਆਂ ਨੂੰ ਅੰਦਰ ਕਰਾਂਗੇ । ਮੈਂ ਇਹੋ ਜਿਹੇ ਬਿਆਨ ਪੁਲੀਟੀਕਲ ਸਿਸਟਮ ਵਿੱਚ ਕਿਤੇ ਨਹੀਂ ਸੁਣੇ । ਇਕੱਲਾ ਪੰਜਾਬ ਹੈ, ਜਿਥੇ ਪੰਜਾਬ ਕਾਂਗਰਸ ਦਾ ਮੁਖੀ ਇਹੋ ਜਿਹੇ ਬਿਆਨ ਕਰਦਾ ਹੈ । ਸਪੀਕਰ ਸਾਹਿਬ ਇਹ ਵੱਡੀ ਗੱਲ ਹੈ। ਮੈਂ ਕਹਿ ਸਕਦਾ ਹਾਂ ਕਿ ਜੇ ਪੰਜਾਬ ਦਾ ਸਭ ਤੋਂ ਵੱਡਾ ਦੁਸ਼ਮਣ ਕੋਈ ਹੈ ਤਾਂ ਉਹ ਪੰਜਾਬ ਕਾਂਗਰਸ ਹੈ । ਇਸ ਦਾ ਕਾਰਨ ਕੀ ਹੈ ? ਸਪੀਕਰ ਸਾਹਿਬ, ਕੋਈ ਵੀ ਇਨਸਾਨ ਆਪਣੇ ਘਰ ਨੂੰ ਬਦਨਾਮ ਨਹੀਂ ਕਰਦਾ । ਜਿੰਨੇ ਮਰਜ਼ੀ ਭਰਾਵਾਂ ਵਿੱਚ ਡਿਫਰੈਂਸਿਜ਼ ਹੋਣ ਪਰ ਉਹ ਡਿਫਰੈਂਸਿਜ਼ ਆਪਣੇ ਕੋਲ ਰੱਖਦੇ ਹਨ ਪਰ ਬਾਹਰ ਪਬਲੀਕਲੀ ਇਹ ਨਹੀਂ ਕਹਿਣਗੇ ਕਿ ਸਾਡਾ ਘਰ ਨੰਗਾ ਹੋ ਗਿਆ ਹੈ, ਅਸੀਂ ਬਰਬਾਦ ਹਾਂ, ਸਾਡੇ ਪੱਲੇ ਕੁਝ ਨਹੀਂ ਹੈ । ਆਪਣੇ ਪਰਿਵਾਰ ਬਾਰੇ ਕੋਈ ਵੀ ਭਰਾ ਕੁਝ ਨਹੀਂ ਕਹਿੰਦਾ। ਮੈਂ ਪੂਰੇ ਹਿੰਦੁਸਤਾਨ ਦੀ ਪਾਲਿਟਿਕਸ ਦੇਖ ਰਿਹਾ ਹਾਂ, ਮੈਂ ਸਟੱਡੀ ਕਰ ਰਿਹਾ ਹਾਂ । ਹਰਿਆਣੇ ਵਰਗੇ ਸੂਬੇ ਵਿੱਚ ਵੀ ਵਿਰੋਧੀ ਧਿਰ ਕਦੇ ਨਹੀਂ ਕਹੇਗਾ ਕਿ ਹਰਿਆਣਾ ਨੰਗ ਹੋ ਗਿਆ ਹੈ, ਹਰਿਆਣਾ ਖਰਾਬ ਹੋ ਗਿਆ ਹੈ। ਇਕੱਲੇ ਇਹ ਹਨ ਜਿਹੜੇ ਪੰਜਾਬ ਨੂੰ ਬਦਨਾਮ ਕਰਨ ਤੇ ਬੈਠੇ ਹਨ । ਇਹ ਪਿਛਲੇ ਪੰਜ ਸਾਲ ਕਹਿੰਦੇ ਰਹੇ ਕਿ ਪੰਜਾਬ ਨੰਗਾ ਹੋ ਗਿਆ ਹੈ, ਪੰਜਾਬ ਬਰਬਾਦ ਹੋ ਗਿਆ ਹੈ ਪਰ ਪੰਜਾਬ ਦੇ ਲੋਕਾਂ ਨੇ ਇਨ੍ਹਾਂ ਨੂੰ ਰਿਜੈਕਟ ਕੀਤਾ ਹੈ । ਪੰਜਾਬ ਦੀ ਜਨਤਾ ਨੇ ਦੇਖਿਆ ਕਿ ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਕਿਵੇਂ

Original with;
Punjab Vidhan Sabha
Digitized by;
Panjab Digital Library

ਪੰਜਾਬ ਵਿੱਚ ਤਰੱਕੀ ਹੋਈ, ਕਿਵੇਂ ਇਨਕਮ ਇਨਕਰੀਜ਼ ਹੋਈ, ਕਿਵੇਂ ਪੰਜਾਬ ਵਿੱਚ ਜੋ ਇਨ੍ਹਾਂ ਨੇ ਫਾਈਨਾਂਸ਼ੀਅਲ ਕਰਾਈਸਸ ਕਰੀਏਟ ਕੀਤਾ ਸੀ, ਉਸ ਵਿਚੋਂ ਪੰਜਾਬ ਨੂੰ ਕੱਢ ਕੇ ਲੈ ਕੇ ਗਏ ਹਾਂ । ਉਵੇਂ ਹੁਣ ਇਨ੍ਹਾਂ ਨੇ ਪ੍ਰਚਾਰ ਸ਼ੁਰੂ ਕਰ ਦਿੱਤਾ ਕਿ ਪੰਜਾਬ ਵਿੱਚ ਲਾਅ ਐਂਡ ਆਰਡਰ ਮਾੜਾ ਹੈ, ਬੁਰਾ ਹਾਲ ਹੈ। ਸਪੀਕਰ ਸਾਹਿਬ, ਇਹ ਗੌਰਮਿੰਟ ਆਫ ਇੰਡੀਆ ਦੇ ਫੈਕਟਸ ਹਨ ਜਿਹੜੇ ਦੱਸ ਰਹੇ ਹਨ ਕਿ ਇਹ (ਵਿਰੋਧੀ ਧਿਰ ਵੱਲ ਇਸ਼ਾਰਾ) ਕਿੰਨੇ ਝੂਠੇ ਹਨ । ਇਸ ਕਰਕੇ ਇਨ੍ਹਾਂ ਦੀ ਪਾਲਿਟਿਕਸ, ਕਾਂਗਰਸ ਦੀ ਪਾਲਿਟਿਕਸ ਝੂਠ ਤੇ ਨਿਰਭਰ ਹੈ । ਸਪੀਕਰ ਸਾਹਿਬ, ਮੈਨੂੰ ਪੂਰੀ ਆਸ ਹੈ, ਜਿਵੇਂ ਕਾਂਗਰਸ ਕਰਨ ਲੱਗੀ ਹੈ, ਜਿਵੇਂ ਝੂਠ ਬੋਲਣ ਤੇ ਲੱਗੀ ਹੈ, ਜਿਵੇਂ ਇਹ ਆਮ ਜਨਤਾ ਤੋਂ ਦੂਰ ਹੋ ਰਹੀ ਹੈ, ਉਸ ਤਰ੍ਹਾਂ ਮੈਂ ਤਾਂ ਪਹਿਲਾਂ 25 ਸਾਲ ਕਹਿੰਦਾ ਸੀ, ਮੈਨੂੰ ਲਗਦਾ ਹੈ ਕਿ ਸ਼ਾਇਦ 50 ਸਾਲ ਵੀ ਕਾਂਗਰਸ ਨਹੀਂ ਆਏਗੀ । ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ, ਸਪੀਕਰ ਸਾਹਿਬ ਦਾ ਧੰਨਵਾਦ ਕਰਦਾ ਹਾਂ ।(Thumping).

EXTENSION OF TIME OF THE SITTING OF THE HOUSE

ਮਾਨਯੋਗ ਸਪੀਕਰ : ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਗੈਰ-ਸਰਕਾਰੀ ਮਤਿਆਂ ਲਈ ਸਦਨ ਦਾ ਸਮਾਂ ਇੱਕ ਘੰਟੇ ਲਈ ਵਧਾ ਦਿੱਤਾ ਜਾਵੇ ।

(ਆਵਾਜ਼ਾਂ : ਹਾਂ ਜੀ, ਹਾਂ ਜੀ।)

ਮਾਨਯੋਗ ਸਪੀਕਰ : ਸਦਨ ਦਾ ਸਮਾਂ ਇੱਕ ਘੰਟੇ ਲਈ ਵਧਾਇਆ ਜਾਂਦਾ ਹੈ।

NON-OFFICIAL RESOLUTIONS

RESOLUTION REGARDING RECOMMENDING TO THE STATE GOVERNMENT TO RAISE THE MATTER WITH THE CENTRAL GOVERNMENT TO TAKE CONCRETE STEPS TO ENSURE ECONOMIC DEVELOPMENT OF THE COUNTRY RESULTING IN PROMOTION OF FRIENDSHIP, PEACE AND AMITY WITH PAKISTAN BESIDES ALLOWING UNINTERRUPTED PILGRIMAGE AND ENHANCING BILATERAL TRADE

ਮਾਨਯੋਗ ਸਪੀਕਰ : ਸਰਦਾਰ ਹਰਪ੍ਰੀਤ ਸਿੰਘ, ਐਮ.ਐਲ.ਏ. ਮਤਾ ਪੇਸ਼ ਕਰਨ ।

ਸਰਦਾਰ ਹਰਪ੍ਰੀਤ ਸਿੰਘ : ਸਪੀਕਰ ਸਾਹਿਬ, ਮੈਂ ਪ੍ਰਸਤਾਵ ਕਰਦਾ ਹਾਂ ਕਿ -

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਪ੍ਰੀਤ ਸਿੰਘ]

"ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਉਹ ਕੇਂਦਰੀ ਸਰਕਾਰ ਨਾਲ ਮਾਮਲਾ ਉਠਾਵੇ ਕਿ ਦੇਸ਼ ਦੀ ਆਰਥਿਕ ਬਿਹਤਰੀ, ਆਪਸੀ ਸਾਂਝ ਵਧਾਉਣ, ਅਮਨ ਤੇ ਸ਼ਾਂਤੀ ਕਾਇਮ ਰੱਖਣ ਅਤੇ ਧਾਰਮਿਕ ਅਸਥਾਨਾਂ ਦੀ ਨਿਰਵਿਘਨ ਯਾਤਰਾ ਲਈ ਹਿੰਦ-ਪਾਕਿ ਸਰਹੱਦ ਉੱਤੇ ਪੰਜਾਬ ਨਾਲ ਲਗਦੇ ਜ਼ਮੀਨੀ ਰਸਤੇ ਅਟਾਰੀ ਅਤੇ ਦੂਜੀਆਂ ਅੰਤਰ-ਰਾਸ਼ਟਰੀ ਸਰਹੱਦਾਂ ਉਤੇ ਦੁਵੱਲੀ ਆਵਾਜਾਈ ਲਈ ਤੇ ਹਿੰਦ-ਪਾਕਿ ਵਪਾਰ ਵਧਾਉਣ ਲਈ ਠੋਸ ਕਦਮ ਚੁੱਕੇ ਜਾਣ ।"

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ ਕਿ -

"ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਉਹ ਕੇਂਦਰੀ ਸਰਕਾਰ ਨਾਲ ਮਾਮਲਾ ਉਠਾਵੇ ਕਿ ਦੇਸ਼ ਦੀ ਆਰਥਿਕ ਬਿਹਤਰੀ, ਆਪਸੀ ਸਾਂਝ ਵਧਾਉਣ, ਅਮਨ ਤੇ ਸ਼ਾਂਤੀ ਕਾਇਮ ਰੱਖਣ ਅਤੇ ਧਾਰਮਿਕ ਅਸਥਾਨਾਂ ਦੀ ਨਿਰਵਿਘਨ ਯਾਤਰਾ ਲਈ ਹਿੰਦ-ਪਾਕ ਸਰਹੱਦ ਉਤੇ ਪੰਜਾਬ ਨਾਲ ਲਗਦੇ ਜ਼ਮੀਨ ਰਸਤੇ ਅਟਾਰੀ ਅਤੇ ਦੂਜੀਆਂ ਅੰਤਰ-ਰਾਸ਼ਟਰੀ ਸਰਹੱਦਾਂ ਉਤੇ ਦੁਵੱਲੀ ਆਵਾਜਾਈ ਲਈ ਤੇ ਹਿੰਦ-ਪਾਕਿ ਵਪਾਰ ਵਧਾਉਣ ਲਈ ਠੋਸ ਕਦਮ ਚੁੱਕੇ ਜਾਣ ।"

ਹਾਂ ਜੀ, ਬਹਿਸ, ਸਰਦਾਰ ਹਰਪ੍ਰੀਤ ਸਿੰਘ ਜੀ ।

ਸਰਦਾਰ ਹਰਪ੍ਰੀਤ ਸਿੰਘ (ਮਲੋਟ, ਐਸ.ਸੀ.) : ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ....

CHANGE IN THE EXTENSION OF TIME OF THE SITTING OF THE HOUSE

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸੈਸ਼ਨ ਦਾ ਸਮਾਂ 3.00 ਵਜੇ ਬਾਅਦ ਦੁਪਹਿਰ ਤੱਕ ਵਧਾ ਲਿਆ ਜਾਵੇ ਕਿਉਂਕਿ ਇੱਕੋ ਹੀ ਰੈਜ਼ੋਲਿਊਸ਼ਨ ਹੈ ਤੇ ਇਸ ਉਤੇ ਮੈਂਬਰਾਂ ਨੇ ਘੱਟ ਹੀ ਬੋਲਣਾ ਹੈ। ਇੱਧਰ (ਆਪੋਜ਼ੀਸ਼ਨ ਵੱਲ ਇਸ਼ਾਰਾ) ਕੋਈ ਹੈ ਨਹੀਂ । ਇਸ ਲਈ 3.00 ਵਜੇ ਬਾਅਦ ਦੁਪਹਿਰ ਤੱਕ ਸੈਸ਼ਨ ਦਾ ਸਮਾਂ ਵਧਾ ਲਿਆ ਜਾਵੇ ।

ਮਾਨਯੋਗ ਸਪੀਕਰ : ਚਲੋ, ਠੀਕ ਹੈ । ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ

Original with;
Punjab Vidhan Sabha
Digitized by;
Panjab Digital Library

ਅੱਜ 3.30 ਵਜੇ ਬਾਅਦ ਦੁਪਹਿਰ ਦੀ ਥਾਂ ਤੇ 3.00 ਵਜੇ ਬਾਅਦ ਦੁਪਹਿਰ ਤੱਕ ਸੈਸ਼ਨ ਦਾ ਸਮਾਂ ਵਧਾ ਦਿੱਤਾ ਜਾਵੇ ।

(ਆਵਾਜ਼ਾਂ : ਹਾਂ ਜੀ, ਹਾਂ ਜੀ)

ਮਾਨਯੋਗ ਸਪੀਕਰ : ਸਦਨ ਦਾ ਸਮਾਂ 3.30 ਵਜੇ ਬਾਅਦ ਦੁਪਹਿਰ ਦੀ ਥਾਂ ਤੇ 3.00 ਵਜੇ ਬਾਅਦ ਦੁਪਹਿਰ ਤੱਕ ਵਧਾਇਆ ਜਾਂਦਾ ਹੈ । ਹਾਂ ਜੀ, ਹਰਪ੍ਰੀਤ ਸਿੰਘ ਜੀ ਤੁਸੀਂ ਬੋਲੋ ।

RESOLUTION REGARDING RECOMMENDING TO THE STATE GOVERNMENT TO RAISE THE MATTER WITH THE CENTRAL GOVERNMENT TO TAKE CONCRETE STEPS TO ENSURE ECONOMIC DEVELOPMENT OF THE COUNTRY RESULTING IN PROMOTION OF FRIEND-SHIP, PEACE AND AMITY WITH PAKISTAN BESIDES ALLOWING UNINTERRUPTED PILGRIMAGE AND ENHANCING BILATERAL TRADE. *(RESUMPTION).*

ਸਰਦਾਰ ਹਰਪ੍ਰੀਤ ਸਿੰਘ : ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਇਸ ਬਹੁਤ ਹੀ ਮਹੱਤਵਪੂਰਨ ਮਤੇ ਤੇ ਬੋਲਣ ਤੋਂ ਪਹਿਲਾਂ ਮੈਂ ਕੁਝ ਇਤਿਹਾਸ ਬਾਰੇ ਗੱਲ ਕਰਨੀ ਚਾਹੁੰਦਾ ਹਾਂ ਕਿ ਪੁਰਾਤਨ ਸਮੇਂ ਵਿਚ ਦੋ ਬੜੀਆਂ ਮਸ਼ਹੂਰ ਸੜਕਾਂ ਸਨ, ਇਕ ਤਾਂ ਗਰੈਂਡ ਟਰੰਕ ਰੋਡ, ਜਿਸ ਨੂੰ ਜੀ.ਟੀ. ਰੋਡ ਦੇ ਨਾਮ ਦੇ ਉਤੇ ਜਾਣਦੇ ਹਾਂ ਅਤੇ ਇਕ ਸਿਲਕ ਰੋਡ। ਇਹ ਦੋ ਬਹੁਤ ਮਹੱਤਵਪੂਰਨ ਤੇ ਪੁਰਾਤਨ ਸਮੇਂ ਵਿਚ ਬਹੁਤ ਮਸ਼ਹੂਰ ਸੜਕਾਂ ਸਨ। ਤੀਜੀ ਸ਼ਤਾਬਦੀ, ਮੋਰੀਆ ਰਾਜ ਵਿਚ ਜਿਹੜੀ ਜੀ.ਟੀ.ਰੋਡ ਸੜਕ ਹੈ, ਉਹ ਹੋਂਦ ਵਿਚ ਆਈ ਤੇ ਉਸ ਤੋਂ ਬਾਅਦ 16ਵੀਂ ਸ਼ਤਾਬਦੀ ਵਿਚ ਸ਼ੇਰ ਸ਼ਾਹ ਸੂਰੀ ਜੀ ਨੇ ਇਹ ਜਿਹੜੀ ਸੜਕ ਸੀ ਇਸ ਨੂੰ ਮਜ਼ਬੂਤ ਕੀਤਾ । ਇਹ ਪਹਿਲਾਂ ਹਿੰਦੁਸਤਾਨ ਵਿਚੋਂ ਦੀ ਜਾਂਦੀ ਹੋਈ ਪਾਕਿਸਤਾਨ ਤੇ ਬੰਗਲਾ ਦੇਸ਼ ਨੂੰ ਆਪਸ ਵਿੱਚ ਜੋੜਦੀ ਸੀ ਤਾਂ ਸ਼ੇਰ ਸ਼ਾਹ ਸੂਰੀ ਸਾਹਿਬ ਇਸ ਨੂੰ ਵਧਾ ਕੇ ਕਾਬੁਲ ਅਫਗਾਨਿਸਤਾਨ ਤੱਕ ਲੈ ਗਏ । ਫਿਰ ਇਕੱਲਾ ਇਹ ਨਹੀਂ ਕਿ ਇਹ ਪਾਕਿਸਤਾਨ ਦੇ ਮਸ਼ਹੂਰ ਸ਼ਹਿਰ ਜਿਵੇਂ ਪਿਸ਼ਾਵਰ, ਅਟਕ, ਰਾਵਲਪਿੰਡੀ ਤੇ ਲਾਹੌਰ ਵਿੱਚ ਦੀ ਹੁੰਦੀ ਹੋਈ ਭਾਰਤ ਦੇ ਜਿਹੜੇ ਇੰਪਾਰਟੈਂਟ ਸ਼ਹਿਰ ਹਨ ਜਿਵੇਂ ਅੰਮ੍ਰਿਤਸਰ, ਅੰਬਾਲਾ, ਦਿੱਲੀ, ਕਾਨ੍ਹਪੁਰ, ਇਲਾਹਾਬਾਦ, ਵਾਰਾਨਸੀ, ਕਲਕੱਤਾ ਇਨ੍ਹਾਂ ਸ਼ਹਿਰਾਂ ਨੂੰ ਜਿੱਥੇ ਜੋੜ ਰਹੀ ਸੀ ਉਥੇ ਉਸ ਦੇ ਨਾਲ ਨਾਲ ਇਨ੍ਹਾਂ ਸੜਕਾਂ ਦੇ ਜਿਹੜੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਪ੍ਰੀਤ ਸਿੰਘ]

ਯਾਤਰੀ ਸਨ ਉਨ੍ਹਾਂ ਲਈ ਪੀਣ ਦੇ ਪਾਣੀ ਦਾ ਇੰਤਜ਼ਾਮ ਵੀ ਕੀਤਾ ਗਿਆ ਸੀ, ਉਨ੍ਹਾਂ ਦੇ ਰਹਿਣ ਲਈ ਸਰ੍ਹਾਵਾਂ ਦਾ ਵੀ ਇੰਤਜ਼ਾਮ ਕੀਤਾ ਗਿਆ ਸੀ । ਇਸ ਤੋਂ ਇਲਾਵਾ ਉਥੇ ਬੜੇ ਵੱਡੇ ਵੱਡੇ ਮਾਈਲ ਸਟੋਨ ਵੀ ਲਗਾਏ ਗਏ ਸਨ ਜਿਹੜੇ ਅੱਜ ਵੀ ਦਿੱਲੀ-ਅੰਬਾਲਾ ਰੋਡ ਤੇ ਵੇਖੇ ਜਾ ਸਕਦੇ ਹਨ । ਉਹ ਮਾਈਲ ਸਟੋਨ ਅੱਜ ਵੀ ਉਥੇ ਉਵੇਂ ਖੜ੍ਹੇ ਹਨ । ਇਥੋਂ ਤੱਕ ਇੱਕ ਬਹੁਤ ਮਸ਼ਹੂਰ ਆਥਰ ਹੋਏ ਹਨ Rudyard Kipling ਉਨ੍ਹਾਂ ਨੇ ਇਸ ਸੜਕ ਦੀ ਮਹੱਤਤਾ ਨੂੰ ਦੱਸਣ ਲਈ ਇਕ ਲਾਈਨ ਕਹੀ ਸੀ ਕਿ "such a river of life has never existed in the world" ਇੰਨੀ ਮਹੱਤਵਪੂਰਨ ਇਹ ਸੜਕ, ਜੀ.ਟੀ. ਰੋਡ ਜਿਹੜੀ ਪੁਰਾਤਨ ਸਮੇਂ ਤੋਂ ਸੀ ਤੇ ਅੱਜ ਵੀ ਮੌਜੂਦ ਹੈ । ਇਸ ਤੋਂ ਇਲਾਵਾ ਜਿਹੜੀ ਸਿਲਕ ਰੋਡ ਸੀ ਜਿੱਥੇ ਮਸ਼ਹੂਰ ਸਿਲਕ ਟਰੇਡ ਹੁੰਦਾ ਰਿਹਾ, ਇਹ ਚੀਨ ਤੋਂ ਸ਼ੁਰੂ ਹੁੰਦੀ ਹੋਈ, ਪੂਰਬੀ ਦੱਖਣੀ, ਪੱਛਮੀ ਏਸ਼ੀਆ ਵਿਚ ਦੀ ਹੁੰਦੀ ਹੋਈ ਮੈਡੀਟਰੇਨ ਅਤੇ ਯੂਰਪ ਦੇ ਇਲਾਕਿਆਂ ਵਿੱਚ ਦੀ ਹੁੰਦੀ ਹੋਈ ਉੱਤਰ ਅਤੇ ਪੂਰਬੀ ਅਫਰੀਕਾ ਨੂੰ ਵੀ ਇਹ ਸੜਕ ਜੋੜਦੀ ਸੀ। ਇਹ ਸੜਕ ਚਾਰ ਹਜ਼ਾਰ ਕਿਲੋਮੀਟਰ ਲੰਮੀ ਸੀ ਅਤੇ ਜੀ.ਟੀ. ਰੋਡ 2500 ਕਿਲੋਮੀਟਰ ਲੰਮੀ ਸੀ। ਇਹ ਇਸ ਗੱਲ ਦੀ ਗਵਾਹੀ ਦਿੰਦੀਆਂ ਹਨ ਕਿ ਪੁਰਾਤਨ ਸਮੇਂ ਦੇ ਜਿਹੜੇ ਲੋਕ ਸਨ ਉਨ੍ਹਾਂ ਦੀ ਇਸ ਪਾਸੇ ਵੱਲ ਕਿੰਨੀ ਜਾਗਰੂਕਤਾ ਸੀ ਕਿ ਜੇ ਵਪਾਰ ਨੂੰ ਵਧਾਉਣਾ ਹੈ, ਆਪਸੀ ਸਾਂਝ ਨੂੰ ਵਧਾਉਣਾ ਹੈ ਤਾਂ ਇਹ ਸੜਕਾਂ ਦਾ ਹੋਣਾ ਬਹੁਤ ਜ਼ਰੂਰੀ ਹੈ, ਆਪਸ ਵਿੱਚ ਮਿਲਵਰਤਨ ਦਾ ਹੋਣਾ ਬਹੁਤ ਜ਼ਰੂਰੀ ਹੈ। ਇਸ ਲਈ ਉਨ੍ਹਾਂ ਨੇ ਇਨ੍ਹਾਂ ਸੜਕਾਂ ਨੂੰ ਲਗਾਤਾਰ ਮਜ਼ਬੂਤ ਕੀਤਾ, ਵਧਾਇਆ, ਇਹੋ ਜਿਹੇ ਕਦਮ ਚੁੱਕੇ । ਅੱਜ ਮੌਜੂਦਾ ਸਮੇਂ ਦੀ ਵੀ ਜੇ ਆਪਾਂ ਗੱਲ ਕਰੀਏ ਤਾਂ ਪੰਜਾਬ ਜਿਹੜਾ ਆਪਣਾ ਸੂਬਾ ਹੈ ਇਹ ਚਾਰੇ ਪਾਸੇ ਤੋਂ ਜ਼ਮੀਨ ਨਾਲ ਘਿਰਿਆ ਹੋਇਆ ਹੈ, ਲੈਂਡ ਲਾਕਡ ਸਟੇਟ ਹੈ । ਆਪਣਾ ਜਿਹੜਾ ਸੂਬਾ ਹੈ ਇਹ ਪ੍ਰਮੁੱਖ ਤੌਰ ਤੇ ਖੇਤੀਬਾੜੀ ਅਤੇ ਇਸ ਨਾਲ ਸਹਾਇਕ ਧੰਦਿਆਂ ਤੇ ਨਿਰਭਰ ਕਰਦਾ ਹੈ। ਹੋਰ ਕਿਸੇ ਤਰ੍ਹਾਂ ਦਾ ਵਪਾਰ ਇੱਥੇ ਨਹੀਂ ਹੁੰਦਾ । ਬਾਰਡਰ ਦੇ ਖੁੱਲ੍ਹਣ ਨਾਲ ਜਿੱਥੇ ਦੋਹਾਂ ਦੇਸ਼ਾਂ ਭਾਰਤ ਅਤੇ ਪਾਕਿਸਤਾਨ ਦੇ ਆਪਸੀ ਸਬੰਧ ਸੁਧਰਨ ਦੀ ਆਸ ਹੈ, ਉਥੇ ਨਾਲ ਨਾਲ ਪੰਜਾਬ ਨੂੰ ਇਸ ਨਾਲ ਵੱਡਾ ਫਾਇਦਾ ਹੋਣਾ ਹੈ । ਪੰਜਾਬ ਦੀ ਕਿਸਾਨੀ ਨੂੰ, ਪੰਜਾਬ ਦੇ ਵਪਾਰੀਆਂ ਨੂੰ, ਇਥੋਂ ਦੀਆਂ ਸਨਅਤਾਂ ਨੂੰ, ਟੂਰਿਜ਼ਮ ਦੇ ਖੇਤਰ ਨੂੰ ਬਾਰਡਰ ਖੁੱਲ੍ਹਣ ਨਾਲ ਬਹੁਤ ਵੱਡਾ ਫਾਇਦਾ ਪਹੁੰਚ ਸਕਦਾ ਹੈ । ਇਕੱਲਾ ਇਹੀ ਨਹੀਂ ਕਿ ਪਾਕਿਸਤਾਨ ਨਾਲ ਹੀ ਬਾਰਡਰ ਖੁੱਲ੍ਹਣਾ ਹੈ, ਪਾਕਿਸਤਾਨ ਤੋਂ ਅੱਗੇ ਜਿਹੜੇ ਦੇਸ਼ ਹਨ, ਅਫਗਾਨਿਸਤਾਨ, ਇਰਾਨ, ਇਰਾਕ, ਰਸ਼ੀਆ, ਯੂਰਪ ਅਤੇ ਅਫ਼ਰੀਕਾ ਤੱਕ, ਇਹ ਸੜਕਾਂ ਸਾਨੂੰ ਲਿਜਾ ਸਕਦੀਆਂ ਹਨ ਅਤੇ ਜਿਹੜੀਆਂ ਚੀਜ਼ਾਂ ਇੱਥੇ ਪੈਦਾ ਹੁੰਦੀਆਂ ਹਨ ਉਨ੍ਹਾਂ ਨੂੰ ਅਸੀਂ ਇਨ੍ਹਾਂ ਦੇਸ਼ਾਂ ਵਿੱਚ ਭੇਜ ਸਕਦੇ ਹਾਂ । ਆਪਣਾ ਦੇਸ਼ ਇਸ ਵੇਲੇ ਪਾਕਿਸਤਾਨ ਨੂੰ 137 ਚੀਜ਼ਾਂ ਐਕਸਪੋਰਟ ਕਰ ਰਿਹਾ ਹੈ। ਪਿਛਲੇ ਸਾਲ 2010-11 ਵਿੱਚ 1375 ਕਰੋੜ ਰੁਪਏ ਦਾ ਵਪਾਰ ਅਟਾਰੀ-ਵਾਹਘਾ ਬਾਰਡਰ ਰਾਹੀਂ ਹੋਇਆ ਸੀ ।

Original with;
Punjab Vidhan Sabha
Digitized by;
Panjab Digital Library

ਇਹ ਵੀ ਇਸ ਕਰਕੇ ਸੰਭਵ ਹੋਇਆ ਕਿ ਮਾਨਯੋਗ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਅਤੇ ਡਿਪਟੀ ਸੀ.ਐਮ., ਸਰਦਾਰ ਸੁਖਬੀਰ ਸਿੰਘ ਬਾਦਲ ਜੀ ਦਾ ਇਸ ਪਾਸੇ ਬਹੁਤ ਇੰਟ੍ਰਸਟ ਹੈ ਅਤੇ ਉਹ ਚਾਹੁੰਦੇ ਹਨ ਕਿ ਦੋਹਾਂ ਦੇਸ਼ਾਂ ਦੇ ਆਪਸੀ ਸਬੰਧ ਸੁਧਰਨ ਤੇ ਖਾਸ ਤੌਰ ਤੇ ਪੰਜਾਬ ਦੇ ਸਬੰਧ ਨਿੱਘੇ ਹੋਣ । ਉਨ੍ਹਾਂ ਦੇ ਯਤਨਾਂ ਕਰਕੇ ਹੀ ਬਾਰਡਰ ਤੇ ਇੰਟੈਗ੍ਰੇਟਿਡ ਚੈੱਕ ਪੋਸਟ (ICP) ਬਣੀ ਹੈ ਜੋ ਕਿ ਤਕਰੀਬਨ 150 ਕਰੋੜ ਦੀ ਲਾਗਤ ਨਾਲ 118 ਕਿੱਲਿਆਂ ਵਿੱਚ ਬਣਾਈ ਗਈ ਹੈ । ਉਸ ਨਾਲ ਵੀ ਵਪਾਰ ਨੂੰ ਹੁਲਾਰਾ ਮਿਲਿਆ ਹੈ । ਅੱਜ ਸੁਖਬੀਰ ਜੀ ਦੀ ਸੋਚ ਇਹ ਹੈ ਕਿ ਜਿਹੜਾ 137 ਵਸਤਾਂ ਦਾ ਵਪਾਰ ਹੋ ਰਿਹਾ ਹੈ ਉਸ ਨੂੰ ਵਧਾ ਕੇ 6,000 ਵਸਤਾਂ ਤੱਕ ਲੈ ਕੇ ਜਾਣਾ ਹੈ ਤਾਂ ਜੋ ਪਿਛਲੇ ਸਮੇਂ ਵਿੱਚ 1375 ਕਰੋੜ ਰੁਪਏ ਦਾ ਵਪਾਰ ਹੋਇਆ ਹੈ ਉਸ ਨੂੰ ਕਈ ਗੁਣਾਂ ਵਧਾ ਸਕੀਏ । ਇਸ ਦੇ ਨਾਲ ਨਾਲ ਅੰਮ੍ਰਿਤਸਰ ਅਤੇ ਲਾਹੌਰ ਵਿੱਚ ਕੰਸਲਟੇਟ ਬਣਾ ਕੇ ਵਪਾਰ ਦੇ ਜ਼ਰੀਏ ਆਪਸੀ ਸਾਂਝ ਨੂੰ ਵਧਾ ਸਕੀਏ । ਇਸ ਦੇ ਨਾਲ ਹੀ ਮਾਨਯੋਗ ਡਿਪਟੀ ਸੀ.ਐਮ. ਸਾਹਿਬ ਨੇ ਖੇਡਾਂ ਦਾ ਇਸਤੇਮਾਲ ਕੀਤਾ ਹੈ ਤਾਂ ਕਿ ਖੇਡਾਂ ਰਾਹੀਂ ਦੋਹਾਂ ਦੇਸ਼ਾਂ ਦੇ ਆਪਸੀ ਸਬੰਧ ਸੁਧਰਨ । ਕਬੱਡੀ ਦਾ ਵਿਸ਼ਵ ਕੱਪ ਜਿਹੜਾ ਪਿੱਛੇ ਜਿਹੇ ਹੋਇਆ ਹੈ, ਉਹ ਇਸ ਗੱਲ ਦੀ ਗਵਾਹੀ ਭਰਦਾ ਹੈ । ਕਬੱਡੀ ਦੀ ਟੀਮ ਪਾਕਿਸਤਾਨ ਤੋਂ ਵੀ ਆਈ ਅਤੇ ਉਨ੍ਹਾਂ ਨੇ ਪਾਰਟੀਸੀਪੇਟ ਕੀਤਾ, ਫਾਈਨਲ ਹੋਇਆ । ਇਸ ਨਾਲ ਕੁੜੱਤਣ ਦੂਰ ਕਰਕੇ ਨੌਜਵਾਨਾਂ ਦਾ ਜਿਹੜਾ ਜੋਸ਼ ਹੈ, ਉਤਸ਼ਾਹ ਹੈ ਉਸ ਨੂੰ ਸਹੀ ਢੰਗ ਨਾਲ ਵਰਤਣ ਦਾ ਮੌਕਾ ਮਿਲਿਆ। ਦੋਹਾਂ ਦੇਸ਼ਾਂ ਦੀ ਆਪਸੀ ਕੁੜੱਤਣ ਨੂੰ ਦੂਰ ਕਰਨ ਦਾ ਇਹ ਪਲੇਟਫਾਰਮ ਬਣਿਆ ਹੈ । ਇਥੋਂ ਪਿਛਲੇ ਸਮੇਂ ਵਿੱਚ ਕੈਬਨਿਟ ਮਨਿਸਟਰਾਂ ਦਾ ਬਹੁਤ ਵੱਡਾ ਡੈਲੀਗੇਸ਼ਨ ਲੈ ਕੇ ਸੁਖਬੀਰ ਜੀ ਆਪ ਪਾਕਿਸਤਾਨ ਜਾ ਕੇ ਆਏ ਹਨ । ਉਥੋਂ ਦੇ ਮੁੱਖ ਮੰਤਰੀ ਸਾਹਿਬ ਨੂੰ ਮਿਲੇ ਅਤੇ ਕਿਹਾ ਕਿ ਸਾਨੂੰ ਆਪਣੇ ਵਪਾਰਕ ਸਬੰਧ ਵਧਾਉਣੇ ਚਾਹੀਦੇ ਹਨ। ਕਬੱਡੀ ਕੱਪ ਵਿੱਚ ਸ਼ਿਰਕਤ ਕਰਨ ਲਈ ਉਨ੍ਹਾਂ ਨੂੰ ਨਿਓਤਾ ਦੇ ਕੇ ਆਏ । ਉਸ ਨਿਓਤੇ ਤੇ ਡਿਪਟੀ ਸਪੀਕਰ ਸਾਹਿਬ, ਰਾਣਾ ਮਸੂਦ ਅਹਿਮਦ ਖਾਨ ਜੀ ਆਪ ਸ਼ਿਰਕਤ ਕਰਨ ਆਏ । ਉਨ੍ਹਾਂ ਨੇ ਇਕੱਲਾ ਕਬੱਡੀ ਕੱਪ ਵਿੱਚ ਹੀ ਸ਼ਿਰਕਤ ਨਹੀਂ ਕੀਤੀ ਸਗੋਂ ਜਿਹੜਾ ਉਨ੍ਹਾਂ ਦਾ ਆਪਣਾ ਪੁਰਾਣਾ ਪਿੰਡ ਅੱਲਾ ਦਿੱਤਾ ਮੋਠਾਂਵਾਲਾ ਸੀ, ਜਿੱਥੇ ਉਨ੍ਹਾਂ ਦੇ ਬਜ਼ੁਰਗਾਂ ਦਾ ਜਨਮ ਹੋਇਆ, ਉਥੇ ਰਹੇ ਹਨ, ਉਹ ਆਪ ਉਥੇ ਗਏ । ਉਨ੍ਹਾਂ ਨੇ ਆਪਣਾ ਪੁਰਾਤਨ ਘਰ ਦੇਖਿਆ ਅਤੇ ਉਨ੍ਹਾਂ ਦੇ ਜਜ਼ਬਾਤ ਬਾਹਰ ਆਏ । ਉਹ ਆਪਣੇ ਪੁਰਾਣੇ ਘਰ ਦੀਆਂ ਕੁਝ ਇੱਟਾਂ ਆਪਣੇ ਨਾਲ ਲੈ ਕੇ ਗਏ । ਪਿੱਛੇ ਜਿਹੇ ਜਸਟਿਸ ਰਾਮਦੇਵ ਜੀ ਜੋ ਕਿ ਪਾਕਿਸਤਾਨ ਸੁਪਰੀਮ ਕੋਰਟ ਦੇ ਰਿਟਾਇਰਡ ਜੱਜ ਸੀ, ਉਹ ਪੰਜਾਬ ਵਿੱਚ ਆਏ, ਆਪਣੇ ਪੁਰਾਣੇ ਘਰ ਵਿੱਚ ਗਏ ਅਤੇ ਉਥੋਂ ਪੁਰਾਣੇ ਘਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਪ੍ਰੀਤ ਸਿੰਘ]
ਦੀਆਂ ਇੱਟਾਂ ਅਤੇ ਇਥੋਂ ਦੀ ਮਿੱਟੀ ਲੈ ਕੇ ਗਏ । ਲਾਹੌਰ ਵਿੱਚ ਜਦੋਂ ਉਨ੍ਹਾਂ ਨੇ ਆਪਣਾ ਘਰ ਬਣਾਇਆ ਤਾਂ ਉਥੇ ਇਸ ਮਿੱਟੀ ਅਤੇ ਇੱਟਾਂ ਦਾ ਇਸਤੇਮਾਲ ਕੀਤਾ । ਇਹ ਜਿਹੜੀ ਮੈਂ ਜਸਟਿਸ ਰਾਮਦੇਵ ਜੀ ਅਤੇ ਡਿਪਟੀ ਸਪੀਕਰ ਸਾਹਿਬ ਦੀ ਗੱਲ ਕੀਤੀ ਹੈ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਦੋਵਾਂ ਪਾਸਿਆਂ ਦੇ, ਦੋਵੇਂ ਦੇਸ਼ਾਂ ਦੇ ਪੰਜਾਬ ਵਿੱਚ ਹਜ਼ਾਰਾਂ-ਲੱਖਾਂ ਲੋਕ ਅਜਿਹੇ ਹਨ ਜਿਨ੍ਹਾਂ ਦਾ ਜਨਮ ਉੱਧਰ ਹੋਇਆ ਹੈ ਪਰ ਰਹਿੰਦੇ ਇੱਧਰ ਹਨ ਜਾਂ ਜਨਮ ਇੱਧਰ ਹੋਇਆ ਹੈ ਪਰ ਰਹਿੰਦੇ ਉੱਧਰ ਹਨ । ਉਨ੍ਹਾਂ ਦੇ ਜ਼ਜ਼ਬਾਤ ਇਹ ਹਨ ਕਿ ਇਹ ਰਸਤਾ ਖੁੱਲ੍ਹਿਆ ਹੋਇਆ ਹੋਣਾ ਚਾਹੀਦਾ ਹੈ ਤਾਂ ਕਿ ਉਹ ਆਪਣੇ ਘਰ, ਪੁਰਾਣੇ ਰਿਸ਼ਤੇਦਾਰ, ਪੁਰਾਣੇ ਸਾਕ-ਸਬੰਧੀਆਂ ਨੂੰ ਮਿਲ ਸਕਣ । ਉਹ ਦੇਖ ਸਕਣ ਕਿ ਉਨ੍ਹਾਂ ਦਾ ਪਿਛੋਕੜ ਕੀ ਹੈ । ਸੋ, ਉਨ੍ਹਾਂ ਦੇ ਜ਼ਜ਼ਬਾਤਾਂ ਦੀ ਵੀ ਕਦਰ ਹੋਣੀ ਚਾਹੀਦੀ ਹੈ । ਇਸ ਤੋਂ ਬਿਨ੍ਹਾਂ ਜਿੱਥੇ ਜ਼ਾਤੀ ਜ਼ਜ਼ਬਾਤ ਹਨ, ਇਸ ਦੇ ਨਾਲ ਨਾਲ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਵੀ ਇਨ੍ਹਾਂ ਰਸਤਿਆਂ ਨਾਲ ਜੁੜੀਆਂ ਹੋਈਆਂ ਹਨ ਕਿਉਂਕਿ ਪਹਿਲੀ ਪਾਤਸ਼ਾਹੀ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਅਸਥਾਨ ਸ਼੍ਰੀ ਨਨਕਾਣਾ ਸਾਹਿਬ ਹੈ ਤੇ ਉਨ੍ਹਾਂ ਦੇ ਜੀਵਨ ਨਾਲ ਸਬੰਧਿਤ ਕਈ ਪਵਿੱਤਰ ਧਾਰਮਿਕ ਅਸਥਾਨ ਸਾਰੇ ਪਾਕਿਸਤਾਨ ਵਿੱਚ ਹਨ। ਇਸ ਤੋਂ ਬਿਨ੍ਹਾਂ ਸ਼੍ਰੀ ਗੁਰੂ ਅਰਜਨ ਦੇਵ ਜੀ, ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ, ਸ਼੍ਰੀ ਗੁਰੂ ਅਮਰਦਾਸ ਜੀ ਤੇ ਸ਼੍ਰੀ ਗੁਰੂ ਰਾਮਦਾਸ ਜੀ ਨਾਲ ਸਬੰਧਿਤ ਕਈ ਪਵਿੱਤਰ ਅਸਥਾਨ ਜੋ ਹਨ, ਉਹ ਪਾਕਿਸਤਾਨ ਦੀ ਧਰਤੀ ਤੇ ਹਨ ਤੇ ਲੋਕਾਂ ਦੇ ਬੜੇ ਜ਼ਜ਼ਬਾਤ ਹਨ ਕਿ ਇਹ ਜਿਹੜੇ ਧਾਰਮਿਕ ਅਸਥਾਨ ਹਨ, ਇਨ੍ਹਾਂ ਦੀ ਨਿਰਵਿਘਨ ਯਾਤਰਾ ਕਰ ਸਕੀਏ ਤੇ ਦਰਸ਼ਨ ਕਰ ਸਕੀਏ ਜਿੱਥੇ ਗੁਰੂ ਸਾਹਿਬਾਨ ਨੇ ਆਪਣੀ ਜ਼ਿੰਦਗੀ ਦਾ ਬੜਾ ਲੰਬਾ ਸਮਾਂ ਬਿਤਾਇਆ ਹੈ । ਲੋਕਾਂ ਦੀਆਂ ਭਾਵਨਾਵਾਂ ਨੂੰ ਉਜਾਗਰ ਕਰਦਾ ਹੋਇਆ ਇੱਕ ਗੀਤ ਵੀ ਬਹੁਤ ਮਸ਼ਹੂਰ ਹੋਇਆ ਸੀ । ਉਹ ਗੀਤ ਹੈ :

ਸਾਥੋਂ ਬਾਬਾ ਖੋਹ ਲਿਆ ਤੇਰਾ ਨਨਕਾਣਾ ।

ਇਹ ਗੀਤ ਵੀ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਤੇ ਜ਼ਜ਼ਬਾਤਾਂ ਨੂੰ ਬਿਆਨ ਕਰਦਾ ਹੈ ।

ਕਾਫ਼ੀ ਲੰਬੇ ਸਮੇਂ ਤੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਜੋ ਕਿ ਡੇਰਾ ਬਾਬਾ ਨਾਨਕ ਤੋਂ ਤਕਰੀਬਨ ਤਿੰਨ ਕਿਲੋਮੀਟਰ ਦੀ ਦੂਰੀ ਤੇ ਹੈ, ਸਬੰਧੀ ਕਾਫ਼ੀ ਲੰਬੇ ਸਮੇਂ ਤੋਂ ਲੋਕਾਂ ਦੀ ਮੰਗ ਚੱਲ ਰਹੀ ਹੈ ਕਿ ਜਿਹੜਾ ਇਹ ਤਿੰਨ ਕਿਲੋਮੀਟਰ ਦਾ ਲਾਂਘਾ ਹੈ, ਇਹ ਭਾਰਤ ਸਰਕਾਰ ਜ਼ਰੂਰ ਪਾਕਿਸਤਾਨ ਸਰਕਾਰ ਨਾਲ ਗੱਲ ਕਰਕੇ ਸੰਗਤ ਨੂੰ ਦਿਵਾਵੇ ਤਾਂ ਜੋ ਖੁੱਲ੍ਹੇ ਦਰਸ਼ਨ ਹੋ ਸਕਣ ਇਸ ਬਾਰੇ ਪਾਕਿਸਤਾਨ ਸਰਕਾਰ ਨੇ ਹਾਮੀ ਵੀ ਭਰੀ ਸੀ ਪਰ ਇੱਧਰੋਂ ਅਜੇ ਆਪਣੀ ਭਾਰਤ ਸਰਕਾਰ ਵੱਲੋਂ ਕੋਈ ਪਹਿਲ ਨਹੀਂ ਹੋਈ । ਪਿੱਛੇ ਜਿਹੇ

Original with;
Punjab Vidhan Sabha
Digitized by;
Panjab Digital Library

ਡਿਪਟੀ ਸੀ.ਐਮ. ਸਾਹਿਬ ਦਾ ਬਿਆਨ ਵੀ ਆਇਆ ਸੀ ਕਿ ਇਹ ਲਾਂਘਾ ਜ਼ਰੂਰ ਮਿਲਣਾ ਚਾਹੀਦਾ ਹੈ ਕਿਉਂਕਿ ਇਸ ਗੁਰਦੁਆਰਾ ਸਾਹਿਬ ਦੀ ਵੀ ਬੜੀ ਮਹਾਨਤਾ ਹੈ । 18 ਸਾਲ ਦੇ ਕਰੀਬ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਕੀਮਤੀ ਸਾਲ ਇਸ ਅਸਥਾਨ ਤੇ ਬਿਤਾਏ ਹਨ । ਸੋ, ਇਹ ਕਈ ਚੀਜ਼ਾਂ ਹਨ ਜੋ ਵਪਾਰਿਕ ਵੀ ਹਨ, ਧਾਰਮਿਕ ਵੀ ਹਨ, ਜ਼ਾਤੀ ਵੀ ਹਨ। ਸੋ, ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ ਵਿੱਚ ਰੱਖ ਕੇ ਮੈਂ ਸਦਨ ਨੂੰ ਬੇਨਤੀ ਕਰਦਾ ਹਾਂ, ਸਾਰੇ ਮੈਂਬਰ ਸਾਹਿਬਾਨ ਬੈਠੇ ਹਨ ਕਿ ਵਪਾਰ ਤੇ ਟੂਰਿਜ਼ਮ ਨੂੰ ਵਧਾਉਣ ਲਈ ਅਤੇ ਧਾਰਮਿਕ ਅਸਥਾਨਾਂ ਦੀ ਨਿਰਵਿਘਨ ਯਾਤਰਾ ਲਈ ਆਪਾਂ ਸਾਰਿਆਂ ਨੂੰ ਇਹ ਮਤਾ ਸਹਿਮਤੀ ਨਾਲ ਪਾਸ ਕਰਨਾ ਚਾਹੀਦਾ ਹੈ । ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਬੇਨਤੀ ਕਰਨੀ ਚਾਹੀਦੀ ਹੈ ।ਅੱਜ ਮੌਕਾ ਵੀ ਹੈ ਕਿਉਂਕਿ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਵੀ ਬਤੌਰ ਪੰਜਾਬੀ, ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਸਮਝਦੇ ਹਨ ਅਤੇ ਉਨ੍ਹਾਂ ਦਾ ਵੀ ਫਰਜ਼ ਬਣਦਾ ਹੈ ਕਿ ਸਾਰਿਆਂ ਦੀਆਂ ਭਾਵਨਾਵਾਂ ਨੂੰ ਦੇਖਦੇ ਹੋਏ ਜ਼ਰੂਰ ਠੋਸ ਕਦਮ ਚੁੱਕਣ ਤੇ ਜਿਹੜਾ ਵਪਾਰ ਹੈ ਤੇ ਇਹ ਲਾਂਘੇ ਹਨ, ਇਹ ਦਿਵਾਉਣ । ਮੈਂ ਅੱਜ ਸਦਨ ਅੱਗੇ ਇਹ ਮਤਾ ਰੱਖਦਾ ਹੋਇਆ ਇਹ ਗੱਲਾਂ ਕਹਿ ਰਿਹਾ ਹਾਂ । ਤੁਹਾਡਾ ਬਹੁਤ ਬਹੁਤ ਧੰਨਵਾਦ ।

ਮਾਨਯੋਗ ਸਪੀਕਰ : ਸ਼੍ਰੀ ਅਨਿਲ ਜੋਸ਼ੀ ਜੀ।

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਮੰਤਰੀ (ਸ਼੍ਰੀ ਅਨਿਲ ਜੋਸ਼ੀ) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਬੜੇ ਅਹਿਮ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ । ਵਾਕਿਆ ਹੀ ਅੱਜ ਜ਼ਰੂਰਤ ਹੈ ਕੇਵਲ ਪੰਜਾਬ ਦੀ ਨਹੀਂ ਬਲਕਿ ਪੂਰੇ ਦੇਸ਼ ਦੀ ਕਿਉਂਕਿ ਦੋਵਾਂ ਦੇਸ਼ਾਂ ਦੇ ਲੋਕ ਅਮਨ-ਸ਼ਾਂਤੀ ਵੀ ਚਾਹੁੰਦੇ ਹਨ ਅਤੇ ਆਪਸੀ ਵਪਾਰ ਵੀ ਕਰਨਾ ਚਾਹੁੰਦੇ ਹਨ ਜਿਸ ਦੀਆਂ ਕੋਸ਼ਿਸ਼ਾਂ ਪੰਜਾਬ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਹਨ । ਭਾਵੇਂ ਜਦੋਂ ਸਾਡੀ ਪਿਛਲੀ ਸਰਕਾਰ ਸੀ, ਉਸ ਸਮੇਂ ਵੀ ਮਾਨਯੋਗ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਵੱਲੋਂ ਵੀ ਅਤੇ ਹੁਣ ਇਸ ਸਰਕਾਰ ਵਿੱਚ ਵੀ ਬਹੁਤ ਗੰਭੀਰ ਤੇ ਸੰਜੀਦਾ ਕੋਸ਼ਿਸ਼ਾਂ ਹੋਈਆਂ ਹਨ ਕਿ ਅਸੀਂ ਆਪਣੇ ਗੁਆਂਢੀ ਮੁਲਕ ਨਾਲ, ਜਿਸ ਨਾਲ ਲਗਾਤਾਰ ਪਹਿਲਾਂ ਤਣਾਅ ਹੀ ਰਿਹਾ, ਉਸ ਨਾਲ ਸਬੰਧ ਅੱਛੇ ਹੋਣ । ਜਦੋਂ ਦਾ ਦੇਸ਼ ਅਜ਼ਾਦ ਹੋਇਆ, ਉਸ ਤੋਂ ਬਾਅਦ ਕੁਝ ਕਾਰਨਾਂ ਕਰਕੇ ਕੁਝ ਐਸੇ ਲੋਕਾਂ ਕਰਕੇ ਜਿਹੜੇ ਕਿ ਨਹੀਂ ਚਾਹੁੰਦੇ ਕਿ ਦੋਵਾਂ ਦੇਸ਼ਾਂ ਦਾ ਆਪਸੀ ਪ੍ਰੇਮ-ਪਿਆਰ ਵਧੇ, ਉਹ ਇਧਰੋਂ ਵੀ ਹੋ ਸਕਦੇ ਹਨ

Original with;
Punjab Vidhan Sabha
Digitized by;
Panjab Digital Library

[ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਮੰਤਰੀ]

ਅਤੇ ਉਧਰੋਂ ਵੀ ਹੋ ਸਕਦੇ ਹਨ ਪਰ ਆਮ ਜਨਤਾ ਇਹ ਜ਼ਰੂਰ ਚਾਹੁੰਦੀ ਹੈ ਕਿ ਆਪਸੀ ਪ੍ਰੇਮ ਤੇ ਭਾਈਚਾਰਾ ਵੀ ਵਧੇ, ਸ਼ਾਂਤੀ ਰਹੇ ਅਤੇ ਵਪਾਰ ਵੀ ਵਧੇ । ਇਸ ਦੀ ਤਾਜ਼ੀ ਮਿਸਾਲ ਸਾਡੇ ਮਾਨਯੋਗ ਉੱਪ ਮੁੱਖ ਮੰਤਰੀ, ਸਰਦਾਰ ਸੁਖਬੀਰ ਸਿੰਘ ਬਾਦਲ ਜੀ ਹਨ । ਇਹ ਆਪਣੇ ਨਾਲ ਇੱਕ ਬਹੁਤ ਵੱਡਾ ਡੈਪੂਟੇਸ਼ਨ ਲੈ ਕੇ ਗਏ ਸੀ ਜਿਸ ਵਿੱਚ ਮੈਨੂੰ ਵੀ ਜਾਣ ਦਾ ਮੌਕਾ ਮਿਲਿਆ । ਉਸ ਸਮੇਂ ਅੰਦਰੋਂ ਇਹ ਗੱਲ ਮਹਿਸੂਸ ਹੋਈ, ਪਾਕਿਸਤਾਨ ਦੇ ਆਮ ਲੋਕਾਂ ਨਾਲ ਗੱਲ ਕਰਕੇ ਵੀ ਇਹ ਮਹਿਸੂਸ ਹੋਇਆ । ਉਨ੍ਹਾਂ ਨੇ ਜਿੰਨੀ ਪ੍ਰਾਹੁਣਾਚਾਰੀ ਵਿਖਾਈ, ਜਿੰਨਾ ਮਾਣ ਸਤਿਕਾਰ ਕੀਤਾ, ਉਹ ਤਾਂ ਇੱਕ ਮਿਸਾਲ ਹੈ ਪਰ ਸਾਡੇ ਨਾਲ ਅੰਦਰੂਨੀ ਮਨੋਂ ਇੱਕ ਜਿਹੜੀ ਉਨ੍ਹਾਂ ਨੇ ਇਕੱਲੇ ਇਕੱਲੇ ਨੇ ਗੱਲ ਕੀਤੀ, ਕਿ ਉਹ ਹਮੇਸ਼ਾ ਹੀ ਇਹ ਚਾਹੁੰਦੇ ਹਨ ਕਿ ਹਿੰਦੁਸਤਾਨ ਦੇ ਨਾਲ ਸਾਡਾ ਵਪਾਰ ਵਧੇ, ਪਿਆਰ ਵਧੇ, ਸਾਂਝ ਵਧੇ । ਸਾਡਾ ਸੱਭਿਆਚਾਰ ਇਕ ਹੈ, ਬੋਲੀ ਇਕ ਹੈ । ਇੱਕੋ ਹੀ ਸੀ ਇਹ ਦੇਸ਼, ਪਰ ਦੋ ਭਰਾ ਜਿਸ ਤਰ੍ਹਾਂ ਵਿਛੜ ਗਏ ਤੇ ਹੁਣ ਇਹ ਜੁੜਨਾ ਚਾਹੁੰਦੇ ਹਨ । ਦੂਸਰੀ ਗੱਲ ਜਿਹੜੀ ਜ਼ਰੂਰੀ ਹੈ ਕਿ ਵਪਾਰ ਨਾਲ ਪੰਜਾਬ ਨੂੰ ਸਭ ਤੋਂ ਵੱਧ ਫਾਇਦਾ ਹੋਣਾ ਹੈ, ਪੰਜਾਬ ਦੇ ਲੋਕਾਂ ਨੂੰ ਜੇ ਮਾਰ ਵੀ ਪਈ ਹੈ ਤਾਂ ਇਸੇ ਕਰਕੇ ਪਈ ਹੈ ਕਿਉਂਕਿ ਇਹ ਸਰਹੱਦੀ ਸੂਬਾ ਹੈ। ਬਿਨਾਂ ਸ਼ੱਕ ਉਹ ਜੰਗਾਂ ਜਿਹੜੀਆਂ ਗੁਆਂਢੀ ਮੁਲਕਾਂ ਦੇ ਨਾਲ ਲੜੀਆਂ ਗਈਆਂ ਜਾਂ ਆਤੰਕਵਾਦ ਦਾ ਜਿਹੜਾ ਸਮਾਂ ਸੀ ਉਸ ਵਿੱਚ ਇਥੋਂ ਦਾ ਵਪਾਰ ਘਟਿਆ, ਪੰਜਾਬ ਨੇ ਬਹੁਤ ਸੰਤਾਪ ਹੰਢਾਇਆ, ਕਰਜ਼ਾ ਵੀ ਜਿਹੜਾ ਹੈ, ਉਹ ਉਸ ਸਮੇਂ ਦਾ ਹੀ ਹੈ । ਇਸ ਕਰਕੇ ਅੱਜ ਇਹ ਜ਼ਰੂਰਤ ਹੈ । ਅੱਜ ਦੋਨਾਂ ਦੇਸ਼ਾਂ ਵਿੱਚ ਮਾਹੌਲ ਸੁਖਾਵਾਂ ਹੈ । ਅਸੀਂ ਜਦੋਂ ਪੰਜਾਬ ਪਾਕਿਸਤਾਨ ਵਿੱਚ ਗਏ ਉਥੋਂ ਦੇ ਮੁੱਖ ਮੰਤਰੀ, ਸ੍ਰੀ ਸ਼ਾਹਬਾਜ਼ ਸ਼ਰੀਫ ਜੀ ਨੇ ਜਿਸ ਤਰ੍ਹਾਂ ਦਾ ਰਵੱਈਆ ਵਿਖਾਇਆ, ਜਿਸ ਤਰ੍ਹਾਂ ਦਾ ਪ੍ਰੇਮ ਵਿਖਾਇਆ, ਜਿਸ ਤਰ੍ਹਾਂ ਦੀ ਆਓ ਭਗਤ ਇਸ ਡੈਪੂਟੇਸ਼ਨ ਦੀ ਕੀਤੀ, ਜਿਸ ਤਰ੍ਹਾਂ ਉਨ੍ਹਾਂ ਨੇ ਸਮਾਂ ਕੱਢਿਆ, ਉਹ ਬੜਾ ਲਾਮਿਸਾਲ ਸੀ । ਉਨ੍ਹਾਂ ਨੇ ਘਰ ਵੀ ਬੁਲਾਇਆ, ਖਾਣੇ ਵੀ ਕੀਤੇ ਹਰ ਸਮੇਂ ਨਾਲ ਵੀ ਰਹਿਣ ਦੀ ਕੋਸ਼ਿਸ਼ ਕੀਤੀ, ਉਨ੍ਹਾਂ ਦੇ ਮਨਿਸਟਰ ਵੀ ਨਾਲ ਰਹੇ। ਉਨ੍ਹਾਂ ਨੇ ਲਾਅ ਚੈਂਬਰ ਆਫ ਕਾਮਰਸ ਦੀਆਂ ਮੀਟਿੰਗਾਂ, ਕਬੱਡੀ ਦਾ ਮੈਚ ਇਹ ਸਾਰਾ ਪ੍ਰਬੰਧ ਕੀਤਾ । ਉਸ ਤੋਂ ਇਹ ਵੀ ਮਹਿਸੂਸ ਹੁੰਦਾ ਹੈ ਕਿ ਉਥੋਂ ਦੀ ਸਰਕਾਰ ਵੀ ਚਾਹੁੰਦੀ ਹੈ ਕਿ ਆਪਸੀ ਵਪਾਰ ਵਧਾਇਆ ਜਾਵੇ, ਪਿਆਰ ਵਧਾਇਆ ਜਾਵੇ । ਹੁਣ ਕੋਈ ਨਹੀਂ ਚਾਹੁੰਦਾ ਕਿ ਰਿਸ਼ਤਿਆਂ ਵਿਚ ਖਟਾਸ ਪੈਦਾ ਹੋਵੇ । ਹੁਣ ਬਹੁਤ ਸੁਨਹਿਰੀ ਮੌਕਾ ਹੈ । ਜੇ ਮਨਾਂ ਵਿਚ ਇਹ ਗੱਲ ਹੈ ਤਾਂ ਇਸ ਵਾਸਤੇ ਸਾਡੇ ਉਪ ਮੁੱਖ ਮੰਤਰੀ, ਸਰਦਾਰ ਸੁਖਬੀਰ ਸਿੰਘ ਬਾਦਲ ਜੀ ਦੀ ਕੋਸ਼ਿਸ਼ ਰਹੀ ਹੈ । ਜਿਹੜਾ ਪਹਿਲਾਂ ਵਪਾਰ ਚੱਲਦਾ ਸੀ, ਜਿਸ ਤਰ੍ਹਾਂ ਸਰਦਾਰ ਹਰਪ੍ਰੀਤ ਸਿੰਘ ਜੀ ਨੇ ਕਿਹਾ ਕਿ ਸ਼ੇਰ ਸ਼ਾਹ ਸੂਰੀ ਮਾਰਗ ਜਿਹੜਾ ਦਿੱਲੀ-ਲਾਹੌਰ ਨੂੰ ਜੋੜਦਾ ਸੀ ਔਰ ਮੈਂ

Original with;
Punjab Vidhan Sabha
Digitized by;
Panjab Digital Library

ਕਹਿਣਾ ਚਾਹੁੰਦਾ ਹਾਂ ਕਿ ਅੱਜ ਵਾਹਗਾ ਅਟਾਰੀ ਬਾਰਡਰ ਆਈ.ਸੀ.ਪੀ. (ਇੰਟੈਗਰੇ-ਟਿਡ ਚੈੱਕ ਪੋਸਟ) ਬਣੀ ਹੈ, ਉਥੇ ਸਾਰਾ ਇੰਫਰਾਸਟਰਕਚਰ ਬਹੁਤ ਵਧੀਆ ਬਣ ਗਿਆ ਪਰ ਵਪਾਰ ਜਿਹੜਾ ਹੈ ਉਹ ਸਿਰਫ 137 ਆਈਟਮਾਂ ਦਾ ਹੈ ਔਰ ਇਹ ਬਹੁਤ ਮਾਮੂਲੀ ਹੈ। ਕੀ ਕਾਰਨ ਹੈ ਕਿ ਭਾਰਤ ਸਰਕਾਰ ਨੂੰ ਇਹ ਚੀਜ਼ ਸਮਝ ਨਹੀਂ ਆਉਂਦੀ ਕਿ ਜਿਹੜੀ ਚੀਜ਼ ਇਥੋਂ ਬੰਬਈ, ਦੁਬਈ ਉਸ ਤੋਂ ਬਾਅਦ ਇਰਾਨ ਜਾਂ ਕਰਾਚੀ ਜਾ ਕੇ ਫਿਰ ਪੰਜਾਬ ਪਾਕਿਸਤਾਨ ਵਿੱਚ ਆਵੇ, ਉਹ ਸਿੱਧੀ ਇਕ ਡੇਢ ਘੰਟੇ ਵਿਚ ਪੰਜਾਬ ਤੋਂ ਅੰਮ੍ਰਿਤਸਰ ਤੋਂ ਵਾਹਗੇ ਦੇ ਰਾਹੀਂ ਲਾਹੌਰ ਵਿਚ ਪਹੁੰਚ ਸਕਦੀ ਹੈ । ਇਸ ਨਾਲ ਰੇਟ ਦਾ ਕਿੰਨਾ ਫਰਕ ਪੈਂਦਾ ਹੈ । ਭਾਰਤ ਸਰਕਾਰ ਨੂੰ ਇਹ ਚੀਜ਼ ਬੜੀ ਸੰਜੀਦਗੀ ਨਾਲ ਸੋਚਣੀ ਚਾਹੀਦੀ ਹੈ । ਇਹ ਠੀਕ ਹੈ ਕਿ ਇਹ ਕੋਸ਼ਿਸ਼ਾਂ ਮੁੱਖ ਮੰਤਰੀ, ਉੱਪ ਮੁੱਖ ਮੰਤਰੀ ਸਾਹਿਬ ਕਰ ਰਹੇ ਹਨ ਪਰ ਅਸੀਂ ਜਿੰਨੀਆਂ ਮਰਜ਼ੀ ਕੋਸ਼ਿਸ਼ਾਂ ਕਰੀ ਜਾਈਏ, ਉਹ ਇੰਪਲੀਮੈਂਟੇਸ਼ਨ ਵਿੱਚ ਨਹੀਂ ਆ ਸਕਦੀਆਂ। ਇਸ ਕਰਕੇ ਹਿੰਦੁਸਤਾਨ ਦੀ ਸਰਕਾਰ ਨੂੰ ਇਹ ਚਾਹੀਦਾ ਹੈ ਕਿ ਉਹ ਇਸ ਖਿੱਤੇ ਦੀ, ਪੰਜਾਬ ਦੇ ਵਪਾਰ ਵਾਸਤੇ, ਹਿੰਦੁਸਤਾਨ ਦੇ ਵਪਾਰ ਵਾਸਤੇ ਤੇ ਇੱਥੋਂ ਦੀ ਸ਼ਾਂਤੀ ਵਾਸਤੇ ਸੰਜੀਦਗੀ ਨਾਲ ਇਸ ਮੁੱਦੇ ਨੂੰ ਲਵੇ । ਸਰਦਾਰ ਸੁਖਬੀਰ ਸਿੰਘ ਜੀ ਬਾਦਲ ਨੇ ਕਿਹਾ ਹੈ ਕਿ ਆਉਣ ਵਾਲੇ ਸਮੇਂ ਵਿੱਚ 6000 ਆਈਟਮਾਂ ਦਾ ਵਪਾਰ ਜਿਹੜਾ ਹੈ, ਉਹ ਹੋਵੇਗਾ, ਪਰ ਇਹ ਉਦੋਂ ਹੋਵੇਗਾ ਜਦ ਹਿੰਦੁਸਤਾਨ ਦੀ ਸਰਕਾਰ ਚਾਹੇਗੀ । ਜੇ ਆਪਣੀ ਕੇਂਦਰ ਸਰਕਾਰ ਚਾਹੇਗੀ, ਜਿਸ ਦਾ ਰਵੱਈਆ ਹਮੇਸ਼ਾ ਹੀ ਪੰਜਾਬ ਨਾਲ ਪੱਖਪਾਤੀ ਵਾਲਾ ਰਿਹਾ ਹੈ ਤੇ ਜੇ ਇਹ 6000 ਆਈਟਮਾਂ ਇਸ ਵਾਹਗੇ ਬਾਰਡਰ ਰਾਹੀਂ ਜਾਣੀਆਂ ਸ਼ੁਰੂ ਹੋ ਜਾਂਦੀਆਂ ਹਨ ਤਾਂ ਮੇਰਾ ਖਿਆਲ ਹੈ ਕਿ ਪੰਜਾਬ ਵਿੱਚ ਇੰਨੀ ਖੁਸ਼ਹਾਲੀ ਆਵੇਗੀ, ਇੰਨਾ ਰੁਜ਼ਗਾਰ ਪੈਦਾ ਹੋਵੇਗਾ ਕਿ ਪੰਜਾਬ ਹਿੰਦੁਸਤਾਨ ਦਾ ਮੋਢੀ ਵਪਾਰਕ ਸੂਬਾ ਬਣ ਜਾਵੇਗਾ । ਸ਼ਾਇਦ ਇਸੇ ਕਰਕੇ ਕੇਂਦਰ ਸਰਕਾਰ ਨਹੀਂ ਚਾਹੁੰਦੀ । ਉਹੀ ਵਿਤਕਰੇ ਵਾਲਾ ਰਵੱਈਆ ਅਪਣਾਇਆ ਹੋਇਆ ਹੈ । ਉਹ ਨਹੀਂ ਚਾਹੁੰਦੀ ਕਿ ਪੰਜਾਬ ਖੁਸ਼ਹਾਲ ਸੂਬਾ ਬਣੇ । ਇਸ ਕਰਕੇ ਇਹ ਸੈਂਟਰ ਦੇ ਜਿਹੜੇ ਮਨਿਸਟਰ ਹਨ ਜਾਂ ਸੈਂਟਰ ਸਰਕਾਰ ਹੈ, ਉਹ ਇਸ ਵਾਸਤੇ ਗੰਭੀਰ ਨਹੀਂ। ਅਸੀਂ ਸਾਰੀਆਂ ਕੋਸ਼ਿਸ਼ਾਂ ਕੀਤੀਆਂ ਹਨ, ਪੰਜਾਬ ਸਰਕਾਰ ਨੇ ਕੀਤੀਆਂ ਹਨ, ਵਾਜਪਾਈ ਸਰਕਾਰ ਦੇ ਸਮੇਂ ਦੀ ਅਸੀਂ ਗੱਲ ਕਰੀਏ । ਅਸੀਂ ਮੁੱਖ ਮੰਤਰੀ, ਪੰਜਾਬ ਪਾਕਿਸਤਾਨ ਨੂੰ ਮਿਲੇ, ਉਨ੍ਹਾਂ ਨੇ ਵੀ ਸ਼ਬਦਾਂ ਦੇ ਵਿਚ ਆਪਣੇ ਮਨ ਦੀ ਗੱਲ ਪ੍ਰਗਟਾਈ। ਉਸ ਵਿਚ ਉਨ੍ਹਾਂ ਨੇ ਕਿਹਾ ਕਿ ਜਦੋਂ ਵਾਜਪਾਈ ਸਾਹਿਬ ਇਥੇ ਬੱਸ ਲੈ ਕੇ ਆਏ ਸੀ । ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਉਸ ਬੱਸ ਦੇ ਨਾਲ ਸਨ । ਉਸ ਵੇਲੇ ਬਿਲਕੁਲ ਸੱਚੇ ਮਨੋਂ ਵਾਜਪਾਈ ਸਾਹਿਬ ਨੇ ਕੋਸ਼ਿਸ਼ ਕੀਤੀ ਸੀ । ਜੇ ਉਸ ਵੇਲੇ ਕਾਰਗਿਲ ਨਾ ਹੁੰਦਾ, ਤੇ ਸਾਡੀ ਸਰਕਾਰ ਦੇ ਲੋਕ, ਪਾਕਿਸਤਾਨ ਉਨ੍ਹਾਂ ਨੇ

Original with;
Punjab Vidhan Sabha
Digitized by;
Panjab Digital Library

[ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਮੰਤਰੀ]

ਕਿਹਾ ਸੀ ਕਿ ਕਾਰਗਿਲ ਵਰਗੀ ਗੱਲ ਨਾ ਕਰਦੇ ਤੇ ਅੱਜ ਜਿਹੜੀਆਂ ਕੋਸ਼ਿਸ਼ਾਂ ਹੋ ਰਹੀਆਂ ਸੀ, ਇਸ ਤੋਂ ਬਹੁਤ ਅੱਗੇ ਚਲੇ ਜਾਣਾ ਸੀ ਔਰ ਇਸ ਖਿੱਤੇ ਵਿੱਚ ਹੀ ਨਹੀਂ, ਪੂਰੀ ਦੁਨੀਆਂ ਵਿੱਚ ਇਹ ਮੈਸੇਜ ਵੀ ਜਾਣਾ ਸੀ । ਪੂਰੀ ਦੁਨੀਆਂ ਵਿੱਚ ਇਥੋਂ ਦਾ ਵਪਾਰ ਤੇ ਆਪਸੀ ਪਿਆਰ ਵੀ ਇੱਕ ਨੰਬਰ ਤੇ ਹੋਣਾ ਸੀ । ਇਹੋ ਗੱਲ, ਮੀਆਂ ਨਵਾਜ਼ ਸ਼ਰੀਫ ਜਿਹੜੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਸੀ, ਉਨ੍ਹਾਂ ਨੇ ਕਹੀ । ਅਸੀਂ ਉਨ੍ਹਾਂ ਨੂੰ ਮਿਲੇ, ਮਾਨਯੋਗ ਡਿਪਟੀ ਮੁੱਖ ਮੰਤਰੀ ਵੀ ਮਿਲੇ। ਉਨ੍ਹਾਂ ਨੇ ਵੀ ਆਪਣੇ ਲਫਜ਼ਾਂ ਵਿਚ ਭਾਵ ਪ੍ਰਗਟਾਏ ਤੇ ਉਨ੍ਹਾਂ ਨੇ ਵੀ ਇਹੀ ਕਿਹਾ ਕਿ ਵਾਜਪਾਈ ਸਾਹਿਬ ਨੇ ਮਨੋਂ ਕੋਸ਼ਿਸ਼ ਇਹ ਕੀਤੀ ਸੀ ਕਿ ਹੋਰ ਸਭ ਕੁਝ ਬਦਲਿਆ ਜਾ ਸਕਦਾ ਹੈ ਪਰ ਗੁਆਂਢੀ ਚੇਂਜ ਨਹੀਂ ਹੋ ਸਕਦਾ । ਜਿਹੜਾ ਗੁਆਂਢੀ ਬਣ ਗਿਆ ਉਸ ਨੇ ਗੁਆਂਢੀ ਹੀ ਰਹਿਣਾ ਹੈ । ਇਹ ਤਾਂ ਆਪਸੀ ਭਰਾ ਸੀ ਜਿਹੜੇ ਆਪਸ ਵਿੱਚ ਗੁਆਂਢ ਵਿੱਚ ਵੱਸੇ ਹਨ । ਇਨ੍ਹਾਂ ਦਾ ਜਿਹੜਾ ਆਪਸੀ ਸ਼ਾਂਤੀ, ਭਾਈਚਾਰਾ ਤੇ ਪਿਆਰ ਹੈ, ਉਸ ਵਿੱਚ ਹੀ ਵਿਕਾਸ ਹੈ । ਇਹ ਮੀਆਂ ਨਵਾਜ਼ ਸ਼ਰੀਫ ਜੀ ਨੇ ਗੱਲ ਕੀਤੀ । ਆਮ ਲੋਕਾਂ ਨੇ ਵੀ ਜਦੋਂ ਗੱਲ ਕੀਤੀ ਤਾਂ ਉਨ੍ਹਾਂ ਨੇ ਵੀ ਇਹੀ ਕਿਹਾ ਕਿ ਉਸ ਵੇਲੇ ਵਾਜਪਾਈ ਸਾਹਿਬ ਦੀ ਜਿਹੜੀ ਕੋਸ਼ਿਸ਼ ਸੀ, ਉਹ ਬੜੀ ਸੱਚੀ ਕੋਸ਼ਿਸ਼ ਸੀ । ਅੱਜ ਵੀ ਲੋਕ ਵਾਜਪਾਈ ਸਾਹਿਬ ਨੂੰ ਉਨ੍ਹਾਂ ਦੀ ਕੋਸ਼ਿਸ਼ ਵਾਸਤੇ ਯਾਦ ਕਰਦੇ ਹਨ ਕਿ ਜੇ ਉਸ ਵੇਲੇ ਇਹ ਗੱਲ ਸਿਰੇ ਚੜ੍ਹ ਜਾਂਦੀ ਤਾਂ ਅੱਜ ਹਿੰਦੁਸਤਾਨ ਤੇ ਪਾਕਿਸਤਾਨ ਦੇ ਭਾਈਚਾਰੇ ਦੀ ਖੁਸ਼ਹਾਲੀ ਜਿਹੜੀ ਹੈ ਉਹ ਬਹੁਤ ਅੱਗੇ ਹੁੰਦੀ ਪਰ ਉਹ ਸਮਾਂ ਲੰਘ ਗਿਆ । ਹੁਣ ਜਿਹੜੀ ਕੋਸ਼ਿਸ਼ ਦੁਬਾਰਾ ਪੰਜਾਬ ਸਰਕਾਰ ਨੇ ਸ਼ੁਰੂ ਕੀਤੀ ਹੈ, ਉਹ ਬਹੁਤ ਲਾ-ਮਿਸਾਲ ਹੈ ਤੇ ਬਿਨਾਂ ਸ਼ੱਕ ਉਹ ਕਬੱਡੀ ਦੇ ਰੂਪ ਵਿੱਚ ਸ਼ੁਰੂ ਹੋਈ ਹੈ। ਕੋਈ ਵੀ ਸੂਬਾ ਆਪਣੀ ਕਿਸੇ ਨਾ ਕਿਸੇ ਖਾਸੀਅਤ ਕਰਕੇ ਹੀ ਇੰਟਰਨੈਸ਼ਨਲ ਪੱਧਰ ਤੇ ਜਾਣਿਆ ਜਾਂਦਾ ਹੈ । ਕਬੱਡੀ ਸਾਡੀ ਮਾਂ ਖੇਡ ਹੈ । ਆਪਾਂ ਸਾਰੇ ਜਾਣਦੇ ਹਾਂ ਕਿ ਇਹ ਪਿੰਡਾਂ ਵਿਚ ਖੇਡੀ ਜਾਣ ਵਾਲੀ ਹੈ । ਜਦੋਂ ਵੀ ਪਿੰਡਾਂ ਵਿੱਚ ਕੋਈ ਬੱਚਾ ਜਵਾਨੀ ਵਿਚ ਪੈਰ ਰੱਖਦਾ ਹੈ ਤਾਂ ਸਭ ਤੋਂ ਪਹਿਲੀ ਖੇਡ ਪਿੰਡਾਂ ਵਿਚ ਕੁਸ਼ਤੀ ਤੇ ਕਬੱਡੀ ਹੁੰਦੀ ਹੈ । ਕੋਈ ਸਮਾਂ ਸੀ ਜਦੋਂ ਹਰ ਪਿੰਡ ਵਿੱਚ ਹਰ ਮੇਲੇ ਵਿੱਚ ਛਿੰਝ ਵੀ ਪੈਂਦੀ ਸੀ ਅਤੇ ਕਬੱਡੀ ਦੇ ਮੈਚ ਹੁੰਦੇ ਸੀ ਪਰ ਉਹ ਚੀਜ਼ਾਂ ਖਤਮ ਹੋ ਗਈਆਂ ਹਨ । ਮੈਂ ਉੱਪ ਮੁੱਖ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ, ਕਿਉਂਕਿ ਇਨ੍ਹਾਂ ਨੇ ਕਬੱਡੀ ਦੀ ਖੇਡ ਨਾਲ ਇਨ੍ਹਾਂ ਤਿੰਨਾਂ ਸਾਲਾਂ ਵਿੱਚ ਪੰਜਾਬ ਦਾ ਨਾਮ ਇੰਟਰਨੈਸ਼ਨਲ ਲੈਵਲ ਤੇ ਉਜਾਗਰ ਕੀਤਾ ਹੈ। ਤਕਰੀਬਨ 20 ਦੇਸ਼ ਜਿਹੜੇ ਹਨ, ਉਹ ਕਬੱਡੀ ਖੇਡ ਰਹੇ ਹਨ । ਮੇਰਾ ਇਹ ਅਨੁਮਾਨ ਹੈ ਕਿ ਬਹੁਤ ਛੇਤੀ ਇਹ ਜਿਹੜੀ ਕਬੱਡੀ ਖੇਡ ਹੈ, ਇਹ ਓਲੰਪਿਕਸ ਵਿੱਚ ਤੇ ਏਸ਼ੀਅਨ ਗੇਮਾਂ ਵਿੱਚ ਆ ਰਹੀ ਹੈ ।

ਜੇ ਵਪਾਰਕ ਗੱਲ ਕਰੀਏ ਤਾਂ ਇਹ ਜਿਹੜਾ ਰੂਟ ਵਾਹਗੇ ਤੋਂ ਅਫਗਾਨਿਸਤਾਨ

Original with;
Punjab Vidhan Sabha
Digitized by;
Panjab Digital Library

ਤੱਕ ਹੈ, ਪਹਿਲਾਂ ਇੱਥੇ ਵਪਾਰ ਹੁੰਦਾ ਸੀ ਪਰ ਹੁਣ ਸੈਂਟਰ ਸਰਕਾਰ ਦੀਆਂ ਗਲਤ ਪਾਲਿਸੀਆਂ ਕਰਕੇ ਇਹ ਜਿਹੜਾ ਵਪਾਰ ਹੈ, ਇੱਥੋਂ ਘਟਿਆ ਹੈ । ਵਾਰ ਵਾਰ ਸਾਡੀ ਪੰਜਾਬ ਸਰਕਾਰ ਜਿਹੜੀ ਕੋਸ਼ਿਸ਼ ਕਰ ਰਹੀ ਹੈ । ਸੈਂਟਰ ਨੂੰ ਲਿਖਿਆ ਵੀ, ਮਿਲੇ ਵੀ, ਗੱਲ ਵੀ ਕੀਤੀ ਹੈ ਕਿ ਇਹ ਵਪਾਰ ਇਸ ਪਾਸੇ ਰਾਹੀਂ ਸ਼ੁਰੂ ਕੀਤਾ ਜਾਵੇ ਤਾਂ ਕਿ ਇਹ ਜਿਹੜੀ ਆਪਸੀ ਸਾਂਝ ਹੈ, ਸੱਭਿਆਚਾਰਕ ਸਾਂਝ ਹੈ ਜਾਂ ਗੇਮ ਦੀ ਸਾਂਝ ਹੈ, ਇਸ ਨੂੰ ਵਪਾਰ ਵਿੱਚ ਤਬਦੀਲ ਕੀਤਾ ਜਾਵੇ ਤੇ ਆਉਣ ਵਾਲੇ ਸਮੇਂ ਵਿੱਚ ਕੋਈ ਇਹ ਸੋਚ ਨਾ ਸਕੇ ਕਿ ਜਦੋਂ ਆਪਸੀ ਸਾਂਝ ਵਧਦੀ ਹੈ, ਜਦੋਂ ਆਪਸੀ ਪਿਆਰ ਵਧਦਾ ਤਾਂ ਆਟੋਮੈਟੀਕਲੀ ਜਿਹੜਾ ਪਿਆਰ ਹੈ, ਉਹ ਵਪਾਰ ਵਿੱਚ ਵੀ ਬਦਲਦਾ ਹੈ। ਸਾਡੀ ਇੱਛਾ ਦੇ ਬਾਵਜੂਦ ਵੀ ਅਸੀਂ ਕਾਮਯਾਬ ਨਹੀਂ ਹੋ ਰਹੇ ਕਿਉਂਕਿ ਮੈਂ ਪਹਿਲਾਂ ਇਹ ਕਿਹਾ ਸੀ ਕਿ ਸੈਂਟਰ ਸਰਕਾਰ ਦੀ ਜਿਹੜੀ ਨੀਅਤ ਹੈ, ਉਹ ਪੰਜਾਬ ਵਾਸਤੇ ਚੰਗੀ ਨਹੀਂ ਹੈ । ਬਾਕੀ ਸਾਡੇ ਜਿਹੜੇ ਧਾਰਮਿਕ ਅਸਥਾਨ ਹਨ, ਸ੍ਰੀ ਨਨਕਾਣਾ ਸਾਹਿਬ, ਸ੍ਰੀ ਪੰਜਾ ਸਾਹਿਬ, ਡੇਹਰਾ ਸਾਹਿਬ, ਉਨ੍ਹਾਂ ਦੇ ਦਰਸ਼ਨ ਹੋਣ । ਲਾਹੌਰ ਅਸੀਂ ਗਏ ਸੀ ਤੇ ਮੈਨੂੰ ਮਨੋਂ ਮਹਿਸੂਸ ਹੋ ਰਿਹਾ ਸੀ ਕਿ ਅਸੀਂ ਆਪਣੇ ਵਿਰਸੇ, ਆਪਣੇ ਸੱਭਿਆਚਾਰ ਵਿੱਚ ਫਿਰ ਰਹੇ ਹਾਂ । ਜਦੋਂ ਅਸੀਂ ਮਹਾਰਾਜਾ ਰਣਜੀਤ ਸਿੰਘ ਜੀ ਦਾ ਲਾਹੌਰ ਦਾ ਕਿਲ੍ਹਾ ਦੇਖਿਆ ਤਾਂ ਸਾਨੂੰ ਲੱਗਾ ਕਿ ਅਸੀਂ ਪਾਕਿਸਤਾਨ ਵਿੱਚ ਨਹੀਂ ਬਲਕਿ ਹਿੰਦੁਸਤਾਨ ਵਿਚ ਹੀ ਹਾਂ । ਸਾਡੇ ਮਹਾਂਪੁਰਸ਼, ਸਾਡੇ ਗੁਰੂ ਸਾਹਿਬਾਨਾਂ ਦੇ ਅਸਥਾਨ ਪਾਕਿਸਤਾਨ ਵਿੱਚ ਹਨ । ਮਹਾਰਾਜਾ ਰਣਜੀਤ ਸਿੰਘ ਦਾ ਰਾਜ ਅਫਗਾਨਿਸਤਾਨ ਤੱਕ ਫੈਲਿਆ ਹੋਇਆ ਸੀ । ਇਹ ਲਾਹੌਰ ਵੀ ਸੀ ਤੇ ਅੰਮ੍ਰਿਤਸਰ ਵੀ ਸੀ । ਜਿਸ ਤਰ੍ਹਾਂ ਉਥੇ ਰੋਜ਼ ਦਾ ਆਉਣ ਜਾਣ ਸੀ । ਮਹਾਰਾਜਾ ਰਣਜੀਤ ਸਿੰਘ ਜੀ ਦੀਆਂ ਜਿਹੜੀਆਂ ਯਾਦਾਂ ਹਨ, ਉਹ ਅੰਮ੍ਰਿਤਸਰ ਨਾਲ ਵੀ ਬੜੀਆਂ ਜੁੜੀਆਂ ਹੋਈਆਂ ਹਨ ਤੇ ਲਾਹੌਰ ਵਿੱਚ ਵੀ ਬਹੁਤ ਯਾਦਗਾਰਾਂ ਹਨ । ਇਸ ਕਰਕੇ ਕੋਈ ਫਰਕ ਨਹੀਂ ਸੀ ਲੱਗਦਾ ਕਿ ਲਾਹੌਰ ਵਿੱਚ ਫਿਰਦੇ ਹਾਂ ਕਿ ਅੰਮ੍ਰਿਤਸਰ ਵਿੱਚ ਫਿਰਦੇ ਹਾਂ। ਆਪਣੇ ਆਪ ਵਿੱਚ ਸਾਨੂੰ ਮਹਿਸੂਸ ਹੋ ਰਿਹਾ ਸੀ ਕਿ ਅਸੀਂ ਆਪਣੇ ਲੋਕਾਂ ਵਿੱਚ, ਆਪਣੇ ਪੰਜਾਬ ਵਿੱਚ, ਆਪਣੇ ਹਿੰਦੁਸਤਾਨ ਵਿੱਚ ਹੀ ਫਿਰ ਰਹੇ ਹਾਂ । ਇਸ ਤਰ੍ਹਾਂ ਦਾ ਸਾਨੂੰ ਉਥੇ ਮਹਿਸੂਸ ਹੋ ਰਿਹਾ ਸੀ । ਇਸ ਕਰਕੇ ਇਹ ਜ਼ਰੂਰੀ ਹੈ ਕਿ ਇਸ ਰੂਟ ਬਾਰੇ ਕੇਂਦਰ ਸਰਕਾਰ ਸਾਡੀ ਇਸ ਗੱਲ ਨੂੰ ਮੰਨੇ। ਜਿਹੜਾ ਮਤਾ ਸਰਦਾਰ ਹਰਪ੍ਰੀਤ ਸਿੰਘ ਜੀ ਨੇ ਪੇਸ਼ ਕੀਤਾ ਹੈ ਇਸ ਨੂੰ ਇਸ ਕਰਕੇ ਪਾਸ ਕੀਤਾ ਜਾਣਾ ਚਾਹੀਦਾ ਹੈ ਤੇ ਕੇਂਦਰ ਕੋਲ ਇਸ ਨੂੰ ਪੂਰੇ ਜ਼ੋਰ ਨਾਲ ਇਹ ਗੱਲ ਰੱਖਣੀ ਚਾਹੀਦੀ ਹੈ ਕਿ ਸਾਡੇ ਧਾਰਮਿਕ ਅਸਥਾਨ ਉਥੇ ਹਨ । ਸਾਡਾ ਸੱਭਿਆਚਾਰ ਉਸ ਨਾਲ ਜੁੜਿਆ ਹੈ । ਸਾਡੇ ਗੁਰੂ ਸਾਹਿਬਾਨ ਤੇ ਉਨ੍ਹਾਂ ਦੀਆਂ ਯਾਦਾਂ ਉਥੇ ਜੁੜੀਆਂ ਹਨ । ਸਾਡੇ ਰਾਜੇ ਮਹਾਰਾਜੇ ਉਥੇ ਬੈਠ ਕੇ ਰਾਜ ਕਰਦੇ ਰਹੇ

Original with;
Punjab Vidhan Sabha
Digitized by;
Panjab Digital Library

[ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਮੰਤਰੀ]

ਹਨ । ਇੱਕ ਲਾਈਨ ਬੇਸ਼ੱਕ ਵੱਜ ਗਈ ਹੈ ਪਰ ਉਸ ਦਾ ਇੱਕੋ-ਇੱਕ ਤਰੀਕਾ ਹੈ ਕਿ ਅਸੀਂ ਵਪਾਰ ਨੂੰ ਖੋਲ੍ਹੀਏ, ਬਾਰਡਰ ਨੂੰ ਖੋਲ੍ਹੀਏ ਤਾਂ ਕਿ ਵਪਾਰ ਵੀ ਵਧੇ, ਪਿਆਰ ਵੀ ਵਧੇ, ਸੱਭਿਆਚਾਰ ਤੇ ਆਪਸੀ ਭਾਈਚਾਰਾ ਵੀ ਬਣੇ ਤੇ ਆਉਣ ਵਾਲੇ ਸਮੇਂ ਵਿੱਚ ਕੋਈ ਸੋਚ ਨਾ ਸਕੇ ਕਿ ਕੋਈ ਜੰਗ ਲੜਨੀ ਹੈ, ਕੋਈ ਯੁੱਧ ਕਰਨਾ ਹੈ ਜਾਂ ਕੋਈ ਆਤੰਕਵਾਦ ਵਰਗੀ ਕੋਈ ਹਰਕਤ ਕਰਨੀ ਹੈ । ਉਹ ਲੋਕ ਵੀ ਇਸ ਵਾਸਤੇ ਬਹੁਤ ਕੋਸ਼ਿਸ਼ ਕਰ ਰਹੇ ਹਨ ਅਤੇ ਉਨ੍ਹਾਂ ਦੇ ਮਨ ਵਿੱਚ ਬਹੁਤ ਇੱਛਾ ਹੈ । ਜੋ ਹੁਣੇ ਹੀ ਟਰੇਡ ਫੇਅਰ ਹੋਇਆ ਹੈ ਜੋ ਅੰਮ੍ਰਿਤਸਰ ਵਿੱਚ ਲਾਇਆ ਗਿਆ ਸੀ ਉਥੇ ਜਿੰਨੇ ਵਪਾਰੀ ਪਿਛਲੇ ਸਮੇਂ ਵਿੱਚ ਆਉਂਦੇ ਸੀ, ਉਸ ਨਾਲੋਂ ਮੇਰਾ ਖਿਆਲ ਹੈ ਕਿ 10 ਗੁਣਾਂ ਵੱਧ ਵਪਾਰੀ ਆਏ ਹਨ । ਹੁਣ ਤਾਂ 6000 ਆਈਟਮਾਂ ਹੀ ਸ਼ੁਰੂ ਹੋਈਆਂ ਹਨ ਤੇ ਜੇ ਅੱਜ 1375 ਕਰੋੜ ਦਾ ਬਿਜ਼ਨਸ ਪਾਕਿਸਤਾਨ ਨਾਲ ਹੋ ਰਿਹਾ ਹੈ ਪਰ ਜੇ ਓਪਨ ਵਪਾਰ ਸ਼ੁਰੂ ਹੁੰਦਾ ਹੈ ਤਾਂ ਇਸੇ ਰੂਟ ਨਾਲ 60 ਹਜ਼ਾਰ ਕਰੋੜ ਦਾ ਬਿਜ਼ਨਸ ਆਉਣ ਵਾਲੇ ਸਮੇਂ ਵਿੱਚ ਹੋਣ ਦੀ ਆਸ ਹੈ ਜਿਹੜੀ ਕਿ ਬਹੁਤ ਵੱਡੀ ਗੱਲ ਹੋਵੇਗੀ, ਤੇ ਖਾਸ ਕਰਕੇ ਸਾਡੇ ਪੰਜਾਬ ਵਾਸਤੇ, ਸਾਡੇ ਸਰਹੱਦੀ ਜ਼ਿਲ੍ਹੇ ਵਾਸਤੇ, ਖਾਸ ਕਰਕੇ ਅੰਮ੍ਰਿਤਸਰ ਜ਼ਿਲ੍ਹੇ ਵਾਸਤੇ ਜਿੱਥੋਂ ਇੰਡਸਟਰੀ ਪਹਿਲਾਂ ਹੀ ਅੱਤਵਾਦ ਦੇ ਸਮੇਂ ਵਿੱਚ ਪਲਾਇਨ ਕਰ ਗਈ ਹੈ ਤੇ ਹੁਣ ਇੱਕੋ-ਇੱਕ ਰਸਤਾ ਹੈ ਕਿ ਇਹ ਜਿਹੜਾ ਵਾਹਗਾ ਬਾਰਡਰ ਹੈ ਜਾਂ ਬਾਕੀ ਜਿਹੜਾ ਫਿਰੋਜ਼ਪੁਰ ਵਿਖੇ ਹੁਸੈਨੀਵਾਲਾ ਬਾਰਡਰ ਹੈ, ਇਹ ਖੋਲ੍ਹੇ ਜਾਣ ਤਾਂ ਕਿ ਵਪਾਰ ਵੀ ਵਧੇ ਤੇ ਆਉਣ ਵਾਲੇ ਸਮੇਂ ਵਿੱਚ ਕੋਈ ਯੁੱਧ ਵਰਗੀ, ਆਤੰਕਵਾਦ ਵਰਗੀ ਗੱਲ ਸੋਚ ਨਾ ਸਕੇ । ਇਸ ਲਈ ਇਹ ਮੇਰੀ ਬੇਨਤੀ ਹੈ ਸਪੀਕਰ ਸਾਹਿਬ, ਕਿ ਇਸ ਮਤੇ ਨੂੰ ਸਰਬਸੰਮਤੀ ਨਾਲ ਪਾਸ ਕਰ ਦੇਣਾ ਚਾਹੀਦਾ ਹੈ । ਬਹੁਤ ਧੰਨਵਾਦ ਜੀ ।

ਮਾਨਯੋਗ ਸਪੀਕਰ : ਬੀਬੀ ਜਗੀਰ ਕੌਰ ਜੀ ।

ਬੀਬੀ ਜਗੀਰ ਕੌਰ (ਭੁਲੱਥ) : ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਆਪ ਜੀ ਦਾ ਧੰਨਵਾਦ ਕਰਦੀ ਹਾਂ ਕਿ ਆਪ ਜੀ ਨੇ ਬਹੁਤ ਅਹਿਮ ਅਤੇ ਇਤਿਹਾਸਕ ਮਤੇ ਤੇ ਬੋਲਣ ਦਾ ਮੈਨੂੰ ਮੌਕਾ ਦਿੱਤਾ ਹੈ । ਜਿੱਥੇ ਮੇਰੇ ਵੀਰ ਐਮ.ਐਲ.ਏ. ਸਰਦਾਰ ਹਰਪ੍ਰੀਤ ਸਿੰਘ ਜੀ ਨੇ ਮਤਾ ਪੇਸ਼ ਕਰਕੇ ਵਪਾਰ ਦੀਆਂ ਸਾਂਝਾਂ, ਰਿਸ਼ਤਿਆਂ ਦੀਆਂ ਸਾਂਝਾਂ, ਭਾਈਚਾਰਕ ਸਾਂਝਾਂ, ਦੇਸ਼ਾਂ ਦੀ ਖੁਸ਼ਹਾਲੀ ਦੇ ਸਬੰਧ ਵਿੱਚ ਗੱਲ ਕੀਤੀ ਹੈ ਉਥੇ ਮੈਂ ਸਮਝਾਂਗੀ ਕਿ ਸਾਡੇ ਹੋਰ ਰੂਹਾਨੀ ਰਿਸ਼ਤੇ ਜਿਹੜੇ ਹਨ, ਉਹ ਬੜੇ ਡੂੰਘੇ ਜੁੜੇ ਹੋਏ ਹਨ । ਸਾਡੇ ਜਾਨ ਤੋਂ ਪਿਆਰੇ ਗੁਰਧਾਮ ਜਿਹੜੇ ਹਨ, ਉਹ ਉਥੇ ਬਹੁਤ ਸਾਰੇ ਰਹਿ ਗਏ ਹਨ । ਜੇ ਮੈਂ ਗਿਣਤੀ ਦੱਸਾਂ ਤਾਂ 173 ਗੁਰਧਾਮਾਂ ਦੀ, ਸ੍ਰੀ ਨਨਕਾਣਾ ਸਾਹਿਬ, ਸ੍ਰੀ ਪੰਜਾ ਸਾਹਿਬ ਸਮੇਤ ਗਿਣਤੀ ਆਉਂਦੀ ਹੈ ਜਿਹੜੇ ਗੁਰਦੁਆਰੇ ਸਾਡੇ ਪਾਕਿਸਤਾਨ ਵਿੱਚ ਰਹਿ ਗਏ ਹਨ । ਇਸ ਤੋਂ

Original with;
Punjab Vidhan Sabha
Digitized by;
Panjab Digital Library

ਇਲਾਵਾ ਸਾਡੇ 19 ਗੁਰਧਾਮ ਬੰਗਲਾਦੇਸ਼ ਵਿੱਚ ਚਲੇ ਗਏ । ਕੇਵਲ 5 ਗੁਰਧਾਮ ਉਥੇ ਖੁੱਲ੍ਹੇ ਹਨ ਔਰ ਜੋ 1952 ਵਿੱਚ ਸ਼੍ਰੀ ਅਕਾਲ ਤਖਤ ਸਾਹਿਬ ਤੋਂ ਉਸ ਵੇਲੇ ਇੱਕ ਹੁਕਮਨਾਮਾ ਸਾਰੇ ਸਿੱਖਾਂ ਨੂੰ ਜਾਰੀ ਹੋਇਆ ਸੀ ਕਿ ਸਾਰੇ ਸਿੱਖ ਆਪਣੀ ਦੋਨੋਂ ਵੇਲੇ ਦੀ ਅਰਦਾਸ ਵਿੱਚ ਸ਼ਾਮਲ ਕਰਨ ਕਿ ਹੇ ਵਾਹਿਗੁਰੂ, ਜਿਹੜੇ ਗੁਰਧਾਮ ਸ੍ਰੀ ਨਨਕਾਣਾ ਸਾਹਿਬ ਤੇ ਸ੍ਰੀ ਪੰਜਾ ਸਾਹਿਬ ਸਾਡੇ ਕੋਲੋਂ ਵਿਛੜ ਗਏ ਹਨ, ਉਨ੍ਹਾਂ ਦੇ ਖੁੱਲ੍ਹੇ ਦਰਸ਼ਨ ਦੀਦਾਰੇ, ਉਨ੍ਹਾਂ ਦੀ ਸੇਵਾ ਸੰਭਾਲ ਸਿੱਖ ਸੰਗਤਾਂ ਨੂੰ ਬਖਸ਼ੋ । ਮੇਰਾ ਖਿਆਲ ਹੈ ਕਿ ਉਦੋਂ ਤੋਂ ਲੈ ਕੇ ਹਰ ਸਿੱਖ ਜਿਹੜਾ ਹੈ ਅੰਮ੍ਰਿਤ ਵੇਲੇ ਵੀ, ਸ਼ਾਮ ਵੇਲੇ ਵੀ ਇਹ ਦੋਨੋਂ ਵੇਲੇ ਅਰਦਾਸ ਕਰਦਾ ਹੈ ਕਿ ਹੇ ਸੱਚੇ ਪਿਤਾ, ਉਹ ਗੁਰਧਾਮ ਜਿਹੜੇ ਸਾਡੇ ਤੋਂ ਵਿਛੜ ਗਏ ਹਨ ਤੇ ਜਾਨ ਤੋਂ ਵੱਧ ਪਿਆਰੇ ਹਨ, ਉਨ੍ਹਾਂ ਗੁਰਧਾਮਾਂ ਦੀ ਸਾਂਭ-ਸੰਭਾਲ ਅਤੇ ਖੁੱਲ੍ਹੇ ਦਰਸ਼ਨ-ਦੀਦਾਰੇ ਜਿਹੜੇ ਹਨ, ਉਹ ਸਿੱਖ ਸੰਗਤਾਂ ਨੂੰ ਬਖਸ਼ੋ । ਮੈਂ ਧੰਨਵਾਦੀ ਹਾਂ ਸਰਦਾਰ ਪਰਕਾਸ਼ ਸਿੰਘ ਜੀ ਬਾਦਲ, ਮੁੱਖ ਮੰਤਰੀ, ਪੰਜਾਬ ਜੀ; ਉਪ ਮੁੱਖ ਮੰਤਰੀ, ਪੰਜਾਬ ਜੀ ਦੀ, ਜਿਨ੍ਹਾਂ ਨੇ ਅੱਜ ਇਨ੍ਹਾਂ ਭਾਵਨਾਵਾਂ ਨੂੰ ਭਾਂਪਿਆ ਤੇ ਸਰਦਾਰ ਹਰਪ੍ਰੀਤ ਸਿੰਘ ਜੀ ਦੀ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਮਤੇ ਨੂੰ ਲਿਆਂਦਾ ਹੈ ਕਿ ਜਿਹੜੀ ਅਰਦਾਸ ਰੋਜ਼ ਸਿੱਖ ਕਰਦਾ ਹੈ ਉਸ ਅਰਦਾਸ ਨੂੰ ਪੂਰਾ ਕਰਨ ਵਾਸਤੇ ਕੋਈ ਦੁਨੀਆਂ ਦੀ ਤਾਕਤ ਨਹੀਂ ਜਿਹੜੀ ਰੋਕ ਸਕੇ ਕਿਉਂਕਿ ਸਿੱਖਾਂ ਨੂੰ ਵਿਸ਼ਵਾਸ ਹੈ

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥

ਇਹ ਅਰਦਾਸ ਪੂਰੀ ਹੋਵੇਗੀ । ਜਦੋਂ ਪਹਿਲਾਂ ਵੰਡ ਹੋਈ ਤਾਂ ਉਦੋਂ ਇਸ ਸਾਂਝ ਵਿੱਚ ਮਤੇ ਕੀਤੇ ਗਏ ਸਨ । ਉਦੋਂ ਇਹ ਫੈਸਲਾ ਕੀਤਾ ਗਿਆ ਸੀ ਕਿ ਚਾਰ ਜੱਥੇ ਸਿੱਖਾਂ ਦੇ ਅਸੀਂ ਵੱਖ ਵੱਖ ਤਿਉਹਾਰਾਂ ਤੇ ਭੇਜਿਆ ਕਰਾਂਗੇ (1) ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੇ ਮੌਕੇ ਤੇ (2) ਮਹਾਰਾਜਾ ਰਣਜੀਤ ਸਿੰਘ ਜੀ ਦੀ ਬਰਸੀ ਉੱਤੇ (3) ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਉਤੇ ਅਤੇ (4) ਵਿਸਾਖੀ ਵਾਲੇ ਦਿਹਾੜੇ ਤੇ । ਇਸ ਤਰ੍ਹਾਂ ਸਪੀਕਰ ਸਾਹਿਬ, ਇਹ ਜਿਹੜੇ ਚਾਰ ਜੱਥੇ ਜਾਂਦੇ ਹਨ, ਇਹ ਕਾਫੀ ਨਹੀਂ । ਉਸ ਤੋਂ ਬਾਅਦ ਫੈਸਲਾ ਹੋਇਆ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਦੇ ਮੌਕੇ ਉੱਤੇ ਅਤੇ ਸ੍ਰੀ ਗੁਰੂ ਰਾਮ ਦਾਸ ਜੀ ਦੇ ਪ੍ਰਕਾਸ਼ ਦਿਹਾੜੇ ਉੱਤੇ ਇਧਰੋਂ ਸਿੱਖਾਂ ਦੇ ਜੱਥੇ ਜਾਇਆ ਕਰਨਗੇ ਪਰ ਇਹ ਸਾਂਝਾ ਉਦੋਂ ਮਜ਼ਬੂਤ ਹੋ ਸਕਦੀਆਂ ਹਨ ਜਦੋਂ ਹਰ ਸਿੱਖ ਖੁਲ੍ਹੇਆਮ ਜਾ ਕੇ ਇਨ੍ਹਾਂ ਗੁਰਧਾਮਾਂ ਦੇ ਦਰਸ਼ਨ ਕਰ ਸਕੇ । ਕੇਵਲ ਸਿੱਖਾਂ ਦੀ ਗੱਲ ਨਹੀਂ, ਮੈਂ ਸਮਝਦੀ ਹਾਂ ਕਿ ਜਿਹੜਾ ਅੱਜ ਹਰ ਹਿੰਦੂ ਹੈ ਉਹ ਵੀ ਆਪਣੇ ਸਥਾਨ ਉਤੇ ਪਹੁੰਚਦਾ ਹੈ। ਪਾਕਿਸਤਾਨ ਦੇ ਵਿੱਚ ਕਟਾਸਰਾਜ ਇਕ ਮੰਦਿਰ ਹੈ ਜਿਹੜਾ ਹਿੰਦੂਆਂ ਦਾ ਇਕ ਬੜਾ

Original with;
Punjab Vidhan Sabha
Digitized by;
Panjab Digital Library

[ਬੀਬੀ ਜਗੀਰ ਕੌਰ]

ਹੀ ਪਵਿੱਤਰ ਮੰਦਿਰ ਹੈ । ਇਥੋਂ ਹਿੰਦੂ ਭਰਾ ਵੀ ਉਥੇ ਦੇ ਦਰਸ਼ਨਾਂ ਲਈ ਆਪਣਾ ਇੱਕ ਜੱਥਾ ਲੈ ਕੇ ਜਾਂਦੇ ਹਨ ਔਰ ਕਟਾਸਰਾਜ ਦੇ ਮੰਦਿਰ ਵਿੱਚ ਜਾ ਕੇ ਮੱਥਾ ਟੇਕਦੇ ਹਨ । ਆਪਣੀ ਸ਼ਰਧਾ ਪੂਰੀ ਕਰਦੇ ਹਨ । ਆਪਣਾ ਉਥੇ ਸਿਰ ਨਿਵਾ ਕੇ ਉਸ ਸਥਾਨ ਦਾ ਸਤਿਕਾਰ ਕਰਦੇ ਹਨ । ਇਸ ਤੋਂ ਇਲਾਵਾ ਜਿਹੜੇ ਪਾਕਿਸਤਾਨ ਵਿੱਚ ਸਾਡੇ ਮੁਸਲਮਾਨ ਭਰਾ ਹਨ ਉਹ ਵੀ ਜਿਹੜੀ ਇਥੇ ਸਰਹਿੰਦ ਵਿਖੇ ਰੋਜ਼ਾ ਸ਼ਰੀਫ ਮਸਜਿਦ ਹੈ, ਉਥੇ ਉਹ ਆਪਣੇ ਜਥੇ ਲੈ ਕੇ ਆਉਂਦੇ ਹਨ । ਮੇਰਾ ਕਹਿਣ ਤੋਂ ਭਾਵ ਇਹ ਹੈ ਕਿ ਭਾਵੇਂ ਉਹ ਹਿੰਦੂਆਂ ਦੇ ਧਾਰਮਿਕ ਭਾਵਨਾਵਾਂ ਹੋਣ, ਭਾਵੇਂ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਹੋਣ ਤੇ ਭਾਵੇਂ ਮੁਸਲਮਾਨਾਂ ਦੀਆਂ ਧਾਰਮਿਕ ਭਾਵਨਾਵਾਂ ਹੋਣ, ਉਹ ਆਪਣੀਆਂ ਧਾਰਮਿਕ ਭਾਵਨਾਵਾਂ ਨੂੰ ਪੂਰੀਆਂ ਕਰਨ ਵਾਸਤੇ ਹਰ ਥਾਂ ਤੇ ਪਹੁੰਚਦੇ ਹਨ ਅਤੇ ਸਮੇਂ ਸਮੇਂ ਤੇ ਉਥੇ ਜਾ ਕੇ ਮੱਥਾ ਟੇਕਦੇ ਹਨ। ਇਕ ਗੱਲ ਜਿਹੜੀ ਸਭ ਤੋਂ ਵੱਡੀ ਹੈ ਕਿ ਜਿਹੜੀ ਨਨਕਾਣਾ ਸਾਹਿਬ ਦੀ ਧਰਤੀ ਹੈ, ਉਹ ਸਾਡੇ ਗੁਰੂ ਨਾਨਕ ਸਾਹਿਬ ਮਹਾਰਾਜ ਦੀ ਜਨਮ ਭੂਮੀ ਹੈ । ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਨਨਕਾਣਾ ਸਾਹਿਬ ਵਿਖੇ ਹੋਇਆ ਹੈ, ਪਰ ਉਥੇ ਜਿਹੜੇ ਗੁਰਦੁਆਰੇ ਹਨ, ਉਨ੍ਹਾਂ ਗੁਰਦੁਆਰਿਆਂ ਸਾਹਿਬਾਨਾਂ ਦੇ ਬਹੁਤ ਘੱਟ ਦਰਸ਼ਨ ਕਰਵਾਏ ਜਾਂਦੇ ਹਨ । ਮੇਰਾ ਖਿਆਲ ਹੈ ਕਿ ਉਥੇ 8 ਗੁਰਦੁਆਰੇ ਹਨ, ਪਰ ਕੇਵਲ ਪੰਜ ਗੁਰਦੁਆਰਾ ਸਾਹਿਬਾਨਾਂ ਦੇ ਦਰਸ਼ਨ ਹੁੰਦੇ ਹਨ ਅਤੇ ਬਾਕੀ ਗੁਰਦੁਆਰੇ ਬੰਦ ਪਏ ਹਨ । ਇਸੇ ਤਰ੍ਹਾਂ ਲਾਹੌਰ ਦੇ ਗੁਰਦੁਆਰਿਆਂ ਦੇ ਦਰਸ਼ਨ ਹੁੰਦੇ ਹਨ । ਉਥੇ ਵੀ ਕਈ ਗੁਰਦੁਆਰੇ ਬੰਦ ਪਏ ਹਨ । ਸੋ, ਮੈਂ ਇਹ ਗੱਲ ਕਹਿਣੀ ਚਾਹਾਵਾਂਗੀ ਕਿ ਜਿਸ ਸਥਾਨ ਦੇ ਨਾਲ ਸਾਡੀਆਂ ਬੜੀਆਂ ਪਿਆਰੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ, ਸਾਡੀ ਰੂਹਾਨੀ ਸਾਂਝ ਜੁੜੀ ਹੋਈ ਹੈ ਉਨ੍ਹਾਂ ਅਸਥਾਨਾਂ ਦੇ ਦਰਸ਼ਨ ਕਰਨ ਵਾਸਤੇ ਅੱਜ ਸਾਡੇ ਰਸਤੇ ਖੁੱਲ੍ਹ ਜਾਣੇ ਚਾਹੀਦੇ ਹਨ । ਐਮ.ਐਲ.ਏ. ਸਾਹਿਬ ਨੇ ਮੇਰੇ ਤੋਂ ਪਹਿਲਾਂ ਬੋਲਦੇ ਹੋਏ ਜਿਸ ਤਰ੍ਹਾਂ ਕਿਹਾ ਕਿ ਇਸ ਤਰ੍ਹਾਂ ਦੋਨਾਂ ਮੁਲਕਾਂ ਦੀ ਆਵਾਜਾਈ ਖੁੱਲ੍ਹ ਜਾਣ ਨਾਲ ਉਨ੍ਹਾਂ ਦੇ ਵਪਾਰ ਵਿੱਚ ਵਾਧਾ ਹੋਵੇਗਾ । ਮੈਂ ਧੰਨਵਾਦੀ ਹਾਂ ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਜੀ ਅਤੇ ਉਪ ਮੁੱਖ ਮੰਤਰੀ ਸਰਦਾਰ ਸੁਖਬੀਰ ਸਿੰਘ ਬਾਦਲ ਜੀ ਦੀ ਜਿਨ੍ਹਾਂ ਨੇ ਪਿਛਲੇ ਦਿਨਾਂ ਵਿੱਚ ਯਤਨ ਕੀਤਾ ਤੇ ਵਿਦੇਸ਼ ਮੰਤਰੀ, ਗੌਰਮਿੰਟ ਆਫ ਇੰਡੀਆ ਜੀ ਨੂੰ ਬੁਲਾ ਕੇ ਵਾਹਗਾ ਬਾਰਡਰ ਉੱਤੇ ਇੱਕ ਬਿਜ਼ਨੈੱਸ ਹੱਬ ਖੋਲ੍ਹਿਆ ਹੈ, ਇਕ ਬਿਜ਼ਨੈਸ ਸੈਂਟਰ ਖੋਲ੍ਹਿਆ ਹੈ । ਇਸ ਨਾਲ ਸਾਡਾ ਇਕ ਯਕੀਨ ਬੱਝਾ ਹੈ ਕਿ ਜਿਹੜੀ ਸਾਡੀ ਸੋਚ ਹੈ, ਜਿਹੜੀ ਸਾਡੀ ਵਿਚਾਰਧਾਰਾ ਹੈ ਉਹ ਜ਼ਰੂਰ ਪੂਰੀ ਹੋਵੇਗੀ । ਇਸ ਤੋਂ ਇਲਾਵਾ ਜਿਹੜੀ ਅੱਜ ਵਪਾਰਕ ਸਾਂਝ ਬਣੀ ਹੈ, ਉਹ ਵੀ ਹੋਰ ਅੱਗੇ ਵਧੇਗੀ, ਜਿਸ ਤਰ੍ਹਾਂ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਜੀ ਦੀ ਇਹ ਸੋਚ ਹੈ ।

Original with;
Punjab Vidhan Sabha
Digitized by;
Panjab Digital Library

ਇਸੇ ਤਰ੍ਹਾਂ ਹੀ ਕਰਤਾਰਪੁਰ ਸਾਹਿਬ, ਜਿੱਥੇ ਆਪਾਂ ਸਾਰਿਆਂ ਨੂੰ ਪਤਾ ਹੈ ਕਿ ਉਹ ਇਕ ਸਾਂਝੀਵਾਲਤਾ ਦਾ ਪ੍ਰਤੀਕ ਸਥਾਨ ਹੈ। ਉਥੇ ਜਦੋਂ ਗੁਰੂ ਨਾਨਕ ਸਾਹਿਬ ਜੀ ਜੋਤੀ ਜੋਤ ਸਮਾਏ ਸਨ ਤਾਂ ਹਿੰਦੂਆਂ ਨੇ ਕਿਹਾ ਸੀ ਕਿ ਸਾਡੇ ਇਹ ਗੁਰੂ ਹਨ, ਸਿੱਖਾਂ ਨੇ ਕਿਹਾ ਕਿ ਸਾਡੇ ਗੁਰੂ ਹਨ ਅਤੇ ਮੁਸਲਮਾਨ ਭਾਈਚਾਰੇ ਨੇ ਕਿਹਾ ਕਿ ਸਾਡੇ ਇਹ ਪੀਰ ਹਨ । ਮੇਰਾ ਕਹਿਣ ਦਾ ਮਤਲਬ ਹੈ ਕਿ ਉਥੇ ਸਾਂਝੀਵਾਲਤਾ ਦਾ ਸੰਦੇਸ਼ ਸਮੁੱਚੇ ਤੌਰ ਤੇ ਸਾਰਿਆਂ ਨੂੰ ਜਾਂਦਾ ਹੈ ।

ਕਰਤਾਰਪੁਰ ਦੇ ਲਾਂਘੇ ਵਾਸਤੇ ਹਰ ਮੱਸਿਆ ਵਾਲੇ ਦਿਨ ਜਦੋਂ ਡੇਰਾ ਬਾਬਾ ਨਾਨਕ ਤੋਂ ਚੱਲ ਕੇ ਸੰਗਤਾਂ ਜਾਂਦੀਆਂ ਹਨ ਤਾਂ ਹਰ ਮੱਸਿਆ ਨੂੰ ਉਸ ਬੰਨ੍ਹ ਤੇ ਖੜ੍ਹੇ ਹੋ ਕੇ ਅਰਦਾਸ ਕਰਦੀਆਂ ਹਨ । ਦੱਸਿਆ ਗਿਆ ਹੈ ਕਿ ਉਥੋਂ ਕੇਵਲ ਤਿੰਨ ਕਿਲੋਮੀਟਰ ਦਾ ਰਸਤਾ ਹੈ ਔਰ ਉਥੋਂ ਉਸ ਸਥਾਨ ਦੀ ਸਾਰੀ ਸੁੰਦਰਤਾ ਦਿੱਸਦੀ ਹੈ । ਉਥੇ ਅਰਦਾਸ ਕੀਤੀ ਜਾਂਦੀ ਹੈ ਕਿ ਇਹ ਰਸਤਾ ਖੁੱਲ੍ਹ ਜਾਏ । ਮੈਨੂੰ ਆਸ ਹੀ ਨਹੀਂ ਔਰ ਮੈਨੂੰ ਵਿਸ਼ਵਾਸ ਵੀ ਹੈ ਕਿ ਅਰਦਾਸ ਵਿੱਚ ਐਸੀ ਸ਼ਕਤੀ ਹੈ ਕਿ ਜੇ ਅੱਜ ਇਹ ਸਾਰੇ ਮਤਿਆਂ ਰਾਹੀਂ ਕੇਂਦਰ ਸਰਕਾਰ ਨੂੰ ਬੇਨਤੀਆਂ ਕਰਾਂਗੇ ਤਾਂ ਸਾਡੀ ਉਹ ਰੀਝ ਵੀ ਜ਼ਰੂਰ ਪੂਰੀ ਹੋਵੇਗੀ । ਸੋ, ਮੈਂ ਇਸ ਗੱਲ ਤੇ ਵੀ ਜ਼ੋਰ ਪਾਉਂਦੀ ਹਾਂ ਕਿ ਜਿਹੜੇ ਸਾਡੇ ਸਿੰਧੀ ਸਿੱਖ ਹਨ, ਉਨ੍ਹਾਂ ਨੂੰ ਵੀ ਬੜੀ ਰੀਝ ਰਹਿੰਦੀ ਹੈ ਕਿ ਹਿੰਦੁਸਤਾਨ ਦੇ ਅੰਦਰ ਜਿੰਨੇ ਵੀ ਸਿੱਖਾਂ ਨਾਲ ਸੰਬੰਧਿਤ ਸਥਾਨ ਹਨ, ਉਨ੍ਹਾਂ ਸਥਾਨਾਂ ਦੇ ਦਰਸ਼ਨ ਕਰ ਸਕੀਏ। ਸ਼੍ਰੀ ਹਰਿਮੰਦਿਰ ਸਾਹਿਬ ਦੇ ਦਰਸ਼ਨਾਂ ਦੀ ਵੀ ਉਨ੍ਹਾਂ ਦੇ ਮਨਾਂ ਵਿੱਚ ਬੜੀ ਰੀਝ ਰਹਿੰਦੀ ਹੈ। ਉਥੇ ਪਹੁੰਚ ਕੇ ਉਹ ਦਰਸ਼ਨ ਕਰਦੇ ਹਨ । ਸੋ, ਹਰ ਸਿੱਖ, ਹਰ ਹਿੰਦੂ, ਹਰ ਮੁਸਲਮਾਨ ਜਿਹੜਾ ਹੈ ਉਹ ਚਾਹੁੰਦਾ ਹੈ ਕਿ ਦੋਹਾਂ ਦੇਸ਼ਾਂ ਵਿਚ ਆ ਜਾ ਕੇ ਆਪਣੇ ਧਾਰਮਿਕ ਅਕੀਦੇ ਨੂੰ ਪੂਰਾ ਕਰ ਸਕੇ ਅਤੇ ਜਿਹੜਾ ਗੁਰੂ ਸਾਹਿਬਾਨਾਂ ਦਾ ਸਾਂਝੀਵਾਲਤਾ ਦਾ ਸੰਦੇਸ਼ ਹੈ ਉਹ ਸਮੁੱਚੀ ਮਖਲੂਕਾਤ ਨੂੰ ਦੇ ਸਕੇ । ਸਪੀਕਰ ਸਾਹਿਬ, 2006 ਵਿੱਚ ਇੱਕ ਬੱਸ ਸਰਵਿਸ ਸ਼ੁਰੂ ਕੀਤੀ ਗਈ ਸੀ, ਜਦੋਂ ਇਹ ਫੈਸਲਾ ਕੀਤਾ ਗਿਆ ਸੀ ਕਿ ਸ਼ਰਧਾਲੂ ਇਥੋਂ ਪਾਕਿਸਤਾਨ ਨੂੰ ਜਾਣਗੇ ਤੇ ਉਧਰੋਂ ਮੁਸਲਮਾਨ ਵੀਰ ਇੱਧਰ ਆਉਣਗੇ ਪਰ ਉਹ ਥੋੜ੍ਹੀ ਜਿਹੀ ਕਾਮਯਾਬ ਨਹੀਂ ਹੋਈ । ਮੈਂ ਇੱਥੇ ਇਹ ਦੱਸਣਾ ਚਾਹਾਂਗੀ ਪਾਲਿਸੀ ਮੁਤਾਬਿਕ ਵੀਜ਼ਾ ਦਿੱਲੀ ਵਿੱਚ ਲੱਗਦਾ ਹੈ ਅਤੇ ਬੱਸ ਆਲਮੋਸਟ ਖਾਲੀ ਹੀ ਜਾਂਦੀ ਹੈ । ਜਦੋਂ ਮੈਂ ਐਸ.ਜੀ.ਪੀ.ਸੀ. ਦੀ ਮੁੱਖ ਸੇਵਾਦਾਰ ਸੀ, ਉਦੋਂ ਅਸੀਂ ਭਾਰਤ ਸਰਕਾਰ ਨੂੰ ਲਿਖਿਆ ਸੀ ਕਿ ਵੀਜ਼ਾ ਸੈਂਟਰ ਅੰਮ੍ਰਿਤਸਰ ਵਿਖੇ ਖੋਲ੍ਹਿਆ ਜਾਵੇ । ਇਸ ਵਾਸਤੇ ਪੰਜਾਬ ਸਰਕਾਰ ਵੀ ਜਗ੍ਹਾ ਦੇ ਸਕਦੀ ਹੈ ਅਤੇ ਐਸ.ਜੀ.ਪੀ.ਸੀ. ਵੱਲੋਂ ਵੀ ਆਫਰ ਕੀਤੀ ਗਈ ਸੀ ਕਿ ਅਸੀਂ ਕੋਈ ਨਾ ਕੋਈ ਜਗ੍ਹਾ ਜ਼ਰੂਰ ਦੇਵਾਂਗੇ । ਉਸ ਬੱਸ

Original with;
Punjab Vidhan Sabha
Digitized by;
Panjab Digital Library

[ਬੀਬੀ ਜਗੀਰ ਕੌਰ]

ਵਿੱਚ ਜਿਹੜੇ ਯਾਤਰੂ ਜਾਣ ਵਾਲੇ ਹੁੰਦੇ ਹਨ, ਉਨ੍ਹਾਂ ਦਾ ਵੀਜ਼ਾ ਸਿਸਟਮ ਅੰਮ੍ਰਿਤਸਰ ਸ਼ੁਰੂ ਕਰ ਦਿੱਤਾ ਜਾਵੇ ਤਾਂ ਜੋ ਇਹ ਬੱਸ ਸਰਵਿਸ ਵੀ ਚੰਗੀ ਚਾਲੂ ਹੋ ਸਕੇ । ਜਿਥੇ ਸਾਈਂ ਮੀਆਂ ਮੀਰ ਜੀ ਨੇ ਪਵਿੱਤਰ ਅਸਥਾਨ ਸ਼੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰੱਖੀ ਸੀ, ਅੱਜ ਮੁਸਲਮਾਨ ਉਥੇ ਹਰਿਮੰਦਰ ਸਾਹਿਬ ਆ ਕੇ ਸਿਰ ਨਿਵਾਉਣਾ ਚਾਹੁੰਦੇ ਹਨ । ਅੱਜ ਸਾਰੇ ਹਿੰਦੂ ਉੱਥੇ ਸਿਰ ਨਿਵਾਉਣਾ ਚਾਹੁੰਦੇ ਹਨ । ਅੱਜ ਸਾਰੇ ਗੁਰੂ ਨਾਨਕ ਨਾਮਲੇਵਾ ਸਿਰ ਨਿਵਾਉਣਾ ਚਾਹੁੰਦੇ ਹਨ । ਇਸ ਨਾਲ ਸਾਡੀਆਂ ਨੀਹਾਂ ਪੱਕੀਆਂ ਹੋਣਗੀਆਂ, ਸਾਡੀਆਂ ਮਜਬੂਰੀਆਂ ਖਤਮ ਹੋਣਗੀਆਂ, ਸਾਡੇ ਖੁਸ਼ਹਾਲੀ ਆਵੇਗੀ, ਸਾਡਾ ਵਪਾਰ ਵਧੇਗਾ, ਸਾਡੀ ਇਕ ਦੂਜੇ ਨਾਲ ਸਾਂਝ ਵਧੇਗੀ । ਦੁਸ਼ਮਣੀ ਘਟੇਗੀ ਅਤੇ ਮਿੱਤਰਤਾ ਵਧੇਗੀ। ਇਹ ਸਭ ਤਾਂ ਹੀ ਹੋ ਸਕੇਗਾ ਜੇਕਰ ਉਥੇ ਆਪਸੀ ਸਾਂਝ ਵਧਾਈ ਜਾਵੇ । ਇਸ ਕਰਕੇ ਮੈਂ ਸਮਝਦੀ ਹਾਂ ਕਿ ਅੱਜ ਸਰਦਾਰ ਸੁਖਬੀਰ ਸਿੰਘ ਬਾਦਲ ਵੱਲੋਂ ਯਤਨ ਕੀਤੇ ਜਾ ਰਹੇ ਹਨ । ਭਾਵੇਂ ਖੇਡਾਂ ਦੇ ਬਹਾਨੇ ਉਥੋਂ ਲੀਡਰ, ਖਿਡਾਰੀਆਂ ਅਤੇ ਲੋਕਾਂ ਨੂੰ ਇਥੇ ਬੁਲਾਇਆ ਹੈ, ਜਿਸ ਨਾਲ ਉਨ੍ਹਾਂ ਲੋਕਾਂ ਦੇ ਮਨਾਂ ਅੰਦਰ ਰੀਝ ਪੈਦਾ ਹੋਈ ਹੈ ਅਤੇ ਚਾਅ ਪੈਦਾ ਹੋਇਆ ਹੈ । ਸਾਨੂੰ ਹੁਣ ਆਸ ਬੱਝੀ ਹੈ ਕਿ ਜਿਹੜਾ ਮਤਾ ਸਰਦਾਰ ਹਰਪ੍ਰੀਤ ਸਿੰਘ ਜੀ ਐਮ.ਐਲ.ਏ. ਨੇ ਇਥੇ ਲਿਆਂਦਾ ਹੈ, ਉਹ ਜਦੋਂ ਪੰਜਾਬ ਸਰਕਾਰ ਵੱਲੋਂ ਪਾਸ ਹੋ ਕੇ ਜਾਵੇਗਾ ਤਾਂ ਲੱਗਦਾ ਹੈ ਕਿ ਪ੍ਰਮਾਤਮਾ ਜ਼ਰੂਰ ਕਿਰਪਾ ਕਰੇਗਾ ਅਤੇ ਜਿਹੜੀ ਹਰ ਸਿੱਖ ਦੀ ਅਰਦਾਸ ਹੈ, ਉਸ ਨੂੰ ਸੰਪੂਰਨਤਾ ਪ੍ਰਾਪਤ ਹੋਵੇਗੀ । ਅੰਤ ਵਿੱਚ ਮੈਂ ਕਹਿਣਾ ਚਾਹਾਂਗੀ ਕਿ ਭਾਈ ਮਰਦਾਨਾ ਜੀ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 50 ਸਾਲ ਤੋਂ ਵੱਧ ਸਾਥੀ ਰਹੇ ਹਨ। ਸ਼੍ਰੀ ਗੁਰੂ ਨਾਨਕ ਸਾਹਿਬ ਜੀ ਨੇ ਜਿੱਥੇ ਵੀ ਕਿਤੇ ਯਾਤਰਾ ਕੀਤੀ ਹੈ, ਜਿਥੇ ਵੀ ਗਏ ਹਨ, ਜਿਥੇ ਵੀ ਬਾਣੀ ਉਚਾਰੀ ਹੈ, ਉਥੇ ਉਥੇ ਹੀ ਭਾਈ ਮਰਦਾਨਾ ਜੀ ਨੂੰ ਨਾਲ ਰਬਾਬ ਵਜਾਉਣ ਵਾਸਤੇ ਕਿਹਾ ਹੈ । ਭਾਈ ਮਰਦਾਨਾ ਜੀ ਦੀਆਂ ਜਿਹੜੀਆਂ ਯਾਦਾਂ ਪਾਕਿਸਤਾਨ ਦੀ ਧਰਤੀ ਉਤੇ ਬਣੀਆਂ ਹੋਈਆਂ ਹਨ, ਉਨ੍ਹਾਂ ਨਾਲ ਸਾਡੀ ਇਕ ਬਹੁਤ ਵੱਡੀ ਸਾਂਝ ਬਣੀ ਹੋਈ ਹੈ, ਸਾਡੀਆਂ ਉਹ ਯਾਦਾਂ ਤਾਜ਼ਾ ਹੋਣਗੀਆਂ । ਉਥੇ ਬਾਬਾ ਫਰੀਦ ਦੀਆਂ ਵੀ ਕਈ ਯਾਦਾਂ ਬਣੀਆਂ ਹੋਈਆਂ ਹਨ, ਉਹ ਵੀ ਸਾਡੀਆਂ ਪੂਰੀਆਂ ਹੋਣਗੀਆਂ । ਸ਼੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਸ਼੍ਰੀ ਗੁਰੂ ਰਾਮਦਾਸ ਜੀ ਤੱਕ ਦੀਆਂ ਜਿਹੜੀਆਂ ਵੀ ਉਥੇ ਯਾਦਾਂ ਹਨ, ਮਹਾਰਾਜਾ ਰਣਜੀਤ ਸਿੰਘ ਜੀ ਦੀਆਂ ਜਿੰਨੀਆਂ ਵੀ ਉਥੇ ਯਾਦਾਂ ਹਨ, ਉਨ੍ਹਾਂ ਸਾਰੀਆਂ ਦੇ ਅਸੀਂ ਦਰਸ਼ਨ ਕਰ ਸਕਾਂਗੇ । ਜਿਹੜਾ ਇਸ ਪਵਿੱਤਰ ਹਾਊਸ ਵਿੱਚ ਜੋ ਮਤਾ ਲਿਆਂਦਾ ਹੈ, ਉਸ ਬਾਰੇ ਮੈਂ ਆਪਣੇ ਵੱਲੋਂ ਪੁਰਜ਼ੋਰ ਸਿਫਾਰਸ਼ ਕਰਦੀ ਹਾਂ ਕਿ ਇਸ ਨੂੰ ਪਾਸ ਕਰਕੇ ਭਾਰਤ ਸਰਕਾਰ ਕੋਲ ਭੇਜਿਆ ਜਾਵੇ ਤਾਂ ਜੋ ਜਿਹੜੇ ਸਾਡੇ ਲਾਂਘੇ ਹਨ, ਜਿਵੇਂ ਦੱਸਿਆ ਗਿਆ ਹੈ ਕਿ ਕਾਰੀਡੋਰ ਬਣਾਉਣ ਵਾਸਤੇ ਪਾਕਿਸਤਾਨ ਦੀ ਸਰਕਾਰ ਨੇ ਹਾਮੀ ਭਰੀ ਸੀ ਪਰ ਅੱਜ ਸਾਡੀ ਭਾਰਤ ਸਰਕਾਰ ਚੁੱਪ ਹੈ। ਇਸ ਮਤੇ

Original with;
Punjab Vidhan Sabha
Digitized by;
Panjab Digital Library

ਰਾਹੀਂ ਉਨ੍ਹਾਂ ਨੂੰ ਅਪੀਲ ਕੀਤੀ ਜਾਵੇ ਕਿ ਇਹ ਲਾਂਘੇ ਖੋਲ੍ਹ ਕੇ ਭਾਰਤ ਅਤੇ ਪਾਕਿਸਤਾਨ ਦੀਆਂ ਸਾਂਝਾਂ ਮਜ਼ਬੂਤ ਕੀਤੀਆਂ ਜਾਣ ਅਤੇ ਵਿਸ਼ਾਲ ਕੀਤੀਆਂ ਜਾਣ । ਬਹੁਤ ਬਹੁਤ ਧੰਨਵਾਦ।

ਮਾਨਯੋਗ ਸਪੀਕਰ : ਬਾਕੀ ਬੋਲਣ ਵਾਲਿਆਂ ਤੋਂ ਮੈਂ ਮੁਆਫੀ ਚਾਹਾਂਗਾ । ਮੈਂ ਸਮਝਦਾ ਹਾਂ ਕਿ ਸਦਨ ਦੇ ਸਾਰੇ ਮੈਂਬਰ ਸਾਹਿਬਾਨ ਦੀ ਇਹ ਭਾਵਨਾ ਹੈ ਕਿ ਇਹ ਮਤਾ ਪਾਸ ਕੀਤਾ ਜਾਵੇ ।

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਤੋਤਾ ਸਿੰਘ ਅਤੇ ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ ਸਰਦਾਰ ਗੁਲਜ਼ਾਰ ਸਿੰਘ ਰਣੀਕੇ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

ਮੈਂ ਸਿਰਫ ਤੁਹਾਨੂੰ 4 ਕੁ ਮਿੰਟ ਦੇ ਸਕਦਾ ਹਾਂ । ਜ਼ਿਆਦਾ ਸਮਾਂ ਨਹੀਂ ਦੇ ਸਕਦਾ। ਜਾਂ ਤਾਂ ਤੁਸੀਂ ਆਪਸ ਵਿੱਚ ਸਮਾਂ ਵੰਡ ਲਵੋ ।

ਸਰਦਾਰ ਤੋਤਾ ਸਿੰਘ (ਧਰਮਕੋਟ) : ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇਸ ਮਤੇ ਉਤੇ ਬੋਲਣ ਲਈ ਸਮਾਂ ਦਿੱਤਾ ਹੈ । ਸਰਦਾਰ ਹਰਪ੍ਰੀਤ ਸਿੰਘ ਜੀ ਨੇ ਇਹ ਬਹੁਤ ਹੀ ਮਹੱਤਤਾ ਵਾਲਾ ਮਤਾ ਲਿਆਂਦਾ ਹੈ । ਦੋਵਾਂ ਦੇਸ਼ਾਂ ਵਿਚ ਬਹੁਤ ਨੇੜਤਾ ਵਾਲੇ ਸਬੰਧ ਚਾਹੀਦੇ ਹਨ । ਉਸ ਦਾ ਕਾਰਨ ਹੈ ਕਿ ਇਹ ਸਾਡਾ ਗੁਆਂਢੀ ਦੇਸ਼ ਹੈ । ਸਾਡੀ ਪੁਰਾਣੀ ਕਹਾਵਤ ਹੈ ਕਿ ਦੂਰ ਦੇ ਰਿਸ਼ਤੇਦਾਰ ਨਾਲੋਂ ਗੁਆਂਢੀ ਜ਼ਿਆਦਾ ਸੁੱਖ ਦਿੰਦਾ ਹੈ । ਇਸ ਲਈ ਗੁਆਂਢੀ ਨਾਲ ਜਿੰਨੀ ਨੇੜਤਾ ਹੋਵੇਗੀ ਉਤਨੀ ਹੀ ਠੀਕ ਹੈ । ਦੂਜਾ, ਸਾਡੇ ਧਾਰਮਿਕ ਜਜ਼ਬਾਤ ਜੁੜੇ ਹੋਏ ਹਨ । ਸਾਡੇ ਸਿੱਖਾਂ ਦਾ ਵੱਡਾ ਧਾਰਮਿਕ ਅਸਥਾਨ ਹੈ । ਅਸੀਂ ਸਾਰੇ ਸਿੱਖ ਰੋਜ਼ਾਨਾ ਅਰਦਾਸ ਕਰਦੇ ਹਾਂ ਕਿ ਨਨਕਾਣਾ ਸਾਹਿਬ ਅਤੇ ਹੋਰ ਧਾਰਮਿਕ ਸਥਾਨਾਂ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਪ੍ਰਮਾਤਮਾ ਸਾਨੂੰ ਬਖਸ਼ੇ। ਸਾਡੀ ਇਹੀ ਧਾਰਮਿਕ ਖਾਹਿਸ਼ ਹੈ । ਇਸੇ ਤਰ੍ਹਾਂ ਮੁਸਲਮਾਨ ਵੀਰਾਂ ਦੀ ਹੈ ਅਤੇ ਹਿੰਦੂ ਵੀਰਾਂ ਦੀ ਹੈ । ਇਹ ਸਾਡੀ ਧਾਰਮਿਕ ਸਾਂਝ ਹੈ। ਦੂਜੀ ਸਾਡੀ ਸਮਾਜਿਕ ਸਾਂਝ ਹੈ ਜਾਂ ਜਿਹੜੇ ਲੋਕ ਉਥੇ ਪੈਦਾ ਹੋਏ ਹਨ । ਬਹੁਤ ਸਾਰੇ ਮੁਸਲਮਾਨ ਇਥੇ ਪੈਦਾ ਹੋਏ ਹਨ ਅਤੇ ਸਾਡੇ ਬਹੁਤ ਸਿੱਖ/ਹਿੰਦੂ ਵੀਰ ਉਥੇ ਪਾਕਿਸਤਾਨ ਪੈਦਾ ਹੋਏ ਹਨ । ਉਹ 1947 ਦੀ ਵੰਡ ਵਿਚ ਇੱਧਰ ਆ ਗਏ ਅਤੇ ਇਥੋਂ ਦੇ ਪੈਦਾ ਹੋਏ ਮੁਸਲਮਾਨ ਉੱਧਰ ਚਲੇ ਗਏ । ਮੈਂ ਇਕ ਗੱਲ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਦਾਸ 1983 ਵਿਚ 3000 ਯਾਤਰੂਆਂ ਦਾ ਜਥਾ ਨਾਲ ਲੈ ਕੇ ਪਾਕਿਸਤਾਨ ਗਿਆ ਸੀ । ਉਸ ਜਥੇ ਵਿਚ ਸਰਦਾਰ ਲਹਿਣਾ ਸਿੰਘ ਤੂੜ

Original with;
Punjab Vidhan Sabha
Digitized by;
Panjab Digital Library

[ਸਰਦਾਰ ਤੋਤਾ ਸਿੰਘ]

ਐਮ.ਪੀ., ਸਰਦਾਰ ਮੇਵਾ ਸਿੰਘ ਸਾਬਕਾ ਐਮ.ਪੀ. ਅਤੇ ਰੁਮਾਣਾ ਸਾਹਿਬ, ਅਸੀਂ ਕੋਈ 15 ਕੁ ਵਿਅਕਤੀਆਂ ਨੇ ਜਨਰਲ ਜ਼ਿਆ ਜੀ ਕੋਲੋਂ ਮਿਲਣ ਦਾ ਸਮਾਂ ਲਿਆ । ਜਦੋਂ ਅਸੀਂ ਉਨ੍ਹਾਂ ਨੂੰ ਰਾਸ਼ਟਰਪਤੀ ਭਵਨ ਵਿਚ ਮਿਲੇ ਤਾਂ ਉਸ ਵੇਲੇ ਹਾਲਾਤ ਅਜਿਹੇ ਸਨ ਕਿ ਉਦੋਂ ਕਿਸੇ ਨੂੰ ਗੁਰਦੁਆਰੇ ਤੋਂ ਬਾਹਰ ਜਾਂ ਸ਼ਹਿਰ ਤੋਂ ਬਾਹਰ ਨਹੀਂ ਸੀ ਜਾਣ ਦਿੱਤਾ ਜਾਂਦਾ। ਸਿਕਿਓਰਟੀ ਇੰਨੀ ਟਾਈਟ ਕੀਤੀ ਹੁੰਦੀ ਸੀ । ਉਸ ਵੇਲੇ ਜਨਰਲ ਜ਼ਿਆ ਸਾਹਿਬ ਨੂੰ ਕਿਹਾ ਕਿ ਮੇਰੀ ਇੱਕੋ ਇੱਕ ਰਿਕੁਐਸਟ ਹੈ ਕਿ ਜੇ ਤੁਸੀਂ ਹਿੰਦੁਸਤਾਨ ਆਓ ਤਾਂ ਅਸੀਂ ਤੁਹਾਨੂੰ ਵੈਲਕਮ ਕਰਾਂਗੇ । ਉਹ ਕਹਿਣ ਲੱਗਾ ਕਿ ਸਮਾਂ ਨਹੀਂ ਲੱਗਦਾ । ਮੈਨੂੰ ਪਤਾ ਸੀ ਕਿ ਉਹ ਜੰਮਪਲ ਜਲੰਧਰ ਦਾ ਸੀ । ਮੈਂ ਕਿਹਾ ਕਿ ਜੇ ਤੁਹਾਨੂੰ ਹਿੰਦੁਸਤਾਨ ਜਾਣ ਦਾ ਮੌਕਾ ਮਿਲੇ, ਕੀ ਤੁਸੀਂ ਜਲੰਧਰ ਜਾਓਗੇ ਤਾਂ ਉਹ ਕਹਿਣ ਲੱਗਾ ਕਿ ਮੈਂ ਆਪਣਾ ਘਰ ਲਾਜ਼ਮੀ ਦੇਖਣ ਵਾਸਤੇ ਜਾਵਾਂਗਾ । ਉਹ ਕਹਿਣ ਲੱਗਾ ਕਿ ਜਿਵੇਂ ਤੁਹਾਡਾ ਦਿਲ ਕਰਦਾ ਹੈ ਕਿ ਮੈਂ ਜਲੰਧਰ ਜਾਵਾਂ, ਆਪਣਾ ਘਰ ਦੇਖਾਂ । ਮੇਰੇ ਜਥੇ ਦੇ 3000 ਮੈਂਬਰਾਂ ਵਿੱਚੋਂ 500 ਇਹੋ ਜਿਹੇ ਹਨ ਜਿਨ੍ਹਾਂ ਨੇ ਮੈਨੂੰ ਨਾਂ ਲਿਖਾਏ ਹਨ । ਉਹ ਜੰਮਪਲ ਪਾਕਿਸਤਾਨ ਦੇ ਹਨ । ਉਹ ਆਪਣਾ ਘਰ ਦੇਖਣਾ ਚਾਹੁੰਦੇ ਹਨ । ਮਸਾਂ ਉਨ੍ਹਾਂ ਨੂੰ ਵੀਜ਼ੇ ਮਿਲੇ ਹਨ । ਉਹ ਕਹਿਣ ਲੱਗਾ ਕਿ ਤੁਹਾਨੂੰ ਜਾਣ ਨਹੀਂ ਦਿੰਦੇ । ਮੈਂ ਕਿਹਾ ਕਿ ਨਹੀਂ । ਰਾਸ਼ਟਰਪਤੀ ਦਾ ਹੁਕਮ ਸੀ । ਕਹਿਣ ਲੱਗਾ, ਕੱਲ੍ਹ ਨੂੰ ਹੀ ਤੁਹਾਡਾ ਪ੍ਰਬੰਧ ਕੀਤਾ ਜਾਵੇਗਾ । ਉਦੋਂ ਹੀ ਗੁਰਦੁਆਰਾ ਪੰਜਾ ਸਾਹਿਬ ਵਿਖੇ ਉਨ੍ਹਾਂ ਦੇ ਅਫਸਰ ਆ ਗਏ । ਬੱਸਾਂ ਆ ਗਈਆਂ । ਪਾਸਪੋਰਟ ਲਏ । ਜਿੱਥੇ ਜਿੱਥੇ ਜਾਣਾ ਸੀ, ਉਨ੍ਹਾਂ ਉਨ੍ਹਾਂ ਪਿੰਡਾਂ ਵਿੱਚ, ਉਨ੍ਹਾਂ ਨੂੰ ਉਨ੍ਹਾਂ ਦੇ ਘਰ ਦਿਖਾ ਕੇ ਲਿਆਏ । ਇਸ ਲਈ ਮੇਰਾ ਕਹਿਣ ਤੋਂ ਭਾਵ ਕਿ ਲੋਕਾਂ ਦੇ ਜਜ਼ਬਾਤ ਹੁੰਦੇ ਹਨ । ਇਸੇ ਤਰ੍ਹਾਂ ਮੁਸਲਮਾਨ ਵੀਰਾਂ ਦੇ ਜਜ਼ਬਾਤ ਜੁੜੇ ਹਨ ਜਿਹੜੇ ਇੱਥੋਂ ਦੇ ਜੰਮਪਲ ਹਨ । ਇਸ ਤਰ੍ਹਾਂ ਆਰਥਿਕ ਤੌਰ ਤੇ ਦੋਵਾਂ ਦੇਸ਼ਾਂ ਨੂੰ ਫਾਇਦਾ ਹੋਵੇਗਾ। ਬੜਾ ਦੁੱਖ ਹੈ ਕਿ ਵਾਜਪਾਈ ਜੀ ਅਤੇ ਬਾਦਲ ਸਾਹਿਬ ਨੇ ਬੱਸ ਦੀ ਸ਼ੁਰੂਆਤ ਕੀਤੀ ਤੇ ਬੱਸ ਲੈ ਕੇ ਗਏ । ਲੋਕਾਂ ਨੂੰ ਬੜੀ ਆਸ ਸੀ । ਲੋਕ ਚਾਹੁੰਦੇ ਹਨ ਕਿ ਦੋਵੇਂ ਦੇਸ਼ ਨੇੜੇ ਆਉਣ ਪਰ ਕਾਰਗਿਲ ਨੇ ਸਾਨੂੰ ਦੂਰ ਕਰ ਦਿੱਤਾ । ਹਾਲਾਤ ਇਹੋ ਜਿਹੇ ਵਾਪਰ ਗਏ ਪਰ ਉਸ ਤੋਂ ਬਾਅਦ ਫਿਰ ਕੋਸ਼ਿਸ਼ ਹੋਈ ਹੈ । ਸਾਡੇ ਡਿਪਟੀ ਮੁੱਖ ਮੰਤਰੀ ਸਾਹਿਬ ਨੇ ਕੋਸ਼ਿਸ਼ ਕੀਤੀ ਹੈ । ਪਾਕਿਸਤਾਨ ਦੀਆਂ ਟੀਮਾਂ ਜਦੋਂ ਆਈਆਂ, ਉਨ੍ਹਾਂ ਦੇ ਜਿਹੜੇ ਨੁਮਾਇੰਦੇ ਸਨ, ਉਹ ਵੀ ਇੱਥੇ ਆਏ । ਮੇਰੇ ਕਹਿਣ ਤੋਂ ਭਾਵ ਕਿ ਆਰਥਿਕ ਤੌਰ ਤੇ ਸਾਨੂੰ ਬਹੁਤ ਫਾਇਦਾ ਹੋ ਸਕਦਾ ਹੈ । ਅਸੀਂ ਥੋੜ੍ਹੀ ਥੋੜ੍ਹੀ ਚੀਜ਼ ਕਾਂਡਲਾ ਬੰਦਰਗਾਹ ਤੇ ਭੇਜਦੇ ਹਾਂ । ਫਿਰ ਸਮੁੰਦਰੀ ਰਸਤੇ ਜਾਂਦੀ ਹੈ। ਚਾਰ ਕਿਸਮ ਦੇ ਅੱਜਕਲ੍ਹ ਰਸਤੇ ਹਨ : ਸਮੁੰਦਰ ਦਾ ਰਸਤਾ ਜਾਂ ਹਵਾਈ ਰਸਤਾ ਜਾਂ ਰੇਲ ਰਸਤਾ ਜਾਂ ਫਿਰ ਰੋਡਵੇਜ਼ । ਸਭ ਤੋਂ ਸਸਤਾ ਰੋਡਵੇਜ਼ ਤੇ ਰੇਲਵੇ ਦਾ ਰਸਤਾ ਹੈ । ਇਹ ਰਸਤਾ ਦੋਵਾਂ ਦੇਸ਼ਾਂ ਨੂੰ ਬਹੁਤ ਨੇੜੇ ਕਰ ਸਕਦਾ

Original with;
Punjab Vidhan Sabha
Digitized by;
Panjab Digital Library

ਹੈ । ਬਾਸਮਤੀ 1121 ਸਭ ਤੋਂ ਵੱਧ ਈਰਾਨ ਵਿੱਚ ਜਾਂਦੀ ਹੈ ਤੇ ਇਸ ਵਿੱਚੋਂ 90% ਪੰਜਾਬ ਦੀ ਹੁੰਦੀ ਹੈ। ਜੇ ਇਹ ਰਸਤਾ ਖੁੱਲ੍ਹ ਜਾਵੇ ਤਾਂ ਬਹੁਤ ਵਧੀਆ ਹੋ ਜਾਵੇਗਾ ਕਿਉਂਕਿ ਜੋ ਚੀਜ਼ਾਂ ਕਾਂਡਲਾ ਲੈ ਕੇ ਜਾਂਦੇ ਹਾਂ, ਫਿਰ ਵਾਇਆ ਬੰਦਰਗਾਹ ਕਿੱਥੇ ਕਿੱਥੇ ਜਾਂਦੀ ਹੈ, ਜਿਵੇਂ ਈਰਾਨ ਆਦਿ ਵਿੱਚ ਪਰ ਇਹ ਰਸਤਾ ਬੜਾ ਮਹਿੰਗਾ ਪੈਂਦਾ ਹੈ । ਸਿੱਧੇ ਰਸਤੇ ਦਾ ਆਰਥਿਕ ਤੌਰ ਤੇ ਬਹੁਤ ਫਾਇਦਾ ਹੋ ਸਕਦਾ ਹੈ । ਕਿਸਾਨਾਂ ਨੂੰ ਬਹੁਤ ਫਾਇਦਾ ਹੋਵੇਗਾ । ਬਿਜ਼ਨੈਸਮੈਨ ਨੂੰ ਫਾਇਦਾ ਹੋਵੇਗਾ । ਸਮਾਂ ਬਹੁਤ ਘੱਟ ਹੈ । ਜੋ ਮਤਾ ਸਰਦਾਰ ਹਰਪ੍ਰੀਤ ਸਿੰਘ ਜੀ ਨੇ ਪੇਸ਼ ਕੀਤਾ ਹੈ, ਉਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ । ਇਸ ਬਾਰੇ ਕੇਂਦਰ ਸਰਕਾਰ ਨੂੰ ਕਿਹਾ ਜਾਵੇ । ਸਾਡਾ ਪ੍ਰਧਾਨ ਮੰਤਰੀ ਵੀ ਪਾਕਿਸਤਾਨ ਦਾ ਜੰਮਪਲ ਹੈ । ਇਸ ਲਈ ਪ੍ਰਧਾਨ ਮੰਤਰੀ ਜੀ ਦਾ ਵੀ ਫਰਜ਼ ਬਣਦਾ ਹੈ ਕਿ ਉਹ ਇਸ ਪਾਸੇ ਧਿਆਨ ਦੇਣ ਤਾਂ ਕਿ ਦੋਹਾਂ ਦੇਸ਼ਾਂ ਵਿੱਚ ਵਪਾਰ ਦਾ ਵਾਧਾ ਹੋਵੇ । ਇੰਨਾ ਕਹਿੰਦਾ ਹੋਇਆ, ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ।

EXTENSION OF TIME OF THE SITTING OF THE HOUSE

ਮਾਨਯੋਗ ਸਪੀਕਰ : ਜੇ ਸਦਨ ਦੀ ਸਹਿਮਤੀ ਹੋਵੇ ਤਾਂ ਹਾਊਸ ਦਾ ਸਮਾਂ 10 ਮਿੰਟ ਲਈ ਹੋਰ ਵਧਾ ਦਿੱਤਾ ਜਾਵੇ ।

(ਅਵਾਜ਼ਾਂ : ਹਾਂ ਜੀ, ਹਾਂ ਜੀ)

ਮਾਨਯੋਗ ਸਪੀਕਰ : ਸਦਨ ਦਾ ਸਮਾਂ 10 ਮਿੰਟ ਲਈ ਹੋਰ ਵਧਾ ਦਿੱਤਾ ਜਾਂਦਾ ਹੈ । ਹਾਂ ਜੀ, ਰਣੀਕੇ ਜੀ ।

RESOLUTION REGARDING RECOMMENDING TO THE STATE GOVERNMENT TO RAISE THE MATTER WITH THE CENTRAL GOVERNMENT TO TAKE CONCRETE STEPS TO ENSURE ECONOMIC DEVELOPMENT OF THE COUNTRY RESULTING IN PROMOTION OF FRIENDSHIP, PEACE AND EMITY WITH PAKISTAN BESIDES ALLOWING UNINTERRUPTED PILGRIMAGE AND ENHANCING BILATERAL TRADE (*RESUMPTION*)

Original with;
Punjab Vidhan Sabha
Digitized by;
Panjab Digital Library

ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ (ਸਰਦਾਰ ਗੁਲਜ਼ਾਰ ਸਿੰਘ ਰਣੀਕੇ) : ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਦਾ ਸਮਾਂ ਦਿੱਤਾ ਹੈ । ਇਹ ਬਹੁਤ ਹੀ ਮਹੱਤਵਪੂਰਨ ਮਤਾ ਹੈ । ਇਹ ਦੋਵੇਂ ਦੇਸ਼ਾਂ ਦੇ ਪਿਆਰ, ਸਤਿਕਾਰ ਦਾ ਮਤਾ ਹੈ ਜਿਹੜਾ ਸਰਦਾਰ ਹਰਪ੍ਰੀਤ ਸਿੰਘ ਜੀ ਨੇ ਲਿਆਂਦਾ ਹੈ । ਮੈਂ ਇਸ ਮਤੇ ਦੀ ਹਮਾਇਤ ਵਾਸਤੇ ਖੜ੍ਹਾ ਹੋਇਆ ਹਾਂ। ਬਦਕਿਸਮਤੀ ਹੈ ਕਿ ਭਾਰਤ ਵਿੱਚ ਲਕੀਰ ਖਿੱਚੀ ਗਈ । ਇਹ ਬਹੁਤ ਵੱਡਾ ਨੁਕਸਾਨ ਪੰਜਾਬ ਦਾ ਹੋਇਆ ਹੈ ਤੇ ਪੰਜਾਬ ਦੋ ਹਿੱਸਿਆਂ ਵਿੱਚ ਵੰਡਿਆ ਗਿਆ । ਇਸ ਤੋਂ ਵੱਧ ਨੁਕਸਾਨ ਬਾਰਡਰ ਜ਼ਿਲ੍ਹਿਆਂ ਦਾ ਹੋਇਆ ਤੇ ਉਨ੍ਹਾਂ ਦੇ ਪਿੰਡਾਂ ਦਾ ਹੋਇਆ । ਕਾਰੋਬਾਰ ਸਾਰੇ ਬੰਦ ਹੋ ਗਏ । ਜਾਨੀ ਮਾਲੀ ਨੁਕਸਾਨ ਬਹੁਤ ਵੱਡਾ ਹੋਇਆ । ਜਿਹੜੀਆਂ ਜ਼ਮੀਨਾਂ ਕਿਸਾਨ ਦੂਜੇ ਪਾਸੇ ਛੱਡ ਕੇ ਆਏ ਸਨ, ਉਹ ਇੱਧਰ ਆ ਕੇ ਬਹੁਤ ਘੱਟ ਮਿਲੀਆਂ । ਮੈਂ ਸਮਝਦਾ ਹਾਂ ਕਿ ਬਹੁਤ ਨੁਕਸਾਨ ਹੋਇਆ ਤੇ 60-65 ਸਾਲ ਤੋਂ ਪੰਜਾਬ ਦੇ ਲੋਕ ਤੇ ਖਾਸ ਕਰਕੇ ਬਾਰਡਰ ਦੇ ਲੋਕ ਉਹ ਸੰਤਾਪ ਹੰਢਾ ਰਹੇ ਹਨ ਪਰ ਮੈਂ ਧੰਨਵਾਦ ਕਰਦਾ ਹਾਂ, ਬਾਦਲ ਸਾਹਿਬ ਦਾ ਕਿ ਜਦੋਂ 1997 ਵਿੱਚ ਉਹ ਮੁੱਖ ਮੰਤਰੀ ਬਣੇ ਸਨ, ਉਨ੍ਹਾਂ ਨੇ ਫਿਰ ਬਾਰਡਰ ਦੇ ਇਲਾਕੇ ਦਾ ਦੌਰਾ ਕੀਤਾ । ਉਥੇ ਜਾ ਕੇ ਸਾਰੀਆਂ ਮੁਸ਼ਕਲਾਂ, ਪਰਾਬਲਮਜ਼ ਦੇਖੀਆਂ। ਉਨ੍ਹਾਂ ਨੇ ਆਪ ਜਾ ਕੇ ਸਾਰਾ ਇਲਾਕਾ ਦੇਖਿਆ । ਕਿਸਾਨਾਂ ਨਾਲ, ਲੋਕਾਂ ਨਾਲ ਗੱਲਾਂ ਕੀਤੀਆਂ ਤੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣੀਆਂ। ਉਸ ਤੋਂ ਬਾਅਦ ਉਹ ਅਡਵਾਨੀ ਸਾਹਿਬ ਨੂੰ ਲੈ ਕੇ ਗਏ । ਵਲਟੋਹਾ ਸਾਹਿਬ ਬੈਠੇ ਹਨ । ਅਜਨਾਲੇ ਤੋਂ ਸ਼ੁਰੂ ਕਰਕੇ ਪੱਟੀ ਤੱਕ ਸਾਰੀ ਦਿਹਾੜੀ ਬਾਰਡਰ ਤੇ ਬਹੁਤ ਗਰਮੀ ਵਿੱਚ ਜੀਪ ਵਿੱਚ ਬੈਠ ਕੇ ਸਾਰੀ ਲਕੀਰ ਤੇ, ਸਾਰੇ ਇਲਾਕੇ ਦਾ ਦੌਰਾ ਕੀਤਾ । ਛੋਟੀਆਂ ਛੋਟੀਆਂ ਮੀਟਿੰਗਾਂ ਕੀਤੀਆਂ । ਉਨ੍ਹਾਂ ਨੂੰ ਇਕੱਠਿਆਂ ਕਰਕੇ ਉਨ੍ਹਾਂ ਦੀਆਂ ਮੁਸ਼ਕਲਾਂ ਪੁੱਛੀਆਂ । ਮੈਂ ਲੰਬਾ ਨਾ ਜਾਵਾਂ । ਸਮਾਂ ਥੋੜ੍ਹਾ ਹੈ । ਗੱਲ ਤਾਂ ਖੁੱਲ੍ਹ ਕੇ ਕਰਨ ਵਾਲੀ ਸੀ । ਉਨ੍ਹਾਂ ਨੇ ਸਾਰੀਆਂ ਪਰਾਬਲਮਜ਼ ਦੱਸੀਆਂ । ਸੀ.ਐਮ. ਸਾਹਿਬ ਨੇ ਫਿਰ ਵਾਜਪਾਈ ਸਾਹਿਬ ਨੂੰ ਬੇਨਤੀ ਕੀਤੀ । ਇਨ੍ਹਾਂ ਦਾ ਪਹਿਲਾਂ ਜ਼ਿਕਰ ਹੋ ਚੁੱਕਾ ਹੈ । ਪ੍ਰਧਾਨ ਮੰਤਰੀ ਤੇ ਮੁੱਖ ਮੰਤਰੀ ਜੀ ਉਥੇ ਜਾ ਕੇ ਬਾਰਡਰ ਦੇ ਨਾਲ ਸਬੰਧਿਤ ਮਸਲੇ ਸੀ, ਉਹ ਸਾਰੇ ਸ਼ੁਰੂ ਕਰਕੇ ਆਏ। ਮੈਂ ਸਮਝਦਾ ਹਾਂ ਕਿ ਅੱਜ ਜਿਹੜਾ ਉਥੇ ਬਾਰਡਰ ਚੱਲ ਰਿਹਾ ਹੈ, ਇਸ ਦਾ ਸਿਹਰਾ ਬਾਦਲ ਸਾਹਿਬ ਨੂੰ, ਵਾਜਪਾਈ ਸਾਹਿਬ ਨੂੰ ਜਾਂਦਾ ਹੈ ਜਿਨ੍ਹਾਂ ਨੇ ਚੰਗੀ ਸ਼ੁਰੂਆਤ ਕੀਤੀ ਹੈ। ਉਥੇ ਜਿਹੜੀਆਂ ਇਸ ਵੇਲੇ ਕੁਝ ਮੁਸ਼ਕਲਾਂ ਆ ਰਹੀਆਂ ਹਨ, ਜਿਹੜੀ ਹੁਣ ਇਸ ਵੇਲੇ ਚੈੱਕ ਪੋਸਟ ਬਣੀ ਹੈ, ਉਹ ਵੀ ਬਹੁਤ ਘੱਟ ਗਈ ਹੈ। ਉਥੇ 5000-6000 ਦੇ ਕਰੀਬ ਡੇਲੀ ਟਰੱਕ ਜਾਂਦੇ ਹਨ ਔਰ ਉਥੇ 6-6, 7-7 ਕਿਲੋਮੀਟਰ ਲੰਬੀਆਂ ਲਾਈਨਾਂ ਲਗਦੀਆਂ ਹਨ। ਜੀ.ਟੀ.ਰੋਡ ਤੇ ਟਰੱਕ ਖੜ੍ਹੇ ਹੁੰਦੇ ਹਨ। ਉਸ ਦੀ ਮਾਸਟਰ ਪਲਾਨ ਦੀ ਲੋੜ ਹੈ। ਉਥੇ ਰੇਲ ਲਿੰਕ ਇਸ ਮਾਸਟਰ ਪਲਾਨ ਨਾਲ ਜੋੜੀ ਜਾਵੇ ਤਾਂ ਜੋ ਕਾਰੋਬਾਰ ਵਧ ਸਕੇ। ਜਿਸ ਤਰ੍ਹਾਂ ਸਾਡੇ ਡਿਪਟੀ ਸੀ.ਐਮ. ਸਾਹਿਬ 6000 ਆਈਟਮ ਦਾ ਸਮਝੌਤਾ ਉਧਰ ਕਰਕੇ ਆਏ ਹਨ, ਜੇਕਰ ਉਥੇ ਮਾਸਟਰ ਪਲਾਨ ਬਣ

Original with;
Punjab Vidhan Sabha
Digitized by;
Panjab Digital Library

ਜਾਵੇ ਤੇ ਉਥੇ ਜਗ੍ਹਾ ਘੱਟ ਤੋਂ ਘੱਟ ਵੀ 200-300 ਏਕੜ ਹੋਰ ਐਕੁਆਇਰ ਕੀਤੀ ਜਾਵੇ ਤਾਂ ਜੋ ਉਥੇ ਹੋਰ ਸਹੂਲਤਾਂ ਆਉਣ ਅਤੇ ਜਿਹੜੇ ਟਰੱਕ ਜੀ.ਟੀ.ਰੋਡ ਤੇ ਖੜ੍ਹੇ ਹੁੰਦੇ ਹਨ, ਉਹ ਨਾ ਖੜ੍ਹਨ। ਇਸ ਦੇ ਨਾਲ ਹੀ ਮੈਂ ਸਮਝਦਾ ਹਾਂ ਕਿ ਪਾਕਿਸਤਾਨ ਦੀ ਆਰਥਿਕਤਾ ਜਾਂ ਆਪਣੇ ਦੇਸ਼ ਦੀ ਅਤੇ ਆਪਣੀ ਸਟੇਟ ਦੀ ਵਧਾਉਣ ਦੀ ਲੋੜ ਨਹੀਂ ਸੀ ਪੈਣੀ ਜੇਕਰ ਲਕੀਰ ਨਾ ਵਜਦੀ। ਅੱਜ ਡਿਫੈਂਸ ਅਤੇ ਦੇਸ਼ ਦਾ ਬਜਟ ਲੱਗ ਰਿਹਾ ਹੈ। ਕਿੰਨਾ ਹੀ ਦੇਸ਼ ਕਰਜ਼ਾਈ ਹੋਇਆ ਪਿਆ ਹੈ। ਉਨ੍ਹਾਂ ਦਾ ਵੀ ਹੋਇਆ ਪਿਆ ਹੈ, ਇਸ ਤਰ੍ਹਾਂ ਕਰਨ ਨਾਲ ਦੋਨੋਂ ਪਾਸੇ ਆਵਾਜਾਈ ਹੋਰ ਵੱਧ ਜਾਵੇਗੀ, ਕਾਰੋਬਾਰ ਹੋਰ ਵੱਧ ਜਾਵੇਗਾ ਅਤੇ ਸਾਡੀਆਂ ਭਾਵਨਾਵਾਂ ਹੋਰ ਵੱਧ ਜਾਣਗੀਆਂ ਅਤੇ ਮਨ ਦੇ ਰਿਸ਼ਤੇ ਹੋਰ ਜੁੜ ਜਾਣਗੇ। ਇਸ ਨਾਲ ਆਰਥਿਕ ਤੌਰ ਤੇ ਵੀ ਕਾਫੀ ਫਰਕ ਪਵੇਗਾ। ਮੈਂ ਅਰਜ਼ ਕਰਦਾ ਹਾਂ ਕਿ ਉਥੇ ਇਸ ਵੇਲੇ ਤਕਰੀਬਨ 1500 ਗਰੀਬ ਲੇਬਰ ਤੇ ਕੁੱਲੀ ਕੰਮ ਕਰ ਰਹੇ ਹਨ ਅਤੇ 1500 ਪਰਿਵਾਰ ਰੋਟੀ ਖਾ ਰਹੇ ਹਨ। ਇਹ ਇਸ ਕਰਕੇ ਹੈ ਕਿ ਬਾਦਲ ਸਾਹਿਬ ਦੀਆਂ ਕੋਸ਼ਿਸ਼ਾਂ ਕਰਕੇ ਉਥੇ ਬਾਰਡਰ ਤੇ ਕੰਮ ਚੱਲ ਰਿਹਾ ਹੈ। 1000 ਦੇ ਕਰੀਬ ਰੇੜ੍ਹੀ ਵਾਲੇ ਅਤੇ ਦੁਕਾਨਾਂ ਵਾਲੇ ਕੰਮ ਕਰ ਰਹੇ ਹਨ ਅਤੇ 7000-8000 ਟਰੱਕਾਂ ਨਾਲ ਉਥੇ ਪਰਿਵਾਰਾਂ ਨੂੰ ਰੁਜ਼ਗਾਰ ਮਿਲਿਆ ਹੈ। ਕਾਫੀ ਪਰਿਵਾਰਾਂ ਦੀ ਉਥੇ ਬਾਰਡਰ ਤੇ ਖੁਸ਼ਹਾਲੀ ਆਈ ਹੈ। ਉਥੇ ਕਾਫੀ ਕਾਰੋਬਾਰ ਚੱਲਿਆ ਹੈ ਪਰ ਜੇ ਮਾਸਟਰ ਪਲਾਨ ਬਣ ਜਾਵੇ ਤਾਂ ਉਥੋਂ ਦੇ ਰਸਤੇ ਵੀ ਸੁਖਾਲੇ ਹੋ ਜਾਣਗੇ ਅਤੇ ਵਕਤ ਵੀ ਬਚ ਜਾਵੇਗਾ। ਜੋ ਬੀਬੀ ਜੀ ਨੇ ਵੀਜ਼ੇ ਦੀ ਗੱਲ ਕੀਤੀ ਹੈ ਕਿ ਅੰਮ੍ਰਿਤਸਰ ਵੀਜ਼ਾ ਸੈਂਟਰ ਖੁੱਲ੍ਹ ਜਾਵੇ, ਉਹ ਵੀ ਅਸੀਂ ਚਾਹੁੰਦੇ ਹਾਂ ਕਿ ਖੁੱਲ੍ਹ ਜਾਵੇ ਪਰ ਮੇਰੀ ਬੇਨਤੀ ਹੈ ਕਿ ਪੰਜਾਬ ਦੇ ਲੋਕਾਂ ਨੂੰ ਸਾਡੀ ਸਰਕਾਰ ਵੀਜ਼ਾ ਨਹੀਂ ਦੇ ਰਹੀ। ਜਿਹੜੇ ਲੋਕਾਂ ਦੇ ਪੰਜਾਬ ਵਿੱਚ ਰਿਸ਼ਤੇਦਾਰ ਹਨ ਅਤੇ ਉਹ ਪੰਜਾਬ ਵਿੱਚ ਆਉਣਾ ਚਾਹੁੰਦੇ ਹਨ ਪਰ ਜਦੋਂ ਇਨ੍ਹਾਂ ਨੂੰ ਵੀਜ਼ਾ ਮਿਲਦਾ ਹੈ ਤਾਂ ਇਨ੍ਹਾਂ ਨੂੰ ਦਿੱਲੀ ਜਾ ਕੇ ਉਤਰਨਾ ਪੈਂਦਾ ਹੈ, ਕਿਸੇ ਨੂੰ ਦਿੱਲੀ ਤੋਂ ਅੱਗੇ ਜਾ ਕੇ ਉਤਰਨਾ ਪੈਂਦਾ ਹੈ। ਮੈਂ ਉਸ ਬਾਰੇ ਵੀ ਕਹਾਂਗਾ ਕਿ ਪੰਜਾਬ ਵਿੱਚ ਹੁਣ ਹਲਾਤ ਬਹੁਤ ਵਧੀਆ ਹਨ। ਇਹ ਜਾਣ ਕੇ ਨਹੀਂ ਦੇ ਰਹੇ ਕਿਉਂਕਿ ਇਹ ਪੰਜਾਬ ਨੂੰ ਉਸੇ ਗੁੰਝਲ ਵਿੱਚ ਰੱਖਣਾ ਚਾਹੁੰਦੇ ਹਨ। ਸਾਡੇ ਮਾਨਯੋਗ ਡਿਪਟੀ ਸੀ.ਐਮ. ਸਾਹਿਬ ਨੇ ਕਿਹਾ ਹੈ ਕਿ ਸਾਡਾ ਪੰਜਾਬ ਦੂਜੇ ਸੂਬਿਆਂ ਨਾਲੋਂ ਵਧੀਆ ਪੀਸਫੁੱਲ ਹੈ। ਉਹ ਵੀਜ਼ਾ ਜੇਕਰ ਪੰਜਾਬ ਵਿੱਚ ਹੀ ਲੋਕਾਂ ਨੂੰ ਮਿਲ ਜਾਵੇ ਤਾਂ ਜਿਹੜੀਆਂ ਰਿਸ਼ਤੇ ਦਾਰੀਆ ਇੱਧਰ-ਉੱਧਰ ਹਨ, ਜਿਸ ਤਰ੍ਹਾਂ ਬੀਬੀ ਜੀ ਦੱਸ ਰਹੇ ਸੀ ਕਿ ਉਧਰੋਂ ਇੱਧਰ ਆਉਣਾ ਚਾਹੁੰਦੇ ਹਨ ਅਤੇ ਇੱਧਰੋਂ ਉੱਧਰ ਜਾਣਾ ਚਾਹੁੰਦੇ ਹਨ, ਉਨ੍ਹਾਂ ਲਈ ਕਾਫੀ ਸੌਖਾ ਹੋ ਜਾਵੇਗਾ। ਮੈਂ ਸਮਝਦਾ ਹਾਂ ਕਿ ਇਹ ਵੀ ਵਿੱਚ ਐਡ ਕਰ ਲਿਆ ਜਾਵੇ ਅਤੇ ਪੰਜਾਬ ਦਾ ਵੀਜ਼ਾ ਸੈਂਟਰ ਵੀ ਅੰਮ੍ਰਿਤਸਰ ਖੁੱਲ ਜਾਵੇ। ਇਸ ਦੇ ਨਾਲ ਹੀ ਇੱਕ ਹੋਰ ਬੇਨਤੀ ਹੈ ਕਿ ਜਿਹੜੇ 60-65 ਸਾਲ ਦੇ ਬਜ਼ੁਰਗ ਹਨ ਜਾਂ 10-12 ਸਾਲ ਦੇ ਬੱਚੇ ਹਨ, ਜਿਹੜੇ ਉੱਧਰ ਆਪਣੀਆਂ ਰਿਸ਼ਤੇਦਾਰੀਆਂ ਨੂੰ ਮਿਲਣ ਜਾਣਾ ਚਾਹੁੰਦੇ ਹਨ ਤੇ ਲੰਬੀਆਂ

Original with;
Punjab Vidhan Sabha
Digitized by;
Panjab Digital Library

[ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ]

ਫਾਰਮੈਲਟੀਜ਼ ਵਿੱਚ ਨਹੀਂ ਪੈਣਾ ਚਾਹੁੰਦੇ, ਜੇ ਉਹ ਵੀ ਨਾਲ ਜੁੜ ਜਾਵੇ ਤਾਂ ਹੋਰ ਚੰਗਾ ਹੈ। ਡਿਪਟੀ ਸੀ.ਐਮ. ਸਾਹਿਬ ਜਿਹੜੇ ਜਿਹੜੇ ਸਮਝੌਤੇ ਉੱਧਰ ਕਰਕੇ ਆਏ ਹਨ, ਮੈਂ ਉਨ੍ਹਾਂ ਦੀ ਸ਼ਲਾਘਾ ਕਰਦਾ ਹਾਂ। ਇਨ੍ਹਾਂ ਦੇ ਮਨ ਵਿੱਚ ਵੀ ਬਹੁਤ ਵੱਡਾ ਦਰਦ ਹੈ ਕਿ ਜਿਹੜੀ ਸਾਡੀ ਸਟੇਟ ਹੈ, ਉਹ ਨਮੂਨੇ ਦੀ ਸਟੇਟ ਬਣੇ, ਖੁਸ਼ਹਾਲੀ ਆਵੇ, ਸ਼ਾਂਤੀ ਆਵੇ, ਇੱਥੇ ਕਾਰੋਬਾਰ ਵੱਧ ਜਾਵੇ ਅਤੇ ਆਰਥਿਕਤਾ ਇੱਥੇ ਸ਼ੁਰੂ ਹੋ ਜਾਵੇ। ਮੈਂ ਸਮਝਦਾ ਹਾਂ ਕਿ ਇਨ੍ਹਾਂ ਨੇ ਬਹੁਤ ਵੱਡੀ ਪੁਲਾਂਘ ਪੁੱਟੀ ਹੈ ਜਿਹੜਾ ਇਹ ਡੈਲੀਗੇਸ਼ਨ ਲੈ ਕੇ ਗਏ ਸੀ ਕਿ ਉਥੋਂ ਦੇ ਮੁੱਖ ਮੰਤਰੀ ਸਾਹਿਬ ਨਾਲ ਕਾਫੀ ਸਮਝੌਤੇ ਕਰਕੇ ਆਏ ਸਨ। ਮੈਂ ਸਮਝਦਾ ਹਾਂ ਕਿ ਕੇਂਦਰ ਸਰਕਾਰ ਉਸ ਨੂੰ ਇੰਨ-ਬਿੰਨ ਲਾਗੂ ਕਰੇ। ਜਿਹੜੀਆਂ ਇਨ੍ਹਾਂ ਦੀਆਂ ਪੰਜਾਬ ਪ੍ਰਤੀ, ਪੰਜਾਬੀਆਂ ਪ੍ਰਤੀ ਭਾਵਨਾਵਾਂ ਸਨ, ਪੰਜਾਬ ਦੇ ਲੋਕਾਂ ਪ੍ਰਤੀ ਅਤੇ ਬਾਰਡਰ ਦੇ ਲੋਕਾਂ ਪ੍ਰਤੀ ਭਾਵਨਾਵਾਂ ਸਨ ਕਿ ਪੰਜਾਬ ਵਿੱਚ, ਬਾਰਡਰ ਵਿੱਚ ਖੁਸ਼ਹਾਲੀ ਆਵੇ, ਮੈਂ ਸਮਝਦਾ ਹਾਂ ਕਿ ਕੇਂਦਰ ਸਰਕਾਰ ਉਨ੍ਹਾਂ ਨੂੰ ਇੰਨ-ਬਿੰਨ ਪ੍ਰਵਾਨ ਕਰਕੇ ਉਨ੍ਹਾਂ ਨੂੰ ਲਾਗੂ ਕਰਨ ਔਰ ਨਾਲ ਹੀ ਮੈਂ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਇਹ ਵੀ ਬੇਨਤੀ ਕਰਾਂਗਾ ਕਿ ਦੁਨੀਆਂ ਹੁਣ ਬਹੁਤ ਲਾਗੇ ਆ ਗਈ ਹੈ। ਅੱਜ ਤੋਂ 65 ਸਾਲ ਜਾਂ 60 ਸਾਲ ਪਹਿਲਾਂ ਹਾਲਾਤ ਹੋਰ ਸਨ। ਉਦੋਂ ਸੋਚ ਕੁਝ ਹੋਰ ਸੀ। ਅੱਜ ਤਬਦੀਲੀ ਆਈ ਹੈ। ਅੱਜ ਸੋਚ ਬਦਲ ਗਈ ਹੈ। ਅੱਜ ਲੋਕਾਂ ਦਾ ਮਿਲਵਰਤਨ ਵਧਿਆ ਹੈ। ਦੁਨੀਆਂ ਹੁਣ ਬਹੁਤ ਲਾਗੇ ਆ ਗਈ ਹੈ। ਇਕ ਦੂਜੇ ਦੇ ਬਹੁਤ ਨੇੜੇ ਹੋ ਗਈ ਹੈ। ਪ੍ਰਧਾਨ ਮੰਤਰੀ ਸਾਹਿਬ, ਸਾਡੇ ਮੁੱਖ ਮੰਤਰੀ ਸਾਹਿਬ ਨਾਲ, ਸਾਡੇ ਡਿਪਟੀ ਸੀ.ਐਮ. ਸਾਹਿਬ ਨਾਲ ਜਿਸ ਤਰ੍ਹਾਂ ਵਾਜਪਾਈ ਸਾਹਿਬ ਨੇ ਬਾਇ ਰੋਡ ਜਾ ਕੇ ਸਾਰੀਆਂ ਗੱਲਾਂ ਕੀਤੀਆਂ ਸਨ, ਇਸ ਤਰ੍ਹਾਂ ਉਨ੍ਹਾਂ ਨੂੰ ਵੀ ਕਰਨਾ ਚਾਹੀਦਾ ਹੈ ਕਿਉਂਕਿ ਪ੍ਰਧਾਨ ਮੰਤਰੀ ਵੀ ਪਾਕਿਸਤਾਨ ਪੰਜਾਬ ਦੇ ਜੰਮਪਲ ਹਨ। ਮੈਂ ਸਮਝਦਾ ਹਾਂ ਕਿ ਇਹ ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ ਬਹੁਤ ਵੱਡਾ ਦਿਲ ਵਿਖਾਉਣ ਤੇ ਫਰਾਖਦਿਲੀ ਵਿਖਾਉਣ। ਪੰਜਾਬ ਸੂਬਾ ਜਿਸ ਨੇ ਦੇਸ਼ ਦੀ ਵੰਡ ਵੇਲੇ ਸਭ ਤੋਂ ਵੱਧ ਨੁਕਸਾਨ ਉਠਾਇਆ ਹੈ, ਉਹ ਕਵਰ ਹੋ ਜਾਵੇਗਾ ਤੇ ਇਤਿਹਾਸਕ ਗੱਲਾਂ ਹੋ ਜਾਣਗੀਆਂ। ਦੇਸ਼ ਦੇ ਪ੍ਰਧਾਨ ਮੰਤਰੀ ਟੀਮ ਦੀ ਅਗਵਾਈ ਕਰਕੇ ਆਪ ਉਧਰ ਜਾਣ। ਜੋ ਸਾਡੇ ਡਿਪਟੀ ਸੀ.ਐਮ. ਸਾਹਿਬ ਨੇ ਸਮਝੌਤੇ ਕੀਤੇ ਹਨ, ਉਨ੍ਹਾਂ ਨੂੰ ਪੂਰਾ ਕਰਨ ਵਾਸਤੇ ਆਪ ਜਾਣ ਤਾਂ ਇਹ ਇਤਿਹਾਸਿਕ ਗੱਲਾਂ ਹੋ ਨਿਬੜਨਗੀਆਂ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਉਹ ਆਪ ਖੁਦ ਉਧਰ ਜਾਣ। ਮਤਾ ਤਾਂ ਜਿਹੜਾ ਹੈ ਉਹ ਭੇਜਣਾ ਹੀ ਭੇਜਣਾ ਹੈ ਪਰ ਉਸ ਮਤੇ ਦੇ ਨਾਲ ਨਾਲ ਉਹ ਆਪ ਸਾਡੇ ਸੀ.ਐਮ. ਸਾਹਿਬ ਨੂੰ ਸੱਦ ਕੇ ਇੱਧਰ ਦੀਆਂ ਸਾਰੀਆਂ ਮੁਸ਼ਕਲਾਵਾਂ ਬਾਰੇ ਉਨ੍ਹਾਂ ਨਾਲ ਗੱਲਬਾਤ ਕਰਨ, ਉਸ ਨਾਲ ਹੋਰ ਵਧੀਆ ਹੋਵੇਗਾ। ਮੈਂ ਵਧਾਈ ਦਿੰਦਾ ਹਾਂ ਸਾਡੇ ਸਤਿਕਾਰਯੋਗ ਮੁੱਖ ਮੰਤਰੀ ਸਾਹਿਬ ਜੀ ਨੂੰ ਜਿਨ੍ਹਾਂ ਨੇ ਸ਼ੁਰੂਆਤ ਕੀਤੀ ਤੇ ਅੱਜ ਹੌਲੀ ਹੌਲੀ, ਕੜੀ ਬਾਇ ਕੜੀ ਕਾਫੀ ਖੁਸ਼ਹਾਲੀ ਵਾਲੇ ਪਾਸੇ ਨੂੰ ਕੰਮ ਤੁਰਿਆ ਹੈ। ਮੈਂ ਵਧਾਈ ਦਿੰਦਾ ਹਾਂ ਡਿਪਟੀ ਸੀ.ਐਮ.ਸਾਹਿਬ ਨੂੰ ਜਿਹੜੇ

Original with;
Punjab Vidhan Sabha
Digitized by;
Panjab Digital Library

ਪਿਛੇ ਡੈਲੀਗੇਸ਼ਨ ਲੈ ਕੇ ਗਏ ਸੀ ਤਾਂ ਕਾਫੀ ਉਥੇ ਇਹ ਵਪਾਰ ਦੇ ਸੰਬੰਧ ਵਿਚ ਵਿਚਾਰ ਵਟਾਂਦਰਾ ਕਰਕੇ ਆਏ ਸੀ, ਸਭਿਆਚਾਰ ਦੇ ਉਤੇ ਵਿਚਾਰਾਂ ਕਰਕੇ ਆਏ ਸੀ, ਖੇਡਾਂ ਦੇ ਉਤੇ ਉਥੇ ਵਿਚਾਰ ਵਟਾਂਦਰਾ ਕਰਕੇ ਆਏ ਸੀ, ਇਕ ਦੂਜੇ ਨਾਲ ਮਿਲਵਰਤਨ ਲਈ ਵਿਚਾਰ ਵਟਾਂਦਰਾ ਕਰਕੇ ਆਏ ਸੀ। ਇਹ ਸਾਰੀਆਂ ਜਿਹੜੀਆਂ ਗੱਲਾਂ ਹਨ, ਉਹ ਸਮਝੌਤਾ ਕੜੀ ਬਾਇ ਕੜੀ ਸਾਰਾ ਮੈਂ ਸਮਝਦਾ ਹਾਂ ਕਿ ਕੇਂਦਰ ਸਰਕਾਰ ਨੂੰ ਲਾਗੂ ਕਰਨਾ ਚਾਹੀਦਾ ਹੈ । ਜਿਹੜਾ 60-65 ਸਾਲ ਦਾ ਸੰਤਾਪ ਪੰਜਾਬੀਆਂ ਨੇ, ਬਾਰਡਰ ਵਾਲੇ ਲੋਕਾਂ ਨੇ ਹੰਢਾਇਆ ਹੈ ਉਹ ਪੂਰਾ ਤਾਂ ਹੋ ਸਕੇਗਾ, ਖੁਸ਼ਹਾਲੀ ਤਾਂ ਹੋ ਸਕੇਗੀ, ਜਦੋਂ ਇਹ ਸਾਰਾ ਕੁਝ ਹੋਵੇਗਾ । ਦੇਸ਼ ਦੀ ਰਖਵਾਲੀ ਵਾਸਤੇ ਬਾਰਡਰ ਉਤੇ ਲੋਕ ਉਥੇ ਰਹਿ ਰਹੇ ਹਨ । ਜਿਹੜੀਆਂ ਦੋ ਜੰਗਾਂ ਲੱਗੀਆਂ ਹਨ ਤਾਂ ਸਭ ਤੋਂ ਵੱਧ ਜਿਹੜਾ ਨੁਕਸਾਨ ਹੈ ਉਹ ਉਨ੍ਹਾਂ ਲੋਕਾਂ ਦਾ ਹੋਇਆ ਹੈ । ਸਪੀਕਰ ਸਾਹਿਬ, ਉਹ ਉਜੜ ਕੇ ਕਿੰਨੀ ਕਿੰਨੀ ਪਿੱਛੇ ਨੂੰ ਆਏ, ਉਥੋਂ ਸਾਰਾ ਸਮਾਨ ਲੈ ਕੇ ਪਿੱਛੇ ਨੂੰ ਤੁਰੇ । ਇਸ ਕਰਕੇ ਮੈਂ ਸਮਝਦਾ ਹਾਂ ਕਿ ਜਿਹੜਾ ਵਪਾਰ ਵਧਣਾ ਹੈ, ਕਾਰੋਬਾਰ ਵਧਣਾ ਹੈ, ਮਿਲਵਰਤਨ ਵਧਣਾ ਹੈ, ਇਕ ਦੂਜੇ ਨਾਲ ਪਿਆਰ ਵਧਣਾ ਹੈ, ਸਤਿਕਾਰ ਵਧਣਾ ਹੈ...

ਮਾਨਯੋਗ ਸਪੀਕਰ : ਤੁਹਾਡਾ ਬਹੁਤ ਬਹੁਤ ਧੰਨਵਾਦ ।

ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ : ਇਹ ਸਾਰੀਆਂ ਗੱਲਾਂ ਪੂਰੀਆਂ ਹੋ ਜਾਣ । ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਤੇ ਮੈਂ ਸਮਝਦਾ ਹਾਂ ਕਿ ਜਿਹੜਾ ਮਤਾ ਮਾਨਯੋਗ ਐਮ.ਐਲ.ਏ. ਸਾਹਿਬ ਨੇ ਪੇਸ਼ ਕੀਤਾ ਹੈ ਉਹ ਸਰਬਸੰਮਤੀ ਨਾਲ ਪਾਸ ਕਰਕੇ ਇਸ ਨੂੰ ਕੇਂਦਰ ਸਰਕਾਰ ਨੂੰ ਭੇਜਣਾ ਚਾਹੀਦਾ ਹੈ । ਬਹੁਤ ਬਹੁਤ ਧੰਨਵਾਦ ।

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਇਹ ਮਤਾ ਬੜਾ ਅੱਛਾ ਹੈ । ਇਸ ਦੀ ਸ਼ੁਰੂਆਤ ਉਸ ਵਕਤ ਦੇ ਪ੍ਰਧਾਨ ਮੰਤਰੀ, ਸ਼੍ਰੀ ਅਟਲ ਬਿਹਾਰੀ ਵਾਜਪਾਈ ਜੀ ਨੇ ਕੀਤੀ ਸੀ, ਇਸ ਕਰਕੇ ਉਹ ਗੁੱਡ ਵਿੱਲ ਮਿਸ਼ਨ ਜਿਹੜਾ ਹੈ ਜਿਹੜੇ ਵੀ ਸਟੈਪਸ ਲਏ ਗਏ ਕਾਂਨਫੀਡੈਂਸ ਬਿਲਡਿੰਗ ਮਈਅਰ ਦੇ, ਭਾਵੇਂ ਉਸ ਵਿਚ ਕੁਝ ਕਮੀਆਂ ਵੀ ਰਹੀਆਂ ਹੋਣਗੀਆਂ ਪਰ ਮੈਂ ਸਮਝਦਾ ਹਾਂ ਕਿ ਜਿਸ ਤਰ੍ਹਾਂ ਸਮਾਂ ਅੱਗੇ ਵਧਿਆ ਹੈ ਇਹ ਰੈਜ਼ੋਲਿਊਸ਼ਨ ਅੱਛੀ ਸਪਿਰਟ ਵਾਲਾ ਹੈ, ਪਾਜ਼ੇਟਿਵ ਸਪਿਰਟ ਵਾਲਾ ਹੈ, ਇਸ ਨੂੰ ਪਾਸ ਕਰ ਦਿੱਤਾ ਜਾਵੇ। ਇਸ ਬਾਰੇ ਸਾਰਿਆਂ ਦੇ ਵਿਊ ਆ ਚੁੱਕੇ ਹਨ ।

Original with;
Punjab Vidhan Sabha
Digitized by;
Panjab Digital Library

[**ਮਾਨਯੋਗ ਸਪੀਕਰ** : ਪ੍ਰਸ਼ਨ ਹੈ ਕਿ –

"ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਉਹ ਕੇਂਦਰੀ ਸਰਕਾਰ ਨਾਲ ਮਾਮਲਾ ਉਠਾਵੇ ਕਿ ਦੇਸ਼ ਦੀ ਆਰਥਿਕ ਬਿਹਤਰੀ, ਆਪਸੀ ਸਾਂਝ ਵਧਾਉਣ, ਅਮਨ ਤੇ ਸ਼ਾਂਤੀ ਕਾਇਮ ਰੱਖਣ ਅਤੇ ਧਾਰਮਿਕ ਅਸਥਾਨਾਂ ਦੀ ਨਿਰਵਿਘਨ ਯਾਤਰਾ ਲਈ ਹਿੰਦ-ਪਾਕ ਸਰਹੱਦ ਉਤੇ ਪੰਜਾਬ ਨਾਲ ਲਗਦੇ ਜ਼ਮੀਨ ਰਸਤੇ ਅਟਾਰੀ ਅਤੇ ਦੂਜੀਆਂ ਅੰਤਰ-ਰਾਸ਼ਟਰੀ ਸਰਹੱਦਾਂ ਉਤੇ ਦੁਵੱਲੀ ਆਵਾਜਾਈ ਲਈ ਤੇ ਹਿੰਦ-ਪਾਕਿ ਵਪਾਰ ਵਧਾਉਣ ਲਈ ਠੋਸ ਕਦਮ ਚੁੱਕੇ ਜਾਣ ।"

ਪ੍ਰਸਤਾਵ ਪ੍ਰਵਾਨ ਹੋਇਆ ।

RESOLUTION REGARDING RECOMMENDING TO THE STATE GOVERNMENT TO TAKE UP THE MATTER WITH THE CENTRAL GOVERNMENT TO FORMULATE CENTRAL SCHEMES FOR THE DEVELOPMENT OF BACKWARD CLASSES KEEPING IN VIEW THE LOCAL CONDITIONS OF THE STATE.

ਮਾਨਯੋਗ ਸਪੀਕਰ : ਹੁਣ ਸਰਦਾਰ ਇਕਬਾਲ ਸਿੰਘ ਝੂੰਦਾਂ ਜੀ ਮਤਾ ਪੇਸ਼ ਕਰਨਗੇ ।

ਸਰਦਾਰ ਇਕਬਾਲ ਸਿੰਘ ਝੂੰਦਾਂ : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ–

"ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਉਹ ਕੇਂਦਰੀ ਸਰਕਾਰ ਨਾਲ ਮਾਮਲਾ ਉਠਾਵੇ ਕਿ ਕੇਂਦਰ ਵੱਲੋਂ ਰਾਜਾਂ ਦੇ ਪੱਛੜੇ ਵਰਗਾਂ ਦਾ ਵਿਕਾਸ ਕਰਨ ਹਿੱਤ ਬਣਾਈਆਂ ਜਾਂਦੀਆਂ ਕੇਂਦਰੀ ਸਕੀਮਾਂ ਵੱਖ-ਵੱਖ ਰਾਜਾਂ ਦੀਆਂ ਵਿੱਤੀ ਤੇ ਭੂਗੋਲਿਕ ਸਥਿਤੀਆਂ ਅਤੇ ਉਥੋਂ ਦੇ ਵਾਤਾਵਰਣ ਨੂੰ ਮੱਦੇ ਨਜ਼ਰ ਰੱਖ ਕੇ ਬਣਾਈਆਂ ਜਾਣ ।"

ਮਾਨਯੋਗ ਸਪੀਕਰ : ਸਦਨ ਸ਼ੁੱਕਰਵਾਰ, ਮਿਤੀ 21 ਦਸੰਬਰ, 2012 ਦੇ 10.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਕੀਤਾ ਜਾਂਦਾ ਹੈ ।

*3.10 ਵਜੇ ਬਾਅਦ ਦੁਪਹਿਰ

(*ਇਸ ਉਪਰੰਤ ਸਦਨ ਸ਼ੁੱਕਰਵਾਰ, ਮਿਤੀ 21 ਦਸੰਬਰ, 2012 ਦੇ 10.00 ਤਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੋ ਗਿਆ।)

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

© 2012

Published under the authority of the Punjab Vidhan Sabha and printed by the Controller Printing & Stationery, Punjab at Govt. Press, SAS Nagar (Mohali)

8564/02-2015/305PGP. S.A.S. Nagar

Original with;
Punjab Vidhan Sabha
Digitized by;
Panjab Digital Library

RESUME
OF
BUSINESS TRANSACTED
BY THE
PUNJAB VIDHAN SABHA
DURING
ITS THIRD SESSION, 2012
WITH
APPENDICES CONTAINING
DAILY BULLETINS
AND
COMMITTEE OF THE VIDHAN SABHA

PUNJAB VIDHAN SABHA SECRETARIAT, CHANDIGARH
FEBRUARY, 2013

riginal with;
unjab Vidhan Sabha
itized by;
Panjab Digital Library

Original with;
Punjab Vidhan Sabha
Digitized by;

PREFACE

The following pages contain Resume of Business transacted by the Fourteenth Vidhan Sabha during its Third Session, 2012 held from 17th December, 2012 to 21st December, 2012 together with the Bulletins issued daily after the adjournment of each Sitting of the Sabha.

It is hoped that the publication would be found useful by Members and others who may wish to know in detail what work was done each day by the Vidhan Sabha in the above mentioned Session.

Any suggestion for further improvement of this publication in future would be very gratefully welcomed.

CHANDIGARH
The 28th February, 2013

VED PARKASH
SECRETARY

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

TABLE OF CONTENTS

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

1. SUMMONING, SITTINGS AND PROROGATION OF THE VIDHAN SABHA

The Fourteenth Punjab Vidhan Sabha was summoned by an Order of the Governor, dated the 6th December, 2012 to meet for its Third Session in the Punjab Vidhan Sabha Hall, Vidhan Bhavan, Chandigarh at 2.00 p.m. on the 17th December, 2012 and it continued to meet till the 21st December, 2012 when it adjourned sine-die. It was later prorogued by an Order of the Governor dated the 11th January, 2013.

During the Session, the Sabha held five Sittings.

Original with;
Punjab Vidhan Sabha
Digitized by;
Panjab Digital Library

2. PROGRAMME OBSERVED

Date	Programme observed
Monday, the 17th December, 2012 (2.00 P.M. to 2.21 P.M.)	Obituary references to the deaths of - 1. Shri Inder Kumar Gujral, Ex-Prime Minister of India; 2. Chief Justice (Retd.) S.S. Kang, Ex Governor of Kerala; 3. Shri Dara Singh, Rustam-e-Hind and Ex-MP; 4. Shri Rajesh Khanna, Famous Actor and Ex-MP; 5. Jathedar Zora Singh Bhagike, Ex-MLA; 6. Sardar Malkiat Singh Keetu, Ex-MLA; 7. Respectable Jagjit Singh Ji Maharaj, Head of Namdhari Sect; 8. Shri Bal Thackeray, Shiv Sena Supremo; 9. Sardar Mann Singh Manhera, Eminent Politician; 10. Jathedar Jagmail Singh Thuhi, Freedom Fighter; 11. Sardar Sadhu Singh, Freedom Fighter; 12. Sardar Gurcharn Singh, Freedom Fighter; 13. Sardar Pritam Singh, Freedom Fighter; 14. Sardar Naginder Singh, Freedom Fighter;

Original with;
Punjab Vidhan Sabha
Digitized by;
Panjab Digital Library

Date	Programme observed
	15. Shri Prabha Ram, Freedom Fighter;
	16. Sardar Kartar Singh, Freedom Fighter;
	17. Sardar Mukhtiar Singh, Freedom Fighter;
	18. Sardar Mohinder Singh, Freedom Fighter;
	19. Sardar Dawinder Singh, Freedom Fighter;
	20. Sardar Fauja Singh, Freedom Fighter;
	21. Shri Ram Murthi, Freedom Fighter;
	22. Sardar Jaspal Bhatti, Famous Cartoonist and Comedian;
	23. Shri A.K. Hangal, Renowned Artist;
	24. Shri Yash Chopra, Famous Director, Producer and Film maker;
	25. Shri Hakam Sufi, Renowned Sufi Punjabi Singer;
	26. Shri Avtar Jandialvi, Famous Punjabi Writer;
	27. Shayar Sarod Sudip, Famous Punjabi Shayar;
	28. Shri Ajaib Chittarkar, Eminent Shayar and Poet;
	29. Sardar Satwant Singh Kaleka, Eminent Trader of U.S.A.
	30. Jathedar Dilbag Singh, Ex Member of S.G.P.C.;

Original with;
Punjab Vidhan Sabha
Digitized by;
Panjab Digital Library

Date	Programme observed
	31. Bibi Harbans Kaur Sukhana, Member of S.G.P.C.;
	32. Pandit Ravi Shankar, Legendary Sitar Maestro;
	33. Shri Sarvan Kumar Verma, Famous Urdu Literator; and
	34. Smt. Amrita Chaudhary, Senior Journalist.
Tuesday, the 18th December, 2012 (10.00 A.M. to 1.05 P.M.)	1. Announcements made by the Speaker/ Secretary regarding Panel of Chairmen and Bills.
	2. Presentation and adoption of the First Report of the Business Advisory Committee.
	3. **<u>Legislative Business-</u>**
	i) The Punjab Village Common Lands (Regulation) Amendment Bill, 2012 (Passed)
	ii) The Punjab Town Improvement (Amendment) Bill, 2012 (Passed)
	iii) The Punjab Municipal (Second Amendment) Bill, 2012 (Passed)
	iv) The Punjab Municipal Corporation (Second Amendment) Bill, 2012 (Passed)

Original with;
Punjab Vidhan Sabha
Digitized by;
Panjab Digital Library

Date	Programme observed
	v) The Punjab (Institutions and Other Buildings) Tax (Amendment) Bill, 2012
Wednesday, the 19th December, 2012 (10.00 A.M. to 2.40 P.M.)	1. Discussion on law and order situation in the State of Punjab.
	2. Motion regarding suspension of Rana Gurjit Singh, MLA-
	i) "that Rule 97 of the Rules of Procedure and Conduct of Business in the Punjab Vidhan Sabha (Punjab Legislative Assembly) be suspended."
	ii) "that Rana Gurjit Singh, MLA has today i.e. 19.12.2012 breached the decorum of the House by leaving his seat and using derogatory language against Sardar Bikram Singh Majithia, Revenue and Rehabilitation Minister while he was participating in the discussion on the issue of law and order situation in the State, therefore, he should either apologise to the House for his misconduct or be suspended from the services of the House for the remaning session of the House."
	(Carried)
	3. <u>Official Resolution-</u>
	"Whereas due to increase in the costs of the basic agricultural inputs and the Minimum Support Price (MSP) being unremunerative, the traditional cultivation

Original with;
Punjab Vidhan Sabha
Digitized by;
Panjab Digital Library

Date	Programme observed
	of wheat-paddy is no more profitable. That is why the farmers of the State at the moment are reeling under severe financial crisis. At present the farmers of the State are under a debt of Rs. 35,000 crores. Planting of paddy has also resulted in the steep declining of water table in the State. So, now it is the need of the hour that instead of rotational cultivaton of wheat and paddy, cultivation of various other crops should be encouraged so as to provide relief to the farmers in this hour of crisis as they always stood by the country in the face of difficult times. The Central Government is also stating that the other States are also increasing the yield of paddy and Punjab has to look out for some other alternative crops.
	Whenever the State farmers have been confronted with difficulties the Central Government has always back stepped from its duties. During the Kharif 2012 there was 65-70% scanty rainfall from July to August month and the farmers of the State were facing severe drought like conditions. Group of Ministers headed by Union Minister of Agriculture Shri Sharad Pawar and Union Minister for Rural Development and Panchayats, Shri Jai Ram Ramesh on

Original with;
Punjab Vidhan Sabha
Digitized by;
Panjab Digital Library

Date	Programme observed
	behalf of the Central Government visited Chandigarh and took stock of the situation in Punjab and while accepting this situation they assured granting of relief package during a Press Conference. In spite of that no relief has been provided so far to the farmers in the State.

Comprehensive diversification mission is the need of the hour to tide over the crisis of farming. Therefore, this House desires that the following special programmes should be initiated by the Central Government in order to implement the crop diversification in Punjab also in an effective way on the pattern of similar programme started to encourage farming in the Eastern States of the country :-

1. Remunerative support prices for alternative crops as maize, cotton, sugarcane, oilseeds and pulses and arrangement of assured procurement of such crops like wheat and paddy and Minimum Support Price (MSP) be made.
2. Research Centres for pulses and soyabean must be established by Indian Agriculture Rsearch Council in the State in order to increase the yield of these crops.

Original with;
Punjab Vidhan Sabha
Digitized by;
Punjab Digital Library

Date	Programme observed

3. Live Stock Sector can also play an important role in the crop diversification. Hence, in order to encourage this sector similar facilities like concessional interest rates and income tax rebate commensurating with agriculture should be extended.

4. A Central Research Centre be established in order to develop fisheries in the State.

5. The same concessions be given to the agricultural sector in the State as given to neighbouring Hilly States of Punjab.

6. "The Diversification Mission" grant of Rs. 5,000 crore be given to Green Revolution States including Punjab on the analogy of BGREI (Bring Green Revolution to Eastern India) under 12th Five Year Plan.

7. During Kharif, 2012, in order to provide drought relief in the State, relief package, as given assurance to the farmers of the State and to the State Government, may be released immediately, which especially includes:-

i) Relief of Rs, 3000 per hectare in lieu of extra expenditure incurred by the farmers in order to save their paddy crops.

ii) Expenditure of Rs. 1530 crore be immediately reimbursed by the Central

Original with;
Punjab Vidhan Sabha
Digitized by;
Punjab Digital Library

Date	Programme observed
	Government which was incurred by the Government of Punjab to purchase power from outside in order to supply surplus power to the farmers to cultivate their crops." (Carried)
Thursday, the 20th December, 2012 (10.00 A.M. to 3.10 P.M.)	1.. Obituary references to the death of Raja Narinder Singh, Ex-Minister, Punjab.
